ਭਾਈ ਕੇਸਰ ਸਿੰਘ ਛਿੱਬਰ ਕ੍ਰਿਤ

# ਬੰਸਾਵਲੀਨਾਮਾ

## ਦਸਾਂ ਪਾਤਸ਼ਾਹੀਆਂ ਕਾ

ਸੰਪਾਦਕ
ਪਿਆਰਾ ਸਿੰਘ ਪਦਮ

ਭਾਈ ਕੇਸਰ ਸਿੰਘ ਛਿੱਬਰ ਕ੍ਰਿਤ

# ਬੰਸਾਵਲੀਨਾਮਾ

## ਦਸਾਂ ਪਾਤਸ਼ਾਹੀਆਂ ਕਾ

*ਇਸੇ ਕਲਮ ਤੋਂ :*

*ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸ਼ਨ, ਦਸਮ ਗ੍ਰੰਥ ਦਰਸ਼ਨ, ਗੁਰਬਾਣੀ ਕੋਸ਼, ਸੰਖੇਪ ਸਿਖ ਇਤਿਹਾਸ, ਸਾਡੇ ਗੁਰਦੇਵ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਗੁਰੂ ਘਰ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਨਾਨਕੁ ਸਾਇਰੁ ਏਵ ਕਹਤੁ ਹੈ, ਗੁਰੂ ਨਾਨਕ ਜਿਨ ਸੁਣਿਆ ਪੇਖਿਆ, ਰਬਾਬ, ਪੰਜਾਬੀ ਮਹਾਰਾਜਾ, ਮਹਾਂ ਕਵੀ ਸੰਤੋਖ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾ, ਪੰਜਾਬੀ ਜੰਵਾਂ, ਪੰਜਾਬੀ ਝਗੜੇ, ਪੰਜਾਬੀ ਕਿੱਸੇ, ਪ੍ਰਾਚੀਨ ਪੰਜਾਬੀ ਗੱਦ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ, ਸਾਈਂ ਬੁੱਲੇ ਸ਼ਾਹ, ਪ੍ਰਸਿਧ ਪੰਜਾਬੀ, ਪੁਸ਼ਪਾਂਜਲੀ, ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਬਾਬਾ ਸਾਧੂਜਨ, ਸਾਧੂ ਈਸ਼ਰਦਾਸ, ਮਿਰਜ਼ੇ ਦੀਆਂ ਸੱਦਾਂ, ਬਾਬਾ ਵਜੀਦ, ਮਹਾਂ ਕਵੀ ਸੰਤਰੇਣ, ਦਰਸ਼ਨ ਭਗਤ, ਮਾਲੀ, ਜੰਗਨਾਮਾ ਸਿੰਘਾਂ ਤੇ ਫਿਰੰਗੀਆਂ, ਬਚਨ ਸਾਈਂ ਲੋਕਾਂ ਦੇ, ਕਲਮ ਦੇ ਚਮਤਕਾਰ, ਪੰਛੀ, ਕਲਮ ਦੇ ਧਨੀ, ਪ੍ਰਾਚੀਨ ਸੌ ਸਾਖੀ, ਖ਼ਲੀਲ ਜਿਬਰਾਨ ਦੇ ਬਚਨ ਬਿਲਾਸ, ਪੰਜਾਬ ਰਉਸ਼ਨ, ਆਜ਼ਾਦੀ ।*

ਭਾਈ ਕੇਸਰ ਸਿੰਘ ਛਿੱਬਰ ਕ੍ਰਿਤ

# ਬੰਸਾਵਲੀਨਾਮਾ

## ਦਸਾਂ ਪਾਤਸ਼ਾਹੀਆਂ ਕਾ

ਸੰਪਾਦਕ :
ਪ੍ਰੋ. ਪਿਆਰਾ ਸਿੰਘ ਪਦਮ

ਸਿੰਘ ਬ੍ਰਦਰਜ਼
ਅੰਮ੍ਰਿਤਸਰ

© ਲੇਖਕ

ISBN 81-7205-175-1

ਪਹਿਲੀ ਵਾਰ ਫ਼ਰਵਰੀ 1997
ਦੂਜੀ ਵਾਰ ਜੁਲਾਈ 2005

**ਮੁੱਲ : 175-00 ਰੁਪਏ**

*ਪ੍ਰਕਾਸ਼ਕ :*
**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਸਿੱਖੀ ਸਿਦਕ ਦੀ ਮੂਰਤਿ
ਭਾਈ ਰਣਧੀਰ ਸਿੰਘ 'ਇਤਿਹਾਸ ਖੋਜੀ'
ਦੇ ਨਾਂ
ਜਿਨ੍ਹਾਂ ਸਿਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ
ਦਾ ਬਾਂਨ੍ਹਣੂ ਬੰਨ੍ਹਿਆ ਤੇ ਇਤਿਹਾਸਕ ਖੋਜਾਂ
ਵਿਚ ਭਰਪੂਰ ਹਿੱਸਾ ਪਾਇਆ!

# ਤਤਕਰਾ


ਦੋ ਸ਼ਬਦ ੮

ਪ੍ਰਸਤਾਵਨਾ ੯

(ਕਰਤਾ ਦਾ ਜੀਵਨ ਤੇ ਕਿਰਤ ਦਾ ਆਲੋਚਨਾਤਮਕ ਅਧਿਐਨ)

੧. ਪਹਿਲਾ ਚਰਣ — ਪਹਿਲੀ ਪਾਤਸ਼ਾਹੀ ੩੭

੨. ਦੂਜਾ ਚਰਣ — ਦੂਸਰੀ ਪਾਤਸ਼ਾਹੀ ੫੦

੩. ਤੀਜਾ ਚਰਣ — ਤੀਸਰੀ ਪਾਤਸ਼ਾਹੀ ੬੨

੪. ਚਉਥਾ ਚਰਣ — ਚਉਥੀ ਪਾਤਸ਼ਾਹੀ ੬੯

੫. ਪੰਜਵਾਂ ਚਰਣ — ਪੰਜਵੀਂ ਪਾਤਸ਼ਾਹੀ ੭੩

੬. ਛੇਵਾਂ ਚਰਣ — ਛੇਵੀਂ ਪਾਤਸ਼ਾਹੀ ੮੬

੭. ਸੱਤਵਾਂ ਚਰਣ — ਸੱਤਵੀਂ ਪਾਤਸ਼ਾਹੀ ੧੦੩

੮. ਅੱਠਵਾਂ ਚਰਣ — ਅੱਠਵੀਂ ਪਾਤਸ਼ਾਹੀ ੧੦੫

੯. ਨੌਵਾਂ ਚਰਣ — ਨੌਵੀਂ ਪਾਤਸ਼ਾਹੀ ੧੦੯

੧੦. ਦਸਵਾਂ ਚਰਣ — ਦਸਵੀਂ ਪਾਤਸ਼ਾਹੀ ੧੨੫

੧੧. ਯਾਰਵਾਂ ਚਰਣ — ਬੰਦਾ ਸਿੰਘ ਬਹਾਦਰ ੧੯੬

੧੨. ਬਾਰ੍ਹਵਾਂ ਚਰਣ — ਮੁਤਬੰਨਾ ਜੀਤ ਸਿੰਘ ੨੦੩

੧੩. ਤੇਰ੍ਹਵਾਂ ਚਰਣ — ਮਾਤਾ ਸਾਹਿਬ ਦੇਈ ੨੧੪

੧੪. ਚਉਧਵਾਂ ਚਰਣ — ਪੰਥ ਦੇ ਸਮਾਚਾਰ ੨੧੮

# ਦੋ ਸ਼ਬਦ

ਪ੍ਰਾਚੀਨ ਸਾਹਿਤ ਦੀ ਸੰਭਾਲ ਸਮੇਂ ਦੀ ਜ਼ਰੂਰੀ ਮੰਗ ਹੈ, ਇਸ ਤੋਂ ਬਿਨਾਂ ਅਸੀਂ ਆਪਣੇ ਸਾਹਿਤ, ਇਤਿਹਾਸ ਅਤੇ ਵਿਰਸੇ ਦੀ ਸਹੀ ਪਛਾਣ ਨਹੀਂ ਕਰ ਸਕਦੇ। ਖੋਜੀ ਸੱਜਣ ਜਾਣਦੇ ਹਨ ਕਿ ਅਜੇ ਤਕ ਸਿਖ ਸਾਹਿਤ ਦੀਆਂ ਅਨੇਕਾਂ ਪੁਰਾਤਨ ਰਚਨਾਵਾਂ, ਹੱਥ-ਲਿਖਤ ਰੂਪ ਵਿਚ ਹੀ ਇਧਰ-ਉਧਰ ਸੁੱਟੀਆਂ ਪਈਆਂ ਹਨ, ਇਨ੍ਹਾਂ ਨੂੰ ਛਾਪੇਖ਼ਾਨੇ ਦੇ ਦਰਸ਼ਨ ਨਸੀਬ ਨਹੀਂ ਹੋਏ। ਬਹੁਤ ਸਾਰੀਆਂ ਚੀਜ਼ਾਂ ਤਾਂ ਕਾਗ਼ਜ਼-ਕੀਟਾਣੂਆਂ ਦੀ ਖ਼ੁਰਾਕ ਬਣ ਕੇ ਸਾਥੋਂ ਸਦਾ ਲਈ ਗੁਆਚ ਗਈਆਂ ਹਨ ਤੇ ਕਿਤਨੀਆਂ ਹੀ ਅਮੋਲਕ ਪੁਸਤਕਾਂ ਪਠਾਣੀ ਹੱਲਿਆਂ ਦੇ ਸਮੇਂ ਲੁੱਟ-ਮਾਰ ਜਾਂ ਅੱਗਜ਼ਨੀ ਕਾਰਨ ਤਬਾਹ ਵੀ ਹੋ ਗਈਆਂ ਹਨ। ਸਾਡਾ ਪਹਿਲਾ ਫ਼ਰਜ਼ ਹੈ ਕਿ ਜੋ ਕੁਝ ਵੀ ਪ੍ਰਾਪਤ ਹੈ, ਉਸ ਦੀ ਫ਼ੌਰਨ ਸੰਭਾਲ ਕਰੀਏ। ਜਿਸ ਕੌਮ ਦੇ ਗੁਰੂਆਂ ਨੇ ਗ੍ਰੰਥ ਨੂੰ ਹੀ 'ਗੁਰੂ' ਬਣਾਇਆ ਹੋਵੇ, ਉਸ ਕੌਮ ਦਾ ਆਪਣੇ ਗ੍ਰੰਥਾਂ ਵੱਲੋਂ ਇਸ ਤਰ੍ਹਾਂ ਬੇਰੁਖ਼ੀ ਧਾਰਨਾ ਬਹੁਤ ਹੀ ਅਫ਼ਸੋਸਨਾਕ ਹੈ।

ਮੈਂ ਆਪਣੇ ਸੀਮਿਤ ਤੇ ਨਿਮਾਣੇ ਜਤਨ ਰਾਹੀਂ—*ਰਹਿਤਨਾਮੇ, ਪ੍ਰਾਚੀਨ ਸੌ ਸਾਖੀ, ਪਰਚੀ ਪਾਤਸ਼ਾਹੀ ਦਸਵੀਂ ਕੀ, ਗੁਰੂ ਕੀਆਂ ਸਾਖੀਆਂ, ਕਲਾਮ ਭਾਈ ਨੰਦ ਲਾਲ, ਜ਼ਫ਼ਰਨਾਮਾ, ਬਾਬਾ ਸਾਧੂ ਜਨ, ਪੰਜਾਬੀ ਮਹਾਰਾਜਾ ਅਤੇ ਪੰਜਾਬ ਰਉਸ਼ਨ* ਆਦਿ ਦੇ ਰੂਪ ਵਿਚ ਸਿਖ-ਸਾਹਿਤ ਦੀ ਅਪ੍ਰਕਾਸ਼ਿਤ ਤੇ ਦੁਰਲੱਭ ਸਮੱਗਰੀ ਪਾਠਕਾਂ ਤਕ ਪਹੁੰਚਾਉਣ ਦਾ ਹੀਆ ਕੀਤਾ ਹੈ। ਇਹ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਅਠਾਰ੍ਹਵੀਂ ਸਦੀ ਦਾ ਅਮੋਲਕ ਗ੍ਰੰਥ ਹੈ, ਜਿਸ ਨੂੰ ਪਹਿਲੇ ਪਹਿਲ ਭਾਈ ਰਣਧੀਰ ਸਿੰਘ ਜੀ ਇਤਿਹਾਸ ਖੋਜੀ (੧੮੯੮-੧੯੭੨ ਈ:) ਪ੍ਰਕਾਸ਼ਨ ਦਾ ਇਰਾਦਾ ਰੱਖਦੇ ਸਨ, ਉਨ੍ਹਾਂ ਸਿਖ ਇਤਿਹਾਸ ਰੀਸਰਚ ਬੋਰਡ ਤੇ ਫਿਰ ਪੰਜਾਬੀ ਯੂਨੀਵਰਸਿਟੀ ਵਿਚ ਵੀ ਇਹ ਗੱਲ ਤੋਰੀ, ਪਰ 'ਵੱਡੇ ਇਤਿਹਾਸਕਾਰਾਂ' ਇਸ ਛੋਟੇ ਇਤਿਹਾਸਕਾਰ ਦੀ ਗੱਲ ਨਹੀਂ ਗੌਲੀ। ਬੜੇ ਪਰੇਸ਼ਾਨ ਸਨ ਤੇ ਮੇਰੇ ਨਾਲ ਗੱਲ-ਬਾਤ ਸਮੇਂ ਸਦਾ ਇਹੋ ਕਹਿੰਦੇ ਕਿ ਜਿਵੇਂ ਕਿਵੇਂ ਇਸ ਨੂੰ ਪ੍ਰਕਾਸ਼ਣਾ ਹੈ। ਦਸੰਬਰ ੧੯੭੨ ਵਿਚ ਉਹ ਤੁਰ ਗਏ ਪਰ ਇਹ ਗੱਲ ਬਾਰ ਬਾਰ ਦਿਮਾਗ਼ ਵਿਚ ਚੱਕਰ ਕੱਟਦੀ ਰਹੀ ਕਿ ਇਸ ਮਿਹਰਵਾਨ ਮਿੱਤਰ ਦਾ ਸੁਪਨਾ ਕਿਵੇਂ ਨਾ ਕਿਵੇਂ ਸਾਕਾਰ ਕਰਨਾ ਬਣਦਾ ਹੈ। 'ਸਿੰਘ ਬ੍ਰਦਰਜ਼' ਨੇ ਹੁੰਗਾਰਾ ਭਰਿਆ ਤਾਂ ਮੈਂ ਇਸ ਦਾ ਤਿਆਰਾ ਆਰੰਭ ਦਿੱਤਾ। ਟਾਈਪ ਕਾਪੀ ਤਾਂ ਮੇਰੇ ਪਾਸ ਚਿਰੋਕੀ ਸੰਭਾਲੀ ਹੋਈ ਸੀ, ਸਿਹਤ ਅੱਛੀ ਨਾ ਹੋਣ ਕਰਕੇ ਇਸ ਸਮੇਂ ਹੋਰ ਖੇਚਲ ਵਿਤੋਂ ਬਾਹਰੀ ਗੱਲ ਸੀ। ਸੋ, ਜਿਵੇਂ ਕਿਵੇਂ ਛੋਟੀ ਜਿਹੀ ਪ੍ਰਸਤਾਵਨਾ ਲਿਖ ਕੇ ਇਹ ਢੋਆ ਪੇਸ਼ ਕਰ ਰਿਹਾ ਹਾਂ, ਉਮੀਦ ਹੈ ਕਿ ਇਤਿਹਾਸ ਖੋਜੀ ਇਸ ਦਾ ਲਾਭ ਉਠਾ ਸਕਣਗੇ।

**ਪਿਆਰਾ ਸਿੰਘ ਪਦਮ**

ਕਲਮ ਮੰਦਿਰ, ਲੋਯਰ ਮਾਲ
ਪਟਿਆਲਾ
ਨਵੰਬਰ ੧੯੯੬

# ਪ੍ਰਸਤਾਵਨਾ

ਪੁਰਾਤਨ ਭਾਰਤੀ ਵਿਚਾਰਧਾਰਾ ਵਿਚ 'ਜਗਤ ਮਿਥਿਆ' ਜਾਂ ਬਿਰਕਤੀ ਦਾ ਖ਼ਿਆਲ ਜ਼ੋਰਾਵਰ ਰਿਹਾ ਹੈ, ਇਸ ਕਰਕੇ ਇਤਿਹਾਸਕਾਰੀ ਦਾ ਪਾਸਾ ਕਮਜ਼ੋਰ ਰਹਿਣਾ ਕੁਦਰਤੀ ਗੱਲ ਸੀ। ਬਨਵਾਸ ਲੈ, ਭਸਮ ਰਮਾ ਕੇ ਤੇ ਭਿਖਿਆ ਮੰਗ ਮੰਗ ਕੇ ਦਿਨ-ਕਟੀ ਕਰਨ ਵਾਲੇ ਪਲਾਇਨਵਾਦੀ ਲੋਕ, ਕਦਾਚਿਤ ਇਤਿਹਾਸ ਨਹੀਂ ਸਿਰਜ ਸਕਦੇ। ਫਿਰ ਇਨ੍ਹਾਂ ਦੀ ਕਿਉਂ ਕੋਈ ਵਾਰਤਾ ਲਿਖਦਾ ਤੇ ਇਸ ਦਸ਼ਾ ਵਿਚ ਇਤਿਹਾਸਕਾਰੀ ਕਿਵੇਂ ਪ੍ਰਫੁਲਤ ਹੁੰਦੀ। ਲਿਖਣ ਲਈ ਕੇਵਲ ਕਲਮ ਤੇ ਕਾਗ਼ਜ਼ ਹੀ ਨਹੀਂ ਚਾਹੀਦਾ ਬਲਕਿ ਕਲਾਧਾਰੀ ਪੁਰਖਾਂ ਦੀ ਕ੍ਰਾਂਤੀਕਾਰੀ ਕਾਰਗੁਜ਼ਾਰੀ ਵੀ ਚਾਹੀਦੀ ਹੈ, ਤਾਂ ਹੀ ਇਤਿਹਾਸਕਾਰੀ ਦੀ ਕਸੀਦਾਕਾਰੀ ਸੰਭਵ ਹੈ। ਇਹ ਤਾਂ ਇਕ ਤ੍ਵਾਰੀਖ਼ੀ ਹਕੀਕਤ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਸ ਧਰਤੀ ਨੂੰ ਕਰਮ-ਭੂਮੀ ਦੱਸ ਕੇ 'ਆਪਣ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ' ਦਾ ਮੰਤਰ ਪੜ੍ਹਾਇਆ ਤੇ ਚੜ੍ਹਦੀ ਕਲਾ ਦਾ ਸਬਕ ਦੇ ਕੇ ਸਾਧਾਰਣ ਲੋਕਾਂ ਨੂੰ ਆਸਾਧਾਰਣ ਸੂਰਬੀਰ ਤੇ ਕਰਮਯੋਗੀ ਬਣਾਇਆ। ਸਿੱਟਾ ਇਹ ਹੋਇਆ ਕਿ ਸਾਡਾ ਨਵਾਂ ਇਤਿਹਾਸ ਬਣਿਆ ਤੇ ਸਾਡੀ ਇਤਿਹਾਸਕਾਰੀ ਨੂੰ ਨਵੀਂ ਨਰੋਈ ਲੋੜੀਂਦੀ ਸਮੱਗਰੀ ਵੀ ਹਾਸਲ ਹੋਈ।

ਸ਼ਾਇਦ ਮੇਰੀ ਇਹ ਗੱਲ ਆਤਮ-ਅਭਿਮਾਨ ਦਾ ਵਖਿਆਨ ਹੀ ਸਮਝੀ ਜਾਵੇ। ਇਸ ਕਰਕੇ ਮੈਂ ਇਥੇ ਭਾਈ ਪਰਮਾਨੰਦ ਦਾ ਬਿਆਨ ਦੇਣਾ ਚਾਹੁੰਦਾ ਹਾਂ। ਉਹ ਲਿਖਦੇ ਹਨ:

> "ਪੰਜਾਬ ਕੇ ਮੁਸਤਕਬਿਲ ਕੀ ਸਾਰੀ ਤ੍ਵਾਰੀਖ਼, ਗੁਰੂ ਨਾਨਕ ਕੀ ਤਹਿਰੀਕ ਸੇ ਸ਼ੁਰੂ ਹੋ ਜਾਤੀ ਹੈ। ਯਹ ਤਹਿਰੀਕ ਹੀ ਥੀ ਜਿਸ ਨੇ ਪੰਜਾਬ ਕੇ ਹਿੰਦੂਓਂ ਕੀ ਜ਼ਿੰਦਗੀ ਮੇਂ ਏਕ ਪਲਟਾ ਸਾ ਦੇ ਦੀਆ। ਅਗਰਚਿ ਯਹ ਸੱਚ ਹੈ ਕਿ ਯਹ ਤਹਿਰੀਕ ਮੁਲਕ ਕੀ ਮਜ਼੍ਹਬੀ ਬੇਦਾਰੀ ਕਾ ਨਤੀਜਾ ਥੀ ਲੇਕਿਨ ਹਮੇਂ ਸਮਝ ਮੇਂ ਨਹੀਂ ਆਤਾ ਕਿ ਅਗਰ ਗੁਰੂ ਨਾਨਕ ਪੰਜਾਬ ਮੇਂ ਇਸ ਤਹਿਰੀਕ ਕੀ ਬੁਨਿਆਦ ਨ ਰਖਤੇ ਤੋ ਹਮ ਪੰਜਾਬ ਕੀ ਤ੍ਵਾਰੀਖ਼ ਕੇ ਸਫ਼ੋਂ ਪਰ ਕਿਆ ਲਿਖਤੇ। ਕੋਈ ਕਹਿ ਨਹੀਂ ਸਕਤਾ ਕਿ ਗੁਰੂ ਨਾਨਕ ਕੇ ਬਗ਼ੈਰ ਪੰਜਾਬ ਕਾ ਮੁਸਤਕਬਿਲ ਕਿਆ ਹੋਤਾ। ਲੇਕਿਨ ਜੈਸਾ ਕਿ ਹੂਆ ਹੈ ਯਹ ਕਿ ਹਮੇਂ ਏਕ ਹਜ਼ਾਰ ਸਾਲ ਕੀ ਆਂਧੀ ਕੇ ਬਾਅਦ ਵੁਹ ਸ਼ੁਆ ਦਿਖਾਈ ਦੇਤੀ ਹੈ, ਜਿਸ ਸੇ ਹਮਾਰੀ ਇਸ ਜ਼ਮਾਨੇ ਕੀ ਤ੍ਵਾਰੀਖ਼ ਬਨਤੀ ਹੈ।"
>
> *(ਤ੍ਵਾਰੀਖ਼ੇ-ਪੰਜਾਬ, ਪੰਨਾ ੨੮੦)*

ਇਹੋ ਗੱਲ 1850 ਈ: ਵਿਚ ਪੰਡਿਤ ਦੇਵੀ ਪ੍ਰਸ਼ਾਦ ਨੇ *ਗੁਲਸ਼ਨਿ ਪੰਜਾਬ* ਵਿਚ ਇਉਂ ਕਹੀ ਹੈ:

"ਇਸ ਮੁਲਕ ਕੇ ਵਕਾਯਾ ਬਹੁਤ ਦਿਲਕਸ਼ ਔਰ ਅਜੀਬ ਹੈਂ ਕਿਉਂਕਿ ਇਬਤਦਾਇ ਤਵੱਲਦ ਨਾਨਕਸ਼ਾਹ ਕੇ ਵਹਾਂ ਕੇ ਅਕਸਰ ਆਦਾਤ ਔਰ ਅਤਵਾਰ ਮੇਂ ਤਬਦੀਲੀ ਹੋਨੇ ਲਗੀ। ਰਫ਼ਤਾ ਰਫ਼ਤਾ ਮਿੱਲਤ ਔਰ ਸਲਤਨਤ ਬਿਲਕੁਲ ਨਈ ਹੋ ਗਈ ਔਰ ਇਨਕਲਾਬੇ ਅਜ਼ੀਮ ਵਾਕਿਆ

ਹੂਆ, ਦਿਗਰ-ਗੂੰ ਕਰ ਦੀਆ ਔਰ ਸਲਤਨਤ ਜਦੀਦ ਕੀ ਬੁਨਯਾਦ ਡਾਲੀ।"

*(ਗੁਲਸ਼ਨਿ ਪੰਜਾਬ, ਦੀਬਾਚਾ, ਪੰਨਾ ੨)*

ਜ਼ਾਹਰ ਹੈ ਕਿ ਗੁਰੂ ਨਾਨਕ ਸਾਹਿਬ ਦੀ ਅਜ਼ਮਤ ਬੇਮਿਸਾਲ ਸੀ, ਜਿਨ੍ਹਾਂ ਏਸ਼ੀਆ ਭਰ ਦਾ ਚੱਕਰ ਲਾ ਕੇ ਨਵੇਂ ਯੁਗ ਦੀ ਬੁਨਿਆਦ ਰੱਖੀ ਤੇ ਉਨ੍ਹਾਂ ਦੇ ਨੌਂ ਜਾਨਸ਼ੀਨ ਗੁਰੂਆਂ ਨੇ ਦੋ ਸੌ ਸਾਲ ਦੀ ਲੰਮੀ ਮਿਹਨਤ ਬਾਅਦ ਕਰਮਯੋਗੀ ਫ਼ਿਲਾਸਫ਼ੀ ਨੂੰ ਐਸਾ ਅਮਲੀ ਰੂਪ ਦਿੱਤਾ ਤੇ 'ਸੰਗਤ' ਨੂੰ 'ਪੰਥ ਖ਼ਾਲਸਾ' ਦੇ ਰੂਪ ਵਿਚ ਸੰਗਠਿਤ ਕਰ ਕੇ ਤੇ ਸ਼ਸਤ੍ਰਧਾਰੀ ਬਣਾ ਕੇ ਐਸੀ ਲਹਿਰ ਚਲਾਈ ਕਿ ਇਤਿਹਾਸ ਦਾ ਰੁਖ਼ ਮੋੜ ਦਿੱਤਾ। ਕਿਧਰੇ ਮੁਗ਼ਲ ਸਲਤਨਤ ਮੂਧੀ ਮਾਰੀ ਤੇ ਕਿਧਰੇ ਪਠਾਣੀ ਹੱਲਿਆਂ ਦੀ ਕਾਂਗ ਪਿਛਾਂਹ ਨੂੰ ਪਛਾੜੀ ਕਿ ਮੁੜ ਕਿਸੇ ਹਮਲਾਵਰ ਦੀ ਜੁਰਅਤ ਹੀ ਨਾ ਪਈ। ਅਜਿਹੇ ਨਵੇਂ ਸੂਰਮਗਤੀ ਦੇ ਕਾਰਨਾਮਿਆਂ ਨੇ ਨਵੀਆਂ ਕਲਮਾਂ ਨੂੰ ਹਰਕਤ ਵਿਚ ਲਿਆਂਦਾ ਤਾਕਿ ਅਣਖੀਲੇ ਜੋਧਿਆਂ ਦੇ ਕਾਰਨਾਮੇ ਕਲਮਬੰਦ ਕੀਤੇ ਜਾ ਸਕਣ। ਪਹਿਲੇ ਪਹਿਲ ਸੋਲ੍ਹਵੀਂ, ਸਤਾਰ੍ਹਵੀਂ ਸਦੀ ਵਿਚ ਕਲਾਧਾਰੀ ਮਹਾਪੁਰਖਾਂ ਦੇ ਜੀਵਨ ਚਰਿੱਤ੍ਰ, ਜਨਮਸਾਖੀਆਂ ਦੇ ਰੂਪ ਵਿਚ ਲਿਖ ਕੇ ਨਵੀਂ ਇਤਿਹਾਸਕਾਰੀ ਦੀ ਬੁਨਿਆਦ ਰੱਖੀ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਤਾਰ੍ਹਵੀਂ ਸਦੀ ਦੇ ਅੰਤ ਵਿਚ ਭਰਮਾਂ, ਵਹਿਮਾਂ ਤੇ ਡਰਾਕਲ ਬਿਰਤੀਆਂ ਦਾ ਅੰਤ ਕਰ ਕੇ ਖੰਡੇ ਦੀ ਪਾਹੁਲ ਦੇ ਸਰਬਲੋਹੀ ਸਮਾਜ ਦੀ ਸਥਾਪਨਾ ਕੀਤੀ ਤੇ ਸਭ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਸ਼ਕਤੀਮਾਨ ਖ਼ਾਲਸਾ ਜਥੇਬੰਦੀ ਖੜੀ ਕੀਤੀ ਤਾਕਿ ਜ਼ਿੰਦਗੀ ਦੀਆਂ ਨਵੀਆਂ ਕੀਮਤਾਂ ਪ੍ਰਚਾਰ ਕੇ ਅਨਿਆਂ ਤੇ ਜਬਰ, ਜ਼ੁਲਮ ਤੇ ਕੂੜ ਵਿਰੁੱਧ ਜ਼ਬਰਦਸਤ ਅੰਦੋਲਨ ਛੇੜਿਆ ਜਾ ਸਕੇ।

ਇਹ ਸਭ ਜਾਣਦੇ ਹੀ ਹਨ ਕਿ ਭਾਰਤ ਦੀ ਪਿਛਾਂਹ-ਖਿੱਚੂ ਪਲਾਇਨਵਾਦੀ ਧਾਰਮਿਕਤਾ ਤੇ ਮੁਗ਼ਲ ਸਾਮਰਾਜ ਦੀ ਅਭਿਮਾਨ-ਭਰੀ ਰਾਜਨੀਤੀ ਅਜਿਹੇ ਅੱਗ੍ਰਗਾਮੀ ਆਦਰਸ਼ਾਂ ਨੂੰ ਕਿਵੇਂ ਪਰਵਾਨ ਕਰ ਸਕਦੀ ਸੀ। ਇਸ ਕਰਕੇ ਇਹ ਪੌਣੀ ਸਦੀ, ਨਵੇਂ ਸਿੰਘ ਕ੍ਰਾਂਤੀਕਾਰੀਆਂ ਅਤੇ ਪੁਰਾਤਨਤਾ ਦੇ ਪੁਜਾਰੀਆਂ ਦੀ ਟੱਕਰ ਵਿਚ ਹੀ ਗੁਜ਼ਰਦੀ ਗਈ। ਆਖ਼ਰ ਇਸ ਲੰਮੇ ਸੰਗ੍ਰਾਮ ਨੇ ਭੂਰਿਆਂ ਵਾਲੇ ਬਨਵਾਸੀ ਫ਼ੱਕਰਾਂ ਨੂੰ ਰਾਜੇ ਬਣਾ ਦਿੱਤਾ ਤੇ ਰਾਜਿਆਂ ਨਵਾਬਾਂ ਨੂੰ ਭੁੰਞੇ ਲਾਹ ਸੁੱਟਿਆ, ਜੈਸਾ ਕਿ ਬਾਬਾ ਨਾਨਕ ਇਨ੍ਹਾਂ ਦੇ ਕੰਨ ਵਿਚ ਕਹਿ ਗਿਆ ਸੀ:

**ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।**
**ਦਰਿ ਮੰਗਨਿ ਭਿਖ ਨਾ ਪਾਇਦਾ।੧੬।** *(ਵਾਰ ਆਸਾ)*

ਗੱਲ ਉਹੋ ਹੋਈ ਜੋ ਮਾਲਕ ਨੂੰ ਮਨਜ਼ੂਰ ਸੀ। ਚੁਨਾਂਚਿ ਸਮਕਾਲੀ ਫ਼ਕੀਰ ਸਾਈਂ ਬੁੱਲ੍ਹੇ ਸ਼ਾਹ ਸ਼ਹਾਦਤ ਦਿੰਦਾ ਕਹਿੰਦਾ ਹੈ ਕਿ ਮੁਗ਼ਲਾਂ ਤਾਂ ਖ਼ੁਦ ਜ਼ੁਲਮ ਜਬਰ ਦਾ ਪਿਆਲਾ ਪੀ ਲਿਆ ਤੇ ਉਨ੍ਹਾਂ ਦੀ ਮੌਤ ਲਾਜ਼ਮੀ ਸੀ ਤੇ ਇਹ ਬਨਵਾਸੀ ਫ਼ਕੀਰ ਦੇਸ ਦੇ ਅਮੀਰ ਰਾਜੇ ਬਣਦੇ ਗਏ।

**ਭੂਰਿਆਂ ਵਾਲੇ ਰਾਜੇ ਕੀਤੇ।**
**ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।**

ਤੇਗਾਂ ਤਲਵਾਰਾਂ ਦੇ ਅਜਿਹੇ ਲੰਮੇ ਖ਼ੂਨੀ ਸੰਗ੍ਰਾਮ ਵਿਚ ਕਲਮ ਉਠਾਉਣਾ ਕੋਈ ਸੌਖੀ ਗੱਲ ਨਹੀਂ ਸੀ ਪਰ ਫਿਰ ਵੀ ਅਜਿਹੇ ਸੁਜਾਨ ਕਵੀ ਤੇ ਵਿਦਵਾਨ ਲੇਖਕ ਅੱਗੇ ਆਏ, ਜਿਨ੍ਹਾਂ ਇਸ ਜੱਦੋ-ਜਹਿਦ ਦੇ ਮਹਾਨ ਨਾਇਕਾਂ ਦਾ ਜਸ ਗਾ ਕੇ ਲੋਕਾਂ ਨੂੰ ਸਾਵਧਾਨ ਕੀਤਾ ਤੇ ਦੇਸ਼ ਦਾ ਗੌਰਵਮਈ ਇਤਿਹਾਸ ਸੰਭਾਲਣਾ ਆਰੰਭਿਆ। ਇਹ ਸੱਚਾਈ ਹੈ ਕਿ ਦਰ ਦਰ ਦੇ ਕਰਮਹੀਣ ਭਿਖਾਰੀ ਕੋਲੋਂ ਨਹੀਂ, ਜ਼ਿੰਦਗੀ ਦੀ ਸਰਦਾਰੀ ਵਿਚੋਂ ਹੀ ਇਤਿਹਾਸਕਾਰੀ ਦੀ ਸ਼ਮ੍ਹਾ ਜਗਮਗਾਉਂਦੀ ਆਈ ਹੈ। ਇਹ

ਸਰਦਾਰੀ, ਕਰਮਯੋਗ ਤੇ ਪਰਾਕ੍ਰਮ ਦੀ ਮੁਹਤਾਜ ਹੈ, ਜਿਸ ਨੇ ਇਹ ਮੁਅਜਜ਼ਾ ਕਰ ਕੇ ਦਿਖਾਇਆ, ਉਹੋ ਸਮੇਂ ਦਾ ਪੈਗ਼ੰਬਰ ਬਣ ਗਿਆ। ਸ੍ਰੇਸ਼ਟਾਚਾਰ ਤੇ ਸੂਰਮਗਤੀ ਉਸ ਦੇ ਦੋ ਪ੍ਰਧਾਨ ਲੱਛਣ ਹਨ।

ਅਠਾਰ੍ਹਵੀਂ ਸਦੀ ਦੇ ਨਵੀਨ ਮਨੁੱਖ 'ਖ਼ਾਲਸਾ' ਨੇ ਇਸ ਦੇ ਚੰਗੇ ਜੌਹਰ ਦਿਖਾਏ, ਜਿਸ ਨਾਲ ਇਸ ਖਿੱਤੇ ਦਾ ਇਤਿਹਾਸ ਬਦਲਦਾ ਗਿਆ ਅਤੇ ਪੰਜਾਬ ਦਾ ਨਵਾਂ ਰੂਪ ਰੰਗ ਜਗਮਗਾਉਣ ਲੱਗਾ। ਇਸ ਸਾਰੇ ਪਰਿਵਰਤਨ ਦੇ ਮੋਢੀ ਗੁਰੂ ਸਾਹਿਬਾਨ ਸਨ, ਗੁਰੂ ਗੋਬਿੰਦ ਸਿੰਘ ਸਨ, ਏਸ ਕਰਕੇ ਕ੍ਰਿਤੱਗਤਾ ਵਜੋਂ ਅਠਾਰ੍ਹਵੀਂ ਸਦੀ ਦੇ ਵਧੇਰੇ ਇਤਿਹਾਸਕਾਰ, ਮਹਾਨ ਕ੍ਰਾਂਤੀਕਾਰੀ, ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਦੀ ਬੀਰ-ਗਾਥਾ ਗਾਉਂਦੇ ਸੁਣਾਈ ਦਿੰਦੇ ਹਨ, ਜਿਨ੍ਹਾਂ ਇਸ ਲਹਿਰ ਨੂੰ ਓਜੱਸਵੀ ਬਾਣੀ ਤੇ ਲਾਸਾਨੀ ਕੁਰਬਾਨੀ ਦੇ ਕੇ ਸਫਲਤਾ ਦੀ ਸਿਖਰ 'ਤੇ ਪਹੁੰਚਾਇਆ। ਇਨ੍ਹਾਂ ਸਾਰੀਆਂ ਲਿਖਤਾਂ ਵਿਚ ਇਸ ਕਲਾਧਾਰੀ ਮਹਾਂਪੁਰਖ ਦਾ ਬਲਵਾਨ ਵਿਅਕਤਿਤ੍ਵ ਛਾਇਆ ਹੋਇਆ ਹੈ ਕਿਉਂਕਿ ਉਹ ਇਸ ਇਨਕਲਾਬੀ ਲਹਿਰ ਦੇ ਮੋਢੀ ਤੇ ਸੰਚਾਲਕ ਨਾਇਕ ਸਨ, ਇਸ ਕਰਕੇ ਉਨ੍ਹਾਂ ਦੀ ਸਿਖ ਤੇ ਗ਼ੈਰ-ਸਿਖ ਲੇਖਕਾਂ ਵੱਲੋਂ ਪ੍ਰਸ਼ੰਸਾ ਹੋਣੀ ਕੁਦਰਤੀ ਗੱਲ ਸੀ ਪਰ ਇਹ ਲਿਖਤਾਂ ਵਿਅਕਤੀਗਤ ਸਤੋਤਰ ਮਾਤਰ ਨਹੀਂ, ਸਗੋਂ ਇਨ੍ਹਾਂ ਮਹਿਮਾਕਾਰੀ ਰਚਨਾਵਾਂ ਨੇ ਅਠਾਰ੍ਹਵੀਂ ਸਦੀ ਦੇ ਸੰਗ੍ਰਾਮੀਆਂ ਨੂੰ ਸਦਾ ਪ੍ਰੇਰਨਾ ਤੇ ਹੱਲਾਸ਼ੇਰੀ ਦੇ ਕੇ ਅੱਗੇ ਵਧਾਇਆ ਤੇ ਨਵਾਂ ਬੀਰ-ਰਸੀ ਸਾਹਿਤ ਵੀ ਉਪਜਾਇਆ, ਜਿਸ ਦਾ ਅਹਿਸਾਨ ਕਦਾਚਿਤ ਨਹੀਂ ਭੁਲਾਇਆ ਜਾ ਸਕਦਾ।[੧]

ਇਕ ਗੱਲ ਹੋਰ, ਗੁਰੂ ਗੋਬਿੰਦ ਸਿੰਘ ਕੇਵਲ ਤੇਗ ਦੇ ਧਨੀ ਹੀ ਨਹੀਂ ਸਨ, ਕਲਮ ਦੇ ਧਨੀ ਉਸ ਤੋਂ ਵੱਧ ਸਨ। ਇਸੇ ਕਰਕੇ ਉਨ੍ਹਾਂ ਸਾਹਿਤ ਦੇ ਇਤਿਹਾਸਕ ਖੇਤਰ ਵਿਚ ਨਵੇਂ ਪੂਰਨੇ ਪਾਏ, ਨਵੀਂ ਸਿਰਜਣਾ ਕੀਤੀ। ਭਾਰਤੀ ਸਾਹਿਤ ਵਿਚ 'ਆਤਮ-ਕਥਾ' ਲਿਖਣ ਦਾ ਕੋਈ ਰਿਵਾਜ ਨਹੀਂ ਸੀ ਤੇ ਨਾ ਹੀ ਦੁਨੀਆਂ ਵਿਚ ਕਿਸੇ ਧਾਰਮਿਕ ਨੇਤਾ ਨੇ ਸ੍ਵੈ-ਜੀਵਨੀ ਲਿਖਣ ਦੀ ਖੇਚਲ ਕੀਤੀ ਹੈ, ਪਰੰਤੂ ਸ਼ਾਇਦ ਗੁਰੂ ਗੋਬਿੰਦ ਸਿੰਘ ਪਹਿਲੇ ਧਾਰਮਿਕ ਮਹਾਂਪੁਰਖ ਹਨ, ਜਿਨ੍ਹਾਂ ਬਚਿਤ੍ਰ ਨਾਟਕ ਗ੍ਰੰਥ ਦੇ ਆਰੰਭ ਵਿਚ ਆਪਣੀ ਕਥਾ ਲਿਖ ਕੇ ਨਵੀਂ ਸੇਧ ਦਿੱਤੀ। ਪਹਿਲੇ ਤਾਂ ਉਸ ਜ਼ਮਾਨੇ ਦੇ ਧਾਰਮਿਕ ਪਿਛੋਕੜ ਦਾ ਬ੍ਰਿਤਾਂਤ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਪੁਰਾਣੇ ਧਾਰਮਿਕ ਆਗੂ ਸ੍ਵੈ-ਕੇਂਦ੍ਰਿਤ ਹੋ ਕੇ ਸੀਮਿਤ ਤੇ ਸੰਕੀਰਣ ਹੁੰਦੇ ਗਏ ਤੇ ਮਨੁੱਖਤਾ ਦੀ ਲੋੜੀਂਦੀ ਸੇਵਾ ਨਾ ਕਰ ਸਕੇ। ਫਿਰ ਸਾਰੀ ਸਿਖ ਲਹਿਰ ਜਿਵੇਂ ਕਿਵੇਂ ਇਕ-ਜੋਤਿ ਜੁਗਤਿ 'ਤੇ ਕੇਂਦ੍ਰਿਤ ਹੋ ਕੇ, ਬਾਵਜੂਦ ਅਨੇਕਾਂ

---

੧. ਸੈਣਾ ਸਿੰਘ ਕਹੀ ਗੁਰ ਸ਼ੋਭਾ। ਸਤ੍ਰਹ ਸ਼ਤ ਅਠਸਠ ਨਿਜ ਓਭਾ।
ਮਨੀ ਸਿੰਘ ਹੂ ਗ੍ਰੰਥ ਬਨਾਯੋ। ਗੁਰਬਿਲਾਸ ਅਤਿ ਅਨੁਪਮ ਗਾਯੋ।੫।
ਕਹੀ ਕੇਸਰਾ ਸਿੰਘ ਛਿਬਰ ਮਤ। ਅਠਾਰਹੁ ਸ਼ਤ ਪਚਿਸ ਸੰਮਤ।
ਸ੍ਰੀ ਬਾਬਾ ਸ੍ਵਰੂਪ ਸ਼ਸਿ ਸੁਆਮੀ। ਅਮਰ ਬੰਸ ਜਗ ਜੋਤਿ ਨਮਾਮੀ।੬।
ਸ਼ਤਕ ਅਠਾਰਹ ਅਰੁ ਇਕਤੀਸਾ। ਗੁਰਮਹਿਮਾ ਪ੍ਰਕਾਸ਼ ਜਗਦੀਸ਼ਾ।
ਭਾਈ ਸੁਖਾ ਸਿੰਘ ਬਨਾਯੋ। ਗੁਰਬਿਲਾਸ ਅਤਿ ਪ੍ਰੇਮ ਬਢਾਯੋ।੭।
ਅਠਾਰਹ ਸ਼ਤ ਚਉਵਨ ਪਿਖਾ। ਗੁਰਬਿਲਾਸ ਬਰਨਯੋ ਜਸ ਸਿਖਾ।
ਸਾਧ ਸੁਮਨ ਚੰਦ੍ਰਿਕਾ ਸੁਹਾਈ। ਸ੍ਰੀ ਨਿਰਬਾਣ ਰਿਖੀ ਜੋ ਗਾਈ।੮।
ਦੋਹਰਾ—ਉੱਨਿਸ ਸ਼ਤ ਪੂਰੇ ਭਏ, ਸ੍ਰੀ ਸੰਤੋਖ ਮ੍ਰਿਗੇਸ਼।
ਸ੍ਰੀ ਸੂਰਯ ਪ੍ਰਕਾਸ਼ ਕਿਯ, ਅਦਭੁਤ ਗ੍ਰੰਥ ਵਿਸ਼ੇਸ਼।੯।
ਜਾ ਸਮਾਨ ਕੋਊ ਗ੍ਰੰਥ ਨ ਆਨਾ। ਸਤਿਗੁਰ ਜਸ ਕਰ ਮਨਹੁ ਖ਼ਜ਼ਾਨਾ।
ਰਚਿ ਜਹਾਜ਼ ਜਗ, ਸਿੰਘ ਤਰਾਏ। ਸ੍ਰੀ ਸੰਤੋਖ ਸਿੰਘ ਜਗ ਆਏ।੧੦।
*(ਪੱਥਰ ਛਾਪਾ, ੧੯੮੨ ਈ:, ਗੁਰਪਦ ਪ੍ਰੇਮ ਪ੍ਰਕਾਸ਼, ਬਾਵਾ ਸੁਮੇਰ ਸਿੰਘ, ਪੰਨਾ ੭੧੩-੧੪)*

ਰੋਕਾਂ ਰੁਕਾਵਟਾਂ ਦੇ ਅੱਗੇ ਵਧਦੀ ਗਈ, ਉਸ ਦੀ ਸੰਖਿਪਤ ਰੂਪ ਰੇਖਾ ਹੈ। ਇਸ ਤੋਂ ਪਿੱਛੋਂ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਮੈਦਾਨਿ-ਅਮਲ ਵਿਚ ਆਏ ਤੇ ਸਾਮਰਾਜੀ ਤਾਕਤਾਂ ਨਾਲ ਟਾਕਰੇ ਕਰਦੇ ਰਹੇ, ਉਸ ਦਾ ਸੁਵਿਸਤਾਰ ਬਿਉਰਾ 'ਬੀਰ ਗਾਥਾ' ਬਣਾ ਕੇ ਦਿੱਤਾ ਗਿਆ ਹੈ। ਜ਼ਿੰਦਗੀ ਦੇ ਆਖ਼ਰੀ ਪੜਾਉ ਵਿਚ ਉਨ੍ਹਾਂ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਨੂੰ ੧੧੧ ਸ਼ਿਅਰਾਂ ਵਿਚ ਜੋ ਖ਼ਤ ਲਿਖਿਆ, ਉਹ 'ਜ਼ਫ਼ਰਨਾਮਾ' ਕਰਕੇ ਪ੍ਰਸਿੱਧ ਹੈ। ਇਹ ਫ਼ਾਰਸੀ ਕਲਾਮ ਵੀ ਸਿਖ ਸੰਗ੍ਰਾਮੀਆਂ ਨੂੰ ਸਦਾ ਸੰਘਰਸ਼ ਲਈ ਉਤਸ਼ਾਹ ਤੇ ਸਾਹਸ ਪ੍ਰਦਾਨ ਕਰਦਾ ਆਇਆ ਹੈ। ਇਸ ਤੋਂ ਇਲਾਵਾ ਇਕ ਹੋਰ ਵੱਡਾ ਕਾਰਨਾਮਾ ਜੋ ਸਾਹਿਤ ਵਿਚ ਉਨ੍ਹਾਂ ਕੀਤਾ, ਉਹ 'ਬਚਿਤ੍ਰ ਨਾਟਕ' ਦੀ ਅਦਭੁਤ ਰਚਨਾ ਹੈ। ਇਸ ਵਿਚ ਸਤਿਗੁਰਾਂ ਬੜੀ ਦਾਨਾਈ ਤੋਂ ਕੰਮ ਲੈਂਦਿਆਂ ਪਰੰਪਰਾਗਤ ਪੁਰਾਣੇ ਮਸਾਲੇ ਨੂੰ ਨਵੇਂ ਰੂਪ ਵਿਚ ਪੇਸ਼ ਕਰ ਕੇ ਸਾਰੇ ਦੇਸ਼ ਨੂੰ ਹਲੂਣਾ ਦੇਣ ਦਾ ਯਤਨ ਕੀਤਾ ਹੈ। ਭਾਰਤ ਦਾ ਪੁਰਾਣਾ ਇਤਿਹਾਸ, ਵਧੇਰੇ ਕਰਕੇ ਦੇਵੀ ਦੇਵਤਿਆਂ ਤੇ ਅਵਤਾਰਾਂ ਦੀਆਂ ਕਥਾ-ਕਹਾਣੀਆਂ ਦੁਆਲੇ ਘੁੰਮਦਾ ਪੁਰਾਣਕ ਰੂਪ ਵਿਚ ਖਿੰਡਿਆ-ਪੁੰਡਿਆ ਮਿਲਦਾ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ੩੫-੩੬ ਭਾਰਤੀ ਨਾਇਕ ਨਾਇਕਾਵਾਂ ਨੂੰ ਇਕ ਲੜੀ ਵਿਚ ਪਰੋ ਕੇ 'ਬਚਿਤ੍ਰ ਨਾਟਕ' ਮਹਾਂਕਾਵਿ ਵਿਚ ਪੇਸ਼ ਕੀਤਾ ਤਾਕਿ ਸਮੂੰਹ ਭਾਰਤੀ ਆਪਣੇ ਪੂਜਨੀਕ ਦੇਵੀ ਦੇਵਤਿਆਂ ਅਤੇ ਰਾਮ ਕ੍ਰਿਸ਼ਨ ਆਦਿਕ ਅਵਤਾਰਾਂ ਦੇ ਜੀਵਨ ਤੋਂ ਪ੍ਰੇਰਨਾ ਪ੍ਰਾਪਤ ਕਰ ਕੇ ਵਰਤਮਾਨ ਸੰਗ੍ਰਾਮ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ। ਬਚਿੱਤ੍ਰ ਗੱਲ ਇਹ ਵੀ ਹੈ ਕਿ ਕਿਤੇ ਕਿਤੇ ਉਨ੍ਹਾਂ ਪੁਰਾਣਕ ਪਾਤਰਾਂ ਨਾਲ ਬਿਦੇਸ਼ੀ ਤੁਰਕ ਪਾਤਰਾਂ ਦਾ ਟਾਕਰਾ ਹੁੰਦਾ ਦਿਖਾ ਕੇ ਇਸ ਮੁਰਦਾ ਮਸਾਣ ਨੂੰ ਨਵੀਂ ਤਰ੍ਹਾਂ ਜਗਾਇਆ ਹੈ ਤਾਕਿ ਵਰਤਮਾਨ ਪਾਠਕ ਆਪਣੇ ਸਮਕਾਲੀ ਦੋਖੀਆਂ ਨੂੰ ਵੀ ਮੌਤ ਦੇ ਮੂੰਹ ਪੈਂਦੇ ਦੇਖ ਕੇ ਤਿਆਰ ਬਰ ਤਿਆਰ ਹੋ ਸਕਣ। ਕਈ ਦਸਮ ਗ੍ਰੰਥ ਦੇ ਅਗਿਆਨੀ, ਗੁਰੂ ਜੀ ਦੀ ਕਾਲਪਨਿਕ ਕਲਾ ਨੂੰ ਸਮਝ ਨਹੀਂ ਸਕੇ, ਉਹ ਦੋਸ਼ ਲਾਉਣ ਤਕ ਵੀ ਜਾਂਦੇ ਹਨ ਕਿ ਕਵੀ ਨੂੰ ਇਤਿਹਾਸਕ ਤੱਥਾਂ ਦਾ ਗਿਆਨ ਨਹੀਂ ਸੀ। ਇਨ੍ਹਾਂ ਲੋਕਾਂ ਨੂੰ ਸਾਹਿਤਕ ਕਲਾ ਦੀ ਬਿਲਕੁਲ ਸੋਝੀ ਨਹੀਂ ਕਿ ਕਿਵੇਂ ਕੋਈ ਕਵੀ ਆਪਣੇ ਆਦਰਸ਼ ਨੂੰ ਮੂਰਤੀਮਾਨ ਕਰਨ ਲਈ ਭੂਤ ਦੀ ਕਥਾ ਉੱਤੇ ਕਲਪਨਾ ਦਾ ਸਹਾਰਾ ਲੈ ਕੇ ਵਰਤਮਾਨ ਦਾ ਮਹੱਲ ਸਿਰਜਿਆ ਕਰਦਾ ਹੈ।

ਅਸੀਂ ਤਾਂ ਇਸ ਸੰਖੇਪ ਚਰਚਾ ਰਾਹੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਗੁਰੂ ਸਾਹਿਬ ਦਾ ਸੰਘਰਸ਼ਮਈ ਜੀਵਨ ਜਿਥੇ ਮਹਾਂ ਨਾਇਕ ਬਣਨ ਦਾ ਪੂਰਾ ਅਧਿਕਾਰ ਰੱਖਦਾ ਹੈ, ਉਥੇ ਉਸ ਮਹਾਨ ਕਵੀ ਨੇ ਭਾਰਤੀ ਸਾਹਿਤਕਾਰਾਂ ਨੂੰ ਵੀ ਨਵੀਂ ਦਿਸ਼ਾ ਦਿਖਾਈ ਕਿ ਕਿਵੇਂ ਪੁਰਾਣਕ ਸਾਹਿਤ ਨੂੰ ਪੁਨਰਜੀਵਤ ਕਰ ਕੇ ਜਨ-ਸਾਧਾਰਣ ਨੂੰ ਧਰਮ-ਯੁੱਧ ਲਈ ਸਾਵਧਾਨ ਕੀਤਾ ਜਾ ਸਕਦਾ ਹੈ। ਭਾਗਵਤ ਦੇ ਦਸਮ ਸਕੰਧ ਦੇ ਅਨੁਵਾਦ ਬਾਰੇ ਉਹ ਖ਼ੁਦ ਲਿਖ ਗਏ ਹਨ:

**ਦਸਮ ਕਥਾ ਭਗਉਤ ਕੀ, ਭਾਖਾ ਕਰੀ ਬਨਾਇ।**
**ਅਵਰਿ ਬਾਂਛਨਾ ਨਾਹਿ ਕਿਛੁ, ਧਰਮ ਯੁਧ ਕੈ ਚਾਇ।** *(ਕ੍ਰਿਸ਼ਨਾਵਤਾਰ)*

ਜੈਸਾ ਕਿ ਅਸੀਂ ਪਹਿਲੇ ਇਸ਼ਾਰਾ ਕਰ ਚੁੱਕੇ ਹਾਂ ਕਿ ਇਸ ਸਾਰੇ ਸੁਤੰਤ੍ਰਤਾ ਸੰਗ੍ਰਾਮ ਦੇ ਮੋਢੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ (੧੬੬੧-੧੭੦੮ ਈ:) ਸਨ, ਇਸ ਕਰਕੇ ਅਠਾਰ੍ਹਵੀਂ ਸਦੀ ਵਿਚ ਵਧੇਰੇ ਆਪ ਦੇ ਜੀਵਨ ਚਰਿੱਤ੍ਰ ਹੀ ਲਿਖੇ ਗਏ। ਸੰਭਵ ਹੈ ਕਿ ਕੁਈ ਹੋਰ ਰਚਨਾਵਾਂ ਵੀ ਵਜੂਦ ਵਿਚ ਆਈਆਂ ਹੋਵਣ ਪਰ ਇਸ ਗੜਬੜ ਦੇ ਜ਼ਮਾਨੇ ਲੁੱਟ-ਮਾਰ ਤੇ ਅੱਗਜ਼ਨੀ ਦਾ ਆਮ ਵਰਤਾਰਾ ਸੀ। ਇਸ ਕਰਕੇ ਕਈ ਚੀਜ਼ਾਂ ਨਸ਼ਟ ਵੀ ਹੋ ਗਈਆਂ ਪਰ ਹੁਣ ਜੋ ਕੁਝ ਪ੍ਰਾਪਤ ਹੈ, ਉਸ ਦਾ ਸੰਖਿਪਤ ਜਿਹਾ ਬਿਉਰਾ ਇਸ ਪ੍ਰਕਾਰ ਹੈ:

| | | | |
|---|---|---|---|
| (੧) | ਪੰਜ ਸੌ ਸਾਖੀ | ਭਾਈ ਰਾਮ ਕੁਇਰ | ੧੭੩੪ ਈ: |
| (੨) | ਸ੍ਰੀ ਗੁਰ ਸੋਭਾ | ਸੈਣਾ ਸਿੰਘ, ਦਿੱਲੀ | ੧੭੧੧ ਈ: |
| (੩) | ਪਰਚੀ ਪਾਤਸ਼ਾਹੀ ਦਸਵੀਂ ਕੀ | ਬਾਵਾ ਸੇਵਾ ਦਾਸ | ੧੭੪੧ ਈ: |
| (੪) | ਗੁਰਬਿਲਾਸ | ਕੁਇਰ ਸਿੰਘ ਕਲਾਲ | ੧੭੫੧ ਈ: |
| (੫) | ਬੰਸਾਵਲੀਨਾਮਾ | ਕੇਸਰ ਸਿੰਘ ਛਿੱਬਰ | ੧੭੬੯ ਈ: |
| (੬) | ਸ੍ਰੀ ਗੁਰ ਮਹਿਮਾ ਪ੍ਰਕਾਸ਼ | ਬਾਵਾ ਸਰੂਪ ਚੰਦ ਤੇ ਕ੍ਰਿਪਾ ਦਯਾਲ ਸਿੰਘ | ੧੭੭੬ ਈ: |
| (੭) | ਗੁਰੂ ਕੀਆਂ ਸਾਖੀਆਂ | ਸਰੂਪ ਸਿੰਘ ਕੌਸ਼ਿਸ | ੧੭੯੦ ਈ: |
| (੮) | ਗੁਰਬਿਲਾਸ | ਸੁੱਖਾ ਸਿੰਘ | ੧੭੯੭ ਈ: |
| (੯) | ਸੰਖਿਪਤ ਦਸ ਗੁਰ ਕਥਾ | ਕਵੀ ਕੰਕਨ | ਅਠਾਰ੍ਹਵੀਂ ਸਦੀ |
| (੧੦) | ਦੌਰੇ ਦੀ ਸਾਖੀ | ਸਾਧੂ ਦਯਾਲ ਦਾਸ | ਅਠਾਰ੍ਹਵੀਂ ਸਦੀ |

ਇਨ੍ਹਾਂ ਤੋਂ ਇਲਾਵਾ ਇਸ ਸਦੀ ਦੀਆਂ ਹੋਰ ਦੁਰਲੱਭ ਲਿਖਤਾਂ, *ਵਾਰ ਅੰਮ੍ਰਿਤਸਰ ਕੀ*—ਦਰਸ਼ਨ ਭਗਤ (੧੭੧੦ ਈ:), *ਕਥਾ ਗੁਰੂ ਜੀ ਕੇ ਸੁਤਨ ਕੀ*—ਦੁਨਾ ਸਿੰਘ ਹੰਡੂਰੀਆ, *ਕਥਾ ਹਕੀਕਤ ਰਾਇ ਕੀ*—ਅਗਰਾ ਸਿੰਘ ਸੇਠੀ (੧੭੮੪ ਈ:) ਤੇ *ਫਤਿਹਨਾਮਾ*—ਭਾਈ ਦਯਾਲ ਸਿੰਘ (੧੭੯੭ ਈ:) ਆਦਿ ਵਰਣਨ ਯੋਗ ਹਨ।

*ਪੰਜ ਸੌ ਸਾਖੀ* ਸੰਪੂਰਣ ਹੁਣ ਮਿਲਦੀ ਨਹੀਂ, ਕੇਵਲ ਦਸਮੇਸ਼ ਗੁਰੂ ਜੀ ਦੀ ਗਾਥਾ *ਗੁਰ ਰਤਨ ਮਾਲ* ਜਾਂ *ਸੌ ਸਾਖੀ* ਕਰਕੇ ਪ੍ਰਾਪਤ ਹੈ। ਸੋ ਜ਼ਿਆਦਾਤਰ ਲੇਖਕਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਹੀ ਆਪਣਾ ਵਿਸ਼ਾ ਬਣਾਇਆ ਹੈ। ਹਾਂ, ਕਰਤਾ *ਮਹਿਮਾ ਪ੍ਰਕਾਸ਼* ਨੇ ਜ਼ਰੂਰ ਦਸ ਗੁਰੂਆਂ ਦੇ ਸੰਖੇਪ ਹਾਲਾਤ ਸਾਖੀਆਂ ਦੇ ਰੂਪ ਵਿਚ ਕਲਮਬੰਦ ਕੀਤੇ ਹਨ ਪਰ ਉਨ੍ਹਾਂ ਦੇਸ਼ ਕਾਲ ਦੇ ਹਾਲ ਚਾਲ ਵੱਲ ਬਹੁਤਾ ਧਿਆਨ ਨਹੀਂ ਦਿੱਤਾ।

ਭਾਈ ਕੇਸਰ ਸਿੰਘ ਛਿੱਬਰ ਕ੍ਰਿਤ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਇਸ ਪੱਖੋਂ ਸੱਚਮੁੱਚ ਨਿਰਾਲੀ ਰਚਨਾ ਹੈ, ਜਿਸ ਵਿਚ ਦਸਾਂ ਗੁਰੂਆਂ ਦੀਆਂ ਜੀਵਨੀਆਂ ਇਤਿਹਾਸਕ ਪੱਖੋਂ ਵੱਧ ਤੋਂ ਵੱਧ ਜਾਣਕਾਰੀ ਦੇ ਕੇ ਅੰਕਿਤ ਕੀਤੀਆਂ ਗਈਆਂ ਹਨ। ਜਿਵੇਂ ਕਿ ਇਸ ਪੋਥੀ ਦੀ ਅੰਦਰਲੀ ਗਵਾਹੀ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਨੇ ਖ਼ੁਦ ਡੇਹਰਾ ਬਾਬਾ ਨਾਨਕ, ਖਡੂਰ ਸਾਹਿਬ, ਗੋਇੰਦਵਾਲ, ਗੁਰੂ ਕਾ ਚੱਕ (ਅੰਮ੍ਰਿਤਸਰ), ਬਾਸਰਕੇ, ਵਡਾਲੀ, ਕੀਰਤਪੁਰ ਤੇ ਅਨੰਦਪੁਰ ਸਾਹਿਬ ਆਦਿ ਥਾਈਂ ਜਾ ਕੇ ਖ਼ਾਨਦਾਨੀ ਵਹੀਆਂ ਫਰੋਲੀਆਂ, ਕੁਰਸੀਨਾਮੇ ਲੱਭੇ ਅਤੇ ਨਿਕਟਵਰਤੀ ਬਜ਼ੁਰਗਾਂ ਤੋਂ ਪੁੱਛ-ਪੜਤਾਲ ਕਰ ਕੇ ਵੀ ਇਤਿਹਾਸਕ ਜਾਣਕਾਰੀ ਢੂੰਡਣ ਦਾ ਉਪਰਾਲਾ ਕੀਤਾ ਹੈ। ਭਾਵੇਂ ਇਹ ਸਮਾਂ ਬੜਾ ਹੀ ਸੰਕਟਾਂ ਭਰਿਆ ਸੀ ਪਰ ਫਿਰ ਵੀ ਇਸ ਉੱਦਮੀ ਖੋਜੀ ਨੇ ਆਪਣੇ ਵੱਲੋਂ ਕੋਈ ਕਸਰ ਨਹੀਂ ਰਹਿਣ ਦਿੱਤੀ। ਭਾਈ ਕੇਸਰ ਸਿੰਘ ਦਾ ਨਗਰ ਤਾਂ ਕੜਿਆਲਾ ਸੀ, ਉਹ ਖ਼ੁਦ ਬਹੁਤਾ ਜੰਮੂ ਜਾਂ ਗੁਜਰਾਤ ਹੀ ਰਿਹਾ ਤੇ ਕੁਝ ਸਮਾਂ ਉਸ ਨੇ ਅਨੰਦਪੁਰ, ਅੰਮ੍ਰਿਤਸਰ ਤੇ ਦਿੱਲੀ ਮਾਤਾ ਸਾਹਿਬਾਨ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ) ਪਾਸ ਵੀ ਗੁਜ਼ਾਰਿਆ, ਜਿਥੇ ਕਿ ਉਸ ਨੂੰ ਭਾਈ ਮਨੀ ਸਿੰਘ, ਮਾਮਾ ਕ੍ਰਿਪਾਲ ਸਿੰਘ, ਭਾਈ ਚੌਪਾ ਸਿੰਘ, ਭਾਈ ਕੌਰ ਸਿੰਘ ਚੰਦ੍ਰਾ, ਬੇਬੇ ਗੁਲਾਬੋ ਤੇ ਭਾਈ ਮਜਲਸ ਰਾਇ ਜੈਸੇ ਹਜ਼ੂਰੀ ਸਿੱਖਾਂ ਦੇ ਦਰਸ਼ਨਾਂ ਦਾ ਸੁਭਾਗ ਵੀ ਮਿਲਿਆ। ਇਹ ਸਾਰੀ ਸੰਗਤ ਦਾ ਮੇਲ ਜੋਲ, ਉਸ ਦੀ ਲਿਖਤ ਨੂੰ ਭਰੋਸੇ-ਯੋਗ ਸਮੱਗਰੀ ਪ੍ਰਦਾਨ ਕਰਨ ਵਿਚ ਹੱਥ ਵਟਾਉਂਦੀ ਦਿਸਦੀ ਹੈ। ਉਸ ਦਾ ਜੀਵਨ ਕਾਲ ਅਠਾਰ੍ਹਵੀਂ ਸਦੀ ਦੇ ਆਰੰਭ ਨਾਲ ਸ਼ੁਰੂ ਹੁੰਦਾ ਹੈ ਤੇ ੧੭੮੦ ਈ: ਦੇ ਲਾਗੇ ਚਾਗੇ ਜਾ ਕੇ ਖ਼ਤਮ ਹੁੰਦਾ ਹੈ। ਉਸ ਦਾ ਜਨਮ ਕਾਲ ਅਸੀਂ ੧੭੧੫ ਈ: ਦੇ ਨੇੜੇ ਤੇੜੇ ਮਿਥ ਸਕਦੇ ਹਾਂ।

## ਛਿੱਬਰ ਘਰਾਣਾ

ਜਿਥੋਂ ਤਕ ਛਿੱਬਰ ਘਰਾਣੇ ਦਾ ਸੰਬੰਧ ਹੈ, ਇਹ ਮੁਢ ਤੋਂ ਹੀ ਗੁਰੂ-ਘਰ ਨਾਲ ਜੁੜਿਆ ਤੁਰਿਆ ਆਇਆ ਹੈ। ਬ੍ਰਾਹਮਣਾਂ ਦੀ ਮੁਹਯਾਲ ਜਾਤੀ ਪ੍ਰਸਿੱਧ ਹੈ ਜੋ ਕਿ ਆਪਣੀ ਜੰਗਜੂ ਬਿਰਤੀ ਕਾਰਣ ਵਿਲੱਖਣ ਮੰਨੀ ਗਈ ਹੈ। ਆਮ ਬ੍ਰਾਹਮਣ, ਜਜਮਾਨੀ ਪ੍ਰੋਹਤੀ ਜਾਂ ਫਿਰ ਵਿਦਿਆ ਪੜ੍ਹਨ ਪੜ੍ਹਾਉਣ ਵਿਚ ਸਮਾਂ ਗੁਜ਼ਾਰਦੇ ਰਹੇ ਹਨ ਲੇਕਿਨ ਮੁਹਯਾਲ ਜਾਂ ਮੁਝਾਲ ਬ੍ਰਾਹਮਣ ਪੁਰਾਤਨ ਕਾਲ ਤੋਂ ਹੀ ਸ਼ਸਤ੍ਰਧਾਰੀ ਸਨ। *ਦੀ ਹਿਸਟਰੀ ਆਫ਼ ਮੁਹਯਾਲਜ਼* ( ਦੀ ਮਿਲੀਟੈਂਟ ਬ੍ਰਾਹਮਣ ਰੇਸ ਆਫ਼ ਇੰਡੀਆ) ਕ੍ਰਿਤ ਟੀ.ਪੀ. ਰਸਲ (੧੯੧੧ ਈ:) ਅਨੁਸਾਰ ਇਹ ਯੋਧੇ ਬ੍ਰਾਹਮਣ ਮੱਧ-ਏਸ਼ੀਆ, ਅਫ਼ਗਾਨਿਸਤਾਨ ਤੇ ਪੰਜਾਬ ਦੇ ਰਾਵਲਪਿੰਡੀ ਅਤੇ ਜੇਹਲਮ, ਜੰਮੂ ਦੇ ਇਲਾਕੇ ਵਿਚ ਵਧੇਰੇ ਪਾਏ ਜਾਂਦੇ ਹਨ। ਇਨ੍ਹਾਂ ਨੂੰ ਪੁਰਾਤਨ ਰਾਜ-ਰਿਸ਼ੀਆਂ ਦੀ ਸੰਤਾਨ ਕਿਹਾ ਜਾਂਦਾ ਹੈ।

੧੯੦੨ ਵਿਚ 'ਜਨਰਲ ਮੁਹਯਾਲ ਸਭਾ' ਬਣੀ ਤੇ ੧੯੧੧ ਵਿਚ ਇਸੇ ਸਭਾ ਨੇ *ਦੀ ਹਿਸਟਰੀ ਆਫ਼ ਮੁਹਯਾਲਜ਼* ਲਿਖਵਾਈ। ਉਸ ਸਮੇਂ ਬਰਤਾਨਵੀ ਫ਼ੌਜ ਵਿਚ ੪੫ ਕਮਿਸ਼ਨਡ ਅਫ਼ਸਰ ਮੁਹਯਾਲ ਬ੍ਰਾਹਮਣ ਸਨ ਤੇ ਹੋਰ ਵੀ ਕਈ ਉੱਚੇ ਉੱਚੇ ਅਹੁਦਿਆਂ ਉੱਤੇ ਤਾਇਨਾਤ ਸਨ। ਭੱਟਾਂ ਨੇ ਆਪਣੇ ਸਤੋਤਰਾਂ ਵਿਚ ਇਨ੍ਹਾਂ ਦਾ ਮੁਹੰਮਦ ਬਿਨ ਕਾਸਮ (੭੧੩ ਈ:), ਮਹਿਮੂਦ ਗ਼ਜ਼ਨਵੀ (੧੦੦੦-੧੦੧੭ ਈ:) ਅਤੇ ਬਾਬਰ (੧੫੨੬ ਈ:) ਆਦਿ ਨਾਲ ਟਾਕਰਾ ਹੁੰਦਾ ਦੱਸਿਆ ਹੈ। ਅੱਗੇ ਇਨ੍ਹਾਂ ਦੀਆਂ ਸੱਤ ਸ਼ਾਖਾਂ ਪ੍ਰਸਿੱਧ ਹਨ—ਦੱਤ, ਵੈਦ, ਛਿੱਬਰ, ਬਾਲੀ, ਮੋਹਨ, ਲਾਉ ਤੇ ਭੀਮਯਾਲ। ਇਨ੍ਹਾਂ ਜਾਤਾਂ ਵਿਚ ਭਾਰਦ੍ਵਾਜ, ਭਾਰਗਵ, ਪ੍ਰਾਸ਼ਰ, ਕੱਸ਼ਪ, ਵਸ਼ਿਸ਼ਠ, ਕੌਸ਼ਲ ਆਦਿ ਗੋਤ ਹਨ। ਪੰਜਾਬ ਵਿਚ ਛਿੱਬਰ ਘਰਾਣੇ ਦਾ ਮੁਢਲਾ ਸਥਾਨ ਭੇਰਾ, ਕੜਿਆਲਾ ਤੇ ਮੀਰਪੁਰ ਮੰਨਿਆ ਜਾਂਦਾ ਹੈ। ਕਹਿੰਦੇ ਹਨ, ਕਿਸੇ ਸਮੇਂ ਭੱਦ੍ਰਾਵਤੀ ਛਿੱਬਰਾਂ ਦੀ ਸਟੇਟ ਸੀ। ਬਹਿਲੋਲ ਲੋਧੀ ਦੇ ਜ਼ਮਾਨੇ ਇਨ੍ਹਾਂ ਦਾ ਵਡਾਰੂ ਬਾਬਾ ਗੌਤਮ ਲੜਦਾ ਰਿਹਾ, ਇਹ ਬਾਬਰ ਨੂੰ ਵੀ ਮਿਲਿਆ ਅਤੇ ਅਖ਼ੀਰ ਗੁਰੂ ਨਾਨਕ ਸਾਹਿਬ ਦਾ ਸ਼ਰਧਾਲੂ ਸੇਵਕ ਹੋਇਆ। ਇਸ ਦਾ ਚੰਗਾ ਤਕੜਾ ਕਿਲ੍ਹਾ ਸੀ, ਕੜਿਆਲਾ ਇਸੇ ਨੇ ਵਸਾਇਆ। ਇਸੇ ਤੋਂ ਅੱਗੇ ਛਿੱਬਰਾਂ ਦਾ ਗੁਰੂ-ਘਰ ਨਾਲ ਰਿਸ਼ਤਾ ਸ਼ੁਰੂ ਹੁੰਦਾ ਹੈ। ਕਟਾਸਰਾਜ ਤੀਰਥ ਵਾਲੀ ਸੜਕ 'ਤੇ, ਚਕਵਾਲ ਤੋਂ ਛੇ ਸੱਤ ਕੋਹ ਦੀ ਵਿੱਥ 'ਤੇ ਕੜਿਆਲਾ ਨਗਰ ਹੈ। ਇਹ ਇਲਾਕਾ ਰਮਣੀਕ ਤੇ ਇਥੋਂ ਦੇ ਵਸਨੀਕ ਵੀ ਚੰਗੇ ਸੋਹਣੇ ਸੁਨੱਖੇ ਦੱਸੀਦੇ ਹਨ।

ਬਾਬੇ ਗੌਤਮ ਦੇ ਤਿੰਨ ਬੱਚੇ ਸਨ—ਪੈੜਾ, ਪ੍ਰਾਗਾ ਤੇ ਸਰਸੁਤੀ। ਭਾਈ ਪੈੜਾ, ਚੌਪਾ ਸਿੰਘ ਦਾ ਪਿਤਾ ਸੀ, ਜੋ ਗੁਰੂ ਗੋਬਿੰਦ ਰਾਇ ਦਾ ਖਿਡਾਵਾ ਰਿਹਾ। ਭਾਈ ਪ੍ਰਾਗਾ, ਗੁਰੂ ਹਰਿਗੋਬਿੰਦ ਜੀ ਦਾ ਬੀਰ ਯੋਧਾ ਸੀ, ਜਿਸ ਨੇ ਰੁਹੇਲੇ ਦੀ ਜੰਗ (੧੬੨੧ ਈ:) ਵਿਚ ਚੰਦੂ ਦੇ ਪੁੱਤਰ ਕਰਮ ਚੰਦ ਤੇ ਕਾਨ੍ਹੇ ਦੇ ਪੁੱਤਰ ਭਗਵਾਨੇ ਅਤੇ ਪੋਤਰੇ ਰਤਨ ਚੰਦ ਨੂੰ ਮਾਰ ਕੇ ਸ਼ਹੀਦੀ ਪਾਈ। ਇਨ੍ਹਾਂ ਦੀ ਭੈਣ ਸਰਸੁਤੀ ਸੀ, ਜੋ ਮਟਨ (ਕਸ਼ਮੀਰ) ਦੇ ਪ੍ਰੋਹਤ ਅੜੂ ਰਾਮ ਨੂੰ ਵਿਆਹੀ ਹੋਈ ਸੀ, ਇਸ ਦਾ ਪੁੱਤਰ ਕ੍ਰਿਪਾ ਰਾਮ, ਗੁਰੂ ਦਸਮੇਸ਼ ਜੀ ਦਾ ਅਧਿਆਪਕ ਰਿਹਾ ਤੇ ਅੰਤ ਆਪਣੇ ਭਾਈ ਸਨਮੁਖ ਸਿੰਘ ਸਮੇਤ ਚਮਕੌਰ ਸ਼ਹੀਦ ਹੋਇਆ। ਇਸ ਤੋਂ ਅਗਲੀ ਪੀੜ੍ਹੀ ਵਿਚ ਪ੍ਰਾਗੇ ਦਾ ਪੁੱਤਰ ਦਵਾਰਕਾ ਦਾਸ ਤੇ ਦਵਾਰਕਾ ਦਾਸ ਦਾ ਪੁੱਤਰ ਦਰਗਹ ਮੱਲ ਹੋਏ, ਜੋ ਗੁਰੂ ਹਰਿ ਰਾਇ ਤੇ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਦੀਵਾਨ ਰਹੇ। ਭਾਈ ਮਤੀ ਦਾਸ ਤੇ ਸਤੀ ਦਾਸ ਵੀ ਇਸੇ ਬੰਸ ਵਿਚੋਂ ਸਨ, ਜੋ ਨੌਵੇਂ ਪਾਤਸ਼ਾਹ ਨਾਲ ਦਿੱਲੀ ਸ਼ਹੀਦ ਹੋਏ।

ਅੱਗੇ ਦਰਗਹ ਮੱਲ ਦਾ ਪੁੱਤਰ ਭਾਈ ਧਰਮ ਚੰਦ ਸੀ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ

ਦਰਬਾਰੀ ਦੀਵਾਨ ਰਿਹਾ ਤੇ ਘਰਬਾਰੀ ਦੀਵਾਨ ਭਾਈ ਮਤੀ ਦਾਸ ਦਾ ਪੁੱਤਰ ਭਾਈ ਸਾਹਿਬ ਚੰਦ ਸੀ। ਧਰਮ ਚੰਦ ਦਾ ਪੁੱਤਰ ਸਰਦਾਰ ਗੁਰਬਖ਼ਸ਼ ਸਿੰਘ ਹੋਇਆ ਜੋ ਮਾਤਾ ਸੁੰਦਰੀ ਜੀ ਦੀ ਆਗਿਆ ਅਨੁਸਾਰ ਭਾਈ ਮਨੀ ਸਿੰਘ ਜੀ ਨਾਲ ਦਰੋਗਾ ਬਣ ਕੇ ਅੰਮ੍ਰਿਤਸਰ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਂਦਾ ਰਿਹਾ। ਇਹ ਸਮਾਂ ਸ਼ਾਇਦ ੧੭੨੭-੨੮ ਈ: ਦਾ ਹੈ। ਇਸੇ ਗੁਰਬਖ਼ਸ਼ ਸਿੰਘ ਦਾ ਪੁੱਤਰ ਕੇਸਰ ਸਿੰਘ ਛਿੱਬਰ ਸੀ, ਜਿਸ ੮-੧੦ ਛੋਟੀਆਂ ਰਚਨਾਵਾਂ ਤੋਂ ਇਲਾਵਾ ਇਹ ਪ੍ਰਸਿੱਧ ਇਤਿਹਾਸਕ ਗ੍ਰੰਥ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ੧੭੬੯ ਈ: ਵਿਚ ਸੰਪੂਰਣ ਕੀਤਾ। ਇਹ ਜ਼ਿਆਦਾਤਰ ਜੰਮੂ, ਗੁਜਰਾਤ ਜਾਂ ਫਿਰ ਕੜਿਆਲੇ ਰਿਹਾ। ਆਪਣੇ ਪਿਤਾ ਨਾਲ ਦਿੱਲੀ ਤੇ ਅੰਮ੍ਰਿਤਸਰ ਜਾਣ ਦਾ ਵੀ ਇਸ ਨੂੰ ਮੌਕਾ ਮਿਲਿਆ। ਗਣੇਸ਼ ਦਾਸ ਵਡੇਹਰਾ ਨੇ *ਚਹਾਰ ਬਾਗ ਪੰਜਾਬ* ਨਾਮੀ ਆਪਣੀ ਫ਼ਾਰਸੀ ਰਚਨਾ ਵਿਚ ਲਿਖਿਆ ਹੈ ਕਿ ਗੁਜਰਾਤ ਵਿਚ ਦੋ ਪ੍ਰਸਿੱਧ ਧਰਮਸ਼ਾਲਾਵਾਂ ਹਨ—ਭਾਈ ਕੰਧਾਰੀ ਸਿੰਘ ਦੀ ਤੇ ਭਾਈ ਕੇਸਰ ਸਿੰਘ ਦੀ। ਸੰਭਵ ਹੈ, ਇਹ ਇਸੇ ਕੇਸਰ ਸਿੰਘ ਦੀ ਯਾਦਗਾਰੀ ਥਾਂ ਹੋਵੇ ਜਿਥੇ ਕਿ ਇਸ ਦੇ ਪੁੱਤ ਪੋਤਰੇ ਵੀ ਵੱਸਦੇ ਰਹੇ ਹਨ। ਇਸ ਦਾ ਪੁੱਤਰ ਸੇਵਾ ਸਿੰਘ ਸੀ ਤੇ ਪੋਤਰਾ ਮਿਹਰ ਸਿੰਘ।

ਇਹ ਖ਼ਾਨਦਾਨੀ ਬਿਉਰੇ ਅਸਾਂ ਭੱਟ ਵਹੀਆਂ ਦੇ ਆਧਾਰ 'ਤੇ ਅੰਕਿਤ ਕੀਤੇ ਹਨ। ਭਾਈ ਕੇਸਰ ਸਿੰਘ ਛਿੱਬਰ ੧੮੦੧ ਬਿ: ਮੁਤਾਬਕ ੧੭੪੪ ਈ: ਵਿਚ ਆਪਣੇ ਸੰਗੀ ਸਾਥੀਆਂ ਸਮੇਤ ਗੰਗਾ ਤੇ ਹਰਿਦੁਆਰ ਗਿਆ ਸੀ। ਉਸ ਨੇ ਜੋ ਜ਼ਬਾਨੀ ਆਪਣਾ ਕੁਰਸੀਨਾਮਾ ਲਿਖਾਇਆ, ਉਹ ਪੰਡਿਤ ਗੋਬਿੰਦ ਰਾਮ ਦੀ ਪੰਡਾ ਵਹੀ 'ਤੇ ਇਉਂ ਦਰਜ ਹੈ:

> "ਬਾਵਾ ਗੋਤਮ ਰਾਮਦਾਸ, ਬਾਵਾ ਪੈੜਾ, ਬਾਵਾ ਪ੍ਰਾਗਦਾਸ—ਬੇਟੇ ਗੋਤਮ ਕੇ; ਬਾਵਾ ਛੁੱਟੇ ਮੱਲ, ਭਾਈ ਚਉਪਤਿ, ਬਾਵਾ ਕਬੂਲਾ—ਬੇਟੇ ਬਾਵਾ ਪੈੜੇ ਕੇ। ਬਾਵਾ ਗਵਾਲ ਦਾਸ ਬੇਟਾ ਬਾਵਾ ਛੁੱਟੇ ਮੱਲ ਕਾ। ਬਾਵਾ ਦਵਾਰਕਾ ਦਾਸ ਬੇਟਾ ਬਾਵਾ ਪ੍ਰਾਗਦਾਸ ਕਾ।
>
> "ਬਾਵਾ ਦਰਗਹ ਮੱਲ ਰਾਮਦਾਸ, ਬਾਵਾ ਹੀਰਾ ਮੱਲ—ਬੇਟੇ ਬਾਵਾ ਦਵਾਰਕਾ ਦਾਸ ਕੇ। ਦੀਵਾਨ ਧਰਮ ਸਿੰਘ—ਬੇਟਾ ਬਾਵਾ ਦਰਗਹ ਮੱਲ ਕਾ। ਦੀਵਾਨ ਮਤੀ ਦਾਸ, ਦੀਵਾਨ ਸਤੀ ਦਾਸ, ਜਤੀ ਦਾਸ—ਬੇਟੇ ਬਾਵਾ ਹੀਰਾ ਮੱਲ ਕੇ। ਦਰੋਗਾ ਗੁਰਬਖ਼ਸ਼ ਸਿੰਘ—ਬੇਟਾ ਦੀਵਾਨ ਧਰਮ ਸਿੰਘ ਕਾ। ਦੀਵਾਨ ਸਾਹਿਬ ਸਿੰਘ, ਮੁਕੰਦ ਸਿੰਘ—ਬੇਟੇ ਦੀਵਾਨ ਮਤੀ ਦਾਸ ਕੇ। ਭਾਈ ਕੇਸਰ ਸਿੰਘ, ਸੰਤ ਸਿੰਘ—ਬੇਟੇ ਭਾਈ ਗੁਰਬਖ਼ਸ਼ ਸਿੰਘ ਕੇ। ਬਾਵਾ ਚਰਨ ਸਿੰਘ—ਬੇਟਾ ਸਾਹਿਬ ਸਿੰਘ ਕਾ।
>
> "ਕੇਸਰ ਸਿੰਘ ਗੰਗਾ ਜੀ ਆਇਆ, ਸੰਬਤ ੧੮੦੧ ਮੇਂ, ਸੁਖ ਕੇ ਇਸ਼ਨਾਨ, ਸਾਥ ਬਾਵਾ ਚਰਨ ਸਿੰਘ ਆਇਆ।"

*(ਪੰਡਾ ਵਹੀ, ਪੰਡਿਤ ਗੋਬਿੰਦ ਰਾਮ, ਛਿੱਬਰ ਬ੍ਰਾਹਮਣ, ਅਹਾਤਾ ਜੰਦਾਲ, ਹਰਿਦੁਆਰ)*

ਇਹ ਬੰਸਾਵਲੀ-ਬਿਉਰੇ ਦੱਸਦੇ ਹਨ ਕਿ ਛਿੱਬਰਾਂ ਦਾ ਗੁਰੂ ਸਾਹਿਬਾਨ ਨਾਲ ਕਿਸ ਤਰ੍ਹਾਂ ਲੰਮਾ ਤੇ ਡੂੰਘਾ ਰਿਸ਼ਤਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਵੀ ਗੌਰਵ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਲਿਖਣ ਪੜ੍ਹਨ ਵਾਲੇ ਵਿਦਵਾਨ ਕਵੀ ਵੀ ਕਈ ਹੋਏ, ਜਿਨ੍ਹਾਂ ਗੁਰ-ਇਤਿਹਾਸ ਦੀ ਸੇਵਾ ਕੀਤੀ।

## ਛਿੱਬਰ ਘਰਾਣੇ ਦੀ ਕਲਮੀ ਸੇਵਾ

ਇਹ ਸਾਰੀ ਰਚਨਾਵਲੀ ਹੁਣ ਤਕ ਅਣਗੌਲੀ, ਵੱਖ ਵੱਖ ਹੱਥ-ਲਿਖਤਾਂ ਵਿਚ ਖਿੱਲਰੀ ਪਈ ਹੈ। ਕੁਝ ਹੱਥ-ਲਿਖਤਾਂ ਸਿਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਸਨ ਤੇ ਕੁਝ ਸੈਂਟ੍ਰਲ ਲਾਇਬ੍ਰੇਰੀ

ਪਟਿਆਲਾ ਤੇ ਭਾਸ਼ਾ ਵਿਭਾਗ ਲਾਇਬ੍ਰੇਰੀ ਵਿਚ। ਮੇਰੀ ਜਾਣਕਾਰੀ ਅਨੁਸਾਰ ਇਹ ਸੰਖਿਪਤ ਬਿਉਰਾ ਇਸ ਪਰਕਾਰ ਹੈ:

## ਭਾਈ ਕੇਸਰ ਸਿੰਘ ਛਿੱਬਰ ਰਚਨਾਵਲੀ

੧. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (੧੭੬੯ ਈ:)
੨. ਗੁਰ ਪ੍ਰਣਾਲੀ
੩. ਸ਼ੋਭਾ ਸ੍ਰੀ ਅੰਮ੍ਰਿਤਸਰ ਜੀ ਕੀ
੪. ਕਲਿ ਪ੍ਰਧਾਨੀ (ਕਲਿਯੁਗ ਦਾ ਮੰਦਾ ਹਾਲ ਅੰਕਿਤ ਹੈ)
੫. ਬਾਰਾਂਮਾਹ ਨਾਜ਼ਕ
੬. ਬਾਰਾਂਮਾਹ ਕੇਸਰ ਸਿੰਘ
{ ਇਹ ਦੋਵੇਂ ਮੇਰੀ ਪੁਸਤਕ 'ਪੰਜਾਬੀ ਬਾਰਾਂਮਾਹੇ' ਵਿਚ ਪ੍ਰਕਾਸ਼ਿਤ ਕਰ ਦਿੱਤੇ ਗਏ ਹਨ।
੭. ਬਾਰਾਂਮਾਹ ਮਾਤਾ ਸੀਤਾ ਦਾ
੮. ਬਾਰਾਂਮਾਹ ਰਾਧੇ ਕ੍ਰਿਸ਼ਣ (ਪੈਂਤੀਸ ਅੱਖਰੀ)
੯. ਸੀਹਰਫ਼ੀ ਹੀਰ
੧੦. ਸਤਵਾਰਾ
੧੧. ਥਿਤੀ
੧੨. ਕੇਸਰੀ ਚਰਖਾ

ਕੇਸਰ ਸਿੰਘ ਦਾ ਭਾਈ, ਸੰਤ ਸਿੰਘ ਛਿੱਬਰ ਸੀ, ਜਿਸ *ਜਨਮਸਾਖੀ ਗੁਰੂ ਨਾਨਕ ਸ਼ਾਹ ਜੀ ਕੀ* ੧੭੭੦ ਈ: ਵਿਚ ਛੰਦ-ਬੱਧ ਕੀਤੀ। ਭਾਈ ਕੇਸਰ ਸਿੰਘ ਦਾ ਪੁੱਤਰ ਸੇਵਾ ਸਿੰਘ ਸੀ, ਜਿਸ ਨੇ *ਸੀਹਰਫ਼ੀ ਸੱਸੀ ਪੁੰਨੂ* ਲਿਖੀ। ਅੱਗੇ ਸੇਵਾ ਸਿੰਘ ਦੇ ਦੋ ਪੁੱਤਰ ਸਨ—ਮਿਹਰ ਸਿੰਘ ਤੇ ਸਹਾਈ ਸਿੰਘ। ਮਿਹਰ ਸਿੰਘ ਗੁਜਰਾਤੀ ਚੰਗਾ ਤਕੜਾ ਕਵੀ ਸੀ ਜੋ ਅੰਗਰੇਜ਼ ਅਫ਼ਸਰਾਂ ਦਾ ਪੰਜਾਬੀ ਅਧਿਆਪਕ ਵੀ ਰਿਹਾ। ਇਸ ਦੀਆਂ ਇਹ ਰਚਨਾਵਾਂ ਹਨ:

੧. ਪੰਜਾਬ਼ ਰਉਸ਼ਨ ਕਿੱਸਾ (੧੮੫੯ ਈ:)
੨. ਕਿੱਸਾ ਚੰਦ੍ਰਭਗਾ
੩. ਬਾਰਹਮਾਹ
੪. ਸੀਹਰਫ਼ੀ ਦੇਵੀ ਜੀ ਕੀ
੫. ਸੀਹਰਫ਼ੀ ਸੋਹਣੀ ਮਹੀਂਵਾਲ
੬. ਸੀਹਰਫ਼ੀ ਗੋਪੀ ਚੰਦ ਆਦਿਕ

ਇਸ ਨੇ ੧੮੫੯ ਈ: ਵਿਚ ਮਿ: ਜੌਹਨ ਬੀਮਜ਼ ਅਸਿਸਟੈਂਟ ਕਮਿਸ਼ਨਰ ਗੁਜਰਾਤ ਲਈ ਇਕ *ਪੰਜਾਬ ਰਉਸ਼ਨ ਕਿੱਸਾ* ਲਿਖਿਆ ਸੀ, ਦੇਸ ਦੇ ਹਾਲਾਤ ਦੱਸਣ ਲਈ ਤੇ ਨਾਲ ਪੰਜਾਬੀ ਭਾਸ਼ਾ ਦੇ ਸ਼ਬਦ-ਭੰਡਾਰ ਦੀ ਜਾਣਕਾਰੀ ਲਈ।

ਇਹ ਅੰਗਰੇਜ਼ ਕੇਵਲ ਅਫ਼ਸਰ ਹੀ ਨਹੀਂ ਸੀ, ਚੰਗਾ ਭਾਸ਼ਾ ਵਿਗਿਆਨੀ ਵੀ ਸੀ, ਜਿਸ ਨੇ ਦੋ ਤਿੰਨ ਕਿਤਾਬਾਂ ਆਰਿਆਈ ਜ਼ਬਾਨਾਂ ਬਾਰੇ ਲਿਖੀਆਂ। ਇਹ ਜਦੋਂ ਰਿਟਾਇਰ ਹੋਇਆ ਤਾਂ ਇਸਨੂੰ *ਪੰਜਾਬ ਰਉਸ਼ਨ ਕਿੱਸਾ* ਦਾ ਜੋ ਖਰੜਾ, ਮਿਹਰ ਸਿੰਘ ਗੁਜਰਾਤੀ ਨੇ ਖ਼ੁਦ ਹੱਥੀਂ ਲਿਖ ਕੇ ਦਿੱਤਾ ਸੀ, ਉਹ ੧੮੨ ਪੱਤਰਿਆਂ ਦੀ ਪੋਥੀ ਇਸ ਨੇ ਲੰਡਨ ਜਾ ਕੇ ਸਰਕਾਰੀ ਤੋਸ਼ੇਖ਼ਾਨੇ ਵਿਚ ਜਮ੍ਹਾ ਕਰਵਾ ਦਿੱਤੀ ਜੋ ਕਿ ਇੰਡੀਆ ਆਫ਼ਿਸ ਲਾਇਬ੍ਰੇਰੀ ਵਿਚ ਹੁਣ ਵੀ (ਨੰ:10L, Paj. MS, B10)

ਸੁਰੱਖਿਅਤ ਹੈ। ਇਸ ਦੀ ਕੋਈ ਹੋਰ ਨਕਲ ਇਧਰ ਹਿੰਦੁਸਤਾਨ ਦੇ ਪੁਸਤਕਾਲੇ ਵਿਚ ਨਜ਼ਰੀਂ ਨਹੀਂ ਸੀ ਪਈ। ਇਸ ਕਰਕੇ ਮੈਂ ਲੰਡਨ ਤੋਂ ਇਸ ਦੀ ਫੋਟੋ ਕਾਪੀ ਕਰਾ ਕੇ ਇਧਰ ਲਿਆਇਆ, ਜੋ ਕਿ ਹੁਣ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵੱਲੋਂ (ਦਸੰਬਰ ੧੯੯੫ ਈ:) ਪ੍ਰਕਾਸ਼ਤ ਕਰ ਦਿੱਤੀ ਗਈ ਹੈ। ਇਸ ਵਿਚ ਸਾਰੇ ਹਿੰਦੁਸਤਾਨ ਦੀ ਤ੍ਵਾਰੀਖ਼ ਛੰਦਾ-ਬੰਦੀ ਵਿਚ ਦਿੱਤੀ ਗਈ ਹੈ। ਸਿਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਤੇ ੧੮੫੭ ਦੇ ਗ਼ਦਰ ਦਾ ਹਾਲ ਵੀ ਥੋੜ੍ਹਾ ਬਹੁਤਾ ਦਰਜ ਹੈ।

ਮਿਹਰ ਸਿੰਘ ਦਾ ਦੂਜਾ ਭਾਈ ਸਹਾਈ ਸਿੰਘ ਸੀ, ਇਸ ਨੇ ਤਿੰਨ ਰਚਨਾਵਾਂ ਲਿਖੀਆਂ :

੧. ਵਾਰ ਹਰੀ ਸਿੰਘ ਨਲਵਾ
੨. ਜਨਮ ਫਲ
੩. ਭੂਚਾਲਨਾਮਾ

'ਭੂਚਾਲਨਾਮਾ' ਕਿਸੇ ਫ਼ਾਰਸ਼ੀ ਕਿਤਾਬ ਦਾ ਤਰਜਮਾ ਸੀ, ਜੈਸਾ ਕਿ ਉਹ ਲਿਖਦਾ ਹੈ :

**ਸਿੰਘ ਸਹਾਈ ਏਹੁ ਬਨਾਯਾ। ਫ਼ਾਰਸੀ ਵਿਚਹੁੰ ਹੈ ਉਲਟਾਯਾ।**

ਮੇਰੇ ਪਾਸ ਇਕ ਪੁਰਾਣੀ ਹੱਥ-ਲਿਖਤ ਪੋਥੀ ਹੈ, ਜਿਸ ਵਿਚ ਕਈ ਸੀਹਰਫ਼ੀਆਂ ਤੇ ਬਾਰਾਂਮਾਹੇ ਸੰਚਿਤ ਹਨ, ਇਨ੍ਹਾਂ ਵਿਚ ਕਈ ਉਪਰੋਕਤ ਕਵੀਆਂ ਦੀਆਂ ਰਚਨਾਵਾਂ ਵੀ ਦਰਜ ਹਨ। ਇਕ ਸੀਹਰਫ਼ੀ ਗੁਰਬਖ਼ਸ਼ ਸਿੰਘ ਕ੍ਰਿਤ ਹੈ। ਉਸ ਦੀ ਵੰਨਗੀ ਇਸ ਤਰ੍ਹਾਂ ਹੈ :

**ਅਲਫ ਉਸਦੀ ਤਰਫ ਨਿਗਾਹ ਕਰਕੇ, ਕਿੱਸੇ ਛੋਡਿ ਸਭ ਬਾਦਸ਼ਾਹੀਆਂ ਦੇ।**
**ਗੁਨਾਹਗਾਰ ਨੂੰ ਬਖਸ਼ ਕੇ ਰਾਜ ਦੇਵਨਿ, ਵੋ ਪੁਛਦੀਆਂ ਨਹੀਂ ਉਗਾਹੀਆਂ ਦੇ।**
**ਚਾਹੇ ਚਿੜੀਆਂ ਥੀਂ ਬਾਜ਼ ਤੁੜਾਇ ਸੁੱਟੇ, ਬੇੜੇ ਗਰਕ ਕਰਦਾ ਬਾਦਸ਼ਾਹੀਆਂ ਦੇ।**
**ਗੁਰਬਖਸ਼ ਸਿੰਘ ਡਰੀਏ ਸੱਚੇ ਰੱਬ ਕੋਲਹੁੰ, ਉਸ ਦੇ ਖਿਆਲ ਨੀ ਬੇਪ੍ਰਵਾਹੀਆਂ ਦੇ।੧।**

ਵੱਡੀ ਗੱਲ ਨਹੀਂ, ਇਹ ਭਾਈ ਕੇਸਰ ਸਿੰਘ ਦੇ ਪਿਤਾ ਦੀ ਹੀ ਰਚਨਾ ਹੋਵੇ, ਜਿਸ ਨੇ ਮੁਗ਼ਲ ਰਾਜ ਦੀ ਅਧੋਗਤੀ ਤੇ ਅਨੰਦਪੁਰ ਦੀ ਬਰਬਾਦੀ ਅੱਖੀਂ ਦੇਖੀ ਸੀ। ਇਹ ਮੇਰਾ ਅਨੁਮਾਨ ਹੀ ਹੈ।

ਸਾਡਾ ਇਸ ਚਰਚਾ ਤੋਂ ਭਾਵ ਇਤਨਾ ਹੀ ਹੈ ਕਿ ਇਹ ਸਾਰਾ ਲਿਖਾਰੀ ਘਰਾਣਾ ਸੀ। ਕੇਸਰ ਸਿੰਘ ਆਪ ਚੰਗਾ ਵਿਦਵਾਨ, ਲੇਖਕ ਤੇ ਕਵੀ ਸੀ ਤੇ ਇਸ ਦੇ ਪੁੱਤ ਪੋਤਰੇ ਵੀ ਚੰਗੇ ਨਾਮਵਰ ਸਾਹਿਤਕਾਰ ਹੋਏ।

ਇਕ *ਕੇਸਰੀ ਚਰਖਾ* ਨਾਮ ਦੀ ਰਚਨਾ ਭਾਈ ਵੀਰ ਸਿੰਘ ਜੀ ਨੇ ਆਪਣੇ ਪਿਤਾ ਡਾ: ਚਰਨ ਸਿੰਘ (੧੮੫੦-੧੯੦੮ ਈ:) ਦੀ ਕ੍ਰਿਤ ਸਮਝ ਕੇ ਭੁਲੇਖੇ ਨਾਲ ਛਾਪੀ ਸੀ ਪਰ ਉਹ ਮੈਨੂੰ ਕੇਸਰ ਸਿੰਘ ਦੀ ਕ੍ਰਿਤ ਹੀ ਜਾਪਦੀ ਹੈ। ਡਾ: ਚਰਨ ਸਿੰਘ ਸਾਹਿਤ ਦੇ ਸ਼ੌਕੀਨ ਸਨ, ਉਨ੍ਹਾਂ ਕਿਸੇ ਪੂਣੀ ਕੀਤੀ ਪੁਰਾਣੀ ਹੱਥ-ਲਿਖਤ ਤੋਂ ਇਸ ਦਾ ਉਤਾਰਾ ਕੀਤਾ ਸੀ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ੧੯੧੨ ਈ: ਵਿਚ ਆਪ ਦੀ ਸ੍ਵੈ-ਕ੍ਰਿਤ ਸਮਝ ਕੇ ਛਾਪ ਦਿੱਤਾ ਗਿਆ। ਇਹ ਕੇਵਲ ਮੇਰਾ ਅਨੁਮਾਨ ਮਾਤਰ ਨਹੀਂ, ਇਸ ਰਚਨਾ ਵਿਚ ਕੇਸਰ ਸਿੰਘ ਦਾ ਨਾਮ ਦੋ ਤਿੰਨ ਥਾਈਂ ਸਾਫ਼ ਆਇਆ ਹੈ, ਜੈਸਾ ਕਿ :

**ਕੇਸਰ ਕਿਸ ਨੋਂ ਆਖੀਐ, ਇਹੁ ਵੇਲਾ ਕਿਹੜਾ।**
**ਸੇਜ ਪਲੰਘ ਦੁਲੀਚੜੇ, ਛੱਡ ਗਇਓਸੁ ਜਿਹੜਾ।**
**ਅਜੇ ਸੁ ਵਲ ਨਾ ਆਈਆ, ਰੱਸੀ ਸੜਿ ਗਈਆ।**
**ਚਰਖੀ ਹੱਲੀ ਗੁੱਡੀਆਂ, ਪੀੜ੍ਹੀ ਭੱਜ ਪਈਆ।**
**ਮੈਂ ਰੱਤ ਰੋਂਦੀ ਅੱਥਰੂ, ਹਾਇ! ਕੋਈ ਛੁਡਾਏ।**
**ਕੇਸਰ ਸਿੰਘ ਗੁਲਾਮ ਹੁਇ, ਸਦ ਘੁੰਮੇ ਜਾਏ।**

ਇਸ ਨਾਂ ਉੱਤੇ ਨਿਸ਼ਾਨ ਲਾ ਕੇ ਪੈਰ ਟੂਕ ਦਿੱਤੀ ਗਈ ਹੈ, "ਇਹ ਉਨ੍ਹਾਂ ਗੁਰਮੁਖਾਂ ਦਾ ਨਾਮ ਜਾਪਦਾ ਹੈ, ਜਿਨ੍ਹਾਂ ਦੀ ਸੁਹਬਤ ਵਿਚ ਆਪ ਨੂੰ ਆਤਮ ਜੀਵਨ ਦਾ ਲਾਭ ਹੋਇਆ ਸੀ।" ਪਰ 'ਸ੍ਰੀ ਚਰਣ ਹਰਿ ਵਿਸਥਾਰ' ਵਿਚ ਕਿਧਰੇ ਅਜਿਹੇ ਮਹਾਂਪੁਰਸ਼ ਦਾ ਨਾਮ ਨਹੀਂ ਮਿਲਦਾ। ਸੋ ਗੱਲ ਬੜੀ ਸਪੱਸ਼ਟ ਹੈ ਕਿ ਡਾਕਟਰ ਚਰਨ ਸਿੰਘ ਜੀ ਨੇ *ਕੇਸਰੀ ਚਰਖਾ* ਰਚਨਾ ਦਾ ਕਿਸੇ ਪੁਰਾਤਨ ਖਰੜੇ ਤੋਂ ਉਤਾਰਾ ਮਾਤਰ ਕੀਤਾ ਸੀ ਲੇਕਿਨ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਭੁਲੇਖੇ ਨਾਲ ਇਹ ਰਚਨਾ ਉਨ੍ਹਾਂ ਦੇ ਨਾਂ ਨਾਲ ਮਨਸੂਬ ਹੋ ਗਈ। ਅਸੀਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਂਦੇ। ਇਹ ਵੀ ਸਾਨੂੰ ਪਤਾ ਹੈ ਕਿ ਡਾਕਟਰ ਸਾਹਿਬ ਵਧੇਰੇ ਕਰਕੇ ਗੱਦਕਾਰ ਸਨ, ਬ੍ਰਿਜਭਾਸ਼ਾ ਵਿਚ ਕੁਝ ਕਾਵਿ-ਰਚਨਾ ਵੀ ਕਦੀ ਕਦਾਈਂ ਕਰਦੇ ਸਨ, ਪਰ ਪੰਜਾਬੀ ਕਾਵਿ-ਰਚਨਾ ਉਨ੍ਹਾਂ ਦੇ ਸ਼ੌਕ ਤੋਂ ਬਾਹਰ ਸੀ। ਨਾਲੇ *ਕੇਸਰੀ ਚਰਖਾ* ਦੀ ਬੋਲੀ ਤੇ ਸ਼ੈਲੀ ਵੀ ਡਾਕਟਰ ਸਾਹਿਬ ਨਾਲ ਨਹੀਂ ਰਲਦੀ। ਸਾਡੀ ਘੋਖ ਪੜਤਾਲ ਦਾ ਸਿੱਟਾ ਇਹ ਹੈ ਕਿ ਇਹ *ਕੇਸਰੀ ਚਰਖਾ* ਭਾਈ ਕੇਸਰ ਸਿੰਘ ਦੀ ਸਭ ਤੋਂ ਵਧੀਆ ਪੰਜਾਬੀ ਰਚਨਾ ਹੈ ਤੇ ਜਿਥੋਂ ਤਕ ਇਤਿਹਾਸਕਾਰੀ ਦਾ ਸੰਬੰਧ ਹੈ, ਉਥੇ ਅਠਾਰ੍ਹਵੀਂ ਸਦੀ ਵਿਚ ਲਿਖੀਆਂ ਤਮਾਮ ਰਚਨਾਵਾਂ ਵਿਚੋਂ ਇਤਿਹਾਸਕ ਪਹਿਲੂ ਤੋਂ *ਬੰਸਾਵਲੀਨਾਮਾ* ਸ਼ਿਰੋਮਣੀ ਕਿਰਤ ਹੈ।

## ਬੰਸਾਵਲੀਨਾਮਾ

ਇਹ ਤਾਂ ਅਸੀਂ ਦੇਖ ਹੀ ਲਿਆ ਹੈ ਕਿ ਭਾਈ ਕੇਸਰ ਸਿੰਘ ਛਿੱਬਰ ਦਾ ਘਰਾਣਾ ਲਗਭਗ ਸੌ ਸਾਲ ਤੋਂ ਗੁਰੂ-ਘਰ ਨਾਲ ਜੁੜਿਆ ਹੋਇਆ ਸੀ। ਫਿਰ ਕੇਸਰ ਸਿੰਘ ਆਪ ਵੀ ਭਾਰਤ ਦੇ ਪੁਰਾਣਕ ਇਤਿਹਾਸ ਦਾ ਗਿਆਤਾ ਲੱਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ ਪਾਠਾਂ ਦਾ ਅਭਿਆਸ ਉਸ ਨੂੰ ਇਤਨਾ ਹੈ ਕਿ ਜਿਥੇ ਉਹ ਚਾਹੇ ਲੋੜੀਂਦੇ ਪ੍ਰਮਾਣ ਦਿੰਦਾ ਜਾਂਦਾ ਹੈ। ਇਸ ਤੋਂ ਇਲਾਵਾ ਹਜ਼ੂਰੀ ਸਿੱਖਾਂ ਤੋਂ ਸੁਣੀਆਂ ਅਨੇਕਾਂ ਗੱਲਾਂ ਵੀ ਉਸ ਦੇ ਗਿਆਨ-ਭੰਡਾਰ ਵਿਚ ਵਾਧਾ ਕਰਨ ਵਾਲੀਆਂ ਸਨ। ਉਸ ਦੀ ਇਤਿਹਾਸਕ ਰੁਚੀ ਨੇ ਇਹ ਯੋਜਨਾ ਵੀ ਅਮਲ ਵਿਚ ਲਿਆਂਦੀ ਕਿ ਉਹ ਜਿਥੇ-ਜਿਥੇ ਦਸ ਗੁਰੂ ਸਾਹਿਬਾਨ ਨਿਵਾਸ ਰੱਖਦੇ ਰਹੇ, ਉਥੇ ਜਾ ਕੇ ਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਤੋਂ ਕੁਰਸੀਨਾਮੇ ਪੁੱਛ ਕੇ ਤੇ ਵਹੀਆਂ ਦੀ ਫੋਲਾ-ਫਾਲੀ ਕਰ ਕੇ ਲੋੜੀਂਦੀ ਸਮੱਗਰੀ ਇਕੱਤਰ ਕੀਤੀ, ਆਪਣੇ ਬਾਬੇ ਦੀਵਾਨ ਧਰਮ ਚੰਦ ਦੀ ਵਹੀ ਵੀ ਖ਼ੁਸ਼ਕਿਸਮਤੀ ਨਾਲ ਉਸ ਨੂੰ ਹਾਸਲ ਸੀ, ਜਿਸ ਤੋਂ ਉਸ ਨੇ ਦਸਮ ਪਾਤਸ਼ਾਹ ਦੇ ਜੀਵਨ ਬਾਰੇ ਕਈ ਘਟਨਾਵਾਂ ਦਾ ਬਿਉਰਾ, ਤਿਥ-ਸੰਮਤ ਸਮੇਤ ਉਥੋਂ ਪ੍ਰਾਪਤ ਕੀਤਾ। ਉਹ ਲਿਖਦਾ ਹੈ:

> **ਸੋ ਤਿਸ ਦਸਵੇਂ ਪਾਤਸ਼ਾਹ ਦੇ ਖਰਚ ਖਜ਼ਾਨੇ ਦੀ ਵਹੀ ਆਹੀ ਮੇਰੇ ਪਾਸਿ।**
> **ਸੰਮਤ ਦਿਨ ਕਛੁ ਵਹੀ ਉਪਰਹੁੰ ਲਿਖੇ ਦੇਖਿ ਤਾਸ।੧੮੯।**
> **ਸੋ ਵਹੀ ਬਸੰਤਰ ਦੇਵਤਾ ਭਖਿ ਲਈ। ਜੰਮੂ ਨਗਰੀ ਮੈ ਆਗ ਲਾਗਤ ਭਈ।**
> **ਸੰਗਤਿ ਕੀਤੀ ਵਡਿਆਂ ਦੀ, ਮਾਮਾ ਕ੍ਰਿਪਾਲ ਸਿੰਘ ਸੁਭਿਖੀ।**
> **ਸਾਹਿਬ ਦਸਵੇਂ ਪਾਤਸ਼ਾਹ ਦਾ ਸਕਾ ਮਾਮਾ ਡਿੱਠਾ ਅੱਖੀਂ।੧੯੦।**
> **ਭਾਈ ਮਨੀ ਸਿੰਘ ਤਾਰਾ ਸਿੰਘ ਜੀ ਕੀ ਸੰਗਤਿ।**
> **ਕਉਰ ਸਿੰਘ ਚੰਦ੍ਰਾ ਡਿੱਠਾ ਵਿਚ ਪੰਗਤਿ।**
> **ਹੋਰ ਬਹੁਤੇ ਸਿਖ ਡਿੱਠੇ ਗੁਰੂ ਕੇ ਪਿਆਰੇ।**
> **ਲਿਖੇ ਬਚਨ ਸੁਣੇ ਸੁਣਾਏ ਤਿਸ ਸੰਗਤ ਮਝਾਰੇ।੧੯੧।**

ਭਲਿਆਂ ਗੁਰਮੁਖਾਂ ਸਿੱਖਾਂ ਵੱਡਿਆਂ ਦੇ ਕੀਤੇ ਦੀਦਾਰ।
ਮਾਤਾ ਸੁੰਦਰੀ, ਮਾਤਾ ਸਾਹਿਬ ਦੇਈ ਜੀ ਦੇ ਦਿੱਲੀ ਦਰਬਾਰ।
ਦੋਨੋਂ ਦੀਵਾਨ ਸਾਹਿਬ ਚੰਦ, ਦੀਵਾਨ ਧਰਮ ਚੰਦ ਦਸਵੇਂ ਪਾਤਸ਼ਾਹ ਕੇ।
ਹਉਂ ਧਰਮ ਚੰਦ ਕਾ ਨਾਤੀ, ਲਿਖੀ ਪੋਥੀ ਮਨ ਕਰਿ ਚਾਹ ਕੇ।੧੯੨।

*(ਚੌਧਵਾਂ ਚਰਣ)*

ਸੋ ਇਹ ਪ੍ਰਮਾਣੀਕ ਪਿਛੋਕੜ ਵਾਲੇ ਲੇਖਕ ਨੇ ਇਸ ਪੋਥੀ ਵਿਚ ਲਗਭਗ ਡੇਢ ਸੌ ਸੰਮਤ ਅੰਕਿਤ ਕੀਤਾ ਹੈ, ਜਦੋਂ ਕਿ ਕਿਸੇ ਹੋਰ ਗੁਰ-ਇਤਿਹਾਸਕਾਰ ਨੇ ਇਤਨੇ ਸੰਮਤ ਨਹੀਂ ਦਿੱਤੇ। ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਸਾਰੇ ਸੰਮਤ ਸਹੀ ਹਨ ਪਰ ਲੇਖਕ ਫਿਰ ਵੀ ਸਾਨੂੰ ਸਾਵਧਾਨ ਕਰਦਾ ਹੈ ਕਿ ਉਤਾਰਾ ਕਰਨ ਵਾਲਾ ਲਿਖਾਰੀ ਕਿਤੇ ਲਾਪ੍ਰਵਾਹੀ ਕਰਕੇ ਮੇਰੇ ਦਿੱਤੇ ਸੰਮਤਾਂ ਵਿਚ ਕੋਈ ਮਨ-ਮਰਜ਼ੀ ਨਾਲ ਵਾਧ-ਘਾਟ ਨਾ ਕਰ ਬੈਠੇ, ਮੈਂ ਬਹੁਤ ਧਿਆਨ ਤੇ ਪੁੱਛ ਪੜਤਾਲ ਬਾਅਦ ਇਹ ਸੰਮਤ ਦਰਜ ਕੀਤੇ ਹਨ।

ਸੰਮਤ ਮਿਤੀ ਭੁੱਲ ਕੇ ਨਹੀਂ ਲਿਖੇ, ਮਤ ਕਿਛੁ ਆਗੇ ਪਿਛੇ ਕਰਿ ਬਹੇ।
ਉਸ ਦਾ ਕਛੁ ਜਾਣਾ ਨਹੀਂ, ਲੋਕ ਮੈਨੂੰ ਭੁੱਲਾ ਕਹੇ।
ਸੰਮਤ ਮਹੀਨਾ ਸੋਧ ਕੇ ਲਿਖੇ, ਜਿਉਂ ਕਾ ਤਿਉਂ ਹੀ ਲਿਖੇ।
ਅਗੇ ਪਿਛੇ ਹੋਵਹਿ ਨਾਹੀ, ਸਮਝ ਸੋਧ ਕੇ ਦਿਖੇ।
ਸੱਤਰ ਬਰਸ ਸੋਧ ਮੈਂ ਕੀਤੀ, ਤਾਂ ਇਹ ਕਥਾ ਬਣਾਈ।
ਦਿੱਲੀ ਦਰਬਾਰ ਮਾਤਾ ਜੀ ਦੇ ਜਾਇ ਬੈਠਾ, ਕਛੁ ਉਥਹੁੰ ਸੁਣਿ ਮਨ ਵਸਾਈ।੬੨੪।
ਅੱਸੂ ਸੁਦੀ ਇਕਾਦਸੀ ਇਹ ਪੋਥੀ ਪੂਰੀ ਕੀਤੀ।
ਟੁੱਟੀ ਭੱਜੀ ਜੋੜ ਜਾੜ ਸਾਬਤਿ ਕਰਿ ਲੀਤੀ।
ਸੰਮਤ ਅਠਾਰਾਂ ਸੈ ਛੱਬੀ ਸੇ ਬੀਤੇ, ਭੋਗ ਪੋਥੀ ਦਾ ਪਾਇਆ।
ਗੁਰੂ ਨਾਨਕ ਦੀ ਚਰਨੀਂ ਲਗੇ, ਜੁ ਦਸ ਜਾਮੇ ਧਰਿ ਆਇਆ।੬੨੬।

*(ਚੌਧਵਾਂ ਚਰਣ)*

ਇਸ ਅਮੋਲਕ ਗ੍ਰੰਥ ਦਾ ਹੱਥ-ਲਿਖਤ ਖਰੜਾ ਸਿਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ੫੨੯੦ ਨੰਬਰ 'ਤੇ ਸੁਰੱਖਿਅਤ ਸੀ ਜੋ ਕਿ ਭਾਈ ਜੱਸਾ ਸਿੰਘ ਲਿਖਾਰੀ ਨੇ ੮ ਸਾਵਣ ੧੯੦੨ ਬਿ: (੧੮੪੫ ਈ:) ਨੂੰ ਬਾਬਾ ਬੰਦਾ ਸਿੰਘ ਦੇ ਡੇਰੇ ਜੰਮੂ ਬਹਿ ਕੇ ਸੰਪੂਰਣ ਕੀਤਾ ਸੀ, ਇਸ ਦੇ ਕੁਲ ਪੱਤਰੇ ੨੪੭ ਸਨ। ਦੂਜਾ ਖਰੜਾ ਪਿੰਡ ਰਾਣੀ ਵੱਲਾਹ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਾਸੀ ਭਾਈ ਮਹਿਤਾਬ ਸਿੰਘ ਪਾਸ ਸੀ, ਜਿਸ 'ਤੇ ਉਤਾਰੇ ਦਾ ਸੰਮਤ ੧੯੧੪ ਬਿ: (੧੮੫੭ ਈ:) ਅੰਕਿਤ ਸੀ। ਗਿਆਨੀ ਕਰਨੈਲ ਸਿੰਘ ਮੇਰੇ ਪਾਸ ਸਿਖ ਮਿਸ਼ਨਰੀ ਕਾਲਜ ਵਿਚ ਪੜ੍ਹਦੇ ਸਨ, ਉਹ ਖਰੜਾ ਮੇਰੇ ਪਾਸ ਲੈ ਕੇ ਆਏ ਤੇ ਉਹ ਮੈਂ ਭਾਈ ਰਣਧੀਰ ਸਿੰਘ ਇਤਿਹਾਸ ਖੋਜੀ ਵੱਲ ਭਿਜਵਾ ਦਿੱਤਾ ਕਿਉਂਕਿ ਉਹ ਉਸ ਸਮੇਂ 'ਬੰਸਾਵਲੀਨਾਮੇ' ਉੱਤੇ ਕੰਮ ਕਰਦੇ ਸਨ। ਮੈਂ ਦੇਸ ਵੰਡ ਬਾਅਦ ਸਿਖ ਮਿਸ਼ਨਰੀ ਕਾਲਜ ਬੰਦ ਹੋ ਜਾਣ ਕਾਰਣ ਉਨ੍ਹੀਂ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਕੰਮ ਕਰਿਆ ਕਰਦਾ ਸਾਂ ਤੇ ਕਈ ਵਾਰ ਸਿਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਵੀ ਆਇਆ ਜਾਇਆ ਕਰਦਾ ਸਾਂ। ਸਿਖ ਹਿਸਟਰੀ ਸੁਸਾਇਟੀ ਵਾਲਿਆਂ, ਗੁਰੂ ਰਾਮਦਾਸ ਨਿਵਾਸ ਦੇ ਕਮਰਾ ਨੰਬਰ ੪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਮੇਰਾ ਲੈਕਚਰ ਰੱਖ ਦਿੱਤਾ। ਮੈਂ ਜੈਸਾ ਹੋਇਆ, ਪੇਪਰ ਤਿਆਰ ਕੀਤਾ ਜੋ ਕਿ ੩ ਅਕਤੂਬਰ ੧੯੪੮ ਨੂੰ ਉਥੇ ਪੜ੍ਹਿਆ। ਬਹੁਤ ਵਿਚਾਰ-ਚਰਚਾ ਹੋਈ ਤੇ ਇਸ ਤੋਂ ਬਾਅਦ

'ਖ਼ਾਲਸਾ ਸਮਾਚਾਰ' ਦੇ ਐਡੀਟਰ ਗਿਆਨੀ ਮਹਾਂ ਸਿੰਘ ਜੀ ਨੇ ਇਸ ਬਾਰੇ ੮-੧੦ ਲਗਾਤਾਰ ਤੇਜ਼-ਤਰਾਰ ਲੇਖ ਵੀ ਲਿਖੇ। ਗੱਲ ਇਹ ਹੋਈ ਕਿ ਜਦੋਂ ਮੈਂ ਇਸ ਪੇਪਰ ਦੀ ਸਮੱਗਰੀ ਤਿਆਰ ਕਰ ਰਿਹਾ ਸਾਂ ਤਾਂ ਮੇਰੇ ਮਿਹਰਵਾਨ ਮਿੱਤਰ ਭਾਈ ਰਣਧੀਰ ਸਿੰਘ ਜੀ ਨੇ ਮੈਨੂੰ 'ਬੰਸਾਵਲੀਨਾਮੇ' ਦਾ ਖਰੜਾ ਪੜ੍ਹਨ ਦੀ ਪ੍ਰੇਰਨਾ ਕੀਤੀ। ਮੈਂ ਇਹ ਖਰੜਾ ਵਾਚਿਆ ਜਿਸ ਵਿਚ ਦੋ ਤਿੰਨ ਥਾਈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਣ ਦਾ ਸੰਮਤ ੧੬੫੮ ਬਿਕ੍ਰਮੀ ਦਿੱਤਾ ਹੋਇਆ ਸੀ। ਮੈਂ ਆਪਣੇ ਪਰਚੇ ਵਿਚ ਇਸੇ ਸੰਮਤ ਨੂੰ ਉਘਾੜ ਕੇ ਪੇਸ਼ ਕੀਤਾ ਸੀ, ਜਿਸ ਕਰਕੇ ਕਈ ਰਵਾਇਤੀ ਮਾਨਤਾ ਰੱਖਣ ਵਾਲੇ ਸ੍ਰੋਤੇ ਮੇਰੇ ਨਾਲ ਸਹਿਮਤ ਨਾ ਹੋਏ ਤੇ 'ਖ਼ਾਲਸਾ ਸਮਾਚਾਰ' ਵਾਲਿਆਂ ਤਾਂ ਮੇਰੇ ਵਿਰੁੱਧ ਤਕੜਾ ਪ੍ਰਚਾਰ ਹੀ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਭਾਈ ਕੇਸਰ ਸਿੰਘ ਦੇ ਲਿਖੇ ਹੋਰ ਸੰਮਤਾਂ ਉੱਤੇ ਵੀ ਤਕੜੀ ਨੁਕਤਾਚੀਨੀ ਕੀਤੀ। ਸੋ ਮੈਂ ਇਹ ਘਟਨਾ ਇਸ ਲਈ ਦਰਜ ਕੀਤੀ ਹੈ ਤਾਕਿ ਦੱਸ ਸਕਾਂ ਕਿ ਇਸ ਗ੍ਰੰਥ ਨਾਲ ਮੇਰਾ ਲਗਭਗ ਪੰਜਾਹ ਵਰ੍ਹੇ ਤੋਂ ਵਾਹ ਰਿਹਾ ਹੈ। ਭਾਈ ਰਣਧੀਰ ਸਿੰਘ ਜੀ ਇਸ ਗ੍ਰੰਥ ਦੇ ਇਤਨੇ ਪ੍ਰੇਮੀ ਸਨ, ਉਨ੍ਹਾਂ ਆਪਣੇ ਹੱਥੀਂ ਇਸ ਦਾ ਉਤਾਰਾ ਕੀਤਾ ਤੇ ਮੈਂ ਵੀ ਆਪਣੀ ਵਰਤੋਂ ਲਈ ਇਸ ਦੀ ਟਾਈਪ ਕਾਪੀ ਤਿਆਰ ਕਰਵਾਈ ਤਾਕਿ ਲੋੜ ਸਮੇਂ ਇਸ ਦੇ ਹਵਾਲੇ ਵਰਤੋਂ ਵਿਚ ਲਿਆ ਸਕਾਂ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਵੀ ਇਸ ਦਾ ਇਕ ਖਰੜਾ ਹੈ ਤੇ ਇਕ ਸ਼ਾਇਦ ਭਾਈ ਵੀਰ ਸਿੰਘ ਜੀ ਦੀ ਲਾਇਬ੍ਰੇਰੀ ਵਿਚ ਡੇਹਰਾਦੂਨ ਸੁਰੱਖਿਅਤ ਹੈ। ਪਰ ਮੈਂ ਉਨ੍ਹਾਂ ਖਰੜਿਆਂ ਨੂੰ ਪੂਰਾ ਸਮਾਂ ਦੇ ਕੇ ਵਾਚਣ ਤੇ ਤੁਲਨਾ ਕਰਨ ਦੀ ਲੋੜ ਨਹੀਂ ਸਮਝੀ। ਇਸ ਗ੍ਰੰਥ ਦੇ ਢਾਈ ਹਜ਼ਾਰ ਤੋਂ ਉੱਤੇ ਛੰਦ ਹਨ। ਲੇਖਕ ਨੇ ਇਸ ਨੂੰ ਚੌਦਾਂ ਅਧਿਆਵਾਂ ਵਿਚ ਵੰਡਿਆ ਹੈ ਤੇ ਹਰ ਅਧਿਆਇ ਨੂੰ 'ਚਰਣ' ਦਾ ਨਾਮ ਦਿੱਤਾ ਹੈ। ਬਿਉਰਾ ਇਉਂ ਹੈ:

| | | |
|---|---|---|
| ੧ ਚਰਣ | ਪਹਿਲੀ ਪਾਤਸ਼ਾਹੀ | ੧੫੩ ਛੰਦ |
| ੨ ਚਰਣ | ਦੂਜੀ ਪਾਤਸ਼ਾਹੀ | ੧੪੨ ,, |
| ੩ ਚਰਣ | ਤੀਜੀ ਪਾਤਸ਼ਾਹੀ | ੮੯ ,, |
| ੪ ਚਰਣ | ਚਉਥੀ ਪਾਤਸ਼ਾਹੀ | ੩੭ ,, |
| ੫ ਚਰਣ | ਪੰਜਵੀਂ ਪਾਤਸ਼ਾਹੀ | ੧੪੦ ,, |
| ੬ ਚਰਣ | ਛੇਵੀਂ ਪਾਤਸ਼ਾਹੀ | ੧੬੮ ,, |
| ੭ ਚਰਣ | ਸਤਵੀਂ ਪਾਤਸ਼ਾਹੀ | ੧੮ ,, |
| ੮ ਚਰਣ | ਅੱਠਵੀਂ ਪਾਤਸ਼ਾਹੀ | ੪੧ ,, |
| ੯ ਚਰਣ | ਨੌਵੀਂ ਪਾਤਸ਼ਾਹੀ | ੧੬੬ ,, |
| ੧੦ ਚਰਣ | ਦਸਵੀਂ ਪਾਤਸ਼ਾਹੀ | ੭੩੭ ,, |
| ੧੧ ਚਰਣ | ਬਾਬਾ ਬੰਦਾ ਸਿੰਘ ਬਹਾਦਰ | ੬੭ ,, |
| ੧੨ ਚਰਣ | ਜੀਤ ਸਿੰਘ ਮੁਤਬੰਨਾ | ੧੦੪ ,, |
| ੧੩ ਚਰਣ | ਮਾਤਾ ਸਾਹਿਬ ਦੇਈ | ੩੬ ,, |
| ੧੪ ਚਰਣ | ਪੰਥ ਦੇ ਸਮਾਚਾਰ | ੬੪੫ ,, |
| | ਜੋੜ | ੨੫੪੩ ਛੰਦ |

ਪੁਰਾਣੇ ਜ਼ਮਾਨੇ ਵਿਚ, ਖ਼ਾਸ ਕਰਕੇ ਮੱਧਕਾਲੀਨ ਭਾਰਤ ਅੰਦਰ ਸਾਨੂੰ ਪਤਾ ਹੈ ਕਿ ਰਾਜਪੂਤ

ਘਰਾਣਿਆਂ ਦੇ ਆਪਣੇ ਆਪਣੇ ਭੱਟ ਜਾਂ ਕਲਾਉਂਤ ਹੁੰਦੇ ਸਨ ਜੋ ਕਿ ਖ਼ਾਨਦਾਨ ਦੀ ਬੰਸਾਵਲੀ ਤੇ ਬਜ਼ੁਰਗਾਂ ਦੀ ਮਹਿਮਾ ਦੇ ਸਤੋਤਰ ਸੁਣਾ ਕੇ ਆਪਣੇ ਜਜਮਾਨਾਂ ਨੂੰ ਖ਼ੁਸ਼ ਰੱਖਦੇ ਤੇ ਇਨਾਮ-ਕਨਾਮ ਵੀ ਲੈਂਦੇ ਰਹਿੰਦੇ ਸਨ। ਇਸੇ ਤਰ੍ਹਾਂ ਅਮੀਰ ਮੁਸਲਮਾਨਾਂ ਵਿਚ ਕੁਰਸੀਨਾਮੇ ਸੁਣਾ ਕੇ ਤੇ ਵਡਾਰੂਆਂ ਦੀ ਸਿਫ਼ਤ-ਸਲਾਹ ਗਾ ਕੇ ਮਿਰਾਸੀ ਲੋਕ ਆਪਣਾ ਰੁਜ਼ਗਾਰ ਚਲਾਉਂਦੇ ਸਨ। ਸ਼ਾਇਦ ਮਿਰਾਸੀ ਲਫ਼ਜ਼ ਦਾ ਭਾਵ ਹੀ ਇਹ ਸੀ—ਵਿਰਸੇ ਨੂੰ ਸੰਭਾਲਣ ਵਾਲਾ। ਸੋ ਬੰਸਾਵਲੀਨਾਮੇ ਤਿਆਰ ਕਰਨੇ ਤੇ ਇਨ੍ਹਾਂ ਨੂੰ ਯਾਦ ਕਰ ਕੇ ਵੱਡਿਆਂ ਦੀ ਮਹਿਮਾ ਗਾਉਣਾ ਇਕ ਬੜੀ ਸਿਹਤਮੰਦ ਪਰੰਪਰਾ ਸੀ ਜੋ ਕਿ ਇਕ ਤਰ੍ਹਾਂ ਸਮੁੱਚੇ ਇਤਿਹਾਸ ਦੀ ਸੰਭਾਲ ਕਰਦੀ ਜਾਂਦੀ ਸੀ। ਸਹੀ ਪੁੱਛੋ ਤਾਂ ਰਾਜਸਥਾਨ ਦਾ ਇਤਿਹਾਸ ਇਨ੍ਹਾਂ ਭੱਟਾਂ ਦੀਆਂ ਬੰਸਾਵਲੀਆਂ, ਦਾਨ ਪੱਤਰਾਂ ਤੇ ਪ੍ਰਸ਼ਸਤੀ ਪੱਤਰਾਂ ਦੇ ਆਧਾਰ 'ਤੇ ਹੀ ਸਿਰਜਿਆ ਜਾ ਸਕਿਆ ਹੈ। ਹੁਣ ਵੀ ਸਾਡੇ ਸਮਾਜ ਵਿਚ ਭੱਟ ਤੇ ਪਾਂਡੇ ਇਸ ਜ਼ਿੰਮੇਵਾਰੀ ਨੂੰ ਜਿਵੇਂ ਕਿਵੇਂ ਨਿਭਾਉਂਦੇ ਆ ਰਹੇ ਹਨ ਤੇ ਉਨ੍ਹਾਂ ਦੀ ਬਦੌਲਤ ਕੁਝ ਕੁ ਗੁਆਚਿਆ ਇਤਿਹਾਸ ਮੁੜ ਜ਼ਿੰਦਾ ਹੋ ਰਿਹਾ ਹੈ।

## (ੳ) ਵਿਸ਼ੇਸ਼ਤਾਈਆਂ

ਭਾਈ ਕੇਸਰ ਸਿੰਘ ਛਿੱਬਰ ਨੇ ਸਿੱਖੀ ਦੀ ਧਾਰਮਿਕ ਲਹਿਰ ਦੇ ਵਿਕਾਸ ਵੱਲ ਉਤਨਾ ਧਿਆਨ ਨਹੀਂ ਦਿੱਤਾ ਜਿਤਨਾ ਕਿ ਗੁਰੂਆਂ ਦੇ ਪਿਤਾ ਪਿਤਾਮਾ ਤੇ ਪੁੱਤਰ ਪੋਤਰਿਆਂ ਦੇ ਜਨਮ ਮਰਨ ਦੇ ਸੰਮਤ ਦੇ ਕੇ ਉਨ੍ਹਾਂ ਦੀ ਤਸਵੀਰ ਨੂੰ ਉਲੀਕਿਆ ਹੈ। 'ਬੰਸਾਵਲੀਨਾਮਾ' ਨਾਂ ਰੱਖਣ ਦੀ ਸਾਰਥਿਕਤਾ ਇਸੇ ਵਿਚ ਹੈ ਕਿ ਉਹ ਆਪਣੇ ਨਾਇਕ ਦੇ ਹਾਲਾਤ ਨੂੰ ਤਿਥ ਸੰਮਤਾਂ ਨਾਲ ਪੇਸ਼ ਕਰਦਾ ਅੱਗੇ ਵਧਦਾ ਹੈ, ਜੇਹਾ ਕਿ ਅਸੀਂ ਪਿੱਛੇ ਅਨੁਮਾਨ ਲਾ ਕੇ ਦੱਸਿਆ ਹੈ ਕਿ ਲੇਖਕ ਨੇ ਇਸ ਪੁਸਤਕ ਵਿਚ ਲਗਭਗ ਡੇਢ ਸੌ ਸੰਮਤ ਦਰਜ ਕੀਤੇ ਹਨ, ਜੋ ਕਿਸੇ ਹੋਰ ਗ੍ਰੰਥਕਾਰ ਨੇ ਨਹੀਂ ਲੱਭੇ। ਇਹ ਉਸ ਦੀ ਵਿਸ਼ੇਸ਼ ਘਾਲ ਹੈ ਕਿ ਉਹ ਗੁਰੂ-ਘਰਾਣੇ ਦੇ ਮੋਹਰੀਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਵਹੀਆਂ, ਜਨਮ-ਪੱਤਰੀਆਂ ਫੋਲ ਕੇ ਇਹ ਸਾਰਾ ਖ਼ਾਕਾ ਤਿਆਰ ਕਰ ਸਕਿਆ ਹੈ। ਫਿਰ ਖ਼ੂਬੀ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਸੰਮਤ ਪ੍ਰਮਾਣੀਕ ਪਰਵਾਨ ਕਰ ਲਏ ਗਏ ਹਨ, ਕਿਉਂਕਿ ਹੋਰ ਸਮਕਾਲੀ ਲਿਖਤਾਂ ਵੀ ਇਸ ਦੀ ਪੁਸ਼ਟੀ ਕਰਦੀਆਂ ਹਨ।

### *(੧) ਗੁਰੂਆਂ ਦੇ ਜਨਮ ਸੰਮਤ*

ਸਾਡੇ ਪਾਸ ਇਥੇ ਇਤਨੀ ਥਾਂ ਨਹੀਂ ਕਿ ਹਰ ਸੰਮਤ ਬਾਰੇ ਲੰਮੀ ਬਹਿਸ ਛੇੜੀਏ ਪਰ ਸਾਡੀ ਧਾਰਣਾ ਬਣ ਗਈ ਹੈ ਕਿ ਛਿੱਬਰ ਦੇ ਦਿੱਤੇ ਬਹੁਤੇ ਸੰਮਤ ਕਾਫ਼ੀ ਪ੍ਰਮਾਣੀਕ ਹਨ। ਮਿਸਾਲ ਲਈ ਉਨ੍ਹੀਵੀਂ ਸਦੀ ਦੀਆਂ ਲਿਖਤਾਂ ਵਿਚ ਗੁਰੂ ਅਮਰਦਾਸ, ਗੁਰੂ ਹਰਿਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋ ਜਨਮ-ਸੰਮਤ ਦਿੱਤੇ ਗਏ ਹਨ, ਉਹ ਸਾਰੇ ਹੀ ਵਰਤਮਾਨ ਵਿਗਿਆਨਕ ਖੋਜ ਨੇ ਰੱਦ ਕਰ ਦਿੱਤੇ ਹਨ ਤੇ ਛਿੱਬਰ ਦੇ ਦਿੱਤੇ ਸਾਰੇ ਹੀ ਸਹੀ ਹਨ। ਵੰਨਗੀ ਵਜੋਂ ਗੁਰੂ ਅਮਰਦਾਸ ਜੀ ਦਾ ਅਸਲ ਜਨਮ ਸੰਮਤ ੧੫੬੬ ਬਿ: ਹੈ ਜੋ ਕਿ ਲਿਖਾਰੀ ਦੀ ਉਕਾਈ ਕਾਰਣ ੧੫੩੬ ਪ੍ਰਚਲਤ ਹੋ ਗਿਆ ਹੈ ਤੇ ਸਭ ਨੇ ਇਸ ਨੂੰ ਪਰਵਾਨ ਵੀ ਕੀਤਾ ਹੋਇਆ ਹੈ, ਲੇਕਿਨ ਛਿੱਬਰ ਸਾਹਿਬ ਸਹੀ ਸੰਮਤ ਲਿਖਦੇ ਕਹਿੰਦੇ ਹਨ :

**ਬਹੁੜ ਸੰਮਤ ਬੀਤੇ ਪੰਦ੍ਰਾਂ ਸੈ ਖਟਿ ਸਠਿ। ਦਿਨ ਵੈਸਾਖ ਗਏ ਦਸ ਅੱਠ।**
**ਮਾਤਾ ਲੱਖੋ ਕੇ ਉਦਰੋਂ ਚਾਨਣ ਪੱਖ। ਜਨਮੇ ਸ੍ਰੀ ਅਮਰਦਾਸ ਪੂਰਨ ਪ੍ਰਤੱਖ।੯।**

*(ਤੀਜਾ ਚਰਣ)*

ਇਹ ਨਹੀਂ ਕਿ ਇਨ੍ਹਾਂ ਇਹ ਸੰਮਤ ਦਿੱਤਾ, ਸਗੋਂ ਦੋ ਤਿੰਨ ਗੁਰ-ਪ੍ਰਣਾਲੀਆਂ ਵਿਚ ਵੀ ੧੫੬੬ ਬਿ: ਦਰਜ ਹੈ ਅਤੇ 'ਸ੍ਰੀ ਜੱਸਾ ਸਿੰਘ ਬਿਨੋਦ' (ਰਾਮ ਸੁਖ ਰਾਉ, ੧੮੦੩ ਈ:) ਵਿਚ ਵੀ ਇਹੋ ਜਨਮ ਸੰਮਤ ਦਿੱਤਾ ਹੋਇਆ ਹੈ।[੧]

ਇਵੇਂ ਜਿਵੇਂ ਗੁਰੂ ਹਰਿਗੋਬਿੰਦ ਜੀ ਦਾ ਗ਼ਲਤ ਜਨਮ ਸੰਮਤ ੧੬੫੨ ਬਿ: ਦਿੱਤਾ ਜਾਂਦਾ ਹੈ ਪਰੰਤੂ ਇਹ ਲੇਖਕ ੧੬੪੭ ਬਿ: ਸਹੀ ਦੱਸਦਾ ਹੈ, ਜਿਸ ਦੀ ਪੁਸ਼ਟੀ ਸਮਕਾਲੀ ਭੱਟ ਕੀਰਤ ਇਉਂ ਕਰਦਾ ਹੈ:

> "ਬਧਾਈ ਲੀ ਸ੍ਰੀ ਹਰਿਗੋਬਿੰਦ ਜੀ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਜੀ ਕਾ, ਸੰਮਤ ਸੋਲਹ ਸੈ ਸੈਂਤਾਲੀਸ ਮਾਹ ਅਸਾਢ ਦਿਹੁੰ ਇਕੀਸ ਗਿਆ, ਸਵਾ ਪਹਰ ਰੈਣ ਰਹੀ ਮਾਤਾ ਗੰਗਾ ਜੀ ਕੇ ਉਦਰ ਥੀਂ, ਗਾਮ ਬਡਾਲੀ ਪਰਗਣਾ ਗੁਰੂ ਚੱਕ ਮੇਂ, ਏਕ ਚਮਤਕਾਰੀ ਬਾਲ ਪੈਦਾ ਹੂਆ, ਨਾਉਂ ਸ੍ਰੀ ਹਰਿਗੋਬਿੰਦ ਜੀ ਰਾਖਾ, ਕੁਲ ਪਰੋਹਤ ਸਿੰਘਾਂ ਕੋ ਮਾਨਾ। ਗੁਰੂ ਕੀ ਕੜਾਹੀ ਕੀ, ਅਤਿਥੀ ਗ਼ਰੀਬ ਗੁਰਬੇ ਕੋ ਦਾਨ ਦੀਆ।"
>
> *(ਭੱਟ ਵਹੀ ਮੁਲਤਾਨੀ ਸਿੰਧੀ)*

ਇਸ ਤੋਂ ਇਲਾਵਾ *ਗੁਰੂ ਕੀਆਂ ਸਾਖੀਆਂ* (ਸ੍ਵਰੂਪ ਸਿੰਘ ਕੌਸ਼ਿਸ, ੧੭੯੦ ਈ:) ਅਤੇ *ਮਹਿਮਾ ਪ੍ਰਕਾਸ਼* (੧੭੭੬ ਈ:) ਤੋਂ ਵੀ ਇਸੇ ਸੰਮਤ ਦੀ ਤਸਦੀਕ ਹੁੰਦੀ ਹੈ। ਬੰਸਾਵਲੀਨਾਮੇ ਵਿਚ ਦੋ ਥਾਈਂ ਇਹ ਟੂਕ ਹੈ:

(ੳ) **ਸੰਮਤ ਸੋਲਾਂ ਸੈ ਤ੍ਰਿਹੁ ਘਟ ਪੰਜਾਹ। ਗੁਰੂ ਹਰਿਗੋਬਿੰਦ ਜਨਮੇ ਹਾੜ ਮਹੀਨੇ ਮਾਹਿ।**

*(ਪੰਜਵਾਂ ਚਰਣ)*

(ਅ) **ਸਾਹਿਬ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ। ਸੰਮਤ ਸੋਲਾਂ ਸੈ ਗਏ ਸੈਂਤਾਲੀ।**

*(ਛੇਵਾਂ ਚਰਣ)*

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸੰਮਤ ੧੭੨੩ ਬਿ: ਆਮ ਪ੍ਰਚਲਤ ਹੈ ਪਰ ਕੇਸਰ ਸਿੰਘ ਛਿੱਬਰ ਨੇ ਸਹੀ ਸੰਮਤ ੧੭੧੮ ਬਿ: ਦਿੱਤਾ ਹੈ:

**ਸੰਮਤ ਸਤਾਰਾਂ ਸੈ ਅਠਾਰਾਂ ਸਾਲ। ਤੀਰ ਤ੍ਰਿਬੈਣੀ ਨਗਰ ਪਟਨਾ ਬਿਸਾਲ।**
**ਪਿਤਾ ਤੇਗ ਬਹਾਦਰ ਜੀ ਕੇ ਧਾਮ।**
**ਮਾਤਾ ਗੁਜਰੀ ਕੇ ਉਦਰ ਤੇ ਜਨਮੇ ਗੁਰੂ ਗੋਬਿੰਦ ਸਿੰਘ ਜੀ ਨਾਮ।੧।**

*(ਦਸਵਾਂ ਚਰਣ)*

ਇਹੋ ਜਨਮ ਸੰਮਤ *ਭੱਟ ਵਹੀਆਂ*, *ਗੁਰੂ ਕੀਆਂ ਸਾਖੀਆਂ*, *ਰਹਿਤਨਾਮਾ ਭਾਈ ਚਉਪਾ ਸਿੰਘ*, *ਸ੍ਰੀ ਜੱਸਾ ਸਿੰਘ ਬਿਨੋਦ* ਤੇ *ਮਹਿਮਾ ਪ੍ਰਕਾਸ਼* ਆਦਿ ਵਿਚ ਅੰਕਿਤ ਹੈ। ਇਕ ਦੋ ਗੁਰ-ਪ੍ਰਣਾਲੀਆਂ ਤੋਂ ਵੀ ਇਸੇ ਦੀ ਪੁਸ਼ਟੀ ਹੁੰਦੀ ਹੈ। ਇਹ ਜਨਮ-ਸੰਮਤ ਮੰਨ ਕੇ ਗੁਰੂ ਗੋਬਿੰਦ ਰਾਇ ਜੀ ਦੀ ਉਮਰ ਪਿਤਾ ਜੀ ਦੀ ਸ਼ਹੀਦੀ ਸਮੇਂ ਚੌਦਾਂ ਪੰਦਰਾਂ ਸਾਲ ਸਿੱਧ ਹੁੰਦੀ ਹੈ, ਨੌਂ ਸਾਲ ਨਹੀਂ, ਜਿਵੇਂ ਕਿ ਆਮ ਪ੍ਰਚਲਤ ਹੈ।[੨]

ਇਹ ਅਸਾਂ ਨਮੂਨੇ ਵਜੋਂ ਤਿੰਨ ਸੰਮਤਾਂ ਦੀ ਘੋਖ ਪੜਤਾਲ ਕੀਤੀ ਹੈ ਤਾਕਿ ਇਹ ਪਤਾ ਲੱਗ ਸਕੇ ਕਿ ਕੇਸਰ ਸਿੰਘ ਛਿੱਬਰ ਨੇ ਜੋ ਸੰਮਤ ਦਰਜ ਕੀਤੇ ਹਨ, ਉਹ ਬੜੀ ਲੰਮੀ ਖੋਜ-ਭਾਲ ਨਾਲ ਲਿਖੇ ਹਨ ਅਤੇ ਤ੍ਵਾਰੀਖੀ ਤੌਰ 'ਤੇ ਸਹੀ ਹਨ।

---

੧. ਵਿਸਥਾਰ ਲਈ ਦੇਖੋ ਮੇਰੀ ਪੁਸਤਕ *ਗੁਰੂ ਅਮਰਦਾਸ ਜੀ ਦੀ ਬਾਣੀ*।
੨. ਵਿਸਥਾਰ ਲਈ ਦੇਖੋ ਮੇਰੀ ਪੁਸਤਕ *ਗੋਬਿੰਦ ਸਾਗਰ*।

*(੨) ਆਦਿ ਗੁਰੂ ਗ੍ਰੰਥ ਸਾਹਿਬ*

ਇਸੇ ਤਰ੍ਹਾਂ ਆਦਿ ਗ੍ਰੰਥ ਦੀ ਬੀੜ ਦਾ ਸੰਕਲਨ ਕਾਲ ੧੬੬੧ ਬਿ: ਪ੍ਰਚਲਤ ਹੈ, ਪਰੰਤੂ ਇਸ ਲੇਖਕ ਨੇ ਇਹ ਸਮਾਂ ੧੬੫੮ ਬਿ: ਦੱਸਿਆ ਹੈ। ਚੌਧਵੇਂ ਚਰਣ ਵਿਚ ਆਪ ਲਿਖਦੇ ਹਨ:

**ਗ੍ਰੰਥ ਸਾਹਿਬ ਜੀ ਨੇ ਸੰਮਤ ਸੋਲਾਂ ਸੈ ਅਠਵੰਜਵੇਂ ਜਨਮ ਹੈ ਧਾਰਾ।**
**ਗੁਰੂ ਅਰਜਨ ਜੀ ਕੇ ਧਾਮਿ, ਖਿਡਾਵਾ ਭਾਈ ਗੁਰਦਾਸ ਭੱਲਾ ਲੇਖਾਰਾ।੧੩੫।**

ਦੂਜੀ ਵਾਰ ਫਿਰ ਲਿਖਿਆ ਹੈ:

**ਸੰਮਤ ਸੋਲਾਂ ਸੈ ਅਠਵੰਜਾ ਸੇ ਗਏ। ਤਬ ਆਦਿ ਗ੍ਰੰਥ ਜੀ ਜਨਮ ਥੇ ਲਏ।**
**ਗੁਰੂ ਅਰਜਨ ਜੀ ਕੇ ਧਾਮਿ, ਗ੍ਰੰਥ ਸਾਹਿਬ ਜਨਮ ਹੈ ਧਾਰਾ।**
**ਦਾਇਆ ਸੀ ਭਾਈ ਗੁਰਦਾਸ, ਲਿਖਾਰੀ ਖਿਡਾਵਣ ਹਾਰਾ।੨੬੬।**

ਸ: ਜੀ.ਬੀ. ਸਿੰਘ ਜੀ ਨੇ ਆਪਣੀ ਖੋਜ-ਪੁਸਤਕ *ਪ੍ਰਾਚੀਨ ਬੀੜਾਂ* (੧੯੪੫) ਵਿਚ ਲਿਖਿਆ ਹੈ ਕਿ ਪਿੰਡ ਬੋਹਤ ਜ਼ਿਲ੍ਹਾ ਗੁਜਰਾਤ ਵਿਚ ਇਕ ਹੱਥ-ਲਿਖਤ ਬੀੜ ਸੀ, ਜਿਸ 'ਤੇ ਅੱਸੂ ਵਦੀ ੧, ੧੭੫੯ ਬਿ: ਸੰਮਤ ਪਿਆ ਹੋਇਆ ਹੈ ਤੇ ਇਸੇ ਤਰ੍ਹਾਂ ਇਕ ਦੋ ਹੋਰ ਬੀੜਾਂ ਉੱਤੇ।

ਫਿਰ ਸ਼ਾਇਦ ਅਠਾਰ੍ਹਵੀਂ ਸਦੀ ਦਾ ਇਹੋ ਲੇਖਕ ਹੈ ਜੋ ਸ੍ਰੀ ਦਸਮੇਸ਼ ਵੱਲੋਂ ਆਦਿ ਗ੍ਰੰਥ ਨੂੰ ਗੁਰਿਆਈ ਦੇਣ ਦਾ ਚਰਚਾ ਕਰਦਾ ਹੈ, ਅੰਤਮ ਸਮੇਂ ਦਾ ਵਾਰਤਾਲਾਪ ਹੈ:

**ਦੁਇ ਜਾਮ ਰਾਤਿ ਗਈ ਤਾਂ ਕੁਸਾ ਬਿਛਵਾਈ। ਸਿਖਾਂ ਹੱਥ ਜੋੜ ਕਰਿ ਬਿਨਤੀ ਪੁਛਾਈ।**
**ਗਰੀਬ ਨਿਵਾਜ਼ ! ਸਿਖ ਸੰਗਤਿ ਹੈ ਤੇਰੀ, ਇਸ ਦਾ ਕੀ ਹਵਾਲੁ।**
**ਬਚਨ ਕੀਤਾ, "ਗ੍ਰੰਥ ਹੈ ਗੁਰੂ, ਲੜ ਪਕੜਹੁ ਅਕਾਲ"।੬੭੯।**
**ਗੁਰੂ ਹੈ ਖਾਲਸਾ, ਖਾਲਸਾ ਹੈ ਗੁਰੂ।**
**ਗੋਦੀ ਸ੍ਰੀ ਸਾਹਿਬ ਦੇਵੀ ਮਾਤਾ ਦੀ ਪਾਏ ਭਜਨ ਕੀਨਾ ਸ਼ੁਰੂ।**
**ਆਪਸ ਵਿਚ ਕਰਨਾ ਪਿਆਰ, ਪੰਥ ਦੇ ਵਾਧੇ ਨੂੰ ਲੋਚਨਾ।**
**ਆਗਿਆ ਗ੍ਰੰਥ ਸਾਹਿਬ ਦੀ, ਕਰਨੀ ਸ਼ਬਦ ਦੀ ਖੋਜਨਾ।੬੮੦।**

*(ਦਸਵਾਂ ਚਰਣ)*

ਚੌਧਵੇਂ ਚਰਣ ਵਿਚ ਵੀ ਇਸੇ ਖ਼ਿਆਲ ਨੂੰ ਦੋ ਤਿੰਨ ਵਾਰ ਦੁਹਰਾਇਆ ਗਿਆ ਹੈ। ਇਹ ਵੀ ਧਿਆਨ ਗੋਚਰੇ ਕਰ ਲਈਏ:

**ਸੁਣੋ ਭਾਈ ਸਿੱਖੋ ! ਐਸਾ ਸੰਤ ਬਾਬਾ ਨਾਨਕ ਸਚੁ ਜਾਨੋ**
**ਦਸੇ ਮਹਲ ਇਕ ਬਾਬਾ ਨਾਨਕ ਜੀ ਪਛਾਨੋ।**
**ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਿਆ।**
**ਅੱਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਭਇਆ।**
**ਸੋਈ ਗਇਆ ਜੋ ਗ੍ਰੰਥੋਂ ਗਇਆ।੨੬੪।**

**ਆਜ ਕੇ ਸਮੇਂ ਹੈ ਗ੍ਰੰਥ ਸਾਹਿਬ ਗੁਰੂ ਹਮਾਰਾ।**
**ਆਗੇ ਦਸਵੇਂ ਪਾਤਸ਼ਾਹ ਲਾਇ ਬੈਠਤ ਥੇ ਦਰਬਾਰਾ।**
**ਜੋ ਸ਼ੰਕਾ ਹੋਤੀ ਸੋ ਸਾਹਿਬ ਦਸਵੇਂ ਤੇ ਪੁਛਿ ਲੇਤੇ।**
**ਅਬ ਤਿਸ ਕਾ ਆਸਨ, ਗ੍ਰੰਥ ਗੁਰੂ ਉਤਰ ਹੈਂ ਦੇਤੇ।੩੪੯।**

ਇਹ ਪ੍ਰਮਾਣ ਅਸਾਂ ਇਸ ਲਈ ਇਥੇ ਦਰਜ ਕੀਤੇ ਹਨ ਕਿਉਂਕਿ ਕਈ ਸ਼ਰਾਰਤੀ ਆਦਮੀ

ਇਹ ਕਹਿੰਦੇ ਸੁਣੇ ਗਏ ਹਨ ਕਿ 'ਗ੍ਰੰਥ ਗੁਰੂ' ਵਾਲੀ ਗੱਲ ਸਾਰੀ ਸਿੰਘ ਸਭਾ ਲਹਿਰ ਸਮੇਂ ਚਲਾਈ ਗਈ ਹੈ, ਜਦੋਂ ਕਿ ਇਤਿਹਾਸਕ ਤੌਰ 'ਤੇ ਇਹ ਸਹੀ ਨਹੀਂ ਹੈ। ਕੇਵਲ ਇਸੇ ਲੇਖਕ ਨੇ ਇਹ ਗੱਲ ਨਹੀਂ ਦੁਹਰਾਈ, ਇਸ ਤੋਂ ਇਲਾਵਾ ਹੋਰ ਵੀ ਸਮਕਾਲੀ ਲਿਖਤਾਂ ਇਸ ਘਟਨਾ ਦੀ ਪੁਸ਼ਟੀ ਕਰਦੀਆਂ ਹਨ। ਭੱਟ ਵਹੀ ਦੀ ਲਿਖਤ ਸ਼ਾਇਦ ਸਭ ਤੋਂ ਪੁਰਾਤਨ ਹੈ, ਉਥੇ ਵੀ ਇਸ ਗੱਲ ਨੂੰ ਪੂਰੇ ਬਿਉਰੇ ਨਾਲ ਅੰਕਿਤ ਕੀਤਾ ਗਿਆ ਹੈ, ਜਿਵੇਂ ਕਿ:

> "ਗੁਰੂ ਗੋਬਿੰਦ ਸਿੰਘ ਮਹਲ ਦਸਮਾਂ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਮੁਕਾਮ ਨਾਦੇੜ, ਤਟ ਗੁਦਾਵਰੀ, ਦੇਸ ਦੱਖਣ, ਸਤਰਾਂ ਸੈ ਪੈਂਸਠ, ਕਾਰਤਕ ਮਾਸੇ, ਸੁਦੀ ਚਉਥ ਸ਼ੁਕਲਾ ਪਖੇ ਬੁਧਵਾਰ ਕੇ ਦਿਹੁੰ, ਭਾਈ ਦਇਆ ਸਿੰਘ ਸੇ ਬਚਨ ਹੋਆ—'ਸ੍ਰੀ ਗ੍ਰੰਥ ਸਾਹਿਬ ਲੈ ਆਓ।' ਬਚਨ ਪਾਇ ਦਯਾ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪਾਂਚ ਪੈਸੇ, ਏਕ ਨਲੀਏਰ ਆਗੇ ਭੇਟ ਰਾਖਿ ਮਾਥਾ ਟੇਕਾ। ਸਰਬ ਸੰਗਤਿ ਸੇ ਕਹਾ—'ਮੇਰਾ ਹੁਕਮ ਹੈ, ਮੇਰੀ ਜਗਹ ਗੁਰੂ, ਸ੍ਰੀ ਗੁਰੂ ਗ੍ਰੰਥ ਜੀ ਕੋ ਜਾਨਨਾ। ਜੋ ਸਿਖ ਜਾਨੈਗਾ, ਤਿਸ ਕੀ ਘਾਲ ਥਾਇੰ ਪਏਗੀ, ਗੁਰੂ ਤਿਸ ਕੀ ਬਾਹੁੜੀ ਕਰੇਗਾ, ਸਤਿ ਕਰਿ ਜਾਨਨਾ।" *(ਭੱਟ ਵਹੀ ਤਲਉਂਢਾ, ਪਰਗਣਾ ਜੀਂਦ)*

## *(੩) ਦਸਮ ਗ੍ਰੰਥ ਦੀ ਸੰਭਾਲ*

'ਦਸਮ ਗ੍ਰੰਥ' ਦੀਆਂ ਵੱਖੋ ਵੱਖ ਰਚਨਾਵਾਂ ਦੇ ਸੰਕਲਨ ਬਾਰੇ ਵੀ ਕਈ ਤਰ੍ਹਾਂ ਦੇ ਸ਼ੰਕੇ ਕੀਤੇ ਜਾਂਦੇ ਹਨ ਪਰ ਹਕੀਕਤ ਇਹੋ ਹੈ ਕਿ ਉਸ ਸੰਕਟ ਕਾਲ ਸਮੇਂ ਮਾਤਾ ਸੁੰਦਰੀ ਜੀ ਦੀ ਪ੍ਰੇਰਨਾ 'ਤੇ ਭਾਈ ਮਨੀ ਸਿੰਘ ਅਤੇ ਭਾਈ ਸ਼ੀਹਾਂ ਸਿੰਘ ਜੈਸੇ ਵਿਦਵਾਨ ਤੇ ਜਾਣਕਾਰ ਪੁਰਖਾਂ ਨੇ, ਜੋ ਹਿੰਦੀ, ਪੰਜਾਬੀ ਜਾਂ ਫ਼ਾਰਸੀ ਰਚਨਾ ਗੁਰੂ ਜੀ ਦੇ ਨਾਮ ਦੀ ਮਿਲੀ, ਉਸ ਨੂੰ ਸੰਭਾਲ ਦੇ ਖ਼ਿਆਲ ਨਾਲ ਇਕ ਥਾਂ ਇਕੱਤਰ ਕਰ ਦਿੱਤਾ। ਇਹ ਸ਼ੰਕਾ ਕਰਨਾ ਹੀ ਫ਼ਜ਼ੂਲ ਹੈ ਕਿ ਭਾਈ ਮਨੀ ਸਿੰਘ ਵਰਗਾ ਹਜ਼ੂਰੀ ਸੇਵਕ, ਇਸ ਵਿਚ ਕਿਸੇ ਹੋਰ ਕਵੀ ਦੀ ਰਚਨਾ ਸ਼ਾਮਲ ਕਰਨ ਦੀ ਭੁੱਲ ਕਰਦਾ। ਅਨੰਦਪੁਰ ਦੀ ਬਰਬਾਦੀ ਤੋਂ ਬਾਅਦ ਭਾਈ ਮਨੀ ਸਿੰਘ ਜੈਸੇ ਸਿਆਣੇ ਸਿੱਖਾਂ ਦੀ ਪ੍ਰਿਥਮ ਰੀਝ ਸੀ ਕਿ ਜਿਵੇਂ ਕਿਵੇਂ ਗੁਰੂ ਜੀ ਦੀ ਸਾਰੀ ਰਚਨਾਵਲੀ ਇਕ ਥਾਂ ਸੰਕਲਿਤ ਕਰ ਦਿੱਤੀ ਜਾਵੇ। ਇਸੇ ਖੋਜ ਵਿਚ ਸਤਿਗੁਰਾਂ ਦੀਆਂ ਕਿਰਤਾਂ ਦੇ ਹਜ਼ੂਰੀ ਲਿਖਾਰੀਆਂ ਵੱਲੋਂ ਅਨੰਦਪੁਰ ਵਿਚ ਲਿਖੇ ਅਨੇਕਾਂ ਹੱਥ-ਲਿਖਤ ਖਰੜੇ ਮਿਲ ਗਏ, ਜਿਨ੍ਹਾਂ ਦੇ ਆਧਾਰ 'ਤੇ 'ਦਸਵੇਂ ਪਾਤਸ਼ਾਹ ਕਾ ਗ੍ਰੰਥ' ਤਿਆਰ ਕੀਤਾ ਗਿਆ। ਭਾਈ ਕੇਸਰ ਸਿੰਘ ਨੇ ਇਸ ਖੋਜ ਤੇ ਸੰਕਲਨ ਦੀ ਉਗਾਹੀ ਭਰਦਿਆਂ ਲਿਖਿਆ ਹੈ ਕਿ ਮੈਂ ਉਹ ਖਰੜਿਆਂ ਦੇ ਕੁਝ ਪੱਤਰੇ ਲਾਹੌਰ ਤੇ ਕੁਝ ਦਿੱਲੀ ਖ਼ੁਦ ਅੱਖੀਂ ਦੇਖੇ ਸਨ:

**ਅਤੇ ਦੂਜਾ ਗ੍ਰੰਥ ਜੀ ਹੋਰੁ ਸਾਹਿਬ ਉਚਾਰ ਕੀਤਾ।**
**ਉਸ ਵਿਚਿ ਬਾਣੀ ਹੋਰੁ, ਇਸ ਵਿਚਿ ਹੋਰੁ ਵਖੋ ਵਖੀ ਕਰਿ ਲੀਤਾ।੩੭੮।**
**ਇਸ ਵਿਚ ਅਵਤਾਰ ਲੀਲ੍ਹਾ ਲਿਖੀ ਸੀ ਸਪੂਰਨ।**
**ਉਸ ਵਿਚ ਹੋਰੁ ਅਚਰਜ ਲਿਖ ਕੀਤਾ ਸੀ ਪੂਰਨ।**
**ਜਿਲਦ ਦੁਹਾਂ ਦੀ ਨਹੀਂ ਸੀ ਹੋਈ।**
**ਸੱਤ ਪੱਤ੍ਰੇ ਉਸ ਗ੍ਰੰਥ ਦੇ ਦਿੱਲੀ ਪੜੇ ਹੈਸਨਿ ਅਸਾਂ ਭਿ ਡਿਠੇ ਸੋਈ।੩੭੯।**
**ਪੰਜ ਪੱਤ੍ਰੇ ਲਾਹੌਰ ਇਕ ਸਿਖ ਪਾਸ ਭੀ ਆਹੇ।**
**ਅਠੂਣੀ ਤਹਿ ਕੀਤੀ ਬੱਧੇ ਰੁਮਾਲ ਮਾਹੇ।**

ਇਸ ਗ੍ਰੰਥ ਦੂਜੇ ਦੀਆਂ ਭਿ ਸੰਚੀਆਂ ਖਿੰਡ ਗਈਆਂ।
ਜੁੱਧ ਲੜਾਈ ਕਰਕੇ ਕਿਧਰੇ ਕਿਧਰੇ ਸੇ ਗਈਆਂ।੩੮੦।
ਏਹ ਗ੍ਰੰਥ 'ਅਉਤਾਰ ਲੀਲ੍ਹਾ' ਦਾ ਜੋ ਹੈਸੀ ਬਣਾਇਆ।
ਸੋ ਭਾਈ ਮਨੀ ਸਿੰਘ ਮੁਸੱਦੀ ਜਾਤਿ ਕੰਬੋਉ ਹੁਰਾਂ ਇਕੱਠਾ ਕਰਵਾਇਆ।੩੮੧।
ਸੰਮਤ ਸਤਾਰਾਂ ਸੈ ਬਿਆਸੀ ਜਬ ਗਏ।
ਤਬ ਭਾਈ ਮਨੀ ਸਿੰਘ ਜੀ ਦੂਜੇ ਅੰਮ੍ਰਿਤਸਰ ਆਵਤ ਭਏ।
ਦੂਜਾ ਅੰਮ੍ਰਿਤਸਰ ਜੀ ਚੋਲ੍ਹੇ ਬਾਗ ਵਿਚ ਹੈ ਬਣਿਆ।
ਭਾਈ ਮਨੀ ਸਿੰਘ ਜੀ ਮੁਸੱਦੀ ਸਿਖ ਸਿੱਖਾਂ ਵਿਚਿ ਗਣਿਆ।
ਸੋ ਸਿਖ ਬਹੁਤ ਹੀ ਮਾਇਆ ਲੈ ਕੇ ਹੈਸੀ ਆਇਆ।
ਸਿੱਖਾਂ ਨੂੰ ਦੇ ਖਰਚ ਰੁਪਯੇ, ਬਾਣੀ ਢੂੰਢਾਇਆ।੩੮੨।
ਖ਼ਾਸ ਦਸਖਤੀ ਪੱਤ੍ਰੇ ਲਿਖੇ ਹਥਿ ਆਏ।
ਉਨ੍ਹਾਂ ਪੱਤ੍ਰਿਆਂ ਦੇ ਬਰੋਬਰ ਨਾਲ ਸਭ ਬਾਣੀ ਹੋਰ ਲਈ ਲਿਖਾਏ।
ਇਤਨੀ ਵਧੀਕ ਗੱਲ ਉਸ ਪਾਸਹੁੰ ਸੀ ਹੋਈ।
ਜੋ ਭਗਤ ਬਾਣੀ ਆਦਿ ਗ੍ਰੰਥ ਦੀ ਜੁਦਾ ਕਰਿ ਲਿਖੀ ਸੋਈ।੩੮੩।
ਆਦਿ ਗ੍ਰੰਥ ਅਤੇ ਦਸਵੀਂ ਪਾਤਸ਼ਾਹੀ ਦਾ—ਦੋਵੇਂ ਗ੍ਰੰਥ ਇਕ ਕਰਾਇਆ।
ਆਦਿ ਵਿਚਹੁੰ ਭਗਤ-ਬਾਣੀ ਜੁਦਾ ਕਰਿ ਲਿਖਾਇਆ।
ਦੋਹਾਂ ਗ੍ਰੰਥਾਂ ਦੀ ਬੀੜ ਇਕ ਕਰਿ ਬੰਧਾਈ।
ਉਹ ਗ੍ਰੰਥ ਕਿਸੇ ਗ਼ਰੀਬ ਸਿਖ ਡਿਠਾ ਜਾਈ।੩੮੪। *(ਦਸਵਾਂ ਚਰਣ)*

ਇਸ ਸਮਕਾਲੀ ਲੇਖਕ ਦੇ ਬਿਉਰੇ ਵਿਚ ਦੋ ਗੱਲਾਂ ਆਈਆਂ ਹਨ ਕਿ ਦਸਮ ਗ੍ਰੰਥ ਦੀਆਂ ਖਿੰਡੀਆਂ ਸੰਚੀਆਂ ਨੂੰ ਇਕ ਥਾਂ ਸੰਕਲਿਤ ਕੀਤਾ ਗਿਆ ਤੇ ਇਹ ਅਨੰਦਪੁਰ ਵਿਚ ਲਿਖੀਆਂ ਹੱਥ-ਲਿਖਤ ਸੰਚੀਆਂ ਅਤਿ ਦੁਰਲੱਭ ਤੇ ਕੀਮਤੀ ਸਨ, ਜਿਨ੍ਹਾਂ ਲਈ ਤਕੜੀ ਰਕਮ ਵੀ ਦਿੱਤੀ ਗਈ। ਦੂਜੀ ਗੱਲ ਇਹ ਕਿ ਭਾਈ ਮਨੀ ਸਿੰਘ ਕੰਬੋਅ ਨੇ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੀ ਸਾਰੀ ਰਚਨਾ ਨੂੰ ਵਿਅਕਤੀ-ਵਾਰ ਵੰਡ ਕੇ ਨਵੀਂ ਬੀੜ ਤਿਆਰ ਕੀਤੀ ਤੇ ਅੰਤ ਵਿਚ ਭਗਤ ਬਾਣੀ ਦਰਜ ਕਰ ਦਿੱਤੀ। ਇਨ੍ਹਾਂ ਦੋਹਾਂ ਗ੍ਰੰਥਾਂ ਦੀ ਸੰਮਿਲਤ ਬੀੜ ਹਜ਼ੂਰ ਸਾਹਿਬ ਸੀ, ਜਿਸ ਨੂੰ ਕਿਸੇ ਸਮੇਂ ਰਾਜਾ ਗੁਲਾਬ ਸਿੰਘ ਸੇਠੀ ਲੈ ਆਏ ਸਨ। ਅੱਜ-ਕੱਲ੍ਹ ਇਹ ਬੀੜ ਉਨ੍ਹਾਂ ਦੇ ਪਰਿਵਾਰ ਪਾਸ ਹਨੂਮਾਨ ਰੋਡ, ਨਵੀਂ ਦਿੱਲੀ ਹੈ। ਇਸ ਉੱਤੇ ਵੀ ਸੰਮਤ ੧੭੭੦ ਬਿ: ਪਿਆ ਹੋਇਆ ਹੈ।

ਛਿੱਬਰ ਨੇ ਇਹ ਗੱਲ ਵੀ ਲਿਖੀ ਹੈ ਕਿ ਸਿੱਖਾਂ ਇਕ ਸਮੇਂ ਦਸਮੇਸ਼ ਜੀ ਨੂੰ ਬੇਨਤੀ ਕੀਤੀ ਸੀ ਕਿ ਤੁਸੀਂ ਆਪਣਾ ਗ੍ਰੰਥ ਵੀ ਆਦਿ ਗ੍ਰੰਥ ਨਾਲ ਮਿਲਾ ਦਿਉ ਪਰ ਆਪ ਨੇ ਐਸਾ ਕਰਨਾ ਪਰਵਾਨ ਨਹੀਂ ਸੀ ਕੀਤਾ :

ਸੰਮਤ ਸਤਾਰਾਂ ਸੈ ਪਚਵੰਜੇ ਸਿਖਾਂ ਸਾਹਿਬ ਆਗੈ ਬਿਨਤੀ ਸੀ ਕੀਤੀ।
ਗ਼ਰੀਬ ਨਿਵਾਜ਼! ਜੇ ਬਚਨ ਹੋਵੇ ਤਾਂ ਦੁਹਾਂ ਗ੍ਰੰਥਾਂ ਦੀ ਜਿਲਦ ਚਾਹੀਐ ਇਕ ਕਰ ਲੀਤੀ।
ਸਾਹਿਬ ਬਚਨ ਕੀਤਾ, 'ਆਦਿ ਗੁਰੂ ਹੈ ਗ੍ਰੰਥ।
ਇਹ ਅਸਾਡੀ ਹੈ ਖੇਡ, ਜੁਦਾ ਰਹੇ ਮਨ ਮੰਥ'।੩੮੯। *(ਦਸਵਾਂ ਚਰਣ)*

ਇਸ ਚਰਚਾ ਤੋਂ ਇਤਨਾ ਸਪੱਸ਼ਟ ਹੁੰਦਾ ਹੈ ਕਿ ਜੋ ਦਸਮ ਗ੍ਰੰਥ ਦੀ ਬੀੜ ਤਿਆਰ ਕਰਵਾਈ

ਗਈ, ਉਹ ਅਨੰਦਪੁਰ ਵਿਚ ਲਿਖੀਆਂ ਗਈਆਂ ਸੰਚੀਆਂ ਤੋਂ ਹੀ ਉਤਾਰੇ ਕਰਕੇ ਬਣਾਈ ਗਈ ਸੀ। ਦੂਜੀ ਗੱਲ ਇਹ ਕਿ ਦੋਹਾਂ ਗ੍ਰੰਥਾਂ ਦੀ ਵੱਡੀ ਬੀੜ ਭਾਈ ਮਨੀ ਸਿੰਘ ਮੁਸੱਦੀ ਨੇ ਆਪਣੀ ਸਮਝ ਤੇ ਸ਼ੌਕ ਨਾਲ ਕਰਵਾਈ ਸੀ। ਭਾਈ ਮਨੀ ਸਿੰਘ ਅਲੀਪੁਰ ਵਾਲੇ ਹੋਰ ਸਨ ਜੋ ਉਮਰ ਭਰ ਸਤਿਗੁਰਾਂ ਦੀ ਹਜ਼ੂਰੀ ਵਿਚ ਰਹੇ ਤੇ ਬਤੌਰ ਦੀਵਾਨ ਦੀ ਸੇਵਾ ਕਰਦੇ ਰਹੇ। ਉਨ੍ਹਾਂ ਨੇ ਦਸਮ ਗ੍ਰੰਥ ਦੀਆਂ ਗੁਆਚੀਆਂ ਸੰਚੀਆਂ ਲੱਭਣ ਲਈ ਵਧੇਰੇ ਉਪਰਾਲੇ ਕੀਤੇ ਸਨ, ਜੈਸਾ ਕਿ ਉਨ੍ਹਾਂ ਦੀ ਮਾਤਾ ਸੁੰਦਰੀ ਜੋਗ ਲਿਖੀ ਪੱਤ੍ਰਿਕਾ ਤੋਂ ਪਰਗਟ ਹੈ। ਇਹ ਦੂਜੇ ਭਾਈ ਮਨੀ ਸਿੰਘ, ਜਾਤੀ ਦੇ ਕੰਬੋਅ ਮੁਸੱਦੀ ਮੁਨਸ਼ੀ ਸਨ, ਇਨ੍ਹਾਂ ਹੀ ਦੋਹਾਂ ਗ੍ਰੰਥਾਂ ਨੂੰ ਇਕੱਠਿਆਂ ਕਰਨ ਦੀ ਯੋਜਨਾ ਬਣਾਈ। ਦੋਵੇਂ ਹੀ ਜਿਵੇਂ ਕਿਵੇਂ ਸ਼ਹੀਦ ਕੀਤੇ ਗਏ, ਬੰਦ ਬੰਦ ਕੱਟ ਕੇ। ਇਹ ਸਰਕਾਰ ਦੀ ਦਮਨ ਨੀਤੀ ਦਾ ਸਿੱਟਾ ਸੀ ਨਾ ਕਿ ਕਿਸੇ ਸਿਖ ਦੇ ਸਰਾਪ ਕਰ ਕੇ ਐਸਾ ਹੋਇਆ। ਇਹ ਜ਼ਰੂਰ ਹੈ ਕਿ ਦੋਹਾਂ ਦਾ ਇਕੋ ਨਾਮ ਹੋਣ ਕਰਕੇ ਘਟਨਾਵਾਂ ਦਾ ਰਲਗੱਡ ਹੁੰਦਾ ਗਿਆ। ਅਸੀਂ ਤਾਂ ਛਿੱਬਰ ਜੀ ਦੀ ਲਿਖਤ ਤੋਂ ਇਹੋ ਠੋਸ ਜਾਣਕਾਰੀ ਹਾਸਲ ਕੀਤੀ ਹੈ ਕਿ ਅਨੰਦਪੁਰ ਦੀ ਤਬਾਹੀ ਤੋਂ ਬਾਅਦ ਜਦੋਂ ਵੀ ਸਿੱਖਾਂ ਨੂੰ ਮੌਕਾ ਲੱਗਾ ਤਾਂ ਉਨ੍ਹਾਂ ਆਪਣੇ ਗੁਰੂ ਸ੍ਰੀ ਦਸਮੇਸ਼ ਜੀ ਦੀਆਂ ਜਿੰਨੀਆਂ ਤੇ ਜੈਸੀਆਂ ਵੀ ਲਿਖਤਾਂ ਮਿਲ ਸਕੀਆਂ, ਉਨ੍ਹਾਂ ਸਾਰੀਆਂ ਨੂੰ ਜੋੜ ਕੇ 'ਦਸਮ ਗ੍ਰੰਥ' ਤਿਆਰ ਕਰਵਾਇਆ ਸੀ। ਉਸ ਸਮੇਂ ਇਹ ਕਿਸੇ ਨੂੰ ਖ਼ਿਆਲ ਹੀ ਨਹੀਂ ਸੀ ਕਿ 'ਅਵਤਾਰ ਕਥਾ' ਵੱਖ ਰੱਖੀ ਜਾਵੇ ਤੇ ਤ੍ਰਿਯਾ ਚਰਿਤ੍ਰਾਂ ਦੀ ਕਥਾ ਵੱਖ। ਉਸ ਵੇਲੇ ਤਾਂ ਇਤਨਾ ਹੀ ਪ੍ਰਯੋਜਨ ਸੀ ਕਿ ਗੁਰੂ ਜੀ ਦੀਆਂ ਸਮੂੰਹ ਰਚਨਾਵਾਂ ਇਕ ਥਾਂ ਇਕੱਤਰ ਕਰ ਕੇ ਸੰਭਾਲ ਦਿੱਤੀਆਂ ਜਾਣ, ਸੋ ਐਸਾ ਹੀ ਹੋਇਆ।[੧]

### *(੪) ਬਾਬਾ ਬੰਦਾ ਸਿੰਘ ਬਹਾਦਰ*

ਬੰਦਾ ਸਿੰਘ ਬਹਾਦਰ ਦੇ ਪੰਜਾਬ ਆਉਣ ਬਾਰੇ ਲੋਕਾਂ ਕਈ ਕਿਸਮ ਦੇ ਕਿਆਫ਼ੇ ਲਾਏ ਹਨ, ਉਹ ਕਿਵੇਂ ਆ ਗਿਆ ਅਤੇ ਕਿਸ ਤਰ੍ਹਾਂ ਉਸ ਇਥੇ ਆ ਕੇ ਇਕ ਦਮ ਉਧੜ-ਧੁੰਮੀ ਮਚਾ ਦਿੱਤੀ। ਛਿੱਬਰ ਨੇ ਅਸਲੀਅਤ ਲਿਖ ਦਿੱਤੀ ਹੈ ਕਿ ਉਹ ਵਣਜਾਰਿਆਂ ਦੇ ਟਾਂਡੇ ਨਾਲ ਆਇਆ। ਇਹ ਵਣਜਾਰੇ ਵੀ ਕੋਈ ਮਾਮੂਲੀ ਨਹੀਂ ਸਨ। ਇਹ ਭਗਵੰਤ ਸਿੰਘ, ਬਾਜ਼ ਸਿੰਘ ਤੇ ਕੌਰ ਸਿੰਘ ਆਦਿਕ ਭਾਈ ਮਨੀ ਸਿੰਘ ਦੇ ਚਾਚੇ ਨਠੀਏ ਦੇ ਪੁੱਤਰ ਸਨ ਤੇ ਦੱਖਣ ਵਿਚ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਅੰਨ ਦਾਣਾ, ਕੱਪੜਾ ਤੇ ਹੋਰ ਮਾਲ ਸਪਲਾਈ ਕਰਿਆ ਕਰਦੇ ਸਨ। ਭਾਗੂ ਵਣਜਾਰਾ ਬਹੁਤ ਅਮੀਰ ਠੇਕੇਦਾਰ ਸੀ ਤੇ ਇਸ ਨੂੰ ਔਰੰਗਜ਼ੇਬ ਵੱਲੋਂ 'ਪੰਜ ਹਜ਼ਾਰੀ' ਦਾ ਮਨਸਬ ਪ੍ਰਾਪਤ ਸੀ। ਇਹ ਸਭੇ ਲੋਕ ਸ਼ਸਤ੍ਰਧਾਰੀ ਸਨ ਤੇ ਕਾਫ਼ੀ ਜਮੀਅਤ ਨਾਲ ਰੱਖਦੇ ਸਨ। ਜਦ ਗੁਰੂ ਗੋਬਿੰਦ ਸਿੰਘ ਜੀ ਦੇ ਵੱਖੀ ਵਿਚ ਛੁਰੀ ਮਾਰਨ ਦੀ ਗੱਲ ਸੁਣੀ ਤਾਂ ਇਹ ਸਾਰੇ ਰੋਹ ਵਿਚ ਆ ਗਏ ਤੇ ਸੰਗਤ ਦੀ ਹਦਾਇਤ ਅਨੁਸਾਰ ਫ਼ੌਜਕਸ਼ੀ ਕਰ ਕੇ ਬੰਦਾ ਬਹਾਦਰ ਨਾਲ ਤੁਰ ਪਏ। ਜੋ ਕੁਝ ਪੰਜਾਬ ਵਿਚ ਵਾਪਰਿਆ, ਉਸ ਨੂੰ ਕਈਆਂ ਵਧਾ ਚੜ੍ਹਾ ਕੇ ਵੀ ਲਿਖਿਆ ਹੈ ਤੇ ਕੇਸਰ ਸਿੰਘ ਨੇ ਵੀ ਕੁਝ ਸੁਣੀਆਂ ਸੁਣਾਈਆਂ ਐਸੀਆਂ ਗੱਲਾਂ ਲਿਖ ਦਿੱਤੀਆਂ ਹਨ, ਜੋ ਸੰਭਵ ਨਹੀਂ।

ਪਿੱਛੋਂ ਜਾ ਕੇ ਕੁਝ ਸ਼ਰਧਾਲੂਆਂ ਬੰਦਾ ਬਹਾਦਰ ਨੂੰ ਗੁਰੂ ਕਹਿਣਾ ਵੀ ਸ਼ੁਰੂ ਕਰ ਦਿੱਤਾ ਪਰ ਲੇਖਕ ਸਪੱਸ਼ਟ ਦੱਸਦਾ ਹੈ ਕਿ ਬੰਦਾ ਸਿੰਘ ਬਹਾਦਰ ਸਿਖ ਸੈਨਾ ਦਾ ਜਰਨੈਲ ਸੀ, ਗੁਰੂ ਨਹੀਂ। ਉਹ ਲਿਖਦਾ ਹੈ :

---

੧. ਵਿਸਤਾਰ ਲਈ ਦੇਖੋ, ਮੇਰੀ ਪੁਸਤਕ *ਦਸਮ ਗ੍ਰੰਥ ਦਰਸ਼ਨ* ।

**ਬਹੁਤ ਸਿਖ ਬੰਦੇ ਨੋ ਯਾਰ੍ਹਵੀਂ ਪਾਤਸ਼ਾਹੀ ਹੈਸਨ ਕਹਿੰਦੇ।**
**ਸੁ ਬੰਦਾ ਪਾਤਸ਼ਾਹੀਆਂ ਵਿਚ ਨਾਹੀ, ਚਿਰੰਜੀਤਾਂ ਵਿਰ ਬੰਦਾ ਜੀ ਰਹਿੰਦੇ।੧।**

*(ਬਾਰ੍ਹਵਾਂ ਚਰਣ)*

*ਸੌ ਸਾਖੀ* ਵਿਚ ਵੀ ਇਹੋ ਲਿਖਿਆ ਹੈ ਕਿ 'ਬੰਦਾ ਬਖ਼ਸ਼ੀ ਖਾਲਸਾ' ਭਾਵ ਬੰਦਾ ਬਹਾਦਰ ਖ਼ਾਲਸਾ ਫ਼ੌਜ ਦਾ ਸੈਨਾਪਤੀ ਸੀ। ਗੁਰੂ ਵਾਲੀ ਪਦਵੀ ਦਾ ਕਰਤੱਵ ਨਿਭਾਉਣ ਵਾਲੇ ਪੰਜ ਪਿਆਰੇ ਹੋਰ ਸਨ।

## *(੫) ਜੀਤ ਸਿੰਘ ਮੁਤਬੰਨਾ*

ਬਾਰ੍ਹਵੇਂ ਚਰਣ ਵਿਚ ਜੀਤ ਸਿੰਘ ਦਾ ਹਾਲ ਦਰਜ ਹੈ। ਇਹ ਮਾਤਾ ਸੁੰਦਰੀ ਜੀ ਦਾ ਮੁਤਬੰਨਾ ਪੁੱਤਰ ਸੀ, ਜਿਸ ਨੂੰ ਬੁਰਹਾਨਪੁਰ ਵਿਖੇ ਸ੍ਰੀ ਦਸਮੇਸ਼ ਜੀ ਨੇ ਖ਼ੁਦ ਸਾਹਿਬਜ਼ਾਦਾ ਅਜੀਤ ਸਿੰਘ ਦੀ ਧਰਮ-ਪਤਨੀ ਤਾਰਾਬਾਈ ਦੇ ਸਿਰ ਧਰਿਆ ਸੀ ਪਰ ਇਹ ਬਹੁਤ ਸਿਆਣਾ ਤੇ ਆਗਿਆਕਾਰ ਸਾਬਤ ਨਾ ਹੋਇਆ। ਦਿੱਲੀ ਵਿਚ ਜਦ ਇਹ ਹਥਿਆਰ ਸਜਾ ਕੇ ਆਪਣੇ ਸਾਥੀਆਂ ਸਮੇਤ ਇਧਰ ਉਧਰ ਘੁੰਮਦਾ ਫਿਰਦਾ ਤਾਂ ਦੋਖੀ ਤੁਰਕ ਇਸ ਨੂੰ ਕੈਰੀ ਨਜ਼ਰ ਨਾਲ ਦੇਖਦੇ। ਕਿਤੇ ਜਾਂਦਿਆਂ ਜਾਂਦਿਆਂ ਨਿੱਕਾ ਜਿਹਾ ਝਗੜਾ ਹੋ ਗਿਆ। ਇਕ ਬੁੱਢੜ ਫ਼ਕੀਰ ਬੈਠਾ ਪੈਸੇ ਮੰਗਦਾ ਸੀ ਤਾਂ ਇਸ ਦੇ ਸਾਥੀਆਂ ਉਸ ਨੂੰ ਇਕ ਦੋ ਵਾਰ ਧੌਲ ਧੱਫਾ ਕੀਤਾ, ਉਹ ਅੱਗੇ ਹੀ ਕਮਜ਼ੋਰ ਸੀ, ਸੱਟਾਂ ਸਹਾਰ ਨਾ ਸਕਿਆ ਤੇ ਥਾਂ ਮਰ ਗਿਆ। ਸਰਕਾਰੇ ਸ਼ਿਕਾਇਤ ਹੋਈ ਤਾਂ ਜੀਤ ਸਿੰਘ ਨੂੰ ਤੁਰਕਾਂ ਪਕੜ ਕੇ ਬੁਰੀ ਤਰ੍ਹਾਂ ਮਾਰ ਖਪਾਇਆ।

ਸ੍ਰੀਮਤੀ ਤਾਰਾਬਾਈ ਬੁਰਹਾਨਪੁਰ ਰਹਿੰਦੀ ਸੀ ਤੇ ਉਸ ਦਾ ਸਪੁੱਤਰ ਹਠੀ ਸਿੰਘ ਵੀ ਉਸ ਦੇ ਨਾਲ ਸੀ ਤੇ ਕਦੀ ਕਦਾਈਂ ਉਹ ਮਾਤਾ ਸੁੰਦਰੀ ਜੀ ਪਾਸ ਦਿੱਲੀ ਜਾਂ ਮਥਰਾ ਆ ਜਾਂਦੀ ਤੇ ਫਿਰ ਬੁਰਹਾਨਪੁਰ ਆਪਣੇ ਪੇਕੇ ਘਰ ਚਲੀ ਜਾਂਦੀ। ਕੇਸਰ ਸਿੰਘ ਨੇ ਹਠੀ ਸਿੰਘ ਨੂੰ ਜੀਤ ਸਿੰਘ ਮੁਤਬੰਨੇ ਦਾ ਪੁੱਤਰ ਲਿਖਿਆ ਹੈ, ਇਹ ਗ਼ਲਤ ਹੈ। ਇਹ ਦਰਅਸਲ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਹੀ ਅਸਲ ਪੁੱਤਰ ਸੀ, ਜਿਸ ਦੇ ਅੱਗੇ ਕੋਈ ਔਲਾਦ ਵੀ ਨਹੀਂ ਹੋਈ।

*(ਦੇਖੋ ਗੁਰੂ ਕੀਆਂ ਸਾਖੀਆਂ, ਸਾਖੀ ਨੰਬਰ ੭੭)*

ਇਸੇ ਬਾਰ੍ਹਵੇਂ ਚਰਣ ਵਿਚ ਲੇਖਕ ਨੇ ਦੁਖੀ ਮਨ ਨਾਲ ਹਜ਼ਰਤ ਮੁਹੰਮਦ ਸਾਹਿਬ ਦੀ ਕਹਾਣੀ ਲਿਖੀ ਹੈ, ਜੋ ਕਿ ਲੋਕਾਂ ਵਿਚ ਉਸ ਸਮੇਂ ਪ੍ਰਚਲਤ ਸੀ, ਇਸ ਦਾ ਨਿਤਾਰਾ ਅੱਗੇ ਕਰਾਂਗੇ।

## *(੬) ਮਾਤਾ ਸਾਹਿਬ ਦੇਈ*

ਤੇਰ੍ਹਵੇਂ ਚਰਣ ਵਿਚ ਮਾਤਾ ਸਾਹਿਬ ਦੇਈ ਜੀ ਦਾ ਹਾਲ ਹੈ। ਜਦ ਜੀਤ ਸਿੰਘ ਮੁਤਬੰਨਾ ਤੁਰਕਾਂ ਮਾਰ ਛੱਡਿਆ ਤਾਂ ਦਿੱਲੀ ਦੇ ਸਿੱਖਾਂ ਵਿਚ ਬੜੀ ਦਹਿਸ਼ਤ ਫੈਲੀ। ਮਾਤਾ ਸਾਹਿਬ ਦੇ ਡੇਰੇ ਉੱਤੇ ਵੀ ਹਮਲਾ ਹੋਇਆ, ਇਸ ਲੋਟੀ ਵਿਚ ਲੇਖਕ ਦੇ ਸ੍ਰੋਤ ਗਿਆਨ ਅਨੁਸਾਰ ਬਾਈ ਲੱਖ ਰੁਪਈਆ ਲੁੱਟਿਆ ਗਿਆ। ਮਾਤਾ ਸੁੰਦਰੀ ਜੀ ਤਾਂ ਨੂੰਹ ਪੋਤਰੇ ਨੂੰ ਲੈ ਕੇ ਮਥਰਾ ਚਲੀ ਗਈ ਪਰ ਸਿਖ ਬਹੁਤ ਭੈ-ਭੀਤ ਹੋਏ। ਉਸ ਸਮੇਂ ਮਾਤਾ ਸਾਹਿਬ ਦੇਈ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਇਥੇ ਇਕੱਤਰ ਹੋਣਾ ਛੱਡ ਦਿਉ, ਦੀਵਾਲੀ-ਵਿਸਾਖੀ ਦਾ ਮੇਲਾ ਕਰਨ ਦੀ ਵੀ ਲੋੜ ਨਹੀਂ। ਸਿਖ ਬੜੇ ਉਦਾਸ ਹੋਏ, ਉਨ੍ਹਾਂ ਬੇਨਤੀ ਕੀਤੀ, "ਮਾਤਾ ਜੀ ! ਆਖ਼ਰ ਸਿੱਖਾਂ ਤੁਹਾਡੇ ਪਾਸ ਹੀ ਦੁਖ ਸੁਖ ਲੈ ਕੇ ਆਉਣਾ ਹੈ, ਇਹ ਕਿਥੇ ਜਾਣ।" ਇਸ ਸਮੇਂ ਮਾਮਾ ਕ੍ਰਿਪਾਲ ਸਿੰਘ, ਭਾਈ ਮਲੂਕ ਸਿੰਘ, ਭਾਈ ਠਾਕੁਰ ਸਿੰਘ,

ਭਾਈ ਸੁਖਚੈਨ ਸਿੰਘ, ਬੇਬੇ ਗੁਲਾਬੋ, ਮਿਹਰਦਾਸ ਫ਼ਕੀਰ ਅਤੇ ਰਾਜਾ ਮਜਲਸ ਰਾਇ ਵੀ ਹਾਜ਼ਰ ਸੀ। ਵਿਚਾਰ ਉਪਰੰਤ ਸਾਰਿਆਂ ਸਲਾਹ ਇਹ ਪਕਾਈ ਕਿ ਅੱਗੋਂ ਲਈ ਸੰਗਤ ਅੰਮ੍ਰਿਤਸਰ ਜਾ ਕੇ ਮੇਲਾ ਲਾਵੇ। ਫ਼ੈਸਲੇ ਅਨੁਸਾਰ ਮਾਮਾ ਕ੍ਰਿਪਾਲ ਸਿੰਘ ਜੀ ਦੀ ਅਗਵਾਈ ਹੇਠ ੧੭੨੭ ਈ: ਵਿਚ ਮੋਹਰੀ ਸਿਖ ਅੰਮ੍ਰਿਤਸਰ ਆ ਗਏ। ਨਾਲ ਸੱਤ ਸਰਕਾਰੀ ਕਾਰਿੰਦੇ ਆਏ। ਮਾਲੂਮ ਹੁੰਦਾ ਹੈ ਕਿ ਦਿੱਲੀ ਸਰਕਾਰ ਤੇ ਲਾਹੌਰ ਸਰਕਾਰ ਨੇ ਮਿਲ ਕੇ ਇਹ ਵਿਉਂਤ ਬਣਾਈ ਕਿ ਬਾਦਸ਼ਾਹ ਅਕਬਰ ਵੱਲੋਂ ਦਿੱਤੇ 'ਗੁਰੂ ਕੇ ਚੱਕ' ਦੇ ਨਾਂ ੧੨ ਪਿੰਡ ਸਿੱਖਾਂ ਨੂੰ ਵਾਪਸ ਦੇ ਦਿੱਤੇ ਜਾਣ ਤੇ ਦਰਬਾਰ ਸਾਹਿਬ ਦਾ ਪ੍ਰਬੰਧ ਵੀ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਮੁਤਾਬਿਕ ਇਹ ਕਾਰਵਾਈ ਹੋਈ। ਇਸ ਵਕਤ ਗੌਦੜਸ਼ਾਹ ਫ਼ਕੀਰ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਕਰਦਾ ਸੀ ਤੇ ਉਸ ਨੇ ਗੁਰੂ ਕੇ ਬਾਗ ਨਾਲ ਇਕ ਛੋਟਾ ਜਿਹਾ ਬਗੀਚਾ ਵੀ ਲਾਇਆ ਹੋਇਆ ਸੀ। ਸ਼ਹਿਰ ਦੇ ਪਤਵੰਤੇ ਹਿੰਦੂ ਸਿੱਖਾਂ ਰਲ ਮਿਲ ਕੇ ਮਾਮਾ ਜੀ ਦਾ ਚੰਗਾ ਸੁਆਗਤ ਕੀਤਾ। ਦੀਵਾਨ ਧਰਮ ਚੰਦ ਦਾ ਪੁੱਤਰ ਗੁਰਬਖ਼ਸ਼ ਸਿੰਘ ਵੀ ਨਾਲ ਸੀ, ਇਸ ਨੂੰ ਦਰੋਗਾ ਥਾਪਿਆ ਗਿਆ। ਇਸੇ ਗੁਰਬਖ਼ਸ਼ ਸਿੰਘ ਦਾ ਪੁੱਤਰ ਕੇਸਰ ਸਿੰਘ ਛਿੱਬਰ ਸੀ, ਜੋ ਬਾਲਕ ਅਵਸਥਾ ਵਿਚ ਪਿਤਾ ਦੇ ਨਾਲ ਇਥੇ ਆਇਆ ਸੀ। ਚਾਰ ਮੁਨਸ਼ੀ ਵੀ ਦਿੱਲੀ ਤੋਂ ਨਾਲ ਆਏ ਸਨ, ਇਨ੍ਹਾਂ ਵਿਚੋਂ ਸਹਜ ਸਿੰਘ ਤ੍ਰੇਹਣ ਨੂੰ ਚੂੰਗੀ ਜਗਾਤ ਦਾ ਕੰਮ ਸੌਂਪਿਆ ਗਿਆ, ਦਿਆਨਤ ਰਾਇ ਬ੍ਰਾਹਮਣ ਪਿੰਡਾਂ ਦਾ ਮਾਮਲਾ ਉਗਰਾਹੁਣ ਲਈ ਨਿਯਤ ਹੋਇਆ। ਭਾਈ ਮਾਨ ਸਿੰਘ ਮੇਵੜਾ ਬਤੌਰ ਅਰਦਾਸੀਆ ਨਿਯੁਕਤ ਹੋਇਆ। ਸਾਰੇ ਕੰਮ ਦੀ ਨਿਗਰਾਨੀ ਸਰਦਾਰ ਗੁਰਬਖ਼ਸ਼ ਸਿੰਘ ਦੇ ਜ਼ਿੰਮੇ ਸੀ। ਆਏ ਗਏ ਗ਼ਰੀਬ-ਗ਼ੁਰਬੇ ਨੂੰ ਲੰਗਰ ਦਿੱਤਾ ਜਾਂਦਾ ਸੀ ਤੇ ਇਮਾਰਤ ਦੀ ਟੁੱਟ-ਫੁੱਟ ਦੇ ਕੰਮ ਲਈ ਕਾਰੀਗਰ ਲਾਏ ਹੋਏ ਸਨ। ਸਾਰੇ ਖਰਚੇ ਤੋਂ ਬਾਅਦ ਜੋ ਰਕਮ ਵਧਦੀ, ਉਹ ਭਾਈ ਖਾਨ ਸਿੰਘ ਕਲਾਲ ਲਾਹੌਰੋਂ ਹੁੰਡੀ ਬਣਾ ਕੇ ਦਿੱਲੀ ਮਾਤਾ ਜੀ ਪਾਸ ਲੈ ਜਾਂਦਾ ਸੀ। ਕੰਮ ਅੱਛਾ ਚੱਲ ਪਿਆ ਤੇ ਸਾਰੇ ਪਾਸੇ ਵਾਹ ਵਾਹ ਹੋਣ ਲੱਗੀ।

ਭਾਈ ਮਨੀ ਸਿੰਘ ਕੰਬੋ, ਤਾਰਾ ਸਿੰਘ ਡਲਵਾਂ, ਬਖ਼ਸ਼ ਸਿੰਘ ਮੈਣੀ, ਗੁਲਾਬ ਸਿੰਘ ਸਾਂਝਵਾ ਆਦਿਕ ਕਈ ਪਰਦੇਸੀ ਸਿਖ ਮਾਮਾ ਕ੍ਰਿਪਾਲ ਸਿੰਘ ਜੀ ਪਾਸ ਆ ਆ ਠਹਿਰਨ ਲੱਗੇ, ਚੰਗੀ ਰੌਣਕ ਹੋਈ। ਇਸੇ ਸਮੇਂ ਚਉਬੰਦਾ ਪ੍ਰਗਟ ਹੋਇਆ, ਇਹ ਕੋਈ ਸਾਧੂ ਫ਼ਕੀਰ ਬੰਦਾ ਬਹਾਦਰ ਤੋਂ ਵੱਖਰਾ ਵਿਅਕਤੀ ਸੀ। ਹੌਲੀ ਹੌਲੀ ਸਿਖ ਸੰਗਤ ਵਿਚ ਮਤ-ਭੇਦ ਉਭਰਦੇ ਗਏ। ਚਾਰ ਧੜੇ ਬਣ ਗਏ—ਅਕਾਲ ਪੁਰਖੀਏ, ਬੰਦਈ, ਜੀਤ ਮੱਲੀਏ, ਚਉਬੰਦੀਏ। ਚਾਰੇ ਹੀ ਪਰਸਪਰ ਖਹਿਣ ਲੱਗੇ ਕਿ ਅਸੀਂ ਗੱਦੀ ਦੇ ਅਧਿਕਾਰੀ ਹਾਂ। ਚਉਬੰਦਾ ਕੋਈ ਤਿਆਗੀ ਵੈਰਾਗੀ ਸਾਧੂ ਸੀ, ਉਹ ਪਹਾੜ ਵਿਚ ਭਿੰਬਰ ਚਲਾ ਗਿਆ, ਬੰਦਈ ਝੰਡੇ ਬੁੰਗੇ ਰਹਿਣ ਲੱਗ ਪਏ ਤੇ ਅਕਾਲ ਪੁਰਖੀਏ ਅਕਾਲ ਬੁੰਗੇ। ਬਾਵਾ ਬਿਨੋਦ ਸਿੰਘ ਦੇ ਸਾਹਿਬਜ਼ਾਦੇ ਬਾਵਾ ਕਾਨ੍ਹ ਸਿੰਘ ਸਨ, ਉਹ ਸਾਰਿਆਂ ਨੂੰ ਇਕੱਠੇ ਰਹਿਣ ਲਈ ਸਮਝਾਉਂਦੇ ਰਹੇ ਪਰ ਕੋਈ ਅਸਰ ਨਾ ਹੋਇਆ। ਮੇਲਿਆਂ ਪਿੱਛੋਂ ਵੀ ਕਈ ਰਮਤੇ ਸਿੰਘ ਦਰਬਾਰ ਸਾਹਿਬ ਲਾਗੇ ਰਹਿੰਦੇ ਰਹੇ। ੧੭੩੧ ਈ: ਵਿਚ ਮਾਤਾ ਸਾਹਿਬਦੇਈ ਸੁਰਗ ਸਿਧਾਰ ਗਏ, ਮਾਮਾ ਕ੍ਰਿਪਾਲ ਸਿੰਘ ਪਹਿਲੇ ਚਲਾਣਾ ਕਰ ਚੁੱਕੇ ਸਨ। ਇਸ ਸਮੇਂ ਅਕਾਲ ਪੁਰਖੀਆਂ ਦਾ ਜ਼ੋਰ ਵਧੇਰੇ ਸੀ ਤੇ ਬਾਕੀ ਸਭ ਇਧਰ ਉਧਰ ਖਿੰਡ ਖਪਰ ਗਏ ਸਨ। ਲੇਕਿਨ ਸਰਕਾਰ ਗੁਰੂ ਕੇ ਚੱਕ (ਅੰਮ੍ਰਿਤਸ਼ਰ) ਵੱਲ ਸਿੱਖਾਂ ਦੀ ਆਮ ਆਵਾਜਾਈ ਦੇਖ ਕੇ ਰਾਜ਼ੀ ਨਹੀਂ ਸੀ, ਇਸ ਲਈ ਇਥੇ ਠਾਣਾ ਪਾ ਲਿਆ ਤੇ ਨਿਗਰਾਨੀ ਲਈਂ ਕੁਝ ਕੁੰਮਕ ਵੀ ਰੱਖ ਲਈ।

### (੭). ਸਿਖ ਪੰਥ

ਚੌਧਵੇਂ ਚਰਣ ਦੇ ਮੁੱਢ ਵਿਚ ਲੇਖਕ ਨੇ ਭਾਈ ਤਾਰਾ ਸਿੰਘ ਡਲਵਾਂ (੧੭੨੬ ਈ:), ਭਾਈ ਮਨੀ ਸਿੰਘ (੧੭੩੪ ਈ:), ਭਾਈ ਤਾਰੂ ਸਿੰਘ (੧੭੪੫ ਈ:) ਆਦਿਕ ਦੀਆਂ ਸ਼ਹੀਦੀਆਂ ਦਾ ਤੇ ਫਿਰ ਨਵਾਬ ਕਪੂਰ ਸਿੰਘ ਦਾ ਕੁਝ ਚਰਚਾ ਕੀਤਾ ਹੈ। ਇਸ ਤੋਂ ਇਲਾਵਾ ਉਸ ਨੇ ਕਿਸੇ ਨਿਹੰਗ ਜਾਂ ਅਕਾਲੀ ਸਿੰਘ ਜਾਂ ਕਿਸੇ ਮਿਸਲਦਾਰ ਰਾਜੇ ਸਰਦਾਰ ਦਾ ਨਾਂ ਨਹੀਂ ਲਿਆ ਤੇ ਨਾ ਹੀ ਦਲ ਖ਼ਾਲਸਾ ਜਾਂ ਸਰਬਤ ਖ਼ਾਲਸਾ ਦਾ ਕੋਈ ਵੇਰਵਾ ਦਿੱਤਾ ਹੈ। ਇਸ ਤੋਂ ਇਲਾਵਾ ਪੰਜਾਬ ਨੂੰ ਤਬਾਹ ਕਰਨ ਵਾਲੇ ਜਾਂ ਸਿੱਖਾਂ ਦਾ ਬੀਅ ਨਾਸ ਕਰਨ ਦੀਆਂ ਘਾੜਤਾਂ ਘੜਨ ਵਾਲੇ ਲਾਹੌਰ ਦੇ ਹਾਕਮਾਂ—ਯੱਹਯਾ ਖ਼ਾਂ, ਜ਼ਕਰੀਆ ਖ਼ਾਂ ਖ਼ਾਨ ਬਹਾਦਰ, ਮੀਰ ਮੰਨੂ ਜਾਂ ਅਹਿਮਦ ਸ਼ਾਹ ਅਬਦਾਲੀ ਵਰਗੇ ਲੁਟੇਰੇ ਹਮਲਾਵਰਾਂ ਦਾ ਕਿਤੇ ਕੋਈ ਜ਼ਿਕਰ ਨਹੀਂ। ਪਤਾ ਨਹੀਂ ਇਸ ਪਿੱਛੇ ਕੀ ਸੋਚ ਕੰਮ ਕਰ ਰਹੀ ਸੀ। ਮਾਲੂਮ ਇਉਂ ਹੁੰਦਾ ਹੈ ਕਿ ਜਿਵੇਂ ਲੇਖਕ ਪੰਜਾਬ ਵਿਚ ਫਿਰ ਤੁਰ ਕੇ ਕੱਚਾ ਮਸਾਲਾ ਇਕੱਤਰ ਕਰ ਕੇ ਜੰਮੂ ਵਰਗੀ ਏਕਾਂਤ ਥਾਂ 'ਤੇ ਜਾ ਬੈਠਾ ਹੋਵੇ ਤੇ ਉਥੇ ਬੈਠ ਕੇ ਆਪਣੇ ਗ੍ਰੰਥ ਦੀ ਰਚਨਾ ਕਰਦਾ ਰਿਹਾ ਹੋਵੇ। ਜੰਮੂ ਵਿਚ ਮੈਂ ਇਕ ਉਦਾਸੀ ਸਾਧੂਆਂ ਦੀ ਪੁਰਾਤਨ ਧਰਮਸਾਲਾ ਦੇਖੀ ਹੈ, ਸ਼ਾਇਦ ਕੇਸਰ ਸਿੰਘ ਇਥੇ ਹੀ ਕਿਤੇ ਰਹਿ ਕੇ ਆਪਣਾ ਨਿਰਬਾਹ ਕਰਦਾ ਰਿਹਾ ਹੋਵੇ। ਪੁਸਤਕ ਵਿਚ ਇਕ ਦੋ ਥਾਂ ਇਸ ਗੱਲ ਦਾ ਸੰਕੇਤ ਵੀ ਹੈ ਕਿ ਅਸੀਂ ਜੰਮੂ ਦੀ ਧਰਮਸਾਲਾ ਵਿਚ ਬੈਠੇ ਸਾਂ ਜਿਥੇ ਕਿ ਸੰਗਤ ਅੰਦਰ ਐਸੀ ਵਿਚਾਰ ਆਈ। ਲੇਖਕ ਨੇ ਇਹ ਗ੍ਰੰਥ (੧੮੨੬ ਬਿ:) ੧੭੬੯ ਈ: ਵਿਚ ਪੂਰਾ ਕੀਤਾ ਹੈ ਤੇ ਇਕ ਦੋ ਖਰੜਿਆਂ ਵਿਚ ਇਹ ਸੰਮਤ ੧੮੩੬ ਬਿ: (੧੭੭੯ ਈ:) ਵੀ ਦਿੱਤਾ ਹੈ। ਹੋ ਸਕਦਾ ਹੈ ਕਿਸੇ ਵੇਲੇ ਕਰਤਾ ਨੇ ਫਿਰ ਇਸ ਦੀ ਨਜ਼ਰਸਾਨੀ ਕਰਦਿਆਂ ਕੁਝ ਮਾਮੂਲੀ ਸੋਧ ਸੁਧਾਈ ਕੀਤੀ ਹੋਵੇ ਪਰ ਐਸੀ ਗੱਲ ਲੱਗਦੀ ਨਹੀਂ, ਸੋ ੧੮੩੬ ਬਿ: ਲਿਖਣਾ ਕਿਸੇ ਉਤਾਰਾ ਕਰਨਹਾਰ ਦੀ ਭੁੱਲ ਹੋ ਸਕਦੀ ਹੈ। ਇਸੇ ਤਰ੍ਹਾਂ 'ਸਤਰ ਬਰਸ ਸੋਧ ਮੈਂ ਕੀਤੀ।੬੨੨।' ਦਾ ਪਾਠ 'ਸੱਤ ਬਰਸ ਸੋਧ ਮੈਂ ਕੀਤੀ' ਸਹੀ ਜਾਪਦਾ ਹੈ।

ਜੰਮੂ-ਨਿਵਾਸ ਦੀ ਗੱਲ ਕਾਫ਼ੀ ਹੱਦ ਤਕ ਠੀਕ ਇਉਂ ਲੱਗਦੀ ਹੈ ਕਿ ਉਸ ਸਮੇਂ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਰਹਿਣਾ ਔਖਾ ਜਿਹਾ ਹੀ ਸੀ ਕਿਉਂਕਿ ਸਰਕਾਰੀ ਜ਼ੁਲਮਾਂ ਦੀ ਅਤਿ ਤੇ ਪਠਾਣੀ ਹਮਲਿਆਂ ਦੀ ਤੱਤਭੜੱਤ ਕਿਸੇ ਨੂੰ ਚੈਨ ਨਹੀਂ ਸੀ ਲੈਣ-ਦਿੰਦੀ। ਫਿਰ ਸਿੱਖਾਂ ਦੇ ਹੱਥ ਰਾਜ ਆ ਗਿਆ ਤਾਂ ਹੰਨੇ ਹੰਨੇ ਬਾਦਸ਼ਾਹੀ ਦੀ ਅਵਸਥਾ ਨੇ ਵੀ ਪੂਰਣ ਸ਼ਾਂਤੀ ਨਾ ਹੋਣ ਦਿੱਤੀ। ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ ਲਾਗੇ ਤਾਂ ਥੋੜ੍ਹੇ ਬਹੁਤ ਲੜਾਈ ਝਗੜੇ ਹੁੰਦੇ ਹੀ ਰਹਿੰਦੇ ਸਨ। ਕਿਉਂਕਿ ਮਾਮਲਾ ਵੱਧ ਤੋਂ ਵੱਧ ਇਲਾਕਿਆਂ ਦੇ ਕਬਜ਼ਿਆਂ ਦਾ ਸੀ। ਲੇਖਕ ਸਹੀ ਸਮਝ ਰਿਹਾ ਸੀ ਕਿ ਸਿੱਖੀ ਵਾਲੇ ਗੁਣ ਕੁਝ ਪਿੱਛੇ ਪੈ ਗਏ ਸਨ ਤੇ ਸਭੇ ਖ਼ੁਦਗ਼ਰਜ਼ੀ ਲਈ ਲੜ ਮਰ ਰਹੇ ਸਨ।

**ਮਦ੍ਰ ਦੇਸ ਦੇ ਤਲਵਰੀਆਂ ਪਾਸੋਂ, ਸਿਖੀ ਸਿੰਘੀ ਡਰੇਗੀ।**
**ਦੂਰ ਜਾਇ ਪਰਦੇਸ ਸਿਖੀ, ਕਿਰਤੀਆਂ ਦੇ ਘਰਿ ਵੜੇਗੀ।੫੯੨।**

**ਦੈਂਤ ਪੰਥ ਵਿਚ ਧਰਿ ਅਵਤਾਰ ਆਵਣਗੇ।**
**ਉਹ ਸਿਖੀ ਸਿੰਘੀ ਦੋਵੇਂ ਮਾਰ ਗਵਾਵਣਗੇ।**
**ਸਿਖਾਂ ਕਿਰਤੀਆਂ ਪਾਸੋਂ ਸਿਖੀ ਨਹੀਂ ਜਾਣੀ ਹੈ।**
**ਸਿੱਖਾਂ ਰਉਲੇ ਦਿਆਂ ਸਿਖੀ ਮਾਰਿ ਹਟਾਣੀ ਹੈ।੫੯੭।** *(ਚੌਧਵਾਂ ਚਰਣ)*

ਕਰਤਾ ਨੇ ਸਮੁੱਚੀ ਸਿਖ ਸੰਗਤ ਨੂੰ ਆਪਣੇ ਵੱਲੋਂ ਚਾਰ ਭਾਗਾਂ ਵਿਚ ਵੰਡਿਆ ਹੈ—ਦੀਦਾਰੀ,

ਮੁਕਤੇ, ਮੁਰੀਦ ਤੇ ਮਾਇਕੀ। ਦੀਦਾਰੀ ਉਹ ਹਨ ਜੋ ਗੁਰੂ ਸਾਹਿਬ ਦੇ ਹਜ਼ੂਰ ਰਹੇ, ਮੁਕਤੇ ਉਹ ਜੋ ਜਾਨ 'ਤੇ ਤਾਂ ਖੇਡ ਗਏ ਪਰ ਆਪਣਾ ਧਰਮ ਨਹੀਂ ਗਵਾਇਆ, ਤੁਰਕਾਂ ਦੇ ਜ਼ੁਲਮਾਂ ਨੂੰ ਭਾਣਾ ਸਮਝ ਕੇ ਸਿਰ 'ਤੇ ਝੱਲਦੇ ਗਏ, ਪਰ ਸਿੱਖੀ ਨਹੀਂ ਛੱਡੀ। ਤੀਜੇ ਮੁਰੀਦ ਸਿਖ ਉਹ ਹਨ, ਜੋ ਮਾਇਆ ਦੀ ਲਪੇਟ ਵਿਚ ਨਹੀਂ ਆਏ ਤੇ ਨਿਰਲੇਪ ਰਹਿ ਕੇ ਜਿਵੇਂ ਕਿਵੇਂ ਸਿੱਖੀ ਮਰਿਆਦਾ ਨਿਭਾਉਂਦੇ ਗਏ। ਚੌਥੇ ਨੰਬਰ 'ਤੇ ਮਾਇਕੀ ਸਿਖ ਉਹ ਹਨ, ਜੋ ਮਾਇਆ-ਗ੍ਰਸਤ ਹੋ ਕੇ ਧਰਮ ਦਾ ਸਹੀ ਕਰਮ ਭੁਲਾ ਬੈਠੇ ਹਨ। ਲੇਖਕ ਦਾ ਸਿੱਧਾ ਇਸ਼ਾਰਾ ਉਨ੍ਹਾਂ ਮਿਸਲਦਾਰ ਸਰਦਾਰਾਂ ਵੱਲ ਜਾਪਦਾ ਹੈ, ਜਿਨ੍ਹਾਂ ਤਲਵਾਰ ਦੇ ਜ਼ੋਰ ਨਾਲ ਇਲਾਕੇ ਤਾਂ ਭਾਵੇਂ ਮੱਲ ਲਏ, ਪਰ ਸਿਖੀ ਦੇ ਗੁਣ—ਸੇਵਾ ਭਾਵ, ਸਬਰ ਸੰਤੋਖ, ਸਨੇਹ, ਸਹਿਨਸ਼ੀਲਤਾ ਤੇ ਨਿੰਮ੍ਰਤਾ ਆਦਿ ਮੂਲੋਂ ਗਵਾ ਲਏ। ਚੌਧਵੇਂ ਚਰਣ ਦਾ ਬਹੁਤ ਹਿੱਸਾ ਇਨ੍ਹਾਂ ਲੋਕਾਂ ਦੀ ਕਾਰਗੁਜ਼ਾਰੀ ਉੱਤੇ ਆਲੋਚਨਾ ਹੈ। ਦਸਵੇਂ ਚਰਣ ਵਿਚ ਵੀ ਇਹ ਵੰਡ ਸਤਿਗੁਰਾਂ ਦੇ ਮੁਖੋਂ ਇਉਂ ਕਹਾਈ ਹੈ ਤੇ ਚੌਧਵੇਂ ਵਿਚ ਫਿਰ ਦੁਹਰਾਈ ਹੈ:

**ਬਚਨ ਕੀਤਾ, ਦੀਦਾਰੀ ਸੋ ਜੁ ਰਹਿਣ ਅਸਾਡੇ ਸਾਥਿ।**
**ਇਹ ਇਥੇ ਉਥੇ ਸੰਗਿ ਅਸਾਡੇ ਜਪਨਿ ਜਾਪਿ।੧੪੦।**
**ਮੁਕਤੇ ਸੋ ਜੁ ਅਸਾਡੇ ਪਿੱਛੇ ਰਹਿਸਨ ਸਿਖ।**
**ਤੁਰਕਾਂ ਕਰਨੀ ਹੈ ਪੰਥ ਨਾਲ ਖਹੇੜ, ਜਾਗ੍ਹਾ ਜਾਗ੍ਹਾ ਪਰਵਾਨੇ ਲਿਖ।**
**ਤਿਨਾਂ ਵਿਚਹੁੰ ਜੋ ਰੱਖਣ ਸਿਖੀ,**
**ਸੋਈ ਮੁਕਤੇ ਰਖਣਗੇ ਧਰਮ ਦਾ ਸਿਖੀ ਦਾ ਕਰ ਜਤਨ।੧੪੧।**
**ਇਨ੍ਹਾਂ ਦੁਹਾਂ ਦੇ ਤਪ ਕਰਿ ਆਵੈਗਾ ਰਾਜ। ਰਾਜੋਂ ਹੋਸੀ ਨਰਕ ਪਾਪ ਸਮਾਜ।**
**ਜੋ ਰਾਜੇ ਸਿਖ ਮਾਇਕੀ ਭਏ। ਸੋ ਤੀਜਾ ਭਾਗ ਸਿਖੀ ਦਾ ਗਿਣ ਲਏ।੧੪੨।**
**ਚਉਥਾ ਹਿੱਸਾ ਮੁਰੀਦ ਕਰ ਦੇਖ। ਜੋ ਮਾਇਆ ਹੋਂਦੇ ਰਾਜ ਵਿਚ ਰਹਿਣ ਅਲੇਪ।**
**ਸਭ ਕਿਛੁ ਦਾਤਿ ਗੁਰੂ ਕੀ ਜਾਣੇ। ਸ਼ਬਦ ਪੋਥੀ ਗੁਰਵਾਕ ਪਛਾਣੇ।੧੪੩।.....**
**ਸੋ ਮਾਇਕੀ ਸਿਖ ਰਾਜਾ ਕਹੀਐ। ਰਾਜ ਪਾਇ ਰਹੈ ਨਿਰਲੇਪ ਮੁਰੀਦ ਸੋ ਲਹੀਐ।**
**ਦੀਦਾਰੀ, ਮੁਕਤੇ, ਮੁਰੀਦ ਇਹ ਤਿੰਨ ਅਸਾਡੇ।**
**ਮਾਇਕੀ ਸਿਖ ਰਾਜੇ ਧਰਮਰਾਇ ਦੇ ਦਰਵਾਜ਼ੇ।੧੪੭।** *(ਦਸਵਾਂ ਚਰਣ)*

ਇਕ ਗੱਲ ਹੋਰ, ਚੂੰਕਿ ਤੁਰਕ ਹਾਕਮਾਂ ਸਿੱਖਾਂ ਉੱਤੇ ਵਰ੍ਹਿਆਂ-ਬੱਧੀ ਲਗਾਤਾਰ ਬੇਪਨਾਹ ਜ਼ੁਲਮ ਕੀਤੇ ਸਨ, ਉਨ੍ਹਾਂ ਦੇ ਘਰ-ਬਾਰ ਫੂਕੇ, ਬੱਚਿਆਂ ਨੂੰ ਮਾਰਿਆ, ਤ੍ਰੀਮਤਾਂ ਨੂੰ ਬੇ-ਪੱਤ ਕੀਤਾ ਅਤੇ ਨੌਜੁਆਨ ਗੱਭਰੂਆਂ ਨੂੰ ਚਰਖੜੀ ਚਾੜ੍ਹ ਕੇ, ਕਾਠ ਮਾਰ ਕੇ ਜਾਂ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਸੀ। ਇਹ ਗੱਲ ਇਕ ਦਿਨ ਜਾਂ ਇਕ ਮਹੀਨਾ ਨਹੀਂ ਹੋਈ ਸਗੋਂ ਲਗਾਤਾਰ ਪੰਜਾਹ ਵਰ੍ਹੇ ਹੁੰਦੀ ਰਹੀ, ਇਸ ਕਰਕੇ ਸਿਖ ਮਾਨਸਿਕਤਾ ਅਤਿਅੰਤ ਪੀੜਤ ਸੀ ਤੇ ਉਨ੍ਹਾਂ ਦਾ ਚਾਰਾ ਵੀ ਕੋਈ ਨਹੀਂ ਸੀ ਚੱਲਦਾ। ਅਜਿਹੇ ਦੁਖੀ ਮਨਾਂ ਵਿਚੋਂ ਸਦਾ ਬਦ-ਅਸੀਸਾਂ ਨਿਕਲਦੀਆਂ ਸਨ ਤੇ ਕਈ ਵਾਰ ਉਨ੍ਹਾਂ ਦੇ ਵੱਡੇ ਵਡੇਰੇ ਪੀਰ ਪੈਗੰਬਰਾਂ ਨੂੰ ਵੀ ਬੁਰਾ ਭਲਾ ਕਹਿ ਦੇਣਾ ਸਾਧਾਰਨ ਗੱਲ ਹੋ ਗਈ ਸੀ। ਇਹ ਗੱਲ ਅਸੀਂ ਇਸ ਲਈ ਲਿਖ ਰਹੇ ਹਾਂ ਕਿ ਕੇਸਰ ਸਿੰਘ ਨੇ ਇਸੇ ਪੀੜਤ ਵਾਤਾਵਰਣ ਦੇ ਪ੍ਰਭਾਵ ਹੇਠ ਹਜ਼ਰਤ ਮੁਹੰਮਦ ਨੂੰ 'ਮਹਾਂਮੰਦ' ਜਾਂ ਫਿਰ 'ਅੱਲਾਹੁਲਬਿਲਾ' ਤੋਂ ਬਿਲੱਾ ਬਣਾ ਕੇ ਉਸ ਨਾਲ ਇਕ ਭੱਦੀ ਕਹਾਣੀ ਜੋੜੀ ਹੈ। ਅਸੀਂ ਕਿਸੇ ਵੀ ਮਜ਼ਹਬੀ ਆਗੂ ਲਈ ਅਜਿਹੀ ਗੱਲ ਕਹਿਣਾ ਉਚਿਤ ਨਹੀਂ ਸਮਝਦੇ ਪਰ ਨਾਲ ਹੀ ਅਸੀਂ ਜਾਣਦੇ ਹਾਂ ਕਿ ਜਿਨ੍ਹਾਂ ਲੋਕਾਂ ਦਾ ਮਨ ਅੰਦਰੋਂ ਸੜਿਆ ਬਲਿਆ ਸੀ ਤੇ ਬੇਬੱਸ ਵੀ ਸੀ, ਉਹ ਵਿਚਾਰੇ ਕੀ ਕਰਦੇ, ਜ਼ਾਲਮ ਹਾਕਮਾਂ ਦੇ ਸਤਾਏ ਇਹੋ ਕੁਝ ਕਹਿ ਸਕਦੇ

ਸਨ। ਜੇ ਲੇਖਕ ਨੇ ਵੀ ਇਸ ਦੁਖੀ ਮਾਨਸਿਕ ਅਵਸਥਾ ਦੀ ਰੂਪ-ਰੇਖਾ ਉਲੀਕ ਦਿੱਤੀ ਤਾਂ ਇਹ ਕੋਈ ਅਨੋਖੀ ਗੱਲ ਨਹੀਂ, ਇਹ ਤਾਂ ਭਿਆਨਕ ਸਮੇਂ ਦੀ ਛਾਪ ਨਾਲ ਵਲੂੰਧਰੇ ਦਿਲਾਂ ਦੇ ਜ਼ਖ਼ਮਾਂ ਦੀ ਕੂਕ ਪੁਕਾਰ ਹੈ, ਜਿਨ੍ਹਾਂ ਨੂੰ ਕਿਵੇਂ ਵੀ ਲੁਕਾਇਆ ਨਹੀਂ ਸੀ ਜਾ ਸਕਦਾ। ਅਸੀਂ ਫਿਰ ਵੀ ਇਸ ਗੁਸਤਾਖ਼ੀ ਲਈ ਖ਼ਿਮਾ ਜਾਚਨਾ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ।

ਇਹ ਤਾਂ ਅੱਜ ਵੀ ਪੰਜਾਬੀ ਮੁਹਾਵਰੇ ਤੋਂ ਪ੍ਰਗਟ ਹੁੰਦਾ ਹੈ—'ਮਾੜਾ ਢੱਗਾ ਖਸਮੈ ਗਾਲ੍ਹ।' ਜੋ ਕੋਈ ਬਲਦ ਕਮਜ਼ੋਰ ਜਾਂ ਕੋਈ ਨੁਕਸ ਵਾਲਾ ਹੋਵੇ ਤਾਂ ਉਸ ਦੀ ਬੁਰਿਆਈ ਦਾ ਉਲ੍ਹਾਮਾ ਮਾਲਕ ਨੂੰ ਜਾਂਦਾ ਹੈ। ਸੋ ਇਥੇ ਵੀ ਇਸੇ ਤਰ੍ਹਾਂ ਹੀ ਹੋਈ। ਜ਼ਾਲਮ ਦੇ ਜ਼ੁਲਮਾਂ ਤੋਂ ਤੰਗ ਆਏ ਲੋਕ ਉਨ੍ਹਾਂ ਦੇ ਵੱਡਿਆਂ ਨੂੰ ਵੀ ਕੋਸਣ ਲੱਗ ਪਏ ਸਨ।

## (ਅ) ਊਣਤਾਈਆਂ

ਹੁਣ ਤਾਈਂ ਅਸੀਂ ਲੇਖਕ ਦੀ ਮਿਹਨਤ ਘਾਲ ਤੇ ਇਤਿਹਾਸ-ਸੰਭਾਲ ਦੀਆਂ ਖ਼ੂਬੀਆਂ ਦੱਸੀਆਂ ਹਨ ਪਰ ਇਸ ਦਾ ਇਹ ਭਾਵ ਨਹੀਂ ਕਿ ਇਸ ਲਿਖਤ ਵਿਚ ਕੋਈ ਊਣਤਾਈ ਨਹੀਂ ਜਾਂ ਇਹ ਬਿਲਕੁਲ ਨਿਰਦੋਸ਼ ਰਚਨਾ ਹੈ। ਕੁਝ ਗੱਲਾਂ ਧਿਆਨ-ਗੋਚਰੇ ਕਰਦੇ ਹਾਂ।

(੧) ਪਹਿਲੀ ਊਣਤਾਈ ਸਾਨੂੰ ਇਹ ਦ੍ਰਿਸ਼ਟੀ-ਗੋਚਰ ਹੁੰਦੀ ਹੈ ਕਿ ਲੇਖਕ ਨੇ ਇਤਿਹਾਸਕਾਰੀ ਦੀ ਚਿੱਟੀ ਚਾਦਰ ਉੱਤੇ ਥਾਂ ਥਾਂ ਖ਼ਾਹਮਖ਼ਾਹ ਪੁਰਾਣਕ ਗੱਪਾਂ ਦਾ ਕਲੰਕ ਲਾ ਛੱਡਿਆ ਹੈ ਤੇ ਇਸ ਨਾਲ ਇਤਿਹਾਸਕਿਤਾ ਨੂੰ ਬਹੁਤ ਠੇਸ ਪਹੁੰਚੀ ਹੈ। ਫਿਰ ਇਨ੍ਹਾਂ ਪੁਰਾਣਕ ਕਥਾਵਾਂ ਨੂੰ ਇਤਨਾ ਵਿਸਥਾਰ ਦਿੱਤਾ ਹੈ ਕਿ ਕਿਤੇ ਕਿਤੇ ਅਸਲ ਇਤਿਹਾਸਕ ਵਿਥਿਆ ਬਿਲਕੁਲ ਅੱਖੋਂ ਉਹਲੇ ਹੋ ਜਾਂਦੀ ਹੈ।

(੨) ਲੇਖਕ ਦੇ ਮਨ ਉੱਤੇ ਕਰਮ-ਸਿੱਧਾਂਤ ਵੀ ਭੈੜੀ ਤਰ੍ਹਾਂ ਛਾਇਆ ਹੋਇਆ ਹੈ। ਹਰ ਘਟਨਾ ਦਾ ਪਿਛੋਕੜ ਉਹ ਕਿਸੇ ਕਰਮ ਫਲ ਨਾਲ ਜਾ ਜੋੜਦਾ ਹੈ। ਹੋ ਸਕਦਾ ਹੈ ਕੋਈ ਗੱਲ ਕੁਝ ਹੱਦ ਤਕ ਸਹੀ ਹੋਵੇ ਪਰ ਅਸੀਂ ਤਾਂ ਇਹ ਜਾਣਨਾ ਚਾਹਾਂਗੇ ਕਿ ਕਰਤਾ ਨੇ ਇਹ ਘਟਨਾ ਕਿਸ ਗ੍ਰੰਥ ਵਿਚੋਂ ਲਈ ਹੈ ਜਾਂ ਕਿਸ ਅਗਲੀ ਪਿਛਲੀ ਜਾਣਨ ਵਾਲੇ ਪਰੋਹਤ ਨੇ ਉਸਨੂੰ ਇਹ ਗੱਲ ਦੱਸੀ ਹੈ। ਮਿਸਾਲ ਲਈ ਉਹ ਕਹਿੰਦਾ ਹੈ ਕਿ ਪ੍ਰਿਥੀਚੰਦ ਕਿਸੇ ਪਿਛਲੇ ਜਨਮ ਵਿਚ ਖ਼ਰਗੋਸ਼ ਸੀ ਤੇ ਉਸ ਨੂੰ ਅਰਜਨ ਨੇ ਤੀਰ ਮਾਰਿਆ ਸੀ, ਇਸ ਕਰਕੇ ਗੁਰੂ ਅਰਜਨ ਸਾਹਿਬ ਤੋਂ ਬਦਲਾ ਲੈਣ ਖ਼ਾਤਰ ਉਸ ਸਾਰੇ ਕਾਰੇ ਕੀਤੇ। ਇਸੇ ਤਰ੍ਹਾਂ ਔਰੰਗਜ਼ੇਬ ਬਾਰੇ ਇਹ ਕਿਹਾ ਹੈ ਕਿ ਉਹ ਦੁਆਪੁਰ ਵਿਚ ਕਿਸੇ ਟੋਭੇ ਅੰਦਰ ਕਛੋਪਰ੍ਹਾ ਬਣ ਕੇ ਫਿਰ ਰਿਹਾ ਸੀ, ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ ਇੱਟਾਂ ਮਾਰ ਮਾਰ ਕੇ ਮਾਰਿਆ। ਸੋ ਹੁਣ ਉਹ ਬਾਦਸ਼ਾਹ ਹੋ ਕੇ ਉਸ ਕਾਰੇ ਦਾ ਬਦਲਾ ਲੈ ਰਿਹਾ ਹੈ। ਇਹੋ ਜਿਹੀਆਂ ਕਾਲਪਨਿਕ ਕਹਾਣੀਆਂ ਇਤਿਹਾਸਕਾਰੀ ਦੀ ਸੋਭਾ ਨਹੀਂ ਵਧਾਉਂਦੀਆਂ, ਸਗੋਂ ਲੇਖਕ ਦੇ ਗੁਆਚੇ ਦਿਮਾਗ਼ੀ ਸੰਤੁਲਨ ਦਾ ਦਿਖਾਵਾ ਕਰਦੀਆਂ ਹਨ।

ਅਜਿਹੀਆਂ ਮਨਘੜਤ ਕਥਾਵਾਂ ਲਿਖ ਕੇ ਲੇਖਕ ਸਤਿਗੁਰਾਂ ਦੀਆਂ ਬੇਮਿਸਾਲ ਕੁਰਬਾਨੀਆਂ ਤੇ ਸ਼ਹੀਦੀਆਂ ਨੂੰ ਵੀ ਮਿੱਟੀ-ਘੱਟੇ ਰੋਲ ਬੈਠਦਾ ਹੈ ਕਿ ਜੇ ਇਹ ਪਿਛਲੇ ਜਨਮ ਦੇ ਗ਼ਲਤ ਕੰਮਾਂ ਦਾ ਹੀ ਫਲ ਸੀ ਤਾਂ ਅਸੀਂ ਇਨ੍ਹਾਂ ਨੂੰ 'ਸ਼ਹੀਦੀਆਂ' ਕਹਿ ਕੇ ਕਿਵੇਂ ਸ਼ਰਧਾਂਜਲੀ ਅਰਪਣ ਕਰ ਸਕਦੇ ਹਾਂ। ਇਹ ਅਸਲੀਅਤ ਹੈ ਕਿ ਕੇਸਰ ਸਿੰਘ ਬ੍ਰਾਹਮਣਵਾਦੀ ਪੁਰਾਣਕ ਪ੍ਰਵਿਰਤੀ ਦਾ ਸ਼ਿਕਾਰ ਹੈ ਤੇ ਉਹ ਵਧੀਆ ਇਤਿਹਾਸਕ ਸਮੱਗਰੀ ਪੇਸ਼ ਕਰਦਾ ਕਰਦਾ, ਫਿਰ ਇਸ ਅਵਿਗਿਆਨਕ ਰੁਝਾਨ ਵਿਚ ਗ਼ਲਤਾਨ ਹੋ ਜਾਂਦਾ ਹੈ, ਉਸ ਨੂੰ ਪਤਾ ਨਹੀਂ ਰਹਿੰਦਾ ਕਿ ਉਹ ਕੀ ਕੁਝ ਲਿਖੀ ਜਾ ਰਿਹਾ

ਹੈ। ਚੌਧਵੇਂ ਚਰਣ ਦੇ ੧੯੩ ਨੰਬਰ ਛੰਦ ’ਤੇ, ਗ੍ਰੰਥ ਸਮਾਪਤੀ ਲਾਗੇ ਪੁਜ ਜਾਂਦਾ ਹੈ ਪਰ ਲੇਖਕ ਪੁਰਾਣਕ ਪ੍ਰੇਤ ਦੇ ਅਸਰ ਹੇਠ ਆਇਆ ਮੁੜ ਰਘੁਬੰਸੀਆਂ ਦੀ ਕਥਾ ਛੇੜ ਬਹਿੰਦਾ ਹੈ ਤੇ ਉਸ ਨਾਲ ਬੇਦੀ, ਤ੍ਰੇਹਣ, ਭੱਲੇ ਤੇ ਸੋਢੀਆਂ ਦੀ ਅੰਗਲੀ-ਸੰਗਲੀ ਜੋੜਦਾ ਜੋੜਦਾ ੬੪੫ ਛੰਦ ਤਕ ਵਧਾਣ ਵਧਾਂਦਾ ਜਾਂਦਾ ਹੈ, ਜਿਸ ਦੀ ਕੋਈ ਲੋੜ ਨਹੀਂ ਸੀ।

(੩) ਕੇਸਰ ਸਿੰਘ ਛਿੱਬਰ ਬ੍ਰਾਹਮਣ ਹੈ, ਗੁਰਬਾਣੀ ਦੇ ਇਸ ਸਿੱਧਾਂਤ ਤੋਂ ਵੀ ਜਾਣੂ ਹੈ ਕਿ ਸਿਖੀ ਵਿਚ ਜਾਤ ਪਾਤ ਦੀ ਮੰਨਤਾ ਨਹੀਂ ਹੈ ਤੇ ਨਾ ਹੀ ਬ੍ਰਾਹਮਣ ਵਰਣ ਦੀ ਸਰਬੋਤਮਤਾ ਸਿੱਖੀ ਨੂੰ ਪਰਵਾਨ ਹੈ। ਪਰ ਉਹ ਫਿਰ ਵੀ ਜਿਥੇ ਦਾਅ ਲੱਗਦਾ ਹੈ, ਹਰ ਥਾਂ ਬ੍ਰਾਹਮਣਾਂ ਦੀ ਤਾਰੀਫ਼ ਦੇ ਪੁਲ ਬੰਨ੍ਹ ਛੱਡਦਾ ਹੈ। ਗੁਰੂ ਸਾਹਿਬ ਨੇ ਪੰਡਤਾਂ ਦੇ ਕਹੇ ਕਹਾਏ ਦੇਵੀ ਪੂਜਾ ਲਈ ਹੋਮ ਯੱਗ ਦਾ ਪ੍ਰਬੰਧ ਕਰਾਇਆ ਕਿਉਂਕਿ ਸਾਰੇ ਮੁਖੀ ਬ੍ਰਾਹਮਣ ਇਹੋ ਰਾਇ ਦਿੰਦੇ ਸਨ ਕਿ ਮਲੇਛਾਂ ਦੇ ਨਾਸ਼ ਲਈ ਦੇਵੀ ਪ੍ਰਗਟ ਕਰਨਾ ਅਤਿ ਜ਼ਰੂਰੀ ਹੈ ਅਤੇ ਆਮ ਨਿਰਬਲ ਹਿੰਦੂ ਜਨ-ਸਾਧਾਰਣ ਵੀ ਇਸੇ ਰਾਇ ਦਾ ਸੀ। ਇਸ ਭ੍ਰਾਂਤੀ ਨੂੰ ਦੂਰ ਕਰਨ ਲਈ ਨਾਟਕ ਰਚਨਾ ਜ਼ਰੂਰੀ ਸੀ।

ਗੁਰੂ ਗੋਬਿੰਦ ਸਿੰਘ ਦਾਨੇ-ਬੀਨੇ ਆਗੂ ਸਨ, ਉਨ੍ਹਾਂ ਲੋਕਾਂ ਨੂੰ ਵੀ ਨਾਲ ਲੈਣਾ ਸੀ ਤੇ ਨਾਲ ਹੀ ਉਨ੍ਹਾਂ ਦਾ ਦਿਮਾਗ਼ੀ ਭਰਮ ਵੀ ਮਿਟਾਉਣਾ ਸੀ ਕਿ ਕੋਈ ਦੇਵੀ ਦੇਵਤਾ ਪ੍ਰਗਟ ਨਹੀਂ ਹੁੰਦਾ। ਇਹ ਤਾਂ ਖ਼ੁਦ ਆਤਮਾ ਦੀ ਅੰਦਰਲੀ ਜੋਤਿ ਨੂੰ ਜਗਾ ਕੇ ਹੀ ਭਰਮ, ਭੈ ਤੇ ਦੁੱਖਾਂ ਕਲੇਸ਼ਾਂ ਦਾ ਅੰਨ੍ਹੇਰਾ ਮਿਟਾਉਣਾ ਪੈਂਦਾ ਹੈ। ਸੋ ਲੋਕਾਂ ਦੀ ਇਹ ਭਾਵਨਾ ਦੇਖ ਕੇ ਸਤਿਗੁਰਾਂ ੧੭੩੫ ਬਿ: ਵਿਚ ਹੋਮ ਯੱਗ ਦਾ ਪ੍ਰਬੰਧ ਕਰਵਾਇਆ ਤੇ ਕੁਝ ਬ੍ਰਾਹਮਣਾਂ ਨੂੰ ਵੀ ਇਧਰੋਂ ਉਧਰੋਂ ਬੁਲਵਾਇਆ। ਦੇਵੀ ਤਾਂ ਪ੍ਰਗਟ ਨਾ ਹੋਈ ਪਰ ਸਤਿਗੁਰਾਂ ਸਾਰੀ ਸਮੱਗਰੀ ਅਗਨੀ ਭੇਟ ਕਰ ਕੇ ਤੇਗ ਚਮਕਾਈ ਤੇ ਸਾਰੇ ਲੋਕਾਂ ਨੂੰ ਦਿਖਾਈ ਕਿ ਇਹੋ ਤੇਗ, ਦੇਵੀ ਹੈ ਜੋ ਦੁਸ਼ਟਾਂ ਦਾ ਖੈ ਕਰ ਕੇ ਗ਼ਰੀਬਾਂ ਧਰਮੀਆਂ ਦੀ ਜੈ ਜੈ ਕਾਰ ਕਰਾਏਗੀ।

ਇਸੇ ਪ੍ਰਸੰਗ ਵਿਚ ਲੇਖਕ ਕਹਿੰਦਾ ਹੈ ਕਿ ਜਿਨ੍ਹਾਂ ਬ੍ਰਾਹਮਣਾਂ ਨੇ ਇਸ ਹੋਮ ਯੱਗ ਦਾ ਅਨੁਸ਼ਠਾਨ ਕੀਤਾ, ਸਤਿਗੁਰਾਂ ਉਨ੍ਹਾਂ ਬ੍ਰਾਹਮਣਾਂ ਦੀ ਉਪਮਾ ਵਿਚ ‘ਸੇਵ ਕਰੀ ਇਨਹੀ ਕੀ ਭਾਵਤ’ ਆਦਿ ਸ੍ਵੈਈਏ ਕਹੇ। ਇਸ ਭਲੇ ਪੁਰਸ਼ ਨੂੰ ਪੁੱਛੇ ਕਿ ਜਦੋਂ ਅਜੇ ਕੋਈ ਜੰਗ ਜੁੱਧ ਹੀ ਨਹੀਂ ਸੀ ਹੋਇਆ ਤਾਂ ‘ਜੁੱਧ ਜਿਤੇ ਇਨਹੀ ਕੇ ਪ੍ਰਸਾਦਿ’ ਵਗ਼ੈਰਾ ਵਾਕ ਕਿਵੇਂ ਕਹੇ ਜਾ ਸਕਦੇ ਸਨ। ਇਹ ਤਾਂ ਬਹੁਤ ਪਿੱਛੋਂ ਦੀ ਗੱਲ ਹੈ, ਜਦੋਂ ਕਿ ਗੁਰੂ ਸਾਹਿਬ ਨੇ ਤੇਗਾਂ ਮਾਰਨ ਵਾਲੇ ਤੇ ਗੁਰੂ ਲਈ ਜਾਨਾਂ ਵਾਰਨ ਵਾਲੇ ਗ਼ਰੀਬ ਕਿਰਤੀ ਸਿੱਖਾਂ ਦੀ ਮਹਿਮਾ ਗਾ ਕੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ। ਸੋ ਇਹ ਛੰਦ ਬ੍ਰਾਹਮਣਾਂ ਦੀ ਸਿਫ਼ਤ ਵਿਚ ਨਹੀਂ ਕਹੇ ਗਏ, ਕੇਸਰ ਸਿੰਘ ਨੇ ਮੱਲੋ-ਮੱਲੀ ਇਥੇ ਟਾਂਕ ਕੇ ਇਨ੍ਹਾਂ ਦੀ ਦੁਰਵਰਤੋਂ ਕੀਤੀ ਹੈ।

(੪) ਬਾਲੇ ਵਾਲੀ ਜਨਮਸਾਖੀ ਦੇ ਪ੍ਰਭਾਵ ਕਰਕੇ ਛਿੱਬਰ ਨੇ ਗੁਰੂ ਨਾਨਕ ਸਾਹਿਬ ਦੀ ਜਨਮ ਤਿਥੀ ਕੱਤਕ ਦੀ ਪੂਰਨਮਾਸ਼ੀ ਲਿਖੀ ਹੈ, ਜਦੋਂ ਕਿ ਇਸ ਤੋਂ ਪਹਿਲੀਆਂ ਪੁਰਾਤਨ ਜਨਮ ਸਾਖੀਆਂ ਵਿਚ ਵਧੇਰੇ ਕਰਕੇ ‘ਵਿਸਾਖ ਸੁਦੀ ਤ੍ਰਿਤੀਆ’ ਹੀ ਅੰਕਿਤ ਹੈ। ਹੋ ਸਕਦਾ ਹੈ ਕਿ ਉਸ ਸੰਕਟ ਕਾਲ ਵਿਚ ਲੇਖਕ ਨੂੰ ਹੋਰ ਜਨਮ ਸਾਖੀਆਂ ਹਾਸਲ ਹੀ ਨਾ ਹੋਈਆਂ ਹੋਣ। ਸੋ ਜੋ ਕੁਝ ਮਿਲਿਆ, ਉਸ ਉਵੇਂ ਹੀ ਲਿਖ ਧਰਿਆ। ਹੋਰ ਵੀ ਅਨੇਕਾਂ ਸੰਮਤ ਹਨ, ਜਿਨ੍ਹਾਂ ਨੂੰ ਗੁਰ-ਪ੍ਰਣਾਲੀਆਂ ਨਾਲ ਮਿਲਾ ਕੇ ਘੋਖਣ ਦੀ ਲੋੜ ਹੈ। ਇਹ ਕੰਮ ਅਸੀਂ ਭਵਿੱਖਤ ਦੇ ਖੋਜੀਆਂ ਉੱਤੇ ਛੱਡ ਕੇ ਇਸ ਲੰਮੀ ਬਹਿਸ ਨੂੰ ਇਥੇ ਹੀ ਛੇੜਨ ਦੀ ਲੋੜ ਨਹੀਂ ਸਮਝਦੇ। ਕਈ ਗੱਲਾਂ ਡੂੰਘੀ ਵਿਚਾਰ ਮੰਗਦੀਆਂ ਹਨ। ਮਿਸਾਲ ਲਈ ਸਾਰੀਆਂ ਗੁਰ-ਪ੍ਰਣਾਲੀਆਂ ਵਿਚ ਮੋਹਨ ਨੂੰ ਗੁਰੂ ਅਮਰਦਾਸ ਜੀ ਦਾ ਪੁੱਤਰ ਲਿਖਿਆ ਹੈ ਪਰ

ਛਿੱਬਰ ਸਾਨੂੰ ਦੱਸਦਾ ਹੈ ਕਿ ਗੁਰੂ ਅਮਰਦਾਸ ਜੀ ਦਾ ਪੁੱਤਰ ਨੰਦ ਸੀ ਤੇ ਅੱਗੇ ਨੰਦ ਦਾ ਪੁੱਤਰ ਮੋਹਨ ਸੀ। ਇਕ ਥਾਂ ਇਸ ਨੂੰ ਗੁਰੂ ਅਰਜਨ ਸਾਹਿਬ ਦਾ 'ਮਲਯੇਰ'—ਮਾਮੇ ਦਾ ਪੁੱਤਰ ਵੀ ਲਿਖਿਆ ਹੈ, ਜੋ ਇਸ ਅਨੁਸਾਰ ਸਹੀ ਹੈ। ਇਉਂ ਜਾਪਦਾ ਹੈ ਕਿ ਜਿਵੇਂ ਇਹ ਗੱਲ ਉਸ ਨੇ ਕਿਸੇ ਭੱਲਾ ਘਰਾਣੇ ਦੇ ਸਿਆਣੇ ਤੋਂ ਪੁੱਛ ਪੁਛਾ ਕੇ ਲਿਖੀ ਹੋਵੇ ਪਰ ਫਿਰ ਵੀ ਇਸ ਦੀ ਖੋਜ ਪੜਤਾਲ ਹੋਣੀ ਚਾਹੀਦੀ ਹੈ।

ਅੰਤਲੇ ਚਰਣ ਵਿਚ ਆਪਣੇ ਜ਼ਮਾਨੇ ਦੇ ਮੁਖੀ ਸਿਖ ਸਰਦਾਰਾਂ ਦਾ ਆਚਰਣ ਦੱਸਦਿਆਂ ਲੇਖਕ ਨਿਝੱਕ ਹੋ ਕੇ ਉਨ੍ਹਾਂ ਦੀ ਮਾਇਕ ਪ੍ਰਵਿਰਤੀ ਦੀ ਚਰਚਾ ਕਰਦਾ ਹੈ ਤੇ ਇਹ ਵੀ ਨਾਲ ਕਹਿੰਦਾ ਹੈ ਕਿ ਇਹ ਲੋਕ ਸਿੱਖੀ ਵੱਲੋਂ ਦੂਰ ਹੁੰਦੇ ਜਾ ਰਹੇ ਹਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਜੋ ਗ਼ਰੀਬੀ, ਨਿੰਮ੍ਰਤਾ ਤੇ ਸਬਰ ਸੰਤੋਖ ਸਿਖਾਇਆ ਸੀ, ਉਹ ਇਨ੍ਹਾਂ ਵਿਚ ਨਹੀਂ। ਇਹ ਗੱਲ ਕਾਫ਼ੀ ਹੱਦ ਤਕ ਠੀਕ ਵੀ ਹੈ।

ਭਾਈ ਕੇਸਰ ਸਿੰਘ ਦੀ ਦਲੇਰੀ ਤੇ ਨਿਰਭੈਤਾ ਦੀ ਦਾਦ ਦੇਣੀ ਪੈਂਦੀ ਹੈ ਕਿ ਉਸ ਨੇ ਇਨ੍ਹਾਂ ਮਾਇਕੀ ਸਿੱਖਾਂ ਦੀ ਪਰਵਾਹ ਨਾ ਕਰਦਿਆਂ ਜ਼ਮਾਨੇ ਦਾ ਸੱਚ ਸਪੱਸ਼ਟ ਕਹਿ ਦਿੱਤਾ ਹੈ। ਆਮ ਲੇਖਕ ਤੇ ਕਵੀ ਕਵੀਸ਼ਰ ਕਈ ਵਾਰ ਖ਼ੁਸ਼ਾਮਦ ਕਰਨ ਵਿਚ ਵੀ ਸ਼ਰਮ ਮਹਿਸੂਸ ਨਹੀਂ ਕਰਦੇ, ਪਰ ਸਾਡਾ ਲੇਖਕ ਇਸ ਔਗੁਣ ਤੋਂ ਬਚਿਆ ਹੋਇਆ ਹੈ। ਉਹ ਕਹਿੰਦਾ ਹੈ:

**ਮੈਂ ਭਿ ਆਪਣੇ ਸਤਿਗੁਰ ਦਾ ਆਸਰਾ ਲੈ ਕੇ ਹੈ ਕਹਿਆ।**
**ਮੇਰੇ ਉਪਰਿ ਕੋਈ ਗੁੱਸਾ ਕਰੇ, ਸੋ ਭੀ ਪੱਕਾ ਮੂਰਖ ਹੈ ਲਹਿਆ।੪੦੨।**
**ਅੱਗੋਂ ਹੁਣ ਚਤੁਰ ਬੁਧਿਵਾਨ ਕਵੀਸ਼ਰ ਬਹੁਤੇ ਹੋਵਣਗੇ।**
**ਕਥਨੀ ਸੁੰਦਰ ਕਰਿ ਕਰਿ, ਨਜ਼ਰਾਂ ਰਾਜਿਆਂ ਅੱਗੇ ਢੋਵਣਗੇ।**
**ਹੋਣੀ ਅਣਹੋਣੀ ਬਣਾਇ, ਭਾਉ ਦਾ ਮੂੰਹ ਦਿਖਾਵਣਗੇ।**
**ਕਾਰਨ ਪੇਟ ਦੇ ਰਾਜਿਆਂ ਅੱਗੇ ਮੁਜਰੇ ਪਾਵਣਗੇ।੪੦੩।**
**ਮੈਨੂੰ ਕਿਸੇ ਰਾਜੇ ਪਰਜੇ ਧਨੀ ਨਾਲ ਨਹੀਂ ਆਸ਼ਨਾਈ।**
**ਅਤੇ ਮੈਂ ਨ ਨਜ਼ਰਾਂ ਦਿਖਾਈ, ਨ ਮੁਜਰਾ ਹੀ ਪਾਈ। ੪੦੪।**

ਇਹੋ ਨਹੀਂ, ਕਵੀ ਥਾਂ ਥਾਂ ਆਪਣੀਆਂ ਕਮੀਆਂ ਦੱਸਦਾ, ਨਿੰਮ੍ਰਤਾ ਦਾ ਪ੍ਰਗਟਾਵਾ ਵੀ ਕਰਦਾ ਹੈ, ਉਸ ਨੂੰ ਆਪਣੇ ਆਪ ਦਾ ਕੋਈ ਅਭਿਮਾਨ ਨਹੀਂ, ਹਲੀਮੀ ਉਸ ਦਾ ਖ਼ਾਸਾ ਹੈ, ਪੁਸਤਕ ਦੀਆਂ ਅੰਤਲੀਆਂ ਸਤਰਾਂ ਧਿਆਨ ਯੋਗ ਹਨ:

**ਸਿੰਘ ਕੇਸਰ ਛਿੱਬਰ ਮੂਰਖ ਹੈ। ਦੇਖਣ ਨੂੰ ਚੰਗੀ ਸੂਰਤਿ ਹੈ।**
**ਦੇਖਣ ਨੂੰ ਸੋਨਾ ਬਾਰ੍ਹਾ ਹੈ। ਪਰ ਭੀਤਰ ਭਰੀ ਭੰਗਾਰਾ ਹੈ।**
**ਦੇਖਣ ਨੂੰ ਰੁਪਯਾ ਟਕਸਾਲੀ ਹੈ। ਭੀਤਰ ਖੋਟਾ ਖ਼ਾਲੀ ਹੈ।**
**ਦੇਖਣ ਨੂੰ ਚਿੱਟਾ ਚਾਂਦੀ ਹੈ। ਭੀਤਰ ਭਰੀ ਭੰਗਾਰਾਂ ਦੀ ਹੈ।੬੨੧।**
**ਦੇਖਣ ਨੂੰ ਚਤੁਰ ਗਿਆਨੀ ਹੈ। ਮਨ ਅਪਣੇ ਇਕ ਨ ਮਾਨੀ ਹੈ।**
**ਵਿਚ ਮਜਲਿਸ ਸ਼ੋਭਾ ਪਾਂਦਾ ਹੈ। ਅਤੇ ਮਨ ਵਿਕਾਰੀਂ ਚਲਾ ਜਾਂਦਾ ਹੈ।**
**ਉਤਮ ਜਾਮਾ ਬ੍ਰਾਹਮਣ ਹੈ। ਕਛੁ ਵਿਦਿਆ ਨ ਸਿਖੀ ਮਨ ਹੈ।**
**ਸ਼ਬਦ ਬਾਣੀ ਭੀ ਪੜ੍ਹਦਾ ਹੈ। ਤੇ ਫੇਰ ਕੁਸੰਗਤਿ ਵੜਦਾ ਹੈ।**
**ਧਰਮ ਚੰਦ ਗੁਰੂ ਕੇ ਖ਼ਜ਼ਾਨਚੀ ਕਾ ਨਾਤੀ ਹੈ।**
**ਅਤੇ ਗੁਰ ਕੀ ਵਡਿਆਈ ਇਕ ਨ ਜਾਤੀ ਹੈ।**

ਅਸੀਂ ਲੇਖਕ ਦੀਆਂ ਵਿਸ਼ੇਸ਼ਤਾਈਆਂ ਤੇ ਊਣਤਾਈਆਂ ਬਾਰੇ ਇਥੇ ਕੁਝ ਚਰਚਾ ਕੀਤਾ ਹੈ

ਪਰ ਅਸਾਡੇ ਲਈ ਇਹ ਵੀ ਜਾਣਨਾ ਜ਼ਰੂਰੀ ਹੈ ਕਿ ਉਸ ਨੇ ਇਹ ਸਭ ਕੁਝ ਕਿਸ ਹਾਲਤ ਵਿਚ ਲਿਖਿਆ। ਸਮੇਂ ਦੇ ਪ੍ਰਭਾਵਾਂ ਤੋਂ ਕੋਈ ਕਿਵੇਂ ਅਭਿੱਜ ਰਹਿ ਸਕਦਾ ਹੈ? ਦੂਜੀ ਗੱਲ ਇਹ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਆਮ ਲੋਕ ਗ੍ਰੰਥਾਂ ਵਿਚੋਂ ਖੋਜ ਭਾਲ ਕੇ ਨਵਾਂ ਗ੍ਰੰਥ ਬਣਾਉਂਦੇ ਹਨ। ਲੇਕਿਨ ਜਾਪਦਾ ਹੈ ਕਿ ਕੇਸਰ ਸਿੰਘ ਨੂੰ ਸਿਖ ਇਤਿਹਾਸ ਬਾਰੇ ਬਹੁਤੇ ਗ੍ਰੰਥ ਉਸ ਸਮੇਂ ਪ੍ਰਾਪਤ ਵੀ ਨਹੀਂ ਸਨ, ਜਿਵੇਂ ਕਿ *ਪੰਜ ਸੌ ਸਾਖੀ, ਸ੍ਰੀ ਗੁਰ ਸੋਭਾ, ਪਰਚੀ ਪਾਤਸ਼ਾਹੀ ਦਸਵੀਂ ਕੀ* (ਸੇਵਾ ਦਾਸ, ੧੭੪੧ ਈ:), *ਗੁਰਬਿਲਾਸ ਕੁਇਰ ਸਿੰਘ* (੧੭੫੧ ਈ:) ਉਸ ਦੀ ਨਜ਼ਰੀਂ ਨਹੀਂ ਚੜ੍ਹੇ, ਜੇ ਐਸਾ ਹੁੰਦਾ ਤਾਂ ਸਾਨੂੰ ਉਨ੍ਹਾਂ ਦਾ ਕਿਤੇ ਨਾ ਕਿਤੇ ਝਾਉਲਾ ਪੈਂਦਾ ਦਿਸਦਾ। ਉਸ ਦੀ ਲਗਨ, ਮਿਹਨਤ ਤੇ ਖੋਜ ਭਾਲ ਦਾ ਸ਼ੌਕ ਇਹ ਸੀ ਕਿ ਉਸ ਨੇ ਗੁਰੂ ਸਾਹਿਬਾਨ ਦੇ ਵੱਡੇ ਵਡੇਰਿਆਂ ਤੇ ਸਾਹਿਬਜ਼ਾਦਿਆਂ ਬਾਰੇ ਇਨ੍ਹਾਂ ਦੇ ਉਤਰਾਧਿਕਾਰੀਆਂ ਨਾਲ ਸੰਪਰਕ ਪੈਦਾ ਕਰ ਕੇ ਲੋੜੀਂਦੀ ਸਮੱਗਰੀ ਪ੍ਰਾਪਤ ਕਰਨ ਦਾ ਉਪਰਾਲਾ ਕੀਤਾ। ਜੋ ਵੀ ਉਸ ਨੇ ਅਨੇਕਾਂ ਸਾਲ ਸੰਮਤ ਲੱਭ ਕੇ ਇਸ ਗ੍ਰੰਥ ਵਿਚ ਦਰਜ ਕੀਤੇ ਹਨ, ਉਨ੍ਹਾਂ ਵਿਚੋਂ ਬਹੁਤਿਆਂ ਦੀ ਪ੍ਰਮਾਣਿਕਤਾ ਮੰਨਣ ਯੋਗ ਹੈ। ਉਮੀਦ ਹੈ ਕਿ ਇਸ ਗ੍ਰੰਥ ਤੋਂ, ਖੋਜੀ ਲੇਖਕ, ਲੋੜੀਂਦੀ ਜਾਣਕਾਰੀ ਲੈ ਕੇ ਗੁਰ-ਇਤਿਹਾਸ ਨੂੰ ਸਮਝਣ, ਸੰਵਾਰਨ ਦਾ ਜਤਨ ਕਰਨਗੇ।

*ਗੁਰੂ ਪੰਥ ਦਾ ਦਾਸ:*
**ਪਿਆਰਾ ਸਿੰਘ ਪਦਮ**

ਕਲਮ ਮੰਦਿਰ, ਲੋਯਰ ਮਾਲ
ਪਟਿਆਲਾ
ਨਵੰਬਰ ੧੯੯੬

# ਬੰਸਾਵਲੀਨਾਮਾ
## ਦਸਾਂ ਪਾਤਸ਼ਾਹੀਆਂ ਕਾ

ਕ੍ਰਿਤ ਭਾਈ ਕੇਸਰ ਸਿੰਘ ਛਿੱਬਰ

ੴ ਸਤਿਗੁਰ ਪ੍ਰਸਾਦਿ।

# ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

### (ਕ੍ਰਿਤ ਕੇਸਰ ਸਿੰਘ ਛਿੱਬਰ)

## (੧) ਪਹਿਲਾ ਚਰਣ—ਪਹਿਲੀ ਪਾਤਸ਼ਾਹੀ

ਦੋਹਰਾ—ਸਤਿਗੁਰ ਪੁਰਖ ਮਨਾਇਕੈ ਪੂਜੈ ਸਗਲੇ ਦੇਵ।
ਰਿਖਿ ਤਪਸੀ ਕੇ ਚਰਨ ਲਗ ਸਫਲ ਹਮਾਰੀ ਸੇਵ।੧।

ਮਾਤਾ ਗਉਰਿ ਮਨਾਇਕੈ ਸੁਰਸਤੀ ਪੂਜੋਂ ਮਾਤ।
ਬਾਕਬਾਨੀ ਕੇ ਚਰਨ ਲਗ ਕੀਜੈ ਬਦਨ ਹਮਾਰਾ ਸ਼ਾਂਤ।੨।

ਗਉਰੀ ਪੂਤ ਗਨੇਸ ਜੀ ਬਿਨਤੀ ਸੁਨੀਐ ਏਹੁ।
ਭੂਲ ਚੂਕ ਮਮ ਖਿਮਾ ਕਰ ਬੁਧਿ ਉਜਲ ਕਰ ਦੇਹਿ।੩।

ਬਿਦਿਆ ਹੋਵੈ ਸੁਫਲ ਮੁਝ ਗੁਨਿਜਨ ਕੇ ਪ੍ਰਸਾਦਿ।
ਸਿੰਘ ਕੇਸਰ ਛਿਬ੍ਰ ਕੀ ਬੇਨਤੀ ਬੁਧਿ ਦਿਤੀ ਉਸਤਾਦ।੪।

ਚਉਦਹ ਚਰਨ ਬਨਾਇਕੈ ਰਾਖੋਂ ਪੋਥੀ ਮਾਹਿ।
ਕੋਈ ਦੀਰਘ ਕੋਈ ਲਘੁ ਹੈ ਸਭ ਏਕ ਸਾਰਖ ਨਾਹਿ।੫।

ਪ੍ਰਿਥਮ ਚਰਨ ਮੈ ਅਬ ਕਹੋਂ ਸਤਿਗੁਰ ਕੇ ਪ੍ਰਸਾਦਿ।
ਸੁਨੀ ਸੁਨਾਈ ਸੋਧਕੇ ਜੋਇ ਰਹੀ ਹੈ ਯਾਦ।੬।

ਸਾਧ ਸੰਗ ਕੀ ਸਭਾ ਮੈ, ਸਭ ਬੈਠੇ ਬੁਧਿਵਾਨ।
ਪਾਠ ਹੋਵੈ ਤਹਾਂ ਗ੍ਰੰਥ ਜੀ, ਗੁਰ ਚਰਚਾ ਕਰਤ ਗਿਆਨ।੭।

ਕਰ ਮਜਨ ਧਰਮਸਾਲ ਸਬ ਆਏ ਥੇ ਸਿਖ ਭੋਰ[੧]।
ਤਹਾਂ ਬਚਨ ਐਸੇ ਨਿਕਸਾ ਧਰਤੀ ਹੋਰ ਪਰੇ ਹੋਰ।੮।

ਇਸ ਦਾ ਅਰਥ ਬਿਚਾਰਤੇ ਗੁਜ਼ਰ ਗਏ ਦੁਇ ਜਾਮ[੨]।
ਤਬ ਸੁਤ ਸੇਵਾ ਸਿੰਘ ਰਰਾ[੩]—'ਪਿਤ! ਤੁਮ ਕਛੁ ਕਰੋ ਬਖਾਨ'।੯।

---

੧. ਸਵੇਰ ਸਮੇਂ। ੨. ਦੋ ਪਹਿਰ। ੩. ਕਿਹਾ, ਆਖਿਆ।

ਸੰਬਤ ਅਠਾਰਾਂ ਸੈ ਛਬੀਸ ਮੈ ਸਾਵਨ ਸੁਦਿ ਦਸ ਚਾਰ।
ਜੰਮੂ ਨਗਰੀ ਕੈ ਬਿਖੈ ਬੈਠੇ ਥੇ ਧਰਮਸਾਲ।੧੦।

ਸੁਨ ਸੁ ਪ੍ਰਭ ਬਿਅੰਤ ਅਪਰ ਅਪਾਰੇ। ਜਪੁ ਵਿਚ ਭੀ ਹੈ ਕਹਿਆ ਸੁਧਾਰੇ।
'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ।੧੧।

ਸਾਹਿਬ ਦਸਵੇਂ ਮਹਲ ਭੀ ਅਕਾਲ ਉਸਤਤਿ ਬੀਚ ਹੈ ਲਿਖਿਆ—
'ਜਿਹ ਅੰਡ ਤੇ ਬ੍ਰਹਮੰਡ। ਕੀਨੇ ਸੁ ਚੌਦਹ ਖੰਡ।'
ਏਕ ਫਲ ਮੈ ਏਹੁ ਸਾਰਾ ਬ੍ਰਹਮੰਡ ਕਹਾਵੈ।
ਇਹੁ ਕੌਨ ਗਿਨਤੀ ਮੈ ਜਿਤ ਅੰਤ ਕੋ ਪਾਵੈ।੧੨।

ਯਹ ਏਕ ਫਲ ਬ੍ਰਹਮੰਡ ਹੈ ਧਰਤੀਐਂ ਕਾ ਕਿਆ ਅੰਤ।
ਏਕ ਤਰੁਵਰ ਕੇ ਫਲ ਅਨੇਕ ਹੈਂ, ਇਹ ਕੌਨ ਗਿਨਤੀ ਮੈ ਜੰਤੁ।੧੩।

ਸੁਨ ਸੁਤ ਸੇਵਾ ਸਿੰਘ! ਪਿਆਰੇ। ਸਫਲ ਸੇਵਾ ਗੁਰ ਸੰਤ ਦੁਆਰੇ।
ਸੇਵਾ ਕਰੀਏ ਮਾਨ ਨ ਧਰੀਐ। ਬੇਅੰਤ ਪੁਰਖ ਕਾ ਅੰਤ ਨਾ ਕਰੀਏ।੧੪।

ਅਬ ਸੁਨੀਐ ਤਰੁਵਰ ਕੀ ਬਾਤ। ਜਾਂ ਕੋ ਅੰਡ ਫਲ ਅਨਿਕ ਲਗਾਤ।
ਕੋਈ ਅੰਡ ਕਹੇ ਕੋਈ ਕਹੇ ਫਲ। ਨਾਮ ਦੋਇ ਹੈਂ ਅਰਥ ਏਕ ਗਨਿ।੧੫।

ਤਿਨ ਫਲੋਂ ਕਾ ਅੰਤ ਕਿਛੁ ਨਾਹ। ਯਹ ਬ੍ਰਹਮੰਡ ਫਲ ਏਕੋ ਮਾਹ।
ਇਸ ਬ੍ਰਹਮੰਡ ਕਾ ਨਾਹੀ ਅੰਤ। ਜੋ ਹੈ ਏਕ ਫਲ ਮਾਹ ਬਿਅੰਤ।੧੬।

ਇਹ ਬ੍ਰਹਮੰਡ ਦਾ ਪ੍ਰਮਾਨ ਕਛੁ ਤੁਲਸੀਦਾਸ ਕਹਿਆ। ਤਾਂ ਕੇ ਰਾਮਾਇਨ ਲਿਖਿਆ ਲਹਿਆ।
ਸਾਤ ਦੀਪ ਕੇ ਪਰੇ ਰਵਿ ਸਸਿ ਨਹੀ ਪਾਈਐ।
ਤਾਕੇ ਪਰੇ ਧਰਤੀ ਸਵਰਨ ਕੀ ਸੋ ਗਿਨਤੀ ਮੋ ਨ ਆਈਐ।੧੭।

ਸਾਤ ਦੀਪ ਕੀ ਅਬ ਸੁਨੌ ਕਹਾਨੀ। ਜੈਸੇ ਸੁਨੀ ਤੈਸੇ ਕਹੌਂ ਬਖਾਨੀ।
ਇਕ ਲਖ ਜੋਜਨ ਜੰਬੂ ਦੀਪ ਭਨਿਜੈ। ਦੋਇ ਲਖ ਜੋਜਨ ਸਿੰਧੁ ਲਖਿਜੈ।੧੮।

ਤਾਂ ਕੇ ਪਰੇ ਚਾਰ ਲਖ ਜੋਜਨ ਸਾਕਰ ਦੀਪ ਕਹੀਐ।
ਤਾਂ ਕੇ ਗਿਰਦੇ ਆਠ ਲਾਖ ਜੋਜਨ ਖੀਰ ਸਾਗਰ ਕੋ ਲਹੀਐ।
ਤਾਂ ਕੇ ਪਰੇ ਕੁਰਸ ਦੀਪ ਕੋ ਮਾਨੋ। ਸੋਲਾਂ ਲਾਖ ਜੋਜਨ ਤਾਸ ਕੋ ਮਾਨੋ।੧੯।

ਤਾ ਕੇ ਪਰੇ ਬੱਤੀ ਲਖ ਜੋਜਨ ਘ੍ਰਿਤਸਾਗਰ ਕਹਿਆ।
ਤਾ ਕੇ ਪਰੇ ਕ੍ਰੌਂਚ ਦੀਪ ਚੌਂਹਟ ਲਖ ਜੋਜਨ ਲਹਿਆ।
ਤਾ ਕੇ ਗਿਰਦੇ ਦਧਿ ਸਾਗਰ ਕੌ ਮਾਨੋ। ਏਕ ਕ੍ਰੋੜੀ ਠਾਈ ਲੱਖ ਜੋਜਨ ਤਾਸ ਕੋ ਜਾਨੋ।੨੦।

ਪੰਜਮਾ ਸਾਲਮਲੀ ਦੀਪ ਦੁਇ ਕਰੋੜ ਇਕਵੰਜਾ ਲਖ ਜੋਜਨ।
ਤਾਂ ਕੇ ਪਰੇ 'ਮਦ ਸਮੁੰਦ੍ਰ' ਪੰਜ ਕਰੋੜ ਬਾਰਾਂ ਲਖ ਜੋਜਨ।
ਗੋਮੇਦ ਦੀਪ ਖਟਵਾ ਤਾ ਕੇ ਪਰੇ।
ਦਸ ਕਰੋੜ ਚਵੀ ਲੱਖ ਜੋਜਨ ਗਿਨ ਧਰੇ।੨੧।

ਤਾਂ ਕੇ ਪਰੇ ਮਾਖੀਰ ਸਮੁੰਦ੍ਰ ਹੈ ਕਹਿਆ। ਵੀਹ ਕਰੋੜ ਅਠਤਾਲੀ ਲਖ ਜੋਜਨ ਹੈ ਰਹਿਆ।
ਪੁਸ਼ਕਰ ਦੀਪ ਸਤਵਾਂ ਚਾਲੀ ਕਰੋੜ ਛਿੰਨਵੇਂ ਲਾਖ ਜੋਜਨ ਜਾਨੋ।
ਤਾਂ ਕੇ ਪਰੇ ਮਿਠੇ ਜਲ ਕਾ ਸਮੁੰਦ੍ਰ ਇਕਾਸੀ ਕਰੋੜ ਬਾਨਵੇਂ ਲਖ ਜੋਜਨ ਮਾਨੋ।੨੨।

ਚੁਰੰਜਾ ਕਰੋੜ ਇਕਾਹਠਿ ਲਖ ਜੋਜਨ ਸਾਤ ਦੀਪ ਕੀ ਧਰਤੀ ਮਾਟੀ ਕੀ ਪ੍ਰਮਾਨੋ।
ਅਬ ਇਸ ਕਾ ਸੁਨੋ ਬਿਚਾਰ ਜਿਉ ਜਿਉ ਹੈ ਠਹਿਰਾਨੋ।
ਉਣਵੰਜਾ ਕਰੋੜ ਜੋਜਨ ਧਰਤੀ ਵਰਤਣ ਵਿਚ ਆਈ।
ਜਿਸ ਦੀ ਸਾਖ ਬੇਦ ਸਾਸਤ੍ਰ ਸੰਤਾਂ ਹੈ ਪਾਈ।੨੩।

**ਸਾਖ ਸੰਤ**—ਜਨ ਰਜਬ ਉਨਚਾਸ, ਫਿਰਤਉ ਰਹੈ ਉਰਵਾਰ।
ਨਾਭਿ ਨਾਸਿਕਾ ਹਾਥ ਏਕ ਨਿਰਖ ਨੈਨ ਭਏ ਪਾਰ।੨੪।

ਇਕ ਕਰੋੜ ਜੋਜਨ ਧਰਤੀ ਮੈ ਅਠਾਰਹਿ ਨਰਕ ਠਹਰਾਏ।
ਜਿਸ ਦੀ ਸਾਖ ਗ੍ਰਿੰਥ ਸਾਹਿਬ ਜੀ ਪਾਏ।
'ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ'।
ਇਕ ਕਰੋੜ ਇਕਵੰਜਵੇਂ ਵਿਚ ਸਾਤਾਂ ਸੁਰਗਾਂ ਦਾ ਤਮਾਸ਼ਾ।੨੫।

ਡੇਢ ਕਰੋੜ ਜੋਜਨ ਧਰਤ ਸਭ ਪਰਬਤਾਂ ਅਤੇ ਬਰਫਾਂ ਹੇਠ ਆਈ।
ਦੁਇ ਲਖ ਜੋਜਨ ਧਰਤੀ ਮਾਨਸਰੁ ਹੰਸਾਂ ਦੀ ਕਹਾਈ।
ਦੁਇ ਕਰੋੜ ਜੋਜਨ ਧਰਤੀ ਕਹਿ ਕੌ ਦਿਵਾਲੋ ਪਰੇ।
ਨੌਂ ਲਖ ਜੋਜਨ ਧਰਤੀ ਸੱਤਾਂ ਸਮੁੰਦ੍ਰਾਂ ਦੇ ਕੰਠੇ[1] ਚਿੱਕੜ ਹੇਠ ਧਰੇ।੨੬।

ਜੇ ਕਿਸੇ ਦੇ ਮਨ ਸ਼ੰਕਾ ਆਵੈ ਤਾ ਗਿਣ ਦੇਖੇ ਅਤੇ ਦੇਖਣ ਜਾਵੈ।
ਚੌਰੰਜਾ ਕਰੋੜ ਜੋਜਨ ਅਤੇ ਇਕਾਹਠਿ ਲਖ ਜੋਜਨੁ ਸਭ ਧਰਤੀ ਇਕੱਠੀ ਹੋਈ।
ਸੋਧ ਬਿਚਾਰ ਮੈ ਹੈ ਲਿਖੀ, ਜਿਸ ਨੂੰ ਪ੍ਰਤੀਤ ਨ ਆਵੈ ਸੋ ਦੇਖ ਗਿਣ ਮਿਣ ਆਵੈ ਕੋਈ।੨੭।

**ਦੋਹਰਾ**—ਸਤ ਦੀਪ ਦਾ ਪ੍ਰਮਾਨ ਯਹ ਕਹਿਆ ਸੋਧ ਵੀਚਾਰ।
ਰਵਿ ਸਸਿ ਇਨ ਮੈ ਫਿਰਤ ਹੈ (ਆਗੇ) [2]ਧਰਤਿ ਸੁਵਰਨ ਸੁਧਾਰ।੨੮।

**ਚੌਪਈ**—ਸਵਰਨ ਧਰਤੀਓਂ ਪਰੇ ਹੈ ਅਗਨਿ ਕੋਨ। ਤਾਂ ਕੇ ਪਰੇ ਤਕ ਆਗੈ ਪਉਨ।
ਤਾਂ ਕੇ ਪਰੇ ਇਕੋ ਭੀਤ[3] ਬਖਾਨੀ। ਵਹੁ ਭੀਤ ਫਲ ਕਾ ਛਿਲਕਾ ਮਾਨੀ।੨੯।

ਚਾਰ ਲਖ ਕੋਸ ਹੈ ਭੀਤ ਦਾ ਐਰਾ ਚੌਰਾ[4]। ਊਚੀ ਅੰਤ ਨਹੀਂ ਗਈ ਕਿਸ ਠਉਰਾ।
ਵਹੁ ਭੀਤ ਫਲ ਕਾ ਛਿਲਕਾ ਕਹਿਆ। ਯਹ ਏਕ ਤਰੁਵਰ ਸੰਗ ਫਲ ਲਗ ਰਹਿਆ।੩੦।

ਐਸੇ ਅਨੇਕ ਫਲ ਤਿਸ ਤਰੁਵਰ ਕੋ ਪਏ। ਕੌਨ ਹੈ ਜੋ ਤਿਨ ਫਲੋਂ ਕਾ ਅੰਤ ਲਏ।
ਨਾਮ ਤਰੁਵਰ ਕਾ ਅਮਰ ਹੈ ਕਹਿਆ। ਅਨੇਕ ਅਮਰ ਤਿਸ ਬਾਗ ਮੋ ਲਗ ਰਹਿਆ।੩੧।

**ਦੋਹਰਾ**—ਚਿਮਨ ਕਹੀਐ ਬਾਗ ਕਹੀਐ ਪੁਨ ਕਹੀਐ ਆਰਾਮ।
ਅਜੁ ਨਗਰੀ ਕੇ ਸੋ ਤੀਰ ਹੈ, ਬਾਗ ਅਨੇਕ ਹੈਂ ਨਾਮ।੩੨।

---

੧. ਕਿਨਾਰੇ। ੨. ਸੋਨੇ ਦੀ ਧਰਤ਼ੀ। ੩. ਕੰਧ। ੪. ਚੌੜਾਈ।

**ਚੌਪਈ**—ਜਿਉਂ ਲਵਪੁਰ ਇਸ ਛਿਤ ਮੈ ਕਹੀਐ। ਤਿਉਂ ਹੀ 'ਅਜੁ ਨਗਰੀ' ਕੋ ਲਹੀਐ।
ਲਵਪੁਰ ਤਟ ਹੈ ਬਹੁਤ ਆਰਾਮ। ਕੌਨ ਗਨੈ ਯਾ ਤਿਨ ਕੇ ਨਾਮ।੩੩।

ਤਿਉਂ ਅਜੁ ਨਗਰੀ ਤਟਿ ਚਿਮਨ ਅਨੇਕ। ਕੌਨ ਜਾਇ ਗਨੈ ਅਮਰ ਤਰੁਵਰ ਹੈਂ ਕੇਤ।
ਬਾਗੋਂ ਕਾ ਕਿਛੁ ਨਾਹੀ ਅੰਤ। ਅਮਰ ਤਰੁਵਰ ਹੈ ਬਹੁਤ ਬਿਅੰਤ।੩੪।

ਏਕ ਏਕ ਅਮਰ ਕੇ ਫਲ ਅਧਿਕਾਇ। ਫਲ ਫਲ ਮੈ ਬ੍ਰਹਮੰਡੁ ਅੰਤ ਕੋ ਪਾਇ।
ਏਕ ਫਲ ਸੋ ਯਹ ਸਾਰਾ ਬ੍ਰਹਮੰਡੁ। ਯਹ ਅਮਰ ਤਰੁ ਕਾ ਏਕ ਹੈ ਅੰਡੁ।੩੫।

ਤਿਸ ਧਰਤੀ ਮੈ ਅਨੇਕ ਤਿਸ ਜੈਸੀ ਹੈ ਨਗਰੀ। ਕੌਨ ਹੈ ਜੁ ਤਿਸ ਧਰਤੀ ਕੀ ਲਏ ਖਬਰੀ।
ਤਿਸ ਬ੍ਰਹਮੰਡ ਮੋ ਤੈਸੀ ਧਰਤੀ ਅਨੇਕ। ਆਗੇ ਵਹੁ ਬ੍ਰਹਮੰਡ ਭੀ ਹੈ ਅੰਡ ਏਕ।੩੬।

ਭਾਵੀ ਤਰੁਵਰ ਕਾ ਵਹੁ ਫਲ ਹੈ ਅੰਡੁ। ਜਿਸ ਅੰਡ ਮੋ ਵਹੁ ਹੈ ਬ੍ਰਹਮੰਡ।
ਨਉਂ ਖੰਡ ਸਾਤ ਦੀਪ ਇਸੀ ਜੁਗਤਿ ਹੈ ਤਹਾਂ। ਬੇਅੰਤ ਪੁਰਖ ਕਾ ਅੰਤ ਮੈ ਕਿਆ ਕਹਾਂ।੩੭।

**ਦੋਹਰਾ**—ਤਿਸ ਭਾਵੀ ਤਰੁ ਕੋ ਫਲ ਲਾਗੇ, ਅੰਤ ਨਹੀਂ ਅਧਿਕਾਹਿ।
ਤਾਂ ਕੇ ਫਲ ਫਲ ਮੋ ਬ੍ਰਹਮੰਡ ਹੈ, ਵਹੁ ਅੰਤ ਨ ਕੋਈ ਪਾਹਿ।੩੮।

**ਚੌਪਈ**—ਕਉਨ ਕਉਨ ਕਾ ਪਾਵੈ ਅੰਤ। ਧਰਤੀ ਹੋਰ ਪਰੇ ਹੋਰ ਹੋਰ ਹੈ ਬਿਅੰਤੁ।
ਉਸ ਪੁਰਖ ਦਾ ਅੰਤ ਨ ਕੋਈ ਪਾਏ। ਤਿਸ ਪੁਰਖ ਦੀ ਅੰਸ ਇਹ 'ਬਾਬਾ ਨਾਨਕ' ਕਹਾਏ।੩੯।

ਸੋ ਬ੍ਰਹਮੰਡ ਭੀ ਇਕ ਅੰਡ ਕੇ ਮਾਹਿ। ਅਗਮੁ ਤਰਵਰੁ ਅਚਲ ਪੁਰੀ ਕੇ ਬਾਗੇ ਮਾਹਿ।
ਅਚਲ ਪੁਰੀ ਤਟ ਵੈਸੇ ਬਾਗ ਅਨੇਕ। ਤਿਸ ਧਰਤੀ ਮੋ ਵੈਸੀ ਪੁਰੀ ਅਚਲ ਭੀ ਅਨੇਕ।੪੦।

ਜੈਸੇ ਰੋਮਲ ਕਾ ਇਕੁ ਤਰੁਵਰ ਕਹਿਆ। ਤਾਂ ਕੇ ਫਲ ਸੋ ਅਨੇਕ ਜੰਤ ਹੀ ਲਹਿਆ।
ਤਿਨ ਜੰਤ ਕਾ ਅੰਤ ਕਿਛੁ ਨਾਹਿ। ਸਾਤ ਦੀਪ ਨੌ ਖੰਡ ਤਿਸ ਰੋਮਲ ਮਾਹਿ।੪੧।

ਹਮ ਕੌ ਵਹੁ ਰੂਮ ਨਿਕੜਾ ਦ੍ਰਿਸਟੀ ਆਵੈ। ਮਧ ਕੇ ਜੰਤ ਕੋ ਵਹੁ ਫਲ ਬ੍ਰਹਮੰਡ ਕਹਾਵੈ।
ਤੈਸੇ ਹੀ ਸਬ ਬ੍ਰਹਮੰਡ ਮੋ ਜੀਵ ਹੈਂ ਬਸਤੇ। ਤਿਨ ਕੋ ਵਹਿ ਬ੍ਰਹਮੰਡ ਅੰਡ ਸਾ ਆਵੈ ਦ੍ਰਿਸ਼ਟੈ।੪੨।

ਜਿਸ ਜਿਸ ਬ੍ਰਹਮੰਡ ਮੋ ਜੋ ਕੋਈ ਹੈ ਰਹਤਾ। ਸੋ ਅਗਲੇ ਬ੍ਰਹਮੰਡ ਕੋ ਏਕੁ ਅੰਡੁ ਫਲੁ ਹੈ ਕਹਿਤਾ।
ਜਿਉ ਹਮ ਰੋਮਲ ਕੋ ਇਕੁ ਫਲ ਕਰ ਜਾਣੈ।
ਤਿਉ ਹੀ ਵਹੁ ਬ੍ਰਹਮੰਡ ਏਕੁ ਫਲੁ ਹੈ ਤਿਸ ਮਾਨਸ ਕੇ ਭਾਣੇ।੪੩।

ਦਸਮੀ ਅਸਟਪਦੀ ਵਿਚਿ ਸੁਖਮਨੀ ਕਹਿਆ। 'ਕਈ ਕੋਟ ਅਕਾਸ ਬ੍ਰਹਮੰਡ' ਹੈ ਲਿਖਿਆ।
ਯਾਰਵੇਂ ਧਿਆਇ ਗੀਤਾ ਦੇ ਵਿਚ ਭੀ ਅਰਜਨ ਨੂੰ ਬੇਅੰਤ ਹੈ ਦਿਖਰਾਈ।
ਤਾਂ ਤੇ ਯਹ ਏਕ ਤਰੁਵਰ ਫਲ ਏਕ ਅੰਡ ਬ੍ਰਹਮੰਡੁ ਕਹਾਈ।੪੪।

ਵਸ਼ਿਸਟ ਭੀ ਇਸ ਭਾਂਤ ਹੈ ਕਹਿਆ। ਏਕ ਏਕ ਅਣੁ ਸੋ ਬ੍ਰਹਮੰਡ ਹੈ ਰਹਿਆ।
ਰਵਿ ਦੀ ਕਿਰਣ ਮਹਿ ਜੋ ਉਡਤੇ ਹੈ ਅਣੁ। ਐਸਾ ਕੌਨ ਤਿਨਾ ਕੋ ਜੋ ਸਕੈ ਗਿਣ।੪੫।

ਕਿਰਣੋਂ ਕਾ ਕਛੁ ਨਾ ਆਵੈ ਅੰਤੁ। ਅਣੁ ਹੈ ਰਵਾਲ ਕਿਸ ਕਉ ਆਵੈ ਗਣੰਤ।
ਜੈਸੇ ਸਬ ਧਰਤੀਆਂ ਮੈ ਬਾਬਾ ਹੋਤਾ ਆਇਆ।
ਧਰਤੀਆਂ ਦਾ ਅੰਤ ਬਾਬੇ ਆਦਮ ਭੀ ਨਹੀ ਪਾਇਆ।੪੬।

'ਧਰਤੀ ਹੋਰੁ ਪਰੈ ਹੋਰੁ ਹੋਰੁ' ਹੈ ਆਖੀ। ਕਿਉ ਜੋ ਬਾਬਾ ਸਭਨੋਂ ਕਾ ਹੈ ਸਾਖੀ।
ਸੁਤੇ ਸਿਧ ਹੋਤਾ ਹੀ ਆਇਆ। ਸਭ ਧਰਤੀ ਮੈ ਜਾਪੁ ਬਾਬੇ ਸਾਹਿਬ ਦਾ ਹੈ ਗਾਇਆ।੪੭।

ਅਨੇਕ ਨਾਮ ਬਾਬੇ ਕੇ ਭਏ। ਧਰਤੀ ਧਰਤੀ ਮੋ ਸਭ ਇਸ ਕਾ ਨਾਮ ਲਏ।
ਬੁਧਿਹੀਨ ਮਾਨੁਖ ਇਸੀ ਕੋ ਮਾਨੁਖ ਕਰ ਜਾਨੈ।
ਇਹੁ ਕਰਨਿ ਕਾਰਨਿ ਕੀ ਹੈ ਅੰਸ ਕੋਈ ਸੰਤ ਪਛਾਨੈ।੪੮।

ਏਹ ਦਸ ਜਾਮੇ ਬਾਬੇ ਨਾਨਕ ਜੀ ਆਪ ਹੈਨ ਧਾਰੇ।
ਯਹ ਦਸੇ ਮਹਲ ਬਾਬੇ ਤੇ ਨਹੀਂ ਨਿਆਰੇ।੪੯।

ਮਾਨਸ ਜਾਮੇ ਮੋ ਬਾਬਾ ਹੈ ਆਇਆ। ਪਰ ਸੰਤਾਂ ਇਸ ਨੂੰ ਮਾਨਸੁ ਕਰਿ ਨਹੀ ਠਹਿਰਾਇਆ।
ਹੈ ਅਨਾਦਿ ਆਦਿ ਤੇ ਪਰੇ। ਕਲਿ ਮੈ ਦਸ ਜਾਮੇ ਸਾਹਬ ਏ ਧਰੇ।੫੦।

ਆਦਿ ਪੁਰਖ ਤੇ ਉਪਜੀ ਮਾਇਆ। ਸਾਥ ਹੀ ਮਾਇਆ ਦੇ ਪਉਨ ਉਪਾਇਆ।
ਤਿਸ ਪਉਨ ਆਇ ਕੀਆ ਪਾਸਾਰਾ। ਤਬ ਮਾਇਆ ਵਿਚ ਸਰੀਰ ਕੋ ਧਾਰਾ।੫੧।

ਪਵਨ ਮਾਹ ਤੇ ਜਲ ਉਪਜਾਇਆ। ਜਲ ਮਹਿ ਅਪਨਾ ਆਸਨ ਲਾਇਆ।
ਆਦਿ ਠਾਕੁਰ ਹੈ ਦੈਂਤ ਉਪਾਏ। ਦੈਤਾਂ ਠਾਕੁਰ ਦੀਏ ਭੁਲਾਏ।੫੨।

ਪਸ਼ਚਮ ਦੇਸ ਦੈਂਤਾ ਭਵ ਲੀਆ। ਮਧੁ ਕੈਟਭ ਮਾਰ ਖਾਕ ਕਰ ਦੀਆ।
ਸਭ ਬ੍ਰਿਤੰਤ ਚੰਡੀ ਚਰਿਤ੍ਰ ਤੇ ਬਚਿਤ੍ਰ ਨਾਟਕ ਵਿਚ ਸਾਹਿਬ ਹੈ ਕਹਿਆ।
ਓਥੈ ਬਾਕੀ ਕਹਿਣ ਕਛੁ ਸ਼ੇਖ ਨ ਰਹਿਆ ।੫੩।

ਮਾਰ ਦੈਂਤ ਧਰਤੀ ਠਹਰਾਈ। ਸਭ ਕਿਛ ਪਵਨ ਤੇ ਜਲ ਲੀਆ ਬਨਾਈ।
ਸਾਖ—'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ'।੫੪।

ਦੇਵੀ ਤੇ ਤ੍ਰੈ ਗੁਣ ਹੈ ਭਏ। ਤ੍ਰਿਹੁ ਗੁਣਾਂ ਤੇ ਬ੍ਰਹਮਾ ਸਨਕਾਦਿਕ ਭਏ।
ਤਿਨ ਤੇ ਆਗੇ ਕਸਪ ਜੀ ਹੋਏ। ਕਸਪ ਧਾਮ ਦੁਇ ਪੂਤ ਉਪਜਿ ਖੜੋਏ।੫੫।

ਸਮੁੰਦ ਅਤੇ ਸੂਰਜ ਤਾਂ ਕੇ ਧਰਿਆ ਨਾਮ। ਸੂਰਜ ਦਿਨ ਰੈਨ ਬਨਾਏ ਆਠੋ ਜਾਮ।
ਸੂਰਜ ਤੇ ਏਤੀ ਸ੍ਰਿਸਟ ਸਾਂਭੀ ਨਾ ਜਾਏ। ਚਾਹੇ ਦੂਜਾ ਕੋਈ ਨਾਲ ਰਲਾਏ।੫੬।

ਅਠਾਈ ਨਖੱਤ੍ਰ ਉਤਪਤਿ ਭਏ। ਤਿਨ ਤੇ ਆਦਿ ਚੰਦ੍ਰਮਾ ਕਹ ਦਏ।
ਸਸਿ ਸੂਰਜ ਦੋਨੋ ਠਾਕੁਰ ਠਹਰਾਏ। ਜਗਤ ਸਰੰਜਾਮ ਦੋਨੋ ਲੀਆ ਆਧੋ ਆਧ ਵੰਡਾਏ।੫੭।

ਰੈਨ ਚੰਦ੍ਰਮਾ ਕੀ ਦਿਨ ਸੂਰਜ ਲੀਆ। ਦੀਵਾਲੀ ਚੰਦ੍ਰਮੇ ਕੀ ਵਿਸਾਖੀ ਮੇਲਾ ਸੂਰਜ ਥੀਆ।
ਉਤਪਤ ਸੂਰਜ ਕੀ ਸੀਉ ਚੰਦ੍ਰਮਾ ਵਿਚ ਪਾਏ।
ਸ਼ਰਾਧ ਚੰਦ੍ਰਮੇ ਕੇ ਵੀਆਹ ਸੂਰਜ ਠਹਿਰਾਏ।੫੮।

ਆਗੈ ਇਨ ਕਾ ਭਇਆ ਪਰਵਾਰ। ਬੁਧ ਪੁਤ੍ਰ ਚੰਦ੍ਰਮੇ ਦਾ ਭਾਨ ਪੁਤ੍ਰ ਸ਼ਨੀਵਾਰ।
ਦੁਇ ਹਿਸੇ ਚੰਦ੍ਰਮੇ ਦੇ ਦੁਇ ਸੂਰਜ ਲੀਤੇ। ਚਾਰ ਹਿਸੇ ਏਹੁ ਤ੍ਰੈ ਹਿਸੇ ਹੋਰ ਹੈਨ ਕੀਤੇ।੫੯।

ਭੂਮ ਸੁਤ-ਮੰਗਲ ਕੋ ਹਿਸਾ ਇਕ ਦੀਨਾ।
ਇਕ ਹਿਸਾ ਬ੍ਰਹਸਪਤ ਸੁਕ੍ਰਵਾਰ ਦੈਂਤ ਗੁਰ ਲੀਨਾ।
ਸਤ ਹਿਸੇ ਸਾਰਾ ਜਗਤ ਠਹਿਰਾਇਆ। ਦੁਇ ਹਿਸੇ ਦੈਂਤ ਰਾਹੁ ਕੇਤੁ ਰਲਾਇਆ।੬੦।

ਸੂਰਜ ਬੰਸ ਚਲਿਆ ਹੀ ਆਇਆ।
ਕਛੁ ਵਾਰਤਾ ਸੂਰਜ ਬੰਸ ਦੀ ਚੌਂਦਵੇ ਚਰਨ ਵਿਚਿ ਹੈ ਪਾਇਆ।
ਸੂਰਜ ਕੇ ਸੁਤ ਹੋਏ ਦਸ ਅਤੇ ਚਾਰਿ। ਸੋ ਤਿਨ ਮੋ 'ਸੰਭੂ ਮੁਨ' ਲੀਨਾ ਅਵਤਾਰ।੬੧।

ਸੰਭੂ-ਮੁਨ ਕਾ ਸੁਤ ਭਯਾ ਇਖਵਾਕ। ਇਖੁਵਾਕ ਧਾਮ ਰਾਜਾ ਦਿਲੀਪ ਜਿਨ ਦਿਲੀ ਬਾਂਧੀ ਥਾਪ।
ਤਾ ਕੇ ਬੇਟਾ ਰਘੁ ਜੀ ਭਏ। ਰਘੁ-ਬੰਸੀ ਨਾਮ ਜਾਤ ਸਭੇ ਕਹੇ।੬੨।

ਰਘੁ ਕਾ ਬੇਟਾ ਅਜ ਬਰ ਹੂਆ।
ਤਿਸ ਨੇ ਕੰਨਿਆ ਦਿਤੀ ਦਿਜ ਕੋ, ਸਰਵਨ ਕੀ ਮਾਤਾ ਰਾਮ ਚੰਦ੍ਰ ਕੀ ਭੂਆ।
ਪੁਨ ਰਾਜਾ ਦਸਰਥੁ ਜਨਮਿਆ ਅਜ ਬਰ ਕੇ ਧਾਮ।
ਦਸਰਥ ਸੁਤ ਭਏ ਚਾਰ ਟਿਕਾ ਸ੍ਰੀ ਰਾਮ।੬੩।

ਰਾਮ, ਲਛਮਨ, ਭਰਤ, ਸ਼ਤ੍ਰਘਨ ਅਵਤਾਰ। ਤਿਨ ਕਾ ਬਡ ਹੂਆ ਪਰਿਵਾਰ।
ਰਾਮ ਧਾਮ ਦੁਇ ਸੁਤ ਲਉ, ਕੁਸ ਭਏ। ਲਛਮਣ ਜਤੀ ਤ੍ਰਿਹਨ ਜਾਤ ਤਾਂ ਤੇ ਹੋਇ ਗਏ।੬੪।

ਭਰਤ ਧਾਮ ਇਕ ਬੇਟਾ ਜਿਸ ਕੀ ਅੰਸ ਤੇ ਭੱਲੇ ਜਾਤਿ ਹੂਏ।
ਕਰਿ ਭਲਿਆਈ ਜਗਤ ਜਸ ਲੀਨਾ, ਤਾਂ ਤੇ ਨਾਮ 'ਭਲਾ' ਭਇਆ ਭੂਏ।
ਜਬ ਸ੍ਰੀ ਰਾਮਚੰਦ ਜੀ ਸੁਰਗ ਸਿਧਾਰੇ। ਨਗਰ ਸਮੇਤ ਗਏ ਸੁਰਗ ਦੁਆਰੇ।੬੫।

ਤਬ ਲਊ ਜਗ ਕਾ ਰਾਜਾ ਭਇਆ। ਮੰਤ੍ਰੀ ਤਾਂ ਕਾ ਕੁਸੂ ਜੀ ਹੂਆ।
ਲਊ ਲਾਹੌਰ ਨਗਰ ਬਸਾਇਆ। ਕੁਸੂ ਤਟ ਨਗਰ ਕਸੂਰ ਹੈ ਪਾਇਆ।੬੬।

ਲਛਮਨ ਭਰਤ ਸ਼ਤ੍ਰਘਨ ਜੁ ਰਹੀ ਉਲਾਦ। ਤਿਸ ਕੋ ਦੇਸ ਨਗਰ ਕਾ ਦੀਨਾ ਰਾਜ।
ਆਪੋ ਅਪਨੇ ਰਾਜੁ ਸਭ ਕਰਤੇ ਭਏ। ਸਤਿਜੁਗੁ, ਤ੍ਰੇਤਾ, ਦੁਆਪੁਰ ਤਬ ਬੀਤ ਗਏ।੬੭।

ਜਿਤਨਾ ਕਿਛ ਸੁਨਿਆ ਤਿਤਨਾ ਹੀ ਗਾਇਆ। ਸੋਈ ਲਿਖ ਪੋਥੀ ਵਿਚ ਪਾਇਆ।
ਆਗੇ ਰਾਮਚੰਦ ਦੀ ਅੰਸ ਚਲੀ ਹੀ ਆਈ। ਦਖਨ ਦੇਸ ਅਜੁਧਿਆ ਨਗਰੀ ਹੈ ਗਾਈ।੬੮।

ਰਾਮ ਤੇ ਲਊ ਕੁਸੂ ਸੁਤ ਅਤਿਥੁ ਭਇਓ। ਰਾਜਾ ਅਤਿਥੁ ਧਾਮ ਸੁਤ 'ਨਿਖਾਧ' ਬਿਰਾਜਾ।
ਨਿਖਾਧ ਧਾਮ ਰਾਜਾ ਭਇਆ ਨਲੁ। ਨਲ ਸੁਤ ਨਭ ਭਇਆ ਮਹਾਬਲਿ।੬੯।

ਨਭ ਪੂਤ ਭਇਆ ਪੁੰਡਰੀਕ। ਤਿਸ ਕਾ ਪੋਤਾ ਭਇਆ ਖੇਮ ਧਨੁਵਾ ਮਹੀਪ।
ਦੇਵਾਨੀਕ ਸੁਤ ਤਾ ਤੇ ਭਇਆ। ਤਿਨ ਭੀ ਜਗ ਮੈ ਬੜਾ ਜਸ ਲਇਆ।੭੦।

ਤਾ ਕੀ ਕੁਲ ਮੈ ਅਹੀਨਗਰ ਭਇਆ ਬੇਟਾ। ਏਕ ਸੰਤਸੰਗ ਤਾ ਕੀ ਭਈ ਭੇਟਾ।
ਸੋ ਤਜ ਧਾਮ ਬਨ ਕੋ ਉਠ ਗਇਆ। ਪਾਰਜਾਤੁ ਰਾਜਾ ਤਾਂਕੀ ਕੁਲ ਮੋ ਭਇਆ।੭੧।

ਕੁਸੂ ਕੀ ਅੰਸ ਤੇ ਅਹਾ ਰਾਜਾ ਹੰਸਕੇਤ। ਭਈ ਅਜੋੜ ਤਿਨ ਮਾਂਡਿਆ ਖੇਤ।
ਬੜਾ ਘੋਰ ਹੂਆ ਸੰਗ੍ਰਾਮ। ਨਰ ਹਨੇ ਕਉਨ ਗਨੇ ਅਤ ਤਿਨ ਕੇ ਨਾਮ।੭੨।

ਚਿਰੰਕਾਲ ਕੁਸੂ ਕੇ ਰਾਜ ਕਰਤੇ ਭਏ। ਬਹੁਰ ਲਊ ਕੇ ਸਭ ਇਕਤ੍ਰਿ ਹੁਇ ਗਏ।
ਤ੍ਰੇਤਾ ਜੁਗ ਕੇ ਅੰਤ ਸੰਗ੍ਰਾਮ ਪੁਨਿ ਭਇਆ। ਭਾਗ ਸਗਲ ਕੁਸੂ ਕੇ ਗਿਆ।੭੩।

**ਸਾਖ ਮ: ੧੦**—ਲਵੀ ਸਰਬ ਜੀਤੇ ਕੁਸੀ ਸਰਬ ਹਾਰੇ। ਬਚੇ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ।
ਚਤੁਰ ਬੇਦ ਪਠਿਓ ਕੀਓ ਕਾਂਸਿ ਬਾਸੰ। ਘਨੇ ਬਰਖ ਕੀਨੋ ਤਹਾਂ ਹੀ ਨਿਵਾਸੰ।੭੪।

**ਕਵਿਓ ਵਾਚ**—ਬੇਦੀ ਨਾਮ ਤਾਂ ਕਾ ਜਗਤ ਮੋ ਭਇਆ। ਚਾਰ ਲਾਖ ਚੌਤੀਆ ਦੁਆਪਰ ਜਬ ਗਇਆ।
'ਲਊ ਕੇ' ਰਾਜ ਕਰਤੇ ਹੀ ਆਏ। ਕਾਲਕੇਤੁ ਕੀ ਸਭ ਅੰਸ ਕਹਾਏ।੭੫।

ਤਾਂ ਕੀ ਕੁਲ ਮੈ ਭਇਓ ਰੁਕ ਰਾਜਾ। ਰਾਜ ਕਰੰਤ ਚਿਰੰਕਾਲ ਬਿਰਾਜਾ।
ਤਿਨ ਦਿਜ ਤੇ ਨਿਜ ਕੀ ਸੁਨੀ ਕਹਾਨੀ। ਕੁਲ-ਕਥਾ ਸਮਝ ਬੋਲਾ ਯਹ ਬਾਨੀ।੭੬।

ਮਦ੍ਰ ਦੇਸ ਕਾ ਰਾਜਾ ਰੁਕੁ ਭਇਆ। ਦੂਤ ਨ੍ਰਿਪ ਕਾ ਕਾਂਸੀ ਗਯਾ।੭੭।

ਸਭ ਕੁਲ ਕੁਸੂ ਕੀ ਬੁਲਾਈ। ਥੇ ਰਘੁਬੰਸੀ ਬੇਦੀ ਕਹਾਈ।
ਆਏ ਸਭੀ ਭੂਪ[1] ਕੇ ਬੁਲਾਏ। ਤਿਨ ਕੇ ਨਾਮ ਮੈ ਕਹਤ ਸੁਨਾਏ।੭੮।

ਜਗਤਸੁਰੁ ਅਰੁ ਭਾਮਨੁ ਆਏ। ਨਰਕੇਤ ਅਲਜੇਸ ਚੜ੍ਹਿ ਰਥੀਂ ਸਿਧਾਏ।
ਆਇ ਮਿਲੇ ਨ੍ਰਿਪ ਮਦ੍ਰ ਦੇਸ। ਨਿਰਮਲ ਚਿਤ ਪਵਿਤ੍ਰ ਭੇਸ।੭੯।

**ਸਾਖ ਮ: ੧੦**—ਧੁਨੰ ਬੇਦ ਕੀ ਭੂਪ ਤਾਂ ਕੇ ਕਰਾਈ। ਸਬੈ ਪਾਸ ਬੈਠੇ ਸਭਾ ਬੀਚ ਭਾਈ।
ਪੜ੍ਹੇ ਸਾਮ ਬੇਦੰ ਜੁਜਰ ਬੇਦ ਕਥੰ। ਰਿਗੰ ਬੇਦ ਪਠਿਯੰ ਕਰੇ ਭਾਵ ਹਥੰ।੮੦।

ਅਥਰਵ ਬੇਦ ਪਠਿਯੰ। ਸੁਨੇ ਪਾਪ ਨਠਿਯੰ।
ਰਹਾ ਰੀਝ ਰਾਜਾ। ਦੀਯਾ ਸਰਬ ਸਾਜਾ।੮੧।

ਲਯੋ ਬਨ ਬਾਸੰ। ਮਹਾਂ ਪਾਪ ਨਾਸੰ।
ਰਿਖੰ ਭੇਸ ਕੀਓ। ਤਿਸੈ ਰਾਜ ਦੀਓ।੮੨।

ਰਹੇ ਹੋਰ ਲੋਗੰ। ਤਜੇ ਸਰਬ ਸੋਗੰ।
ਧਨੰ ਧਾਮ ਤਿਆਗੇ। ਪ੍ਰਭੂ ਪ੍ਰੇਮ ਪਾਗੇ।੮੩।

**ਅੜਿੱਲ**—ਬੇਦੀ ਭਯੋ ਪ੍ਰਸੰਨ ਰਾਜ ਕਉ ਪਾਇ ਕੈ। ਦੇਤ ਭਯੋ ਬਰਦਾਨ ਹੀਐ ਹੁਲਸਾਇ ਕੈ।
ਜਬ ਨਾਨਕ ਕਲਿ ਮੈ ਹਮ ਆਨ ਕਹਾਇ ਹੈਂ। ਹੋ ਜਗਤ ਪੂਜ ਕਰਿ ਤੋਹਿ ਪਰਮਪਦ ਪਾਇ ਹੈਂ।੮੪।

**ਦੋਹਰਾ**—ਲਵੀ ਰਾਜ ਦੇ ਬਨ ਗਏ, ਬੇਦੀਅਨ ਕੀਨੋ ਰਾਜ।
ਭਾਂਤਿ ਭਾਂਤਿ ਤਿਨਿ ਭੋਗੀਯੰ ਭੂਅ ਕਾ ਸਗਲ ਸਮਾਜ।੮੫।

**ਚੌਪਈ**—ਤ੍ਰਿਤੀਅ ਬੇਦ ਸੁਨਬੋ ਤੁਮ ਕੀਆ। ਚਤੁਰ ਬੇਦ ਸੁਨਿ ਭੂਆ ਕੋ ਦੀਆ।
ਤੀਨ ਜਨਮ ਹਮਹੂੰ ਜਬ ਧਰਹੈਂ। ਚਉਥੇ ਜਨਮ ਗੁਰੂ ਤੁਹਿ ਕਰ ਹੈਂ।੮੬।

ਉਤ ਰਾਜਾ ਕਾਨਨਹਿ[2] ਸਿਧਾਯੋ। ਇਤ ਇਨ ਰਾਜ ਕਰਤ ਸੁਖ ਪਾਯੋ।
ਕਹਾਂ ਲਗੇ ਕਹਿ ਕਥਾ ਸੁਨਾਊਂ। ਗ੍ਰੰਥ ਬਢਨ ਤੇ ਅਧਿਕ ਡਰਾਊਂ।੮੭।

---

੧. ਰਾਜਾ। ੨. ਜੰਗਲ ਨੂੰ।

## ਕਵਿਓ ਵਾਚ

ਸਾਲੁ ਹਜ਼ਾਰ ਬਵੰਜਾ ਦੁਆਪੁਰੁ ਰਹਿਆ, ਰਲ ਕੇ 'ਲਊ' ਦੀ ਅੰਸ਼ ਇਨ੍ਹਾਂ ਨੂੰ ਕਹਿਆ :
'ਇਕੇ ਤਜੋ ਰਾਜੁ ਨਹੀਂ ਜੁਧ ਕੋ ਠਾਨੋ। ਦੋ ਮੈ ਏਕ ਭਲੀ ਸੋ ਮਾਨੋ।੮੮।

'ਖਤ੍ਰੀ ਨਾਮ ਤਜਿ ਕਿਉਂ ਕਰਿ ਜਾਵਹਿ। ਤੁਮ ਸੋ ਭਲੀ ਭਾਂਤਿ ਜੁੱਧ ਮਚਾਵਹਿ।
ਰਾਜਾ 'ਅਮਰਕੇਤੁ' ਮੁਨਿ 'ਗਉਰਾਧਨ' ਚੜ੍ਹਿ ਆਏ। ਭਲੀ ਭਾਂਤਿ ਆਇ ਜੁੱਧ ਮਚਾਏ।੮੯।

ਦੀਨੋ ਬਹੁਰਿ ਨਿਕਾਰ ਰਾਜੁ ਹਨਿ ਲੀਆ। ਗਾਉਂ ਬੀਸ ਗੁਜ਼ਰਾਨ ਤਾਂਹਿ ਕੋ ਦੀਆ।
**ਵਾਕ ਮ: ੧੦**—ਬੀਸ ਗਾਉਂ ਤਿਨ ਕੇ ਰਹਿ ਗਏ। ਤਿਨ ਮੋ ਕਰਤ ਕ੍ਰਿਸਾਨੀ ਭਏ।੯੦।

'ਅੰਭੋਜ' ਨਾਮ ਇਕ 'ਬੇਦੀ' ਭਇਆ। 'ਨਰੋਤਮ' ਪੂਤ ਗ੍ਰਿਹਿ ਤਾਂ ਕੇ ਜਇਆ।
ਬੀਸ ਗਾਉਂ ਕਾ ਰਾਜੁ ਕਮਾਇਆ। ਚਿਰੰਕਾਲ ਰਾਜੁ ਚਲਿਆ ਹੀ ਆਇਆ।੯੧।

ਲਾਭਮਾਨੁ ਰਾਜਾ 'ਲਊ' ਕੀ ਅਉਲਾਦਿ। ਸੋ ਭੀ ਰਾਜ ਕਰਤੋ ਹੀ ਆਏ ਅਜੁਧਿਆ ਕਾ ਆਦਿ।
ਇਕਤਾਲੀ ਸੈ ਬਰਸ ਦੁਆਪੁਰ ਰਹਿ ਗਇਆ। ਰਾਜੁ 'ਲਊ' 'ਕੁਸੂ' ਦੁਹਾਂ ਤੇ ਗਇਆ।੯੨।

ਰਾਜ ਭੀਖਮ ਪਿਤਾ ਕਾ ਭਇਆ। 'ਲਊ' 'ਕੁਸੂ' ਦੇ ਦੋਵੈਂ ਸੇਵਕੁ ਹੁਇ ਰਹਿਆ।
'ਅਮਰਧੁਜ ਰਾਜ 'ਸਨੌਢ' ਮੈ ਬਿਆਹਿਆ। ਬਿਆਹਿ 'ਸਨੌਢੀ' ਧਾਮ ਲੈ ਆਇਆ।੯੩।

ਤਾਂ ਕੇ ਧਾਮ ਪੂਤ ਇਕ ਭਇਆ। 'ਸੋਢੀ ਰਾਇ' ਨਾਮ ਤਾਂ ਕਾ ਧਰ ਲਇਆ।
ਨਾਮ ਜਾਤਿ 'ਸੋਢੀ' ਸਭ ਭਏ। ਤਿਨ ਕੀ ਅੰਸੁ 'ਜਾਤ-ਸੋਢੀ' ਹੁਇ ਗਏ।੯੪।

ਰਾਜ 'ਕੈਰਵ-ਪਾਂਡਵ' ਕਾ ਹੂਆ। 'ਸੋਢੀ', 'ਬੇਦੀ' ਰੱਯਤਿ ਭਏ ਭੂਆ।
'ਦੁਰਦੁਮਨੁ' 'ਵੇਦੀ' ਇਕ ਹੂਆ ਸਿਰਦਾਰੁ। 'ਹੋਮਧੁਜ' ਸੋਢੀ ਰਹੈ ਵਿਚਿ ਦਰਬਾਰ।੯੫।

ਰਘੁਬੰਸੀ ਜਾਨਿ ਅਦਬ ਸਭ ਕਰਿ ਹੈ। ਯਹਿ ਖਤ੍ਰੀ ਸ਼ਸਤ੍ਰਧਾਰੀ ਖੰਡੇ ਹਥਿ ਧਰਿ ਹੈ।
ਤਬ ਤੇ ਕਲਜੁਗ (ਮਹਿੰ) ਜਨਮੁ ਧਰਿਆ। 'ਕੈਰਵ-ਪਾਂਡਵ' ਜੁੱਧ ਆਪਸ ਮੈ ਕਰਿਆ।੯੬।

ਬੇਦੀਆਂ ਕੀ ਕੁਲ ਮੈ ਭਇਆ 'ਅਮ੍ਰਾ ਮਨੁ'। ਸੋ ਭਇਆ ਪੁੰਨਵਾਨ ਧਾਮ ਅਮਿਤ ਧਨੁ।
ਤਾਂ ਕੀ ਅੰਸ ਚਲੀ ਹੀ ਆਈ। ਗਿਨਤੋ ਨਾਮ ਨ ਸੰਖਿਆ ਪਾਈ।੯੭।

ਤਾਂ ਕੀ ਕੁਲ ਮੈ ਇਕ 'ਨਾਥ ਜੀ' 'ਵੇਦੀ' ਕਹਾਈ। ਤਾਂ ਕੇ ਧਾਮ ਪੂਤ ਪੰਜ ਜਨੇ ਇਕ ਮਾਈ।
ਦੁਇ ਦੀਰਘ, ਦੁਇ ਲਘੁ, ਮਧ ਕਾ ਨਾਮ 'ਸੰਭੁਜੀ' ਭਇਆ।
ਤਾਂ ਕੀ ਅੰਸ ਸੋ 'ਪ੍ਰਜਾਪਤਿ' ਉਪਜਇਆ।੯੮।

'ਪ੍ਰਜਾਪਤਿ' ਕੇ ਨਾਤੀ 'ਰਾਮ ਨਰਾਇਣ' ਭਏ।
'ਨਰਾਇਨ' ਧਾਮ 'ਸ਼ਿਵਰਾਮ' ਅਰ 'ਸਾਨਪਾਤ' ਦੁਇ ਸੁਤ ਉਪਜਏ।
ਤਾਂ ਕੇ ਧਾਮ ਮਾਤਾ ਬਨਾਰਸੀ ਪਰਨੀ ਆਈ। ਤਾਂ ਤੇ ਦੁਇ ਸੁਤ ਉਪਜਏ ਦੁਇ ਭਾਈ।੯੯।

ਕਲਿਆਨ ਚੰਦੁ ਅਰੁ ਲਾਲ ਚੰਦੁ। ਜਨਮੇ ਦੁਇ ਪੂਤ, ਭਇਆ ਅਨੰਦੁ।
ਉੱਤਮ ਕੁਲ ਵੇਦੀ ਸੋ ਭਏ। ਜਿਨ ਕੇ ਧਾਮ ਗੁਰੂ ਨਾਨਕ ਜੀ ਅਵਤਾਰ ਲਏ।੧੦੦।

**ਦੋਹਰਾ ਮ: ੧੦**—ਤਿਨ ਬੇਦੀਅਨ ਕੀ ਕੁਲ ਬਿਖੈ, ਪ੍ਰਗਟੇ ਨਾਨਕ ਰਾਇ।
ਸਭ ਸਿੱਖਨ ਕੋ ਸੁਖੁ ਦਏ, ਜੱਹ ਤੱਹ ਭਏ ਸਹਾਇ।੧੦੧।[1]

**ਚੌਪਈ**—'ਬਗਾਸੁਰ', 'ਜਾਲਪ ਸੋਢੀ' ਦੁਇ ਭਾਈ। ਤਾਂ ਕੀ ਅੰਸੁ ਭੀ ਲਾਗੀ ਆਈ।
ਸੰਖਿਆ ਨਾਮ ਨ ਗਨਤੀ ਆਵੈ। ਕਉਨ ਹੈ ਐਸਾ, ਜੋ ਤਿਨਕੇ ਨਾਮ ਕਹਿ ਸੁਨਾਵੈ।੧੦੨।

ਕੁਛੁ ਕਛੁ ਸੁਨੇ-ਸੁਨਾਏ ਜੋ ਸ਼ਾਸਤ੍ਰੋਂ ਤੇਂ ਆਹੇ। ਕਰਿ ਕਰਿ ਯਾਦ ਸੋ ਲਿਖੇ ਪੋਥੀ ਮਾਹੇ।
'ਸੋਢੀ' ਨਾਮ 'ਗੰਭੀਰ' ਇਕ ਥੀਆ। ਕਰਿ ਕਰਿ ਦਾਨ ਪੁੰਨ ਜਸੁ ਬਡਾ ਤਿਨ ਲੀਆ।੧੦੩।

'ਮੋਤਾਗਲ' ਬੇਟਾ ਗ੍ਰਹਿ ਤਾਂ ਕੇ ਭਇਆ। ਸੋ ਸੇਵਕੀ ਕਰਨ 'ਬਿਕ੍ਰਮਾਜੀਤ ਰਾਜੈ ਪਹਿ ਗਇਆ।
'ਕਰਮਉਜਾ' ਤਾਂ ਕੇ ਧਾਮ ਭਇਆ 'ਅਨੰਤਾ'। 'ਚਿਤ ਭੋਜੁ' ਸੋਢੀ ਤਾਂ ਕੇ ਹੂਆ ਸਤਵੰਤਾ।੧੦੪।

ਤਾ ਕੀ ਅੰਸੁ ਭੀ ਚਲਤੀ ਆਈ। ਕਉਨ ਨਾਮ ਇਤਨੇ ਸਕੇ ਗਨਾਈ।
ਤਾਂ ਕੀ ਅੰਸ ਮੋ 'ਕ੍ਰਿਸ਼ਨ ਕਉਰ ਜੀ' ਭਏ। ਤਾਂ ਕੇ ਧਾਮ ਸੁਤ 'ਹਰੀ ਰਾਮ' ਉਪਜਏ।੧੦੫।

'ਹਰੀ ਰਾਮ' ਘਰਿ 'ਠਾਕੁਰ ਦਾਸ ਜੀ ਸੋਢੀ' ਭਏ। ਸੋ ਚਰਨ ਚਉਧਵੇਂ ਮੋ ਭੀ ਹੈਨ ਕਹਿ ਦਏ।
'ਸੋਢੀਆਂ', 'ਵੇਦੀਆਂ' ਦੀ ਵਾਰਤਾ ਹੈ ਸਭ ਕਹੀ।
ਜਿਤਨੀ ਕਛੁ ਬਾਲਕ ਅਵਸਥਾ ਤੇ ਸੁਨੀ ਅਹੀ।੧੦੬।

ਵੇਦੀ, ਸੋਢੀ, ਤ੍ਰਿਹਨ ਤੇ ਭੱਲੇ। ਚਾਰੇ ਜਾਤੀ ਰਾਜਾ ਦਸ਼ਰਥ ਕੀ ਅੰਸੁ ਆਏ ਰਲੇ ਮਿਲੇ।
ਸੋ ਚਿਰੰਕਾਲ ਰਹੇ ਦੱਖਣ ਦੇਸ। ਨਗਰੀ ਅਜੁਧਿਆ ਦੇ ਆਸ-ਪਾਸ ਬਹੁ ਵੇਸ।੧੦੭।

ਕਿਰਤ ਸੰਜੋਗ ਫੁਟਿ ਫੁਟਿ ਸਭ ਗਏ। ਬੇਦੀ ਬਾਰੀ[2] ਵਲਿ ਕਛੁ ਆਵਤ ਭਏ।
ਸੋਢੀ ਨਗਰ ਲਾਹੌਰ ਨੂੰ ਉਠਿ ਗਏ।
ਰਾਇ ਭੋਇ ਭੱਟੀ ਦੀ ਤਿਲਵੰਡੀ, ਬਾਬੇ ਨਾਨਕ ਸਾਹਿਬ ਜੀ ਜਨਮ ਲਏ।੧੦੮।

ਸੋ ਬਾਬਾ ਸੁਤੇ ਸਿਧ ਅਉਤਾਰ ਭਇਆ। ਵੇਦੀਆਂ ਨੇ ਅਗੇ ਹੀ ਹੈਸੀ 'ਸੋਢੀਆਂ' ਨੂੰ ਕਹਿ ਦਇਆ।
ਜਦਿ 'ਰਾਜਾ ਰੁਕੂ' ਰਾਜ ਦੇ ਕੇ ਬਨ ਨੂੰ ਹੈਸੀ ਗਇਆ।
ਸੋਈ ਸਮਾ 'ਕਲਜੁਗ' ਮੈ ਆਵਤ ਭਇਆ।੧੦੯।

ਵੇਦੀਆਂ ਬਚਨ ਅਪਨਾ ਪੂਰਾ ਕੀਆ। ਨਾਨਕ ਨਾਮ ਅਉਤਾਰ ਕਲਿਜੁਗ ਮੈ ਆਨਿ ਲੀਆ।
'ਬਚਿੱਤ੍ਰ ਨਾਟਕ' ਵਿਚ ਸੋਢੀ ਸਾਹਿਬ ਸਭ ਆਖ ਸੁਨਾਇਆ।
ਪੂਰਨ ਅਵਤਾਰ ਦਸਵਾਂ ਪਾਤਸ਼ਾਹੁ ਸੋਢੀ ਬੰਸੁ ਮੋ ਆਇਆ।੧੧੦।

ਗੁਰੂ ਕਾ ਸਿਖ ਇਸ ਮਾਰਗ ਥੀਂ ਘੁਸੇ ਨਾਹੀ। ਬਚਨ ਕਰ ਕੇ ਫਿਰਿ ਮੁੜੈ ਨਾਹੀ।
ਸਾਖ 'ਗ੍ਰੰਥ ਸਾਹਿਬ' ਦੀ ਭੀ ਸੁਣ ਲੀਜੈ ਵਾਕੁ ਸੱਚਾ।
'ਬਚਨੁ ਕਰੇ ਤੈ' ਖਿਸਕਿ ਜਾਇ ਬੋਲੇ ਸਭੁ ਕਚਾ।੧੧੧।

ਨਾ ਇਹ ਜਨਮੁ ਐਸਾ ਹਥਿ ਆਵੈਗਾ।
ਅਤੇ ਨਾ ਐਸਾ ਗੁਰੂ ਬਾਬੇ ਨਾਨਕ ਜੇਹਾ ਪਾਵੈਗਾ।
ਦਸ ਅਵਤਾਰ ਇਕੋ ਜੋਤਿ ਸਮਾਈ। ਨਾਮ ਭਿੰਨ ਭਿੰਨ ਵਸਤੂ ਇਕੋ ਕਹਾਈ।੧੧੨।

---

੧. *ਬਚਿਤ੍ਰ ਨਾਟਕ* ਵਿਚੋਂ। ੨. ਬਾਰ ਦੇ ਇਲਾਕੇ ਵੱਲ।

'ਨਾਰਾਇਨ' ਧਾਮ 'ਸਾਨਪਤਿ' 'ਸਿਵਰਾਮ' ਦੁਇ ਉਪਜੈ ਭਾਈ।
ਤਾ ਕੇ ਘਰਿ 'ਮਾਤਾ ਬਨਾਰਸੀ' ਪਰਨੀ ਆਈ।
ਤਾ ਕੇ ਸੁਤ ਭਏ 'ਕਲਿਆਨ ਦਾਸ' ਅਰੁ 'ਲਾਲ ਚੰਦੁ'। ਜਨਮੇ ਦੁਇ ਪੂਤ ਭਇਆ ਅਨੰਦ।੧੧੩।

ਸੰਮਤ ਚਉਦਾਂ ਸੈ ਪਞੱਤਰਿ ਕਹਾਈ। ਜਬ 'ਮਾਤਾ ਬਨਾਰਸੀ' ਪਰਨੀ ਆਈ।
ਸੰਮਤ ਚਉਦਾਂ ਸੈ ਅਠਾਸੀ ਮੈ ਹੂਆ ਕਾਜੁ। ਮਾਤਾ ਆਈ 'ਬਨਾਰਸੀ' ਲੈ ਕੇ ਬਹੁਤਾ ਦਾਜ।੧੧੪।

ਸੰਮਤ ਚਉਦਾਂ ਸੈ ਸਤਾਨਵੈ ਜਨਮੇ ਕਲਿਆਨ ਦਾਸ।
ਕੱਤਿਕ ਮਹੀਨੇ ਮਾਹਿ ਆਇ ਕੀਆ ਨਿਵਾਸ।
ਦਿਨ ਕੀ ਖਬਰ ਮੁਝਿ ਯਾਦ ਨ ਰਹੀ। ਬਾਲਕ ਹੋਤੇ ਸੁਨਿਆ ਥਾ ਸਹੀ।੧੧੫।

ਸੰਮਤ ਪੰਦ੍ਰਾਂ ਸੈ ਪੂਰੇ 'ਲਾਲ ਚੰਦ' ਜਨਮ ਪਾਇਆ।
ਕਿਰਤ ਹੱਟੀ ਦੀ 'ਗਿਰਾਉਂ ਗੋਂਡਾ' ਵਿਚ 'ਬਾਰੀ' ਕਹਾਇਆ।
ਦੈਵ ਸੰਜੋਗ 'ਰਾਇ ਭੋਇ ਭੱਟੀ ਦੀ ਤਿਲਵੰਡੀ' ਆਏ। ਕਿਰਤ ਸੰਜੋਗ ਕਛੁ ਭਏ ਸਵਾਏ।੧੧੬।

ਸੰਮਤ ਪੰਦ੍ਰਾਂ ਸੈ ਅਠ ਮੈ 'ਕਲਿਆਨ ਦਾਸ ਜੀ' ਪਰਨੇ। 'ਹਰੀ ਰਾਮ' ਖਤ੍ਰੀ ਕੇ ਘਰ ਮੇਂ।
ਤਿਸ ਕੀ ਜਾਤਿ ਮੁਝੇ ਕਿਛੁ ਚਿਤੁ ਨ ਰਹੀ। ਇਸ ਖਾਤਰਿ ਮੈ ਇਥੇ ਨਹੀ ਕਹੀ।੧੧੭।

ਮਾਤਾ ਬੀਬੀ ਜੀ ਆਈ ਤਾਂ ਕੇ ਧਾਮ। ਤਬ ਤਿਨ ਕੋ ਹੂਆ ਪਟਵਾਰੀ ਕਾ ਕਾਮ।
ਸੰਮਤ ਪੰਦ੍ਰਾਂ ਸੈ ਭਏ ਸਤਾਰਾਂ। ਬਾਬਾ 'ਸਾਨਿਪਤ ਜੀ' ਸੁਅਰਗ ਸਿਧਾਰਾ।੧੧੮।

'ਕਲਿਆਨ ਦਾਸ' ਅਰੁ 'ਲਾਲ ਚੰਦ' ਰਹੇ ਦੁਇ ਭਾਈ। ਤਿਨ ਕਰਿ ਸਲੂਕ ਲੀਤਾ ਕੰਮੁ ਉਠਾਈ।
ਲੇਖੇ ਜੋਖੇ ਨੂੰ ਦੋਨੋਂ ਖਬਰਦਾਰ। ਕਾਮ ਪਟਿਵਾਰੀ ਦਾ, ਨਿਸੰਗ ਕਰੇ ਜਬਾਬੁ ਸਵਾਰੁ।੧੧੯।

ਕੰਮੁ-ਕਿਰਤੁ ਹੱਟੀ ਤੁਰ ਪਈ। ਸਭ ਜਗ ਮੈ ਤਿਨ ਸੋਭਾ ਲਈ।
ਸੰਮਤ ਪੰਦ੍ਰਾਂ ਸੈ ਛਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ।
ਮਾਹ ਕਾਤਕ ਦਿਨ ਚਉਦਾਂ ਚਾਰ। ਪੁੰਨਿਆ ਰਾਤਿ ਗੁਰੂ ਨਾਨਕ ਜੀ ਲੀਨਾ ਅਵਤਾਰ।੧੨੦।[1]

'ਮਾਤਾ ਬੀਬੀ' ਕੇ ਜਠਰ ਮੋ ਆਏ। 'ਕੁਲ ਵੇਦੀਆਂ' ਦੀ 'ਜਾਤਿ ਵੇਦੀ' ਕਹਾਏ।੧੨੧।

ਹਕੀਕਤ ਸਾਰੀ 'ਜਨਮ ਪੱਤ੍ਰੀ' ਵਿਚ ਹੈ ਆਖੀ। ਮੈਂ ਇਥੇ ਥੋੜੀ ਹੀ ਹੈ ਰਾਖੀ।
ਬਰਸ ਚਉਦਾਂ ਕੇ ਜਬ ਸਾਹਿਬ ਭਏ। ਸੁਲਤਾਨਪੁਰ ਨਾਲ ਜੈ ਰਾਮ ਭਣਵਈਏ ਦੇ ਗਏ।੧੨੨।

ਓਥੇ ਇਕ ਦਿਨ ਵੇਈਂ-ਜਲਿ ਜਾਇ ਕੀਤਾ ਇਸਨਾਨ। ਮਾਰੀ ਟੁੱਭੀ ਗਏ 'ਰਾਜਾ ਬਰਨ' ਕੇ ਧਾਮ।
ਤੀਨ ਰੋਜ਼ 'ਜਿੰਦ ਪੀਰ' ਤਟਿ ਰਹੇ। ਦੇ ਉਪਦੇਸ਼ ਪੁਨਿ ਬਾਹਰ ਆਵਤ ਭਏ।੧੨੩।

'ਜੈ ਰਾਮ' ਬਾਬੇ ਦੀ ਕੁੜਮਾਈ ਕਰਾਈ। ਸੰਮਤ ਪੰਦ੍ਰਾਂ ਸੈ ਚਾਲੀ ਜੇਠ ਮਹੀਨੇ ਵਿਆਹ ਕੀਤਾ ਜਾਈ।
'ਮੂਲੇ ਚੋਣੇ' ਦੇ ਘਰਿ ਪੱਖੋਕੇ ਰੰਧਾਵੇ। ਸਾਹਿਬ ਗੁਰੂ ਨਾਨਕ ਜੀ ਬਿਵਾਹੇ।੧੨੪।

ਸੰਮਤ ਪੰਦ੍ਰਾਂ ਸੈ ਇਕਵੰਜਾ ਸਾਹਿਬ ਸ੍ਰੀ ਚੰਦ ਜੀ ਜਨਮ ਲਏ।
ਸੰਮਤ ਪੰਦ੍ਰਾਂ ਸੈ ਤ੍ਰਿਵੰਜਾ ਮੋ, ਸਾਹਿਬ ਲਖਮੀ ਦਾਸ ਜੀ ਭਏ।

---

੧. ਜਾਪਦਾ ਹੈ ਕਿ *ਬਾਲੇ ਵਾਲੀ ਜਨਮਸਾਖੀ* ਦੇ ਆਧਾਰ 'ਤੇ ਕਵੀ ਲਿਖ ਰਿਹਾ ਹੈ।

ਸ੍ਰੀ ਚੰਦ ਜੀ 'ਗੋਰਖ' ਕੇ ਅਵਤਾਰ। ਆੜਬੰਦੁ ਲੰਗੋਟੁ ਕਟਿ ਆਏ ਧਾਰਿ।
ਜਤੀ ਸਤੀ ਸਾਹਿਬ 'ਸ੍ਰੀ ਚੰਦ'।
ਮਾਤਾ ਸੁਲਖਣੀ 'ਚੋਣੀ' ਦੇ ਜਠਰੋਂ, ਭਏ ਦੁਇ ਪੂਤ ਭਇਆ ਅਨੰਦੁ।੧੨੫।

ਸਾਹਿਬ ਗੁਰੂ ਨਾਨਕ ਜੀ ਦੁਇ ਲੌਂਗ ਦਿਤੇ ਤਬ ਦੋਨੋ ਸੁਤ ਭਏ।
ਆਪ ਸਾਹਿਬ ਉਠ ਪਰਦੇਸ ਸੈਲ ਕਰਨ ਨੂੰ ਗਏ।੧੨੬।

ਇਕ 'ਬਾਲਾ ਸੰਧੂ', ਦੂਜਾ 'ਮਰਦਾਨਾ ਰਬਾਬੀ' ਨਾਲਿ।
ਸੰਮਤ ਪੰਦ੍ਰਾਂ ਸੈ ਸਠ, ਬਿਆਹੇ ਲਖਮੀ ਦਾਸ ਘਰਿ ਖਤ੍ਰੀ ਸਿਆਲ।
ਅਠ ਬਰਸ ਕੇ 'ਲਖਮੀ ਦਾਸ ਜੀ' ਬਿਆਹੇ। ਇਕ ਉਦਾਸੀ ਗੁਰੂ ਨਾਨਕ ਥੇ ਕਰਿ ਆਏ।੧੨੭।

ਤੀਨ ਮਾਸ ਰਹਿ ਕੇ ਫੇਰ ਉਠਿ ਗਏ। ਦੇਸ ਨਗਰ ਵਲਾਇਤ ਰਮਤੇ ਭਏ।
ਫਿਰਤੇ ਟੁਰਤੇ ਸਾਹਿਬ 'ਖੁਰਮੇ' ਵਿਚ ਆਏ।
ਤਹਾਂ ਮਰਦਾਨੇ ਕੋ ਦਰਦ ਭਇਆ ਉਦਰ ਮੋ ਜਾਏ।੧੨੮।

ਤਾ 'ਮਰਦਾਨੇ' ਬਾਬੇ ਸਾਹਿਬ ਅਗੇ ਕੀਤੀ ਅਰਦਾਸ:
'ਜੀ ਗਰੀਬ ਨਿਵਾਜ ਮੈਂ ਹਾਂ ਤੇਰਾ, ਭਰੋਸਾ ਨਹੀਂ ਸਾਸ।
ਜੋ ਮੇਰਾ ਸਰੀਰ ਛੂਟ ਭੀ ਜਾਏ। ਤਾ ਦਫਨ ਨਹੀਂ ਕਰਨਾ, ਦੇਣਾ ਅਗਨਿ ਜਲਾਏ'।੧੨੯।

ਚਾਰ ਦਿਨ ਮਰਦਾਨਾ ਸ੍ਰਮ[1] ਪਾਇ ਕੇ ਚਲਿਆ। ਕੀਤਾ ਸਸਕਾਰ ਜਾਇ ਸੰਗਤਿ ਵਿਚ ਰਲਿਆ।
ਸੰਮਤ ਪੰਦ੍ਰਾਂ ਸੈ ਬਿਆਸੀ, ਸਾਹਿਬ ਐਰਾਵਤੀ ਤਟਿ ਆਏ।
ਕਰਤਾਰਪੁਰ ਤਾ ਕਾ ਨਾਮ ਕਹਾਏ।੧੩੦।

ਕਿਰਤ ਕਿਰਸਾਣੀ ਦਾ ਕੀਤਾ ਆਰੰਭ। ਕਰਨ ਕਾਰਨ ਦੀਨ ਦੁਨੀਆ ਦੇ ਥੰਮ।
ਤਹਾਂ ਗੁਰੂ ਅੰਗਦ ਜੀ ਕਾ ਭਇਆ ਮਿਲਾਪੁ। ਤਜ ਮਿਲਿਆ ਸਭ ਅਪਨਾ ਆਪੁ।੧੩੧।

ਗੁਰੂ ਅੰਗਦ ਆਹਾ ਜਗਿਆਸੀ। ਦੇਵੀ ਦੁਆਰੇ ਜਾਂਦਿਆਂ ਮਿਲੇ ਸਤਿਗੁਰ ਅਬਿਨਾਸੀ।
ਸੰਮਤ ਪੰਦ੍ਰਾਂ ਸੈ ਚਉਰਾਨਵੇਂ ਦੇਵੀ ਦਾ ਉਥੇ ਹੀ ਦਰਸ਼ਨ ਪਾਇਆ।
ਫੇਰਿ ਲੈ ਕੇ ਵਿਦਿਆ ਘਰ ਨੂੰ ਆਇਆ।੧੩੨।

ਦੁਇ ਸਾਲ ਤਿਨ ਟਹਿਲ ਕਮਾਈ। ਟਹਿਲ ਹੀ ਤੇ ਗੁਰਿਆਈ ਪਾਈ।
ਸਮਾ ਸਾਹਿਬ ਕੇ ਸਵਾਰੇ ਕਾ ਆਇਆ। ਸੰਮਤ ਪੰਦ੍ਰਾਂ ਸੈ ਛਿਆਨਵੇਂ ਠਹਿਰਾਇਆ।੧੩੩।

**ਸਾਹਿਬ ਗੁਰਿਆਈ ਗੁਰੂ ਅੰਗਦ ਜੀ ਨੂੰ ਦਿਤੀ—**
ਉਪਰ ਦਾ ਜੁਬਾ ਗੋਦੜਾ[2] ਉਹ ਅੰਗਦ ਦੇ ਪਾਇਆ। ਜਗਤ ਗੁਰੂ ਲਹਣਾ 'ਅੰਗਦ' ਠਹਰਾਇਆ।
ਪੁਤ ਪੋਤੇ ਬੈਠੇ ਰਹੇ ਅਤੇ ਸੇਵਕ ਲੈ ਗਇਆ।
ਲਖਮੀ ਦਾਸ ਸ੍ਰੀ ਚੰਦ ਜਾਇ ਗੁਰਾਂ ਦੇ ਸਨਮੁਖ ਭਇਆ।੧੩੪।

ਸਭਨਾਂ ਰਲਿ ਕੇ ਬੇਨਤੀ ਇਹ ਕੀਤੀ:
'ਅਸੀਂ ਹਾਂ ਤੇਰੇ, ਅਤੇ ਗੱਦੀ ਤੇਰੇ ਪਾਸੋਂ ਲਹਿਣੇ ਹੈ ਲੀਤੀ'।

---

੧. ਕਸ਼ਟ ਪਾ ਕੇ। ੨. ਵੱਡਾ ਚੋਲਾ।

ਅਸਾਡਾ ਆਖ ਕੀ ਕੀਤੋ ਹਵਾਲ ? ਤੇਰੇ ਪਾਸਹੁੰ ਕੋੜ੍ਹੀ ਕਿਰਾੜ ਲੈ ਗਿਆ ਮਾਲ।
ਅਸਾਡਾ ਮਾਣੁ ਤਾਣੁ ਜੋਰ ਸਭ ਕਿਛੁ ਹੈ ਤੂੰ। ਤੁਧੁ ਬਿਨਾ ਅਸਾਂ ਆਖਣਾ ਕਿਸ ਕੂੰ ?।੧੩੫।

ਬਚਨ ਕੀਤਾ : 'ਪੰਡ ਅਸਾਂ ਲਹਿਣੇ ਨੂੰ ਚੁਕਾਈ। ਤੁਸੀਂ ਹੋ ਮੇਰੀ ਅੰਸੁ, ਜਾਣੇ ਸਭ ਲੁਕਾਈ।
ਤੁਸਾਨੂੰ ਘੋੜਾ ਬਾਜੁ ਹੁਕਮ ਬਹੁਤ ਹੈ ਦਿਤਾ।
ਤੁਸਾਡੇ ਕੁਤੇ ਭੀ ਮੰਨੀਅਨਗੇ; ਤੁਸਾਂ ਮੇਰੇ ਘਰਿ ਜਨਮੁ ਹੈ ਲਿਤਾ।੧੩੬।

ਚਵੀਆਂ ਬਰਸਾਂ ਦਾ ਧਰਮ ਚੰਦ ਹੈਸੀ ਪੋਤਾ। ਏਕ ਬਰਸ ਕਾ ਮਿਹਰ ਚੰਦੁ ਹੈਸੀ ਪੜੋਤਾ।
ਸਭੋ ਤਜਿ ਸੇਵਕੁ ਕਉ ਦੀਨੀ। ਰਲਿ ਸਭਨਾਂ ਮਸਲਤਿ ਇਹੁ ਕੀਨੀ।੧੩੭।

'ਇਹ ਕਉਨ ਹੈ ਕੋਹੜੀ ਕਿਰਾੜੁ। ਲਹਿਣੇ ਸੰਗ ਤਿਨ ਅਤਿ ਕੀਤੀ ਰਾੜਿ।[1]
ਅੰਗਦੁ ਹਾਥਿ ਜੋੜਿ ਬੇਨਤੀ ਠਾਨੀ। ਮੈਂ ਹਾਂ ਦਾਸ ਤੁਮਾਰਾ ਮੁਝ ਸੇਵਕੁ ਜਾਨੀ।੧੩੮।

ਕਰਿ ਸਸਕਾਰ ਕ੍ਰਿਆ ਪਰ ਬੈਠੇ। ਦਿਨ ਤੇਰਾਂ ਸਭ ਰਹੇ ਇਕੱਠੇ।
ਗਰੜ ਪੁਰਾਣ ਕੀ ਕਥਾ ਨਿਤ ਹੋਵੈ। ਜੋ ਕੋਈ ਸੁਣੇ ਸੋਈ ਰੋਵੈ।੧੩੯।

ਵਿਚਿ ਚਿਖਾ ਫੁਲ ਰਹਿਆ ਨ ਕੋਈ। ਸਣਦੇਹੀ ਉਠਿ ਗਏ ਨੀ ਸੋਈ।
ਮੰਗਲੁ ਮੇਲਿ ਸਭ ਭੇਜਿਆ ਹਰਿ ਸਰਿ। ਬ੍ਰਹਮ ਭੋਜ ਕੀਤਾ ਸਭਨਾ ਮਿਲ ਕਰਿ।੧੪੦।

ਧਰਮਸਾਂਤਿ ਕੀਨੀ ਦੱਛਨਾ ਦਿਜ ਦੀਨੀ। ਪਾਛੈ ਬੈਠਿ ਵਿਚਾਰ ਇਹ ਕੀਨੀ।੧੪੧।

'ਪਿਤਾ ਤੋ ਦੇਇ ਇਸੀ ਕੋ ਗਇਆ। ਜਬਾਬੁ ਸੁਆਲ ਅਸਾਂ ਜੀਵਤੇ ਹੀ ਕਰ ਲਇਆ।
ਘੋੜਾ ਬਾਜ ਅਸਾਂ ਨੂੰ ਕਹਿ ਦੀਨਾ। ਉਪਰ ਕਾ ਗੋਦੜਾ ਸੋ ਅੰਗਦ ਲੀਨਾ।੧੪੨।

ਗੋਦੜੇ ਬੀਚ ਧਰੀ ਗੁਰਿਆਈ। ਅਸਾਡੇ ਹੋਦਿਆਂ ਏਹੁ ਕਉਣੁ ਹੈ ਜੋ ਬਹੈ ਮੰਜੀ ਪਾਈ ?
ਗੋਦੜਾ ਇਸ ਪਾਸੋਂ ਮੋੜਿ ਲਈਐ। 'ਸੇਵਕ ਹੋਇ ਰਹੁ' ਇਸ ਨੂੰ ਕਹੀਐ।੧੪੩।

'ਸ੍ਰੀਚੰਦ ਸਾਹਿਬ' ਕਹਿਆ : "ਅੰਗਦਾ! ਗੋਦੜਾ ਉਤਾਰੁ।"
'ਲਹਿਣੇ' ਲਾਹਿ ਧਰਿਆ ਸਭਾ ਮਝਾਰਿ।
ਧਰਮਚੰਦੁ ਕੋ ਕਹਿਆ : "ਤੁਮ ਲੇਹੁ ਉਠਾਈ।" 'ਧਰਮਚੰਦ' ਤੇ ਨ ਉਠਾਇਆ ਜਾਈ।੧੪੪।

'ਲਖਮੀ ਦਾਸ' ਜੀ ਜਾਇ ਹੱਥ ਲਾਇਆ। ਤਿਨ ਤੇ ਭੀ ਨ ਗੋਦੜਾ ਗਿਆ ਉਠਾਇਆ।
ਉਠਾਇ ਰਹਿਆ ਸਾਰਾ ਪਰਵਾਰ। ਗੋਦੜਾ ਹੂਆ ਹਾਥੀ ਦਾ ਭਾਰ।੧੪੫।

ਬੈਠਿ ਸਭਨਾ ਮਿਲਿ ਕਰੀ ਸਲਾਹਿ : 'ਸਭ ਬਰਕਤਿ ਹੈ ਇਸ ਗੋਦੜੇ ਮਾਹਿ।
ਪਰ ਦੀਨਾ ਹੈ ਆਪ ਸਚੇ ਪਾਤਿਸਾਹਿ। ਉਸ ਕਾ ਕੀਆ ਅਸਾਂ ਲੀਆ ਹੈ ਲਾਹਿ'।੧੪੬।

ਇਸ ਕੋ ਕਹੋ : "ਤੂੰ ਲੇਹੁ ਉਠਾਈ।" ਜੇ ਇਸ ਉਠਾਇਆ, ਤਾਂ ਇਸ ਹੀ ਦੇਹੁ ਪਹਿਰਾਈ।
'ਸ੍ਰੀਚੰਦ ਸਾਹਿਬ' ਕਹਿਆ : "ਅੰਗਦਾ, ਲੇਹੁ ਉਠਾਇ।"
ਕਰ ਪ੍ਰਣਾਮ[2], ਪ੍ਰਦਛਨਾ, 'ਅੰਗਦ ਜੀ' ਕੀਨੀ ਜਾਇ।
ਮਸਤਕੁ ਟੇਕਿ ਉਠਾਇ ਸੋ ਲੀਨਾ। ਤਬ ਰਲ ਕੇ ਟਿੱਕਾ[3] ਸਭਨਾ ਤਿਸ ਕੋ ਦੀਨਾ।੧੪੭।

---

੧. ਝਗੜਾ। ੨. ਨਮਸਕਾਰ। ੩. ਤਿਲਕ।

'ਅੰਗਦ' ਕਹਿਆ : "ਮੈਂ ਹਾਂ ਸੇਵਕ ਤੁਮਾਰਾ ਦਾਸੁ।
ਜੀਉ ਜਾਨ ਮਾਲ ਤੁਮ੍ਹਾਰਾ, ਤੁਮਾਰਾ ਸਾਸੁ।"

ਚਾਰਿ ਮਾਸ 'ਗੁਰ ਅੰਗਦ ਜੀ' ਤਹਾਂ ਰਹੇ। ਕਰਿ ਪ੍ਰਣਾਮੁ ਫਿਰ ਵਿਦਿਆ ਭਏ।
ਤਹਾਂ ਤੇ ਚਲਿ ਆਏ 'ਖਡੂਰਿ'। ਦਿਤੀ ਵਡਿਆਈ ਖਾਵੰਦ ਭਰਪੂਰ।੧੪੮।

'ਮਾਈ ਪਹਿਦੀ ਖਹਿਰੀ ਜਟੀ' ਦੇ ਘਰਿ ਕੀਤਾ ਬਸੇਰਾ। ਕ੍ਰਿਤ : ਵਾਣ ਵਟਿਆ ਕਰਨ ਸੰਝ ਸਵੇਰਾ।
ਸੰਮਤ ਪੰਦ੍ਰਾਂ ਸੈ ਬਹਤ੍ਰ ਜਬ ਗਏ। 'ਧਰਮ ਚੰਦ ਸਾਹਿਬ' ਤਬ ਜਨਮੁ ਥੇ ਲਏ।੧੪੯।

ਸੰਮਤ ਪੰਦ੍ਰਾਂ ਸੈ ਜਬ ਗਿਆ ਚਉਰਾਸੀ। ਤਬ ਕੀਆ ਬਿਆਹੁ ਖਤ੍ਰੀ ਜਾਤਿ ਪਾਸੀ।
ਸੰਮਤ ਸੋਲਾਂ ਐ ਦੁਆਦਸਿ ਜਬ ਗਏ। ਤਬ 'ਲਖਮੀ ਦਾਸ' ਜੀ ਅੰਤਰਿ ਧਿਆਨ ਭਏ।੧੫੦।

ਜੇਠ ਮਹੀਨੇ ਅਮੱਸਿਆ ਰੈਨ। ਚੜ੍ਹਿ ਬੋਲੇ ਬਚਨ ਆਪ ਵਿਚਿ ਗੈਨ।
"ਹੇ ਸੁਤ ਧਰਮ ਚੰਦ! ਕਛੁ ਸ਼ੋਕ ਨਾ ਕਰਨਾ।
'ਸ੍ਰੀ ਚੰਦ' ਕੇ ਚਰਨਾਂ ਪਰਿ ਮੁਝ ਮਸਤਕ ਧਰਨਾ।੧੫੧।

ਤੁਮਰੇ ਹੋਸੀ ਸਭ ਕਲਿਆਨ। ਹਮ ਪਿਤਾ ਕੋ ਮਿਲੇ ਹੈਂ ਆਨ।"
ਕਿਰਿਆ ਕਰਮ ਸਭ 'ਧਰਮ ਚੰਦ ਜੀ' ਕਰਵਾਏ। ਸ਼ਾਸਤ੍ਰ ਅਨੁਸਾਰ ਜੋ ਦਿਜੋਂ ਬਤਾਏ।੧੫੨।

ਸੇਖ ਰਹੇ 'ਮਿਹਰਚੰਦ', 'ਮਾਣਿਕ ਚੰਦੁ' ਅਰੁ 'ਸ੍ਰੀ ਚੰਦੁ'। ਅਉਰ ਨਗਰ ਮੈਂ ਸਭ ਆਨੰਦ।
ਇਤਨੀ ਕਥਾ ਇਤ ਪੂਰਨ ਭਈ। ਅਗੇ ਬਾਤ 'ਗੁਰੂ ਅੰਗਦ' ਜੀ ਪਹਿ ਗਈ।
ਇਕ ਸਉ ਤ੍ਰਿਵੰਜਾ ਅੰਗ ਇਸ ਚਰਨ ਕੇ ਭਏ। ਪ੍ਰਿਥਮ ਚਰਨ ਪੂਰਨ ਕਰ ਲਏ।੧੫੩।

—o—

# (੨) ਦੂਜਾ ਚਰਣ—ਦੂਸਰੀ ਪਾਤਸ਼ਾਹੀ

**ਚਉਪਈ**—ਅਬ ਸੁਨੀਐ 'ਗੁਰੁ ਅੰਗਦ' ਜੀ ਕੀ ਬਾਤ। 'ਸਿੰਘ ਕੇਸਰ ਛਿਬਰ' ਆਖਿ ਸੁਨਾਤ।
'ਹਰੀਕੇ' ਨਾਮੁ ਥਾ ਇਕ ਗਾਂਉ। ਤਾ ਮੇ ਰਹਿਤਾ ਖਤ੍ਰੀ 'ਫਿਰਾਇਆ ਮੱਲ-ਤ੍ਰਿਹਨ' ਨਾਉਂ।੧।

ਕਿਰਤ ਬੈਪਾਰ ਥਾ ਸ਼ਾਹੂਕਾਰੀ। ਮਾਤਾ ਰਾਮੋ ਤਾ ਕੇ ਧਾਮ, 'ਗੁਰੂ ਅੰਗਦ-ਲਹਿਣਾ' ਅਉਤਾਰੀ।
ਸੰਮਤ ਪੰਦ੍ਰਾਂ ਸੈ ਖਟਿ-ਸਠਿ। ਜਨਮੇ 'ਅੰਗਦ' ਵੈਸਾਖ ਮਹੀਨੇ ਦਿਨ ਤ੍ਰੈ ਅਠਿ।੨।

ਚਾਰ ਘੜੀਆਂ ਰਾਤਿ ਰਹਦੀ ਸੋਮਵਾਰਿ। ਨਛਤ੍ਰ ਭਰਨੀ ਚਰਨ ਤੀਸਰੇ ਮਝਾਰਿ।
ਪ੍ਰਾਤੇ ਦਿਜ ਬੁਲਾਇ ਜਨਮਪਤ੍ਰੀ ਲਿਖਾਈ। ਨਾਮ 'ਲਹਿਣਾ' ਦਿਜ ਧਰਿਆ ਜਾਈ।੩।

ਬਡੇ ਹੋਇ ਕਰ ਬਿਦਿਆ ਪੜ੍ਹੇ। ਯਗਿਓਪਵੀਤ[1] ਪਾਇਆ, ਖੇਡੇ, ਹਸੈ ਘੋੜੀ ਚੜ੍ਹੇ।
ਸੰਮਤ ਪੰਦ੍ਰਾਂ ਸੈ ਛਿਹੱਤ੍ਰ ਮੋ ਪਰਨੇ। ਕੰਮ ਕਿਰਤ ਸਭ ਲਗੇ ਕਰਨੇ।੪।

ਦਾਨ ਪੁੰਨ ਦਿਜਨ, ਅਤੀਤ ਕੀ ਸੇਵਾ। ਹਿਤ ਕਰਦੇ ਸਭਕੋ ਪੂਜੇਵਾ।
ਸੰਮਤ ਪੰਦ੍ਰਾਂ ਸੈ ਅਰੁ ਅੱਸੀ ਜਬ ਭਏ। 'ਫੇਰੂਮਲ' ਦਿਵਪੁਰ[2] ਨੂ ਗਏ।੫।

ਕਰਮ-ਕ੍ਰਿਆ ਲਹਿਣੇ ਜੀ ਸਭ ਕਰਵਾਈ। ਜਿਉਂ ਜਿਉਂ ਦਿਜਾਂ ਦਿੱਤੀ ਬਤਾਈ।
ਫੂਲ ਲੈ ਕੇ 'ਹਰਿਸਰ' ਨੂੰ ਗਏ। ਤਹਾਂ ਭੀ ਕਰਮ ਸਭ ਕਰਤੇ ਭਏ।੬।

ਸੇਵਕ ਮਾਤਾ ਦੇਵੀ ਦੇ ਆਹੇ ਆਦਿ। ਗਾਇਤ੍ਰੀ ਤਰਪਨ ਪਿਤਰ-ਪੂਜਾ ਨਿਤ ਕਰਨ ਯਾਦ।
'ਕਾਂਗੜੇ' 'ਜੁਆਲਾ' ਮਾਤਾ ਦੇ ਹਮੇਸਾ ਜਾਵਨ। ਧੁਜਾ, ਨਲੀਏਰ ਭੇਟਾ ਦੇਵਨ ਤੇ ਛੰਦ ਗਾਵਨ।੭।

ਜਗਿਆਸਾ ਬਡੀ ਪਰ ਸ਼ਾਂਤਿ ਨ ਆਵੈ। ਸਾਧੁ, ਅਤੀਤ ਸੁਣੈ, ਤਿਥੈ ਚਲਿ ਜਾਵੈ।
ਜੋਗੀ, ਬੈਰਾਗੀ, ਸੰਨਿਆਸੀ ਹੋਈ। ਸਾਧੂ, ਭਗਤੁ ਜੋ ਸੁਣੀਐ ਕੋਈ।੮।

ਭੇਟਾ ਲੈ ਕੇ ਜਾਏਂ ਸਭ ਪਾਸ। ਮਤ ਕਿਧਰੋਂ ਪੂਰੀ ਹੋਵੈ ਆਸ।
ਨਾਲੇ ਕਿਰਤ ਹੱਟੀ ਦੀ ਕਰੇ। ਸ਼ਾਹੂਕਾਰੀ, ਦੇਣਾ-ਲੈਣਾ ਸਭ ਕਛੁ ਸਰੇ।੯।

ਏਕ ਸਮੇ 'ਜੁਆਲਾ ਜੀ' ਗਏ। ਤੀਰ ਫਕੀਰ, ਸੰਨਿਆਸੀ ਆ ਕੇ ਬੈਠਤ ਭਏ।
ਤਹਾਂ ਚਰਚਾ ਤਬ ਐਸੇ ਹੋਈ: ਨਾਨਕ ਤਪਾ ਖਤ੍ਰੀ ਇਕ ਹੋਇਆ ਹੈ ਕੋਈ।੧੦।

ਪਰੁ ਬਡੀ ਬਰਕਤਿ ਵਾਲਾ ਹੈ ਹੋਇਆ। ਉਥੋਂ ਹਿਰਦੇ ਵਿਚ ਇਹੁ ਸੁਖਨੁ[3] ਪਰੋਇਆ।
ਭਈ ਚਾਹ ਜੋ ਦਰਸ਼ਨ ਪਾਈਐ। ਜਿਥੇ ਉਹ ਹੋਵੈ, ਉਥੇ ਹੀ ਜਾਈਐ।੧੧।

---

੧. ਜਨੇਊ। ੨. ਸੁਰਗ। ੩. ਬਚਨ।

ਸੰਮਤ ਪੰਦ੍ਰਾਂ ਸੈ ਸੱਤਾਸੀ, ਘਰਿ ਬਾਲਕ ਭਇਆ। ਨਾਮ 'ਦਾਸੂ' ਦਿਜ ਰਸਨੀਂ ਕਹਿਆ।
'ਮਾਤਾ ਖੀਵੀ ਜੀ' ਕੇ ਧਾਮ। ਬਾਲਕ ਜਨਮੇ 'ਦਾਸੂ' ਨਾਮ।੧੨।

ਕਿਰਤ ਬੈਪਾਰ ਵਿਚ ਭੀ ਗਲਤਾਨ। ਅਤੇ ਸਾਧੁ-ਸੰਤ ਦੇ ਭੀ ਚਲਿ ਜਾਨ।
ਸੰਮਤ ਪੰਦ੍ਰਾਂ ਸੈ ਉਣਾਨਵੇਂ ਜਬ ਭਏ। ਤਬ ਬੀਬੀ 'ਅਮਰੋ ਜੀ' ਜਨਮ ਲਏ।੧੩।

ਮਨ ਪ੍ਰੀਤਿ ਬਹੁਤ ਬਾਬੇ ਦੇ ਦੀਦਾਰ ਦੀ। ਅਤੇ ਕਿਰਤ ਫਾਹੀ ਵਡੀ ਹੈ ਬੈਪਾਰ ਦੀ।
ਧਾਮੋਂ ਨਿਕਲਣ ਹੋਵੈ ਨਾਹੀ। ਅਤੇ ਪ੍ਰੀਤਿ ਬਡੀ ਸਾਹਿਬ ਦੇ ਦੀਦਾਰ ਦੀ ਮਨ ਮਾਹੀ।੧੪।

ਸੰਮਤ ਪੰਦ੍ਰਾਂ ਸੈ ਬਾਨਵੇ ਜਬ ਬੀਤੇ। ਤਬ ਬੀਬੀ 'ਅਨੋਖੀ ਜੀ' ਜਨਮ ਲੀਤੇ।
ਤਬ ਕੰਮੁ ਮਾਇਆ ਦਾ ਕੁਛੁ ਘਟਿਆ। ਹਿਰਦਾ ਬੈਪਾਰ ਥੀਂ ਭੀ ਲਟਿਆ।੧੫।

ਰਿਦਾ ਉਦਾਸ ਲਹਿਣੇ ਜੀ ਦਾ ਤਬ ਹੋਇਆ। ਤਬ 'ਮਾਤਾ ਖੀਵੀ' ਬਚਨੁ ਇਹ ਛੋਇਆ:
"ਅਜੀ! ਵਤਨ ਵਡਿਆਂ ਦੇ ਅਪਨੇ ਚਲੋ। ਹੁਣ ਇਥੇ ਰਹਿਣਾ ਨਾਹੀ ਭਲੋ"।੧੬।

ਤਬ 'ਹਰੀਏ ਕੇ', ਛਡਿ ਬਾਸਰਕੀ ਆਏ। ਕਿਰਤ-ਕਾਰ ਅਰੰਭੀ ਅਤੇ ਘਰੁ ਪਾਏ।
ਏਹੁ ਵਤਨ ਵਡਿਆਂ ਦਾ ਆਹਾ। ਦੈਵ ਸੰਜੋਗ ਕਰਿ ਆਏ ਤਾਂਹਾ।੧੭।

ਕਿਰਤ-ਕਾਰਜ ਜਬ ਲਗੇ ਕਰਨੇ। ਸੰਮਤ ਪੰਦ੍ਰਾਂ ਸੈ ਚਉਰਾਨਵੇ ਬਰਨੇ।
ਤਬ 'ਦਾਤੂ ਜੀ' ਨੇ ਜਨਮ ਆਇ ਲੀਤਾ। ਜਦਿ 'ਬਾਸਰਕੀ' ਆਇ ਡੇਰਾ ਕੀਤਾ।੧੮।

ਅਗੋ ਚਾਲ ਦੇਵੀ ਦੁਆਰੇ ਦੀ ਆਈ। ਦਰਸਨਿ ਚਲੀ ਬਹੁਤੁ ਲੁਕਾਈ।
'ਲਹਿਣਾ ਜੀ' ਭੀ ਭਏ ਤਿਆਰ। ਦੁਇ ਬੀਬੀਆਂ, ਦੁਇ ਬਾਲਕ—ਭਏ ਚਾਰ।੧੯।

'ਮਾਤ ਖੀਵੀ' ਕਹਿਆ: "ਅਸਾਨੂੰ ਲੈ ਚਲੋ ਨਾਲ।"
'ਲਹਿਣੇ ਜੀ' ਕਹਿਆ: "ਦਾਤੂ ਜੀ ਇਆਣੇ ਹੈਨ ਬਾਲ।
ਦੂਜੀ ਵਾਰ ਤੁਸਾਨੂੰ ਲੈ ਜਾਵਾਂਗੇ; ਕਰਿ ਭਾੜਾ ਸਭਨਾਂ ਨੂੰ ਦਰਸ਼ਨ ਕਰਾਵਾਂਗੇ"।੨੦।

ਤਬ 'ਲਹਿਣਾ ਜੀ' ਨਾਲਿ ਸਾਥੁ ਦੇ ਟੁਰੇ। ਸਾਥ ਮਾਨੁਖ ਥੇ ਬਹੁਤ ਜੁਰੇ।
ਰਾਹਿ 'ਕਰਤਾਰਪੁਰੇ' ਦੇ ਆਏ। ਤਹਾਂ ਗੁਰੂ ਨਾਨਕ ਜੀ ਸੁਣਿ 'ਲਹਿਣੇ' ਪਾਏ।੨੧।

ਸਾਥੁ 'ਮਾਤਾ ਤ੍ਰਿਕੁਟਾ'[੧] ਨੂੰ ਹੈ ਸੀ ਚਲਿਆ। ਤਿਸੇ ਸਾਥ ਨਾਲਿ 'ਲਹਿਣਾ ਜੀ' ਹੈਸੀ ਰਲਿਆ।
'ਲਹਿਣਾ ਜੀ' ਦਰਸਨ ਕਉ ਆਏ। ਦਰਸਨ ਹੇਰਿ ਸ਼ਾਂਤਿ ਕਉ ਪਾਏ।੨੨।

ਮਨੁ ਪ੍ਰਸੰਨੁ ਪੇਖਤ ਹੀ ਹੂਆ। ਮਿਟਿ ਗਿਆ ਭ੍ਰਮ-ਤਮ ਕਾ ਕੂਆ।[੨]
ਪ੍ਰਾਤੇ ਸਾਥੁ ਭਇਆ ਤਯਾਰੁ। ਇਹ ਆਏ ਦਰਸਨ ਕਉ 'ਗੁਰ ਨਾਨਕ' ਦੇ ਦੁਆਰਿ।੨੩।

'ਲਹਿਣੇ' ਕੋ ਤਹਾਂ ਦਰਸਨ 'ਦੇਵੀ' ਕਾ ਭਇਆ। 'ਲਹਿਣਾ ਜੀ' ਰਹੈ ਸਾਥੁ ਸਾਰਾ ਉਠਿ ਗਇਆ।
ਸਾਥੀ ਕਹਿਣ: "ਚਲ ਦੇਵੀ ਦੁਆਰੇ!" ਇਨ ਕਹਿਆ: "ਕਾਰਜ ਰਾਸ ਹੁਏ ਹਮਾਰੇ"।੨੪।

ਚਾਰ ਦਿਨ ਤੀਰ ਸਾਹਿਬ ਕੇ ਰਹੇ। ਲੈਇ ਕੇ ਖੁਸ਼ੀ ਫਿਰਿ ਵਿਦਿਆ ਭਏ।
'ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥'
'ਨਾਨਕ ਨਦਰੀ ਨਦਰਿ ਨਿਹਾਲ' ਹੋਰ ਸੋਭਾ ਕੀ ਕਰੀਐ।੨੫।

---

੧. ਤ੍ਰਿਕੁਟਾ ਦੇਵੀ ਦਾ ਮੰਦਰ ਜੰਮੂ ਇਲਾਕੇ ਦੇ ਪੁਰਮੰਡਲ ਵਿਚ ਹੈ। ੨. ਭਰਮ ਦਾ ਅੰਧੇਰ ਖਾਤਾ।

ਹੋਇ ਵਿਦਿਆ, ਨਿਜ ਧਾਮਿ ਆਏ। 'ਬੀਬੀ ਅਮਰੋ' ਦੀ ਕੁੜਮਾਈ ਸ਼ਗਨ ਪਠਾਏ।
'ਗੋਇੰਦਵਾਲ' ਭੱਲਿਆਂ ਦੇ ਧਾਮ। ਆਵਤ ਹੀ ਇਹੁ ਕੀਤਾ ਕਾਮ।੨੬।

ਮਾਤਾ ਲਹਿਣੇ ਜੀ ਕੀ 'ਮਨਸਾ ਦੇਵੀ' ਆਹੀ। ਸੋ ਸੁਰਗ ਸਿਧਾਣੀ ਸੰਮਤ ਚਉਰਾਨਵੇ ਮਾਹੀ।
ਸੰਮਤੁ ਪੰਦ੍ਰਾਂ ਸੈ ਪਚਾਨਵੇ ਜਬ ਭਏ। 'ਲਹਿਣੇ ਜੀ' ਘਰ ਕੇ ਕਾਰਜ ਸਭ ਕਰ ਲਏ।੨੭।

'ਗੁਰੂ ਨਾਨਕ ਜੀ' ਪਾਸ ਫਿਰਿ ਆਇਆ। ਅਗੇ ਸਾਹਿਬ ਖੇਤ੍ਰੀ ਦਾ ਨਦੀਣੁ[1] ਸੀ ਕਢਵਾਇਆ।
ਬਾਹਰ ਹੀ ਆਇ ਚਰਨੀ ਪਇਆ।
ਜਾ ਟੁਰਨ ਲਗੇ ਤਾਂ ਧਾਹੀਆਂ ਦਾ ਭਾਰ ਸਿਰ ਚੁਕ ਲਇਆ।੨੮।

ਚਿਕੜ ਵਹਿੰਦੇ ਚੁਕ ਘਰਿ ਲੈ ਆਇਆ। 'ਮਾਤਾ ਚੋਣੀ ਜੀ' ਦੇਖਿ ਬਾਬੇ ਨੂੰ ਆਖਿ ਸੁਣਾਇਆ :
"ਮਹਾਰਾਜ! ਇਹੁ ਭਲਾ ਆਦਮੀ ਹੈ ਤੁਸਾਨੂੰ ਮਿਲਣੇ ਆਇਆ।
ਤੁਸਾਂ ਭਾਰ ਚੁਕਾਇ ਉੱਤੇ ਚਿਕੜ ਹੈ ਪਾਇਆ"।੨੯।

ਬਚਨ ਕੀਤਾ : "ਇਹ ਚਿਕੜ ਨਾਹੀ, ਇਹ ਪਿਆ ਹੈ ਕੇਸਰੁ। ਇਸ ਨੂੰ ਟਿੱਕਾ ਦਿਤਾ ਹੈ ਪਰਮੇਸਰੁ।"
ਨਉਂ ਮਹੀਨੇ ਚਰਨਾਂ ਪਾਸ ਰਹਿਆ। ਕਰਦੇ ਟਹਿਲ ਪਰਮ ਪਦ ਲਹਿਆ।੩੦।

'ਗੁਰੂ ਨਾਨਕ ਜੀ' ਬਚਨ ਕੀਤਾ ਏਹੁ : "ਅੰਗਦਾ! ਘਰਿ ਜਾਇ ਕੇ ਕੰਨਿਆ ਬਿਵਾਹਿ ਦੇਹੁ।"
ਤਾਂ 'ਗੁਰੂ ਅੰਗਦ ਜੀ' ਘਰ ਕੋ ਆਏ। ਸੰਮਤ ਪੰਦ੍ਰਾਂ ਸੈ ਛਿਆਨਵੇਂ ਕਾਜੁ ਰਚਾਏ।੩੧।

ਵੈਸਾਖ ਮਹੀਨੇ ਦਿਤਾ ਵਿਆਹੁ। 'ਗੋਇੰਦਵਾਲ' ਘਰਿ 'ਭੱਲਿਆਂ' ਮਾਹ।
ਨਾਉ ਜਵਾਤੇ ਰਾਮ ਜੀ ਮਲੁ। ਸਦਾ ਸੋਹਾਗ ਜਿਸੁ ਰਹੈ ਅਟਲੁ।੩੨।

'ਬੀਬੀ ਅਮਰੋ' 'ਜਪੁ, ਓਅੰਕਾਰ, ਸਿਧ ਗੋਸਟਿ' ਕੰਠ ਸੀ ਕੀਤੀ।
ਨੇਮ ਨਾਲਿ ਨਿਤ ਪੜ੍ਹਨ ਕਰਿ ਪ੍ਰੀਤੀ।
ਮਾਇਆ ਦੀ ਵਰਤਨਿ 'ਗੁਰੂ ਅੰਗਦ ਜੀ' ਦੇ ਘਟਿ ਗਈ।
ਐਸੀ ਕ੍ਰਿਪਾ ਗੋਬਿੰਦ ਜੀ ਦੀ ਭਈ।੩੩।

ਕਾਰਜੁ ਕਰਕੇ ਫਿਰਿ ਉਠਿ ਆਏ। 'ਗੁਰੂ ਨਾਨਕ ਜੀ' ਦੀ ਟਹਿਲ ਕਮਾਏ।
'ਗੁਰੂ ਨਾਨਕ ਜੀ' ਨੂੰ ਸੰਨੇਹਾ 'ਕਮਲਾ' ਨਫਰ[2] ਲੈ ਆਇਆ।
ਸੱਦਾ ਦਰਗਾਹੋਂ 'ਗੁਰੂ ਨਾਨਕ ਜੀ' ਨੂੰ ਆਇਆ।੩੪।

'ਗੁਰੂ ਨਾਨਕ ਜੀ' ਪੁੱਤ-ਪੋਤੇ ਡਿਠੇ ਅਜ਼ਮਾਏ। ਲਾਇਕ ਗੁਰਿਆਈ ਦੀ ਅੰਗਦ ਜੀ ਠਹਿਰਾਏ।
ਨਾਉਂ ਸੀ 'ਲਹਿਣਾ' ਗੁਰੂ ਨਾਨਕ ਨਾਉਂ 'ਅੰਗਦੁ' ਸੀ ਧਰਿਆ।
ਜਗਤ ਗੁਰੂ 'ਅੰਗਦ ਜੀ' ਨੂੰ ਕਰਿਆ।੩੫।

ਪਿਛਲਾ ਅੰਗੁ ਪਛਾਨ ਕੇ, 'ਅੰਗਦ' ਨਾਉਂ ਸੀ ਕੀਤਾ।
'ਲਛਮਨ' ਦੀ ਅੰਸੁ 'ਤ੍ਰਿਹਨ' ਆਪ 'ਰਾਮ ਚੰਦ੍ਰ' ਘਰਿ ਜਨਮ ਸੀ ਲੀਤਾ।
ਜੋ 'ਸੁਮਿਤ੍ਰਾ' ਨੂੰ ਹਿੱਸਾ ਦਿਤਾ ਸੀ ਕਉਸਲਿਆ।
ਸੋਈ ਹਿਸੇ ਦਾ ਅੰਗੁ ਇਹ 'ਅੰਗਦੁ'[3] ਮਿਲਿਆ।੩੬।

---

੧. ਕੱਖ ਕੰਡਾ। ੨. ਕਮਲੀਆ ਸੇਵਕ। ੩. ਇਹ ਸਾਰੀ ਕਵੀ ਕਲਪਨਾ ਹੈ।

ਜਿਉ 'ਲਛਮਨ' ਤੇ 'ਰਾਮਚੰਦੁ' ਮਿਲ ਗਏ। 'ਭਰਥੁ' ਤੇ ਸ਼ਤ੍ਰਘਨ' ਰਲਿ ਗਏ।
ਇਕ ਹਿਸਾ 'ਕਕੇਈ' ਜਗ ਦਾ, ਇਕ ਹਿਸਾ 'ਕੁਸਲਿਆ'।
ਦੁਇ ਹਿਸੇ 'ਸੁਮਿਤ੍ਰਾ' ਦੁਹਾਂ ਪਾਸੋਂ ਲੀਤੇ, ਸੋ ਹਿਸੇ ਨਾਲ ਫੇਰਿ ਹਿਸਾ ਜਾਇ ਰਲਿਆ।੩੭।

ਅੱਸੂ ਵਦੀ ਦਸਮੀ ਸੰਮਤ ਪੰਦ੍ਰਾ ਸੈ ਛਿਆਨਵੇ।
ਸਵਾਰਾ ਕਰਿ ਗਏ 'ਗੁਰੂ ਨਾਨਕ' ਅਪਨੇ ਸੁਰਪੁਰ ਥਾਨ ਵੇ।
'ਅੰਗਦ' ਗੁਰਿਆਈ ਲੈ ਆਇਆ 'ਖਡੂਰ'। 'ਬਾਸਰਕੀ' ਨ ਗਿਆ, ਹੋਇ ਗਇਆ ਭਰਪੂਰ।੩੮।

ਵਾਣੁ ਵਟਿ ਕਰਨ ਗੁਜ਼ਰਾਨ। ਬਿਨਾ ਕਿਰਤ ਅਪਣੀ ਧਾਨ ਬਿਗਾਨਾ ਨਾ ਖਾਣੁ।
'ਬਾਲਾ-ਸੰਧੂ' ਆਇਆ 'ਪੁਰ ਕਰਤਾਰ'। ਉਥੇ ਸੁਣਿਆ ਜੋ 'ਵਸਤੁ ਲੈ ਗਿਆ ਕੋਈ ਕਿਰਾੜ'।੩੯।

'ਬਾਲਾ-ਸੰਧੂ' ਨਾਉ ਸੁਣਿ ਕਰਿ ਢੂੰਢਣਿ ਚੜਿਆ। ਪੁਛਦੇ ਢੂੰਢਦੇ ਆਇ ਖਡੂਰੇ ਵੜਿਆ।
ਕਰਿ ਦੀਦਾਰ ਡਿਠਾ ਮਸਤਕੁ ਭਰਿਆ। ਮਹੀਨੇ ਗੁਜ਼ਰੇ ਚਾਰ, ਪੰਜਵਾਂ ਸੀ ਚੜ੍ਹਿਆ।੪੦।

ਗੁਰੂ ਅੰਗਦ ਜੀ 'ਬਾਲੇ' ਪਾਸੋਂ ਸਾਰੀ ਹਕੀਕਤ ਬਾਬੇ ਦੀ ਲਈ। 'ਜਨਮ ਪਤ੍ਰੀ' ਦੀ ਖੋਜਨਾ ਕਈ।
'ਬਾਲੇ' ਨੂੰ 'ਤਲਵੰਡੀ' ਪਠਾਇਆ। ਸੋ, 'ਬਾਲਾ-ਸੰਧੂ' 'ਲਾਲ ਚੰਦ' ਪਾਸਿ ਆਇਆ।੪੧।

ਸੋ 'ਲਾਲ ਚੰਦ' ਸੀ ਬਿਰਧ, ਅੱਖੀਂ ਦਿਸੇ ਮੱਠਾ।
ਤਿਨ ਕਹਿਆ: "ਭਾਈ ਬਾਲਾ! ਜਨਮ ਪੱਤ੍ਰੀ ਦਾ ਕਾਗਦੁ ਚਿਰ ਹੋਇ ਮੈ ਡਿੱਠਾ।
ਸੰਮਤ ਪੰਦ੍ਰਾਂ ਸੈ ਬਾਹਠਵੇ 'ਕਲਿਆਨਦਾਸ' ਭੀ ਸੁਰਪੁਰ ਨੂੰ ਹੈ ਸੀ ਚਲਾ।
ਮੈ ਕਰਮਹੀਣ ਪਿਛੇ ਰਹਿਆ ਇਕੱਲਾ"।੪੨।

'ਨਾਨਕ ਚੰਦ' ਜੇਹਾ ਪੁਤ੍ਰ, 'ਕਲਿਆਨ ਦਾਸ' ਜੇਹਾ ਭਾਈ।
ਇਹੁ ਮਰ ਗਏ, ਪਿੱਛੇ ਅਸੀਂ ਰਹੇ ਦੇਵਰ ਤੇ ਭਰਜਾਈ।
ਵਹੁਟੀ ਗਈ ਸੁਣਿਆ ਸੀ ਪੇਕੇ। ਸੋ ਉਥੇ ਹੀ ਚਲ ਗਈ, ਅਸੀਂ ਰਹੇ ਕਿਸ ਲੇਖੇ।੪੩।

'ਨਾਨਕ' ਦਾ ਚਲਾਣਾ ਸੁਣਦੇ ਹੀ ਤਿਨ ਸਾਸੁ ਦਿਤੇ। 'ਪਖੋ ਕੇ ਰੰਧਾਵੇ' 'ਮੂਲਾ ਚੋਣਾ' ਰਹੇ ਜਿਥੇ।
ਬਾਲਕ ਨੈਦਾਨ ਇਆਣੇ ਪਿੱਛੇ ਰਹੇ। 'ਭਾਈ ਬਾਲਾ!' ਸਾਂਈ ਹੈ ਡਾਢਾ; ਤਿਸਨੂੰ ਕਉਣ ਕਹੇ।੪੪।

ਸੁਰਤਿ ਹੋਂਦੀ ਹੈ ਟਿਕਾਣੇ; ਤਾਂ ਵਸਤੁ ਰਖੀਦੀ ਹੈ ਸੰਭਾਲਿ।
ਕਿਧਰੇ ਗਈਆਂ ਵਹੀਆਂ, ਕਿਧਰੇ ਗਈਆਂ ਪੋਥੀਆਂ, ਉਹ ਭੀ ਗਈ ਉਨ੍ਹਾਂ ਦੇ ਨਾਲਿ।
ਸਭ ਬਰਕਤਿ, ਆਹੀ 'ਨਾਨਕ' ਨਾਲਿ। ਰਹਿਆ ਨਿਕਾ ਕੁਟੰਬ ਇਆਣੇ ਬਾਲ।੪੫।

ਜਾਂ 'ਨਾਨਕ ਜੀ' ਉਠਿ ਗਇਆ। ਤਾਂ ਜਨਮ ਪੱਤ੍ਰੀ ਕਿਉਂ ਸੀ ਰਹਿਣਾ।
ਭਾਈ ਬਾਲਾ! ਸਾਡੇ ਦਿਲ ਦੀ ਕਉਣ ਜਾਣੇ ਵੇਦਨ; ਅਸਾਂ ਕਿਸ ਨੂੰ ਕਹਿਣਾ।
ਨਾਨਕ ਸੀ ਪਰਦੇਸਿ, ਪਿਛੇ ਹੀ ਮੋਇਆ ਕਲਿਆਣਾ।
'ਲਖਮੀ ਦਾਸ' ਭੀ ਉਠਿ ਸੁਰਗ ਸਿਧਾਣਾ।੪੬।

'ਸ੍ਰੀ ਚੰਦ' ਨੂੰ ਗੁਰੂ ਰਖੇ, ਉਹ ਸਾਧੂ ਅਖਾਵੈ।
ਨੀਂਗਰ ਰਹੇ ਨੈਦਾਨ ਇਆਣੇ, ਅਗੇ ਜਿਉਂ ਸਾਈਂ ਨੂੰ ਭਾਵੈ।
ਨਾਲੇ ਸੁਣਿਆ ਹੈ ਜੁ ਬਰਕਤਿ ਭੀ ਕਿਸੇ ਖਤ੍ਰੇਟੇ ਲਈ। ਇਹ ਗੱਲ ਹੈ ਕੀ ਕੂੰ ? ਕਹੁ ਕੀਕੂੰ ਭਈ ?।੪੭।

'ਬਾਲੇ' ਕਹਿਆ : "ਭਾਈ ਲਾਲ ! ਅਸੀਂ ਤਾਂ ਪਾਸ ਨਾਹੇ ! ਸਭ ਕਿਸੇ ਦੇ ਕੰਮ ਆਪ ਗੋਬਿੰਦ ਨਿਬਾਹੇ।
ਉਹ ਖਤ੍ਰੇਟਾ ਅਸਾਂ ਜਾਇ ਸਹੀ ਹੈ ਕੀਤਾ। ਉਨ ਸੇਵਾ-ਟਹਿਲ ਕਰ ਕੇ ਹੈ ਲੀਤਾ" ।੪੮।

ਪੱਤ੍ਰੀ ਹੱਥ ਨ ਲੱਗੀ; ਬਾਲਾ ਮੁੜਿ ਆਇਆ। ਇਕ ਟੇਵਾ ਜਿਹਾ ਉਸ ਹੱਥਿ ਆਇਆ।
ਉਸ ਉਪਰੋਂ ਸਭ ਉਤਾਰਾ ਕੀਤਾ। 'ਜਨਮ ਸਾਖੀ' ਦਾ ਪੁਸਤਕ ਬਣਾਇ ਲੀਤਾ।੪੯।

'ਬਾਲੇ ਸੰਧੂ' ਦੇ ਮਿਲਾਪੋਂ 'ਗੁਰੂ ਅੰਗਦ' ਜ਼ਾਹਿਰ ਹੋਇਆ।
ਸੰਗਤਾਂ ਲਗੀਆਂ ਆਵਣ, ਖਬਰ ਹੋਈ ਤ੍ਰੈਲੋਆ।
'ਫਿਰਾਇਆ ਮੱਲ' ਦਾ ਪੁੱਤ 'ਨਰਾਇਣ ਦਾਸ' ਦਾ ਪੋਤਾ। ਜਾਤੀ ਦਾ 'ਤ੍ਰਿਹਣ' ਖਤ੍ਰੇਟਾ ਹੋਤਾ।੫੦।

'ਨਾਨਕ' ਤਪੇ ਪਾਸੋਂ ਹੈਸੀ ਵਰੁਸਾਣਾ। 'ਨਾਨਕ' ਤਪਾ ਆਪ ਹੈ ਸੀ ਸਮਾਣਾ।
ਬਡੀ ਮਹਿਮਾ ਜਗਤ ਮਹਿ ਹੋਈ। ਜੋ ਕੋਈ ਸੁਣੈ ਦਰਸਨ ਆਵੈ ਸੋਈ।੫੧।

ਨਜ਼ਰ ਭੇਟ ਅਰਦਾਸਿ ਲਗੀ ਮਾਇਆ ਚੜ੍ਹਨੇ। 'ਸਾਹਿਬ ਗੁਰੂ ਅੰਗਦ ਜੀ' ਲਗੇ ਲੰਗਰ ਕਰਨੇ।
ਆਪ ਪ੍ਰਸਾਦਿ ਮਿਹਨਤ ਦਾ ਖਾਵਨ। ਹੋਰ ਕਬੀਲਾ ਸਭ ਲੱਗਾ ਵਰੁਸਾਵਨ।੫੨।

ਮਾਤਾ ਖੀਵੀ, ਦਾਤੂ, ਦਾਸੂ, ਬੀਬੀਆਂ ਚਾਰੇ। ਏਨ੍ਹਾਂ ਦੇ ਵਾਸਤੇ ਧਾਮ ਲਏ ਉਸਾਰੇ।
ਮਾਇਆ ਲਗੀ ਬਹੁਤ ਹੀ ਆਵਨ। ਡੂਮ ਲਗੇ ਸਬਦ ਗੁਰੂ ਕੇ ਗਾਵਨ।੫੩।

'ਬਾਬੇ ਸ੍ਰੀ ਚੰਦ' ਜੋ ਬਚਨ ਹੈਸੀ ਕੀਤਾ: "ਕੋਹੜੀ ਕਿਰਾੜ ਨੂੰ ਹੈ ਗੋਦੜਾ ਦੀਤਾ।"
ਸੋ ਅੰਗੁ ਕੋੜ੍ਹ ਦਾ ਸਰੀਰ ਨੂੰ ਲਗਾ। ਕੋਈ ਕੋਈ ਦਾਗ ਦੇਹੀ ਪਰ ਬੱਗਾ।੫੪।

'ਬੀਬੀ ਅਮਰੋ ਜੀ' ਗਈ ਸਹੁਰੇ 'ਗੋਇੰਦਵਾਲ'। ਪੜ੍ਹੇ ਬਾਣੀ ਗੁਰੂ ਕੀ ਤਿੰਨੇ ਕਾਲ।
'ਅਮਰਾ ਭੱਲਾ' ਪੁੱਤ 'ਤੇਜੋ' ਦਾ ਪੋਤ੍ਰਾ 'ਹਰਿ ਜੀ' ਦਾ।
ਸੋ ਦੂਰਿ ਦੂਰਿ[੧] ਸੁਣੈ ਬਾਣੀ, ਨਾ ਰਹੇ ਮਨ੍ਹੇ ਕੀਤਾ-ਬਰਜੀ ਦਾ[੨]।੫੫।

ਲੋਕਾਂ ਜਾਇ ਕਹਿਆ ਬੀਬੀ ਦੀ ਸੱਸੂ ਨੂੰ। ਉਨ ਕਹਿਆ ਆਪਣੇ ਦੂਜੇ ਪੁੱਤ ਜੱਸੂ ਨੂੰ।
ਅਮਰਾ ਅਸਾਡੇ ਘਰ ਦੇ ਕੋਣੇ ਹੈ ਲਗਾ ਫਿਰਦਾ।
ਸਹੀ ਨਹੀਂ ਹੁੰਦਾ ਉਸ ਦਾ ਕੀ ਪ੍ਰੋਜਨ[੩] ਹੈ ਜਿਗਰ ਦਾ।੫੬।

ਏਹੁ ਚਰਚਾ ਬਹੁਤ ਨਗਰ ਵਿਚਿ ਹੋਈ। ਮੰਦੀ ਚੰਗੀ ਆਖੇ ਸੁਣੇ ਜੋ ਕੋਈ।
ਇਕ ਦਿਨ ਪ੍ਰਾਤੇ ਵਡੇ ਵੇਲੇ। 'ਬੀਬੀ ਅਮਰੋ' ਜੀ ਚੜ੍ਹਿ ਪੇਕੇ ਗਏ ਸੇ, ਸਵੇਲੇ।੫੭।

ਘਰਿ ਬੈਠੀ ਸੀ ਬੀਬੀ ਦੀ ਸੱਸੁ 'ਭਾਗੋ'। ਤਿਸੀ ਸਮੇ 'ਅਮਰਾ ਭੱਲਾ' ਆਇ ਚਰਨੀਂ ਲਾਗੋ।
ਕਹੇ : "ਤਾਈ ਜੀ ! ਮੈਂ ਭਾਬੀ ਜਾਤੀ ਹੈ ਮਾਤਾ। ਏਹ ਜੁ ਕੁਛ ਪੜ੍ਹਦੇ ਹੈਨਿ ਨਿਤ ਪ੍ਰਭਾਤਾ" ।੫੮।

ਮੈਨੂੰ ਇਹ ਬਚਨ ਸੁਣਨ ਦੀ ਹੈ ਚਾਹੁ। ਮੈ ਦੂਰਿ ਦੂਰਿ ਸੁਣਦਾ ਹਾਂ ਵਾਹੁ।
ਜਬ ਐਸੇ ਬਿਨਤੀ ਕਰਿ ਅਮਰੇ ਕਹੀ। ਬਹੂ ਭਾਗੋ ਤਬ ਸਾਚੀ ਲਹੀ।੫੯।

ਬਹੂ 'ਭਾਗੋ' ਤਬ ਅਮਰੇ ਨੂੰ ਕਹਿਆ : "ਜੇ ਤੈਨੂੰ ਹੋਇ ਸੁਣਨੇ ਦਾ ਹਿਤੁ[੪] ਹੈ ਰਹਿਆ।
ਤਾਂ ਇਸ ਦੇ ਪਿਤਾ ਪਾਸ ਤੂ ਜਾਹ। ਉਥੇ ਸੁਣ ਭਾਵੇਂ ਸਿੱਖ; ਜੋ ਤੈਨੂੰ ਹੈ ਚਾਹੁ" ।੬੦।

---

੧. ਲੁਕ ਲੁਕ ਕੇ। ੨. ਹਟਾਇਆਂ ਹਟਦਾ ਨਹੀਂ। ੩. ਪ੍ਰਯੋਜਨ, ਮੰਤਵ। ੪. ਸ਼ੌਕ।

ਅਮਰੇ ਕਹਿਆ : "ਤਾਈ ਜੀ ! ਜਦਿ ਭਾਬੀ ਜੀ ਓਥੇ ਜਾਏ;
ਤਾਂ ਮੈਨੂੰ ਭੀ ਓਥੇ ਜਾਇ ਸਉਂਪਨੀ ਕਰਾਏ।
ਏਹ ਮੇਰੇ ਨਾਲਿ ਤੁਸੀ ਕਰੋ ਇਹਸਾਨ। ਜਦਿ ਪੇਕੇ ਨੂੰ ਸਿੱਧ ਕਰਨ ਤਾਂ ਮੈਨੂੰ ਸੰਗਿ ਲੈ ਜਾਨ" ।੬੧।

ਭਾਗੋ ਕਹਿਆ : "ਹੁਣ ਤਾਂ ਓਹੁ ਪੇਕੇ ਹੈ ਗਈ। ਫੇਰ ਜਾਇਗੀ, ਤਾਂ ਤੈਨੂੰ ਸੰਗ ਜਾਸੀ ਲਈ"।
ਸੰਮਤ ਪੰਦ੍ਹਾਂ ਸੈ ਅਠਾਨਵੇ ਭਏ। ਤਾਂ ਦਾਸੂ ਜੀ ਦਾ ਵਿਆਹ ਵੈਸਾਖ ਮਹੀਨੇ ਕਰ ਲਏ ।੬੨।

ਗੁਰੂ ਅੰਗਦ ਜੀ ਅੰਤਰ ਧਿਆਨ ਬਹੁਤੁ ਕਰਨਿ।
ਰਹਿਨ ਵਿਚਿ ਸਮਾਧਿ, ਗੁਰੂ ਨਾਨਕ ਜੀ ਦੀ ਸੂਰਤਿ ਹਿਰਦੇ ਧਰਨਿ।
ਬੀਬੀ ਅਨੋਖੀ ਮੰਗੀ ਸੀ ਖਤ੍ਰੀਆਂ ਸੂੜ੍ਹੀਆਂ ਦੇ ਘਰਿ।
ਸੰਮਤ ਸੋਲਾਂ ਸੈ ਪੂਰੇ, ਕਾਰਜੁ ਉਹ ਭੀ ਦਿਤਾ ਕਰ ।੬੩।

ਸੰਗਤਿ, ਸਾਹਿਬ ਸ੍ਰੀ ਚੰਦ ਜੀ ਪਾਸ ਭੀ ਜਾਏ।
ਸਾਹਿਬ ਧਰਮ ਚੰਦ, ਮਿਹਰ ਚੰਦ, ਮਾਣਕ ਚੰਦ, ਬੈਠਣ ਦਰਬਾਰੁ ਲਾਏ।
ਬਚਨ ਗੁਰੂ ਨਾਨਕ ਜੀ ਸੀ ਇਹੁ ਕੀਤਾ :
"ਗੁਰਾਂ ਦੇ ਕੁੱਤੇ ਹੈਨਿ ਮੰਨੀਦੇ, ਤੁਸੀਂ ਅੰਸੁ ਹੋ ਮੀਤਾ" ।੬੪।

ਸ੍ਰੀ ਚੰਦ, ਲਖਮੀ ਦਾਸ ਨੂੰ ਐਸੇ ਹੈਸੀ ਕਹਿਆ :
"ਸਮੇ ਸਵਾਰੇ ਦੇ, ਗੋਦੜਾ ਅੰਗਦ ਹੀ ਪਹਿ ਰਹਿਆ।"
ਤਤੇ (ਤੁਰਕ) ਭੀ ਜੋਰੁ ਬਹੁਤੁ ਕਰਿ ਸੇ ਆਏ।
ਏਹੁ ਹੈਸੀ ਪੀਰ ਅਸਾਡਾ, ਅਸੀਂ ਦੱਬਾਂਗੇ ਜਾਏ ।੬੫।

ਲਾਸ਼ ਸਾਹਿਬ ਦੀ ਅੰਦਰ ਸੀ ਪਈ। ਚਾਦਰ ਚਉਪਟੀ ਹੈਸੀ ਉਪਰਿ ਲਈ।
ਤਤੇ ਆਖਣ : "ਅਸੀਂ ਦੱਬਾਂਗੇ ਵਿਚਿ ਕਬਰ। ਇਹ ਅਸਾਡਾ ਹੈ ਪੈਗੰਬਰ" ।੬੬।

ਸਾਹਿਬਜ਼ਾਦੇ ਆਖਣ, ਅਸਾਂ ਕਰਨਾ ਹੈ ਸਿਸਕਾਰ। ਅੰਦਰ ਮੁਰਦਾ, ਝਗੜਾ ਬਾਹਰਵਾਰ।
ਝਗੜਾ ਕਰਦੇ ਆਹੇ ਜੋ ਕੋਈ ਰਾਹੀ ਆਇਆ।
ਉਸ ਕਿਹਾ : "ਤੁਸਾਂ ਝਗੜਾ ਕੇਹਾ ਪਾਇਆ" ।੬੭।

ਲੋਕਾਂ ਕਹਿਆ ਬਾਬਾ ਨਾਨਕ ਸਾਹਿਬ ਹੈ ਚੜ੍ਹਿ ਗਇਆ।
ਉਸ ਕਹਿਆ, "ਸਾਹਿਬ ਮੈਨੂੰ ਹੁਣ ਮਿਲਿਆ ਹੈ ਰਾਹ ਜਾਂਦਾ ਪਇਆ।
ਮੈਂ ਪੈਰਾਂ ਉਪਰਿ ਸਿਰ ਹੈਸੀ ਧਰਿਆ। ਇਕ ਇਕੱਲਾ ਜਾਂਦਾ ਸੀ ਟੁਰਿਆ" ।੬੮।

ਸਭ ਲੁਕਾਈ ਅੰਦਰਿ ਵੇਖਣ ਗਈ। ਕਿਆ ਦੇਖਣ ਖਾਲੀ ਚਾਦਰ ਹੈ ਪਈ।
ਦੋ ਪੱਟ ਲਈ ਤੱਤਿਆਂ ਦੁਇ ਪੱਟ ਲਈ ਇਨ੍ਹੀਂ। ਤੱਤਿਆਂ ਦੱਬ ਮਸੀਤ ਕਰਿ ਲੀਨੀ ।੬੯।

ਏਨ੍ਹਾਂ ਸਾੜ ਕੇ ਚਿਖਾ ਬਣਾਈ। ਰਾਖ ਮੇਲਿ ਹਰਿਸਰ ਦਈ ਪਠਾਈ।
ਏਨ੍ਹਾਂ ਜਾਗ੍ਹਾ ਖੋਦ ਤਹਾਂ ਕੂਆਂ ਕੀਆ। ਉਨ੍ਹਾਂ ਪਾਸ ਬਣਾਇ ਮਕਤਬ ਲੀਆ ।੭੦।

ਦੋਨੋ ਇਕਠੇ, ਏਕ ਦਰਵਾਜ਼ਾ। ਖੱਬੇ ਮਸੀਤ, ਸੱਜੇ ਕੂਪ ਬਿਰਾਜਾ।
ਵਹੁ ਪੜ੍ਹਨਿ ਕਲਮਾ, ਅਤੇ ਨਿਵਾਜ਼ਾਂ। ਇਧਰ ਸਬਦ, ਸਾਖੀ ਦੀਆਂ ਅਵਾਜ਼ਾਂ ।੭੧।

'ਸਿੰਘ ਕੇਸਰ' ਇਹ ਕਥਾ ਬਨਾਈ।
ਉਹ ਮਸੀਤ ਅਤੇ ਕੂਆ ਦੋਨੋਂ ਇਕੱਠੇ, ਅਸਾਂ ਅੱਖੀਂ ਡਿਠੇ ਜਾਈ।
ਉਸ ਕੂਏ ਤੇ ਇਸਨਾਨ ਅਸਾਂ ਭੀ ਹੈ ਕੀਤਾ। ਉਸ ਕੂਏ ਦਾ ਜਲ ਅਸਾਂ ਭੀ ਹੈ ਪੀਤਾ।੭੨।

**ਦੋਹਰਾ**—ਇਕ ਸਿੱਖ ਆਇਓ ਪਰਦੇਸ ਤੇ, ਬੈਠਾ ਕੂਪ ਅਸਥਾਨਿ।
ਤੂੰ ਗੁਰ ਪੂਰਾ ਸੱਚੁ ਹੈਂ, ਦੇਹੁ ਦਰਸ ਮੁਹਿ ਆਨਿ।੭੩।

**ਚਉਪਈ**—ਸੰਮਤ ਸਤਾਰਾਂ ਸੈ ਬਾਨਵੇ ਜਬ ਬੀਤੇ; ਤਬ ਦਰਸਨੁ ਪਰਤਖ ਗੁਰੂ ਨਾਨਕ ਜੀ ਦੀਤੇ।
ਪ੍ਰਾਤੇ ਪਲੰਘੁ ਜਲ ਊਪਰਿ ਆਇ ਸੀ ਪਇਆ।
ਊਪਰਿ ਪ੍ਰਤਖ ਗੁਰੂ ਨਾਨਕ ਜੀ ਆਇ ਬੈਠਤ ਭਇਆ।੭੪।

ਦਰਸਨ ਲਗੀ ਆਇ ਸਭ ਲੁਕਾਈ। ਚਾਰ ਘੜੀਆਂ ਸਾਹਿਬ ਤਹ ਬੈਠੇ ਦਰਸ ਦਿਖਾਈ।
ਪੁਨਿ ਅੰਤਰਿ ਧਿਆਨ ਸਾਹਿਬ ਹੋਇ ਗਏ। ਹਜ਼ਾਰਾਂ ਜੀਅ ਨੂੰ ਤਹਿ ਦਰਸਨ ਭਏ।੭੫।

ਕਿਆ ਕਹੀਐ ਸਤਿਗੁਰੂ ਦੀ ਵਡਿਆਈ। ਉਹ ਸਦਾ ਹੀ ਪ੍ਰਤਖ ਹਾਜ਼ਰ ਜਾਨੋ ਭਾਈ।
ਸਮੇ ਸਵਾਰੇ ਦੇ ਸਾਹਿਬ ਕਹਿਆ ਸੀ ਇਉਂ ਪੁੱਤਾਂ ਨੂੰ:
ਤੁਸੀਂ ਹੋ ਮੇਰੀ ਅੰਸ, ਸਿਖ ਮੰਨਣਗੇ ਗੁਰਾਂ ਦੇ ਕੁੱਤਾਂ ਨੂੰ।੭੬।

ਤੁਸਾਂ ਨੂੰ ਕਿਸੇ ਗੱਲ ਦੀ ਨਹੀਂ ਪ੍ਰਵਾਹ।
ਇਹ ਪੋਟ ਗੁਰਿਆਈ ਦੀ ਅੰਗਦ ਨੂੰ ਦੇਣੀ ਸੀ ਖ਼ਾਹਮਖਾਹ[1]।
ਦੋਇ ਦਰਬਾਰ ਤਬ ਲਗੇ ਲਗਣਿ।
ਇਕ ਸਾਹਿਬ ਸਿਰੀ ਚੰਦ ਦੇ, ਦੂਜੇ ਗੁਰ ਅੰਗਦ ਜੀ ਦੇ ਸੰਗਤਾਂ ਵਗਣ[2]।੭੭।

ਬੀਬੀ ਅਮਰੋ ਜੀ ਸੁਆਰਥ ਕਰਕੇ ਗਈ ਸਾਹੁਰੇ। ਸ਼ਬਦ-ਬਾਣੀ ਨਿਤ ਪੜ੍ਹਨਿ ਕਰਿ ਪ੍ਰੀਤ ਚਾਹੁਰੇ।
ਫੇਰ ਦਾਤੂ ਜੀ ਦਾ ਸ਼ਗਨ ਮਿਲਿਆ। ਬੀਬੀ ਅਮਰੋ ਜੀ ਨੂੰ ਸੁਨੇਹਾ ਘੱਲਿਆ।੭੮।

ਬੀਬੀ ਅਮਰੋ ਜੀ ਪੁਨਿ ਪੇਕੇ ਆਏ। ਅਮਰਦਾਸ ਜੀ ਭੀ ਮਿਲਿ ਨਾਲਿ ਸਿਧਾਏ।
ਗੁਰੂ ਅੰਗਦ ਜੀ ਦਾ ਦਰਸਨ ਕਰਿਆ। ਅਮਰਦਾਸ ਭੱਲੇ ਸੀਸ ਚਰਨਾਂ ਉਪਰਿ ਧਰਿਆ।੭੯।

ਬੀਬੀ ਅਮਰੋ ਜੀ ਸੁਪਾਰਸ ਕੀਨੀ।
ਟਹਿਲ ਲੰਗਰ ਦੀ ਗੁਰੂ ਅੰਗਦ ਜੀ ਨੇ ਅਮਰਦਾਸ ਭੱਲੇ ਕੋ ਦੀਨੀ।
ਅਮਰਦਾਸ ਜੀ ਲਗੇ ਟਹਲ ਕਮਾਵਣ। ਲੱਕੜੀਆਂ-ਬਾਲਣੁ, ਪਾਣੀ ਸਭ ਲੈ ਆਵਣ।੮੦।

ਸੰਮਤ ਸੋਲਾਂ ਸੈ ਇਕ ਸੀ ਲਗਾ। ਗੁਰੂ ਅਮਰਦਾਸ ਜੀ ਆਇ ਚਰਨੀਂ ਲੱਗਾ।
ਸਰੀਰ ਸਾਹਿਬ ਦੇ ਉਪਰ ਦੇਖੇ ਬੱਗੇ ਦਾਗ। ਚਾਹੇ ਦੂਰ ਕਰਨ ਦਾ ਇਲਾਜ।੮੧।

ਇਸਨਾਨ ਗੁਰੂ ਅੰਗਦ ਜੀ ਨੂੰ ਕਰਵਾਏ। ਦਾਗ ਜਾਵਣਿ ਦਾ ਸੰਸਾ ਮਨਿ ਲੀਤਾ ਲਾਏ।
ਕਿਸੇ ਕੰਮ ਨੂੰ ਸਾਹਿਬ ਵਟਾਲੇ ਪਠਾਏ[3]। ਓਥੇ ਇਕ ਹਕੀਮ ਚੰਗਾ ਸੁਣਿ ਪਾਏ।੮੨।

ਰੁਪੈਯਾ ਹਿਕ ਹਕੀਮ ਨੂੰ ਨਜ਼ਰ ਦਿਤਾ। ਦਾਗ ਦੂਰ ਕਰਨ ਦਾ ਦਾਰੂ ਪੁੱਛ ਲਿਤਾ।
ਹਕੀਮ ਦੱਸੀ ਇਕ ਬੂਟੀ—ਘੋਟਿ ਪੀਲਾਉ। ਨਾ ਜਾਇ ਤਾਂ ਉਪਰ ਮਲਾਉ।੮੩।

---

੧. ਜ਼ਰੂਰ, ਲਾਜ਼ਮੀ। ੨. ਜਾਣ। ੩. ਭੇਜੇ।

ਸੋ ਤਿਸ ਬੂਟੀ ਨੂੰ ਢੂੰਡਣ ਉਜਾੜ ਵਿਚਿ ਜਾਇ। ਸੋ ਲੈ ਆਵੈ, ਅਤੇ ਘੋਟਿ ਪਿਲਾਏ।
ਕੇਤਿਕ ਦਿਨ ਜਬ ਰਿਹਾ ਪਿਲਾਇ। ਤਾ ਪਿੰਡੇ ਪੁਰ ਲਗਾ ਮਲਣੇ ਆਇ।੮੪।

ਬਚਨ ਕੀਤਾ : "ਅਮਰਦਾਸ ਕੀ ਹੈਂ ਮਲਦਾ ?" ਕਹੇ : "ਜੀ ਇਹੁ ਦਾਗੁ ਚਿਟਾ ਜਾਇ ਢਲਦਾ"।
ਬਚਨ ਕੀਤਾ : "ਇਹ ਦਾਗ ਨਹੀਂ ਜਾਂਦਾ। ਇਹ ਦਾਗ ਹੈ ਗੁਰਾਂ ਕੀ ਕ੍ਰਿਪਾ ਦਾ"।੮੫।

ਅਮਰੇ ਕਹਿਆ : 'ਜੀ ਗੁਰਾਂ ਏਹੋ ਕ੍ਰਿਪਾ ਕੀਤੀ'? ਬਚਨ ਕੀਤਾ : 'ਜੋ ਉਨ੍ਹਾਂ ਦਿਤੀ, ਅਸਾਂ ਸੋਈ ਲੀਤੀ'।
ਤਾਂ ਅਮਰੇ ਰਿਦੇ ਅਪਨੇ ਇਹੁ ਠਹਰਾਈ। ਜੋ ਉਥੇ ਚਲ ਬਿਨਤੀ ਕਰੀਏ, ਤਾਂ ਇਹ ਦਾਗ ਜਾਈ।੮੬।

ਸੰਮਤ ਸੋਲਾਂ ਸੈ ਦੁਇ ਵੈਸਾਖ ਕੇ ਮਹੀਨੇ। ਦਾਤੂ ਜੀ ਦੀ ਕੁੜਮਾਈ ਬੇਰੀਆਂ ਖਤ੍ਰੀਆਂ ਦੇ ਘਰਿ ਕੀਨੀ।
ਫੇਰ ਅਮਰਾ ਬੂਟੀ ਦੇਖਣ ਗਿਆ। ਇਕ ਛਪੜੀ ਡਿਠੀ ਜਲ ਉਥੋਂ ਲਿਆ।੮੭।

ਜਲ ਦਾ ਸੁਆਦ ਅਤਿ ਮਿੱਠਾ ਆਇਆ। ਕਰ ਇਸਨਾਨ ਉਥੇ ਆਸਣ ਲਾਇਆ।
ਮਜਨ ਕੀਤੇ ਬੁਧਿ ਉਦਾਰਤਾ ਪਾਈ। ਮਨ ਆਪਣੇ ਉਹ ਜਾਗ੍ਹਾ ਕੁਛ ਵਿਸੇਖ ਠਹਿਰਾਈ।੮੮।

ਜਦ ਬੂਟੀ ਲੈਣ ਜਾੜ[1] ਵਿਚ ਜਾਏ । ਤਾਂ ਕਰ ਇਸਨਾਨ ਓਥੇ ਬੈਠੇ ਆਸਣੁ ਲਾਏ।
ਧਿਆਨ ਕੀਤੇ ਉਹੁ ਜਾਗਾ ਕੁਛ ਉਤਮ ਹੋਰੇ। ਕੁਛ ਕਉਤਕ ਅਚਰਜੁ ਦਿਸਣ ਚੰਗੇਰੇ।੮੯।

ਉਹ ਬਿਰਤੰਤ, ਅਮਰਦਾਸ ਜੀ ਕਹਿਆ ਆਨ। ਗੁਰੂ ਅੰਗਦ ਜੀ ਪਹਿ ਕੀਆ ਬਖਾਨ।
ਗੁਰੂ ਅੰਗਦ ਜੀ ਤਬ ਐਸੇ ਕਹਿਆ
"ਭਈ ਅਮਰਿਆ! ਸੰਭੂ ਮੁਨਿ ਜੀ ਇਥੇ ਤਪ ਹੈ ਕਰਦਾ ਰਹਿਆ।੯੦।

ਰਾਜੇ ਇਖਵਾਕ ਇਥੇ ਹੈਸੀ ਜੱਗ ਕਰਵਾਇਆ।
ਇਹ ਸੀ ਬਣਿਆ ਕੁੰਡ ਹੋਮ ਦਾ ਅਹੂਤੀ ਇਥੇ ਪਾਇਆ।
ਲੱਖ ਬ੍ਰਹਮਣ ਇਥੇ ਭੋਜਨ ਕਰਿ ਗਏ। ਤਾਂ ਤੇ ਇਹ ਅਸਥਾਨ ਪਵਿੱਤ੍ਰ ਅਤਿ ਭਏ"।੯੧।

ਅਮਰਦਾਸ ਦੇ ਮਨਿ ਇਹ ਆਈ। ਜੋ ਹਮੇਸ਼ਾ ਪੁਰਬੀ ਸਮੇ ਮਜਨ ਅਸਾਂ ਕਰੀਏ ਜਾਈ।
ਜਗਿਆਸੀ ਭਜਨਵਾਨ ਦਾ ਚੰਗਾ ਹੈ ਇਹ ਅਸਥਾਨੁ। ਬੁਧਿ ਹੋਵੈ ਉਜਲ ਕੀਏ ਇਸਨਾਨੁ।੯੨।

ਜਾਗ੍ਹਾ ਬਨਾਵਣ ਦੀ ਮਨਸਾ ਮਨਿ ਧਾਰੀ। ਜੋ ਇਹ ਜਾਗ੍ਹਾ ਬਣਵਾਈਏ ਹਛੀ ਕਰਿ ਸਾਰੀ।
ਸੰਗਤਾਂ ਆਵਨ, ਮੇਲਾ ਹੋਇ, ਖਡੂਰ। ਮਾਇਆ ਭੀ ਆਵੇ ਬਹੁਤੁ ਭਰਪੂਰ।੯੩।

ਅਮਰਦਾਸ ਜੀ ਕੀਤਾ ਇਹ ਕਾਮ। ਕਹਿਆ : "ਜੀ ਚਲੀਏ ਸਤਿਗੁਰਾਂ ਦੇ ਧਾਮ।"
ਚਲਿ ਸ੍ਰੀ ਚੰਦ ਸਾਹਿਬ ਜੀ ਦਾ ਦਰਸਨ ਕਰੀਏ। ਸੀਸ ਚਰਨਾਂ ਪਰ ਰਾਖ ਕੁਛ ਭੇਟਾ ਧਰੀਏ।੯੪।

ਇਕ ਸੌ ਬੀਸ ਰੁਪਯੇ ਲੀਨੇ ਅਰਦਾਸ। ਚਲਿ ਆਏ ਸਾਹਿਬ ਸ੍ਰੀ ਚੰਦ ਜੀ ਦੇ ਚਰਨਾਂ ਪਾਸ।
ਤ੍ਰੈ ਦਿਨ ਗੁਜ਼ਰੇ ਤਬ ਵਿਦਿਆ ਲੀਨੀ।
ਤਬ ਅਮਰਦਾਸ ਜੀ ਦਾਗ ਦੂਰ ਕਰਨ ਨੂੰ ਇਹ ਬਿਨਤੀ ਕੀਨੀ ੯੫।

ਕਹਿਆ : "ਜੀ ਸਸਿ[2] ਮੈਂ ਅਗਨਿ ਦ੍ਰਿਸਟਿ ਨਹੀਂ ਆਵੈ। ਜੋ ਕੋਈ ਕਹੈ ਤਾਂ ਆਪ ਲਜਾਵੈ।
ਤੁਮ ਹੋ ਸਸਿ ਅੰਮ੍ਰਿਤ ਭਰਪੂਰ। ਰਹੇ ਨ ਤਮ ਸ੍ਰਮ ਪ੍ਰਗਟੇ ਜਬ ਸੂਰ[3]"।੯੬।

---

੧. ਉਜਾੜ, ਜੰਗਲ। ੨. ਚੰਦ੍ਰਮਾ। ੩. ਸੂਰਜ।

**ਦੋਹਰਾ**—ਦਰਸ ਤੁਮ੍ਹਾਰਾ ਪਾਇ ਕੈ, ਉਤਰੇ ਸਗਲ ਬਿਓਗੁ।
ਜੇ ਇਥੇ ਹੀ ਸੂਮਾ[1] ਪਾਈਐ, ਤਾਂ ਅਗੇ ਦਾ ਕੀ ਹੋਗੁ।੯੭।

**ਚਉਪਈ**—ਬਚਨ ਕੀਤਾ ਸਾਹਿਬ ਸ੍ਰੀ ਚੰਦ, ਅਮਕੇ ਛਪੜ ਕਰੇ ਮਜਨੁ ਹੋਇ ਅਨੰਦੁ।
ਏਕ ਮਾਸ ਤਹਾਂ ਮਜਨੁ ਕਰੀਐ। ਰਹੇ ਨਿਸ਼ਾਨੀ ਸਭ ਪਰਹਰੀਐ।੯੮।

ਤਹਾਂ ਤੇ ਆਵਤ ਹੀ ਤਹਾਂ ਗਏ। ਮਾਸ ਏਕ ਤਹਿ ਮਜਨ ਕਰਤੇ ਭਏ।
ਰਹੀ ਨਿਸ਼ਾਨੀ ਗਏ ਸਭ ਦਾਗ।
ਅਬ ਨਾਉਂ ਤਾਕਾ ਹੈ ਤਰਨ ਤਾਰਨ ਦੁਖ ਜਾਇ ਤਿਆਗ।੯੯।

ਪੁਨਿ ਆਏ ਅੰਗਦ ਮਧਿ ਖਡੂਰ। ਸੰਗਤਿ ਚਲਿ ਆਵੈ ਦੂਰੋ ਦੂਰ।
ਤਬ ਰਲ ਡੂਮਾਂ ਬਾਦ ਉਠਾਇਆ। ਅਸੀਂ ਲਗੇ ਗਾਵਨ ਤਦੇਂ ਲੋਕ ਆਇਆ।੧੦੦।

ਗੋਲਕ ਅੱਧੀ ਅਸਾਨੂ ਦੇਹੁ ਵੰਡ। ਰਲਿ ਡੂਮਾਂ ਮਿਲ ਪਾਈ ਡੰਡ।
ਸਿਖ ਲਗੇ ਆਖਣ: ਜੀ ਵੰਡ ਦੇਹੋ ਅੱਧ। ਰਾਜ ਹੈ ਤੁਰਕਾਂ ਦਾ ਇਹ ਰਹਿੰਦੇ ਹੈਨਿ ਮਧਿ।
ਤਬ ਸਾਹਿਬ ਲੈ ਜੁਬਾ[2] ਉਪਰਿ ਜਾਇ ਅੰਦਰ ਵੜੇ।
ਹਾਥਿ ਜੋੜਿ ਇਹ ਬਿਨਤੀ ਕੀਤੀ ਹੋਇ ਖੜੇ।੧੦੧।

ਹੇ ਬਾਬਾ ਨਾਨਕ ਜੀ! ਅਜ ਲੈਂਦੇ ਨੀ ਡੂਮ ਅੱਧੀ ਗੋਲਕ ਵੰਡਾਇ।
ਫੇਰ ਕਹਿਨਗੇ: ਅੱਧੀ ਸੰਗਤਿ ਅਸਾਡੀ ਪੈਰੀਂ ਲਾਇ।੧੦੨।

ਗੋਲਕ ਭੀ ਤੇਰੀ ਸੰਗਤਿ ਭੀ ਤੇਰੀ। ਸ਼ੋਭਾ ਭੀ ਤੇਰੀ, ਵਡਿਆਈ ਭੀ ਤੇਰੀ।
ਡੂਮ ਭੀ ਤੇਰੇ ਅਸੀਂ ਭੀ ਹਾਂ ਤੇਰੇ। ਤੁਧੈ ਕਰਨੇ ਹੈਂ ਸਭ ਨਿਬੇਰੇ।੧੦੩।

ਜਿਉਂ ਆਗਿਆ ਅਸਾਨੂੰ ਹੋਵੈ, ਤਿਉ ਅਸੀਂ ਕਰੀਏ। ਸੋ ਲੈ ਆਗਿਆ ਅਸੀਂ ਸਿਰ ਪੁਰ ਧਰੀਏ।
ਤਬ ਆਕਾਸ ਬਾਣੀ ਆਗਿਆ ਸੀ ਹੋਈ। ਹੇ ਪੁਰਖਾ! ਡੂਮ ਮੇਰਾ ਸਾਕੁ ਨਾ ਕੋਈ।੧੦੪।

ਇਕ ਮਰਦਾਨਾ ਮੇਰਾ ਹੈਸੀ ਪੁਰਾਤਨ। ਸੋ ਖੁਰਮੇ ਵਿਚ ਛਡਿ ਗਿਆ ਹੈ ਤਨੁ।
ਬੱਤੀ ਬਰਸ ਮੈਂ ਤੇ ਅਗੇ ਉਹ ਗਿਆ। ਫੇਰ ਡੂਮ ਨ ਕੋਈ ਮੈਂ ਸੰਗਿ ਲਿਆ।੧੦੫।

ਦੇਹਿ ਜਵਾਬ ਏਹਨਾਂ ਨੂੰ ਛੱਡੁ ਟੋਰਿ। ਕਹੈ: "ਜੀ ਮੈਂ ਕਹਿਣਾ ਹੈ ਤੇਰੇ ਜੋਰੁ।"
ਪੁਰਖਾ! ਜੋ ਤੂ ਚਾਹੇ, ਸੋ ਤੂ ਕਰੁ। ਤੈ ਨੂੰ ਕਿਸੇ ਦਾ ਨਾਹੀ ਡਰੁ।੧੦੬।

ਬਚਨੁ ਲੈ ਕੇ ਸਾਹਿਬ ਆਏ ਦਰਬਾਰਿ। ਦਿੱਤਾ ਜਬਾਬੁ ਡੂਮ ਛੱਡੇ ਨਿਕਾਰ।
ਕੀਰਤਨੀਏ ਸਿਖ ਸਾਹਿਬ ਠਹਿਰਾਏ। ਕਰੋ ਕੀਰਤਨ ਲੈ ਸਾਜਿ ਵਜਾਏ।੧੦੭।

ਫੇਰ ਜੋਗੀ ਨੇ ਬਾਦੁ ਉਠਾਇਆ। ਕਹੇ: "ਇਸ ਕਿਰਾੜ ਕੇਹਾ ਬਖੇੜਾ[3] ਪਾਇਆ।"
ਲਗੀ ਅਉੜ ਫਿਰ ਮੀਂਹ ਨਾ ਹੋਵੈ। ਜੋਗੀ ਪਾਸ ਸਭਾ ਜਾਇ ਰੋਵੈ।੧੦੮।

ਜੋਗੀ ਕਹੇ: "ਜਾਇ ਗੁਰੂ ਨੂੰ ਕਹੋ। ਜੇ ਮੀਂਹ ਬਰਸਾਉ ਤਾਂ ਏਥੇ ਰਹੋ।
ਨਹੀਂ ਤਾਂ ਏਥੋਂ ਡੇਰਾ ਦੂਰ ਕਰੋ। ਕਬਰ ਪਰਿ ਕਬਰ ਮੜ੍ਹੀ ਪਰ ਮੜ੍ਹੀ ਨ ਧਰੋ"।੧੦੯।

---

੧. ਦੁੱਖ, ਕਸ਼ਟ। ੨. ਗੋਦੜਾ (ਵੱਡਾ ਚੋਲਾ)। ੩. ਝਗੜਾ।

ਤਬ ਜੋਗੀ ਬਡਾ ਬਾਦੁ ਉਠਾਇਆ। ਨਾਲਿ ਸਾਹਿਬ ਦੇ ਝਗੜਾ ਪਾਇਆ।
ਸੰਮਤ ਸੋਲਾਂ ਸੈ ਪੰਜ ਗਏ। ਗੁਰੂ ਅਮਰਦਾਸ ਨੂੰ ਦਿੱਬ ਦ੍ਰਿਸਟਿ ਭਏ।੧੧੦।

ਰਲਿ ਖਤ੍ਰੀ, ਜੱਟ ਗਏ ਜੋਗੀ ਤੀਰ। ਨਾਥ ਜੀ! ਕਰੋ ਮੀਂਹ ਤੁਸੀਂ ਹੋ ਪੀਰ।
ਨਾਥ ਜੀ ਕਹਿਆ: "ਜਾਇ ਗੁਰੂ ਕੋ ਕਹੋ। ਮੀਂਹ ਪਾਵੋ ਤਾਂ ਏਥੇ ਰਹੋ"।੧੧੧।

ਜਦੋਂ ਸਾਹਿਬ ਪਾਸ ਰਲਿ ਸਭੇ ਆਏ। ਤਬ ਗੁਰੂ ਅਮਰਦਾਸ ਐਸੇ ਬਚਨ ਸੁਣਾਏ:
"ਟੰਗ ਜੋਗੀ ਦੀ ਰੱਸਾ ਪਾਓ। ਜਿਸ ਖੇਤ੍ਰ ਘਸੀਟ ਲੈ ਜਾਓ।੧੧੨।

ਓਥੇ ਮੀਂਹ ਹੋਵੇਗਾ ਚੰਗਾ। ਤੁਸੀਂ ਦੇਖਹੁ ਪਾਇ ਜੋਗੀ ਨੂੰ ਢੰਗਾ।"
ਜੱਟ ਅਹਿਮਖ[1] ਜਾਤਿ ਰੱਸਾ ਲੈ ਗਏ। ਸੂਰਜ ਦੁਰਿਆ[2], ਬੱਦਲ ਚੜ੍ਹਿ ਆਵਤ ਭਏ।੧੧੩।

ਜਦ ਘਸੀਟ ਬਾਹਰ ਲੈ ਗਏ। ਤਬ ਖੇਤ੍ਰ ਪਾਣੀ ਦੇ ਸਭ ਭਰ ਲਏ।
ਜੋਗੀ ਪਾਈ ਮ੍ਰਿਤੁ ਜਮ-ਧਾਮਿ ਸਿਧਾਣਾ। ਫਲੁ ਪਾਇਆ ਜੋਗੀ ਆਪ ਕਮਾਣਾ।੧੧੪।

ਜੈਕਾਰ ਗੁਰੂ ਕਾ ਬਡਾ ਹੀ ਹੋਆ। ਮਾਰਿਆ ਜੋਗੀ ਖਬਰ ਗਈ ਤ੍ਰੈ-ਲੋਆ।
ਦਾਤੂ ਜੀ ਦਾ ਤਬ ਬਿਆਹ ਰਚਾਇਆ। ਕਰਿ ਬਿਆਹੁ ਘਰ ਫਾਗਨ ਆਇਆ।੧੧੫।

ਸੰਮਤ ਸੋਲਾਂ ਸੈ ਪੰਜ ਜਬ ਬੀਤੇ। ਏਹੁ ਕਉਤਕ ਭਏ ਤਬ ਹੀ ਤੇ।
ਰਾਜੁ ਗੁਰੂ ਕਾ ਨਿਹਚਲ ਭਇਆ। ਜੈ ਜੈਕਾਰ ਜਗਤ ਹੁਇ ਗਇਆ।੧੧੬।

ਗੁਰੂ ਅੰਗਦ ਜੀ ਸਮਾਧਿ ਵਿਚ ਰਹੇ। ਜਬਾਬੁ ਸੁਆਲ ਸਭ ਅਮਰਦਾਸ ਜੀ ਕਹੇ।
ਸੰਮਤ ਪੰਦ੍ਰਾਂ ਸੈ ਪਚਾਨਵੇ ਮਿਹਰ ਚੰਦ ਜੀ ਹੈਸੀ ਜਨਮੁ ਧਾਰਾ।
ਧਰਮ ਚੰਦ ਜੀ ਘਰਿ ਲਇਓ ਅਉਤਾਰਾ।੧੧੭।

ਤੇਈ ਬਰਸ ਦੇ ਧਰਮ ਚੰਦ ਜੀ ਆਹੇ। ਤਾ ਕੇ ਧਾਮ ਮਿਹਰ ਚੰਦ ਜੀ ਜਨਮੇ ਤਾਹੇ।
ਸੰਮਤ ਪੰਦ੍ਰਾਂ ਸੈ ਸਤਾਨਵੇ ਸੇ ਭਏ। ਜੋ ਸਾਹਿਬ ਮਾਣਕ ਚੰਦ ਜੀ ਭਵ[3] ਲਏ।੧੧੮।

ਸੰਮਤ ਸੋਲਾਂ ਸੈ ਖਟ ਜਬ ਬੀਤੇ। ਮਿਹਰ ਚੰਦ ਜੀ ਬਿਆਹ ਤਬ ਕੀਤੇ।
ਮੰਘ੍ਰ ਦੇ ਮਹੀਨੇ ਗਏ ਜਬ ਚਵੀ ਦਿਨ। ਸਾਹਾ ਦਿਜ ਦੱਸਿਆ, ਦਿਨ ਤਿਨ ਗਿਨ ਮਿਨ।੧੧੯।

ਗੁਰੂ ਅੰਗਦ ਸਾਹਿਬ ਜੀ ਨਿਉਂਤਾ ਪਠਾਇਆ। ਰੁਪਯੇ ਇਕਵੰਜਾ ਗੁਰੂ ਅਮਰਦਾਸ ਲੈ ਆਇਆ।
ਖੁਸ਼ੀ ਕੀਤੀ ਸਾਹਿਬ ਸ੍ਰੀ ਚੰਦ ਅਰੁ ਲਖਮੀ ਦਾਸਿ।
ਤੂ ਭਲਾ ਮਨੁੱਖ ਹੈਂ ਭਾਈ! ਗੁਰੂ ਅੰਗਦ ਪਾਸਿ।੧੨੦।

ਸੰਮਤ ਸੋਲਾਂ ਸੈ ਸੱਤਵਾਂ ਜਬ ਚੜ੍ਹਿਆ। ਤਬ ਮਾਣਕ ਚੰਦ ਜੀ ਦਾ ਕਾਰਜ ਕਰਿਆ।
ਗੁਰੂ ਅੰਗਦ ਅਮਰਦਾਸ ਦੋਨੋ ਤਬ ਆਏ। ਨਿਉਤਾ ਰੁਪਏ ਆਣ ਪਾਏ।੧੨੧।

ਕਛੁ ਦਿਨ ਰਹੇ ਚਰਨਾਂ ਦੇ ਪਾਸਿ। ਲਈ ਖੁਸ਼ੀ ਤਬ ਭਏ ਉਦਾਸ।
ਚੜ੍ਹਿ ਆਏ ਫਿਰ ਅਪਨੇ ਧਾਮਿ। ਬਿਨਾ ਭਜਨ ਕਿਛੁ ਅਵਰ ਨ ਕਾਮ।੧੨੨।

ਸੰਮਤ ਸੋਲਾਂ ਸੈ ਅੱਠ ਮੈ ਸੱਦਾ[4] ਆਇਆ। ਗੁਰੂ ਅੰਗਦ ਜੀ ਨੂੰ ਹਜੂਰਿ ਬੁਲਾਇਆ।
ਦਾਤੂ, ਦਾਸੂ ਅਮਰਦਾਸ। ਮਾਤਾ ਖੀਵੀ, ਹੋਰ ਸਿੱਖ ਸਭ ਸੱਦ ਬਹਾਲੇ ਪਾਸਿ।੧੨੩।

---

੧. ਬੇਸਮਝ। ੨. ਲੁਕਿਆ। ੩. ਜਨਮ। ੪. ਰੱਬੀ ਹੁਕਮ।

ਕਹਿਆ: "ਭਾਈ! ਸੱਭੇ ਬੈਠ ਕੇ ਏਹੁ ਗੱਲ ਸੁਣੋ।
ਅਸਾਨੂੰ ਸੱਦਿਆ ਹੈ ਹਜ਼ੂਰ ਕਾਈ ਸਲਾਹਿ ਗਣੋਂ।
ਨਉਂ ਮਹੀਨੇ ਹਾਂ ਅਸੀਂ ਤੁਸਾਡੇ ਪਾਸ। ਚੜ੍ਹਦੇ ਸੰਮਤ ਅਸਾਂ ਹੋਣਾ ਹੈ ਉਦਾਸ"।੧੨੪।

ਸਭਨਾਂ ਮਿਲਿ ਇਹੁ ਬੇਨਤੀ ਠਾਨੀ: ਅਸੀਂ ਹਾਂ ਤੇਰੇ ਆਗਿਆ ਤੇਰੀ ਮਾਨੀ।
ਜੋ ਬਚਨੁ ਅਸਾਂ ਨੂੰ ਕਰੋ, ਸੋ ਕਹਿਆ ਤੁਸਾਡਾ ਸਿਰ 'ਤੇ।
ਤੁਸਾਡੀ ਆਗਿਆ ਤੋ ਅਸੀਂ ਨਹੀਂ ਫਿਰਤੇ।੧੨੫।

ਅਮਰਦਾਸ ਦੀ ਬਾਂਹ ਸਭਨਾਂ ਨੂੰ ਪਕੜਾਈ।
ਭਾਈ ਇਹੁ ਹੈ ਮੇਰਾ, ਮੈ ਪੰਡ ਇਸ ਨੂੰ ਚੁਕਾਈ।
ਤੁਸਾਂ ਸਭਨਾਂ ਇਸ ਦੀ ਕਰਨੀ ਹੈ ਗਉਰ।
ਇਹ ਬਚਨ ਸੁਣ ਕੇ ਸਭੇ ਹੋਏ ਡਉਰ ਭਉਰ।੧੨੬।

ਸਭਨਾਂ ਕਹਿਆ ਜੀ ਪੁੱਤ੍ਰਾਂ ਹੋਦਿਆਂ ਇਹੁ ਹੈ ਕਉਣ।
ਇਸ ਨੂੰ ਬਚਨ ਕਰੋ, ਜੋ ਹਮੇਸਾ ਰਹੇ ਅਸਾਡੇ ਭਉਨਿ।
ਬਚਨ ਕੀਤਾ: "ਭਾਈ ਤੁਸੀਂ ਹੋ ਸੱਚੇ, ਪਰ ਪੰਡ ਹੈ ਭਾਰੀ।
ਤੁਸਾਂ ਤੇ ਚੁੱਕੀ ਨਾ ਜਾਸੀ, ਏਹੁ ਚੁੱਕੇਗਾ ਸਾਰੀ"।੧੨੭।

ਸੱਤ-ਅੱਠ ਮਹੀਨੇ ਇਹੁ ਝਗੜਾ ਹੋਂਦਾ ਹੀ ਰਹਿਆ।
ਬਚਨ ਕੀਤਾ: "ਤੁਸਾਂ ਨੂੰ ਕਿਸੇ ਗੱਲ ਦੀ ਕਮੀ ਨਹੀਂ, ਮੰਨੋ ਮੇਰਾ ਕਹਿਆ।
ਤੁਸੀਂ ਹੋ ਮੇਰੀ ਅੰਸ ਅਉਲਾਦਿ। ਤੁਸੀਂ ਹਮੇਸ਼ਾ ਮੰਨੀਅਹੁਗੇ ਆਦਿ ਜੁਗਾਦਿ"।੧੨੮।

ਪੰਡ ਚੁੱਕਣ ਲਾਇਕ ਮੈ ਏਹੋ ਡਿਠਾ। ਮੰਨੋ ਬਚਨ ਮੇਰਾ ਕਰਿ ਮਿੱਠਾ।
ਅਮਰਦਾਸ ਜੀ ਸੀਸੁ ਚਰਨਾਂ ਪਰਿ ਧਰਿਆ।
'ਜੀ ਮੈਂ ਹਾਂ ਟਹਿਲੀਆ' ਦਾਸ ਚਰਨਾਂ ਪਰਿ ਪਰਿਆ।੧੨੯।

ਨਹੀਂ ਸੇ ਮੰਨਦੇ ਸਭੋ, ਪਰ ਗੁਰੂ ਅੰਗਦ ਜੀ ਮਨਾਏ।
ਪੰਡ ਗੁਰਿਆਈ ਦੀ ਗੁਰੂ ਅਮਰਦਾਸ ਨੂੰ ਦਿਵਾਏ।
ਆਪ ਸਵਾਰਾ ਕਰਨ ਦੀ ਕੀਤੀ ਤਿਆਰੀ।
ਸੰਮਤ ਸੋਲਾਂ ਸੈ ਨਉਂ ਚੇਤ ਸੁਦੀ ਚਉਥ ਬਿਚਾਰੀ।੧੩੦।

ਸਾਹਿਬ ਸਵਾਰਾ ਕਰਿ ਸੁਰਪੁਰ ਨੂੰ ਗਏ। ਪਿਛੇ ਇਹੁ ਕਰਮ ਕਿਰਿਆ ਸਭ ਕਰਤੇ ਭਏ।
ਦਾਸੂ ਜੀ ਬੈਠੇ ਕਰਮ ਉਪਰਿ। ਫੁੱਲ ਪਠਾਏ ਹਰਿਸਰੁ ਚੁਣਿ ਕਰਿ।੧੩੧।

ਧਰਮ ਸਾਂਤਿ ਕੀਤੀ ਦਿਜ ਜਿਵਾਏ। ਬੈਠੇ ਸਿਖ ਰਲਿ ਸਭ ਮਤਾ ਪਕਾਏ:
"ਵਾਰਿਸ ਪੁੱਤ-ਪੋਤੇ ਹੋਂਦੇ ਆਏ। ਪੁੱਤਾਂ ਬੈਠਿਆਂ ਹੋਰ ਕਉਣ ਲੈ ਜਾਏ ?"।੧੩੨।

ਮਾਤਾ ਖੀਵੀ ਰਿਦਾ ਇਨ੍ਹਾਂ ਦਾ ਲਹਿਆ।
'ਸੁਣੋ ਭਾਈ! ਤੁਸਾਂ ਕਰਨਾ ਸੀ ਖਾਵੰਦ ਦਾ ਕਹਿਆ।
ਅਗੇ ਤੁਸੀਂ ਜਾਣੋ, ਜੋ ਤੁਸਾਨੂੰ ਭਾਵੈ। ਚੁੱਕੋ ਪੰਡ ਜੇ ਚੁੱਕੀ ਜਾਵੈ'।੧੩੩।

ਖਟ ਮਾਸ ਕੀਤੀ ਦਾਸੂ ਗੁਰਿਆਈ। ਰਲਿ ਮਿਲਿ ਸਿਖਾਂ ਪੱਗ ਦਾਸੂ ਨੂੰ ਬੰਨ੍ਹਵਾਈ[੧]।
ਚੜ੍ਹਦੇ ਮਹੀਨੇ ਸੱਤਵੇਂ ਮੂੰਹ ਦਾਸੂ ਦਾ ਫਿਰਿ ਗਇਆ।
ਅਨੇਕ ਜਤਨ ਕਰ ਰਹੇ, ਸਿੱਧਾ ਨਾ ਭਇਆ।੧੩੪।

ਮਾਤਾ ਖੀਵੀ ਪਾਸ ਆਇ ਬਿਨਤੀ ਕੀਤੀ।
ਮਾਤਾ ਕਹਿਆ: "ਬੇਟਾ! ਤੁਸਾਂ ਭਾਰੀ ਪੰਡ ਹੈ ਚੁੱਕ ਲੀਤੀ।
ਭਾਰੁ ਲਾਹਿ ਸਟੋ, ਸਿਰ ਸਿੱਧਾ ਹੋਇ ਜਾਸੀ।
ਅਮਰ ਦਾਸ ਗੋਇੰਦਵਾਲ ਅਗੇ ਹੀ ਉਠਿ ਗਿਆ ਸੀ"।੧੩੪।

ਨਦੀ ਤੀਰ ਜਾਇ ਤਿਨ ਛਪਰੀ ਸੀ ਬੰਨ੍ਹਵਾਈ।
ਦਿਨ ਸਾਰਾ ਤਹਾਂ ਬਸੇ ਨਿਸ ਨੋ ਉਪਰਿ ਉਠਿ ਜਾਈ।
ਕਰੇ ਸਮਾਧਿ ਜਗਿਆਸਾ ਭਾਰੀ। ਹਿਰਦੇ ਭਜਨ ਗੁਰੂ ਅੰਗਦ ਜੀ ਕਾ ਧਾਰੀ।੧੩੫।

ਨਾਲੇ ਧਿਆਨ ਗੁਰੂ ਨਾਨਕ ਜੀ ਦਾ ਕਰੇ। ਹਿਰਦੇ ਭਜਨ ਨਿਰੰਕਾਰ ਦਾ ਧਰੇ।
ਦਾਸੂ ਮਾਤਾ ਨੂੰ ਕਹਿਆ ਐਸੇ: "ਜਿਉ ਮੈਨੂੰ ਬਚਨ ਕਰੋ, ਕਰਾਂ ਮੈਂ ਤੈਸੇ।
ਮਾਤਾ ਜੀ! ਮੈਂ ਹੁਣਿ ਛਡੀ ਗੁਰਿਆਈ।"
ਬੇਟਾ ਜੇ ਛੱਡੀ ਹਈ, ਤਾਂ ਚਲਿ ਲਗੁ ਅਮਰੇ ਦੀ ਪਾਈਂ।੧੩੬।

ਮਾਤਾ ਖੀਵੀ ਲੈ ਕੇ ਨਾਲ ਦਾਸੂ ਨੂੰ ਆਈ। ਜਿਥੇ ਗੋਇੰਦਵਾਲ ਛੱਪਰੀ ਅਮਰੇ ਸੀ ਪਾਈ।
ਰਲਿ ਮਿਲਿ ਸੰਗਤਿ ਸਭ ਆਈ ਨਦੀ ਕਿਨਾਰੇ। ਅਮਰਦਾਸ ਜੀ ਬੈਠੇ ਸੋ ਅੰਦਰਿ ਸਮਾਧਿ ਧਾਰੇ।
ਮਾਤਾ ਜੀ ਕਹਿਆ ਅਮਰਦਾਸ ਜੀ ਬੂਹਾ ਖੋਲੁ, ਅਸੀਂ ਸਭ ਆਏ ਹਾਂ ਤੇਰੇ ਕੋਲ।੧੩੭।

ਅਮਰ ਦਾਸ ਆਇ ਮਾਤਾ ਦੀ ਚਰਨੀਂ ਪਰਿਆ। ਤਬ ਦਾਸੂ ਰੱਖੀ ਅਰਦਾਸਿ ਸੀਸੁ ਚਰਨੀਂ ਧਰਿਆ।
ਮਾਤਾ ਕਹਿਆ, "ਤੂ ਹੈਂ ਗੁਰੂ, ਸਭ ਸਿਖ ਹੈਨ ਤੇਰੇ। ਦਾਸੂ ਹੈ ਕਾਹਲਾ ਕਹੇ ਲਗਾ ਨ ਮੇਰੇ"।੧੩੮।

ਤੈਨੂੰ ਆਪ ਦਿੱਤੀ ਹੈ ਖਾਵੰਦ ਵਡਿਆਈ। ਦਾਸੂ ਦਾ ਕਰ ਸਿਰ ਸਿੱਧਾ ਆਪ ਹੱਥਿ ਲਾਈ।
ਸਤਿਨਾਮ ਕਹਿ ਅਮਰਦਾਸ ਜੀ ਹੱਥੁ ਲਾਇਆ। ਸਿਰ ਸਿੱਧਾ ਦਾਸੂ ਦਾ ਹੋਇ ਆਇਆ।੧੩੯।

ਸਭ ਸੰਗਤਿ 'ਅਮਰਦਾਸ' ਦੇ ਚਰਨੀਂ ਲਾਈ।
ਬਚਨ ਕੀਤਾ ਮਾਤਾ: "ਅਮਰਦਾਸਾ! ਤੈਨੂੰ ਖਾਵੰਦ ਆਪਿ ਦਿਤੀ ਹੈ ਵਡਿਆਈ।"
ਤਬ ਅਮਰਦਾਸ ਜੀ ਭੇਜੀ ਅਰਦਾਸਿ।
ਰੁਪਯੇ ਪੰਜ ਸਾਹਿਬ ਸ੍ਰੀ ਚੰਦ, ਲਖਮੀ ਦਾਸ ਜੀ ਪਾਸ।੧੪੦।

ਉਥੋਂ ਸਿਰੋਪਾਉ ਗੁਰਿਆਈ ਦਾ ਆਇਆ। ਮੰਘ੍ਰ ਸੁਦੀ ਏਕਮ ਦਿਨ ਪਹਿਰਾਇਆ।
ਤੇਰਾਂ ਬਰਸ ਗੁਰੂ ਅੰਗਦ ਜੀ ਕੀਤੀ ਗੁਰਿਆਈ। ਛਿਹ ਮਹੀਨੇ ਦਾਸੂ ਹੈ ਕਮਾਈ।੧੪੧।

ਸੰਮਤ ਸੋਲਾਂ ਸੈ ਨਉਂ ਮੱਘਰ ਦੇ ਮਹੀਨੇ। ਟਿੱਕਾ ਗੁਰਿਆਈ ਦਾ ਲੀਤਾ ਗੁਰੂ ਅਮਰਦਾਸ ਜੀ ਨੇ।
ਇਤਨੀ ਕਥਾ ਇਥੇ ਭਈ। ਅਗੇ ਅਮਰਦਾਸ ਜੀ ਦੇ ਜਨਮ ਪਰ ਗਈ।੧੪੨।

—o—

੧. ਭਾਈ ਗੁਰਦਾਸ ਜੀ ਦੀ ੨੬ਵੀਂ ਵਾਰ ਤੋਂ ਵੀ ਇਸ ਗੱਲ ਦਾ ਸੰਕੇਤ ਮਿਲਦਾ ਹੈ:
ਮੰਜੀ ਦਾਸੁ ਬਹਾਲਿਆ, ਦਾਤੂ ਸਿਧ ਆਸਣੁ ਸਿਖ ਆਇਆ।੩੩।

# (੩) ਤੀਜਾ ਚਰਣ—ਤੀਸਰੀ ਪਾਤਸ਼ਾਹੀ

**ਦੋਹਰਾ**—ਅਬ ਸੁਨੀਏ ਗੁਰੂ ਅਮਰਦਾਸ ਜੀ ਦੀ ਸਾਖੀ ਟਹਿਲੋਂ ਮਹਿਲ ਜਿਸ ਪਾਇ।
ਦਸ ਜਾਮੇ ਗੁਰੂ ਨਾਨਕ ਜੀ ਧਾਰੇ, ਅਚਰਜ ਰੂਪ ਧਰਾਇ।੧।

**ਚਉਪਈ**—ਵਿਚਿ ਬਾਸਰਕੀ ਰਹੇ ਵਿਸ਼ਨਾ ਭੱਲਾ। ਹੱਟੀ ਬੈਠੇ ਇਕ ਇਕੱਲਾ।
ਸੰਮਤ ਪੰਦ੍ਰਾਂ ਸੈ ਬੀਸ ਜਬ ਗਏ। ਹਰਿ ਜੀ ਪੂਤ ਗ੍ਰਿਹਿ ਤਾਂ ਕੇ ਭਏ।੨।

ਸੰਮਤ ਪੰਦ੍ਰਾਂ ਸੈ ਗਏ ਅਠਤ੍ਰੀ। ਜਾਤਿ ਮਰਵਾਹੇ ਆਹੇ ਖਤ੍ਰੀ।
ਧਾਮ ਤਿਨਾਂ ਦੇ ਕੀਤਾ ਬਿਆਹੁ। ਰਹਿੰਦੇ ਪਿੰਡ ਬਾਸਰਕੀ ਮਾਹਿ।੩।

ਓਥੋਂ ਉਠਿ ਆਏ ਗਿਲਵਾਲੀ। ਸੰਮਤ ਬੀਤੇ ਪੰਦ੍ਰਾਂ ਸੈ ਪੈਂਤਾਲੀ।
ਜਨਮੇ ਤੇਜੋ ਤਾਂ ਕੇ ਧਾਮ। ਵਧਿਆ ਮਾਇਆ ਦਾ ਕਿਛੁ ਕਾਮੁ।੪।

ਕਰਦੇ ਅਨਾਜ ਦਾ ਸੇ ਬੈਪਾਰ। ਸਉਦਾ ਲੈਂਦੇ ਦੇਂਦੇ ਕਰੇਨ ਉਧਾਰ।
ਨਫਾ ਬਹੁਤ ਅਨਾਜੋਂ ਆਇਆ। ਤੇਜੋ ਦਾ ਤਬ ਕਾਜ ਰਚਾਇਆ।੫।

ਬਾਰਾਂ ਬਾਰਸ ਦੇ ਤਬ ਤੇਜੋ ਜੀ ਭਏ। ਦੁੱਗਲ ਖਤ੍ਰੀਆਂ ਦੇ ਬਿਆਹੁ ਤਬ ਲਏ।
ਪੁਨਿ ਬਾਸਰਕੀ ਆਏ ਚਲੇ। ਸੰਮਤ ਪੰਦ੍ਰਾਂ ਸੈ ਸਤਵੰਜਾ ਖਤ੍ਰੀ ਜਾਤਿ ਭੱਲੇ।੬।

ਲਗੇ ਕਰਨ ਵਹੁ ਵਣਜੁ ਵੈਪਾਰੁ। ਲੈਣ-ਦੇਣ ਵਿਚਿ ਹੋਏ ਖਬਰਦਾਰੁ।
ਵਿਸ਼ਨ ਦਾਸ ਤਬ ਸੁਰਪੁਰਿ ਗਏ। ਹਰਿ ਸਰਿ ਫੁਲ ਹਰਿ ਜੀ ਲੈ ਜਾਵਤ ਭਏ।੭।

ਦੈਵ ਸੰਜੋਗ ਐਸਾ ਤਬ ਭਇਆ। ਦੇਹ ਹਰਿ ਜੀ ਦਾ ਹਰਿਸਰਿ ਛੁਟ ਗਇਆ।
ਸੰਮਤ ਪੰਦ੍ਰਾਂ ਸੈ ਅਠਵੰਜਾ ਭਏ। ਕਰਮ ਕਿਰਿਆ ਪਰ ਤੇਜੋ ਬਹਿ ਗਏ।੮।

ਬਹੁੜ ਸੰਮਤ ਬੀਤੇ ਪੰਦ੍ਰਾਂ ਸੈ ਖਟ-ਸਠਿ। ਦਿਨ ਵੈਸਾਖ ਗਏ ਦਸ-ਅਠ[1]।
ਮਾਤਾ ਲਖੋ ਦੇ ਉਦਰੋਂ ਚਾਨਣੇ ਪੱਖ। ਜਨਮੇ ਸ੍ਰੀ ਅਮਰਦਾਸ ਪੂਰਨ ਪ੍ਰਤੱਖ।੯।

ਰਹੀ ਰੈਨ ਤਬ ਡੇਢ ਕੁ ਜਾਮ। ਨਛਤ੍ਰ ਕ੍ਰਿਤਕਾ ਅਮਰਦਾਸ ਨਾਮ।
ਆਇ ਵਸੇ ਤਬ ਗੋਇੰਦਵਾਲ। ਉਮਰ ਭਈ ਤਬ ਤ੍ਰੇਈ ਸਾਲ।੧੦।

ਸੰਮਤ ਪੰਦ੍ਰਾਂ ਸੈ ਇਕ ਘਟਿ ਨੱਬੇ। ਬਿਆਹ ਕੀਤਾ ਅਮਰਦਾਸ ਜੀ ਤਬੇ।
ਮਾਤਾ ਮਾਨਸਾ ਦੇਵੀ ਜੀ ਧਾਮ ਆਏ। ਅਮਰਦਾਸ ਜੀ ਕਿਰਤ ਹੱਟੀ ਦੀ ਕਮਾਏ।੧੧।

---

੧. ੧੮ ਵਿਸਾਖ, ੧੫੬੬ ਬਿ:, ਇਸੇ ਨੂੰ ੧੫੩੬ ਪੜ੍ਹ ਕੇ ਗੁਰੂ ਜੀ ਦਾ ਜਨਮ ਸੰਮਤ ਹੁਣ ਗ਼ਲਤ ਪ੍ਰਚਲਤ ਹੋ ਗਿਆ ਹੈ।

ਸੇਵਕ ਬ੍ਰਹਮਣ ਦੇ ਸ਼ਾਸਤ੍ਰ ਦੀ ਜੁਗਤਿ। ਜਗਿਆਸਾ ਸਾਂਈ ਦੀ ਕ੍ਰਿਤ ਦੀ ਭੁਗਤਿ।
ਸੰਮਤ ਪੰਦ੍ਰਾਂ ਸੈ ਨੱਬੇ ਜੇਠ ਦਿਨ ਚਾਰਿ। ਬੀਬੀ ਭਾਨੀ ਜੀ ਜਨਮੇ ਆਇਤਵਾਰਿ।੧੨।

ਅਗੋ ਮਹੀਨਾ ਕਤਿਕ ਦਾ ਜਬ ਆਇਆ। ਬਾਬਾ ਤੇਜੋ ਤਬ ਸੁਰਗ ਸਿਧਾਇਆ।
ਮਹੀਨੇ ਫੱਗਣ ਦੇ ਅਸਤੀ ਲੈ ਕੇ ਹਰਿਸਰ ਨੂੰ ਗਏ। ਕਰਮ ਕ੍ਰਿਆ ਸਭ ਕਰਤੇ ਭਏ।੧੩।

ਮਾਰਗ ਵਿਚਿ ਇਕ ਮਿਲਿਆ ਫਕੀਰ। ਹਰੀਰਾਮ ਨਾਮ ਜਿਸ ਦਾ ਸ੍ਰੀ ਚੰਦ ਸਾਹਿਬ ਗੁਰਪੀਰ।
ਸੋ ਬਾਬੇ ਨਾਨਕ ਜੀ ਦੀ ਪੜ੍ਹੇ ਬਾਣੀ। ਅਮਰਦਾਸ ਜੀ ਦੀ ਸੁਣ ਕੇ ਬੁਧਿ ਵਿਕਾਣੀ।੧੪।

ਉਠੀ ਚਾਹਿ ਜੋ ਕਰੀਏ ਉਸ ਪੁਰਖ ਦਾ ਦੀਦਾਰੁ। ਜਿਸ ਕੀਤਾ ਹੈ ਇਸ ਬਾਣੀ ਦਾ ਉਚਾਰੁ।
ਡੇਰੇ ਵਿਚ ਆਏ ਪਰ ਗ੍ਰਿਸਤ ਵਿਚ ਗਲਤਾਨ। ਗ੍ਰਿਸਤ ਵਿਚੋਂ ਨਿਕਲਣਾ ਅਉਖਾ ਜਾਨ।੧੫।

ਸੰਮਤ ਪੰਦ੍ਰਾਂ ਸੈ ਤ੍ਰਿਆਨਵੇ ਜਬ ਬੀਤੇ। ਬੇਟਾ ਜਨਮਿਆ ਅਨੰਦੁ ਤਬ ਹੀ ਤੇ।
ਚੇਤ੍ਰ ਦਿਨ ਪੰਦ੍ਰਾਂ ਸੇ ਗਏ। ਜਗਿਆਸਾ ਵੱਡੀ, ਪ੍ਰੇਮ ਅਤਿ ਕਰਤੇ ਭਏ।੧੬।

ਜੁਗਤਿ ਸ਼ਾਸਤ੍ਰ ਦੀ ਵਿਚਿ ਨਿਤ ਰਹਿਨ। ਸੇਵਾ ਪੂਜਾ ਸਾਲਗ੍ਰਾਮ ਦੀ ਕਰਿ ਨਿਤ ਬਹਨਿ।
ਬ੍ਰਹਮ ਪੂਜਾ ਅਰੁ ਪ੍ਰੇਮ ਭਗਤਿ। ਨਾਲੇ ਗ੍ਰਿਸਤ ਨਾਲੇ ਕਿਰਤ ਵਿਚ ਆਸਕਤ।੧੭।

ਸੰਮਤ ਪੰਦ੍ਰਾਂ ਸੈ ਛਿਆਨਵੇਂ ਭਏ ਜਬੈ। ਮੋਹਰੀ ਜੀ ਜਨਮਤ ਭਏ ਤਬੈ।
ਦਿਨ ਹਾੜ ਪੰਜ ਜਬ ਹੀ ਸੇ ਬੀਤੇ। ਤਬ ਸਾਹਿਬ ਕੇ ਆਈ ਇਹ ਜੀ ਤੇ।੧੮।

ਚਲੀਏ ਉਸ ਪੁਰਖੁ ਦਾ ਕਰਨ ਦੀਦਾਰੁ।
ਅਤੇ ਸੰਮਤ ਪੰਦ੍ਰਾਂ ਸੈ ਅਠਾਨਵੇਂ ਬੀਬੀ ਅਮਰੋ ਜੀ ਆਈ ਗੋਇੰਦਵਾਲ।
ਬੀਬੀ ਪੜ੍ਹਦੀ ਸ਼ਬਦ ਅਮਰਦਾਸ ਸੁਣਿਆ। ਬਚਨਾਂ ਕੇ ਸਰ[1] ਲਗੇ, ਹਿਰਦਾ ਗਿਆ ਪੁਣਿਆ।੧੯।

ਸੰਮਤ ਸੋਲਾਂ ਸੈ ਇਕ ਬੀਤੇ ਭਇਆ ਮਿਲਾਪੁ। ਅਠ ਨਉਂ ਬਰਸ ਕੀਤੀ ਟਹਲ ਤਜਿ ਅਪਨਾ ਆਪੁ।
ਸੰਮਤ ਸੋਲਾਂ ਸੈ ਦੁਇ ਸੀ ਤਬ ਗਿਆ। ਤਬ ਬੀਬੀ ਭਾਨੀ ਦਾ ਬਿਆਹ ਸੀ ਭਇਆ।੨੦।

ਲਹੌਰ ਦੇ ਖੱਤ੍ਰੀ ਸੋਢੀ ਜਾਤਿ। ਮਾਤਾ ਅਨੂਪੀ ਪਿਤਾ ਹਰਿਦਾਸ।
ਦੈਵ ਸੰਜੋਗ ਹੋਈ ਕੁੜਮਾਈ। ਹਰਿਦਾਸ ਰਾਮਦਾਸ ਦੋਨੋ ਗੋਇੰਦਵਾਲ ਉਤਰੇ ਆਈ।੨੧।

ਚਲੇ ਸੇ ਦਿੱਲੀ ਨਾਲਿ ਸ਼ਰੀਕਾਂ ਲੜ ਕੇ। ਅਗੇ ਗੋਇੰਦਵਾਲ ਰੱਖੇ ਅੰਨ-ਜਲ ਫੜਕੇ।
ਅਤੇ ਪ੍ਰੋਹਤ ਨੂੰ ਬਚਨ ਕੀਤਾ ਸ੍ਰੀ ਗੁਰੂ ਅਮਰਦਾਸ।
ਪ੍ਰੋਹਤ ਜੀ! ਕੋਈ ਜਾਗ੍ਹਾ ਬੀਬੀ ਵਾਸਤੇ ਦੇਖਣੀ ਦੂਰ ਪਾਸ।੨੨।

ਰਾਮਦਾਸ ਲੜਕਾ ਪਰਚਿਆ[2] ਸੀ ਨੀਂਗਰਾਂ ਵਿਚ ਖੇਡੇ।
ਪਰੋਹਤ ਦੇਖ ਕੇ ਕਹਿਆ: "ਜੀ ਨੀਂਗਰ ਹੋਵੇ ਇਸ ਜੇਡੇ?"
ਬਚਨ ਕੀਤਾ ਪ੍ਰੋਹਤਾ ਇਹੋ ਹੋਇ ਰਹਿਆ।
ਜਾਹਿ ਖਬਰ ਲੈ ਏਹੁ ਕਉਣ ਹੈ? ਇਹ ਤੁਧ ਕੀ ਕਹਿਆ?।੨੩।

ਪ੍ਰੋਹਤ ਲਾਜ਼ਮ[3] ਹੋਇ ਕੇ ਪੁੱਛਿਆ: "ਲਾਲਾ ਕੀ ਜਾਤਿ ਹੈ ਤੇਰੀ?"
ਰਾਮ ਦਾਸ ਜੀ ਬੋਲੇ ਖੇਡਦੇ: "ਸੋਢੀ ਜਾਤਿ ਹੈ ਮੇਰੀ।"
ਪ੍ਰੋਹਤ ਖੁਸ਼ੀ ਹੋਇ ਕੇ ਤਿਸ ਦੇ ਪਿਤਾ ਹਰਿਦਾਸ ਪਾਸ ਆਇਆ।
ਸਤਿਗੁਰਾਂ ਦਿੱਤਾ ਸ਼ਗਨ, ਪ੍ਰੋਹਤ ਟਿੱਕਾ ਲਾਇਆ।੨੪।

---

੧. ਤੀਰ। ੨. ਮਗਨ, ਲੀਨ। ੩. ਜ਼ਰੂਰੀ ਕਰਕੇ।

ਇਸ ਜੁਗਤਿ ਹੋਈ ਸੀ ਕੁੜਮਾਈ। ਪਿੱਛੋਂ ਸੋਢੀ ਆਇ ਕੇ ਲੈ ਗਏ ਹਰਿਦਾਸ ਨੂੰ ਮਨਾਈ।
ਗਏ ਲਾਹੌਰ ਜਨੇਤ ਕਰਿ ਆਏ। ਬੀਬੀ ਭਾਨੀ ਨੂੰ ਲੈ ਗਏ ਪਰਣਾਏ।੨੫।

ਸੰਮਤ ਸੋਲਾਂ ਸੈ ਤ੍ਰੈ ਫਗਣ ਨੰਦ ਜੀ ਪਰਨੇ। ਯਾਰਾਂ ਬਰਸਾਂ ਦੀ ਅਵਸਥਾ ਸਹੁਰੇ ਖੱਤ੍ਰੀ ਸਰਨੇ।
ਸਰੀਕ ਭਾਈ ਸਭੋ ਮਿਲਿ ਕਰਤ ਬਖਾਨੇ। ਛੱਡੀ ਕਿਰਤ ਰੁਜ਼ਗਾਰ ਅਮਰਾ ਫਕੀਰ ਹੋਆ ਜਾਨੇ।੨੬।

ਜਾਂ ਘਰਿ ਆਵੈ ਤਾਂ ਬੋਲੀਆਂ ਮਾਰਨਿ। ਦੁਖਵੇਂ ਟੱਪੇ ਕਹਿ ਅੰਦਰਿ ਸਾੜਨਿ।
ਸ੍ਰੀ ਗੁਰੂ ਅੰਗਦ ਜੀ ਦੇਵ ਲੋਕ ਸਿਧਾਣੇ। ਖਟ ਮਾਸ ਇਨ੍ਹਾਂ ਕੀਤੀ ਮੋਨ, ਨ ਬਚਨ ਬਖਾਣੇ।੨੭।

ਅਲਪ ਅਹਾਰੀ ਜਾਗਨਿ ਰੈਨਿ। ਕਰਨ ਸਮਾਧਿ ਛਿਤ[1] ਪਰਿ ਸੈਨ।
ਮਾਤਾ ਖੀਵੀ ਨੇ ਸੰਗਤਿ ਚਰਨੀਂ ਲਾਈ। ਹੋਏ ਪਰਗਟਿ ਗੁਰਿਆਈ ਪਾਈ।੨੮।

ਸੰਮਤ ਸੋਲਾਂ ਸੈ ਯਾਰਾਂ ਬੀਤੇ। ਬਾਬੇ ਨੰਦ ਘਰਿ ਮੋਹਨ ਪੁਤ੍ਰ ਜਨਮਿਆ ਤਬ ਹੀ ਤੇ।
ਅਤੇ ਓਧਰੇ ਬਾਬਾ ਲਖਮੀ ਦਾਸ ਦਾ ਕਬੀਲਾ, ਸੁਰਪੁਰਿ ਸਿਧਾਣਾ, ਮਨ ਭਇਆ ਰੰਞਾਣਾ।੨੯।

ਸਾਹਿਬ ਗੁਰੂ ਅਮਰਦਾਸ ਜੀ ਚਲੇ ਦੇਣ ਮੁਕਾਣ।
ਮਾਤਾ ਸਾਹਿਬ ਧਰਮ ਚੰਦ ਜੀ ਦੀ ਮਾਊ ਨਰੈਣੀ ਜਾਣ।
ਦੇ ਮੁਕਾਣ ਆਏ ਤਿਸ ਰਾਹੁ। ਜਿਥੇ ਉਹ ਛੱਪੜ ਆਹਾ ਉਜਾੜੇ ਮਾਹਿ।੩੦।

ਉਹ ਜਾਗ੍ਹਾ ਤਬ ਹੱਛੀ ਬਣਵਾਈ। ਨਾਉਂ ਅਮਰਸਰ ਸਭ ਕਹੇ ਲੁਕਾਈ।
ਸਾਹਿਬ ਆਏ ਗੋਇੰਦਵਾਲਿ। ਸਿਖ ਸੰਗਤ ਬਹੁਤੁ ਹੈਸੀ ਨਾਲਿ।੩੧।

ਸੰਮਤ ਸੋਲਾਂ ਸੈ ਦੁਆਦਸ ਜਬ ਭਏ। ਬਾਬਾ ਨੰਦ[2] ਜੀ ਦਿਵਪੁਰੀ ਨੂੰ ਗਏ।
ਉਧਰ ਲਖਮੀਦਾਸ ਜੀ ਬੈਕੁੰਠ ਸਿਧਾਣਾ। ਇਕ ਮਹੀਨੇ ਦੀ ਵਿਥ ਪਾਇ ਕੇ ਕੀਤਾ ਚਲਾਣਾ।੩੨।

ਬਚਨ ਕੀਤਾ: "ਰੋਣਾ ਕਿਸੇ ਨਾਹੀ। ਅਸਤੀ ਭੇਜਣੀ ਹਰਿਸਰ ਮਾਹੀ।
ਕਥਾ ਕੀਰਤਨ ਦਾ ਕਰਨਾ ਉਚਾਰੁ। ਇਹੁ ਮ੍ਰਿਗ ਤ੍ਰਿਸ਼ਨਾ ਹੈ ਸਭ ਸੰਸਾਰੁ"।੩੩।

ਸੰਮਤ ਸੋਲਾਂ ਸੈ ਤੇਰ੍ਹਵੇਂ ਬਾਵਲੀ ਲਵਾਈ। ਆਪ ਰਹਿਣ ਚੁਬਾਰੇ ਵਿਚਿ ਸਮਾਧਿ ਲਗਾਈ।
ਨਾ ਕੋਈ ਜਾਵੈ, ਨਾ ਕੋਈ ਆਵੈ, ਆਪ ਰਹਿਣ ਇਕ-ਇਕੱਲੇ।
ਸੰਮਤ ਸੋਲਾਂ ਸੈ ਦੁਆਦਸ, ਲਖਮੀ ਦਾਸ ਅਤੇ ਨੰਦ ਦੋਵੈਂ ਚਲੇ।੩੪।

ਖਤ੍ਰੀ ਸਰੀਕੀ ਭਾਈ ਹੋਰ ਸਭੇ ਕਰਨ ਦੇਖ ਕੇ ਹਾਸਾ।
ਕੱਲ ਦਾ ਕਿਰਾੜ ਹੱਟੀ ਬਹਿੰਦਾ, ਗੁਰੂ ਬਣ ਬੈਠਾ ਖਾਸਾ।
ਸਾਥ ਗੰਗਾ ਦਾ ਉਤਰਿਆ ਸੀ ਆਈ। ਇਕ ਮਨੁੱਖ ਮਰ ਗਿਆ ਰੋਵੈ ਤਿਸ ਦੀ ਮਾਈ।੩੫।

ਰੈਨ ਸਾਰੀ ਸੀ ਉਹ ਰੋਂਦੀ ਰਹੀ। ਵਡੇ ਵੇਲੇ ਖਤ੍ਰੀਆਂ ਰਲਿ ਮਿਲਿ ਤਿਸ ਬੁੱਢੀ ਨੂੰ ਏਹ ਗੱਲ ਕਹੀ:
"ਨੀ ਮਾਈ! ਤੂ ਰੁਦਨ ਇਤਨਾ ਮੂਲ ਨਾ ਕਰੁ। ਕੀ ਹੋਇਆ ਜੇ ਗਿਆ ਹੈ ਮਰੁ ?।੩੬।

ਗੁਰੂ ਆਂਵਦਾ ਹਈ ਹੁਣ ਇਸੇ ਰਾਹੁ। ਉਸ ਦੇ ਪੈਰਾਂ ਨੂੰ ਚੰਬੜ ਜਾਹੁ।
ਜੇ ਪੱਕੀ ਹੋਇ ਕੇ ਪੈਰੀਂ ਚੰਮੜੀਓ ਜਾਇ। ਤਾਂ ਤੂ ਪੁੱਤਰ ਨੂੰ ਲੈਸੀਂ ਜੀਵਾਇ।੩੭।

ਅਗੇ ਉਸ ਨੇ ਬਹੁਤ ਹੈਨਿ ਜੀਵਾਏ। ਪਰ ਜੋ ਕੋਈ ਉਸ ਦੀ ਪੈਰੀਂ ਲਗਿ ਚੰਬੜ ਜਾਏ।
ਅਸੀਂ ਭੀ ਉਸ ਨੂੰ ਬਹੁਤ ਕਹਾਂਗੇ। ਤੇਰੇ ਪਾਸ ਹੀ ਖੜੋਤੇ ਰਹਾਂਗੇ"।੩੮।

---

੧. ਧਰਤੀ 'ਤੇ। ੨. ਗੁਰੂ ਅਮਰਦਾਸ ਜੀ ਦਾ ਪੁੱਤ੍ਰ, ਜਿਸ ਦੇ ਨਾਂ 'ਤੇ 'ਅਨੰਦ' ਬਾਣੀ ਰਚੀ ਕਹੀ ਜਾਂਦੀ ਹੈ।

ਸਾਹਿਬ ਨਦੀਓਂ ਇਸਨਾਨ ਕਰ ਕੇ ਆਏ। ਖੱਤ੍ਰੀਆਂ ਬੁੱਢੀ ਨੂੰ ਆਖਿਆ ਜਾਏ:
"ਵਿਚਿ ਰਾਹੇ ਬੈਠਿ ਤੂ ਸ਼ਿਤਾਬੀ ਜਾਹੁ। ਹੁਣਿ ਆਂਵਦੇ ਨੀ ਉਹ ਇਸੇ ਰਾਹਿ"।੩੯।

ਬੁੱਢੀ ਅਜਾਣ ਦਰਦਵੰਦ ਕੀ ਜਾਣੇ। ਇਨ੍ਹਾਂ ਕੀਤਾ ਠੱਠਾ, ਉਹ ਸੱਚ ਪਛਾਣੇ।
ਸਾਹਿਬ ਆਏ ਓਸੇ ਹੀ ਰਾਹਿ। ਬੁੱਢੀ ਪਕੜੇ ਪੱਕੇ ਕਰਿ ਚਰਨ ਗੁਰੂ ਤਾਂਹਿ।੪੦।

ਨਾਲੇ ਰੋਵੈ ਦਰਦ ਦੀ ਭਰੀ ਆਖੇ: "ਦੇਹ ਗਰੀਬ ਨਿਵਾਜ ਬੂਟੀ ਮੇਰੀ ਕਰਿ ਹਰੀ।
ਮੈਂ ਅਨਾਥ ਮਾਰਗ ਵਿਚ ਰਹੀ। ਮੈਨੂੰ ਦੇਹਿ ਜੀਵਾਇ ਜੇ ਸਤਿਗੁਰ ਹੈਂ ਸਹੀ"।੪੧।

ਸਾਹਿਬ ਹੋਏ ਦਿੱਕ, ਸਤਿਗੁਰੂ ਅਗੇ ਬਿਨਤੀ ਠਾਨੀ। ਪਾਸੋਂ ਖੱਤ੍ਰੀ ਕਰਨ ਠੱਠਾ, ਬੋਲਨ ਇਹ ਬਾਨੀ:
"ਤੂੰ ਹੈਂ ਗੁਰੂ, ਲੜਕਾ ਦੇਹਿ ਜੀਵਾਇ। ਇਹੁ ਬੁੱਢੀ ਪਰਦੇਸਨਿ ਲੱਗੀ ਤੇਰੇ ਪਾਇ।੪੨।

ਬੇਨਤੀ ਸਤਿਗੁਰਾਂ ਦੀ ਸਤਿਗੁਰੁ ਸੁਨੀ। ਰਜਾਇ ਮੋੜਨ ਨ ਚਾਹੀਐ, ਦਿੱਕ ਹੋਇ ਮੁੰਡੀ ਧੁਨੀ।
ਪਰ ਇਹ ਭੀ ਜਾਤਾ, ਜੋ ਬੁੱਢੀ ਦਾ ਆਵਣਾ ਭੀ ਰਜਾਇ ਹੈ ਤੇਰੀ।
ਇਥੇ ਉਕਤਿ-ਸਿਆਣਪ ਕਛੁ ਨਹੀਂ ਮੇਰੀ"।੪੩।

ਰਜਾਇ ਜਾਣ ਤਿਸ ਨੂੰ ਐਸੇ ਕਹਿਆ:
"ਉਠ ਸਿਖਾ! ਵਾਹਿਗੁਰੂ ਆਖ, ਸੋਇ ਕਿਉਂ ਹੈ ਰਹਿਆ।"
ਪੈਰ ਦਾ ਅੰਗੂਠਾ ਜਬ ਤਿਸ ਨੂੰ ਲਾਇਆ। ਉਹ ਉਠਿ ਬੈਠਾ ਮੁਇਆ ਜੀਵਾਇਆ।੪੪।

ਬਚਨ ਕੀਤਾ: "ਗੁਰੂ ਕੇ ਰਾਜ ਵਿਚਿ ਮਾਪਿਆਂ ਅਗੇ ਪੁੱਤ ਨਾ ਮਰਸੀ।
ਵਿਧਵਾ ਨਾਹਿ ਨ ਕਾਈ ਸਤਿਗੁਰੁ ਕਰਸੀ।"
ਖੱਤ੍ਰੀ ਦੇਖਿ ਭਏ ਹੈਰਾਨ, ਏਹ ਤਾਂ ਹੋਇਆ ਪੂਰਨ ਭਗਵਾਨ।੪੫।

ਮਹਿਮਾ ਜਗ ਵਿਚ ਵੱਡੀ ਹੋਈ। ਜੋ ਕੋਈ ਸੁਣੇ, ਦਰਸਨ ਆਵੈ ਸੋਈ।
ਇਕ ਹਰੀਰਾਮ ਖੱਤ੍ਰੀ ਮਰਵਾਹਾ; ਤਪਾ ਅਖਾਏ ਗੋਇੰਦਵਾਲ ਮਾਹਾ।੪੬।

ਤਿਸ ਨੂੰ ਸੁਣ ਕੇ ਮਤਸਰ[1] ਲੱਗੀ। ਉਹ ਕਹੇ: "ਇਨ ਕੁਛ ਕੀਤੀ ਹੈ ਠੱਗੀ।
ਨਾਲੇ ਖੱਤ੍ਰੀ, ਨਾਲੇ ਗ੍ਰਸਤੀ, ਨਾਲੇ ਤਪਾ ਅਖਾਏ। ਠਗਿ ਠਗਿ ਲੋਕ ਅਜਾਣਾਂ ਨੂੰ ਖਾਏ"।੪੭।

ਪਰ ਸੱਚ ਨਾਲ ਝੂਠ ਦੀ ਕੀਕੂੰ ਬਣੇ! ਏਹ ਤਾਂ ਹੋਏ ਪ੍ਰਗਟ ਗਿਣੇ-ਮਿਣੇ!
ਸੰਮਤ ਸੋਲਾਂ ਸੈ ਚਉਦਾਂ ਮਾਹ ਮਹੀਨੇ[2]। ਕੁਰਖੇਤ੍ਰ ਜਾਵਣ ਨੂੰ ਸਾਹਿਬ ਰਿਦਾ ਕੀਨੇ।੪੮।

ਸੂਰਜ ਗ੍ਰਹਿਣ ਦਾ ਮੇਲਾ ਆਇਆ। ਸਾਹਿਬ ਕਰਿ ਸਾਥ ਨਾਲਿ ਚਲਾਇਆ।
ਬੀਬੀ ਭਾਨੀ ਅਤੇ ਰਾਮਦਾਸ। ਮਾਤਾ ਮਨਸਾ ਦੇਵੀ ਅਤੇ ਸਿਖ ਸਭੇ ਸਾਥ।੪੯।

ਆਇ ਕੁਰਖੇਤ੍ਰ ਡੇਰਾ ਕੀਆ। ਦਿਨ ਗ੍ਰਹਿਣ ਦੇ ਦਾਨ ਬਹੁਤ ਦੀਆ।
ਦਿਨ ਅੱਠ ਤਹਾਂ ਕੀਤਾ ਮੁਕਾਮ। ਫਿਰ ਆਏ ਜਮਨਾ ਤੀਰ, ਕੀਆ ਇਸਨਾਨ।੫੦।

ਤ੍ਰੈ ਦਿਨ ਨਦੀ ਕਿਨਾਰੇ ਡੇਰਾ ਕੀਆ। ਫਿਰ ਹਰਿਸਰ[3] ਚਲਣੇ ਦਾ ਮਗੁ ਲੀਆ।
ਤਬ ਆਏ ਜਵਾਲਾ ਪੁਰਿ ਭਗਵਾਨ। ਮਿਲਿ ਜਗਾਤੀਆਂ[4] ਆਇ ਕੀਤਾ ਪਰਣਾਮ।੫੧।

ਜਗਾਤੀਆਂ ਦੀ ਮਨਸਾ ਕੁਛ ਮੰਗਣ ਦੀ ਆਹੀ। ਮੂੰਹੁ ਪਈਓਨੇ ਮੁੰਦਣ, ਮੰਗਣ ਨਾਹੀ।
ਲੈ ਆਏ ਜਗਾਤੀ ਹਥਿ ਅਰਦਾਸ। ਸਾਹਿਬ ਲੈਂਦੇ ਹੀ ਟੁਰ ਪਏ, ਨਾਲ ਸਾਰਾ ਸਾਥ।੫੨।

---

੧. ਈਰਖਾ। ੨. ੧੬੧੪ ਬਿ: ੨੨ ਕੱਤਕ ਨੂੰ ਸੂਰਜ ਗ੍ਰਹਿਣ ਸੀ। ੩. ਹਰਿਦੁਆਰ—ਹਰਿ ਕੀ ਪੌੜੀ।
੪. ਮਸੂਲੀਏ, ਚੁੰਗੀ ਲੈਣ ਵਾਲੇ।

ਹਰਿ ਸਰਿ ਸਾਹਿਬ ਜਾਇ ਡੇਰਾ ਕੀਆ। ਕਰਿ ਇਸਨਾਨੁ-ਦਾਨੁ ਬਡਾ ਜਸੁ ਲੀਆ।
ਕਰਿ ਜਾਤ੍ਰਾ ਸਾਹਿਬ ਆਏ ਗੋਇੰਦਵਾਲ। ਸਿਖ ਸੰਗਤਿ ਸਭ ਕਬੀਲਾ ਨਾਲ।੫੩।

ਆਇ ਕੈ ਅੰਮ੍ਰਿਤਸਰ ਦਾ ਉਦਮ ਕਰਵਾਇਆ। ਬਾਵਲੀ ਕਰਨੇ ਨੂੰ ਕੂੰਆਂ ਖੁਦਵਾਇਆ।
ਚਾਹਿਆ: "ਜੋ ਇਥੇ ਬਾਵਲੀ ਲਵਾਈਏ।
ਬਡੀ ਹੈ ਉਜਾੜ, ਪਾਣੀ ਖੁਲ੍ਹਾ ਪੀਵਾਈਏ"।੫੪।

ਖੋਦਤਿ ਖੋਦਤਿ ਦੂਰ ਹੀ ਗਏ। ਪਾਣੀ ਮੂਲ ਨ ਨਿਕਸਤਿ ਭਏ।
ਅਗੇ ਨਿਕਸਾ ਇਕ ਦਰਵਾਜਾ। ਲਾਗੇ ਤਾਕ ਬੰਦ ਕੀਤਾ ਸਾਜਾ।੫੫।

ਸਿੱਖਾਂ ਆਇ ਕੀਤੀ ਅਰਦਾਸ: "ਜੀ ਨਿਕਲੀ ਹੈ ਤਾਕੀ, ਲਗੇ ਤਾਕ ਤਾਸ।"
ਬਚਨ ਕੀਤਾ: "ਖੋਲ੍ਹਿ ਦੇਖੋ, ਕੀ ਹੈ ਅੰਦਰ। ਵਿਚਿ ਪਾਤਾਲ ਜੋ ਚੜ੍ਹਿਆ ਹੈ ਮੰਦਰਿ।੫੬।

ਖੋਲ੍ਹੀ ਤਾਕੀ ਡਿਠਾ ਤਾਸ। ਦਸਵੇਂ ਦੁਵਾਰ ਸਾਸੁ ਚੜ੍ਹੇ ਬੈਠਾ ਤਪਾਸ।
ਬਚਨ ਕੀਤਾ: "ਇਸ ਨੂੰ ਮਲਦਨ[1] ਕਰੋ। ਲੌਂਗ ਕਸਤੂਰੀ ਤੇਲ ਗਿਰਦੇ ਰੂੰਈ ਧਰੋ"।੫੭।

ਤੈਸੇ ਹੀ ਮਲਦਨ ਤਾਂ ਤਨਿ ਕਰੀ। ਸਰਦੀ ਸੀਤਲਤਾ ਸਭ ਪਰਹਰੀ।
ਉਤਰੇ ਸਾਸ ਤਿਨ ਬੈਨ ਉਚਾਰੇ: "ਰਾਮ ਰਾਵਣ ਕਰਤ ਹੈ ਜੁਧੁ, ਕੈ ਜੀਤੇ ਕੈ ਹਾਰੇ"?।੫੮।

ਕਿਸੀ ਸਿਖ ਤਹਾਂ ਐਸੇ ਉਚਾਰਾ: "ਲਾਗਾ ਹੈ ਜੁਧੁ ਨਾ ਕੋਈ ਜੀਤਾ ਨਾ ਕੋਈ ਹਾਰਾ।"
ਪੁਨਿ ਸੁਆਸ ਤਿਨ ਦਸਵੇਂ ਖੰਡ ਚਾੜ੍ਹੇ। ਐਸੇ ਬਚਨ ਸੁਣੇ ਤਿਨ ਮਾੜੇ।੫੯।

ਨਹੀਂ ਮਲੂਮ ਕਉਨ ਤਪਸੀ ਸੋ ਆਹਾ। ਸਾਹਿਬ ਬਚਨ ਕੀਤਾ: "ਐਸੇ ਤਿਨ ਕੋ ਕਹਿਣਾ ਨਾਹਾ।"
ਬਹੁਤ ਮਿਟੀ ਪਾਇ ਦਬਾਇ ਵਹੁ ਦੀਨਾ। ਤਾ ਕੇ ਸੀਸੁ ਪਰ ਹਰਿਮੰਦਰ ਹੈ ਕੀਨਾ।੬੦।

ਤਾਂ ਕੇ ਸੀਸ ਪਰ ਪੈਰ ਨਾ ਧਰਨਾ। ਤਹਾਂ ਠਹਿਰਾਈ ਪੂਜਾ ਕੀ ਧਰਨਾ।
ਗੋਲਕ ਪੜੇ ਅਰੁ ਪੈਰ ਨਾ ਆਵੈ। ਅਦਬ ਤਪਸੀ ਕਾ ਨਹੀਂ ਜਾਵੈ।੬੧।

ਇਥੇ ਲਗੀ ਉਸਾਰੀ ਨਿਤ ਰਹੇ। ਸਾਹਿਬ ਗੋਇੰਦਵਾਲ ਨੂੰ ਟੁਰ ਗਏ।
ਕਰਨ ਸਮਾਧਿ ਵਿਚਿ ਬੈਠਿ ਚੁਬਾਰੇ। ਜੋ ਬਚਨ ਸ਼ਾਸਤ੍ਰਾਂ ਹੈਨਿ ਉਚਾਰੇ।੬੨।*

ਸੁਤਾ ਸੁਤ ਗੁਰੂ ਅਰਜਨ ਬਾਲ-ਇਆਣੇ। ਖੇਡਣ ਖੇਨੂ-ਟੱਲੇ, ਕਛੁ ਅਵਰ ਨਾ ਜਾਣੇ।
ਖੇਨੂ ਟੱਪ ਗਿਆ ਅੰਦਰਵਾਰਿ। ਜਿਥੇ ਨਾਨਾ ਬੈਠਾ ਸਮਾਧਿ ਅਟਾਰੀ ਧਾਰਿ।
ਖੇਨੂ ਟੱਪ ਗਿਆ ਮੰਜੀ ਹੇਠ। ਇਨ੍ਹਾਂ ਦਉੜਿ ਗਹਿ ਲੀਤਾ ਪਲੰਮਦੇ ਪੇਟ।੬੩।

ਬਚਨ ਕੀਤਾ: "ਇਹ ਬਡਾ ਪੁਰਖੁ ਹੈ ਭਾਰੀ। ਇਨ ਮੰਜੀ ਹਿਲਾਈ ਅਸਾਡੀ ਸਾਰੀ।"
ਬੀਬੀ ਭਾਨੀ ਪਹਿਲੇ ਸੁਣ ਕੇ ਡਰ ਗਈ।
ਜਾਂ ਬਚਨ ਸੁਣਿਆ ਪੁਰਖੁ ਦਾ ਤਾਂ ਪ੍ਰਸੰਨ ਅਤਿ ਭਈ।੬੪।

ਭਾਨੀ ਰਾਮਦਾਸ ਜੀ ਪਾਸ ਇਹ ਬਚਨ ਕਹਿਆ।
ਕਹੇ ਨਾਨੇ ਦੇ ਅਰਜਨ ਭਾਰੀ ਪੁਰਖੁ ਹੋਇ ਰਹਿਆ।
ਤਬ ਗੁਰੂ ਰਾਮਦਾਸ ਜੀ ਇਹ ਕਰੇ ਬਖਾਨੇ।
ਇਸ ਨੂੰ ਟਿੱਕਾ ਦਿਤਾ ਹੈ ਗੁਰਿਆਈ ਦਾ ਸਕੇ ਨਾਨੇ।੬੫।

---

੧. ਮਰਦਨ, ਮਾਲਸ਼। *ਇਕ ਹੱਥ ਲਿਖਤ ਖਰੜੇ ਵਿਚ ਇਥੇ ੧੭ ਛੰਦ ਹੋਰ ਵਧਾਏ ਹਨ, ਇਹ ਆਖੇਪਕ ਜਾਪਦੇ ਹਨ ਕਿਉਂਕਿ ਇਹ ਸਿਖ ਰੈਫ਼ਰੈਂਸ ਲਾਇਬਰੇਰੀ ਵਾਲੇ ਖਰੜੇ ਵਿਚ ਨਹੀਂ ਸਨ।

ਤਿਸੀ ਸਮੇਂ ਸ਼ਾਹ ਅਕਬਰ ਆਇਆ। ਦਿਲੀਓਂ ਚੜ੍ਹਿ ਲਹੌਰ ਨੂੰ ਧਾਇਆ।
ਡੇਰਾ ਆਇਆ ਗੋਇੰਦਵਾਲ। ਅਕਬਰ ਸੁਣਿਆ: ਫ਼ਕੀਰ ਇਥੇ ਹੈ ਮਸਤ ਹਵਾਲ।੬੬।

ਗੁਰੂ ਅਮਰਦਾਸ ਜੀ ਨੂੰ ਵੇਖਣਿ ਆਇਆ।
ਕਹਿਆ: "ਜੀ ਫਕੀਰ ਸਾਂਈ ਕਿਛੁ ਕਹੁ ਫਰਮਾਇਆ।"
ਬਚਨ ਕੀਤਾ: "ਚਾਹ ਕੁਛ ਨਹੀਂ ਹਮਾਰੇ। ਤਬ ਰਾਮਦਾਸ ਜੀ ਚਾਹ ਕੇ ਬਚਨ ਉਚਾਰੇ"।੬੭।

ਤਾਂ ਤੇ ਜ਼ਿਮੀ ਕਛੁ ਲਈ ਲਿਖਾਈ। ਪੱਟੀ ਕਾ ਤਪਾ, ਤਿਸ ਵਿਚੋਂ ਦਿਵਾਈ।
ਗਾਂਉਂ ਸਾਢੇ ਬਾਰਾਂ[1] ਆਏ ਵਿਚਿ। ਸੋ ਏਨ੍ਹਾਂ ਵੱਖਰੇ ਕਢਿ ਲੀਤੇ ਪਟੀ ਵਿਚੋਂ ਖਿਚਿ।੬੮।

ਇਕ ਦਿਨ ਦੀ ਤੁਮ ਸੁਨਹੁ ਕਹਾਨੀ: "ਆਈ ਨੰਦ ਦੀ ਵਹੁਟੀ ਤੇ ਬੀਬੀ ਭਾਨੀ।
ਏਹੋ ਦੋਨੋ ਸਾਹਿਬ ਦੀ ਟਹਿਲ ਕਰਨ ਚਿਤੁ ਲਾਈ। ਲਗਣ ਨਿਨਾਣ ਤੇ ਭਰਜਾਈ।੬੯।

ਬੀਬੀ ਭਾਨੀ ਮੰਗੇ ਕਰਿ ਅਰਦਾਸ। ਨੂੰਹੋਂ ਮਿਲੇ ਭਾਉ, ਮੈਂ ਹੋਇ ਰਹਾਂ ਦਾਸ!
ਮਨੁ ਨਾ ਵਧੇ ਪਿਤਾ ਗੁਰ ਜਾਣ! ਮਨੁ ਬੇਪੀਰ ਹੈ ਵਡਾ ਸ਼ੈਤਾਨ"।੭੦।

ਵਹੁਟੀ ਆਤਮਾ ਦੇਵੀ ਮੰਗੇ ਕਰਿ ਅਰਦਾਸ: "ਭਾਉ ਮਿਲੇ ਮੈਨੂੰ ਧੀਉ, ਮਨ ਰਹੇ ਚਰਨਾਂ ਪਾਸ।
ਵਹੁਟੀ ਮੋਹਨ ਪੁੱਤ ਨੂੰ ਲੈ ਆਈ ਤੀਰ। ਸਾਹਿਬ ਡਿਠਾ ਮੋਹਨ ਵੱਡਾ ਗੰਭੀਰ"।੭੧।

ਬਚਨ ਕੀਤਾ: 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥'
ਗੁਰੂ ਅਰਜਨ ਗ੍ਰੰਥ ਵਿਚ ਸ਼ਬਦ ਲਿਖਿਆ ਹੈ ਸਾਰਾ।
ਗੁਰੂ ਅਰਜਨ ਦਾ ਮੋਹਨ ਮਉਲੇਰਾ[2] ਭਾਈ।
ਆਹਾ ਜਗਿਆਸੀ, ਸਾਧ ਸੰਗਤਿ ਦੀ ਟਹਿਲ ਕਮਾਈ।੭੨।

ਜਦਿ ਗੁਰੂ ਅਰਜਨ ਗੁਰਿਆਈ ਦੇ ਬੈਠੇ ਅਸਥਾਨ।
ਤਾ ਏਹੁ ਸਬਦ ਸਾਰਾ ਲਿਖਿਆ ਨਾਨੇ ਦੇ ਬਚਨ ਪਛਾਨ।
ਬਾਬਾ ਨੰਦ ਜੀ ਜਨਮੇ ਤਾਂ 'ਅਨੰਦ' ਸੀ ਬਣਿਆ।
ਪਉੜੀਆਂ ਚਾਲੀ ਗੁਰੂ ਅਮਰਦਾਸ ਜੀ ਹੈ ਸੀ ਭਣਿਆ।੭੩।

ਇਕ ਦਿਨ ਆਤਮਾ ਦੇਈ ਅਤੇ ਬੀਬੀ ਭਾਨੀ।
ਦੋਨੋਂ ਬੈਠੀ ਪਾਸ ਅਤੇ ਬੋਲੀ ਸਤਿਗੁਰੂ ਇਹ ਬਾਨੀ:
"ਹੇ ਭਾਨੀਏ, ਬੇਟੀ! ਜੇ ਰਾਮਦਾਸ ਮਰ ਜਾਇ, ਅਤੇ ਵਰਤੇ ਸਾਂਈ ਦੀ ਏਹ ਰਜਾਇ"।੭੪।

ਸੱਚ ਆਖ ਬੇਟੀ! ਤਾਂ ਤੂ ਕੀ ਕਰੇਂ? ਨੱਥ ਲਾਹਿ ਪੈਰਾਂ ਤੇ ਧਰੀ, ਨੇਤ੍ਰ ਜਲ ਭਰੇ।
ਰੁਦਨ ਲਗੀ ਕਰਨ ਸੀਸੁ ਭਾਨੀ ਨਿਵਾਇ।
ਬਚਨ ਕੀਤਾ: "ਭਾਨੀਏ! ਨੱਕ ਨੱਥ ਪਾਇ"।੭੫।

ਭਾਨੀ ਕਹਿਆ, "ਪਿਤਾ! ਜੇ ਤੁਹ ਪਵਾਈ ਤਾਂ ਮੈਂ ਪਾਈ।"
ਬਚਨ ਕੀਤਾ: "ਨੱਥ ਪਾਉ ਰਖੈਗਾ ਸਾਂਈ।"
ਨੱਕ ਭਾਨੀ ਦੇ ਆਪ ਨਥਿ ਪਵਾਈ। ਅਪਨੀ ਉਮਰ ਵਿਚੋਂ ਰਾਮਦਾਸ ਨੂੰ ਉਮਰ ਦਿਵਾਈ।੭੬।

---

੧. ਇਹ ਬਾਰਾਂ ਪਿੰਡ ਕਿਹੜੇ ਸਨ, ਇਸ ਦਾ ਨਿਸਚਿਤ ਵੇਰਵਾ ਪ੍ਰਾਪਤ ਨਹੀਂ। ੨. ਮਾਮੇ ਦਾ ਪੁੱਤ (ਨੰਦ ਦਾ ਬੇਟਾ)। ਇਸ ਤਰ੍ਹਾਂ ਮੋਹਨ ਗੁਰੂ ਜੀ ਦਾ ਪੋਤਾ ਸੀ, ਪੁੱਤ੍ਰ ਨਹੀਂ।

ਰਾਮਦਾਸ ਦੀ ਅਵਸਥਾ ਪੂਰੀ ਸੀ ਹੋਈ। ਅਪਨੀ ਉਮਰ ਵਿਚੋਂ ਦੇ ਕੇ ਉਮਰ ਵਧਾਈ ਸੋਈ।
ਸੰਮਤ ਸੋਲਾਂ ਸੈ ਤ੍ਰੀਹ ਬੀਤ ਗਏ। ਤਬ ਏਹ ਸੁਖਨ ਸਤਿਗੁਰੂ ਮੁਖ ਤੇ ਭਏ।੭੭।

ਦਿਨ ਕਾਤਿਕ ਦੇ ਗੁਦਰੇ ਥੇ ਵੀਹ। ਅਰੁ ਸੰਮਤ ਸੋਲਾਂ ਸੈ ਗਏ ਤ੍ਰੀਹ।
ਸਮਾ ਰਾਮਦਾਸ ਜੀ ਕਾ ਥਾ ਆਇਆ। ਕੁਛ ਮਾਸ ਸੇਖ ਰਹੇ ਤਾਂ ਇਹ ਬਚਨ ਸੀ ਅਲਾਇਆ।੭੮।

ਪੂਰਨ ਦੀ ਗਤਿ ਕਹੀ ਨਾ ਜਾਏ। ਸਿਧੀ ਦੀ ਅਪੁੱਠੀ, ਅਪੁੱਠੀ ਦੀ ਸਿਧੀ ਕਰਾਏ।
ਜੋ ਚਾਹੇ, ਕਰੇ, ਸੋ ਹੋਈ। ਕਰਨ ਕਾਰਨ ਹੋਵੈ, ਤਾਂ ਪੂਰਨ ਕਹੇ ਕੋਈ।੭੯।

ਸਭ ਬਾਬੇ ਨਾਨਕ ਜੀ ਦੀ ਵਡਿਆਈ। ਜਿਸ ਦੀ ਬਰਕਤਿ ਚਲੀ ਹੀ ਆਈ।
ਜਿਉ ਦੀਪਕ ਨਾਲੋਂ ਦੀਪਕ ਰੋਸ਼ਨ ਜਾਨੋ। ਪਿਛੇ ਭੀ ਪੂਰਨ, ਅਗੇ ਭੀ ਪੂਰਨ ਮਾਨੋ।੮੦।

ਸੱਤ ਬਰਸ ਆਰਬਲਾ ਅਪਨੀ ਦਿਤੀ। ਐਸੀ ਜੁਗਤਿ ਗੁਰੂ ਅਮਰਦਾਸ ਜੀ ਕਿਤੀ।
ਮੋਹਰੀ, ਮੋਹਨ ਸੱਦ ਬੁਲਾਏ। ਰਾਮਦਾਸ ਦੀ ਸਭ ਪੈਰੀਂ ਪਵਾਏ।੮੧।

"ਮੇਰੀ ਖੁਸ਼ੀ ਹੈ, ਰਾਮਦਾਸੈ ਉਪਰਿ। ਸਭ ਸੁਣਿ ਕੇ ਰਹੇ ਚੁਪ ਕਰਿ।
ਤੁਸੀਂ ਮੇਰੀ ਹੋ ਅੰਸੁ, ਤੁਸਾਂ ਨੂੰ ਕੁਛ ਨਹੀਂ ਪਰਵਾਹੁ।
ਏਹ ਹੈਸੀ ਸਾਕੁ, ਸੋ ਤਜਿ ਰਿਹਾ ਸੇਵਕੀ ਮਾਹ"।੮੨।

ਬਚਨ ਮੰਨਿ ਮੋਹਰੀ ਉਠਿ ਪੈਰੀਂ ਪਿਆ। ਟਿੱਕਾ ਗੁਰਿਆਈ ਦਾ ਰਾਮਦਾਸੈ ਲਿਆ।
ਭਾਨੀ ਉਠਿ ਕੀਤੀ ਅਰਦਾਸ। ਖੜੀ ਹੋਇ ਪਿਤਾ ਦੇ ਚਰਨਾਂ ਪਾਸ।੮੩।

"ਹੇ ਜਗਤ ਪਿਤਾ! ਸੁਨ ਬੇਨਤੀ ਮੇਰੀ। ਏਹ ਸਭ ਵਡਿਆਈ ਹੈ ਦਿਤੀ ਤੇਰੀ।
ਜੇ ਦਿਤੀ ਹੀ, ਤਾ ਸੁਦਿਤ ਕਰਿ ਦੇਹਿ। ਸੋਢੀਆਂ ਦੇ ਘਰੋਂ ਫੇਰਿ ਮੋੜਿ ਨ ਲੇਹਿ"।੮੪।

ਬਚਨ ਕੀਤਾ: "ਘਰਿ ਤੇਰੇ ਹੀ ਹੈ ਰਹੀ।" ਸਮੇਂ ਚਲਾਣੇ ਦੇ ਸਾਹਿਬ ਏਹ ਕਹੀ।
ਸੰਮਤ ਸੋਲਾਂ ਸੈ ਇਕਤ੍ਰੀ ਚਲਾਣਾ ਕੀਤਾ। ਭਾਦ੍ਰੋਂ ਸੁਦੀ ਪੰਦ੍ਰਸ ਮਾਰਗ ਸੁਰਪੁਰਿ ਦਾ ਲੀਤਾ।੮੫।

ਪੈਂਹਠ ਸਾਲ ਜਗਤ ਮੇਂ ਰਹੇ। ਬਰਸ ਸਾਡੇ ਇੱਕੀ ਗੁਰੂ ਸਿੰਘਾਸਨਿ ਬਹੇ।
ਖਟ ਮਾਸ ਸਮਾਧਿ ਕਰਿ ਰਹੇ ਨਦੀ ਕਿਨਾਰੇ। ਅੱਠ-ਨਉਂ ਬਰਸ ਕੀਤੀ ਟਹਿਲ ਗੁਰ ਦੁਆਰੇ।੮੬।

ਬਰਸ ਚਉਂਤੀ ਕੀਤਾ ਸੰਸਾਰਿ ਬਸੇਰਾ। ਪੁਨਿ ਜਾਇ ਲੀਤਾ ਸੁਰਪੁਰਿ ਡੇਰਾ।
ਬਰਸ ਤ੍ਰਿਤਾਲੀ ਗੁਰੂ ਅੰਗਦ ਆਊ ਗੁਜਾਰੀ। ਤੇਰਾਂ ਬਰਸ ਗੁਰਿਆਈ ਧਾਰੀ।੮੭।

ਦੋ ਸਾਲ ਤਿਨ ਟਹਿਲ ਕਮਾਈ। ਰਹੈ ਜਗਤ ਮੈਂ ਬਰਸ ਅਠਾਈ।
ਸੱਤਰ ਬਰਸ ਗੁਰੂ ਨਾਨਕ ਜੀ ਰਹੇ। ਤਿਨ ਕੀ ਸ਼ੋਭਾ ਦਿਵ ਸੁਰਪੁਰਿ ਸਭ ਕਹੇ।੮੮।

ਇਤਨੀ ਕਥਾ ਇਥੇ ਪੂਰਨ ਭਈ। ਅਗੇ ਕਥਾ ਗੁਰੂ ਰਾਮਦਾਸ ਸੋਢੀ ਪਰ ਗਈ।
ਅੰਗ ਉਣਾਨਵੇਂ ਪੂਰਨ ਕੀਤੇ। ਤ੍ਰੈ ਸੈ ਪੈਂਹਠ ਅੰਗ ਸਭੇ ਗਿਣ ਲੀਤੇ।੮੯।

—o—

# (੪) ਚਉਥਾ ਚਰਣ—ਚਉਥੀ ਪਾਤਸ਼ਾਹੀ

**ਚਉਪਈ**—ਤੀਜਾ ਚਰਣ ਹੈ ਗਇਆ ਸਮਾਇ। ਅਬ ਚਉਥਾ ਚਰਨ ਸੁਨੋ ਚਿਤ ਲਾਇ।
ਗੁਰਦਿਆਲ ਸੋਢੀ ਬਸੈ ਲਾਹੌਰ। ਤਿਸ ਦੇ ਘਰਿ ਜੰਮਿਆ ਪੁੱਤ ਦੂਜਾ ਹੋਰੁ।੧।

ਸੰਮਤ ਪੰਦ੍ਰਾਂ ਸੈ ਇਕਤ੍ਰੀ ਤਬ ਥੇ ਭਏ। ਜਬ ਠਾਕੁਰਦਾਸ ਸੋਢੀ ਜਨਮ ਲਏ।
ਮਾਤਾ ਕਰਮੋ ਨਯੜੋਟੀ[1] ਤਾ ਕੀ ਨਾਰਿ। ਤਾਂ ਕੇ ਉਦਰ ਲੀਨਾ ਹਰਿਦਾਸ ਅਉਤਾਰ।੨।

ਸੰਮਤ ਪੰਦ੍ਰਾਂ ਸੈ ਬਵੰਜਾ ਤਬ ਥੇ ਭਏ। ਹਰਿਦਾਸ ਜਨਮੁ ਤਬ ਹੀ ਥੇ ਲਏ।
ਹਰਿਦਾਸ ਧਾਮ ਮਾਤਾ ਅਨੂਪ ਦੇਇ। ਤਾਂ ਕੇ ਜਠਰ ਰਾਮਦਾਸ ਜੀ ਭਵ ਲਏ।੩।

ਸੰਮਤ ਪੰਦ੍ਰਾਂ ਸੈ ਸਤਾਸੀ ਕਹੀਐ। ਕਤਿਕ ਮਹੀਨੇ ਦਿਨ ਬੀਸ ਲਹੀਐ।
ਕ੍ਰਿਸਨਾ ਪੱਖ ਚਾਰ ਘਟਿਕਾ ਦਿਨ ਚੜ੍ਹੇ। ਨਛਤ੍ਰ ਚਿਤ੍ਰਾ ਦਿਜ ਭਨਾ ਪੱਤ੍ਰੀ ਪੜ੍ਹੇ।੪।

ਰਾਮਦਾਸ, ਹਰਿਦਿਆਲ ਸੋਢੀ ਦੁਇ ਭਾਈ। ਇਕ ਬੀਬੀ ਰਾਮਦਾਸੀ ਸਕੀ ਭੈਣ ਕਹਾਈ।
ਹਰਿਦਾਸ ਰਾਮਦਾਸ ਪਿਉ-ਪੁਤ੍ਰ ਦੋਨੋ ਆਇ ਗੋਇੰਦਵਾਲ।
ਜੇਠੇ ਦੀ ਹੋਈ ਕੁੜਮਾਈ ਬੀਬੀ ਭਾਨੀ ਨਾਲਿ।੫।

ਸੋਲਾਂ ਸੈ ਦੁਇ ਸੰਮਤ ਮੋ ਕੀਤਾ ਬਿਆਹੁ। ਫੱਗਣ ਦਿਨ ਸਤਾਰ੍ਹਵੇਂ ਮਾਹ।
ਆਇ ਲਾਹੌਰ ਮਹੀਨਾ ਇਕ ਰਹੇ।
ਫਿਰ ਆਏ ਰਾਮਦਾਸ ਗੋਇੰਦਵਾਲ ਸਸੁਰ ਸਤਿਗੁਰੂ ਦੇ ਚਰਨ ਗਹੇ।੬।

ਸਾਕ ਨ ਜਾਤਾ, ਹਿਰਦੇ ਰਖਿਆ ਸੇਵਕੀ ਭਾਉ।
ਚੰਚਲਤਾਈ ਚਤੁਰਾਈ ਨ ਖੇਡਣ ਹੱਸਣ ਦਾ ਚਾਉ।
ਪ੍ਰੀਤ ਚਰਨਾਂ ਦੀ ਸੇਵਕੀ ਰਖੀ। ਬਿਨਾ ਸਤਿਗੁਰੂ ਹੋਰ ਨ ਕੋਈ ਦੇਖਣਾ ਅੱਖੀਂ।੭।

ਸੰਮਤ ਸੋਲਾਂ ਸੈ ਪੰਜ, ਅੱਸੂ ਦੇ ਮਹੀਨੇ। ਦਿਨ ਗਏ ਸੇ ਸੱਤ ਪ੍ਰਿਥੀਏ ਜਨਮ ਲੀਨੇ।
ਨਗਰ ਲਾਹੌਰ ਪ੍ਰਿਥੀਏ ਜਨਮ ਧਾਰਾ।
ਬੀਬੀ ਭਾਨੀ ਫਿਰ ਆਈ ਗੋਇੰਦਵਾਲ, ਘਰ ਪੇਕਾ ਪਿਆਰਾ।੮।

ਸੰਮਤ ਸੋਲਾਂ ਸੈ ਅੱਠ ਹਾੜ ਦਿਨ ਗਏ ਚਾਰਾ। ਨਗਰ ਗੋਇੰਦਵਾਲ ਮਹਾਂਦੇਵ ਜੀ ਜਨਮ ਕੋ ਧਾਰਾ।
ਤਬ ਰਾਮਦਾਸ ਜੀ ਰਹਿਣਾ ਗੋਇੰਦਵਾਲ ਦਾ ਕੀਤਾ।
ਵਤਨ ਸੀ ਲਾਹੌਰ, ਤਹ ਡੇਰਾ ਦੂਰ ਕਰ ਦੀਤਾ।੯।

---

੧. ਨਯਣੋਟੀ, ਨਯਰ ਖੱਤ੍ਰੀਆਂ ਦੀ ਧੀ।

ਸੰਮਤ ਸੋਲਾਂ ਸੈ ਦਸ, ਦਿਨ ਵਿਸਾਖ ਗਏ ਅਠਾਰਾਂ। ਗੁਰੂ ਅਰਜਨ ਜੀ ਤਬ ਜਨਮ ਕੋ ਧਾਰਾ।
ਸੁਕਲਾ ਪੱਖ ਨਿਸ ਆਧੀ ਗਏ। ਨਛਤ੍ਰ ਕ੍ਰਿਤਕਾ ਅਰਜਨ ਭਵ[1] ਲਏ।੧੦।

ਸੰਮਤ ਸੋਲਾਂ ਸੈ ਤੇਰ੍ਹਵੇਂ ਪ੍ਰਿਥੀ ਚੰਦੁ ਵੀਆਹਿਆ। ਮਹਾਂਦੇਉ ਰਿਹਾ ਜਤੀ, ਗ੍ਰਿਸਤ ਨ ਭਾਇਆ।
ਸੰਮਤ ਸੋਲਾਂ ਸੈ ਪੰਦਰਾਂ ਨਾਨੇ ਦਾ ਬਖਸ਼ ਹੋਇਆ।
ਬਚਨ 'ਭਾਰੀ ਪੁਰਖ' ਸੋ ਲੈ ਹਿਰਦੇ ਪਰੋਇਆ।੧੧।

ਸੋਲਾਂ ਸੈ ਉਪਰਿ ਗਏ ਬਾਈ। ਗੁਰੂ ਅਰਜਨ ਜੀ ਦੀ ਹੋਈ ਕੁੜਮਾਈ।
ਮਰੂਆ ਗਿਰਾਉਂ ਖਤ੍ਰੀ ਸੂਤ੍ਰੀ ਜਾਤਿ; ਕੀਤਾ ਬਿਆਹ ਦਿਨ ਬੀਤੇ ਸਾਤ।੧੨।

ਨਾਨੇ ਅਪਨੀ ਹੱਥੀਂ ਸੇਹਰੇ ਦਿਤੇ; ਅਤੇ ਥਾਪੀ ਲਾਈ।
ਮਾਤਾ ਰਾਮਦੇਵੀ ਗੁਰੂ ਅਰਜਨ ਦੇ ਧਾਮ ਆਈ।
ਰਾਜ ਗੁਰੂ ਅਮਰਦਾਸ ਜੀ ਦਾ ਆਹਾ। ਨਾ ਕੋਈ ਬੈਠੇ ਬਿਧਵਾ, ਨਾ ਪਿਤਾ ਅਗੇ ਪੁੱਤ ਫਨਾਹਾ।੧੩।

ਚੋਰ-ਧਾੜ ਅਗਨਿ ਅਉੜ, ਜਲੁ ਕਛੁ ਵਿਘਨਿ ਨ ਹੋਈ।
ਜਗਤ ਮੈਂ ਚੈਨ-ਅਮਨ ਅਰਾਮ, ਦੁਖੀ ਰਹੇ ਨਾ ਕੋਈ।
ਸੰਗ੍ਰਾਂਦ ਮੱਸਿਆ ਪੁਰਬੀ ਰਾਮਦਾਸ ਜੀ ਜਾਵਣ।
ਸਰਬਤਿ ਸੰਗਤ ਲੈ ਨਾਲ, ਅੰਮ੍ਰਿਤਸਰ ਜੀ ਨ੍ਹਾਵਣ।੧੪।

ਉਹ ਕੱਚਾ ਸੀ ਤਲਾਉ ਮਜੂਰ ਲਾਇ ਪੁਟਵਾਇਆ।
ਗੁਰੂ ਰਾਮਦਾਸ ਜੀ ਨੇ ਪੱਕਾ ਬਣਵਾਇਆ।
ਬਰਸ ਅਠਾਈ ਸੇਵਕੀ ਕੀਤੀ ਸਹੁਰੇ ਨ ਜਾਤੇ।
ਸੱਤ ਬਰਸ ਗੁਰਿਆਈ ਕੀਤੀ; ਪਿਛੇ ਰਹਿ ਧਰਤੀ ਮਾਤਾ ਤੇ।੧੫।

ਸੋਲਾਂ ਸੈ ਇਕਤ੍ਰੀ ਗੁਰੂ ਅਮਰਦਾਸ ਜੀ ਸਵਾਰਾ ਕਰ ਗਏ;
ਬਿਆਸਾ ਨਦੀ ਕਿਨਾਰੇ ਸਿਸਕਾਰ ਕਰਤੇ ਭਏ।
ਮੋਹਰੀ ਜੀ ਕਰਮਾਂ ਪਰਿ ਬੈਠੇ। ਦਿਨ ਤੇਰਾਂ ਸਭ ਰਹੇ ਇਕੱਠੇ।੧੬।

ਫੁਲ 'ਹਰਿਸਰ' ਕੋ ਦੀਏ ਪਠਾਈ। 'ਧਰਮ ਸ਼ਾਂਤਿ'[2] ਕਰਿ ਸਿਹਜਾ[1] ਦਿਵਾਈ।
ਰਾਮਦਾਸ ਜੀ ਤਬ ਬੈਠੇ ਗੱਦੀ। ਉਦਮ ਕੀਆ ਅੰਮ੍ਰਿਤਸਰ ਕਾ ਤਦੀ।੧੭।

ਅਕਬੂਰ ਸ਼ਾਹ ਪਾਸੋਂ ਜੋ ਜ਼ਿਮੀਂ ਲਈ ਸੀ ਲਿਖਾਈ।
ਸੋ ਅਗੇ ਹੀ ਅਪਨੀ ਜੁਦਾ ਕਰਿ ਸੀ ਰਖਾਈ।
ਨਗਰੀ ਪਾਵਣ ਦੀ ਕੀਤੀ ਸਲਾਹ। ਜੋ ਤੀਰਥ ਤਟਿ ਨਗਰ ਚਾਹੀਐ ਖ਼ਾਹਮਖ਼ਾਹ[3]।੧੮।

ਸੰਮਤ ਸੋਲਾਂ ਸੈ ਤੇਤੀ ਜਬ ਗਏ। ਤਬ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਆਵਤ ਭਏ।
ਸੰਗਤਿ ਨਾਲ ਲੈ ਕੇ ਸਾਹਿਬ ਆਏ। ਸੱਦੇ ਕੁਲਾਲ[4], ਆਵੇ ਇਟਾਂ ਦੇ ਚੜ੍ਹਵਾਏ।੧੯।

ਤਟਿ ਨਗਰੀ ਕਰਨ ਦਾ ਕੀਆ ਉਪਾਉ। 'ਚੱਕ ਗੁਰੂ ਕਾ' ਧਰਿਆ ਨਾਉਂ।
ਕੋਟੁ ਉਸਾਰਿ ਵਿਚਿ ਘਰ ਬਣਵਾਏ। ਸੱਦੇ ਖਤ੍ਰੀ ਤੇ ਵਿਚ ਵਸਾਏ।੨੦।

---

੧. ਜਨਮ। ੨. ਅੰਤਮ ਕ੍ਰਿਆ-ਕਰਮ। ੩. ਜ਼ਰੂਰੀ। ੪. ਘੁਮਿਆਰ।

ਪੱਕਾ ਤਲਾਉ ਤੇ ਹਰਿਮੰਦਰ ਜੀ ਬਣਿਆ। ਤੀਰਥ ਵੱਡਾ ਵਿਚ ਸ਼ਾਸਤ੍ਰ ਗਣਿਆ।
ਸੰਮਤ ਸੌਲਾਂ ਸੈ ਚਉਤਰੀ ਜਬ ਗਏ। ਨਗਰ ਤਲਾਉ ਤਿਆਰ ਕਰਿ ਲਏ।੨੧।

ਸੱਦੇ ਖੱਤ੍ਰੀ ਬਚਨ ਇਹ ਉਚਰਿਆ। ਇਹ ਤੀਰਥ ਤੁਸਾਡੇ ਹਵਾਲੇ ਅਸਾਂ ਕਰਿਆ।
ਤੁਸੀਂ ਹੋ ਅਸਾਡੇ ਅਸਾਂ ਤੁਸਾਂ ਨੂੰ ਆਂਦਾ ਆਪ।
ਤੀਰਥ ਤੁਸਾਡੇ ਹਵਾਲੇ ਇਥੇ ਕੋਈ ਬਹਾਉ ਥਾਪਿ।੨੨।

ਖਤ੍ਰੀਆਂ ਰਲ ਕੇ ਇਹ ਬਿਨਤੀ ਉਚਾਰੀ।
ਗਰੀਬ ਨਿਵਾਜ! ਅਸੀਂ ਹਾਂ ਖਤ੍ਰੀ, ਨਹੀਂ ਪੂਜਾ ਦੇ ਅਧਿਕਾਰੀ।
ਕ੍ਰਿਪਾ ਕਰਕੈ ਏਥੇ ਕੋਈ ਆਪ ਬਹਾਈਐ।
ਇਕੇ ਕੋਈ ਬ੍ਰਾਹਮਨ, ਇਕੇ ਕੋਈ ਫਕੀਰ ਠਹਿਰਾਈਐ।੨੩।

ਕਿਰਤ ਬਰਕਤਿ ਅਸਾਨੂੰ ਦੇਉ। ਪੂਜਾ ਅਧਿਕਾਰੀ ਹੋਇ ਸੁ ਪੂਜਾ ਲੇਉ।
ਬਚਨ ਕੀਤਾ, 'ਚਉਂਕਾ ਪਾਇ ਹੱਟੀ ਬਹੋ। ਜੋ ਚਾਹੋ ਸੋ ਸਤਿਗੁਰ ਤੇ ਲਹੋ।੨੪।

ਦੁਇ ਨਾਮ ਤੀਰਥ ਦੇ ਪਏ ਸੰਸਾਰਿ। ਕੋਈ ਕਹੇ 'ਰਾਮਦਾਸ ਸਰ' ਕੋਈ ਕਹੇ 'ਅਮਰਸਰ' ਉਚਾਰਿ।
ਨਗਰ ਵਿਚਿ ਤਹਾਂ ਧਾਮ ਅਪਨੇ ਭੀ ਬਣਵਾਏ। ਕੋਈ ਕਾਲ ਤਹਾਂ ਆਪ ਭੀ ਬਸੇ ਆਏ।੨੫।

ਸਭੇ ਕਾਰਜ 'ਗੁਰੂ ਅਮਰ ਦਾਸ ਤੇ ਰਾਮਦਾਸ ਜੀ' ਕੀਤੇ।
ਸੱਤਿ ਬਰਸ ਗੁਰਿਆਈ ਗੁਰੂ ਰਾਮਦਾਸ ਜੀ ਕਰਿ ਜਸ ਲੀਤੇ।
ਸੰਮਤ ਸੋਲਾਂ ਸੈ ਅਠਤ੍ਰੀ ਭਏ। ਤਬ ਗੁਰੂ ਰਾਮਦਾਸ ਜੀ ਭੀ ਦਿਵਪੁਰੀ ਨੂੰ ਗਏ।੨੬।

ਪ੍ਰਿਥੀਏ ਮਹਾਂਦੇਉ ਨੂੰ ਸੱਦਿ ਪਿਤਾ ਤਟਿ ਬਿਠਾਇ ਸਮਝਾਇਆ।
ਟਿਕਾ ਗੁਰਿਆਈ ਦਾ ਅਸਾਂ ਅਰਜਨ ਦੇ ਮੱਥੇ ਲਾਇਆ।
ਪ੍ਰਿਥੀਆ ਦੁਖ ਕਰਿ ਅਤਿ ਰੋਇਆ। ਟਿੱਕੇ ਦੀ ਵਾਰਸੀ[1] ਆਹੀ ਮੈਨੂੰ, ਇਹ ਕੀ ਹੋਇਆ।੨੭।

ਪ੍ਰਿਥੀਏ ਪਿਤਾ ਨਾਲ ਕੀਤਾ ਸੀ ਜਬਾਬੁ। "ਅਰਜਨ ਨਿੱਕੜਾ ਅਸੀਂ ਵਡੇ, ਤੂ ਅਸਾਡਾ ਬਾਪ।
ਅਸਾਂ ਤੇਰੇ ਹੀ ਅਗੇ ਬੇਨਤੀ ਕਰਨੀ। ਤੁਸੀਂ ਚਲੇ ਸੁਰਪੁਰਿ ਨੂੰ ਤਿੰਨੇ ਪੁੱਤ੍ਰ ਅਸੀਂ ਤੇਰੀ ਸਰਨੀ"।੨੮।

ਗੁਰੂ ਰਾਮਦਾਸ ਸਮੇ ਚਲਾਣੇ ਦੇ ਬਚਨ ਇਹ ਕੀਤਾ:
"ਜੋ ਬਚਨ ਵੱਡਿਆਂ ਦਾ ਮੰਨੇ, ਤਿਨੇ ਹੀ ਜੀਤਾ।
ਅਰਜਨ ਹੈ ਨਿੱਕੜਾ ਮੈਂ ਭੀ ਜਾਣਾ। ਤੂ ਹੈ ਵੱਡਾ ਬੁਧਿਵਾਨ ਸਿਆਣਾ।੨੯।

ਇਸ ਨੂੰ ਮੈਂ ਨਹੀਂ ਦਿਤੀ ਗੁਰਿਆਈ। ਇਹ ਥਾਪੀ ਇਸ ਨੂੰ ਨਾਨੇ ਹੈ ਲਾਈ।
ਮੈਂ ਉਸ ਦਾ ਕੀਤਾ ਮੇਟ ਨਹੀਂ ਸਕਿਆ। ਇਸ ਵਾਸਤੇ ਮੈਂ ਹੈ ਇਸ ਨੂੰ ਟਿਕਿਆ।੩੦।

ਤੁਸੀਂ ਆਪਸ ਵਿਚ ਰਖੋ ਸਲੂਕ ਪਿਆਰ, ਪਿਆਰ ਨਾਲ ਵਰਤੋ।
ਤੁਸੀਂ ਤਿੰਨੇ ਪੁੱਤ੍ਰ ਮੇਰੇ ਹੋ, ਇਕੋ ਮੇਰਾ ਘਰ ਤੋਂ।
ਜਿਉ ਵੱਡਿਆਂ ਦਾ ਕਹਿਆ ਮੋਹਰੀ ਮੋਹਨ ਹੈ ਮੰਨ ਲਿਆ।
ਤੁਸਾਂ ਨੂੰ ਭੀ ਚਾਹੀਏ ਤਿਉਂ ਹੀ ਕੀਆ"।੩੧।

---

੧. ਅਧਿਕਾਰ।

ਗੁਰਿਆਈ ਦੇ ਵਾਰਸ ਆਹੇ ਮੋਹਨ ਅਤੇ ਮੋਹਰੀ।
ਪਰ ਵੱਡੇ ਦਿਤੀ ਵਡਿਆਈ ਮੈਨੂੰ, ਤਾਂ ਕੀ ਕਰਨ ਉਹ ਰੀ।
ਵਡਿਆਂ ਦਾ ਕੀਤਾ ਨਾ ਫੇਰੀਏ ਬੇਟਾ। ਅਰਜਨ ਦੀ ਹੋਈ ਨਾਨੇ ਨਾਲ ਭੇਟਾ।੩੨।

ਗੁਰੂ ਰਾਮਦਾਸ ਜੀ ਪ੍ਰਿਥੀਏ ਨੂੰ ਮਨਾਇਆ। ਸਭਨਾਂ ਨੂੰ ਗੁਰੂ ਅਰਜਨ ਦੀ ਪੈਰੀਂ ਲਾਇਆ।
ਮਨਿ ਪ੍ਰਿਥੀਏ ਦੇ ਦੁਬਿਧਾ ਰਹੀ। ਉਸ ਵੇਲੇ ਤਾਂ ਮੰਨੀ ਪਿਉ ਦੀ ਕਹੀ।੩੩।

ਭਾਦੋਂ ਸੁਦੀ ਤ੍ਰਿਤੀਆ ਕੀਤਾ ਸਿਸਕਾਰੁ। ਨਦੀ ਕਿਨਾਰੇ ਸ਼ੁਕਰਵਾਰ।
ਕਿਰਿਆ ਕਰਮ ਸਭੋ ਕਰਵਾਏ। ਕਰਮਾਂ ਉਪਰਿ ਪ੍ਰਿਥੀਆ ਜੀ ਬੈਠਾਏ।੩੪।

ਸ੍ਰੀ ਚੰਦ ਸਾਹਿਬ ਜੀ ਪੱਗ ਭਿਜਵਾਈ। ਇਕ ਪ੍ਰਿਥੀਏ ਨੂੰ, ਇਕ ਅਰਜਨ ਨੂੰ ਆਈ।
ਮਰਨੇ ਦੀ ਪਗਿ ਪ੍ਰਿਥੀਏ ਬੱਧੀ। ਗੁਰਿਆਈ ਦੀ ਪਗਿ ਅਰਜਨ ਲੱਧੀ।੩੫।

ਇਤਨੀ ਕਥਾ ਇਥੇ ਪੂਰਨ ਭਈ। ਅਗੇ ਕਥਾ ਗੁਰੂ ਅਰਜਨ ਉਪਰਿ ਗਈ।
ਰਲੀ-ਮਿਲੀ ਵਾਰਤਾ ਹੈ ਚਲੀ ਜਾਂਦੀ।
ਚਉਥੇ ਦੀ ਪੰਜਵੇਂ ਵਿਚ, ਪੰਜਵੇਂ ਦੀ ਛਿਵੇਂ ਵਿਚਿ ਪਾਂਦੀ।੩੬।

ਇਸੇ ਜੁਗਤਿ ਦਸਾਂ ਮਹਲਾਂ ਦੀ ਹੈ ਹਕੀਕਤਿ। ਸਮਝ ਲੀਜੈ ਕਰਿ ਉਜਲ ਮਤਿ।
ਅੰਗ ਸੈਂਤ੍ਰੀ ਇਸ ਚਰਨ ਦੇ ਭਏ। ਚਾਰ ਸੈ ਚਾਲੀ ਅੰਗ ਸਭੇ ਭਏ।੩੭।

—o—

# (੫) ਪੰਜਵਾਂ ਚਰਣ—ਪੰਜਵੀਂ ਪਾਤਸ਼ਾਹੀ

**ਦੋਹਰਾ**—ਸੰਮਤ ਸੋਲਾਂ ਸੈ ਖਟ ਚਾਰ[1] ਮੈਂ, ਜਨਮੇ ਅਰਜਨ ਦੇਵ।
ਕੁੰਤੀ ਸੁਤ[2] ਅਵਤਾਰ ਯਹਿ, ਜਿਨ ਕਰੀ 'ਕ੍ਰਿਸ਼ਨ' ਕੀ ਸੇਵ।੧।

**ਚੌਪਈ**—ਕ੍ਰਿਸ਼ਨ ਹੇਤ ਅਵਤਾਰ ਇਨ ਧਾਰਾ। ਨਾਨਾ ਜੀ ਕੋ ਲਗੇ ਪਿਆਰਾ।
ਗੁਰੂ ਅਮਰਦਾਸੇ ਅਰਜਨ ਸਹੀ ਕਰ ਲੀਤਾ। ਤਬ 'ਭਾਰੀ ਪੁਰਖੁ' ਕਾ ਬਚਨ ਸੀ ਕੀਤਾ।੨।

ਪ੍ਰਿਥੀਆ ਇਸ ਕਾ ਮਹਿਰਮ ਨਾ ਹਾ। ਲਘੁ ਭ੍ਰਾਤਾ ਜਾਨਿ ਦੁਬਿਧਾ ਰਖੇ ਮਨ ਮਾਹਾ।
ਪਿਤਾ ਭੀ ਪ੍ਰਿਥੀਏ ਨੂੰ ਅਤਿ ਸਮਝਾਇਆ। ਪਰ ਪ੍ਰਿਥੀਏ ਹੋਰਾਂ ਮਨੋ ਰੋਗ ਨ ਗਵਾਇਆ।੩।

ਗੁਰੂ ਅਰਜਨ ਜੀ ਦਾ ਮੋਹਣ ਜੀ ਨਾਲਿ ਵੱਡਾ ਸੀ ਪਿਆਰੁ।
ਪੁਤ੍ਰ ਮਾਮੇ ਦਾ ਲਗੇ ਭਾਈ, ਸਾਧੁ ਸੰਤ ਦਾ ਹਿਤਕਾਰ।
ਸੰਮਤ ਸੋਲਾਂ ਸੈ ਬਾਈ ਵੈਸਾਖ ਮਹੀਨੇ। ਕੀਤਾ ਬਿਆਹੁ ਗੁਰੂ ਅਰਜਨ ਜੀ ਨੇ।੪।

ਨਾਨੇ ਅਪਨੇ ਹੱਥੀਂ ਸੇਹਰੇ ਲਾਏ। ਮਊਆ ਗਾਉਂ ਸੂਹੜੀਆਂ ਖਤ੍ਰੀਆਂ ਦੇ ਘਰਿ ਪਰਣਾਏ।
ਸੰਮਤ ਸੋਲਾਂ ਸੈ ਛੱਬੀ ਪ੍ਰਿਥੀਏ ਘਰਿ ਪੁਤ੍ਰ ਜੰਮਿਆ[3]। ਨਾਉ ਮਿਹਰਵਾਨ ਕਰਿ ਮੰਨਿਆ।੫।

ਆਪਸ ਵਿਚ ਸਭਨਾਂ ਹੈਸੀ ਸੁਖ ਪਿਆਰੁ। ਰਹੇ ਇਕੱਠਾ ਸਾਰਾ ਪਰਿਵਾਰੁ।
ਸੰਮਤ ਸੋਲਾਂ ਸੈ ਸੈਂਤ੍ਰੀ ਮਿਹਰਵਾਨ ਵੀਆਹਿਆ। ਘਰਿ ਸੁਭਿਖੀਆਂ ਖਤ੍ਰੀਆਂ ਦੇ ਪਰਣਾਇਆ।੬।

ਸੰਮਤ ਸੋਲਾਂ ਸੈ ਅਠਤ੍ਰੀਏ ਗੁਰੂ ਰਾਮਦਾਸ ਟਿਕਾ ਸੀ ਦਿੱਤਾ। ਨਿਕੜੇ ਬਾਲਕ ਨੂੰ ਗੁਰੂ ਸੀ ਕਿਤਾ।
ਦੁਬਿਧਾ ਉਠੀ ਤਬ ਵਿਚਿ ਪਰਵਾਰ। ਕਰ ਰਹੇ ਜਤਨ, ਨ ਨਿਵਾਰੀ ਜਾਇ, ਰਹੇ ਨਿਵਾਰ।੭।

ਮਾਈਆਂ ਵਿਚਿ ਸੁਲਘੀ ਰਹੇ ਦੁਬਿਧਾ ਦੀ ਅਗਿ। ਟਿੱਕਾ ਗੁਰੂ ਅਰਜਨ ਨੂੰ ਹੋਇਆ ਜਬ।
ਬੋਲੀ ਠਠੋਲੀ[4] ਹੋਂਦੀ ਰਹੇ। ਮਾਤਾ ਰਾਮਦੇਈ ਸਾਹਿਬ ਨੂੰ ਕਹੇ।੮।

"ਏਹ ਮੇਰੇ ਨਾਲ ਕਰਦੀਆਂ ਹਨ ਬੋਲੀ:
ਵੱਡੇ ਹਾਂ ਅਸੀਂ ਗੁਰਿਆਈ ਸਾਡੀ, ਤੂ ਕਉਣ ਅਸਾਡੀ ਗੋਲੀ।"
ਗੁਰੂ ਅਰਜਨ ਓਥੋਂ ਛੱਡ ਕੇ ਆਇ ਬਾਸਰਕੀ ਰਹੇ। ਏਹ ਬਾਰਾਂ ਪਿੰਡ ਹੈਨ ਗੁਰੂ ਕੇ ਕਹੇ।੯।

ਜ਼ਨਾਨੀਆਂ ਦੀ ਦੁਬਿਧਾ ਕਰਿ ਜੁਦਾ ਭਏ। ਪ੍ਰਿਥੀਏ ਕੇ ਭੀ ਫਿਰਿ ਓਥੇ ਹੀ ਆਇ ਗਏ।
ਮੂਲ ਬਰਕਤਿ ਦਾ ਟਿਕਾ ਹੈ ਸੀ ਗੁਰਿਆਈ। ਜਿਥੈ ਹੋਵੈ ਗੁਰੂ, ਸੰਗਤਿ ਭੀ ਓਥੇ ਹੀ ਜਾਈ।੧੦।

---

੧. ੧੬੧੦ ਜਨਮ। ੨. ਭਾਵ ਅਰਜਨ। ੩. *ਗੋਸ਼ਟਿ ਸੋਢੀ ਮਿਹਰਵਾਨ ਜੀ ਕੀ* ਵਿਚ ਜਨਮ ਸੰਮਤ ੧੬੩੮ ਬਿ: ਦਿੱਤਾ ਹੈ। ੪. ਤਾਹਨੇ ਮਿਹਣੇ ਦੀ ਬੋਲ-ਚਾਲ।

ਸੰਮਤ ਸੋਲਾਂ ਸੈ ਉਨਤਾਲੀ ਜਬ ਭਏ। ਮਾਤਾ ਖੀਵੀ ਜੀ ਦਿਵਪੁਰ ਨੂੰ ਗਏ।
ਗੁਰੂ ਅਰਜਨ ਜੀ ਬਾਸਰਕੀਓਂ ਆਏ ਖਡੂਰ ਮੁਕਾਣੀਂ। ਦਾਸੂ ਜੀ ਨੂੰ ਆਹੀ ਪੱਗ ਬੰਧਵਾਣੀ।੧੧।

ਮੁਕਾਣ ਦੇ ਕੇ ਬਾਸਰਕੀ ਨ ਗਏ, ਉਠਿ ਆਏ ਗੋਇੰਦਵਾਲ।
ਘਰ ਦੀ ਦੇਖ ਕੇ ਦੁਬਿਧਾ ਕਬੀਲੇ ਲੈ ਆਏ ਨਾਲਿ।
ਇਹ ਸੁਣ ਕੇ ਪ੍ਰਿਥੀਏ ਕੇ ਭੀ ਗੋਇੰਦਵਾਲ ਉਠਿ ਆਏ।
ਜਿਥੇ ਏਹ ਜਾਵਨ ਪ੍ਰਿਥੀਆ ਟੱਬਰ ਲੈ ਕੇ ਸਾਰਾ ਓਥੇ ਹੀ ਜਾਏ।੧੨।

ਬਾਬੇ ਮਿਹਰ ਚੰਦ, ਮਾਣਿਕ ਚੰਦ ਭੀ ਭੇਜਿਆ ਆਖਿ:
"ਪ੍ਰਿਥੀਆ ਮੱਲ! ਦੁਬਿਧਾ ਨਹੀਂ ਕਰਨੀ; ਰੱਖਣੀ ਅਪਨੀ ਸਾਖ।
ਜੋ ਪਿਤਾ ਕੀਤਾ, ਸੋਈ ਪਰਵਾਨ। ਅਸਾਡੇ ਏਵੇਂ ਚਲੀ ਆਈ ਹੈ, ਪੱਕੀ ਜਾਨ"।੧੩।

ਦਿਰਾਣੀਆਂ ਜਿਠਾਣੀਆਂ ਮਿਲ ਬੈਠਣ ਜਬ। ਦੁਬਿਧਾ-ਦੁਸ਼ਟੀ ਕਰਿ ਲੜ ਉਠਣ ਤਬ।
ਨਾਲੇ ਕਰਨ ਵੈਰ, ਨਾਲੇ ਮਿਤ੍ਰਾਈ। ਅੰਦਰਿ ਦੁਸ਼ਟੀ, ਬਾਹਰਿ ਸਜਨਾਈ।੧੪।

ਆਪਸ ਵਿਚਿ ਪਿਆ ਪੱਕਾ ਵੈਰੁ। ਜਿਥੇ ਦੁਬਿਧਾ ਓਥੇ ਕੇਹੀ ਖੈਰੁ।
ਪ੍ਰਿਥੀਏ ਦੇ ਟੱਬਰ ਕੱਢਣ ਲੱਗੇ ਗਾਲ੍ਹੀਂ।
ਸਾਹਿਬ ਗੋਇੰਦਵਾਲੋਂ ਉਠਿ, ਹਟਿ ਆਇ ਰਹੇ ਵਡਾਲੀ।੧੫।

ਏਹ ਲਗੇ ਸੰਗਤਾਂ ਨਾਲਿ ਮਨਸੂਬੇ ਕਰਨ:
ਵਡੇ ਹਾਂ ਅਸੀਂ, ਟਿੱਕਾ ਅਸਾਡਾ, ਇਹ ਪੂਜੇ ਅਸਾਡੇ ਚਰਨ।
ਜਿਠਾਣੀਆਂ ਆਖਣ ਬਚਨ ਤਬ ਐਸੇ: "ਕਰ ਲਓ ਗੁਰਿਆਈ ਕਰੋ ਇਕੱਠੇ ਪੈਸੇ।੧੬।

ਮਾਲ ਹੈ ਅਸਾਡਾ, ਅਸਾਂ ਹੀ ਲੈਣਾ। ਨਾ ਏਹਨਾਂ ਦੇ ਪੁੱਤ ਨ ਧੀ, ਨ ਸਾਕ ਨ ਸੈਣਾ।"
ਇਹ ਬਚਨ ਸੁਣ ਕੇ ਮਾਤਾ ਰਾਮਦੇਈ ਨੂੰ ਮੰਦੇ ਲੱਗੇ।
ਪਤਿ ਅਗੇ ਬਿਨਤੀ ਠਾਨੀ: "ਅਜੀ ਪੁੱਤ ਧੀਆਂ ਅਸਾਡੇ ਕੁਛ ਨਹੀਂ ਅਗੇ"।੧੭।

ਪੁੱਤ੍ਰ ਦੀ ਵੱਡੀ ਉਠੀ ਚਾਹ। ਦੋ ਵੇਲੇ ਨਿਤ ਬਿਨਤੀ ਕਰਿ ਹਥ ਜੋੜਿ ਕਹੇ: "ਪਾਤਸ਼ਾਹ!
ਡਿਠਾ ਜੋ ਮੇਰੇ ਉਦਰ ਤੇ ਹੋਂਦਾ ਹੈ ਨਹੀਂ। ਅਉਰ ਵਿਆਹੁ ਕਰਨੇ ਦੀ ਪਤਿ ਕੋ ਗੱਲਿ ਕਹੀ"।੧੮।

ਮਾਤਾ ਸਿਖਾਂ ਅਪਣਿਆਂ ਨੂੰ ਸਮਝਾਇਆ।
ਜੇ ਕਿਸੇ ਸਿਖ ਦੇ ਘਰਿ ਹੋਵੇ ਸੁਤਾ, ਤਾਂ ਸਾਹਿਬ ਨੂੰ ਚਾਹੀਏ ਦਿਵਾਇਆ।
ਲਾਹੌਰ ਵਿਚਿ ਖਤ੍ਰੀ ਸਿਖ ਹੈਸੀ ਰਿਖਰਾਉ। ਤਾਂਕੇ ਧਾਮ ਸੁਤਾ ਦੋਇ, ਨਾਉ ਸੰਗਤ ਰਾਉ।੧੯।

ਤਿਸ ਕੋ ਮਾਤਾ ਕਹਿਆ ਬੁਲਾਇ। ਸੋ ਮੰਨ ਕੇ ਡੋਲਾ ਲੈ ਪਹੁਤਾ ਆਇ।
ਸੋਧ ਸਾਹਾ ਦਿਜ ਧਾਮ ਬੁਲਾਇਆ। ਤਬ ਸਾਹਿਬ ਇਹ ਬਿਆਹੁ ਕਰਵਾਇਆ।੨੦।

ਇਕ ਗੰਗਾ, ਦੂਜੀ ਜਮੁਨ, ਏਹ ਨਾਉ ਦੋਹਾਂ ਭੈਣਾਂ। ਤਜੀ ਜਮੁਨਾ, ਗੰਗਾ ਵਡੀ ਨੂੰ ਕੀਤਾ ਲੈਣਾ।
ਸੰਮਤ ਸੋਲਾਂ ਸੈ ਛਿਤਾਲੀ ਹਾੜ ਦਿਨ ਗਏ ਬਾਈ। ਮਾਤਾ ਗੰਗਾ ਕਰਿ ਵਿਆਹ ਡੋਲੇ ਚੜ੍ਹਿ ਆਈ।੨੧।

ਸਾਹਿਬ ਵਰੁ ਦਿਤਾ ਮਾਤਾ ਸਾਰਦਾ ਭਵਾਨੀ। ਸਾਹਿਬ ਲਗੇ ਉਚਰਨ ਰਸਨਾ ਤੇ ਸ਼ਬਦ-ਬਾਨੀ।
ਚਾਰ ਲਿਖਾਰੀ ਤੀਰ ਅਪਨੇ ਠਹਿਰਾਏ। ਲਿਖਦੇ ਜਾਣ ਜੋ ਕੁਛ ਸਾਹਿਬ ਰਸਨੀਂ ਅਲਾਏ।੨੨।

ਇਕ ਦਿਨ ਮੋਹਨ ਜੀ ਬੈਠੇ ਸਾਹਿਬ ਪਾਸ। ਹਰਿ ਚਰਚਾ ਕਰਦੇ ਬਚਨ ਬਿਲਾਸ।
ਦੋਨੋ ਭਾਈ ਵਿਚਿ ਬੈਠੇ ਦਰਬਾਰਿ। ਗੁਰੂ ਅਰਜਨ ਜੀ ਅਤੇ ਮੋਹਨ ਜੀ ਦਾ ਅਤਿ ਪਿਆਰ।੨੩।

ਨਾਨੇ ਦੀ ਗੱਲ ਚਿਤ ਕਰਿ ਸਾਹਿਬ ਬਚਨ ਉਚਾਰਾ।
ਮੋਹਨ ਜੀ ਮਉਲੇਰਾ ਭਾਈ ਸਾਹਿਬ ਨੂੰ ਅਤਿ ਪਿਆਰਾ।
ਗਉੜੀ ਰਾਗ ਵਿਚਿ ਛੰਦ ਉਚਰਿਆ। ਆਦਿ ਸਬਦ ਮੋਹਨ ਜੀ ਦਾ ਸਾਹਿਬ ਕਰਿਆ।੨੪।

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।
ਮੋਹਨ ਤੇਰੇ ਸੋਹਨਿ ਦੁਆਰਿ ਜੀਉ ਸੰਤ ਧਰਮਸਾਲਾ।

ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨ ਗਾਵਹੇ।
ਜਹਿ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ।
ਕਰਿ ਦਇਆ ਮਇਆ ਦਿਆਲ ਸੁਆਮੀ ਹੋਹੁ ਦੀਨ ਕਿਰਪਾਲਾ।
ਬਿਨਵੰਤਿ ਨਾਨਕ ਦਰਸ ਪਿਆਸੀ ਮਿਲ ਦਰਸਨ ਸੁਖ ਸਾਰਾ।੨੫।

'ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥
ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ॥
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥
ਬਿਨਵੰਤਿ ਨਾਨਕ ਪੈਜ ਰਾਖਹੁ, ਸਭ ਸੇਵਕ ਸਰਨਿ ਤੁਮਾਰੀਆ॥

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕਮਨਿ ਧਿਆਵਹੇ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ॥

ਮੋਹਨ ਤੂੰ ਸਫਲੁ ਫਲਿਆ ਸਣੁ ਪਰਵਾਰੇ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥
ਜਿਨੀ ਤੁਧ ਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥'।੨੮।

**ਚਉਪਈ**—ਅਤਿ ਪਿਆਰ ਕਰਿ ਸਾਹਿਬ ਬਚਨ ਉਚਾਰੇ।
ਸਕੇ ਭਾਈ ਤਜੇ ਅਤੇ ਮੋਹਨ ਜੀ ਲਗੇ ਪਿਆਰੇ।
ਮੋਹਨ ਜੀ ਬਚਨ ਪਿਤਾ ਦੇ ਮੀਠੇ ਕਰਿ ਮੰਨੇ। ਤਾਂ ਤੇ ਮੋਹਨ ਜੀ ਨੂੰ ਕਹਿਆ 'ਧੰਨ ਧੰਨੇ'।੨੯।

ਸਕੇ ਭਾਈ ਵੈਰੀ ਹੋਏ। ਪਿਤਾ ਬਚਨ ਤੇ ਨੱਸ ਖੜੋਏ।
ਪਿਤਾ ਵਾਕ ਨਾ ਮੰਨੇ ਵੱਡਿਆਂ। ਤਾਂ ਤੇ ਡੇਰਾ ਨਿਆਰਾ ਕੱਢਿਆ।੩੦।

ਭਾਈ ਸੰਤ ਦਾਸ ਤੇ ਹਰੀਆ, ਸੁਖਾ, ਮਨਸਾ ਰਾਮ, ਲਿਖਦੇ ਜਾਨ।
ਚਾਰੇ ਲਿਖਾਰੀ, ਜੋ ਸਾਹਿਬ ਕਰਨ ਬਖਾਨੁ।
ਤਿਸੀ ਸਮੇ ਸਾਹਿਬ ਧਰਮ ਚੰਦ ਜੀ ਕਰਿ ਗਏ ਸਵਾਰਾ।
ਸੰਮਤ ਸੋਲਾਂ ਸੈ ਛਿਤਾਲੀ, ਹਾੜ ਦਿਨ ਬਾਕੀ ਚਾਰਾ।੩੧।

ਗੁਰੂ ਜੀ ਤਹਾਂ ਚਲਿ ਗਏ ਮੁਕਾਣੀਂ।
ਚਾਰੇ ਲਿਖਾਰੀ ਨਾਲਿ ਲਿਖਦੇ ਜਾਣ ਜੋ ਸਾਹਿਬ ਉਚਰਨ ਬਾਣੀ।
ਦੇ ਅਰਦਾਸ ਭੇਟਾ ਓਥੋਂ ਉਠਿ ਆਏ। ਰਾਮਦਾਸ ਪੁਰੇ ਆ ਡੇਰਾ ਪਾਏ।੩੨।

ਉਸਾਰੀ ਫੇਰ ਲਵਾਈ ਸ੍ਰੀ ਅੰਮ੍ਰਿਤਸਰ। ਨਾਲੇ ਸਰ ਬਣੇ ਨਾਲੇ ਬਣੇ ਨਗਰ ਵਿਚ ਘਰੁ।
ਪ੍ਰਿਥੀਏ ਕੇ ਭੀ ਚਲਿ ਉਥੇ ਆਏ। ਪਿੱਛਾ ਨ ਛਡਨਿ ਜਿਥੇ ਸਾਹਿਬ ਜਾਏ।੩੩।

ਸੰਮਤ ਸੋਲਾਂ ਸੈ ਪੈਂਤ੍ਰੀ ਕੁੜਮਾਈ ਸੀ ਆਈ। ਸਾਹੀਆਂ ਖਤ੍ਰੀਆਂ ਸੀ ਭਿਜਵਾਈ।
ਗੁਰੂ ਰਾਮਦਾਸ ਜੀ ਛੱਡੀ ਸੀ ਮੋੜ। ਨੀਂਗਰ ਹੈ ਨਿਕੜਾ ਬਣਦਾ ਨਹੀਂ ਜੋੜ।੩੪।

ਸਾਹੀਆਂ ਕੀਤਾ ਸੀ ਛਲੁ: ਗੁਰੂ ਨਾਲ ਸਾਕੁ ਸਾਡੀ ਰਹਿਸੀ ਪਨਾਹਿ।
ਗੁਰੂ ਰਾਮਦਾਸ ਜੀ ਕਹਿਆ: "ਅਸੀ ਹਾਂ ਸਾਧੂ, ਨਹੀਂ ਪਉਂਦੇ ਦੁਖਾਂ ਮਾਹ।"
ਦੁਹਾਂ ਧਿਰਾਂ ਢੂੰਡੇ ਅਪਣੇ ਸੁਖ। ਕੁੜਮਾਈ ਮੋੜੀ ਸਾਹੀਆਂ[1] ਨੂੰ ਲੱਗਾ ਦੁਖ।੩੫।

ਚੰਦੂ ਸਾਹੀ ਖਤ੍ਰੀ ਆਹਾ ਮੁਸੱਦੀ। ਲਗੀ ਤਮਕ ਦੁਸ਼ਟ ਬਣਿ ਕਰੇ ਬਦੀ।
ਆਖੇ: "ਦੇਖੋ ਭਾਈ ਅਸੀਂ ਸਾਹੀ (ਖਤ੍ਰੀ) ਧਰਮਾਇਣ ਕਹਾਈ।
ਸਾਧ-ਫਕੀਰ ਜਾਣਿ ਅਸਾਂ ਸ਼ਰੀਨ ਨੂੰ ਭੇਜੀ ਕੁੜਮਾਈ"।੩੬।

ਓਨ੍ਹਾਂ ਜੋ ਮੋੜੀ ਓਨ੍ਹਾਂ ਆਪਨ ਕੀ ਜਾਤਾ।
ਚਾਹੀਐ: ਉਹ ਦੇਣ ਅਸਾਂ ਨ ਲਈਆਂ ਅਨਹੋਣੀ ਬਾਤਾ।
ਅਸੀਂ ਉਚਾਦੀਏ, ਉਹ ਸ਼ਰੀਨ ਨਿਵਾਦੀਏ। ਏਡਾ ਦਿਮਾਕੁ ਓਨ੍ਹਾਂ ਕੀਤਾ, ਹੋਇ ਪਵਾਂਦੀਏ।੩੭।

ਉਹ ਸਾਹੀ ਆਹੇ ਮੁਸੱਦੀ ਨਬਾਬ ਲਾਹੌਰ ਮੁਗਲਾਂ ਦੇ।
ਪ੍ਰਿਥੀਏ ਹੋਰਾਂ ਮਨਸੂਬਾ ਕੀਤਾ ਨਾਲਿ ਓਨ੍ਹਾਂ ਦੇ।
ਚੋਰੀ ਚੋਰੀ ਨਾਲਿ ਓਨ੍ਹਾਂ ਦੇ ਸਲੂਕ ਠਹਿਰਾਇਆ। ਨਾਲ ਕੁਛ ਵੱਢੀ ਦੇਣਾ ਭੀ ਕਰਾਇਆ।੩੮।

ਇਸ ਤੇ ਗੁਰਿਆਈ ਲਈਏ ਛੁਡਾਇ। ਇਸ ਨੂੰ ਛਡੀਏ ਕੈਦ ਪਵਾਇ।
ਚੋਰੀ ਕਰਨ ਮਨਸੂਬਾ, ਬਾਹਰੋਂ ਰਹਿਣ ਮਿਲੇ। ਕੋਈ ਕੀ ਜਾਣੇ, ਕੀ ਹੈ ਕਿਸੇ ਦੇ ਦਿਲੇ।੩੯।

ਸਾਹਿਬ ਵਡਾ ਭਾਈ ਜਾਣ ਕੇ ਰਖਣ ਅਦਬੁ। ਵਿਚਿ ਸਬਦਾਂ ਦੇ ਲਿਖਿਆ ਹੈ ਸ਼ਬਦ।
ਜਦਿ ਪ੍ਰਿਥੀਆ ਦੁਸਟੀ[2] ਕਰਨ ਗਿਆ ਲਾਹੌਰ।
ਰਾਗੁ ਸੋਰਠਿ ਵਿਚਿ (ਸ਼ਬਦ) ਲਿਖਿ ਦਿਤਾ ਆਦਮੀ ਟੋਰ।੪੦।

---

੧. ਸਾਹੀਆਂ ਦਾ ਇਹ ਰਿਸ਼ਤਾ ਹੋਰ ਇਤਿਹਾਸਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੋੜਿਆ ਗਿਆ ਹੈ, ਜਦੋਂ ਕਿ ਲੇਖਕ ਇਸ ਨੂੰ ਗੁਰੂ ਅਰਜਨ ਨਾਲ ਜੋੜਦਾ ਹੈ। ੨. ਦ੍ਵੈਖ, ਬੁਰਿਆਈ।

'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ॥੧॥
ਸੁਣਿ ਮੀਤਾ ਧੂਰੀ ਕਉ ਬਲਿ ਜਾਈ। ਇਹੁ ਮਨੁ ਤੇਰਾ ਭਾਈ॥੧॥ ਰਹਾਉ॥

ਪਾਵ ਮਲੋਵਾ ਮਲਿ ਮਲਿ ਧੋਵਾ, ਇਹੁ ਮਨੁ ਤੈਕੂ ਦੇਸਾ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ, ਪ੍ਰਭ ਮਿਲਉ ਦੇਹੁ ਉਪਦੇਸਾ॥੨॥

(ਹਥੋਂ ਤੂ ਵਡਾ ਹੋਇ ਕੈ ਉਪਦੇਸ ਕਰੁ। ਇਕ ਪਿਉ ਦੇ ਅਸੀ ਤੁਸੀ ਹਾਂ ਪੁਤ੍ਰ, ਹਾਂ ਇਕੋ ਘਰੁ।)
ਮਾਨੁ ਨ ਕੀਜੈ ਸਰਣਿ ਪਰੀਜੈ, ਕਰੈ ਸੁ ਭਲਾ ਮਨਾਈਐ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ; ਇਉ ਦਰਸਨੁ ਹਰਿ ਜੀਉ ਪਾਈਐ॥੩॥

(ਮਾਨ ਨ ਕਰੀਏ ਰਲਿ ਮਿਲਿ ਪ੍ਰਭੁ ਧਿਆਈਐ।
ਤਨ ਮਨ ਧਨ ਅਰਪੀਏ ਤਾਂ ਦਰਸਨ ਹਰਿ ਜੀ ਪਾਈਐ।੪।)

ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿਨਾਮਾ ਹੈ ਮੀਠਾ॥
ਜਨ ਨਾਨਕ ਕਉ ਗੁਰਿ ਕ੍ਰਿਪਾ ਧਾਰੀ, ਸਭੁ ਅਕੁਲੁ ਨਿਰੰਜਨੁ ਡੀਠਾ॥'।੪੧-੪੪।

ਹੇ ਭਾਈ ਅਨਗ੍ਰਹ ਹੋਇਆ ਹੈ ਸੰਤ ਪ੍ਰਸਾਦਿ। ਮੈ ਹਾਂ ਪਿਛੇ ਤੁਸੀਂ ਹੋ ਆਦਿ।
ਮੈ ਗੁਰੂ ਭਜਨ ਕਰਿ ਜਾਤਾ ਮਿਠਾ।
ਪਿਤਾ ਗੁਰੂ ਕਿਰਪਾ ਤੇ ਸਭ ਘਟਿ ਏਕ ਨਿਰੰਜਨ ਡਿਠਾ।੪੫।

ਤੁਸੀ ਹਿਸਾ ਅਪਨਾ ਜੁਗਤਿ ਨਾਲਿ ਲਉ ਵੰਡ। ਕਰਿ ਸਲੂਕ ਰਹੋ ਇਕੱਠੇ ਨ ਪਾਉ ਬਾਹਰ ਡੰਡ।
ਇਹ ਸਬਦ ਪੜਿ ਸੁਣਿ ਸਮਝਿਕੇ, ਪ੍ਰਿਥੀਆ ਆਇਆ।
ਪਰ ਲਹੌਰ ਮਨਸੂਬਾ ਸਾਹੀਆਂ ਨਾਲਿ ਗਿਣ ਆਇਆ।੪੬।

ਗੁਰੂ ਅਰਜਨ ਆਏ ਨੂੰ ਕੀਤਾ ਦਿਲਾਸਾ। ਸਭੇ ਹੋਏ ਇਕੱਠੇ, ਪ੍ਰਿਥੀਆ ਰਹੇ ਗੁਰ ਅਰਜਨ ਪਾਸਾ।
ਮਾਤਾ ਰਾਮਦੇਈ ਅਤੇ ਛੋਟੀ ਮਾਤਾ ਗੰਗਾ। ਹਥ ਜੋੜਿ ਬਿਨਤੀ ਕਰਿ ਇਨ੍ਹਾਂ ਮਿਠਾ ਮੇਵਾ ਮੰਗਾ।੪੭।

ਬਚਨ ਹੋਆ: "ਤੁਸੀਂ ਬੁਢੇ ਪਾਸ ਜਾਓ। ਉਸ ਪਾਸੋਂ ਹੀ ਤੁਸੀਂ ਪੁਤ੍ਰ ਪਾਓ।"
ਨਫਰ ਪਾਸ ਭੇਜਣ ਦਾ ਕਾਰਣ ਹੈ ਕਿਆ? ਦਿਤਾ ਆਪ ਦਰਗਾਹੋਂ, ਪਰੁ ਮਾਣੁ ਤੋੜ ਲਿਆ।੪੮।

ਸੰਮਤ ਸੋਲਾਂ ਸੈ ਤ੍ਰਿਹ ਘਟ ਪੰਜਾਹ; ਹਰਿਗੋਬਿੰਦ ਜੀ ਜਨਮੇ ਹਾੜ ਮਹੀਨੇ ਮਾਹ।
ਅੱਧੀ ਨਿਸ਼ਾ ਕ੍ਰਿਸ਼ਨਾ ਪਖ। ਜਨਮ ਵਡਾਲੀ ਲੀਤਾ ਪਰਤਖ।੪੯।

ਗੁਰੂ ਕੇ ਘਰਿ ਸ਼ਾਦੀ ਪ੍ਰਿਥੀਏ ਕੇ ਘਰਿ ਧੋਖਾ। ਦਾਈ ਫਤੋ ਨੂੰ ਦੇ ਸਉ ਰੁਪਯੇ ਦਾ ਟਿਕਾਣਾ ਮੋਖਾ।
ਤ੍ਰੇਵਰਿ ਗਹਿਣੇ ਦਾਈ ਨੂੰ ਕੱਪੜੇ ਪਹਿਰਾਏ। ਤਬ ਦਾਈ ਫਤੋ ਇਹ ਬਚਨ ਸੁਨਾਏ।੫੦।

ਤੁਸਾਂ ਨੀਂਗਰ ਦਾ ਵਿਸਾਹ ਨਹੀਂ ਕਰਨਾ। ਮੇਰਾ ਕਹਿਣਾ ਪੱਕਾ ਹਿਰਦੇ ਧਰਨਾ।
ਤਾਂ ਇਹੁ ਨੀਂਗਰ ਦਾ ਵਿਸਾਹੁ ਨਾ ਕਰਨਿ। ਅੰਦਰਿ ਕਿਸੇ ਨੂੰ ਦੇਨਿ ਨ ਵੜਨਿ।੫੧।

ਖਿਡਾਵਾ ਇਨ੍ਹਾਂ ਪਹਾੜੋਂ ਮੰਗਾਇਆ। ਰੂਪਾ ਡੋਗਰਾ ਉਧਰੋਂ ਆਇਆ।
ਅਤੇ ਸਾਹਿਬ ਗੁਰੂ ਅਰਜਨ ਜੀ ਸਬਦ ਰਖਿਆ ਦੇ ਉਚਾਰੇ।
ਗ੍ਰੰਥ ਸਾਹਿਬ ਵਿਚਿ ਹੈਨਿ ਲਿਖ ਧਾਰੇ।੫੨।

ਰੂਪਾ ਡੋਗਰਾ ਕੁਛੜਿ ਖਿਡਾਏ। ਬਾਹਰਿ ਇਕੱਲਾ ਨਹੀਂ ਲੈ ਜਾਏ।
ਸਾਹਿਬ ਪੰਜ ਬਰਸ ਦੇ ਹੋਇ ਆਏ। ਰੂਪਾ ਡੋਗਰਾ ਸਾਹਿਬ ਦੇ ਅਗੇ ਪਿਛੇ ਆਵੈ ਜਾਏ।੫੩।

ਮਾਤਾ ਆਪਣੇ ਹੱਥੀਂ ਪੀਆਵੈ ਖਵਾਵੈ। ਹੋਰ ਕਿਸੇ ਦਾ ਵਿਸਾਹੁ ਨਾ ਆਵੈ।
ਘਰਿ ਵਡਿਆਂ ਦੇ ਜਾਣ ਨ ਦੇਨਿ। ਜੇ ਜਾਵੈ ਤਾਂ ਹਟਕਿ ਮੁੜੇਨਿ।੫੪।

ਆਪਸਿ ਵਿਚ ਦੁਬਿਧਾ ਪਈ ਵਧੇਰੀ। ਦਿਨੁ ਦਿਨੁ ਹੋਂਦੀ ਜਾਇ ਘਨੇਰੀ।
ਮਾਤਾ ਭਾਨੀ ਦੁਹਾਂ ਨੂੰ ਸਮਝਾਏ: "ਤੁਸਾਂ ਆਪਸਿ ਵਿਚ ਕੇਹੇ ਵੈਰ ਪਾਏ"।੫੫।

ਸੰਮਤ ਸੋਲਾਂ ਸੈ ਪਚਵੰਜਾ ਚੜ੍ਹਿਆ। ਮਾਤਾ ਭਾਨੀ ਡੇਰਾ ਸੁਰਪੁਰਿ ਕਰਿਆ।
ਚੇਤ੍ਰ ਸੁਦੀ ਚਉਦਸਿ ਜਦਿ ਭਈ। ਮਾਤਾ ਭਾਨੀ ਤਜਿ ਦੇਹ ਸੁਰਪੁਰਿ ਨੂੰ ਗਈ।੫੬।

ਪ੍ਰਿਥੀਏ ਹੋਰਾ ਛੋਟਾ ਭਾਈ ਪ੍ਰੋਹਤ ਦਾ ਸੱਦਿਆ। ਤਿਸ ਨਾਲਿ ਲੈਣਾ-ਦੇਣਾ ਕੁਛ ਬਦਿਆ।
ਪ੍ਰੋਹਤ ਦਾ ਨੀਂਗਰ ਨਿਕੜਾ ਇਆਣਾ ਬਾਲ। ਉਹੁ ਖੇਡੇ ਨਿਤ ਨੀਂਗਰਾਂ ਨਾਲਿ।੫੭।

ਗੁਰੂ ਹਰਿਗੋਬਿੰਦ ਜੀ ਭੀ ਖੇਡਨ ਨੀਂਗਰਾਂ ਮਾਹਿ। ਪ੍ਰੋਹਤ ਦਾ ਪੁਤ੍ਰ ਵਿਚਿ ਖੇਡੇ, ਕਉਣ ਕਰੇ ਨਾਹਿ।
ਮਿਠਿਆਈ ਮਹੁਰੇ ਦੀ ਬਣਵਾਈ। ਅਤੇ ਪ੍ਰੋਹਤ ਦੇ ਭਤੀਜੇ ਨੂੰ ਏਹ ਗੱਲ ਸਮਝਾਈ।੫੮।

ਸੱਤ ਅੱਠ ਬਰਸ ਦਾ ਦਿਜ-ਬਾਲ ਇਆਣਾ। ਨਾਮ ਨੰਦਰਾਮ ਕੁਛ ਨਾਹਿ ਸਿਆਣਾ।
ਤਿਸ ਦੇ ਕਾਦਰੇ[1] ਨੂੰ ਦੁਇ ਬੋਝੇ ਲਵਾਏ।
ਇਕ ਬੋਝੇ ਮਹੁਰੇ ਦੀ, ਇਕ ਬੋਝੇ ਚੰਗੀ ਮਿਠਿਆਈ ਛਡੀ ਪਾਏ।੫੯।

ਅਤੇ ਨੀਂਗਰ ਨੂੰ ਤਿਨਾਂ ਬੈਠਿ ਸਮਝਾਇਆ: "ਚੰਗੀ ਮਿਠਿਆਈ ਤੂ ਖਾਈ ਜੋ ਸੱਜੇ ਵਲਿ ਪਾਇਆ।
ਦੂਜੀ ਹਰਿਗੋਬਿੰਦ ਨੂੰ ਖਵਾਈਂ। ਤੂ ਉਸ ਵਿਚੋਂ ਮੂੰਹੁ ਜ਼ਰਾ ਨ ਪਾਈ"।੬੦।

ਬਹੁਤੁ ਸਮਝਾਇ ਉਨ੍ਹਾਂ ਨੀਂਗਰ ਨੂੰ ਕਹਿਆ। ਨੀਂਗਰ ਨੰਦ ਨੀਂਗਰਾਂ ਵਿਚਿ ਖੇਡਣ ਗਇਆ।
ਜਾਇ ਖੇਡੇ ਨਾਲੇ ਮਿਠਿਆਈ ਖਾਏ। ਇਕ ਮੁਠ ਹਰਿਗੋਬਿੰਦ ਮੁਖ ਪਾਏ।੬੧।

ਚੰਗੀ ਦੇਵੈ ਸਾਹਿਬ ਨੂੰ, ਮੰਦੀ ਖਾਏ ਆਪੁ। ਖਾਂਦੇ ਖਾਂਦੇ ਪੇਟਿ ਹੋਈ ਪੀੜ, ਆਇ ਲੱਗਾ ਪਾਪੁ।
ਪੀੜ ਪੇਟ ਹੋਈ ਤਿਸ ਨੂੰ ਘਰਿ ਚੁਕ ਲਿਆਏ। ਉਹ ਸੂਲ ਨਾਲਿ ਗਿਆ ਨਰਕ ਸਿਧਾਏ।੬੨।

ਨੀਂਗਰ ਮੋਇਆ ਵਿਚੇ ਘੁਟ੍ਰ[2]ਕਰਿ ਗਏ। ਰੁਪਯਾ ਹਜ਼ਾਰ ਦੇ ਕੈ ਤਿਸ ਦੇ ਪਿਉ ਦੀ ਪੈਰੀਂ ਪਏ।
ਸਾਹਿਬ ਜਾਣੀ ਜਾਣ, ਇਹ ਸ਼ਬਦ ਉਚਾਰਿਆ। ਰਾਗੁ ਭੈਰਉ ਵਿਚ ਸ਼ਬਦ ਲਿਖ ਧਾਰਿਆ।੬੩।

'ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਹਮਣੁ ਮੂਆ ਹੋਇ ਕੈ ਸੂਲ॥੧॥
ਹਰਿਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ ਰਹਾਉ॥

ਅਪਣਾ ਖਸਮੁ ਜਨਿ ਆਪਿ ਧਿਆਇਆ॥ ਇਆਣਾ ਪਾਪੀ ਓਹੁ ਆਪਿ ਪਚਾਇਆ॥੨॥

ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥੩॥

ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥੪॥'

---

੧. ਚੋਗੇ। ੨. ਦੱਬ ਗਏ।

ਅਗੇ ਦੋਵੇਂ ਧਿਰ; ਰਹਿੰਦੇ ਬਹਿੰਦੇ ਇਕੱਠੇ। ਫੇਰ ਹੋਏ ਜੁਦਾ, ਲਗੇ ਵਾਕ ਬੋਲਣ ਖੱਟੇ-ਮਿੱਠੇ।[੧]
ਪ੍ਰਿਥੀਏ ਰੂਪੇ ਖਿਡਾਵੇ ਨਾਲਿ (ਜਾਇ) ਕੀਤੀ ਸਲਾਹਿ:
ਜੋ ਕਛੁ ਚਾਹੇਂ ਸੋ ਲੈ ਅਸਾਥੋਂ; ਮਾਰ ਨੀਂਗਰ ਨੂੰ ਖ਼ਾਹਮਖ਼ਾਹ[੨]।੬੫।

ਰੂਪੈ ਕਹਿਆ: "ਉਹੁ ਮੇਰਾ ਭੀ ਨਹੀਂ ਵਿਸਾਹੁ ਕਰਦੇ। ਤੁਸਾਡੇ ਪਾਸੋਂ ਬਹੁਤ ਹੀ ਹੈਨ ਡਰਦੇ।"
ਪ੍ਰਿਥੀਏ ਕਹਿਆ, "ਜੁ ਤੁਧ ਅਸਾਡਾ ਕੀਤਾ ਕੰਮੁ। ਤਾ ਅਸਾਡਾ ਭਾਵੇ ਲਾਹਿ ਲਈਂ ਚੰਮੁ"।੬੬।

ਬਚਨ: ਕਉਲ ਡੋਗਰੇ ਨਾਲਿ ਪ੍ਰਿਥੀਏ ਕੀਤਾ। ਮਹੁਰਾ ਦੇਵਣਾ ਪੁੜੀ, ਰੂਪੈ ਪ੍ਰਿਥੀਏ ਪਾਸੋਂ ਲੀਤਾ।
"ਜਦਿ ਮੇਰਾ ਕਦੀ ਲਗਸੀ ਦਾਇ। ਤਾਂ ਮੈਂ ਕਿਸੇ ਵਿਚਿ ਦੇਸਾਂ ਪਾਇ"।੬੭।

ਇਕ ਸਮੇਂ ਚੂਰੀ ਕਟੋਰੇ ਵਿਚਿ ਪਾਇ ਲੈ ਆਇਆ। ਗੁਰੂ ਹਰਿਗੋਬਿੰਦ ਨੂੰ ਚਾਹੇ ਖਵਾਇਆ।
ਸਾਹਿਬ ਦਉੜਦੇ ਨੀਂਗਰਾਂ ਵਿਚਿ ਆਏ। ਰੂਪਾ ਲਈ ਕਟੋਰਾ ਪਿਛੇ ਪਿਛੇ ਜਾਇ।੬੮।

ਉਨ ਚੂਰੀ ਵਿਚਿ ਵਿਹੁ ਸੀ ਰਲਾਈ। ਜਿਨ੍ਹਾਂ ਨੂੰ ਰਖਣ ਵਾਲਾ ਹੋਵੈ ਆਪ ਸਾਂਈ।
ਸਾਹਿਬ ਦਉੜਦੇ ਖੇਡਦੇ ਆਏ ਦਰਬਾਰਿ। ਅਗੇ ਬੈਠੇ ਸਿਖ ਪ੍ਰਿਥੀਏ ਸਮੇਤ ਹਜ਼ਾਰ।੬੯।

ਸਾਹਿਬ ਆਏ ਪਿਤਾ ਕੇ ਤੀਰ। ਆਹੀ ਸੰਗਤਿ ਦੀ ਅਤਿ ਭੀਰ।
ਪ੍ਰਿਥੀਆ ਬੈਠਾ ਸਾਹਿਬ ਪਾਸ। ਸੱਜੇ ਹੱਥਿ ਸਿਰ੍ਹਾਂਦੀ ਪਾਵੇ ਸਾਥਿ।੭੦।

ਸਾਹਿਬ ਪਿਤਾ ਤਟਿ ਬੈਠੇ ਆਇ। ਡੋਗਰਾ, ਕਟੋਰਾ ਚੂਰੀ ਦਾ ਲੈ ਖੜੋਤਾ ਜਾਇ।
ਰੂਪੈ ਕਹਿਆ: "ਜੀ ਏਹ ਚੂਰੀ ਲੀਜੈ ਖਾਇ। ਸਾਹਿਬ ਛਡਿਆ ਸੀਸੁ ਹਿਲਾਇ"।੭੧।

ਪਿਤਾ ਭੀ ਕਹਿਆ: "ਜੀ ਲੀਜੈ ਖਾਇ।" ਤਾਂ ਭੀ ਛਡਿਆ ਸੀਸੁ ਹਿਲਾਇ।
ਬਚਨ ਕੀਤਾ: "ਤੂੰ ਹੈਂ ਖਾਇ, ਜੋ ਏਹਿ ਨਹੀਂ ਖਾਂਦੇ।"
ਉਨ ਕਹਿਆ, "ਜੀ ਆਪੇ ਖਾਸਨ", ਇਥੋਂ ਹੋਇ ਵਾਂਦੇ।੭੨।

ਬਚਨ ਕੀਤਾ: "ਤੂੰ ਖਾਉ!" ਉਸ ਭੀ ਨਾ ਖਾਧੀ। ਇਸ ਵਿਚ ਗੱਲ ਗਈ ਲਾਧੀ।
ਬਚਨ ਕੀਤਾ: "ਕੁੱਤੇ ਨੂੰ ਛੱਡ ਇਹ ਪਾਇ। ਏਹੁ ਹੋਰੁ ਖਾਸਨਿ ਘਰੋਂ ਜਾਇ"।੭੩।

ਨਾ ਉਸ ਖਾਧੀ ਆਪ, ਨਾ ਕੁੱਤੇ ਨੂੰ ਪਾਈ। ਇਸ ਵਿਚ ਗਲਿ ਵਾਦੀ ਹੋਇ ਆਈ।
ਬਚਨ ਕੀਤਾ: "ਰੂਪਿਆ! ਏਨਾਂ ਛਡਿਆ ਸੀਸੁ ਹਿਲਾਇ।
ਇਕੇ ਤੂ ਖਾਹ, ਇਕੇ ਕੁੱਤੇ ਨੂੰ ਪਾਇ"।੭੪।

ਬਚਨ ਕੀਤਾ: "ਏਹ ਹੋਇ ਗਈ ਹੈ ਬਾਸੀ। ਏਹ ਸਾਹਿਬਜ਼ਾਦਾ ਨ ਖਾਸੀ।"
ਤੂ ਭੀ ਨਹੀਂ ਖਾਂਦਾ ਤਾਂ ਕੁਤੇ ਨੂੰ ਛੱਡ ਪਾਇ।
ਉਹ ਨਾ ਖਾਏ, ਨਾ ਪਾਏ, ਖੱਸ ਕੇ ਦਿਤੀ ਕੁਤੇ ਨੂੰ ਪਾਇ।੭੫।

ਕੁਤੇ ਖਾਧੀ, ਤਾਂ ਮੂੰਹ ਕੁਤੇ ਦੇ ਝਗੁ ਆਈ। ਬਚਨ ਕੀਤਾ: "ਏਹ ਨ ਜਾਣਾ ਪਾਈ।"
ਕੁਤੇ ਕਰਿ ਉਕਲੇਦੁ[੩] ਸਿਰ ਮਾਰਿਆ।
ਬਚਨ ਕੀਤਾ: "ਸਚੁ ਆਖ, ਕੀ ਵਿਚਿ ਸਹੀ ਡਾਰਿਆ?।੭੬।

੧. ਬੇ-ਸੁਆਦੇ। ੨. ਜ਼ਰੂਰ। ੩. ਉਲਟੀ।

ਏਹ ਤੇਰਾ ਕੰਮੁ ਨਹੀਂ, ਤੈਨੂੰ ਕਿਨ ਭਰਮਾਇਆ ? ਚੂਰੀ ਵਿਚਿ ਮਹੁਰਾ[1] ਤੁਧ ਹੋਸੀ ਪਾਇਆ।
ਪਰ ਤੁਧ ਨਹੀਂ ਕੀਤਾ, ਤੈਥੋਂ ਕਿਸੇ ਹੈ ਸੀ ਕਰਾਇਆ।
ਸਚੁ ਆਖੁ, ਨਹੀਂ ਤਾਂ ਸਿਰੁ ਤੇਰਾ ਜਾਇਆ"।੭੭।

ਤਾ ਉਨ ਪ੍ਰਗਟਿ ਆਖਿ ਸੁਨਾਇਆ : "ਸਾਹਿਬ ਪ੍ਰਿਥੀ ਨਾਥ ਜੀ ਮੈਥੋਂ ਮਹੁਰਾ ਹੈ ਦਿਵਾਇਆ।"
ਪ੍ਰਿਥੀਆ ਬੈਠਾ ਸੀ ਮੰਜੀ ਦੇ ਪਾਸ। ਧਉਣ ਊਂਧੀ ਪਾਈ ਦੇਖਦੇ ਹੀ ਤਾਸ।੭੮।

ਸਾਹਿਬ ਬਚਨ ਕੀਤਾ : "ਕੇਹਾ ਬਣ ਬੈਠਾ ਹੈ ਮੀਣਾ ? ਹੋਵਨਿ ਵਡੇ ਤੇ ਕਰਮ ਕਰਨ ਹੀਣਾ।"
ਮੈਂ ਤਾਂ ਤੁਸਾਡਾ ਨਿਕੜਾ ਹਾਂ ਭਾਈ।
ਖਾਵੰਦ ਸੇ ਤੁਸੀਂ, ਮੈਨੂੰ ਦਿੱਤੀ ਪਿਤਾ ਅਤੇ ਨਾਨੇ ਠਕੁਰਾਈ।੭੯।

ਖੱਸ ਨ ਲੀਤੀ, ਮੈ ਲੜਿਆ ਨਹੀਂ ਤੁਸਾਡੇ ਨਾਲਿ। ਤੁਸਾਂ ਇਹ ਕੀ ਕੀਤੇ ਕਰਮ ਚੰਡਾਲ ?
ਮੈਂ ਆਪ ਨਹੀਂ ਕਹਿਆ ਕਿਸੇ ਨੂੰ ਜ਼ਬਾਨੀ।
ਪਹਿਲੋ ਬਖਸ਼ਸ਼ ਕੀਤਾ ਸੀ ਨਾਨੇ, ਪਾਸ ਬੈਠੀ ਸੀ ਮਾਤਾ ਭਾਨੀ।੮੦।

ਤੁਸਾਂ ਕੇਹਾ ਵੈਰ ਮੇਰੇ ਨਾਲ ਹੈ ਚਾਇਆ। ਇਕੇ ਤੁਸੀ ਟੁਰੋ, ਹਿਕੇ ਮੈ ਤੁਸਾਡੇ ਪਾਸੋਂ ਡੇਰਾ ਹਟਾਇਆ।
ਸਾਹਿਬ ਦੂਰ ਆਏ ਨਗਰ ਰਾਮਦਾਸ ਪੁਰਿ। ਪ੍ਰਿਥੀਏ ਕੇ ਗਏ ਲਹੌਰ ਨੂੰ ਟੁਰਿ।੮੧।

ਸਰਬਤਿ ਸੰਗਤਿ ਵਿਚਿ ਬੁਰਿਆਈ ਜ਼ਾਹਰ ਹੋਈ। ਜੋ ਕੋਈ ਸੁਣੇ, ਭਲਾ ਨ ਮੰਨੇ ਕੋਈ।
ਸੰਗਤਿ ਭੀ ਜਾਤਾ, ਜੋ ਏਹੁ ਹੈਨ ਮੰਦੇ। ਜਿਨ੍ਹਾਂ ਏਹ ਕਰਮ ਕੀਤੇ ਗੰਦੇ।੮੨।

ਕੁਲ ਹੱਤਿਆ ਕਰਨੀ ਅਤਿ ਹੈ ਬੁਰੀ।
ਸੰਗਤਿ ਅਗੇ ਉਨ੍ਹਾਂ ਨੂੰ ਬਹੁਤੁ ਆਹੀ ਮੰਨਦੀ, ਇਹ ਸੁਣ ਕੇ ਸਭਾ ਮੁੜੀ।
ਪ੍ਰਿਥੀਏ ਕਿਆਂ ਦੀ ਪੈ ਗਈ ਜਗਤ ਵਿਚ ਕੁਸਾਖ[2]।
'ਮੀਣਾ' ਨਾਉਂ ਉਨ੍ਹਾਂ ਦਾ ਲੋਕਾਂ ਛਡਿਆ ਰਾਖ।੮੩।

ਦੁਖੋ ਦੁਖ ਵਧਦਾ ਹੀ ਗਿਆ। ਪੱਕਾ ਵੈਰ ਸਿਰਾਂ ਦਾ ਪਿਆ।
ਸਾਹੀਆਂ ਨਾਲਿ ਤਿਨਾਂ ਕੀਤੀ ਸਲਾਹ।
ਕਹੀਏ ਨਵਾਬ ਨੂੰ ਇਹ ਅਖਵਾਂਦਾ ਹੈ 'ਸੱਚਾ ਪਤਿਸ਼ਾਹ'।੮੪।

ਬੰਦਾ ਹੋਇ ਕੇ ਖੁਦਾਇ ਅਖਵਾਏ। ਤੁਸੀਂ ਉਸ ਨੂੰ ਪੁੱਛੋ ਸਦਿ ਮੰਗਾਇ।
ਏਹ ਨਿਤ ਮਨਸੂਬਾ ਲਹੌਰ ਵਿਚਿ ਕਰਨ। ਅਤੇ ਸਾਹਿਬ ਏਕ ਗੁਰੂ ਕੀ ਧਾਰਨ ਧਰਨ।੮੫।

ਬਚਨ ਏਹ ਕੀਤਾ : "ਭਾਈ, ਜੋ ਕੋਈ ਅਸਾਡਾ ਹੋਸੀ।
ਸੋ ਉਨ੍ਹਾਂ ਦੇ ਮੂੰਹ ਨ ਲਗਸੀ, ਜੁਦਾ ਹੋਇ ਖੜੋਸੀ।"
ਸੰਮਤੁ ਸੋਲਾਂ ਸੈ ਸਤਵੰਜਾ ਗਏ। ਰਬਾਬੀ ਆਹੇ ਕਢੇ ਹੋਏ ਸੋ ਉਨ੍ਹਾਂ ਨੂੰ ਮਿਲਦੇ ਭਏ।੮੬।

ਮਿਹਰਵਾਨ ਪੁੱਤ ਪ੍ਰਿਥੀਏ ਦਾ ਕਬੀਸਰੀ ਕਰੇ।
ਪਾਰਸੀ, ਹਿੰਦਵੀ, ਸਹੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।
ਤਿਨ ਭੀ ਬਾਣੀ ਬਹੁਤੁ ਬਣਾਈ। ਭੋਗ ਗੁਰੂ ਨਾਨਕ ਜੀ ਦਾ ਹੀ ਪਾਈ।੮੭।

---

੧. ਜ਼ਹਿਰ। ੨. ਬਦਨਾਮੀ।

ਡੂਮ ਲਗੇ ਸਬਦ ਮੀਣਿਆਂ ਦੇ ਗਾਵਣ। ਦੂਜਾ ਦਰਬਾਰ ਵਡਾ ਗੁਰਿਆਈ ਦਾ ਲਗੇਸ ਬਣਾਵਣ।
ਮੀਣਿਆਂ ਭੀ ਪੁਸਤਕ ਇਕ ਗ੍ਰੰਥ ਬਣਾਇਆ।
ਚਹੁੰ ਪਾਤਸ਼ਾਹੀਆਂ ਦਾ ਸਬਦ ਬਾਣੀ ਲਿਖਿ ਵਿਚ ਪਾਇਆ।੮੮।

ਪ੍ਰੋਹਤ ਬ੍ਰਹਮਨ ਫੁਟਿ ਜੁਦਾ ਹੋਏ। ਇਕ ਏਧਰ, ਇਕ ਉਧਰਿ ਹੋਇ ਖਲੋਏ।
ਜੇਹੜੇ ਉਧਰਿ ਗਏ, ਸੋ ਇਧਰ ਦੇ ਵੈਰੀ।
ਜਿਹੜੇ ਇਧਰਿ ਆਏ, ਤਿਨ੍ਹਾਂ ਛੱਡੀ ਉਨ੍ਹਾਂ ਦੀ ਕਚਹਿਰੀ।੮੯।

ਡੂਮ ਭਟ ਭੀ ਜੁਦਾ ਹੋਏ। ਰਾਇ ਬਲਵੰਡ ਅਤੇ ਸਤਾ, ਪ੍ਰਿਥੀਏ ਅਗੇ ਹਥ ਜੋੜਿ ਖਲੋਏ:
ਕਹਿਆ: "ਜਜਮਾਨ ਘਰੁ ਹੈ ਇਕ, ਨਾ ਪਾਟਕੁ ਪਾਉ। ਅਪਨਾ ਆਪੁ ਨ ਜਗਤ ਹਸਾਉ"।੯੦।

ਪ੍ਰਿਥੀਏ ਦੋਹਾਂ ਨੂੰ ਵਡੀ ਝਿੜਕ ਕੀਤੀ। ਕਹਿਆ ਗੁਰਿਆਈ ਹੈ ਅਸਾਡੀ, ਉਨ ਕੇਹੀ ਹੈ ਲੀਤੀ।
ਵਡੇ ਹਾਂ ਅਸੀਂ, ਕਿ ਵੱਡਾ ਹੈ ਉਹ?
ਇਨ੍ਹਾਂ ਕਹਿਆ: "ਜਜਮਾਨ ਦੋਵੇਂ ਧਿਰਾਂ ਖਰਾਬ ਹੋਸੋਂ, ਕਿਉ ਕਰਨਾ ਹੈ ਰੋਹ"।੯੧।

ਇਥੇ ਸਬਦ ਕੀਰਤਨੁ ਕਰਨ ਸਿਖ। ਡੂਮ ਰਬਾਬੀ ਆਹੇ ਕੱਢੇ ਹੋਏ, ਉਨ੍ਹਾਂ ਲਏ ਰੱਖ।
ਇਥੇ ਕਿਸੇ ਸਿਖ ਸ਼ਬਦ ਮਿਹਰਵਾਨ ਦਾ ਕੀਰਤਨ ਪੜ੍ਹਿਆ।
ਸੋ ਸਰਵਣੀਂ ਗੁਰੂ ਅਰਜਨ ਜੀ ਦੀ ਪਰਿਆ।੯੨।

ਬਚਨ ਕੀਤਾ: "ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ।
ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ।"
ਸੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਸੇ ਭਏ। ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ।੯੩।

ਰੂਪਾ ਖਿਡਾਵਾ ਭੀ ਨਾਲਿ ਉਨ੍ਹਾਂ ਦੇ ਮਿਲਿਆ। ਕਚਾ ਡੋਗਰਾ ਕਰਿ ਬੁਰਿਆਈ ਨਿਕਲਿਆ।
ਜੋ ਗੁਰੂ ਕੇ ਘਰੋਂ ਨਿਕਲੇ, ਸੋ 'ਮੀਣਿਆਂ' ਦੇ ਜਾਇ ਰਹੇ।
ਭੇਦ ਸਾਰਾ ਆਇ 'ਮੀਣਿਆਂ' ਨੂੰ ਕਹੈ।੯੪।

ਭਾਈ ਗੁਰਦਾਸ ਭੀ ਬਾਣੀ ਮੀਣਿਆਂ ਪ੍ਰਥਾਇ ਬਹੁਤ ਕੀਤੀ।
ਪ੍ਰਿਥੀਆ ਤਮਕ ਖਾ ਕੇ ਲਹੌਰੋਂ ਆਇਆ, ਉਨ ਹੈਸੀ ਸੁਣ ਲੀਤੀ।
ਕਰ ਕੈ ਆਦਰ ਵੱਡਾ ਜਾਣ ਕੇ ਪਾਸਿ ਬਹਾਇਆ।
ਅਤੇ ਭਾਈ ਗੁਰਦਾਸ ਨੂੰ ਸਾਹਿਬ ਆਖਿ ਸੁਨਾਇਆ।੯੫।

ਭਾਈ ਗੁਰਦਾਸ! ਤੂ ਅਸਾਡਿਆਂ ਭਰਾਵਾਂ ਦੀ ਕੀਤੀ ਹੈ ਨਿੰਦ।
ਤੂ ਹੋਸੈਂ ਨਿਰਅੰਸ, ਸੁਤ ਨ ਰਹਿਸੀ ਬਿੰਦ[੧]।
ਭਾਈ ਗੁਰਦਾਸ ਭੀ ਏਹ ਬਚਨ ਅਲਾਇਆ:
ਗਰੀਬ ਨਿਵਾਜ ਸੋਈ ਮੈਂ ਕੀਤਾ, ਜੋ ਤੁਧ ਕਰਾਇਆ।੯੬।

ਭਾਈ ਗੁਰਦਾਸ ਸੀ ਈਸਰ ਭੱਲੇ ਦਾ ਬੇਟਾ।
ਈਸਰ, ਵਿਸ਼ਨ ਦਾਸ ਭੱਲੇ ਦੇ ਪਰਵਾਰ ਵਿਚੋਂ ਹੈਸੀ ਖੜ੍ਹੇਟਾ।੯੭।

---

੧. ਇਹ ਸਰਾਪ ਅਨੁਚਿਤ ਹੈ, ਨਾ ਐਸਾ ਹੋਇਆ ਤੇ ਨਾ ਹੈਸੀ। ਜੇ ਪ੍ਰਿਥੀਏ ਵਰਗਾ ਮੰਦ ਆਚਰਣ ਵਾਲਾ ਵੀ ਸਰਾਪ ਦੇਣ ਦੀ ਸ਼ਕਤੀ ਰੱਖਦਾ ਹੈ ਤਾਂ ਅਜੇਹੀ ਸ਼ਕਤੀ ਉਸ ਨੂੰ ਕਿਹੜੇ ਨੇਕ ਕਰਮ ਕਰਕੇ ਹਾਸਲ ਸੀ।

ਸੋ ਭਾਈ ਗੁਰਦਾਸ ਨੂੰ ਹੈਸੀ ਵੱਡੀ ਜਗਿਆਸਾ। ਰਹੇ ਅਠੇ ਪਹਿਰ ਸਤਿਗੁਰਾਂ ਦੇ ਪਾਸਾ।
ਜਦਿ ਭਾਈ ਗੁਰਦਾਸ ਐਸੇ ਕਹਿਆ। ਤਾ ਸੁਣਿ ਕੇ ਪ੍ਰਿਥੀਆ ਚੁਪ ਕਰਿ ਰਹਿਆ।੯੮।

ਪਰ ਏ ਭੀ ਸੁਣਿ ਕੇ ਪ੍ਰਿਥੀਏ ਮੰਨਿਆ ਬੁਰਾ। ਏਸ ਜਾਗ੍ਹਾ ਦਾ ਭੇਦ ਲੈ ਕੇ ਫੇਰ ਲਹੌਰ ਨੂੰ ਟੁਰਾ।
ਫੇਰ ਪ੍ਰਿਥੀਆ ਆਇਆ ਲਹੌਰੁ। ਬਿਨਾ ਦੁਸ਼ਟੀ ਗਲਿ ਕਰੇ ਨ ਹੋਰੁ।੯੯।

ਨਿਤ ਨਿਤ ਦੀ ਚੁਗਲੀ ਆਇ ਇਕ ਦਿਨ ਫੁਰੀ। ਸੰਮਤ ਸੋਲਾਂ ਸੈ ਬਾਹਟਵੇਂ ਦਸਤਕ ਟੁਰੀ।
ਨਬਾਬ ਕਹਿਆ: "ਹਿੰਦੂ ਨੂੰ ਲੈ ਆਵੋ। ਕਰੋ ਦਸਤਕ ਪਿਆਦੇ ਜਾਵੋ"।੧੦੦।

ਤੁਰਕਾਂ ਦਾ ਵਡਾ ਸੀ ਜ਼ੋਰੁ ਅਰੁ ਰਾਜ। ਰਲਿ ਮਿਲਿ ਸਾਹੀਆਂ ਅਤੇ ਭਰਾਵਾਂ ਕੀਤਾ ਕੁਕਾਜ।੧੦੧।

ਸਾਹਿਬ ਸੁਣਿਆ: ਜੋ ਚੁਗਲੀ ਹੋਈ।
ਮਨ ਵਿਚਿ ਗਿਣੀ: ਜੋ ਸਕਾ ਭਿਰਾਉ ਹੋਇ ਕੇ ਐਸੀ ਕਰੇ ਨ ਕੋਈ।੧੦੨।

ਏਹ ਕਾਰਨ ਹੈ ਕਿਆ ? ਜੋ ਭਰਾਉ ਸਕਾ ਵੈਰੀ ਹੋਇਆ।
ਪਿਛਲੇ ਜਨਮ ਦਾ ਲੇਖਾ ਸਾਹਿਬ (ਸਭ) ਸਮਲੋਇਆ।੧੦੩।

ਚਿਤ ਆਇਆ: "ਜਬ ਨੰਦਨ ਬਨ ਕੋ ਥੇ ਤੀਰ ਚਲਾਏ। ਕਹੇ ਬਸੰਤ੍ਰ ਦੇ ਮੇਘ ਹਟਾਏ।
ਤਬ ਪ੍ਰਿਥੀਆ ਸਸਾ ਰਹੇ ਬਨ ਮਾਹਿ। ਅਰਜਨ ਕਾ ਬਾਨ ਜਾਇ ਲਗਾ ਤਾਂਹਿ"।੧੦੪।

ਲਾਗਤ ਬਾਨ ਤਬ ਸਸਾ ਪੁਕਾਰਾ: "ਹਾਇ ਅਰਜੁਨ ਹੁਣ ਬੇ-ਪ੍ਰੋਜਨ ਮੁਝ ਮਾਰਾ"।੧੦੫।

ਸੁਨਿ ਪੁਕਾਰ ਅਰਜੁਨ ਤਬ ਐਸੇ ਕਹਿਆ। ਮੈਂ ਜਾਣ ਨ ਮਾਰਿਆ ਚਕ੍ਰਤ ਹੋਇ ਰਹਿਆ।
ਏਕ ਮਾਸ ਸ੍ਰਮ[1] ਪਾਇ ਤਿਨ ਪ੍ਰਾਣ ਤਿਆਗੇ। ਤਿਸ ਕਾ ਬਦਲਾ ਲੈਣਾ ਥਾ ਸਸੇ ਅਭਾਗੇ।੧੦੬।

ਸੋਈ ਸਸਾ[2] ਪ੍ਰਿਥੀਆ ਹੋਇ ਜਨਮਾ ਭਾਈ। ਇਤ ਕਾਰਣ ਵਹੁ ਵੈਰੁ ਕਮਾਈ।੧੦੭।

ਮਨਿ ਸਾਹਿਬ ਦੇ ਨਿਸਚਾ ਆਇਆ: ਇਹ ਭਾਈ ਨਹੀਂ, ਵੁਹੀ ਸਸਾ ਆਇਆ।
ਇਨ ਅਪਨਾ ਵੈਰੁ ਅਸਾਥੋਂ ਲੈਣਾ। ਅਸਾਂ ਭੀ ਰਾਜ਼ੀ ਹੋਇ ਕੈ ਬਦਲਾ ਦੇਣਾ।੧੦੮।

ਇਕ ਦਿਜੁ ਹਰੀ ਰਾਮ ਪ੍ਰੋਹਤ ਸੋਢੀਆਂ ਦਾ।
ਸੋ ਪ੍ਰਿਥੀਏ ਦੇ ਪੱਖ, ਸਾਹਿਬ ਦੀ ਫਿਰੇ ਚੁਗਲੀ ਖਾਂਦਾ।
ਅਤੇ ਸਾਹਿਬ ਉਸ ਨੂੰ ਦਿਨ-ਦਿਹਾਰ ਹਮੇਸ਼ਾ ਦਾਨ ਦੇਂਦੇ ਆਹੇ।
ਪ੍ਰੋਹਤ ਕੁਲ ਦਾ ਕਰਿ ਮੰਨੇਨਿ ਤਾਹੇ।੧੦੯।

ਸੋ ਪ੍ਰਿਥੀਏ ਭਰਮਾਇ ਆਪਣੇ ਵੱਲ ਕਰ ਲਿਆ।
ਵਡੇ ਜਾਣ ਨਾਲਿ ਉਨਾਂ ਦੇ (ਉਠ ਗਇਆ)।
ਤਿਸ ਪ੍ਰਥਾਇ ਸਾਹਿਬ ਬਚਨੁ ਉਚਾਰਿਆ। ਸ਼ਬਦ ਲਿਖ ਹੈ ਗ੍ਰੰਥ ਵਿਚਿ ਧਾਰਿਆ।੧੧੦।

ਆਸਾ ਮਹਲਾ ੫—'ਦਾਨੁ ਦੇਇ ਕਰਿ ਪੂਜਾ ਕਰਨਾ॥ ਲੈਤ ਦੇਤ ਉਨ੍ਹ ਮੂਕਰਿ ਪਰਨਾ॥
ਜਿਤੁ ਦਰਿ ਤੁਮ੍ਹ ਹੈ ਬ੍ਰਾਹਮਣ ਜਾਣਾ॥ ਤਿਤੁ ਦਰਿ ਤੂੰ ਹੀ ਹੈ ਪਛੁਤਾਣਾ॥੧॥
ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥੧॥ ਰਹਾਉ॥

---

੧. ਦੁੱਖ, ਤਕਲੀਫ਼। ੨. ਇਹ ਸਹੇ ਦੀ ਕਹਾਣੀ ਕਵੀ ਕਲਪਨਾ ਹੈ।

ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥
ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤੀ ਰਾਹੀ॥੨॥

ਬਾਹਰਿ ਭੇਖ ਕਰਹਿ ਘਨੇਰੇ॥ ਅੰਤਰਿ ਬਿਖਿਆ ਉਤਰੀ ਘੇਰੇ॥
ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥੩॥

ਮੂਰਖ ਬਾਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥
ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰ ਚਰਣੀ ਲਾਗੁ॥੪॥'।੧੧੪।

**ਚਉਪਈ**—ਕੱਤਿਕ ਦਾ ਮੇਲਾ ਦਿਵਾਲੀ ਹੋਇ ਗਈ। ਜੋ ਆਇ ਪਿਆਦਿਆਂ ਦਿਖਾਈ ਦਈ।
ਸਾਹਿਬ ਨਿਸਚੇ ਜਾਤਾ, ਜੋ ਸਸੇ ਦਾ ਬਦਲਾ ਦੇਣਾ ਆਇਆ।
ਛੁਟਦਾ ਨਹੀਂ ਜੋ ਆਪ ਕਮਾਇਆ।੧੧੫।

ਤਿਸ ਉਪਰ ਦ੍ਰਿਸ਼ਟਾਂਤ ਦੇਵਾਂ ਬਹੁਤੇਰੇ। ਕੀਤੇ ਕਰਮ ਨ ਛੁੱਟਣ ਕਿਸਹੀ ਭੋਗਣ ਸਭ ਵਡੇ ਵਡੇਰੇ।
ਹਰੀ ਚੰਦ, ਰਾਮ ਚੰਦ, ਜਸਰਥ ਭੋਗੇ।
ਸ਼ਬਦ ਗ੍ਰੰਥ ਸਾਹਿਬ ਵਿਚਿ ਧਨਾਸਰੀ ਦਾ ਪੜ੍ਹਿ ਦੇਖੋ ਸੋਧੇ।੧੧੬।

ਇੰਦ੍ਰ ਆਦਿ ਦੇਵਤੇ ਜੋ ਹੋਏ। ਕਰਮ ਅਧੀਨ ਸਭ ਹੋਇ ਖੜੋਏ।
ਜੋ ਉਪਜਿਆ ਸੋ ਕਰਮ ਅਧੀਨ। ਕਰਮ-ਬਸਿ ਰਾਵ ਰੰਕ ਅਰੁ ਦੀਨ।੧੧੭।

ਆਪਣੇ ਕੀਤੇ ਸਭ ਕੋਈ ਭੋਗੇ। ਚੰਗੇ ਮੰਦੇ ਜੋਗ ਅਜੋਗੇ।
ਆਦਿ ਅੰਤਿ ਏਹੁ ਹੋਂਦੀ ਆਈ। ਜੇਹਾ ਬੀਜੈ ਤੇਹਾ ਖਾਈ।੧੨੦।

ਜਾਨ ਕੇ ਬਾਣ ਸਸੇ[੧] ਨੂੰ ਪੰਡਸੁਤ ਅਰਜੁਨ ਨਹੀਂ ਮਾਰਿਆ।
ਬਸੰਤ ਦੇ ਕਹੇ ਬਾਣ ਸੀ ਮੇਘਾਂ ਨੂੰ ਪ੍ਰਹਾਰਿਆ।
ਬਸੰਤ ਰਾਜੇ ਨੀਲਧੁਜ ਦਾ ਜਵਾਈ। ਨੀਲਧੁਜ ਦੀ ਬੇਟੀ ਸੁਹਾਂ ਪਾਵਕ ਨੇ ਵਿਆਹੀ।
ਸੋ ਗਿਆ ਸਾਹੁਰੇ, ਸਸੂ ਨੇ ਹੇਤ ਕਰਿ। ਭੋਜਨ ਤਿਸ ਨੂੰ ਦਿਤਾ ਅਡ ਖਵਾਈ।
ਜੁਆਲਾ ਪ੍ਰਿਆਵਰਤੀ, ਪਾਵਕ ਦਾ ਸਾਲਾ ਕਹਾਈ।੧੨੧।

ਸੋ ਬਸੰਤ ਨੂੰ ਭਇਆ ਉਜੀਰਨ[੨], ਸੋ ਗਿਆ ਧਨੰਤਰ ਪਾਸ।
ਕਹੇ: "ਮੈਨੂੰ ਦੇਹ ਕਾਈ ਪੁੜੀ, ਜੋ ਮੇਰਾ ਭਾਰ ਹੋਵੈ ਨਾਸ।"
ਧਨੰਤ੍ਰ ਦੱਸੀ ਬੂਟੀ ਨੰਦਨ ਬਨ ਮਾਹਿ। ਨੰਦਨ ਬਨ ਹੈ ਬਾਗ ਇੰਦ੍ਰ ਦਾ ਉਥੇ ਜਾਇ ਖਾਹਿ।
ਉਥੇ ਬਸੰਤ ਆਇ ਲਗਾ, ਮੇਘ ਨ ਦੇਵਨ ਖਾਣ।
ਉਥੋਂ ਮੁੜਿ ਅਰਜੁਨ ਪਾਸ ਆਇਆ ਕਹੇ ਮੇਘਾਂ ਨੂੰ ਮਾਰੁ ਬਾਣੁ।
ਕਾਰਨ ਮੇਘ ਆ ਅਰਜੁਨ ਬਾਣ ਚਲਾਇਆ।
ਜਾਣ ਕੇ ਨਹੀਂ ਮਾਰਿਆ, ਅਕਸਮਾਤ ਸਸੇ ਨੂੰ ਲਗਾ ਜਾਇਆ।
ਸੋ ਅਰਜੁਨ, ਅਉਤਾਰ ਗੁਰੂ ਅਰਜਨ ਦਾ ਧਰਿਆ।
ਅਤੇ ਸਸੇ ਅਉਤਾਰ ਪ੍ਰਿਥੀਏ ਦਾ ਕਰਿਆ।੧੨੨।

---

੧. ਸਹਿਆ, ਖ਼ਰਗੋਸ਼। ੨. ਬਦਹਜ਼ਮੀ।

ਕਰਮ ਨ ਛੁਟਦੇ ਕਿਸੇ, ਤ੍ਰਿਲੋਚਨ ਭੀ ਗ੍ਰੰਥ ਸਾਹਿਬ ਵਿਚ ਹੈ ਕਹਿਆ।
ਸਭ ਤੇ ਬਲੀ ਕਰਮ ਨ ਲਗਣੋ ਕਿਸੇ ਨੂੰ ਰਹਿਆ।੧੨੩।

**ਰਾਗ ਧਨਾਸਰੀ**—'ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥੧॥ ਰਹਾਉ॥

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥ ਕੁਲ ਜਨ ਮਧੇ ਮਿਲ੍ਯਿੋ ਸਾਰਗ ਪਾਨ ਰੇ॥
ਕਰਮ ਕਰਿ ਕਲੰਕ ਮਫੀਟਸਿ[1] ਰੀ॥੧॥

ਬਿਸ੍ਵ ਕਾ ਦੀਪਕੁ ਸ੍ਵਾਮੀ ਤਾਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾਚੇ ਰੇ ਬਾਧਵਾ॥
ਕਰਮ ਕਰਿ ਅਰੁਣ ਪਿੰਗਲਾ ਰੀ॥੨॥
ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥
ਕਰਮ ਕਰਿ ਕਪਾਲੁ ਮਫੀਟਸਿ ਰੀ॥੩॥

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥
ਕਰਮ ਕਰਿ ਖਾਰੁ ਮਫੀਟਸਿ ਰੀ॥੪॥

ਦਾਧੀ ਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥
ਕਰਮ ਕਰਿ ਕਛਉਟੀ ਮਫੀਟਸਿ ਰੀ॥੫॥

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥
ਬਦਤਿ ਤ੍ਰਿਲੋਚਨ ਰਾਮ ਜੀ॥੬॥'।੧੨੮।

**ਚਉਪਈ**—ਐਸੇ ਕਰਮ ਪ੍ਰਬਲ ਹੈ ਭਾਈ।
ਸੰਡਾਲ ਦੇਵਤੇ ਦਾ ਪੁਤ੍ਰ ਬਸੰਤ੍ਰ, ਆਰਣੀ ਜਿਸ ਦੀ ਮਾਈ।
ਹਾੜ ਮਹੀਨੇ ਕ੍ਰਿਸ਼ਨਾ ਪੱਖ; ਬਸੰਤ੍ਰ ਦੇਵਤੇ ਜਨਮ ਧਾਰਾ ਸੰਡਾਲ-ਧਾਮ ਪ੍ਰਤਖ।੧੨੯।

ਰਾਜੇ ਨੀਲਧੁਜ ਧਾਮ ਕੀਆ ਬਿਆਹੁ। ਮਾਤਾ ਸੁਆਹੁ ਵਹੁਟੀ ਪਰਣਾਇ ਆਂਦੀ ਤਾਹ।
ਸਸੁ ਕਾ ਨਾਮ ਮਾਤਾ ਜੁਆਲਾ ਭਇਆ।
ਐਸੇ ਬਸੰਤ ਦੇਵਤੇ ਅਰਜੁਨ ਨੂੰ ਹੈਸੀ ਕਹਿਆ।੧੩੦।

ਅਰਜੁਨ ਪਾਂਡਵ ਕੀਤਾ ਸੀ ਪਰ ਉਪਕਾਰੁ। ਅਤੇ ਸਸੇ ਦਾ ਬੇ-ਪ੍ਰੋਜਨ ਹੋਇਆ ਪ੍ਰਾਨ ਸੰਘਾਰੁ।
ਸਾਹਿਬ ਸਰਬਤ ਪਾਸੋਂ ਵਿਦਿਆ ਹੋਇ ਟੁਰੇ। ਸ਼ਗਨ ਅਪ ਸ਼ਗਨ ਦਿਸਨ ਬੁਰੇ।੧੩੧।

ਸਦਿ ਹਰਿਗੋਬਿੰਦ ਨੂੰ ਟਿੱਕਾ ਦਿਤਾ। ਘਰ ਤੇ ਵਿਦਿਆ ਭਏ, ਸਾਜ ਚਲਣ ਦਾ ਕਿਤਾ।
ਸਿਖਾਂ ਨੂੰ ਕੀਤੀ ਸਪੁਰਦ ਹਰਿਗੋਬਿੰਦ ਦੀ ਬਾਂਹ ਪਕੜਾਈ।
ਅਸਾਡੇ ਨਾਲਿ ਉਪਕਾਰ ਕੀਤਾ ਹੈ ਵਡੇ ਭਾਈ।
ਭਾਈ ਗੁਰਦਾਸ ਨੂੰ ਬੈਠਿ ਸਮਝਾਇਆ। ਅਸਾਡਾ ਲਗੇਗਾ ਸੀਸੁ, ਇਹ ਨਿਸਚਾ ਹੈ ਆਇਆ।
ਹਰਿਗੋਬਿੰਦ ਦਾ ਖਸਮਾਨਾ ਹੈ ਤੁਸਾਂ ਨੂੰ।
ਏਹੁ ਹੈ ਨਿਦਾਨ ਇਆਣਾ ਤੁਸਾਂ ਰਾਜ਼ੀ ਰੱਖਣਾ ਇਨ੍ਹਾਂ ਨੂੰ।੧੩੨।

---

੧. ਅਮਿਟ।

ਅਸਾਂ ਤਾਂ ਹੈ ਤੁਰਕਾਂ ਵਿਚਿ ਜਾਣਾ।
ਉਨ੍ਹਾਂ ਕਰਨੀ ਹੈ ਹੁੱਜਤ, ਤੁਸਾਂ ਦੁਆਬੇ ਵਿਚਿ ਕਰਨਾ ਟਿਕਾਣਾ।
ਸਰੀਰ ਹੈ ਛੁੱਟਣਾ, ਸੰਸਾ ਨਹੀਂ ਕੋਈ। ਰਜਾਇ ਖਾਵੰਦ ਦੀ ਹੈ ਇਸ ਤਰ੍ਹਾਂ ਹੋਈ।
ਸਾਹਿਬ ਟੇਕ ਮੱਥਾ, ਵਿਦਿਆ ਹੋਇ ਗਏ। ਦੁਸ਼ਟ ਚਉਂਕੜੀ ਵਿਚਿ ਆਵਤ ਭਏ।
ਜਬਾਬ ਸੁਆਲ ਬਹੁਤ ਹੀ ਹੋਇਆ।
ਭਏ ਕੈਦ, ਸ੍ਰਮ[1] ਪਾਇਆ, ਸੁਖ ਸਭ ਖੋਇਆ।੧੩੩।

ਸੱਤ ਮਾਸ ਸ੍ਰਮ ਅਤਿ ਪਾਇਆ। ਦੋਖੀ ਖਤ੍ਰੀ ਤਿਨ ਬਾਦ ਉਠਾਇਆ।
ਖਖੇ[2] ਦਾ ਖਖਾ ਵੈਰੀ ਹੋਂਦਾ ਆਇਆ।
ਹਿੰਦੂਆਂ ਫੁਟਿ ਫੁਟਿ ਕੇ ਤੁਰਕਾਂ ਦਾ ਪੰਥ ਵਧਾਇਆ।੧੩੪।

ਕਾਫਰ ਲਾਖ ਹਿੰਦੂਆਂ ਥੀਂ ਹੋਏ। ਤੁਰਕ ਨ ਹਿੰਦੂ ਹੋਇਆ ਕੋਇ।
ਸਾਹੀਆਂ ਦੇ ਘਰ ਵਿਚ ਇਕ ਆਹੀ ਵਹੁਟੀ ਉਨ੍ਹਾਂ ਦੀ ਨੂੰਹ।
ਸਾਹਿਬ ਦੇ ਦੁਖ ਦੇਖ ਕੇ, ਉਹ ਮੰਦਾ ਕਰੇ ਮੂੰਹ।੧੩੫।

ਉਹ ਆਖੇ ਸਹੁਰੇ ਨੂੰ: "ਬੁਰਾ ਹੈ ਕੀਤਾ। ਉਹ ਸਾਧ-ਫਕੀਰ, ਉਨ੍ਹਾਂ ਅਸਾਡਾ ਕੀ ਲੀਤਾ।"
ਉਹ ਵਹੁਟੀ ਦਾ ਕਹਿਆ ਕੋਈ ਮੰਨੇ ਨਾਹੀ। ਉਹ ਸੁਣ, ਦੁਖੇ ਅਪਨੇ ਮਨ ਮਾਹੀ।੧੩੬।

ਓੜਕ ਬੰਧ ਕੇ ਰੇਤੀ[3] ਵਿਚਿ ਸੁਟਾਏ। ਜੇਠ ਮਾਸ ਦੀ ਧੁੱਪ ਪਿੰਡਾ ਸੜ ਜਾਏ।
ਇਕਸ 'ਮੁਗਲ' ਨੇ ਇਟ ਚਲਾਈ। ਨਾਲੇ ਮੂੰਹ ਤੇ ਮੰਦਾ ਅਲਾਈ।੧੩੭।

ਸੋ ਭਰਵਟੇ ਉਪਰਿ ਚੋਟ ਆਇ ਲਗੀ। ਚਲਿਆ ਲੋਹੂ ਧਾਰਾ ਵਗੀ।
ਤਿਸੀ ਚੋਟ ਕਰਿ ਛੁੱਟੀ ਦੇਹ। ਪਈ ਸਿਰ ਦੁਸ਼ਟਾਂ ਦੇ ਖੇਹ।
ਡਰਦਾ ਹਿੰਦੂ ਪਾਸ ਨ ਕੋਈ ਜਾਇ। ਸੋ ਬਧੇ ਹੋਏ ਹੀ ਦਿਤੇ ਨਦੀ ਰੁੜ੍ਹਾਇ।੧੩੮।

ਸੰਮਤ ਸੋਲਾਂ ਸੈ ਤ੍ਰੇਹਟ ਜੇਠ ਮਹੀਨੇ, ਚੰਨੋ ਚਾਨਣੀ ਚਉਥ, ਜਲਿ ਵਹਾਇ ਦੀਨੇ।
ਵਿਗਾੜੀ ਖਤ੍ਰੀਆਂ, ਤੁਰਕਾਂ ਨਿਆਉਂ ਨਾ ਕੀਤਾ।
ਸੋ ਏਹੁ ਬਦਲਾ ਤੁਰਕਾਂ ਪਾਸੋਂ ਕਿਸੇ ਸਿਖ ਨਾ ਲੀਤਾ।੧੩੯।

ਇਕ ਸਉ ਚਾਲੀ ਅੰਗ ਇਸ ਚਰਨ ਦੇ ਭਏ। ਚਰਨ ਪੰਜਵਾਂ ਪੂਰਨੁ ਕਰ ਲਏ।
ਪੰਜ ਸੈ ਅਠੁ ਸਠੁ ਅੰਗੁ ਸਭੋ ਕੀਤਾ ਹੈ ਜੋੜੁ।
ਅਗੇ ਛਿਵਾਂ ਚਰਨ ਚਲਿਆ ਹੋਰੁ।੧੪੦।

—o—

---

੧. ਦੁਖ, ਕਸ਼ਟ। ੨. ਭਾਵ ਖਤਰੀ। ੩. ਰਾਵੀ ਦੀ ਬਰੇਤੀ।

# (੬) ਛੇਵਾਂ ਚਰਣ—ਛੇਵੀਂ ਪਾਤਸ਼ਾਹੀ

**ਚਉਪਈ**—ਸਾਹਿਬ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ। ਸੰਮਤੁ ਸੋਲਾਂ ਸੈ ਗਏ ਸੈਂਤਾਲੀ।
ਹਾੜ ਮਾਸ ਦਿਨ ਬੀਤੇ ਇੱਕੀ, ਮਾਤਾ ਗੰਗਾ ਜੀ ਦੇ ਉਦਰੋਂ, ਜਨਮ-ਪੱਤ੍ਰੀ ਦਿਜ ਲਿਖੀ।੧।

ਗੁਰੂ ਅਰਜਨ ਦੇ ਘਰਿ, ਗੁਰੂ ਰਾਮਦਾਸ ਦਾ ਪੋਤਾ।
ਕ੍ਰਿਸਨ ਪਖ ਜਨਮ ਪੁਖ ਨਛੱਤ੍ਰ ਮੈ ਹੋਤਾ।
ਇਕੋ ਬੇਟਾ ਸੀ ਬਹੁਤ ਪਿਆਰਾ। ਦੋਖੀ ਹੈਸੀ ਤਾਏ ਦਾ ਟੱਬਰ ਸਾਰਾ।੨।

ਸੰਮਤੁ ਸੋਲਾਂ ਸੈ ਸੱਠ ਮੇਂ ਬਿਆਹੁ ਕਰਾਇਆ।
ਪ੍ਰਿਥੀਏ ਦੇ ਟੱਬਰ ਵਿਚ ਨ ਕੋਈ ਵਿਚਿ ਆਇਆ।
ਸਾਹਿਬ ਭਾਜੀ ਦਿਤੀ ਆਹੀ ਭੇਜ। ਉਨ੍ਹਾਂ ਛੱਡੀ ਮੋੜ ਕੀਤਾ ਪ੍ਰਹੇਜ਼।੩।

ਤੰਬੋਲੁ ਰੁਪਯੇ ਸਿੱਖਾਂ ਪਾਏ। ਪ੍ਰਿਥੀਏ ਕੇ ਮੂਲੋਂ ਵਿਚਿ ਨ ਆਏ।
ਸੰਮਤ ਸੋਲਾਂ ਸੈ ਤ੍ਰੇਹਟਵੇਂ ਪਿਤਾ ਸਵਾਰਾ ਕੀਤਾ। ਗੁਰੂ ਅਰਜਨ ਸੁਰਪੁਰਿ ਦਾ ਮਾਰਗ ਲੀਤਾ।੪।

ਬਰਸ ਤਿਵੰਜਾ ਜਗਤ ਮੇ ਰਹੇ। ਬਾਰਾਂ ਬਰਸ ਬਾਲਪਣ ਵਿਚ ਕਹੇ।
ਸੋਲਾਂ ਬਰਸ ਵਿਚਿ ਟਹਿਲ ਕਮਾਈ। ਸਾਢੇ ਤ੍ਰੇਈ ਬਰਸ ਗੁਰਿਆਈ ਪਾਈ।੫।

ਬਰਸ ਡੇਢ ਝਗੜੇ ਅਤੇ ਕੈਦ ਵਿਚਿ ਬੀਤਾ। ਉਪ੍ਰੰਤ ਸਵਾਰਾ ਸੁਰਪੁਰਿ ਨੂੰ ਕੀਤਾ।
ਇਕਵੰਜਾ ਬਰਸ ਗੁਰੂ ਰਾਮਦਾਸ ਜੀ ਰਹੇ। ਪੰਦਰਾਂ ਬਰਸ ਬਾਲਪਣ ਕਹੇ।੬।

ਉੱਨਤ੍ਰੀ ਬਰਸ ਹੈ ਟਹਿਲ ਕਮਾਈ। ਸਾਹੁਰੇ ਭਾਉ ਨਾ ਜਾਤਾ ਰਾਈ।
ਸੱਤ ਬਰਸ ਗੁਰਿਆਈ ਪਾਈ। ਉਪ੍ਰੰਤ ਸੁਰਪੁਰਿ ਨੂੰ ਗਏ ਸਿਧਾਈ।੭।

ਪੰਦਰਾਂ ਬਰਸਾਂ ਕਾ ਜਬ ਹੂਆ ਤਾਂ ਕਾ ਪੋਤਾ। ਜੋ ਤਖਤ ਗੁਰਿਆਈ ਦੇ ਚੜ੍ਹਿ ਖੜੋਤਾ।
ਤਿਨ ਕੈਸੇ ਜਗ ਮੇਂ ਆਉ ਗੁਜਾਰੀ? ਸੁਨੋ ਹਕੀਕਤ ਤਿਸ ਦੀ ਸਾਰੀ।੮।

ਸੂਹੜੀਆਂ ਖਤ੍ਰੀਆਂ ਦੇ ਘਰਿ ਬਿਆਹੁ ਤਿਨ ਕੀਤਾ। ਜਗ ਮੈ ਜਸੁ ਬਡਾ ਹੀ ਲੀਤਾ।
ਮਾਤਾ ਦਮੋਦਰੀ ਗ੍ਰਿਹਿ ਮੇ ਆਈ। ਸੋ ਸਭ ਬਸੇ ਦੁਆਬੇ ਜਾਈ।੯।

ਸੰਮਤ ਸੋਲਾਂ ਸੈ ਤ੍ਰੇਹਟਵੇ ਗਣੇ। ਗੁਰੂ ਅਰਜਨ ਜੀ ਲਾਹੌਰ ਮਗੁ ਸੁਰਗ ਸਿਧਾਰੇ ਸੁਣੇ।
ਕਿਰਿਆ ਕਰਮ ਸ਼ਾਸਤ੍ਰੋਕਤ ਕੀਤੇ। ਰੁਦਨੁ ਮਹਾਤਮੁ ਸਭ ਕਰਿ ਲੀਤੇ।੧੦।

ਸੁਣੀ ਹਕੀਕਤਿ ਲਾਹੌਰੁ ਦੀ ਸਾਰੀ। ਜਿਉ ਜਿਉ ਦੁਸਟਾਂ ਕੀਤੀ ਦੁਸਟਾਰੀ।
ਦੁਇ ਲਿਖਾਰੀ ਸਿੱਖ ਪੁਰਾਤਨ ਆਹੇ। ਸੋ ਜਾਇ ਰਹੇ ਲਾਹੌਰੇ ਮਾਹੇ।੧੧।

ਜੋ ਜੋ ਦੁਸਟਾਂ ਸ੍ਰਮ ਖੇਦ ਦਿਵਾਏ। ਸੋ ਸਿਖਾਂ ਸਭ ਆਖ ਸੁਣਾਏ।
ਗੁਰੂ ਰਾਮਦਾਸ ਦੀ ਹਕੀਕਤ ਸਿਖ ਆਖ ਸੁਣਾਈ।
ਗਰੀਬ ਨਿਵਾਜ ਤਪੇ ਹਰੀਰਾਮ ਮਰਵਾਹੇ, ਗੁਰੂ ਨਾਲਿ ਕੀ ਕੀਤੀ ਸੀ ਭਲਿਆਈ।੧੨।

ਵਿਚਿ ਗੋਇੰਦਵਾਲ ਦੇ ਤਿਨ ਬਾਦ ਉਠਾਈ। ਖਤ੍ਰੀ ਮਰਵਾਹਾ ਗ੍ਰਿਹਿਸਤੀ, ਨਾਮ 'ਤਪਾ' ਅਖਾਈ।
ਠਗਿ ਠਗ ਕੇ ਸਾਰਾ ਨਗਰ ਤਿਨ ਖਾਧਾ। ਘਰਿ ਨਗਰ ਵਿਚਿ ਤਿਨ ਠਾਕੁਰ ਦੁਆਰਾ ਬਾਂਧਾ।੧੩।

ਗੁਰੂ ਅਮਰਦਾਸ ਨਾਲਿ ਬਖੀਲੀ ਅਤੇ ਬਾਦ ਕਰਦਾ ਹੀ ਰਹੇ।
ਨਗਰ-ਲੋਕ ਸਭ ਉਸ ਦੇ ਸੇਵਕ, ਉਸ ਨੂੰ ਸਮਝਾਇ ਨ ਕੋਈ ਕਹੇ।
ਇਕ ਸਿਖ ਗੁਰੂ ਕੇ ਦੀ ਜੰਞ ਉਥੇ ਆਈ। ਉਨ੍ਹਾਂ ਦੇ ਹੱਥ ਪੱਤਲ ਬ੍ਰਾਹਮਣਾਂ ਨੂੰ ਦਿਵਾਈ।੧੪।

ਠਾਕੁਰਦੁਆਰੀਂ ਅਤੇ ਧਰਮਸਾਲੀਂ ਦੇਵਣ ਲਗੇ ਟਕੇ।
ਖਤ੍ਰੀਆਂ ਕਹਿਆ: "ਤਪੇ ਨੂੰ ਸੱਦੋ, ਵਿਚਿ ਆਇ ਬੈਠੇ ਅੱਗੇ"।
ਸੱਦਿ ਸੱਦ ਕੇ ਖਤ੍ਰੀ ਸਭ ਹਾਰੇ। ਤਪਾ ਕਹੇ: "ਮੈਂ ਨਹੀਂ ਜਾਂਦਾ ਸਿੱਖਾਂ ਮਝਾਰੇ"।੧੫।

ਜਾਂਞੀਆਂ ਸਿੱਖਾਂ ਨੂੰ ਖੱਤ੍ਰੀਆਂ ਕਹਿਆ:
"ਤੁਸੀਂ ਆਪ ਚਲੋ ਤਪੇ ਦੇ ਪਾਸ, ਤਪਾ ਆਵਣੋ ਰਹਿਆ।"
ਸਿਖਾਂ ਕਹਿਆ: "ਅਸੀਂ ਤਪੇ ਦੇ ਸੇਵਕ ਨਾਹੀ। ਜੋ ਤਪੇ ਦੇ ਘਰਿ ਚਲਿ ਜਾਂਹੀ"।੧੬।

ਰੁਪਯੇ ਪੰਜੁ ਪੰਜੁ ਸਿੱਖਾਂ ਦਿੱਤੇ ਧਰਮਸਾਲੀਂ ਅਤੇ ਠਾਕੁਰਦੁਆਰੇ।
ਕਿਸੇ ਜਾਇ ਤਪੇ ਨੂੰ ਕਹਿਆ: "ਸਭਨਾਂ ਲਏ ਤੁਸੀਂ ਹੀ ਰਹੇ ਨਿਆਰੇ।
ਸਭਨਾ ਲੀਤੇ ਤੁਸੀਂ ਰਹੇ ਇਕੱਲੇ। ਸਭਨਾਂ ਵਿਚੋਂ ਤੁਸੀਂ ਹੀ ਨਿੱਕਲੇ"।੧੭।

ਉਨ੍ਹਾਂ ਜਾਂਞੀਆਂ ਸਿੱਖਾਂ ਹੱਛੀ ਸੋਭਾ ਲੀਤੀ। ਇਜੇਹੀ ਅੱਗੇ ਕਿਸੇ ਸਰੀਣ ਨਹੀਂ ਕੀਤੀ।
ਤਪੇ ਸ਼ਰਮਿੰਦਾ ਹੋਇ ਕੇ ਪੁੱਤੁ ਨੂੰ ਕਹਿਆ: "ਤੂ ਜਾਹ।"
ਪੁੱਤ ਉਸ ਦਾ ਆਇ ਬੈਠਾ ਤਿਨਾਂ ਖਤ੍ਰੀਆਂ ਮਾਹ।੧੮।

ਸਭਨਾਂ ਜਾਤਾ: "ਤਪਾ ਸ਼ਰਮਿੰਦਾ ਨਹੀਂ ਆਇਆ"। ਰੁਪਯੇ ਸੁਣ ਕੇ ਤਪੇ ਪੁੱਤ ਪਠਾਇਆ।
ਰੁਪਯੇ ਪੰਜ ਤਪੇ ਦੇ ਪੁੱਤ ਨੂੰ ਭੀ ਦਿਤੇ। ਪਰ ਸਭਨਾਂ ਜਾਤਾ: "ਤਪੇ ਲੋਭ ਦੇ ਮਾਰੇ ਲਿਤੇ"।੧੯।

ਜੇਹੜੇ ਖਤ੍ਰੀ ਤਪੇ ਦੇ ਪੱਖ ਆਹੇ; ਉਨ੍ਹਾਂ ਦੇ ਬੈਠਿਆਂ ਸਾਹਿਬ ਤਪੇ ਨੂੰ ਸਲਾਹੇ।
ਉਨ੍ਹਾਂ ਖੱਤ੍ਰੀਆਂ ਦੀ ਭੀ ਸਾਹਿਬ ਬਡੀ ਖਾਤਰ ਕਰਨ। ਇਕੋ ਸਰੀਣੁ ਜਾਤਿ, ਮਨਿ ਹੋਰ ਨ ਧਰਨ।੨੦।

ਪਰ ਖਤਰੀ ਕਠੋਰ ਜਾਤਿ ਕੁਛ ਜਾਣਨ ਨਾਹੀ। ਅੰਦਰਿ ਹੋਰੁ, ਬਾਹਰਿ ਹੋਰੁ ਕਮਾਹੀ।
ਸਾਹਿਬ ਡਿਠਾ ਜੋ ਤਪੇ ਦਾ ਤਪੁ ਏਨਾਂ ਨੂ ਦਿਖਾਈਐ।
ਤਾਂ ਨਿਤ ਨਿਤ ਦਾ ਮਨਸੂਬਾ ਚੁਕਾਈਐ।੨੧।

ਇਕ ਦਿਨ ਸਾਹਿਬ ਤਿਆਰੀ ਕੀਤੀ। ਸਭੋ ਦੁਨੀਆਂ ਨਾਲਿ ਲੈ ਲੀਤੀ।
ਸੰਮਤੁ ਸੋਲਾਂ ਸੈ ਤ੍ਰੀਹ ਗਿਆ। ਸਭੋ ਖੱਤ੍ਰਮਾ ਨਾਲਿ ਲੈ ਲਿਆ।੨੨।

ਸਾਹਿਬ ਆਏ ਤਪੇ ਦੇ ਠਾਕੁਰ ਦੁਆਰੇ। ਨਾਲਿ ਖੱਤ੍ਰੀ, ਬ੍ਰਾਹਮਨ ਹੋਰ ਲੋਕ ਸਭ ਸਾਰੇ।
ਠਾਕੁਰ ਦੁਆਰੇ ਦੇ ਆਇ ਖੜੋਤੇ ਦੁਆਰ। ਆਦਮੀ ਇਕ ਭੇਜਿਆ ਅੰਦਰਵਾਰ।੨੩।

ਅਗੈ ਤਪਾ ਪਰਨਾਰੀ ਸੋ ਮੈਥੁਨ ਕਰੈ। ਤਿਨ ਕਹਿਆ : "ਗੁਸਾਈਂ ਜੀ ਬਾਹਰਿ ਲੋਕ ਸਭ ਹੈਨ ਖਰੇ।"
ਤਪੇ ਸ਼ਰਮਿੰਦੇ ਹੋਇ ਕੇ, ਲਕਿ ਧੋਤੀ ਵਲਾਈ। ਨਾਰੀ ਮੂੰਹ ਕੱਜ ਕੇ ਬਾਹਰਿ ਆਈ।੨੪।

ਤਪਾ ਆਇ ਕੈ ਚਰਨੀਂ ਲਗਾ। ਮੁੰਹ ਤਪੇ ਦਾ ਪੀਲਾ-ਬੱਗਾ।
ਤਪੇ ਕਹਿਆ : "ਜੀ ਤਪ ਅਸਾਡਾ ਗਲਿਆ।"
ਸਾਹਿਬ ਕਹਿਆ : "ਕੀ ਹੋਇਆ ਜੇ ਕਾਮ ਤੁਸਾਨੂੰ ਛਲਿਆ"।੨੫।

ਉਸ ਨਾਰੀ ਦੇ ਹੋਏ ਬਡੇ ਭਾਗ। ਉਹ ਤਾਂ ਉਧਰੀ ਤੁਸਾਡੇ ਅੰਗਿ ਲਾਗਿ।
ਤੁਸੀਂ ਹੋ ਤਪਾ ਜੀ ਤਪ ਦੀ ਖਾਣ। ਬੇਦ ਪੁਰਾਣ ਤੁਸਾਡੀ ਪਾਂਦੇ ਸਾਖ ਸੁਜਾਣਿ।੨੬।

ਤਿਉਂ ਤਿਉਂ ਤਪਾ ਚਰਨੀਂ ਲਪਟਾਏ। ਕਹੇ : "ਜੀ ਮੈਂ ਤੁਸਾਡੀ ਨਿੰਦ ਕੀਤੀ ਦੇ ਫਲੁ ਪਾਏ।"
ਤਿਸ ਦੀ ਹਕੀਕਤਿ ਸਾਹਿਬ ਗੁਰੂ ਰਾਮਦਾਸ ਆਪ ਹੈ ਰਸਨੀਂ ਉਚਾਰੀ।
ਵਾਰੁ ਗਉੜੀ ਦੀ ਵਿਚ ਲਿਖਿ ਹੈ ਸਾਰੀ।੨੭।

**ਸਲੋਕ ਮਹਲਾ ੪**—'ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥
ਸਤਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤਿ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥ ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥
ਧਰਮਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ॥
ਸੋ ਬੂਝੈ ਜੋ ਦਯਿ ਸਵਾਰਿਆ॥੧॥'।੨੮॥

ਐਸੇ ਐਸੇ ਕਰਮ ਸਤਿਗੁਰਾਂ ਨਾਲਿ ਖਤ੍ਰੀਆਂ ਹੈਨ ਕੀਤੇ।
ਪਰ ਧੰਨ ਸਤਿਗੁਰੁ ਜਿਨ੍ਹਾਂ ਜ਼ਰਾ ਨ ਰਖੀ ਜੀ ਤੇ।
ਸਾਹਿਬ ਤੀਜੀ ਪਾਤਿਸਾਹੀ ਗੁਰੂ ਅਮਰਦਾਸ। ਚਲੇ ਤੀਰਥ ਪਰਸਨ, ਮਨ ਭਇਆ ਉਦਾਸ।੨੯।

ਸੰਮਤ ਸੋਲਾਂ ਸੈ ਦਸ ਅਰ ਚਾਰ। ਸਾਹਿਬ ਗੁਰੂ ਅਮਰਦਾਸ ਜੀ ਹੋਏ ਤਯਾਰ।
ਸਿਖ ਸੰਗਤਿ ਨਾਲਿ ਸਾਰਾ ਕਬੀਲਾ। ਐਸਾ ਸਾਥ ਭਇਆ ਹਠੀਲਾ।੩੦।

ਗੁਰੂ ਅਰਜਨ ਜੀ ਨਾਲਿ ਬਾਲਕ ਇਆਣੇ। ਪਰੁ ਮਨ ਨਾਨੇ ਦੇ ਬਹੁਤੇ ਭਾਣੇ।
ਗੁਰੂ ਅਮਰਦਾਸ ਦੀ ਖੁਸ਼ੀ ਆਹੀ ਅਰਜਨ ਉਤੇ।
ਏਹ ਬਾਲ ਇਆਣੇ ਪਾਸ ਰਹਿਣ ਨਾਨੇ ਦੇ ਬੈਠੇ ਸੁਤੇ।੩੧।

ਜਗਾਤੀਏ ਆਹੇ ਖਤ੍ਰੀ ਨਾਲੇ ਤਤੇ। ਰਲੇ ਮਿਲੇ ਸਭ ਹੈਸਨ ਇਕੱਠੇ।
ਕਿਆ ਕਿਆ ਕਸਬ ਉਨ੍ਹਾਂ ਹੈਸਨ ਕੀਤੇ। ਪਰੁ ਪੂਰਨ ਸਤਿਗੁਰੂ ਸਭਨਾਂ ਤੇ ਜੀਤੇ।੩੨।

ਗੁਰੂ ਰਾਮਦਾਸ, ਗੁਰ-ਪ੍ਰਤਾਪ ਹੈ ਕਹਿਆ। ਰਾਗ ਤੁਖਾਰੀ ਵਿਚਿ ਸਬਦੁ ਛੰਦ ਲਿਖਿਆ ਲਹਿਆ।
ਸਾਰੀ ਹਕੀਕਤ ਲਿਖੀ ਹੈ ਵਿਚਿ ਛੰਤ। ਰਸਨੀਂ ਰਾਮਦਾਸ, ਅਮਰਦਾਸ ਗੁਰੂ ਪੂਰਨ ਬੇਅੰਤ।੩੩।

**ਰਾਗ ਤੁਖਾਰੀ ਮਹਲਾ ੪**

'ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥
ਦੁਰਮਤਿ ਮੈਲੁ ਹਰੀ, ਅਗਿਆਨੁ ਅੰਧੇਰੁ ਗਇਆ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ, ਹਰਿ ਪਾਇਆ ਪ੍ਰਭੁ ਅਬਿਨਾਸੀ॥
ਹਰਿ ਆਪਿ ਕਰਤੈ ਪੁਰਬੁ ਕੀਆ, ਸਤਿਗੁਰੂ ਕੁਲਖੇਤਿ ਨਾਵਣਿ ਗਇਆ॥
ਨਾਵਣੁ ਪੁਰਬੁ ਅਭੀਚੁ, ਗੁਰ ਸਤਿਗੁਰ ਦਰਸੁ ਭਇਆ॥੧॥

ਮਾਰਗਿ ਪੰਥਿ ਚਲੇ, ਗੁਰ ਸਤਿਗੁਰ ਸੰਗਿ ਸਿਖਾ॥
ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ॥
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ, ਸਭੁ ਲੋਕੁ ਵੇਖਣਿ ਆਇਆ॥
ਜਿਨ ਦਰਸੁ ਸਤਿਗੁਰ ਗੁਰੂ ਕੀਆ, ਤਿਨ ਆਪਿ ਹਰਿ ਮੇਲਾਇਆ॥
ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥੨॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
ਦੇਖਣਿ ਆਏ ਤੀਨਿ ਲੋਕ, ਸੁਰਿ ਨਰ ਮੁਨਿ ਜਨ ਸਭਿ ਆਇਆ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ॥
ਜੋਗੀ, ਦਿਗੰਬਰ, ਸੰਨਿਆਸੀ, ਖਟੁ ਦਰਸਨ ਕਰਿ ਗਏ ਗੋਸਟਿ ਢੋਆ॥
ਪ੍ਰਥਮ ਆਏ ਕੁਲਖੇਤਿ, ਗੁਰ ਸਤਿਗੁਰ ਪੁਰਬੁ ਹੋਆ॥੩॥

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇ ਦੇ ਭੇਟ, ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ, ਜਿਨਿ ਹਰਿ ਹਰਿ ਨਾਮੁ ਧਿਆਇਆ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ॥
ਸਭ ਗੁਰੂ ਗੁਰੂ ਜਗਤੁ ਬੋਲੈ, ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ॥
ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ॥੪॥

ਤ੍ਰਿਤੀਆ ਆਏ ਸੁਰਸੁਰੀ ਤਹ ਕਉਤਕੁ ਚਲਤੁ ਭਇਆ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ॥
ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ॥
ਭਾਈ ਹਮ ਕਰਹ ਕਿਆ, ਕਿਸੁ ਪਾਸਿ ਮਾਂਗਹ, ਸਭ ਭਾਗਿ ਸਤਿਗੁਰ ਪਿਛੈ ਪਈ॥

ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ, ਭੰਨਿ ਬੋਲਕਾ ਸਭਿ ਉਠਿ ਗਇਆ॥
ਤ੍ਰਿਤੀਆ ਆਏ ਸੁਰਸਰੀ, ਤਹ ਕਉਤਕੁ ਚਲਤੁ ਭਇਆ॥੫॥

ਮਿਲਿ ਆਏ ਨਗਰ ਮਹਾਜਨਾ, ਗੁਰ ਸਤਿਗੁਰ ਓਟ ਗਹੀ॥
ਗੁਰੁ ਸਤਿਗੁਰੁ ਗੁਰੁ ਗੋਵਿੰਦੁ, ਪੁਛਿ ਸਿਮ੍ਰਿਤਿ ਕੀਤਾ ਸਹੀ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ,
ਸੁਕਿ ਪ੍ਰਹਿਲਾਦਿ ਸ੍ਰੀ ਰਾਮਿ ਕਰਿ ਗੁਰ ਗੋਵਿਦੁ ਧਿਆਇਆ॥
ਦੇਹੀ ਨਗਰਿ ਕੋਟਿ ਪੰਚ ਚੋਰ ਬਟਵਾਰੇ, ਤਿਨ ਕਾ ਥਾਉ ਥੇਹੁ ਗਵਾਇਆ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥
ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ॥੬॥'।੩੮।

**ਚਉਪਈ**—ਸਤਿਗੁਰੁ ਦੀ ਵਡਿਆਈ ਸਤਿਗੁਰ ਕੀਤੀ।
ਅਪਨੀ ਬਰਕਤਿ ਨਾਲਿ ਪਰਜਾ ਸਤਿਗੁਰ ਜੀਤੀ।
ਛੋੜਿ ਚਬੂਤਰਾ ਤਤੇ ਖਤੇ ਉਠਿ ਗਏ। ਜਾਇ ਫਿਰੀਆਦ ਗੁਰੂ ਪਰ ਕਰਤੇ ਭਏ।੩੯।

ਨਗਰ-ਲੋਕ ਸਿਰਦਾਰ ਬੁਲਾਏ: "ਜਿਉਂ ਕੀ ਤਿਉਂ ਮੁਝ ਕਹੋ ਸਮਝਾਏ।"
ਸਭ ਮਹਾਜਨ ਮਿਲਿ ਦਰਸਨੁ ਆਇਆ।
ਪਠੇ ਸਿਰਦਾਰ, ਅਗੋ ਪਿਆ ਸਤਿਗੁਰ ਦਾ ਸਾਇਆ।੪੦।

ਸਭਨਾ (ਦਰਸ਼ਨ ਪਾਇ) ਆਇ (ਤਿਨ) ਸਿਰਦਾਰ ਨੂੰ ਕਹਿਆ ਐਸੇ:
"ਜੀ ਉਹੁ ਸੰਤ ਫਕੀਰ ਹੈਨਿ ਸਾਈਂ ਜੈਸੇ"।੪੧।

ਸੁਨਿ ਸਿਰਦਾਰ ਭੀ ਨਜ਼ਰ ਲੈ ਆਇਆ। ਆਇ ਸਾਹਿਬ ਦਾ ਦਰਸਨੁ ਪਾਇਆ।੪੨।

ਕਰਿ ਦੀਦਾਰ ਗਿਆ ਵਹੁ ਧਾਮ। ਸੱਦਿ ਜਗਾਤੀਏ ਕਹਿਆ: "ਕਰੋ ਇਹ ਕਾਮ।
ਜੋ ਕੋਈ ਸਤਿਗੁਰਾਂ ਨਾਲਿ ਹੈ ਆਇਆ; ਤੁਸਾਂ ਦਾਮੁ ਨ ਲੈਣਾ ਤਿਸ ਪਾਸੋਂ" ਫੁਰਮਾਇਆ।੪੩।

ਸਭ ਜੈਕਾਰ ਗੁਰੂ ਕਾ ਹੋਇ ਰਹਿਆ। ਇਹ ਕਉਤਕ ਚਲਿਤ੍ਰ ਗੰਗਾ ਪਰਿ ਭਇਆ।
ਦੀਦਾਰ ਕਰਿ ਸਭ ਮੋਹੇ ਗਏ। ਆਢ ਕਾਮ ਮੰਗਨ ਜੋਗੇ ਨ ਰਹੇ।੪੪।

ਐਸੇ ਪੂਰਨ ਸਤਿਗੁਰੂ ਜੀ ਥਾਪੀ ਗੁਰੂ ਅਰਜਨ ਨੋ ਲਾਈ।
ਤਿਸ ਦੇ ਨਾਲਿ ਪ੍ਰਿਥੀਏ ਕੀਤੀ ਬੁਰਿਆਈ।
ਦੁਇ ਬ੍ਰਾਹਮਨ ਚੁਗਲੀ ਕਰਦੇ ਫਿਰਨ।
ਇਕ ਸਾਹੀਆਂ ਦਾ ਇਕ ਸੋਢੀਆਂ ਦਾ ਇਹੁ ਦੋਵੇ ਚਿੜਨਿ।੪੫।

ਤਿਨਾਂ ਨੂੰ ਭੀ ਲੋਕਾਂ ਬਹੁਤ ਸਮਝਾਇਆ: "ਤੁਸਾਂ ਬ੍ਰਹਮਨ ਹੋਇ ਕੈ ਕੇਹਾ ਬਾਦ ਹੈ ਉਠਾਇਆ।"
ਇਕ ਪ੍ਰਿਥੀਏ ਵਲੋਂ, ਸੋ ਪ੍ਰੋਹਤ ਤੁਸਾਡਾ ਖਾਵਹਿ ਦਾਮ।
ਦੂਜਾ ਸਾਹੀਆਂ ਵਲੋਂ ਜੋ ਕੁੜਮਾਈ ਮੋੜ ਲੈ ਆਇਆ ਸੀ ਧਾਮ।੪੬।

ਸੋ ਉਹੋ ਦੋਵੇਂ ਗੁਰੂ ਅਰਜਨ ਹੈਨਿ ਫਿਟਕਾਰੇ। ਤਿਨ ਕੇ ਪ੍ਰਥਾਇ ਸਬਦ ਲਿਖੇ ਹੈਨਿ ਗ੍ਰੰਥ ਮੰਝਾਰੇ।
ਕਰਿ ਸਵਾਰਾ ਸਾਹਿਬ ਦਿਵਪੁਰਿ ਗਏ। ਪ੍ਰਿਥੀਏ ਕੇ, ਮੰਜੀ ਗੁਰਿਆਈ ਕੀ ਪਾਵਤ ਭਏ।੪੭।

ਸੰਗਤਿ ਨੂੰ ਜਾਇ ਘਰੀਂ ਮਨਾਵਨਿ। ਇਧਰੋਂ ਤੋੜਨ, ਅਪਨੇ ਵਲਿ ਲਿਆਵਨਿ।
ਗੁਰੂ ਹਰਿਗੋਬਿੰਦ ਨੂੰ ਸਿੱਖਾਂ ਇਹ ਆਖਿ ਸੁਨਾਈ। ਜੋ ਕਰਨੀ ਹੋਵੈ ਸਤਿਗੁਰੂ, ਹੋਵੈ ਸਾਈ।੪੮।

ਸੰਮਤ ਸੋਲਾਂ ਸੈ ਚਉਰੰਜਾ ਜਬ ਭਏ। ਮੰਘਰ ਮਹੀਨੇ ਦੇ ਦਿਨ ਇੱਕੀ ਥੇ ਗਏ।
ਸਾਹਿਬ ਸ੍ਰੀ ਚੰਦ ਜੀ ਦੇਵ ਲੋਕ ਸਿਧਾਰੇ। ਬਰਸ ਅਠਾਨਵੇਂ ਰਹੇ ਇਸ ਜਗਤ ਮਝਾਰੇ[੧]।੪੯।

ਸਾਹਿਬ ਗੁਰੂ ਅਰਜਨ ਮੁਕਾਣਿ ਦੇਵਨਿ ਭੀ ਨਹੀਂ ਥੇ ਗਏ।
ਦੁਬਿਧਾ ਘਰ ਦੀ ਕਰਿ ਜਾਵਤ ਨ ਭਏ।
ਅਰਦਾਸਿ ਸਿਖ ਹਥਿ ਦਿਤੀ ਸੀ ਭਿਜਵਾਈ।
ਅਪਣਾ ਜਾਣ ਨ ਹੋਇਆ, ਪ੍ਰਿਥੀਏ ਘਰਿ ਦੁਬਿਧਾ ਸੀ ਪਾਈ।੫੦।

ਅਤੇ ਜਦਿ ਸੰਮਤੁ ਸੋਲਾਂ ਸੈ ਪੈਂਤ੍ਰੀ ਸੇ ਭਏ।
ਤਬ ਮਾਤਾ ਮਨਸਾ ਦੇਵੀ ਜੀ ਭੀ ਸੁਰਪੁਰਿ ਨੂੰ ਥੇ ਗਏ।
ਗੁਰੂ ਅਰਜਨ ਅਤੇ ਪ੍ਰਿਥੀਏ ਦੀ ਸਕੀ ਸੀ ਨਾਨੀ।
ਤਿਨ ਭੀ ਪ੍ਰਿਥੀਏ ਨੂੰ ਬਹੁਤ ਹੀ ਆਖਿ ਵਖਾਨੀ।੫੧।

ਮਾਤਾ ਪਿਤਾ, ਨਾਨੀ, ਨਾਨਾ ਸਭੀ ਠਾਕ ਰਹੇ। ਪ੍ਰਿਥੀਏ ਹੋਰੀਂ ਨ ਲਗੇ ਕਿਸੇ ਦੇ ਕਹੇ।
ਜਬ ਇਹ ਹਕੀਕਤ ਸਾਰੀ ਸਿਖ ਨੇ, ਗੁਰੂ ਹਰਿਗੋਬਿੰਦ ਨੂੰ ਕਹੀ।
ਤਾਂ ਬਚਨ ਸਾਹਿਬ ਕਹਿਆ: "ਭਾਈ ਸਿਖੋ! ਅਸਾਡੀ ਉਨ੍ਹਾਂ ਦੀ ਕੀ ਰਹੀ!"।੫੨।

ਸੋਲਾਂ ਬਰਸ ਦੇ ਆਹਿ ਸਾਹਿਬ ਹਰਿਗੋਬਿੰਦ।
ਸ਼ਾਸਤ੍ਰੋਕਤ ਕਰਮ ਪਹੋਏ ਜਾਇ ਕਰਾਏ ਸਤਿਗੁਰੂ ਨਰਿੰਦ।
ਪੁਤਲਾ ਬਣਵਾਇ ਜਲਾਇਆ ਪਹੋਏ। ਦੂਬ ਅਤਿ ਲਾਇਆ, ਕਰਮ ਹੱਛੇ ਹੋਏ।੫੩।

ਨਿਉਤੇ ਦੱਛਣਾ ਬਹੁਤ ਦਿਜਨ ਦੀਨੀ। ਅੱਠਵੇਂ ਮਹੀਨੇ ਮਾਹ ਦੇ ਸਭ ਕਿਰਿਆ ਕੀਨੀ।
ਸੰਮਤ ਸੋਲਾਂ ਸੈ ਚਉਂਹਟਿ ਭਏ। ਸਾਹਿਬ ਉਥੋਂ ਆਏ ਤਾ ਗਿਰਾਉਂ ਰੁਹੀਲਾ ਮੁਲਿ ਲਏ।੫੪।

ਤਿਸ ਦਾ ਨਾਉਂ ਸ੍ਰੀ ਹਰਿਗੋਬਿੰਦਪੁਰ ਧਰਿਆ। ਡੇਰਾ ਜਾਇ ਉਥੇ ਹੀ ਕਰਿਆ।
ਭਾਈ ਗੁਰਦਾਸ 'ਭੱਲੇ' ਨੂੰ ਸੱਦਿ ਪਾਸ ਬਹਾਇਆ।
ਤਿਸ ਦੇ ਨਾਲ ਬੈਠਿ ਗੁਰਮਤਾ ਪਕਾਇਆ।੫੫।

"ਦਿੱਲੀ ਜਾਣ ਦੀ ਅਸਾਡੀ ਹੈ ਸਲਾਹਿ। ਹਕੀਕਤ਼ ਆਪਣੀ ਜਾਇ ਕਹੀਏ ਬਾਦਸ਼ਾਹਿ।
ਨੇਕ ਸੁਣੀਂਦਾ ਹੈ ਸ਼ਾਹਿ ਜਹਾਨੁ। ਅਸੀਂ ਭੀ ਆਇ ਅਪਨਾ ਕਰੀਏ ਬਖਾਨੁ"।੫੬।

ਭਾਈ ਗੁਰਦਾਸ ਤਬ ਐਸੇ ਕਹਿਆ:
"ਗਰੀਬ ਨਿਵਾਜ਼! ਨਿਆਉਂ ਤੁਰਕਾਂ ਦੇ ਘਰਿ ਨਹੀਂ ਰਹਿਆ।"
ਸਾਹਿਬ ਹੈਨਿ ਸਿਆਣੇ, ਪਰ ਅਵਸਥਾ ਹੈ ਨਿਦਾਨ।
ਮੁਦਈ ਹੈਨਿ ਡਾਢੇ, ਕੀ ਕਰੁਗੁ ਸ਼ਾਹਿ ਜਹਾਨ।੫੭।

---

੧. ਭੱਟ ਵਹੀਆਂ ਦੀ ਲਿਖਤ ਅਨੁਸਾਰ ਬਾਬਾ ਸ੍ਰੀ ਚੰਦ ਜੀ ਦਾ ਦੇਹਾਂਤ ੧੬੮੭ ਬਿ: ਮਾਘ ਸੁਦੀ ਏਕਮ ਨੂੰ ਕੀਰਤਪੁਰ ਹੋਇਆ ਸੀ ਤੇ ਵਿਸਾਖ ਦੀ ਪੂਰਨਮਾਸ਼ੀ ਨੂੰ ਕੀਰਤਪੁਰ ਨਗਰ ਦੀ ਮੋੜ੍ਹੀ ਵੀ ਇਨ੍ਹਾਂ ਹੀ ਗੱਡੀ ਸੀ।

ਸਾਹਿਬ ਗੁਰੂ ਅਰਜਨ ਤੁਸਾਡਾ ਪਲ ਨਹੀਂ ਸੇ ਵਿਸਾਹੁ ਕਰਦੇ।
ਤੁਸਾਂ ਨੂੰ ਖੇਡਣ ਭੀ ਦੂਰ ਨਹੀਂ ਸੇ ਜਾਨਿ ਦੇਂਦੇ, ਰੱਖਣ ਵਿਚ ਨਜ਼ਰ ਦੇ।
ਤੁਸੀਂ ਹੋ ਖਾਵੰਦ, ਅਸਾਂ ਹੈ ਤੁਸਾਡਾ ਅਦਬੁ।
ਸਾਹਿਬ ਤੁਸਾਡੀ ਰਖਿਆ ਵਾਸਤੇ ਉਚਾਰੇ ਆਹੇ ਸਬਦੁ।੫੮।

ਸਾਹਿਬ ਨੂੰ ਤੁਸੀਂ ਸਾਓ ਬਹੁਤ ਪਿਆਰੇ। ਸਾਹਿਬ ਤੁਸਾਨੂੰ ਇਕ ਪਲ ਨਹੀਂ ਸੇ ਕਰਦੇ ਨਿਆਰੇ।
ਲਾਹੌਰ ਟੁਰਦੇ ਹੋਏ, ਤੁਸਾਡੀ ਭੁਜਾ ਅਸਾਡੇ ਸੀਸ ਪਰ ਗਏ ਸੇ ਧਾਰੇ।
ਸੁਣੋ ਸ਼ਬਦ ਜੋ ਸਾਹਿਬ ਤੁਸਾਡੀ ਰਖਿਆ ਦੇ ਆਪ ਰਸਨੀਂ ਉਚਾਰੇ।੫੯।

**ਰਾਗ ਆਸਾ ਮਹਲਾ ੫॥**

'ਸਤਿਗੁਰ ਸਾਚੈ ਦੀਆ ਭੇਜਿ॥ ਚਿਰੁਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥੧॥

ਜੰਮਿਆ ਪੂਤੁ ਭਗਤੁ ਗੋਵਿੰਦ ਕਾ। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥੨॥

ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥
ਮਨ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥੩॥

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥
ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥੪॥'।੬੩।

**ਚਉਪਈ**—ਅਕਾਲ ਪੁਰਖ ਪਿਤਾ ਉਪਰਿ ਸਾਹਿਬ ਮਾਣ ਹੈ ਕੀਤਾ।
ਗੁਰੂ ਨਾਨਕ ਸਾਹਿਬ ਪਾਸੋਂ ਤੁਸਾਨੂੰ ਮੰਗ ਹੈ ਲੀਤਾ।
ਧਰਮ-ਕਲਾ ਦੀ ਵੇਲ ਤੁਸੀਂ ਹੋ ਭਏ। ਚਿਰੰਜੀਵ ਅਸੀਸ ਪਿਤਾ ਤੁਮ ਕੋ ਦਏ।੬੪।

ਗੁਰਿਆਈ ਦੀ ਤੁਸੀਂ ਹੋ ਪੀੜ੍ਹੀ, ਅਸਾਡਾ ਹੋ ਤੁਸੀਂ ਮਾਣੁ। ਮੁਦਈ ਹੈਨਿ ਡਾਢੇ, ਤੁਸੀਂ ਹੋ ਨੈਦਾਨ।
ਜਦਿ ਭਾਈ ਗੁਰਦਾਸ ਇਹੁ ਬਚਨ ਕਹੇ। ਤਬ ਸਾਹਿਬ ਚੁਪਕੇ ਹੋਇ ਰਹੇ।੬੫।

ਭਾਈ ਹੀਰਾ, ਭਾਈ ਮਨਸਾ, ਭਾਈ ਲਾਲ ਚੰਦ,
ਸਭਨਾਂ ਏਹੋ ਸਲਾਹਿ ਦਿੱਤੀ, ਬਚਨ ਕੀਤਾ: "ਨਹੀਂ ਜਾਂਦੇ ਅਨੰਦੁ।"
ਸਿਖ ਸੰਗਤਿ ਸਾਹਿਬ ਪਾਸ ਲਗੇ ਆਵਨ। ਕਥਾ ਕੀਰਤਨ ਹੋਵੈ, ਸਬਦ ਗਾਵਨ।੬੬।

ਸੰਮਤ ਸੋਲਾਂ ਸੈ ਸਤਾਹਟ ਜਬ ਗਏ।
ਕਰਿ ਬਿਆਹੁ ਖਤ੍ਰੀ 'ਲੰਮਾ' ਦੇ ਸਾਹਿਬ ਗੰਗਾ ਜੀ ਨੂੰ ਗਏ।
ਕਰਿ ਇਸਨਾਨ ਲੋਕ ਸਭ ਹੀ ਜਬ ਮੁੜੇ। ਤਾਂ ਸਾਹਿਬ ਉਥੋਂ ਹੀ ਦਿਲੀ ਨੂੰ ਟੁਰੇ।੬੭।

ਪ੍ਰਿਥੀਏ ਨੂੰ ਏਹ ਖਬਰ ਜਬ ਹੋਈ। ਜਦਿ ਸਾਹਿਬ ਦਿਲੀ ਨੂੰ ਗਏ ਉਥੋਂ ਈ।
ਨਾਲਿ 'ਸਾਹੀਆਂ' ਜਾਇ ਮਨਸੂਬਾ ਕਿਤਾ।
ਖਤੁ ਲਿਖਾਇ ਕੁੜਮਾਂ ਵਲਿ ਸਾਹੀਆਂ ਪਠਿ ਦਿੱਤਾ।੬੮।

ਜੋ ਬੇਟਾ ਅਰਜਨ ਸੋਢੀ ਦਾ ਗਇਆ ਹੈ ਫਿਰਿਆਦੀ।
ਤੁਸਾਂ ਦਰਬਾਰ ਦੀ ਰਖਣੀ ਸੁਰਤਿ, ਏਹ ਅਸਾਡੇ ਦੁਸ਼ਮਨ ਹਨਿ ਆਦੀ।
ਸਾਹਿਬ ਅਰਜ਼ੀ ਬਾਦਸ਼ਾਹ ਨੂੰ ਜਾਇ ਪਹੁਚਾਈ।
ਉਥੇ ਆਹੇ ਮੁਸੱਦੀ ਪੁਰੀ ਖਤ੍ਰੀ, ਉਨ੍ਹਾਂ ਗਲਿ ਮਾਰ ਗਵਾਈ।੬੯।

ਹਥੋਂ ਸਾਹਿਬ ਹੋਏ ਕੈਦ, ਗੁਲੀਏਰ ਚੜ੍ਹਾਏ। ਪਿਛੋਂ ਸੁਣ ਕੇ ਸਿਖਾਂ ਬਹੁਤੁ ਦੁਖ ਪਾਏ।
ਪ੍ਰਿਥੀਏ ਹੋਰਾਂ ਮਨ ਆਪਣੇ ਕੀਤੀ ਸ਼ਾਦੀ।
ਨਚਿ ਨਚਿ ਟਪੇ, ਕਹੇ: "ਅਸਾਡੇ ਉਪਰਿ ਗਿਆ ਸੀ ਫਰਿਆਦੀ"।੭੦।

ਨੂਰਜਹਾਂ ਬੇਗਮ ਖਾਵੰਦ ਨੂੰ ਕਹਿਆ ਐਸੇ: "ਫਕੀਰ ਜਾਤ ਹੈ ਸਾਂਈ ਦੀ, ਸਾਂਈ ਜੈਸੇ।
ਤੱਦੀ ਨਹੀਂ ਕਰੀਏ, ਕਿਸੇ ਦੇ ਕਹੇ ਕਹਾਏ। ਫਕੀਰ ਦੀ ਮਾਰੀ ਕੋਈ ਨਹੀਂ ਹਟਾਏ"।੭੧।

ਸਾਹਿਬ ਨਾਲ ਦੇ ਸਿਖ ਸਭ ਛਡੇ ਟੋਰ। ਇਕ ਆਪ, ਦੁਇ ਸਿਖ ਨਾਲਿ ਰਖੇ ਹੋਰੁ।
ਅਨਾਜੁ ਰਸਤੁ ਤੁਰਕ ਦੀ ਸਾਹਿਬ ਨਹੀਂ ਖਾਵਣ। ਭੋਰ-ਭਿਖਿਆ ਸਿਖ ਕਰਿ ਲੈ ਆਵਣ।੭੨।

ਸੋਈ ਸਾਹਿਬ, ਸੋਈ ਸਿਖ ਦੁਇ ਖਾਵਣ।
ਇਕ ਗਜਾਧਰ ਇਕ ਹਰਿਦਾਸ, ਇਹ ਦੁਇ ਨਾਮ ਕਹਾਵਨ।
ਦਿਨ ਇੱਕੀ ਜਦ ਸਾਹਿਬ ਗੁਜ਼ਾਰੇ। ਤਬ ਦੋਨੋ ਸਿਖ ਹਥ ਜੋੜ ਪੁਕਾਰੇ।੭੩।

"ਗਰੀਬ ਨਿਵਾਜ ਟੁਰਨੇ ਦੀ ਹੈ ਕਿ ਨਹੀਂ ਸਲਾਹ।"
ਬਚਨੁ ਕੀਤਾ: "ਜੋ ਆਵੈ ਤੁਸਾਡੇ ਮਨ ਮਾਹਿ।"
ਸਿਖਾਂ ਕਹਿਆ, "ਜੀ ਭਲਕੇ ਇਕੇ ਪਰਸੋਂ ਟੁਰੋ।" ਬਚਨ ਸਿਖ ਦਾ ਸਤਿ ਕਰੁ ਫੁਰੇ।੭੪।

ਬੰਦ ਹੂਆ ਛਤ੍ਰਪਤਿ[1] ਦਾ ਪਿਸ਼ਾਬੁ। ਲਗੇ ਹਕੀਮ ਹੋਇ ਰਹੇ ਖਰਾਬੁ।
ਪਿਸ਼ਾਬ ਖਲਾਸ ਨ ਮੂਲੇ ਹੋਵੈ। ਸ਼ਾਹ ਮਾਰੇ ਹੱਥ ਨਾਲੇ ਰੋਵੈ।੭੫।

ਇਕ ਸਿਖ ਬਣਿਆ ਹਕੀਮ, ਸੋ ਕੂਕਦਾ ਫਿਰੇ। "ਦਾਰੂ ਹੈ ਸਭ ਰੋਗ ਦਾ, ਜੇ ਕੋਈ ਕਰੇ।"
ਸੋ ਕੂਕਦਾ ਪੁਕਾਰਦਾ ਆਇਆ ਦਰਬਾਰ ਦੇ ਅਗੇ। ਲੋਕ ਸੁਣ ਕੇ ਤਿਸ ਨੂੰ ਆਖਣ ਲਗੇ।੭੬।

"ਪਾਤਸ਼ਾਹ ਦਾ ਪਿਸ਼ਾਬ ਕਰੇਗਾ ਖਲਾਸ?"
ਸਿਖ ਕਹਿਆ: "ਰੁਪਯੇ ਪੰਜਾਹ ਲੈਗੁ, ਦੁਖ ਕਰੂੰਗੁ ਨਾਸ।"
ਉਸ ਹਕੀਮ ਸਿਖ ਨੂੰ ਪਾਤਸ਼ਾਹ ਪਾਸ ਲੈ ਗਏ। ਹਕੀਮ, ਸਿਖ ਨੂੰ ਵੇਖ ਕੇ ਅਚਰਜੁ ਭਏ।੭੭।

ਹਕੀਮਾਂ ਕਹਿਆ: "ਕਛੁ ਦਾਰੂ, ਦੱਸੁ ਦੇਖ ਕੇ ਹਥਿ।"
ਤਿਨ ਕਹਿਆ: "ਮੈਂ ਨਾਰ[2] ਨਹੀਂ ਦੇਖ ਜਾਣਦਾ ਅਤੇ ਕੁਛ ਮੇਰੇ ਪਾਸ ਨਹੀਂ ਵਥੁ।
ਦਾਰੂ ਪੁੜੀ ਦੇ ਕੇ ਮੂਤਰ ਕਢਿ ਦੈਗੂ। ਰੁਪਯੇ ਪੰਜਾਹ ਹਉ ਲੈਗੁ।੭੮।

ਰੁਪਯੇ ਪੰਜਾਹ ਉਨਾਂ ਸਿਖ ਨੂੰ ਬੇਗ ਹੀ[3] ਕਢਿ ਦਿਤੇ।
ਸਿਖ ਰੁਪਯੇ ਲੈ ਕੇ ਗਿਣਿ ਪਲੇ ਬੰਨ੍ਹਿ ਲਿਤੇ।
ਪੁੜੀ ਇਕੁ ਸੁਆਹ ਦੀ ਕਢਿ ਦੇਵਤਿ ਭਇਆ। ਖਾਂਦੇ ਪੁੜੀ ਪਿਸ਼ਾਬ ਅੱਧਾ ਛੁੱਟ ਗਇਆ।੭੯।

---

੧. ਬਾਦਸ਼ਾਹ ਜਹਾਂਗੀਰ। ੨. ਨਾੜ, ਨਬਜ਼। ੩. ਛੇਤੀ ਨਾਲ।

ਹਕੀਮ ਸਿਖ ਦੀ ਚੰਗੀ ਫੁਰੀ। ਅਗਲੇ ਹਕੀਮੁ ਸਭ ਗਏ ਰੁੜ੍ਹੀ।
ਦਿਨ ਚਾਰ ਸਿਖ ਇਸ ਭਾਂਤਿ ਗੁਜ਼ਾਰੇ। ਸ਼ਾਹ ਪਿਸ਼ਾਬੁ ਖਲਾਸੁ ਨ ਹੋਵੈ ਸਾਰੇ।੮੦।

ਅੱਧਾ ਛੂਟੈ, ਅੱਧਾ ਮਧ ਰਹੇ। ਸ਼ਾਹ ਬੇਨਤੀ ਸਿਖ ਪ੍ਰਤਿ ਕਰੇ:
"ਮੇਰੀ ਖਲਾਸੀ ਕਰੀਏ ਸਾਰੀ। ਚਾਹੇ ਲੀਜੈ ਹਾਥੀ ਸਮੇਤ ਅੰਬਾਰੀ"।੮੧।

ਸਿਖ ਕਹਿਆ: "ਸੁਨੀਏ ਬਾਦਸ਼ਾਹ! ਮਾਰੇ ਖੁਦਾਇ, ਜੀਵਾਉ ਤਾਹ।"
ਫਕੀਰ ਦੀ ਮਾਰਿ ਮੁਝ ਤੇ ਚੰਗੀ ਨਹੀਂ ਹੋਵੈ। ਖੁਦਾਇ ਦੀ ਮਾਰੀ ਫਕੀਰ ਮੋੜ ਖਲੋਵੈ।੮੨।

ਤਬ ਬੰਦੀਖਾਨਾ ਸਭ ਭਇਆ ਖਲਾਸ। ਆਏ ਸਿਪਾਹੀ ਸਾਹਿਬ ਪਾਸ।
ਕਹਿਆ: "ਤੁਸੀਂ ਭੀ ਜਾਓ। ਬਾਦਸ਼ਾਹ ਹੈ ਫੁਰਮਾਇਆ।"
ਬਚਨ ਕੀਤਾ: "ਅਸਾਂ ਨਿਆਉਂ ਕੁਛ ਨਹੀਂ ਪਾਇਆ"।੮੩।

ਸਿਪਾਹੀ ਆਏ ਮੁੜਿ ਸ਼ਾਹੇ ਪਾਸ।
ਤਿਨ ਕਹਿਆ: "ਜੀ ਨਿਆਉ ਨਹੀਂ ਪਾਇਆ।" ਕਹੇ ਰਾਮਦਾਸ।
ਸ਼ਾਹ ਕਹਿਆ: "ਆਇ ਹਾਜ਼ਰ ਕਰੋ। ਲੀਜੈ ਨਿਆਉ, ਮੂਲ ਨ ਡਰੋ"।੮੪।

ਸਾਹਿਬ ਰੋਬਰੋ[1] ਸ਼ਾਹ ਦੇ ਆਏ। ਸਿਖ-ਹਕੀਮ ਜਾਇ ਚਰਨੀਂ ਲਪਟਾਏ।
ਸਾਹਿਬ ਬੈਠਾਏ ਸਿਖ ਅਪਨੇ ਆਸਨਿ। ਸਿਖ ਬੈਠਾ ਤੀਰ, ਜਿਉ ਬਹਿੰਦੇ ਦਾਸਨ।੮੫।

ਬਚਨ ਕੀਤਾ: "ਸਿਖਾ ਤੂ ਏਥੇ ਕੀਕੂ ਆਇਆ?" ਕਹੇ: "ਜੀ ਅੰਨ-ਜਲ ਹੈ ਟੋਰ ਲੈ ਆਇਆ।"
"ਕਹੁ ਕੁਛ ਸ਼ਾਹ ਦੀ ਕੀਤੀ ਹੀ ਕਾਰੀ?"
"ਗਰੀਬ ਨਿਵਾਜ਼! ਸਭ ਕਿਛੁ ਹੋਵੈ ਤੇਰੇ ਬਚਨ ਅਨੁਸਾਰੀ"।੮੬।

ਬਚਨ ਕੀਤਾ: "ਕਰੁ ਸ਼ਾਹ ਦੀ ਬੇਗ ਖਲਾਸੀ।"
ਸਿਖ ਕਹਿਆ: "ਜੀ ਹੁਣ ਹੋਈ ਤੇਰੀ ਮਿਹਰ ਨਿਵਾਸੀ।"
ਬਚਨ ਕੀਤਾ: "ਦੇਹਿ ਬੇਗ ਕਾਈ ਚੰਗੀ ਪੁੜੀ।"
ਸਿਖ ਕਹਿਆ: "ਜੀ ਤੁਧ ਰਖਣੀ ਹੈ ਬੇੜੀ ਜਾਂਦੀ ਰੁੜ੍ਹੀ"।੮੭।

ਸਿਖ ਪੁੜੀ ਕਢਿ ਦਿਤੀ ਸ਼ਿਤਾਬ। ਮੂਹੁ ਪਾਂਦੇ ਹੀ ਛੁਟ ਗਿਆ ਪਿਸ਼ਾਬੁ।
ਤਾਜ਼ਾ ਹੋਆ ਬੇਗ ਪਾਤਸ਼ਾਹ। ਸਾਹਿਬ ਦੀ ਸਭ ਹਕੀਕਤ ਸੁਣੀ ਕਰਿ ਚਾਹ।੮੮।

ਸੁਣਦੇ ਹੀ ਅਪਨੀ ਹਥੀਂ ਪਰਵਾਨਾ ਸਾਹਿਬ ਨੂੰ ਲਿਖ ਦੀਆ।
ਸੂਬੇ ਲਾਹੌਰ ਚਾਹੀਐ ਰਾਮਦਾਸ ਰਾਜ਼ੀ ਕੀਆ।
ਸਾਹਿਬ ਲੈ ਫੁਰਮਾਨੁ ਖਾਸਗੀ ਆਏ ਲਹੌਰੁ। ਮਿਲਿ ਨਵਾਬ ਨੂੰ ਕਹਿਆ: "ਦੇਹ ਅਸਾਡੇ ਚੋਰ"।੮੯।

ਉਥੋਂ ਟੁਰਦੀ ਵੇਰੀ ਸ਼ਾਹਿ ਜਹਾਂ[2] ਇਹੁ ਸੁਖਨ ਸੇ ਅਲਾਇ:
"ਮੇਰੀ ਗੁਨਾਹ ਮਾਫੁ ਕਰਨਾ, ਮੈਂ ਕੀਤੀ ਸੀ ਕਿਸੇ ਦੇ ਕਹੇ ਕਹਾਇ।"
ਅਤੇ ਡਿਠੀ ਗਲਿ ਮੋਤੀ ਸਾਹਿਬ ਦੇ ਮਾਲ, ਬਾਦਸ਼ਾਹ ਦਾ ਮਨ ਲੁਭਾਣਾ।
ਬਚਨ ਕੀਤਾ: "ਤੁਸਾਂ ਨੂੰ ਮੋਤੀ ਭੇਜਾਂਗੇ ਇਸ ਦੇ ਨਾਲ"।੯੦।

---

੧. ਸਾਹਮਣੇ। ੨. ਇਹ ਸੰਵਾਦ ਜਹਾਂਗੀਰ ਨਾਲ ਹੈ, ਸ਼ਾਹਜਹਾਂ ਨਾਲ ਨਹੀਂ।

ਨਾਲੇ ਬਚਨ ਕੀਤਾ: "ਸਭ ਦਾ ਲੇਖਾ ਖੁਦਾਇ ਹੈ ਲੈਣਾ।
ਅਸਾਡੇ ਖੇਦ ਦਾ ਬਦਲਾ, ਤੁਸਾਂ ਨੂੰ ਪੁਤੁ ਹੈ ਦੇਣਾ।"
ਦਰਿ ਸਾਹਿਬ ਦੇ ਨਿਆਉਂ ਸੁਣੀਂਦਾ। ਇਥੇ ਐਲਾ-ਮੈਲਾ, ਉਥੇ ਹਛਾ ਹੈ ਪੁਣੀ ਦਾ।੯੧।

ਸੂਬੇ ਲਹੌਰ ਦੇ 'ਸਾਹੀ' ਦਿਤੇ ਪਕੜਾਇ। ਪ੍ਰਿਥੀਏ ਕੇ ਡਰੇ ਛਪੇ ਕਿਧਰੇ ਜਾਇ।
ਸਾਹਿਬ ਸਾਹੀ ਪਕੜਾਇ ਆਂਦੇ ਗਲਿ ਰੱਸੇ ਪਾਇ।
ਆਖਣ ਲੱਗੇ: "ਜੀ ਤੁਸਾਡੇ ਤਾਏ ਪ੍ਰਿਥੀਏ ਸਿਖਾਇ ਆਇ"।੯੨।

ਬਿਸਟਾ ਦੇ ਤੋਬਰੇ ਬਦਨ ਚੜ੍ਹਾਏ। ਨਗਰ ਲਹੌਰ ਵਿਚਿ ਸਾਰੇ ਫਿਰਾਏ।
ਦਸ ਦਸ ਪਉਲ੍ਹੇ ਕਹਿਆ, ਬਣੀਆਂ ਸਿਰ ਮਾਰੇ। ਅਰੁ ਮੁਖ ਤੇ ਐਸੇ ਬਚਨ ਉਚਾਰੇ।੯੩।

ਜੇਹੀ ਕੀਤੀ ਚੰਦੂ ਸ਼ਾਹੀ ਖਤ੍ਰੀ, ਹਥੋ ਹਥੀ ਪਾਇ ਮਾਰਿਆ ਛਿਤ੍ਰੀਂ।
ਜ਼ਨਾਨੇ ਸਭ ਪਕੜ ਮੰਗਾਏ। ਇਕ ਨੂੰਹ ਸੀ ਉਨ੍ਹਾਂ ਦੀ ਚੰਗੀ, ਸੋ ਪੇਕੇ ਦਿੱਤੀ ਭਿਜਾਇ।੯੪।

ਟੱਬਰ ਸਾਹੀਆਂ ਦਾ ਸਾਰਾ ਮਰਵਾਇਆ। ਤਬ ਪ੍ਰਿਥੀਏ ਦਾ ਪੁਤ੍ਰ ਮਿਹਰਵਾਨ ਭੀ ਆਇਆ।
ਬਚਨ ਕੀਤਾ: "ਅਸਾਡੇ ਮੂੰਹੁ ਨ ਲਗੋ, ਉਠਿ ਜਾਓ ਨਿਜ ਧਾਮ।
ਅਸੀਂ ਨਹੀਂ ਕਰਨਾ, ਜੋ ਏਨਾ ਕੀਤਾ ਕਾਮ"।੯੫।

ਲੈ ਕੇ ਵੈਰੁ ਸਾਹਿਬ ਗਏ ਦੁਆਬੇ।
ਮਿਲੇ ਜਾਇ ਆਪਣਿਆਂ ਮਨੁਖਾਂ ਨੂੰ, ਉਹੁ ਸਭ ਆਤੁਰ ਸੇ ਆਗੇ।
ਓਥੇ ਜਾਗ੍ਹਾ ਲੈ ਕੇ ਇਕੁ ਥੇਹੁ ਬੰਧਵਾਇਆ। ਨਾਉਂ ਤਿਸ ਦਾ 'ਕਰਤਾਰਪੁਰ' ਰਖਾਇਆ।੯੬।

ਅਪਨੀ ਹਥੀਂ ਧਰਿਆ ਥੰਮ੍ਹੁ। ਕੀਤਾ ਪੱਕਾ ਨਿਹਚਲੁ ਕੰਮੁ।
ਸੰਮਤੁ ਸੋਲਾਂ ਸੈ ਅਠਾਹਟਿ ਬੀਤੇ। ਫੇਰ ਸਾਹਿਬ ਆਏ ਅੰਮ੍ਰਿਤਸਰ ਜੀ ਤੇ।੯੭।

ਸ਼ਾਹਿਜਹਾਂ ਨੂੰ ਮੋਤੀਆਂ ਦੀ ਮਾਲਾ ਸਾਹਿਬ ਦੇਣੀ ਸੇ ਕਰਿ ਆਏ।
"ਜੇ ਅਸਾਡੀ ਲੋਟੀ ਮੁੜੀ, ਤਾਂ ਅਸੀਂ ਦਿਆਂਗੇ ਭਿਜਵਾਏ।"
ਸਾਹੀਆਂ ਦੇ ਕੁੜਮੁ ਪੁਰੀ ਖਤ੍ਰੀ ਉਥੇ ਆਹੇ ਮੁਸੱਦੀ।
ਉਨ੍ਹਾਂ ਫੇਰ ਕੀਤੀ ਚੁਗਲੀ: "ਜੀ ਮੋਤੀ ਨ ਪਹੁਤੇ ਕਹਿ ਗਏ ਸੇ ਤਦੀ"।੯੮।

ਉਥੋਂ ਮੋਤੀ ਲੈਣ ਵਾਸਤੇ ਆਏ ਸਿਪਾਹੀ।
ਏਨਾਂ ਬਚਨ ਕੀਤਾ: "ਭਾਈ ਅਸੀਂ ਹਾਂ ਫਕੀਰ, ਮੋਤੀ ਅਸਾਡੇ ਪਾਸ ਨਾਹੀ।"
ਉਹ ਗਏ ਮੁੜਿ, ਸਾਹਿਬ ਪਰਦਾ ਕਰਿ ਉਠਿ ਗਏ ਕਸ਼ਮੀਰ।
'ਪੁਰੀਆਂ' ਫੇਰ ਚੁਗਲੀ ਕਰਿ ਅਹਿਦੀ[੧] ਭਿਜਵਾਏ ਸਾਹਿਬ ਤੀਰ।੯੯।

ਸਾਹਿਬ ਗਏ ਸੇ ਕਸ਼ਮੀਰ, ਸਿਖਾਂ ਕੁਛ ਟਕੇ ਦੇ ਕੇ ਅਹਿਦੀ ਛਡੇ ਮੋੜ।
ਨੂਰਜਹਾਂ ਬੇਗਮ ਸੁਣਿ ਕੇ, ਪਤਿ ਨੂੰ ਛੱਡਿਆ ਹੋੜ।
"ਫਕੀਰ ਦਾ ਪਿਛਾ ਹਜ਼ਰਤ ਨ ਕਰੀਏ।
ਫਕੀਰ ਹੈਨ ਸਾਂਈ ਦੀ ਜ਼ਾਤਿ ਤਿਸ ਪਾਸੋਂ ਡਰੀਏ"।੧੦੦।

---

੧. ਸਿਪਾਹੀ।

ਫੇਰ ਖਤ੍ਰੀ ਚੁਗਲੀ ਕਰਿ ਝਖ ਮਾਰ ਰਹੇ। ਬਾਦਸ਼ਾਹ ਨ ਮੰਨੇ, ਭਾਵੇਂ ਕੋਈ ਕਿਤਨਾ ਕਹੇ।
ਸੰਮਤ ਸੋਲਾਂ ਸੈ ਉਨਤ੍ਰਵੈ ਸਾਹਿਬ ਕਸ਼ਮੀਰੋਂ ਆਏ।
ਗੋਇੰਦਵਾਲੋਂ ਖਤ੍ਰੀ ਮਰਵਾਹੇ ਡੋਲਾ ਲੈ ਆਏ।੧੦੧।

ਬਿਆਹੁ ਤੀਜਾ ਇਹੁ ਸਾਹਿਬ ਕੀਤਾ।
ਇਕ ਮਾਤਾ ਮਦੋਦਰੀ ਬੇਟੀ ਸੂਹੜੀਆਂ ਦੀ ਸੋ ਪਹਿਲੇ ਸੀ ਕਰਿ ਲੀਤਾ।
ਦੂਜੇ ਮਾਤਾ ਨਾਨਕੀ ਬੇਟੀ ਲੰਮਾ ਦੀ ਰਮਦਾਸਪੁਰੋਂ ਵਿਆਹੀ।
ਤੀਜੇ ਮਾਤਾ ਮਹਾਂਦੇਵੀ, ਗੋਇੰਦਵਾਲੋਂ ਮਰਵਾਹੀ।੧੦੨।

ਸੰਮਤੁ ਸੋਲਾਂ ਸੈ ਸਤ੍ਰਵੇਂ ਬਾਬੇ ਗੁਰਦਿਤੇ ਜੀ ਜਨਮੁ ਲੀਤਾ[੧]।
ਮਾਤਾ ਮਦੋਦਰੀ ਦੇ ਉਦਰੋਂ ਡੇਰਾ ਕਰਤਾਰਪੁਰ ਸੀ ਕੀਤਾ।
ਦੂਜੇ ਅਨੀਰਾਇ ਜੀ ਜਨਮੇ, ਸੰਮਤੁ ਸੋਲਾਂ ਸੈ ਬਹਤ੍ਰ ਬੀਤੇ।
ਸਕੇ ਭਾਈ ਬਾਬੇ ਗੁਰਦਿਤੇ ਦੇ ਸਹੀ ਕੀਤੇ।੧੦੩।

ਫੇਰ ਸੂਰਤਿ ਸਿੰਘ ਜੀ ਜਨਮੇ ਮਾਤਾ ਮਰਵਾਹੀ ਕੇ ਧਾਮ।
ਸਾਹਿਬ ਕਰਨ ਲਗੇ ਸ਼ਸਤ੍ਰ ਵਿਦਿਆ ਦਾ ਕਾਮ।
ਖਾਕ-ਤੋਦੇ ਹਛੇ ਬਨਵਾਏ। ਸਾਹਿਬ ਪਕੜ ਕਮਾਨ ਤੀਰ ਚਲਾਏ।੧੦੪।

ਸੰਮਤੁ ਸੋਲਾਂ ਸੈ ਤਿਹਤ੍ਰਵੇ ਸ੍ਰੀ ਹਰਿਗੋਬਿੰਦ ਪੁਰੇ। ਸਾਹਿਬ ਅਟਲ ਰਾਇ ਜੀ ਜਨਮ ਧਰੇ।
ਮਾਤਾ ਮਰਵਾਹੀ ਦੇ ਉਦਰ ਤੇ ਆਏ। ਸੂਰਤਿ ਸਿੰਘ ਅਟਲ ਰਾਇ ਜੀ ਸਕੇ ਭਾਈ ਕਹਾਏ[੨]।੧੦੫।

ਬੇਟੀ ਕੁਮਰਾਵਾਂ ਦੀ ਮਾਤਾ ਕਉਲੋ ਚਉਥਾ ਡੋਲਾ ਵਿਆਹਿਆ।
ਅਗੋਂ ਸਾਹਿਬ ਸਿਖਾਂ ਨੂੰ ਐਸੇ ਫੁਰਮਾਇਆ :
"ਭਾਈ ਸਿਖੋ! ਫੇਰ ਨ ਕੋਈ ਡੋਲਾ ਇਥੇ ਲਿਆਵੈ।"
ਸਿਖਾਂ ਕਹਿਆ : "ਗਰੀਬ ਨਿਵਾਜ, ਜੋ ਤੁਧ ਭਾਵੈ"।੧੦੬।

ਸੰਮਤੁ ਸੋਲਾਂ ਸੈ ਚਉਹਤ੍ਰ ਭਏ। ਮਾਤਾ ਨਾਨਕੀ ਦੇ ਉਦਰੋਂ ਬੀਬੀ ਵੀਰੋ ਜਨਮੁ ਲਏ।
ਸਾਹਿਬ ਪਕੜੀ ਤੇਗ ਰਖਣ ਲਗੇ ਚਾਕਰ। ਖੇਡਨ ਸ਼ਿਕਾਰ ਸਿਖਾਂ ਨੂੰ ਨਾਲਿ ਲੈ ਜਾ ਕਰ।੧੦੭।

ਸੰਮਤੁ ਸੋਲਾਂ ਸੈ ਅਠਤ੍ਰ ਜਬ ਬੀਤੇ।
ਗੁਰੂ ਤੇਗ ਬਹਾਦਰ ਮਾਤਾ ਨਾਨਕੀ ਦੇ ਉਦਰੋਂ ਜਨਮੁ ਲੀਤੇ।
ਸ੍ਰੀ ਰਾਮਦਾਸ ਪੁਰ ਵਿਚਿ ਜਨਮ ਧਾਰੇ। ਪੰਜਵੇਂ ਏਹੁ ਨਿਕੜੇ ਵੱਡੇ ਅਗੇ ਚਾਰੇ।੧੦੮।

ਮੇਲਾ ਵੈਸਾਖੀ ਦਾ ਆਇਆ; ਸੰਗਤਿ ਬਹੁਤ ਆਈ। ਲੈਨ ਗੁਰਦੀਖਿਆ, ਲਗਨਿ ਚਰਨੀਂ ਜਾਈ।
ਤਾਂ ਸਾਹਿਬ ਚਾਲਾ ਐਸਾ ਠਹਿਰਾਇਆ। ਸਿਖਾਂ ਨੂੰ ਆਪ ਰਸਨੀਂ ਸਮਝਾਇਆ।੧੦੯।

"ਵਾਸੀ ਵਿਚਿ ਜਿਥੈ ਹੋਵੈ ਧਰਮਸਾਲ। ਸਿਖ ਮਿਲਿ ਬੈਠਣ ਰਸ-ਮੁਹਬਤਿ ਨਾਲ।
ਸਬਦ ਸਾਖੀ ਗ੍ਰੰਥ ਪੋਥੀ ਪੜ੍ਹੀਐ। ਕੀਰਤਨੁ, ਕਥਾ ਗੁਰ-ਚਰਚਾ ਕਰੀਐ।੧੧੦।

---

੧. ਬਾਬਾ ਗੁਰਦਿੱਤਾ ਜੀ ਦਾ ਜਨਮ ਸੰਮਤ ੧੬੬੫ ਬਿ: ਨੂੰ ਡਰੋਲੀ ਵਿਖੇ ਹੋਇਆ। ੨. ੧੬੬੫ ਤੋਂ ੧੬੭੬ ਬਿ: ਤਕ ਗੁਰੂ ਜੀ ਨਜ਼ਰਬੰਦ ਰਹੇ, ਇਸ ਕਰਕੇ ਇਹ ਵਿਆਹ ਦੇ ਸਾਲ ਸੰਮਤ ਸਹੀ ਨਹੀਂ।

'ਜਿਸ ਨੂੰ ਸਿਖ ਹੋਵਨ ਦੀ ਹੋਵੈ ਅਤਿ ਚਾਹ। ਸੋ ਉਥੇ ਚਲਿ ਜਾਵੈ ਖਾਹ ਮਖਾਹ।
ਹਛਾ ਸੁਚਾ ਕਟੋਰਾ ਕਰਿ ਵਿਚਿ ਪਾਣੀ ਪਾਣਾ।
ਪੰਜਾਂ ਸਿੱਖਾਂ ਦੇ ਅੰਗੂਠੇ ਸੱਜੇ ਪੈਰ ਉਪਰਿ ਪਾਣੀ ਵਹਾਣਾ।੧੧੧।

ਤਿਸ ਪਾਣੀ ਉਪਰਿ 'ਜਪੁ' ਪੰਜ ਪਉੜੀਆਂ ਪੜ੍ਹਨਾ।
ਫੇਰ ਪੰਜ ਪਉੜੀਆਂ ਅਨੰਦ ਉਚਰਨਾ।
ਸੋ ਪਾਣੀ ਸਿਖ ਨੂੰ 'ਚਰਨਾਮ੍ਰਿਤ' ਕਰਿ ਦੇਣਾ। ਕਰਿ ਅਰਦਾਸ ਪ੍ਰਸਾਦ ਵਰਤਾਇ ਲੈਣਾ।੧੧੨।

ਉਪਦੇਸ਼ ਕਰਿ ਸਿਖੀ ਦਾ ਸਿਖ ਨੂੰ ਨਾਲਿ ਮਿਲਾਣਾ।
ਬਿਨਾ ਗੁਰੂ ਕੇ ਘਰੁ, ਸਿਖ ਹੋਰਥੇ ਨ ਜਾਣਾ।
ਧਰਮ ਦੀ ਕਿਰਤ, ਕੁਸੰਗਤਿ ਦਾ ਤਿਆਗੁ। ਉਹੁ ਸਿਖ ਗੁਰੂ ਕਾ ਹੋਆ ਉਜਲ ਭਾਗੁ।੧੧੩।'

ਐਸੇ ਗੁਰ ਦੀਖਿਆ ਸਾਹਿਬ ਠਹਰਾਈ। ਆਵਣ ਜੋ ਲਗੀ ਬਹੁਤ ਲੋਕਾਈ।
ਇਕ ਸਮੇ ਜੋ ਸੰਗਤਿ ਆਈ। ਸਾਥੁ ਰੰਗਾ ਦਾ ਚਲਿਆ ਜਾਈ।੧੧੪।

ਕਿਸੇ ਬੁੱਢੀ ਦਾ ਬੇਟਾ ਮਰਿ ਗਿਆ। ਉਹੁ ਪਈ ਰੋਵੈ, ਸਾਥ ਸਾਰਾ ਟੁਰ ਗਿਆ।
ਸਾਹਿਬ ਅਟਲ ਰਾਇ ਜੀ ਬਾਲ ਇਆਣੇ। ਖੇਡਦੇ ਫਿਰਨ, ਕਛੁ-ਬਾਤ ਨ ਜਾਣੇ।੧੧੫।

ਖੇਲਤ ਫਿਰਤਿ ਤਹਾਂ ਹੀ ਆਏ। ਜਹਾਂ ਵਹੁ ਬੁਢੀਆ ਰੋਵੈ ਕੁਰਲਾਏ।
ਪੂਛਾ: "ਯਹਿ ਕਿਉ ਰੋਵਤੇ ਹੈ ਨਾਰੀ?"
ਕਹਿਆ: "ਜੀ ਬੇਟਾ ਇਸ ਕਾ ਗਿਆ ਜਮਧਾਮ ਸਿਧਾਰੀ"।੧੧੬।

ਆਠ ਬਰਸ ਕੇ ਯਹਿ ਬਾਲ ਨੈਦਾਨ।
ਤਿਨ ਪਾਂਉ ਲਗਾਇ ਕਹਿਆ: "ਵੋ ਉਠ ਖਾਂ ਜੁਆਨ।"
ਰਾਮ! ਰਾਮ!! ਕਹਤਾ ਵਹੁ ਨਰ ਉਠ ਖੜੋਤਾ।
ਖਬਰ ਗਈ ਹਜੂਰਿ: ਅਟਲ ਰਾਇ ਜੀਵਾਇਆ ਨਰੁ ਮੂਆ ਹੋਤਾ।੧੧੭।

ਗੁਰੂ ਹਰਿਗੋਬਿੰਦ ਜੀ ਸੱਦੇ ਅਟੱਲ ਰਾਇ।
ਕਹਿਆ: "ਬੇਟਾ ਮੰਦਾ ਕੀਤਾ, ਜੋ ਫੇਰੀ ਖਾਵੰਦ ਦੀ ਰਜ਼ਾਇ।
ਰਜ਼ਾਇ ਸਾਂਈ ਦੀ ਬੇਟਾ ਕਿਸੇ ਨਹੀਂ ਫੇਰੀ।
ਇਹ ਗੱਲ ਬੇਟਾ! ਤੁਸਾਂ ਕੀਤੀ ਬਹੁਤੁ ਮੰਦੇਰੀ"।੧੧੮।

ਅਟਲ ਰਾਇ ਜੀ ਗੁੱਸਾ ਕਰਿ ਘਰਿ ਉਠਿ ਆਏ। ਆਵਤ ਤਿਆਗੀ ਦੇਹ, ਦਿਵਪੁਰਿ ਸਿਧਾਏ।
ਕੀਆ ਸਿਸਕਾਰ ਕਉਲਸਰ ਤੀਰ।
ਬਚਨ ਕੀਆ: "ਐਸਾ ਗੁੱਸਾ ਕਰਿ ਤਿਆਗਿਆ ਸਰੀਰੁ"।੧੧੯।

ਸੰਮਤ ਸੋਲਾਂ ਸੈ ਬਿਆਸੀ ਹੋਵਤ ਭਏ। ਬੀਬੀ ਵੀਰੋ ਦਾ ਵਿਆਹੁ ਭਲਿਆਂ ਕੋ ਦਏ।
ਕੀਤੀ ਤਿਆਰੀ ਮਿਠਿਆਈ ਤਲਾਈ। ਸਾਹੀਆਂ ਕੀਤੀ ਚੁਗਲੀ ਲਹੌਰੋਂ ਖਬਰ ਆਈ।੧੨੦।

ਜਿਹੜੇ ਮਰਵਾਏ ਆਹੇ ਸਾਹੀ। ਉਨ੍ਹਾਂ ਦੇ ਕੁੜਮ ਸਕੇ ਸ਼ਰੀਕ ਮੁਸੱਦੀ ਗੁਰੂ ਕੇ ਵੈਰੀ ਆਹੀ।
ਕੋਠੇ ਮਿਠਿਆਈ ਦੇ ਭਰੇ ਰਹੇ ਰਮਦਾਸਪੁਰੇ। ਸਾਹਿਬ ਕਰਤਾਰਪੁਰ ਨੂੰ ਕੂਚ ਕਰਿ ਟੁਰੇ।੧੨੧।

ਕਰਤਾਰਪੁਰ ਆਇ ਬੀਬੀ ਵੀਰੋ ਵਿਆਹਿ ਦਿਤੀ।
ਅਤੇ ਬਾਬੇ ਗੁਰਦਿਤੇ ਦੀ ਕੁੜਮਾਈ ਅਗੇ ਹੀ ਆਹੀ ਕਿਤੀ।੧੨੨।

ਸਾਹਿਬ ਮਨਸਾ ਧਾਰੀ: ਜੋ ਚੜ੍ਹਿ ਆਵੈ ਕੋਈ, ਤਾਂ ਜੁਧ ਕਰਨਾ।
ਉਠਿ ਨਹੀਂ ਜਾਣਾ ਇਥੋਂ, ਸਨਮੁਖ ਹੋਇ ਲੜਨਾ।
ਬਾਬੇ ਗੁਰਦਿਤੇ ਦਾ ਕੀਤਾ ਕਰਤਾਰਪੁਰੇ ਬਿਆਹੁ।
ਮਾਤਾ ਕਰਮ ਭਰੀ ਬੇਟੀ ਸੇਖੜੀਆਂ ਖਤ੍ਰੀਆਂ ਦੀ ਆਈ ਘਰ ਮਾਹਿ।੧੨੩।

ਫੇਰ ਸੂਰਤਿ ਸਿੰਘ ਜੀ ਘਰਿ ਸੁਭਿਖੀਆਂ ਦੇ ਵਿਆਹੇ।
ਨਾਨਕੇ ਸੂਰਤਿ ਸਿੰਘ ਦੇ ਗੋਇੰਦਵਾਲ ਮਰਵਾਹੇ।
ਸੰਮਤੁ ਸੋਲਾਂ ਸੈ ਚੜ੍ਹਿਆ ਤ੍ਰੈ ਅੱਸੀ। ਸਾਹਿਬ ਗੁਰੂ ਹਰਿਗੋਬਿੰਦ ਜੀ ਤਬ ਕਮਰ ਕੱਸੀ।
ਤੇਗ ਸਿਪਰ ਗਹਿ ਉਰ ਮੋ ਧਾਰੀ। ਜੁਧ ਕਰਨ ਦੀ ਮਨਸਾ ਭਈ ਕਰਾਰੀ।।੧੨੪।

ਬਚਨ ਗੁਰੂ ਨਾਨਕ ਸਾਹਿਬ ਹੈਸੀ ਕਹਿਆ। ਸਮਾ ਸੋਈ ਆਇ ਹੈ ਰਹਿਆ।
ਬਾਬਰ ਨਾਲਿ ਜਬਾਬ ਸੁਆਲ ਜੋ ਆਹਾ ਕੀਤਾ। ਸੋਈ ਬਚਨ ਸਚੁ ਕਰਿ ਲੀਤਾ।੧੨੫।

'ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥'
ਬਾਬਰ ਨੂੰ ਸਾਹਿਬ ਕਹਿਆ ਹੈਸੀ: "ਅਸਾਡਾ ਹੋਰ ਭੀ ਹੋਸੀ ਚੇਲਾ।
ਸਮਾ ਪਾਇ ਤੁਸਾਡੇ ਨਾਲਿ ਕਰਸੀ ਤਲਵਾਰ ਕਾ ਮੇਲਾ"।੧੨੬।

ਪਰ ਸਮੇ ਨਾਲਿ ਅਠਾਂਗ ਅਤੇ ਤ੍ਰਿਆਂਗੁ ਸਾਲ ਜਬ ਆਵੈ।
ਅਤੇ ਨਉਂ ਨਾਲਿ ਸਤਿ ਸੈ ਜਬ ਜਾਵੈ।
ਨਉ + ਸਤ = ਸੋਲਾਂ ਸੈ ਸੰਮਤੁ ਜਦ ਜਾਉਸੀ।
ਅਠਾਂਗ ਤਿਆਗੁ ਸਾਲ ਉਪਰਿ ਤ੍ਰਿਆਸੀ ਜਦ ਆਉਸੀ।੧੨੭।

ਸੋ, ਸੋਲਾਂ ਸੈ ਤ੍ਰਿਆਸੀ ਸੰਮਤੁ ਹੈ ਆਇਆ।
ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਸਾਹਿਬ ਗਲ ਹੈ ਪਾਇਆ।
ਜੁਧ ਕਰਨ ਦੀ ਪਈ ਹੈ ਸਲਾਹ। ਤੁਰਕ ਮਾਰਨੇ ਖਾਹ ਮਖਾਹ।੧੨੮।

ਜੋ ਚੜ੍ਹਿ ਆਵੈ, ਤਿਸ ਨਾਲਿ ਜੁੱਧ ਕਰਨਾ। ਲੜਨਾ ਮਾਰਨਾ ਜ਼ਰਾ ਨ ਡਰਨਾ।
ਕਾਰਜੁ ਸਭ ਲਈਏ ਨਿਬਾਹ। ਹੋਰ ਨ ਕਰੀਏ ਮੂਲ ਬਿਆਹੁ।੧੨੯।

ਸੰਮਤ ਸੋਲਾਂ ਸੈ ਤ੍ਰਿਆਸੀ ਹੈਸੀ ਭਇਆ। ਇਕ ਸਿਖ ਹਜੂਰਿ ਡੋਲਾ ਹੈਸੀ ਲੈ ਗਿਆ।
ਸਾਹਿਬ ਨ ਕੀਤਾ, ਛੱਡਿਆ ਮੋੜ। ਉਨ੍ਹਾਂ ਸਿਖਾਂ ਨਾਲਿ ਬਾਬੇ ਗੁਰਦਿਤੇ ਦੇ ਪਾਇਆ ਜੋੜ।੧੩੦।

ਦਇਆ ਦੇਵੀ ਨਾਂਉ ਬੀਬੀ ਬੇਟੀ ਸਿਖਾਂ 'ਰਿਖਰਾਵਾਂ' ਦੀ।
ਬਾਬੇ ਗੁਰਦਿਤੇ ਕੀਤਾ ਕਾਰਜ, ਨਾਲਿ ਜੰਞ ਚੜ੍ਹੀ ਭਿਰਾਵਾਂ ਦੀ।
ਨਾ ਪਿਤਾ ਪਾਸੋਂ ਪੁੱਛਿਆ, ਨ ਪਿਤਾ ਦੀ ਲਈ ਸਲਾਹ।
ਰਖੀ ਬੇਪਰਵਾਹੀ ਕੀਤਾ ਅਪਣੇ ਆਪ ਵਿਆਹੁ।੧੩੧।

ਸੰਮਤੁ ਸੋਲਾਂ ਸੈ ਚਉਰਾਸੀ ਹੈਸੀ ਚੜ੍ਹਿਆ।
ਅਤੇ ਸਾਹਿਬ ਤ੍ਰਿਆਸੀਵੇਂ ਸੰਮਤ ਹੈਸੀ ਖੰਡਾ ਹਥਿ ਫੜਿਆ।
ਸਾਹਿਬ ਸਭ ਕਿਛੁ ਆਹੇ ਤਿਆਗ ਕਰਦੇ ਜਾਂਦੇ।
ਮਨਸਾ ਆਹੀ ਜੁੱਧ ਦੀ, ਜੋ ਲੜਨਾ ਹੋਇ ਵਾਦੇ।੧੩੨।

ਇਸ ਕਰਿ ਸਾਹਿਬ ਡੋਲਾ ਛੱਡਿਆ ਸੀ ਮੋੜ, ਗੁਰਦਿਤਾ ਵੀਆਹਿਆ।
ਕੁੜੀਆਂ ਸੇ ਗਾਂਵਦੀਆਂ, ਸੁਣ ਕੇ ਸਾਹਿਬ ਏਹ ਬਚਨ ਅਲਾਇਆ।
"ਇਹ ਕਿਥੇ ਕਰਦੀਆਂ ਹੈਨਿ ਰੁਦਨ ?" ਸਾਹਿਬ ਇਉਂ ਕਹਿਆ।
ਬੀਬੀ ਦਇਆ ਦੇਵੀ ਸੁਣਿਆ ਇਹ ਸੁਖਨ ਮਨ ਵਿਰਕਤੁ ਹੋਇ ਰਹਿਆ।੧੩੩।

ਮਨ ਮੈਂ ਕਹਿਆ: "ਮੈਂ ਹਾਂ ਨੁਖਾ, ਸਾਹਿਬ ਸਸੁਰ ਹੈਨਿ ਮੇਰੇ ਭਾਈ।
ਜੇ ਮੈਨੂੰ ਇਕੱਲੇ ਹਥਿ ਲਗਨਿ, ਤਾਂ ਮੈ ਚਰਨੀਂ ਲਗਿ ਬਿਰਥਾ ਸੁਨਾਈ।"
ਸੋ ਇਕ ਦਿਨ ਧਾਮ ਆਂਵਦੇ ਮਾਰਗਿ ਤਿਨ ਗਏ।
ਡਿਗ ਚਰਨਾਂ ਉਪਰਿ ਰੋਇ ਰੋਇ ਕੇ ਕਹੇ:।੧੩੪।

"ਮੈਂ ਹਾਂ ਨਿਮਾਣੀ ਮੇਰਾ ਕੋਈ ਨਾਹੀ।
ਮੇਰੇ ਕਾਰਜ ਵਿਚਿ ਗਾਂਵਦੀਆਂ ਨੂੰ ਜੋ ਤੁਸਾਂ ਰੁਦਨ ਕਹਿਆ ਆਹੀ।
ਮੈਂ ਆਪ ਨਹੀਂ ਆਈ ਮਾਪੇ ਲੈ ਆਏ।
ਮੇਰੇ ਕਹੋ ਕੀ ਹਥਿ ਹੈ, ਤੁਸਾਂ ਜੋ ਐਸੇ ਮੰਦੇ ਸੁਖਨ ਅਲਾਏ ?"।੧੩੫।

ਮੈਂ ਨਿਮਾਣੀ, ਨਿਰਾਸੀ ਮੇਰਾ ਕੋਈ ਨਹੀਂ।
ਨਾਲੇ ਪਕੜੇ ਚਰਨ, ਨਾਲੇ ਰੋਵੈ, ਨਾਲੇ ਮੁਖੋਂ ਨਿਮਾਣੀ ਕਹੀ।
ਸਾਹਿਬ ਭਏ ਦਿਆਲ, ਬਚਨੁ ਐਸੇ ਤਬ ਕਹਿਆ:
"ਤੂ ਕਿਉਂ ਨਿਮਾਣੀ ? ਸਭ ਕੁਛ ਤੇਰਾ ਹੀ ਹੋਇ ਰਹਿਆ"।੧੩੬।

ਇਹ ਬਚਨ ਸੁਣ ਕੇ ਚਰਨ ਚੁੰਮਿ ਉਠੀ।
ਮਨ ਹੋਈ ਖੁਸ਼ਹਾਲੀ ਆਖੈ: "ਹੁਣ ਮੈਂ ਵੁਠੀ।"
ਫੇਰ ਅਨੀਰਾਇ ਜੀ ਵਿਆਹੇ। ਸੰਮਤੁ ਸੋਲਾਂ ਸੈ ਚਉਰਸੀ ਆਹੇ।੧੩੭।

ਘਰਿ 'ਕੁਮਰਾਵਾਂ' ਸਿਖਾਂ ਦੇ ਭਇਆ ਕਾਜੁ।
ਸਾਹਿਬ ਨਾਲ ਰੱਖਨ ਫਉਜ ਚਾਕਰ, ਕਰਨ ਜੁੱਧ ਦਾ ਸਾਜ।
ਪੈਂਦੇ ਖਾਂ ਪਠਾਣ ਚਾਕਰੁ ਰਖਿਆ ਨਾਲਿ।
ਸਾਹਿਬ ਖੇਡਣ ਸ਼ਿਕਾਰ ਲਗੇ, ਹਮੇਸ਼ਾ ਹਾੜ-ਸਿਆਲ।੧੩੮।

ਸਾਹਿਬ ਪਾਸ ਜੋੜੀ ਬਾਜ਼ ਆਹੇ ਸਪੈਦ। ਸੋ ਏਸ ਦੇਸਿ ਨਹੀਂ ਸੇ ਹੋਂਦੇ ਪੈਦ।
ਬਡੋ ਮੁਲ ਦੇ ਆਹ ਦੋਵੇ ਬਾਜ਼।
ਸੋ ਸਾਹਿਬ ਸ਼ਿਕਾਰ ਪਿਛੇ ਛੱਡਿਆ, ਉਹੁ ਘੁਥਾ, ਗਿਆ ਭਾਜ।੧੩੯।

ਉਸ ਵੇਲੇ ਰਹੇ ਢੂੰਢ, ਉਹ ਹਥਿ ਨਾ ਆਇਆ।
ਪੈਂਦੇ ਖਾਂ ਦਾ ਜਵਾਤਾ ਚਿਮਨ ਖਾਂ, ਸੋ ਤਿਸ ਨੇ ਪਾਇਆ।

ਉਹ ਲੈ ਗਿਆ ਨਿਜ ਧਾਮ, ਉਨ ਬਾਜ ਦੁਰਾਇਆ।
ਸਾਹਿਬ ਦੇ ਹਰਕਾਰੇ ਆਹੇ ਲਗੇ ਹੁਏ ਤਿਨਾਂ ਸੁਣਿ ਪਾਇਆ।੧੪੦।

ਚਿਮਨ ਖਾਂ ਪਠਾਣ ਨੂੰ ਤਿਨਾ ਜਾਇ ਕਹਿਆ:
"ਏਹੁ ਬਾਜੁ ਹੈ ਸਾਹਿਬ ਦਾ ਤੂ ਦੇਹਿ ਅਸਾਨੂੰ ਤੇਰਾ ਅਹਿਸਾਨ ਰਹਿਆ।"
ਤਿਸ ਨ ਦਿਤਾ, ਡੇਰਾ ਅਪਣਾ ਉਠਾਇ ਪੰਜ ਸਤ ਕੋਸ ਪਰੇ ਜਾਇ ਪਾਇਆ।
ਸਾਹਿਬ ਨੂੰ ਹੋਈ ਖਬਰ; ਸਾਹਿਬ ਪੈਂਦੇ ਖਾਂ ਨੂੰ ਬੁਲਾਇਆ।੧੪੧।

ਪੈਂਦੇ ਖਾਂ ਨੂੰ ਸਾਹਿਬ ਚਿਮਨ ਖਾਂ ਤਟਿ ਭੇਜਿਆ।
ਚਿਮਨ ਖਾਂ ਉਥੋਂ ਭੀ ਪੰਜ ਸਤਿ ਕੋਸ ਪਰੇ ਆਇ ਗਿਆ।
ਪੈਂਦੇ ਖਾਂ ਜਮਾਤੇ ਨੂੰ ਜਾਇ ਸਮਝਾਇਆ। ਉਨ੍ਹਾਂ ਦੋਹਾਂ ਰਲ ਕੇ ਮਤਾ ਪਕਾਇਆ।੧੪੨।

"ਅਸੀਂ ਦੇਹਾਂਗੇ ਬਾਦਸ਼ਾਹ ਨੂੰ ਓਥੋਂ ਪਾਵਾਂਗੇ ਜਗੀਰ।
ਇਨ ਅਸਾਂ ਨੂੰ ਕੀ ਹੈ ਦੇਣਾ; ਇਹ ਆਪ ਹੈ ਫਕੀਰ।"
ਪੈਂਦੇ ਖਾਂ ਭੀ ਬੇਈਮਾਨ ਹੈ ਹੋਇਆ। ਸਾਹਿਬ ਪਾਸੋਂ ਪੈਂਦੇ ਖਾਂ ਭੀ ਹਟਿ ਖੜੋਇਆ।੧੪੩।

ਬਚਨ ਕੀਤਾ: "ਤੁਰਕ ਬੇਈਮਾਨ ਦਾ ਕੀ ਹੈ ਵਿਸਾਹੁ।
ਨਿਮਕ ਹਰਾਮ ਨੂੰ ਲੂਣ ਮਾਰਿ ਕਰਸੀ ਸੁਆਹੁ।"
ਦੋਵੇਂ ਨਠੇ ਗਏ ਲਹੌਰ। ਦੁਸਟ ਚਉਕੜੀ ਰਲਿ ਮਿਲਿ ਕੀਤਾ ਸ਼ੋਰ।੧੪੪।

ਸੰਮਤੁ ਸੋਲਾਂ ਸੈ ਗਿਆ ਛਿਆਸੀ। ਗੁਰੂ ਤੇਗ ਬਹਾਦੁਰ ਦਾ ਵਿਆਹੁ ਮਿਲਿਆ ਹੈਸੀ।
ਘਰਿ ਸੁਭਿਖੀਆਂ ਖਤ੍ਰੀਆਂ ਦੇ ਹੋਆ ਕਾਜੁ। ਕਰਨ ਕਰਾਵਨ ਗਰੀਬ ਨਿਵਾਜ।੧੪੫।

ਮਾਤਾ ਗੁਜਰੀ ਜੀ ਸਾਹਿਬ ਦੇ ਘਰਿ ਆਏ। ਸਾਹਿਬ ਸਭ ਕਬੀਲੇ ਜ਼ਨਾਨੇ ਪਹਾੜ ਪਹੁਚਾਏ।
ਆਪ ਛੜੇ ਹੋਇ ਰਹੇ ਕਰਿ ਜੁਧ ਦਾ ਸਾਜੁ। ਪਰ ਜਾਤਿ ਪਠਾਣ ਲੈ ਨੱਠੇ ਗੁਰੂ ਦਾ ਬਾਜੁ।੧੪੬।

ਨਾਲਿ ਨਬਾਬ ਜਾਇ ਸਾਜ਼ਸ਼ ਪਾਈ: ਹਿੰਦੂ ਹੋਇ ਕੇ 'ਸੱਚਾ ਪਾਤਸ਼ਾਹ' ਅਖਾਈ।
'ਬੰਦਾ' ਹੋਇ ਕੇ 'ਸੱਚਾ ਪਾਤਸ਼ਾਹ' ਅਖਾਏ। ਤਿਸ ਨੂੰ ਮਾਰਨਾ ਕੁਰਾਨ ਫੁਰਮਾਏ।੧੪੭।

ਅਗੇ ਸਾਹੀ ਮੁਏ ਮਾਰੇ ਆਹੇ ਮੁਸੱਦੀ। ਓਨਾ ਦੀ ਭੀ ਗਲਿ ਆਇ ਫਬੀ।
ਲੈ ਫਉਜ ਤੁਰਕਾਂ ਦੀ ਸੋ ਚੜ੍ਹਿਆ। ਆਪ ਹੋਇਕੇ ਆਗੇ ਨਾਲਿ ਸਾਹਿਬ ਦੇ ਲੜਿਆ।੧੪੮।

ਦੋਇ ਦਿਨ ਹੋਂਦੀ ਰਹੀ ਲੜਾਈ। ਪਹਿਲੇ ਸਾਹਿਬ ਦੀ ਫਉਜ 'ਤੁਰਕਾ' ਹਟਾਈ।
ਫੇਰ ਸਾਹਿਬ ਕਮਰ ਕਸ ਆਪ ਚੜ੍ਹੇ ਜਬ। ਤੁਰਕਾਂ ਪੈਰ ਹਟਾਏ ਡਰ ਕੇ ਤਬ।੧੪੯।

ਚਾਰ ਘਟਿਕਾ ਭਇਆ ਸੰਗ੍ਰਾਮ। ਉਧਰਿ ਤੁਰਕ ਹੰਕਾਰੀ, ਇਧਰ ਭਗਵਾਨ।
ਪਹਿਲੇ ਹੱਲੇ ਪੈਂਦੇ ਖਾਂ ਮਾਰਿਆ। ਚਿਮਨ ਖਾਂ ਪਗਿ ਲਾਹਿ ਪੁਕਾਰਿਆ।੧੫੦।

ਚੜਿਆ ਸਿਰਦਾਰ 'ਮਲੇਛਾਂ' ਦਾ ਭਾਰੀ। ਸਾਹਿਬ ਦੀ ਭੀ ਚੜ੍ਹੀ ਅਸਵਾਰੀ।
ਤੀਰ ਤੁਪਕ ਕਰਤੇ ਭਈ ਏਕ ਘੜੀ। ਫਉਜ ਦੋ ਤਰਫ਼ੀ ਅਛੀ ਲੜੀ।੧੫੧।

ਕਰ ਕੇ ਹੱਲਾ ਸਾਹਿਬ ਜਾਇ ਪਏ। ਸਿਰਦਾਰ 'ਮਲੇਛ' ਦਾ ਮਾਰਿ ਤਬ ਲਏ।
ਚਿਮਨ ਖਾਂ ਘੋੜੇ ਤੋਂ ਢਹਿ ਪਇਆ। ਅਮਰ ਸਿੰਘ ਤਾ ਕਾ ਸਿਰ ਕਟਿ ਲਇਆ।੧੫੨।

ਤੁਰਕਾਂ ਦੀ ਫਉਜ ਨੱਠੀ ਅਰੁ ਮਾਰੀ। ਰਖੀ ਪੈਜ ਬਿਰਦ ਦੀ ਆਪ ਕਰਨਹਾਰ ਕਰਤਾਰੀ।
ਲੁਟਾਇ ਮਰਾਇ ਕੇ ਨਸ-ਭਜ ਗਏ। ਡੇਰੇ ਤੰਬੂ ਕਨਾਤਾਂ ਸਾਹਿਬ ਸਭ ਲੁਟ ਲਏ।੧੫੩।

ਸੰਮਤੁ ਸੋਲਾਂ ਸੈ ਸਤਾਸੀ ਹੈਸੀ ਗਿਆ। ਪੈਂਦੇ ਖਾਂ ਨੂੰ ਲੂਣ ਹਰਾਮੀ ਕਰਕੇ ਮਾਰਿ ਲਿਆ।
ਫਿਟੇ ਮੂਹੁ 'ਤੁਰਕ' ਬੇਈਮਾਨ ਦਾ। ਜੋ ਭਲਿਆਈ ਬੁਰਿਆਈ ਨੂੰ ਕੁਛੁ ਨਹੀਂ ਜਾਣਦਾ।੧੫੪।

ਜਦਿ ਸਾਹਿਬ ਜੁਧ ਦੀ ਇਥੇ ਫਤੇ ਪਾਈ। ਤੁਰਕ ਜੋ ਨਾਲਿ ਚਾਕਰ ਆਹੇ, ਸੋ ਦਿਤੇ ਸਭ ਹਟਾਈ।
ਸਾਹਿਬ ਕੂਚ ਕਰ ਕੇ ਚਲੇ ਚੜ੍ਹਿ ਪਹਾੜੀ। ਤੁਰਕਾਂ ਨਾਲਿ ਜੁਧ ਕੀਤਾ, ਹੋਈ ਵਿਗਾੜੀ।੧੫੫।

ਕੀਰਤਪੁਰ ਨਗਰ ਜਾਇ ਪਾਇਆ। ਉਥੇ ਹੀ ਸਾਹਿਬ ਜਾਇ ਡੇਰਾ ਲਾਇਆ।
ਸੰਮਤ ਸੋਲਾਂ ਸੈ ਅਠਾਸੀ ਤਬ ਗਏ। ਧਾਮੁ ਗੁਰਦਿਤੇ ਜੀ ਸੁਤ ਉਤਪਤਿ ਭਏ।੧੫੬।

ਧੀਰ ਮੱਲ ਤਿਸ ਕਾ ਧਰਿਆ ਨਾਮ। ਜਨਮਾ ਕੱਤਕ ਰਜਨੀ ਬੀਤੀ ਦੋ ਜਾਮ।
ਤੁਰਕਾਂ ਦਾ ਵਿਗਾੜ ਭੀ ਚਲਿਆ ਆਇਆ।
ਮਾਹ ਮਹੀਨੇ ਦੂਜਾ ਬੇਟਾ ਗੁਰਦਿਤੇ ਜੀ ਹੋਰੁ ਪਾਇਆ।੧੫੭।

ਜਨਮੇ ਹਰਿ ਰਾਇ, ਮਾਤਾ ਆਪੋ ਆਪਣੀ ਬਾਲਕ ਦੋਵੈਂ।
ਖੇਡਨ ਹਸਨ ਰਲੇ ਮਿਲੇ, ਪਰੁ ਇਕ ਨ ਹੋਵੈ।
ਸੰਮਤ ਸੋਲਾਂ ਸੈ ਉਪਰਿ ਬੀਤੇ ਨੱਬੇ। ਧਾਮ ਸੂਰਤਿ ਸਿੰਘ ਜੀ ਬਾਲਕ ਜਨਮੇ ਤਬੇ।੧੫੮।

ਨਾਮ ਦੀਪ ਚੰਦ ਤਾਂ ਕਾ ਧਰਿਆ। ਤਬ ਗੁਰੂ ਹਰਿਗੋਬਿੰਦ ਜੀ ਏਹੁ ਬੀਚਾਰ ਰਿਦੇ ਕਰਿਆ:
"ਜੋ ਤੁਰਕਾਂ ਨਾਲਿ ਵਿਗਾੜ ਪੱਕਾ ਹੈ ਹੋਇਆ।
ਸਰੀਰ ਇਕ ਦੁਇ ਲਗਨਿਗੇ, ਤੁਰਕਾਂ ਬੀਜ ਖੋਟਾ ਹੈ ਬੋਇਆ"।੧੫੯।

ਜੋ ਗੁਰਦਿਤੇ ਨੂੰ ਟਿੱਕਾ ਗੁਰਿਆਈ ਦਾ ਦੇਈਏ। ਅਤੇ ਆਪ ਸੁਰਪੁਰਿ ਦਾ ਮਗੁ ਲਈਏ।
'ਬਾਬਾ' ਨਾਮ ਇਸ ਵਾਸਤੇ ਗੁਰਦਿੱਤੇ ਨੂੰ ਕਹਿੰਦੇ ਆਹੇ ਸਾਰੇ।
ਜੋ ਸਰੀਰ ਦੇ ਏਹੁ ਬਡੇ ਆਹੇ ਭਾਰੇ।੧੬੦।

ਅਤੇ ਆਹੇ ਬਡੇ ਧੀਰਜਵਾਨ, ਗੁਣਵਾਨ, ਬਰਕਤਿ ਵਾਲੇ, ਆਹੇ ਬੁਧਵਾਨ।
ਇਕ ਦੁਇ ਜਾਗਾ ਅਜ਼ਮਤ ਭੀ ਦਿਖਾਈ। ਨਾਲੇ ਮੁਈ ਗਊ ਜੀਵਾਈ।੧੬੧।

ਪਿਤਾ ਸੁਣ ਕੇ ਕਲਪਤਿ ਭਏ। ਸੋ ਕਰਿ ਗੁੱਸਾ ਗੁਰਦਿੱਤਾ ਜੀ ਦੇਹ ਤਜਿ ਗਏ।
ਲਘੁ ਸੁਤ ਜੋ ਤਾਂ ਕੇ ਆਹੇ ਹਰਿ ਰਾਇ। ਤਾਂ ਕੋ ਦਾਦੇ ਦਈ ਗੁਰਾਇ।੧੬੨।

ਸੰਮਤੁ ਸੋਲਾਂ ਸੈ ਬਾਨਵੇ ਗਏ। ਜੋ ਗੁਰਿਆਈ ਹਰਿਰਾਇ ਜੀ ਨੂੰ ਦੇਵਤ ਭਏ।
ਤਾਂ ਕੀ ਮਾਤਾ ਕੋ ਦੀਆ ਥਾ ਮਾਣ: "ਤੇਰਾ ਹੈ ਸਭ ਕਿਛੁ ਤੂ ਆਪਣਾ ਹੀ ਜਾਣੁ"।੧੬੩।

ਬਡਿਆਂ ਪੁਰਖਾਂ ਕੇ ਬਚਨ ਅੰਨਥਾ[1] ਨਹੀਂ ਜਾਤੇ। ਉਨ ਕੀ ਸੇਵਾ ਤੇ ਸਭ ਕੋਈ ਵਰੁਸਾਤੇ।
ਤੀਨ ਬਰਸ ਆਪ ਪੀਛੇ ਰਹੇ। 'ਗੁਰੂ' ਹਰਿਰਾਇ ਜੀ ਕੋ ਸਭ ਕੋਈ ਕਹੇ।੧੬੪।

ਅਨੀਰਾਇ, ਸੂਰਤਿ ਸਿੰਘ ਪੁਨਿ ਤੇਗ ਬਹਾਦੁਰ।
ਬੜੇ ਬੇਟੇ ਰਹੇ ਬੈਠੇ, ਕੀਤਾ ਪੋਤ੍ਰੇ ਨਿੱਕੇ ਦਾ ਆਦਰ।

---

੧. ਬਿਅਰਥ।

ਚਾਰ ਬਰਸ ਦੇ ਬਾਲਕ ਆਹੇ ਗੁਰੂ ਹਰਿ ਰਾਇ। ਟਿੱਕਾ ਦਿਤਾ ਆਪ ਦਾਦੇ ਬਹਾਇ।੧੬੫।

ਤੀਨ ਬਰਸ ਆਪ ਸਲਾਮਤਿ ਰਹੇ। ਗੁਰੂ ਹਰਿ ਰਾਇ ਜੀ ਬਾਲਕ ਸਭ ਕੋਈ ਕਹੇ।
ਸੰਮਤੁ ਸੋਲਾਂ ਸੈ ਪਚਾਨਵੇ ਭਏ। ਚੇਤ੍ਰ ਸੁਦੀ ਦਸਮੀ ਤਜਿ ਦੇਹ ਸੁਰਪੁਰਿ ਨੂੰ ਗਏ।੧੬੬।

ਕਰਮਾਂ ਉਪਰਿ ਬੈਠੇ ਸੂਰਤਿ ਸਿੰਘ ਜੀ ਆਪ।
ਗੁਰੂ ਹਰਿਗੋਬਿੰਦ ਦਾ ਕੀਆ ਸਿਸਕਾਰੁ, ਜੋ ਤੀਨ ਸੁਤੋਂ ਕਾ ਬਾਪ।
ਨਦੀ ਕਿਨਾਰੇ, ਜਹਾਂ ਜਲ ਕਾ ਵਹੇ ਪ੍ਰਵਾਹ। ਪਤਾਲ ਪੁਰੀ ਨਾਂਉ ਅਬ ਹੈ ਤਾਂਹ।
ਫੁਲ ਹਰਿਸਰ ਭੇਜ ਪਾਲਕੀ ਪਾਇ। ਕਰਿ ਧਰਮ ਸਾਂਤਿ ਦਿਜ ਦਿਤੇ ਜਿਵਾਇ।੧੬੭।

ਅਠਤਾਲੀ ਬਰਸ ਕੀ ਆਉ ਗੁਜਾਰੀ। ਕਛੁ ਬਾਲਕ ਕਛੁ ਜੁਆਨ, ਬਿਰਧ ਨ ਧਾਰੀ।
ਕੁਛੁ ਲੜਾਈ, ਕੁਛੁ ਗੁਰਿਆਈ, ਕੁਛੁ ਭਾਜਤ ਝਗਰਤ ਵਿਹਾਈ।
ਕੁਛੁ ਭਜਨ, ਕੁਛੁ ਫੇਰਾ ਟੋਰੀ ਮੈ ਨਿਬਾਹੀ।
ਇਤਨੀ ਕਥਾ ਇਤ ਪੂਰਨ ਭਈ। ਆਗੇ ਕਥਾ ਹਰਿਰਾਇ ਜੀ ਪਰ ਗਈ।੧੬੮।

ਇਕ ਸੌ ਅਠਸਠ ਅੰਗ ਇਸ ਚਰਨ ਕੇ ਭਏ। ਸਤਿ ਸੈ ਛੱਤੀ ਅੰਗ ਸਭੋ ਗਿਣ ਲਏ।
ਖਟਵਾਂ ਚਰਨ ਭੀ ਸੰਪੂਰਨ ਭਇਆ। ਵੈਰ ਤੁਰਕ ਦਾ ਭੀ ਨਾਲਿ ਚਲਿਆ ਗਇਆ।

—o—

# (੭) ਸੱਤਵਾਂ ਚਰਣ—ਸੱਤਵੀਂ ਪਾਤਸ਼ਾਹੀ

**ਚਉਪਈ**—ਬਾਬੇ ਗੁਰਦਿਤੇ ਦਾ ਬੇਟਾ ਗੁਰੂ ਹਰਿਰਾਇ ਜੀ, ਗੁਰੂ ਹਰਿਗੋਬਿੰਦ ਜੀ ਦਾ ਪੋਤਾ।
ਦੋਨੋ ਭਾਈ, ਬਡਾ ਧੀਰਮੱਲ, ਛੋਟਾ ਹਰਿਰਾਇ ਜੀ ਹੋਤਾ।
ਚਾਰਿ ਬਰਸ ਦੇ ਬਾਲਕ ਸਾਹਿਬ ਗੁਰਿਆਈ ਪਾਈ।
ਸੱਤ ਬਰਸ ਦੇ ਭਏ ਜਬ, ਦਾਦਾ ਸੁਰਪੁਰਿ ਗਿਆ ਸਿਧਾਈ।੧।

ਸੰਮਤ ਸੋਲਾਂ ਸੈ ਸਤਾਨਵੇ ਜਬ ਗਏ।
ਤਬ ਗੁਰੂ ਹਰਿਰਾਇ ਜੀ ਅਰੂਪ ਗਾਉਂ ਮੈਂ ਬਿਆਹੁ ਕਰਤੇ ਭਏ।
ਮਾਤਾ ਕੋਟ ਕਲਿਆਣੀ ਤਾਂ ਕੇ ਧਾਮ ਆਈ। ਤਾਂ ਕੀ ਟਹਿਲਣ ਮਾਤਾ ਪੰਜਾਬੋ ਨਾਮ ਕਹਾਈ।੨।

ਸੋ ਮਾਤਾ ਨਾਲੋਂ ਵੱਡੀ ਚਤੁਰ ਬੁਧਿਵਾਨ ਸਿਆਣੀ। ਸੋ ਭੀ ਲਈ ਵਿਆਹ ਆਹੀ ਕੁਆਰੀ ਖਤ੍ਰਾਣੀ।
ਸੰਮਤ ਸੋਲਾਂ ਸੈ ਅਠਾਨਵੇ ਦੀਪ ਚੰਦ ਦਾ ਕਾਜੁ ਰਚਾਇਆ। ਮਾਤਾ ਪੰਜਾਬੋ ਡੋਲਾ ਸਨੀਤ ਕਹਾਇਆ।੩।

ਸੰਮਤ ਸਤਾਰਾਂ ਸੈ ਪੰਜ ਜਬ ਥੇ ਗਏ।
ਮਾਤਾ ਪੰਜਾਬੋ ਕੇ ਜਠਰ ਤੇ ਰਾਮਰਾਇ ਜੀ ਜਨਮ ਲਏ[੧]।
ਪੰਦ੍ਹਾਂ ਬਰਸਾਂ ਦਾ ਦੀਪ ਚੰਦ ਹੋਆ, ਗੁਰੂ ਹਰਿਗੋਬਿੰਦ ਦਾ ਪੋਤਾ।
ਚਾਚੇ ਸੂਰਤਿ ਸਿੰਘ ਦਾ ਬੇਟਾ, ਗੁਰੂ ਹਰਿਰਾਇ ਜੀ ਦਾ ਭਾਈ ਪਿਤ੍ਰੇਆ ਹੋਤਾ।੪।

ਮਾਤਾ ਨੰਦੋ ਤਾਂ ਕੇ ਗ੍ਰਿਹਿ ਆਈ। ਧਾਮ ਵਿਆਹੀ ਪਹਿਲੇ ਆਈ।
ਫੇਰ ਹੋਰੁ ਦੂਜੀ ਦੀਪ ਚੰਦ ਜੀ ਕੀਤੀ ਕੁੜਮਾਈ।
ਸੰਮਤ ਸੋਲਾਂ ਸੈ ਨੜਿੰਨਵੇਂ ਬਿਆਹੁ ਦੂਜਾ ਕਰਿਆ। ਨਾਂਉ ਮਾਤਾ ਚੈਨੀ ਮਾਪਿਆਂ ਤਿਸ ਦਾ ਧਰਿਆ।੫।
ਮੇਲਾ ਵੱਡਾ ਲਗੇ ਸੰਗਤਾਂ ਬਹੁਤ ਹੀ ਆਵਨਿ।
ਕਥਾ ਕੀਰਤਨੁ ਗ੍ਰੰਥ ਪੋਥੀ ਸ਼ਬਦ ਬਹੁਤ ਹੀ ਗਾਵਨਿ।

ਅਤੇ ਸੰਮਤ ਸਤਾਰਾਂ ਸੈ ਤੇਰ੍ਹਵੇਂ ਸਾਹਿਬ ਗੁਰੂ ਤੇਗ ਬਹਾਦਰ ਜੀ ਤੀਰਥੀਂ ਸੇ ਟੁਰ ਗਏ।
ਅਪਨਾ ਕਬੀਲਾ ਨਾਲਿ ਲੈ ਜਾਵਤ ਭਏ।੬।

ਸੂਰਤਿ ਸਿੰਘ, ਭਾਵੈ ਸੂਰਤ ਮੱਲ ਕਹੀਐ। ਨਾਮ ਦੋਇ ਨਰੁ ਇਕੋ ਲਹੀਐ।
ਸੂਰਤਿ ਸਿੰਘ ਅਰੁ ਅਨੀਰਾਇ, ਪਾਛੇ ਰਹੇ ਦੋਨੋ ਭਾਈ।
ਤਾਂ ਕਾ ਭਤੀਜਾ, ਹਰਿਰਾਇ, ਜਿਨਿ ਗੁਰਿਆਈ ਪਾਈ।੭।

੧. ਕੁਝ ਕੁ *ਗੁਰਪ੍ਰਣਾਲੀਆਂ* ਵਿਚ ੧੭੧੩ ਬਿ: ਲਿਖਿਆ ਹੈ, ਪਰ ਇਹ ੧੭੦੫ ਬਿ: ਠੀਕ ਹੈ।

ਤਬ ਧਾਮ ਹਰਿਰਾਇ ਜੀ ਕੇ ਬੀਬੀ ਇਕ ਭਈ। ਮਾਤਾ ਪੰਜਾਬੋ ਦੇ ਉਦਰ ਤੇ ਭਵ ਲਈ।
ਸੰਮਤ ਸਤਾਰਾਂ ਸੈ ਦਸ ਜਬ ਥੇ ਗਏ। ਤਕ ਦੀਪ ਚੰਦ ਘਰਿ ਬੇਟਾ ਗੁਲਾਬ ਰਾਇ ਜੀ ਭਏ।੮।

ਮਾਤਾ ਨੰਦੋ ਦੇ ਉਦਰ ਤੇ ਗੁਲਾਬ ਰਾਇ ਜੀ ਆਏ। ਦੂਜਾ ਬੇਟਾ ਮਾਤਾ ਚੈਨੀ ਜੀ ਜਾਏ।
ਸ਼ਾਮ ਸਿੰਘ ਜੀ ਤਾਂ ਕਾ ਨਾਮ ਧਰਿਆ। ਦੋਨੋ ਭਾਈ ਜਨਮੇ, ਇਕ ਮਾਸ ਵਿਥ ਪਰਿਆ।੯।

ਸੰਮਤ ਸਤਾਰਾਂ ਸੈ ਯਾਰਾਂ ਜਬ ਥੇ ਗਏ। ਸ੍ਰੀ ਹਰਿਕ੍ਰਿਸ਼ਨ ਜੀ ਤਬ ਜਨਮੁ ਲਏ[੧]।
ਖਟ ਬਰਸ ਰਾਮਰਾਇ ਤੇ ਛੋਟੇ।
ਬੇਟਾ ਗੁਰੂ ਹਰਿਰਾਇ ਜੀ ਕਾ ਮਾਤਾ ਕੋਟ ਕਲਿਆਣੀ ਦੇ ਉਦਰੋਂ ਹੋਤੇ।੧੦।

ਸਾਵਣ ਦੇ ਮਹੀਨੇ ਦਿਨ ਨਉਂ ਸੇ ਗਏ। ਚਾਨਣੇ ਪੱਖ, ਦਾਈ ਬੁਲ੍ਹੀ ਗਹਿਣੇ ਕਪੜੇ ਰੁਪਯੇ ਲਏ।
ਰਾਮਰਾਇ ਅਰੁ ਹਰਿਕ੍ਰਿਸ਼ਨ ਜੀ ਦੋਨੋ ਭਾਈ ਜਬ ਬਡੇ ਭਏ।
ਰਹਿਤੇ ਬਹਿਤੇ ਸੁਖ ਸੌਂ ਦਿਹੁੰ ਨਿਬਹਏ।੧੧।

ਸੰਮਤ ਸਤਾਰਾਂ ਸੈ ਸੋਲਾਂ ਜਬ ਬੀਤੇ। ਤਬ ਗੁਰੂ ਹਰਿਰਾਇ ਜੀ ਕੇ ਆਈ ਜੀ ਤੇ:
ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਦਾ ਦੀਜੈ ਟਿੱਕਾ।
ਪੁਤੁ ਹੈ ਸਵਾਣੀ ਦਾ ਬਰਸ ਪੰਜਾਂ ਦਾ ਏਹ ਇੱਕਾ।੧੨।

ਅਗੇ ਗ੍ਰਿਹਸਤ ਦੀ ਤਜੀ ਮਨ ਚਾਹ। ਜਤ ਕੀ ਬੰਧੀ ਕੁਪੀਨ ਰਹੇ ਤਪ ਭਜਨ ਕੇ ਮਾਹ।
ਸੰਮਤ ਸਤਾਰਾਂ ਸੈ ਅਠਾਰਾਂ ਜਬ ਬੀਤ ਗਏ।
ਤਬ ਬੇਟਾ ਦੀਪ ਚੰਦ ਸ਼ਾਮ ਸਿੰਘ ਜੀ ਬਿਆਹੁ ਲਏ।
ਬੀਬੀ ਨੂਪੀ ਮਾਤਾ ਕੰਨਿਆ ਧਾਮ ਸ਼ਾਮ ਸਿੰਘ ਦੇ ਆਈ।
ਮਾਤਾ ਪਿਤਾ ਮਨ ਅਤਿ ਭਈ ਵਧਾਈ।੧੩।

ਅੱਗੇ ਮਹੀਨਾ ਕੱਤਕ ਦਾ ਨਉਮੀ ਥਿਤ ਆਵਤ ਭਈ।
ਤਬ ਸਾਹਿਬ ਗੁਰੂ ਹਰਿਰਾਇ ਜੀ ਤਜਿ ਦੇਹੀ ਸੁਰਪੁਰਿ ਕੀ ਸੁਧ ਲਈ।
ਸੰਮਤ ਸਤਾਰਾਂ ਸੈ ਅਠਾਰਾਂ ਬਖਾਨੈ। ਕੀਰਤਪੁਰ ਮੋ ਕੀਏ ਟਿਕਾਣੇ।੧੪।

ਤੀਸ ਬਰਸ ਕੀ ਜਗਤ ਮੈ ਆਉ ਗੁਜਾਰੀ। ਚਵੀ ਬਰਸ ਗੁਰਿਆਈ ਧਾਰੀ।
ਦੁਇ ਬਰਸ ਰਹੇ ਤਿਆਗੀ। ਕੀਤਾ ਜੋਗ ਰਹੇ ਸਮਾਧਿ ਲਾਗੀ।੧੫।

ਫਿਰਿ ਤਜਿ ਦੇਹ ਸੁਰਪੁਰਿ ਕੋ ਗਏ। ਪਾਛੈ ਦੇਹ ਜਲਾਵਤ ਭਏ।
ਫੂਲ ਹਰਿਸਰਿ ਕੋ ਦੀਏ ਪਠਾਈ। ਰਾਮਰਾਇ ਜੀ ਕਰਮ ਪਰਿ ਬੈਠੇ ਆਈ।੧੬।

ਕਰਮ ਕਿਰਿਆ ਧਰਮ-ਸ਼ਾਂਤਿ ਕੀਨੀ। ਜਿਵਾਏ ਬ੍ਰਹਮਨ ਹੱਛੀ ਦੱਛਨਾ ਦੀਨੀ।
ਅਤੇ ਦੁਸ਼ਟਾਂ ਚੁਗਲੀ ਕੀਤੀ ਵਿਚਿ ਦਿੱਲੀ। ਉਥੋ ਖਬਰ ਅਰਦਾਸ ਕੀਰਤਪੁਰ ਸੀ ਘੱਲੀ।੧੭।
ਇਤਨੀ ਕਥਾ ਇਥੇ ਪੂਰਨ ਭਈ। ਅਗੇ ਕਥਾ ਹਰਿਕ੍ਰਿਸ਼ਨ ਜੀ ਪਰ ਗਈ।
ਅੰਗ ਅਠਾਰਾਂ ਇਸ ਚਰਨ ਕੇ ਭਏ। ਸੱਤ ਸੈ ਚਉਰੰਜਾ[੨] ਅੰਗ ਸਭੋ ਗਿਣ ਲਏ।੧੮।

—o—

੧. *ਗੁਰੂ ਕੀਆਂ ਸਾਖੀਆਂ* (ਸਰੂਪ ਸਿੰਘ ਕੌਸ਼ਿਸ਼) ਵਿਚ ਜਨਮ ਸੰਮਤ ੧੭੦੯ ਬਿ: ਸਾਵਣ ਵਦੀ ਦਸਮੀ ਦਿੱਤਾ ਹੈ। ੨. ਜੋੜ ਵਿਚ ਉਕਾਈ ਹੈ।

# (੮) ਅੱਠਵਾਂ ਚਰਣ—ਅੱਠਵੀਂ ਪਾਤਸ਼ਾਹੀ

**ਚਉਪਈ**—ਸੰਮਤ ਸਤ੍ਰਾਰਾਂ ਸੈ ਯਾਰਾਂ ਥੇ ਗਏ। ਗੁਰੂ ਹਰਿਕ੍ਰਿਸ਼ਨ ਜੀ ਜਨਮ ਤਬ ਥੇ ਲਏ।
ਸਾਵਣ ਦਿਨ ਨਉਂ ਜਬ ਥੇ ਬੀਤੇ। ਚਾਨਣੇ ਪੱਖ ਸਭ ਨਛਤ੍ਰ ਨਿਸ ਅਢਾਈ ਜਾਮ ਬੀਤੇ।੧।

ਖਟ ਬਰਸ ਬਾਲਕ ਖੇਡਦੇ ਰਹੇ। ਸੰਮਤ ਸਤ੍ਰਾਰਾਂ ਸੈ ਸਤਾਰਾਂ ਜਗੁ ਕਹੇ।
ਟਿਕਾ ਗੁਰਿਆਈ ਦਾ ਪਿਤਾ ਦਿਤਾ। ਵੱਡਾ ਸੀ ਰਾਮਰਾਇ, ਪਰ ਉਹੁ ਵੱਖ ਰਹਿਆ ਪਸਿੱਤਾ।੨।

ਪਾਛੇ ਆਪਸ ਮੇ ਭਈ ਬਿਖਾਧ। ਕਰਿ ਸਰੀਕੀ ਨਿਤ ਹੋਵੈ ਬਾਦੋ ਬਾਦ।
ਰਾਮਰਾਇ ਜੀ ਸਾਲ ਤ੍ਰਿਉਦਸ ਕੇ ਭਏ। ਹਰਿਕ੍ਰਿਸ਼ਨ ਜੀ ਅਵਸਥਾ ਸੱਤ ਬਰਖ ਕੀ ਲਏ।੩।

ਰਾਮਰਾਇ ਜੀ ਕਰਿ ਤਿਆਰੀ ਤਬ ਗਏ ਦਿਲੀ।
ਗਏ ਤੁਰਕਾਂ ਦੇ ਸੱਦੇ ਨਾਲ ਫਿਰਆਦੀ, ਪਰ ਓਥੇ ਗੱਲ ਕੀਤੀ ਕੱਚੀ ਪਿੱਲੀ।
ਅਉਰੰਗਾ ਸੀ ਬੜਾ ਹੁੱਜਤੀ ਪੱਕਾ ਬੇ-ਪੀਰ। ਪਰ ਏਹ ਧੀਰਜਵਾਨ ਸਾਂਤਕੀ ਸਰੀਰ।੪।

ਉਨ੍ਹਾਂ ਕਹਿਆ: "ਕੁਛ ਦਿਖਾਓ ਅਜ਼ਮਤਿ।" ਇਨ੍ਹਾਂ ਕਹਿਆ: "ਦੇਖੋ ਸਚਿ ਮੁਚਿ।"
ਜੋ ਉਨ ਕਹਿਆ, ਏਨਾ ਦਿਤੀ ਦਿਖਾਇ। ਨਾਲੇ ਅਪਨਾ ਆਪ ਰਖਿਆ ਬਚਾਇ।੫।

ਕੈਲਾਸਰ ਦੀ ਦੂਣ ਲਈ ਲਿਖਾਇ ਇਨਾਮ। ਇਨ੍ਹਾਂ ਬਦਖ਼ਾਹੀ ਦਾ ਕਛੁ ਨ ਕੀਤਾ ਕਾਮ।
ਲੈ ਇਨਾਮ ਉਥੋਂ ਉਠਿ ਆਏ। ਆਇ ਕੈਲਾਸਰ ਵਿਚਿ ਡੇਰਾ ਪਾਏ।੬।

ਜੈ ਜੈਕਾਰ ਭਇਆ ਜਗੁ ਮਾਹੀ। ਰਾਮਰਾਇ ਜੀ ਇਨ੍ਹਾਂ ਪਾਸ ਆਇਓ ਨਾਹੀ।
ਏਕ ਬਰਸ ਗੁਜ਼ਾਰਿ ਹਰਿ ਕ੍ਰਿਸਨ ਜੀ ਭੀ ਕੀਤੀ ਤਿਆਰੀ। ਦੈਵ ਸੰਜੋਗ ਨ ਮਿਟੈ ਹੋਵਨਹਾਰੀ।੭।

ਕੁਮਾਰ ਅਵਸਥਾ ਬਾਲਕ ਅੱਠ ਸਾਲ। ਤੁਰਕਾਂ ਦੇ ਮੂਲ ਨ ਲਗਨ ਭਾਲ।
ਇਤ ਕਾਰਨ ਸਭ ਮਨ੍ਹੇ ਸੇ ਕਰਦੇ। ਪਰ ਹੋਣਹਾਰ ਤੇ ਰਹੀਏ ਡਰਦੇ।੮।

ਮਨ੍ਹੇ ਕਰਦਿਆਂ ਪਾਸੋਂ ਏਹ ਦਿੱਲੀ ਗਏ। ਅੰਕ-ਬਿਧਾਤਾ ਦੇ ਕਿਨ੍ਹੇ ਨ ਮਿਟਏ।
ਏਹ ਗੱਲਿ ਸੁਣੀ ਸ੍ਰੀ ਰਾਮਰਾਇ। ਉਨ ਐਸੇ ਸਭਾ ਮੈ ਕਹਿਆ ਸੁਣਾਇ।੯।

ਬਲੀ ਦਾ ਬੱਕਰਾ ਭੀ ਗਿਆ ਦਿੱਲੀ। ਐਸਾ ਨਾ ਹੋਵੈ ਕਾਈ ਬਾਤ ਕਰੈ ਕੱਚੀ-ਪਿੱਲੀ।
ਹੈ ਨੈਦਾਨ ਬਾਲ ਇਆਨਾ। ਤੁਰਕ ਹੈ ਹੁੱਜਤੀ, ਬਡੇ ਸ਼ੈਤਾਨਾ।੧੦।

ਏਹੁ ਜਾਇ ਦਿਲੀ ਪ੍ਰਾਪਤਿ ਭਏ (ਹੋਏ)। ਨਗਰ ਖਬਰ ਹੋਈ ਆਏ ਤ੍ਰੈ ਲੋਏ।
ਰਾਜਾ ਜਸਵੰਤ ਦੀਦਾਰ ਨੂੰ ਆਇਆ। ਤਿਨ ਪ੍ਰਤੱਖ ਕ੍ਰਿਸ਼ਨ ਰੂਪ ਦੀਦਾਰ ਪਾਇਆ।੧੧।

ਤਿਨ ਨਿਜ ਧਾਮ ਰਾਣੀ ਪੈ ਜਾਇ ਕੀਆ ਬਖਾਨ: "ਦੇਖੇ ਹੈਂ ਪ੍ਰਤੱਖ ਸ੍ਰੀ ਕ੍ਰਿਸ਼ਨ ਭਗਵਾਨ।"
ਰਾਣੀ ਵੱਡੀ ਤਬ ਬਿਨਤੀ ਕਰੀ: "ਜੁ ਐਸੇ ਹੈਂ ਸ੍ਰੀ ਕ੍ਰਿਸ਼ਨ ਭਗਵਾਨ ਨਰ ਹਰੀ"।੧੨।

ਆਗਿਆ ਦਰਸ਼ਨ ਕੀ ਹਮ ਕੋ ਭੀ ਦੀਜੈ। ਕਹਿਆ: "ਡੇਰੇ ਬੁਲਾਇ ਕੈ ਦਰਸ਼ਨ ਕੀਜੈ।"
ਤਿਨ ਬਹੁਤੁ ਜਤਨ ਕਰਿ ਸਾਹਿਬ ਬੁਲਾਏ। ਨਾਲੇ ਕਰਿ ਪ੍ਰਤਗਿਆ ਲੀਤੇ ਅਜ਼ਮਾਏ।੧੩।

ਰਾਣੀ ਸਉ ਪੁਸ਼ਾਕ ਸਾਹਿਬ ਵਾਸਤੇ ਬਨਵਾਈ। ਝੱਗਾ ਪਗੜੀ ਚਰਨੀਂ ਇਹ ਲਾਈ।
ਏਕ ਪੁਸ਼ਾਕ ਪਰੁ ਕਰੀ ਨਿਸ਼ਾਨੀ। ਜੁ ਯਹਿ ਪੁਸ਼ਾਕ ਤਿਨ ਪਹਿਰੀ ਤਾਂ ਕ੍ਰਿਸ਼ਨ ਪਛਾਨੀ।੧੪।

ਮੇਰੀ ਗੋਦੀ ਪਹਿਰਿ ਆਇ ਬਹੈਂ। ਤਾ ਸਹੀ ਸਚੁ ਕ੍ਰਿਸ਼ਨ ਜੀ ਅਹੈ।
ਇਹ ਪ੍ਰਤਗਿਆ ਕਰਿ ਆਪਣੇ ਮਨ ਠਹਿਰਾਈ। ਅਉਰ ਕਿਸੀ ਸਿਉਂ ਨਹੀਂ ਸੁਨਾਈ।੧੫।

ਪ੍ਰਾਤਿ ਸਮੇ ਸਾਹਿਬ ਸੱਦਿ ਬੁਲਾਏ। ਸਾਹਿਬ ਚਲਿ ਧਾਮ ਤਾਂ ਕੇ ਆਏ।
ਆਪ ਚੀਰ ਮੈਲੇ ਤਬ ਰਾਣੀ ਪਾਏ। ਅਉਰ ਸਭ ਕੋ ਪਟੰਬਰ ਪਹਿਰਾਏ।੧੬।

ਆਪ ਸਭ ਕੈ ਪਾਛੈ ਦੂਰਿ ਰਹੀ। ਅਉਰ ਸਭ ਆਗੇ ਕੀਨੀ ਤਹੀ।
ਏਕ ਚੇਰੀ ਕਾ ਨਾਂਉ ਧਰਿਆ ਰਾਨੀ। ਤਿਨ ਚੇਰੀ ਸਭ ਪੁਸ਼ਾਕੀ ਸਾਹਿਬ ਅਗੇ ਠਾਨੀ।੧੭।

ਕਹਿਆ: "ਜੀ ਇਨ ਪੁਸ਼ਾਕੋਂ ਤੇ ਇਕ ਲੀਜੈ ਅੰਗ ਲਾਈ। ਅਉਰ ਸਭ ਦੀਜੈ ਧਾਮ ਪਠਾਈ।"
ਹੇਰਤ ਹੇਰਤ ਜਬ ਵਹੀ ਬਾਗਾ[1] ਆਇਆ। ਤਬ ਵੁਹੁ ਬਾਗਾ ਸਾਹਿਬ ਅੰਗ ਲਾਇਆ।੧੮।

ਪਹਿਰਿ ਪੁਸ਼ਾਕਾ ਸਾਹਿਬ ਹੇਰਨਿ ਲਾਗੇ। ਕਿਆ ਹੇਰਨ: "ਰਾਣੀ ਬੈਠੀ ਸਭ ਕੇ ਪਾਛੇ ਮੈਲੇ ਬਾਗੇ।"
ਤਬ ਰਾਣੀ ਉਠਿ ਠਾਂਢੀ ਭਈ। ਸਾਹਿਬ ਸਭ ਬੈਠਾਇ ਤਬ ਦਈ।੧੯।

ਵਾਂ ਕੀ ਗੋਦੀ ਸਾਹਿਬ ਬੈਠੇ ਜਾਈ। ਤਬ ਤਿਨ ਰਾਣੀ ਅਸ਼ਰਫੀ ਕੀ ਥਾਲੀ ਸੀਸੋਂ ਘੁਮਾਈ।
ਸਹੀ ਸਚੁ ਰਾਣੀ ਕ੍ਰਿਸ਼ਨ ਭਗਵਾਨ ਜੀ ਜਾਨੇ। ਕ੍ਰਿਸ਼ਨ ਅਉਤਾਰ ਯਹਿ, ਹੈਨਿ ਬਾਲ ਇਆਨੇ।੨੦।

ਉਹੁ ਹਕੀਕਤ ਅਉਰੰਗੇ ਸੁਣੀ ਸਾਰੀ।
ਤਿਨ ਕਹਿਆ: "ਮੈਂ ਭੀ ਐਸੇ ਬਜ਼ੁਰਗ ਦਾ ਕਰੋਂ ਦੀਦਾਰੀ।"
ਸਾਹਿਬ ਤੁਰਕ ਦੇ ਮੂੰਹ ਨ ਲਗਨ। ਅਤੇ ਅਉਰੰਗੇ ਹੋਈ ਖਹੇੜ[2], ਉਹ ਖਹਿੜਾ ਨਾ ਛਡਨ।੨੧।

ਦਰਗਹਿ ਮੱਲ ਦਿਵਾਨ ਗੁਰੂ ਹਰਿਰਾਇ ਜੀ ਦਾ। ਜਾਤਿ ਦਾ ਬ੍ਰਹਮਣ ਛਿਬਰ ਬਹੁਤੁ ਫਹਿਮੀਦਾ[3]।
ਤਿਨ ਸਾਹਿਬ ਨੂੰ ਐਸੇ ਕਹਿਆ: "ਮਿਹਰਿਵਾਨ! ਕਰੀਐ ਕੂਚ, ਹੁਣ ਤਕ ਪੜਦਾ ਹੈ ਰਹਿਆ"।੨੨।

ਬਚਨ ਕੀਤਾ: "ਦਿਵਾਨ ਜੀ! ਤੁਸੀਂ ਸੱਚ ਹੋ ਕਹਿੰਦੇ।
ਪਰ ਬਿਧਾਤਾ ਦੇ ਅੰਗ[4] ਭੀ ਮਿਟੇ ਨਹੀਂ ਰਹਿੰਦੇ।"
ਅਸਾਂ ਭਾਈ ਰਾਮਰਾਇ ਦਾ ਕੀ ਸੀ ਗਵਾਇਆ?
ਉਨ੍ਹਾਂ ਜੋ ਅਸਾਨੂੰ 'ਬਲੀ ਦਾ ਬੱਕਰਾ' ਕਹਾਇਆ।੨੩।

ਪਰ ਦਿਵਾਨ ਜੀ ਅਸਾਂ ਬੈਠ ਕੇ ਭਵਿਖਤ ਬੀਚਾਰੀ।
ਅਸਾਂ ਭੀ ਉਸ ਨੂੰ 'ਪਰ ਹਥੀਂ ਬਲਿ' ਕਹਿਆ ਸੀ ਉਚਾਰੀ।
ਕਰਮਾਂ ਦਾ ਬਦਲਾ ਹੈਸੀ ਲੈਣਾ। ਚਉਥੇ ਜਨਮੁ ਅਸਾਨੂੰ ਹੈ ਆਇਆ ਦੇਣਾ।੨੪।

---

੧. ਪੁਸ਼ਾਕਾ। ੨. ਜ਼ਿੱਦ, ਖਹਿੜੇ ਪੈਣ ਦੀ ਆਦਤ। ੩. ਸਮਝਦਾਰ। ੪. ਅੱਖਰ, ਲੇਖ।

ਤਿਲਕ ਧੁਜ ਅਸਾਡਾ ਪਿਤਾ ਸੀ ਰਾਜਾ। ਅਤੇ ਕਰਨਪਾਲ ਸੀ ਨਾਂਉ ਅਸਾਡਾ।
ਸੋ ਪਿਤਾ ਅਸਾਡਾ ਦੇਵੀ ਦੇ ਅਸਥਾਨ ਆਇਆ।
ਬਲਿ ਦੇਵਨ ਨੂੰ ਏਕ ਬੱਕਰਾ ਸੀ ਮੰਗਾਇਆ।੨੫।

ਸੋ ਬੱਕਰੇ ਬਹੁਤੁ ਲੈ ਆਏ। ਇਕ ਬੱਕਰਾ ਬਲਿ ਵਾਸਤੇ ਵਿਚੋਂ ਕੱਢਿਆ ਜਾਏ।
ਸੋ ਬੱਕਰਾ ਮੈਂ ਛਡਿਆ ਮੋੜਿ। ਉਸ ਦੀ ਜਾਗ੍ਹਾ ਮੈਂ ਪਕੜ ਆਂਦਾ ਹੋਰੁ।੨੬।

ਜੇਹੜਾ ਬੱਕਰਾ ਮੈਂ ਸੀ ਚੁਣਿ ਆਂਦਾ। ਉਹੁ ਮੇਰੇ ਮੂੰਹੁ ਨੂੰ ਦੇਖੇ ਖੜੋਤਾ ਵਾਂਦਾ।
ਅਸਾਂ ਨੂੰ ਉਸ ਵਖਤ ਕੁਛੁ ਸਮਝ ਨ ਆਈ।
ਅਸਾਂ ਕਿਉਂ ਪਕੜਨਾ ਸੀ ਉਹੁ ਜਾਈ।੨੭।

ਉਹੁ ਪਿਤਾ ਅਸਾਡੇ ਦੇਵੀ ਨੂੰ ਬਲਿ ਸੀ ਦਿਤਾ।
ਤਿਸ ਦੇ ਅਉਤਾਰ ਭਾਈ ਰਾਮਰਾਇ ਜੀ ਹੋਏ।
ਦੇਵੀ ਦੇ ਬਲਿ ਕਰਿ ਸਾਹਿਬਿ ਬਰਕਤਿ ਹੋਇ ਖੜੋਏ।੨੮।

ਜੋ ਅਜੁ ਦੇ ਜਨਮੁ ਆਇ ਸੀਸੁ ਕਟਾਏ। ਸੋ ਅਵਸ਼ਮੇਵ ਜਨਮ ਮਾਨੁਖ ਦਾ ਪਾਏ।
ਬਡੇ ਅਸਥਾਨ ਜੋ ਸੀਸੁ ਦੇਵੈ। ਸੋ ਬਡੇ ਧਾਮ ਉਚੇ ਜਨਮ ਲੇਵੈ।੨੯।

ਸੋ ਭਾਈ ਰਾਮਰਾਇ ਜਨਮ ਧਾਰਿ ਆਏ। ਪਿਛਲੇ ਜਨਮ ਕਰਿ ਵਾਕ ਸੋ ਅਸਾਂਨੂੰ ਅਲਾਏ।
ਤਬ ਦੀਵਾਨ ਸੁਣ ਕੇ ਚੁੱਪ ਕਰਿ ਰਹਿਆ। ਮਨ ਮੈ ਅਚਰਜਵਾਨ ਹੋਇ ਰਹਿਆ।੩੦।

ਅਸਾਂ ਵਾਕ ਭਾਈ ਜੀ ਦਾ ਪੂਰਾ ਕਰਨਾ। ਸੀਸ ਹੈ ਦੇਣਾ, ਹੁਣਿ ਕੇਹਾ ਕੂਚ ਤੇ ਕੇਹਾ ਡਰਨਾ।
ਏਹਾ ਚਰਚਾ ਹੋਂਦੀ ਆਹੀ, ਜੋ ਅਉਰੰਗਾ ਚੜਿ ਆਇਆ।
ਸਾਹਿਬ ਸੁਣਦੇ ਹੀ ਬੂਹਾ ਬੰਦ ਕਰਵਾਇਆ।੩੧।

ਜਬਾਬ ਸੁਆਲ ਵਿਚਿ ਦਰਗਹਿ ਮੱਲ ਪਿਆ। ਅੱਧੀ ਘੜੀ ਬੂਹੇ ਤੇ ਅਉਰੰਗਾ ਖੜਾ ਰਹਿਆ।
ਦਰਗਹਿ ਮਲ ਅਉਰੰਗੇ ਨੂੰ ਐਸੇ ਸਮਝਾਇਆ।
"ਅਜੀ ਹੈਨਿ ਸਾਹਿਬਿ ਬਰਕਤ, ਪਰ ਬਾਲਕ ਨੈਦਾਨ ਸੁਭਾਇਆ"।੩੨।

ਅਬ ਚਲੀਏ ਡੇਰੇ ਆਪ ਆਵਨਗੇ ਦਰਬਾਰ।
ਹੈਨਿ ਬਾਲਕ ਨੈਦਾਨ, ਅਸੀਂ ਨਹੀਂ ਕਰ ਸਕਦੇ ਜਬਾਬ-ਸਵਾਰੁ।
ਸੋ ਕਹੇ: "ਮੈਂ ਦੇਖਨ ਦੀ ਹੈ ਚਾਹ। ਹੋਰ ਜਬਾਬ-ਸਵਾਲ ਦੀ ਕੁਛੁ ਨਹੀਂ ਮੇਰੇ ਮਨ ਮਾਹ"।੩੩।

ਫੇਰ ਦਰਗਹਿ ਮੱਲ ਜਾਇ ਕੀਤੀ ਅਰਜ਼:
"ਜੀ ਉਨ ਕੇ ਬਦਨ ਪਰ ਫਲੂਹੇਂ ਬਹੁਤੁ ਹੈਨ ਨਿਕਲੇ ਪੀਲੇ ਜ਼ਰਦ।"
ਤੁਰਕ ਨ ਮੰਨੇ, ਕਹੇ: "ਮੇਰੇ ਮਨ ਚਾਹ ਹੈ ਦੀਦਾਰ।
ਮੈਂ ਆਪ ਚਲਿ ਆਇਆ ਹਾਂ ਫਕੀਰ ਦੇ ਦਰਬਾਰ"।੩੪।

ਫੇਰ ਸਾਹਿਬ ਕੁਸਾ ਵਿਛਾਇ ਦੇਹ ਤਿਆਗੀ। ਸਭ ਸੰਗਤਿ ਉਠਿ ਅੰਦਰਿ ਰੋਵਨ ਲਾਗੀ।
ਵਖਤ ਚਲਾਣੇ ਸਿਖਾਂ ਕੀਤੀ ਅਰਦਾਸਿ।
"ਗਰੀਬ ਨਿਵਾਜ਼! ਸੰਗਤਿ ਛੋਡੀ ਹੈ ਕਿਸ ਪਾਸਿ?"।੩੫।

ਉਸ ਵਖਤ ਬਚਨ ਕੀਤਾ: 'ਬਾਬਾ ਬਕਾਲੇ'।
ਆਪ ਗਏ ਸੁਰਪੁਰਿ, ਦੇਹ ਜਲਾਈ ਚੰਦਨ ਈਂਧਨ ਨਾਲੇ।
ਦਿਲੀ ਨਗਰ ਵਿਚ ਕੀਤਾ ਅਸਥਾਨ। ਤੁਰਕ ਨਿਰਾਸ ਹੋਇ, ਉਠਿ ਗਿਆ ਨਿਜ ਧਾਮ।੩੬।

ਉਪਰਿ ਚੜਿਆ ਸਾਲ, ਸੰਮਤ ਸਤਾਰਾਂ ਸੈ ਇੱਕੀ।
ਚੇਤ ਸੁਦੀ ਚਉਦਸਿ, ਭਈ ਬਿਧਾਤਾ ਦੀ ਲਿਖੀ।
ਅਜ ਦਾ ਬਦਲਾ, ਰਸਨੀਂ ਰਾਮਰਾਇ ਜੀ ਦੀ ਦਿੱਤਾ। ਜੇਹਾ ਕੀਤਾ, ਤੇਹਾ ਲਿਤਾ।੩੭।

ਤਿਆਗਿ ਦੇਹ ਸੁਰਪੁਰਿ ਨੂੰ ਗਏ। ਅੱਠ ਸਾਲ ਜਗ ਮੋ ਰਹਿਤੇ ਭਏ।
ਚਾਰ ਸਾਲ ਬਾਲਪਨ ਮਾਹੀ। ਸਾਲ ਇਕ ਸਮਝ ਕੁਛ ਰਖੀ ਨਾਹੀ।੩੮।

ਤੀਨ ਸਾਲ ਕੀਤੀ ਗੁਰਿਆਈ। ਸੋ ਭੀ ਬਾਲਕ ਕੁਛ ਖਬਰ ਨ ਪਾਈ।
ਨਾਵੇਂ ਬਰਸ ਚੜ੍ਹਦੇ ਦੇਹ ਤਿਆਗੀ। ਕਾਰਨ ਤੁਰਕ ਕੁਬਖਤ ਅਭਾਗੀ।੩੯।

ਫੂਲ ਹਰਿਸਰਿ ਕੋ ਦਏ ਪਠਾਈ। ਦਿਲੀ ਨਗਰ ਮਹਿ ਸਮਾਧ ਬਣਵਾਈ।
ਇਤਨੀ ਕਥਾ ਇਤਿ ਪੂਰਨ ਭਈ। ਆਗੇ ਕਥਾ ਗੁਰੁ ਤੇਗ ਬਹਾਦੁਰ ਪੁਰ ਗਈ।੪੦।

ਅੱਠਵੇਂ ਚਰਨ ਦੇ ਇਕਤਾਲੀ ਅੰਗ। ਅੱਗੇ ਨਾਂਵੇਂ ਕਾ ਚਲਿਆ ਪ੍ਰਸੰਗ।
ਸੱਤ ਸੈ ਪਚਾਨਵੇਂ ਕੀਤਾ ਜੋੜ। ਅਬ ਨਾਂਵੈ ਚਰਨ ਕੀ ਕਥਾ ਸੁਣੋ ਹੋਰ।੪੧।

—o—

# (੯) ਨੌਵਾਂ ਚਰਣ—ਨੌਵੀਂ ਪਾਤਸ਼ਾਹੀ

**ਚਉਪਈ—**ਸੰਮਤ ਸੋਲਾਂ ਸੈ ਅਠੱਤ੍ਰ ਸੇ ਗਏ। ਦਿਨ ਮੰਘਰ ਮਹੀਨੇ ਦੇ ਉੱਨੀ ਸੇ ਭਏ[1]।
ਕ੍ਰਿਸ਼ਨਾ ਪੱਖ ਰੈਨ ਰਹੀ ਡੇਢ ਜਾਮ। ਬਿਸਾਖਾ ਨਖਤ੍ਰ ਜਨਮ, ਸ੍ਰੀ ਤੇਗ ਬਹਾਦਰ ਨਾਮ।੧।

ਆਪ ਸੋਢੀ, ਨਾਨਕੇ ਖਤ੍ਰੀ ਲੰਮ। ਮਦਰ ਦੇਸ ਰਮਦਾਸ ਪੁਰੇ ਜਨੰਮ।
ਚਾਰ ਬਡੇ, ਇਹ ਸਭਨਾਂ ਤੇ ਨਿਕੜੇ ਭਾਈ। ਸੁਰਤਿ ਬੁਧਿ ਸੰਮਲ੍ਹੀ ਕਰਤਾਰਪੁਰ ਜਾਈ।੨।

ਸੰਮਤ ਸੋਲਾਂ ਸੈ ਛਿਆਸੀ ਜਬ ਗਏ। ਕਰਤਾਰਪੁਰ ਸੋ ਜਾਇ ਕੇ ਬਿਆਹ ਕਰਿ ਲਏ।
ਧਾਮ ਸੁਭਿਖੀ ਖੱਤ੍ਰੀ ਸਾਹੁਰੇ ਜਾਤਿ। ਤਿਨ ਕੇ ਬਿਆਹੁ ਕੀਆ ਅਧਿਰਾਤਿ।੩।

ਮਾਤਾ ਗੁਜਰੀ ਆਈ ਤਾਂ ਕੇ ਧਾਮ। ਰਹਿਨ ਤੀਰ ਪਿਤਾ ਕੇ ਕਿਛੁ ਅਉਰ ਨ ਕਾਮ।
ਤਜਿ ਕਰਤਾਰਪੁਰ, ਕੀਰਤਪੁਰ ਗਏ। ਕੋਈ ਕਾਲ ਬਸੇ ਤਹਾਂ ਬੀਸ ਸਾਲ ਕੇ ਭਏ।੪।

ਤਬ ਬਿਚਾਰੁ ਮਨ ਮੈ ਇਹੁ ਕੀਨਾ : "ਮੈਂ ਹਾਂ ਨਿੱਕੜਾ ਭਾਈ, ਅਸੀਂ ਹਾਂ ਤੀਨਾ।
ਗੁਰਿਆਈ ਦੇ ਵਾਰਸ ਦੀਰਘ ਆਹਿ ਭਾਈ। ਮੈਂ ਤੀਜੇ ਅਸਥਾਨ, ਮੁਝਿ ਪਹੁੰਚ ਨ ਕਾਈ"।੫।

ਬਡੀ ਤਪੱਸਿਆ ਜੋ ਤੀਰਥ ਕਰੀਏ। ਇਸ ਜਾਗ੍ਹਾ ਤਜਿ ਸ਼ਰੀਕੀ ਅਤੇ ਖਹੋ ਖਹੀ[2] ਬੇਗ ਦੇ ਟੁਰੀਏ।
ਕਛੁ ਦ੍ਰਬੁ[3] ਅਤੇ ਕਬੀਲਾ ਲੈ ਕੇ ਟੁਰ ਪਏ। ਭਲੀ ਜੁਗਤਿ ਵਿਧਿ ਕਰਿ ਸੰਗਤਿ ਤੀਰਥ ਕਰਤੇ ਭਏ।੬।

ਸੰਮਤ ਸਤਾਰਾਂ ਸੈ ਤੇਰ੍ਹਵੇਂ ਘਰੋਂ ਟੁਰੇ। ਨਾਲੇ ਅੰਸੁ ਨ ਹੋਈ, ਹਿਰਦਾ ਪਿਆ ਝੁਰੇ।
ਪੰਜ ਬਰਸਾਂ ਵਿਚਿ ਤੀਰਥ ਪਰਸੇ। ਹਿਰਦਾ ਅੰਸ[4] ਵਾਸਤੇ ਬਹੁਤੁ ਤਰਸੇ।੭।

ਅਤਿ ਦੀਨਤਾ ਕਰਿ ਸਾਹਿਬ ਸੁਣੀ ਅਰਦਾਸਿ।
ਅਪਣੇ ਅੰਗ ਤੇ ਭੇਜਿਆ ਬੇਟਾ ਗੁਰੂ ਤੇਗ ਬਹਾਦੁਰ ਪਾਸ।
ਨਗਰ ਪਟਨਾ ਮੈਂ ਜਬ ਆਵਤ ਭਏ। ਤਬ ਬਾਲਕ ਗੁਰੂ ਗੋਬਿੰਦ ਸਿੰਘ ਜੀ ਜਨਮ ਲਏ।੮।

ਸੰਮਤ ਸਤਾਰਾਂ ਸੈ ਅਠਾਰਾਂ ਕਹੀਐ। ਇਸ ਪਰ ਸਾਖ ਭੀ ਦਿਤੀ ਚਹੀਐ।
ਜੋ ਰਸਨੀਂ ਦਸਵੈ ਪਾਤਸ਼ਾਹ ਆਪ ਹੈ ਆਖੀ। ਅਰੁ 'ਬਚਿਤ੍ਰ ਨਾਟਕ' ਵਿਚਿ ਲਿਖ ਹੈ ਰਾਖੀ।੯।

'ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ॥
ਹੇਮਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥੧॥

---

੧. *ਭੱਟ ਵਹੀ ਤੇ ਗੁਰੂ ਕੀਆਂ ਸਾਖੀਆਂ* ਵਿਚ ਜਨਮ ਸੰਮਤ ੧੬੯੨ ਬਿ: ਦਿੱਤਾ ਹੈ।
੨. ਸ਼ਰੀਕੇ ਬਾਜ਼ੀ ਦੀ ਖਹਿਮਖਹਿ। ੩. ਦੌਲਤ। ੪. ਔਲਾਦ।

ਸਪਤ ਸ੍ਰਿੰਗ ਤਿਹ ਨਾਮੁ ਕਹਾਵਾ॥ ਪੰਡੁ ਰਾਜ ਜਹ ਜੋਗ ਕਮਾਵਾ॥
ਤਹ ਹਮ ਅਧਿਕ ਤਪਸਿਆ ਸਾਧੀ॥ ਮਹਾਕਾਲ ਕਾਲਿਕਾ ਅਰਾਧੀ॥੨॥

ਇਹ ਬਿਧਿ ਕਰਤ ਤਪਸਿਆ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥
ਤਾਤ ਮਾਤ ਮੁਰਿ ਅਲਖ ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥੩॥

ਤਿਨ ਜੋ ਕਰੀ ਅਲਖ ਕੀ ਸੇਵਾ॥ ਤਾਂ ਤੇ ਭਏ ਪ੍ਰਸੰਨ ਗੁਰ ਦੇਵਾ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ॥ ਤਬ ਹਮ ਜਨਮ ਕਲੂ ਮਹਿ ਲੀਆ॥੪॥' ।੧੩।

ਇਹ ਜਤਨ ਕਰਿ ਤੇਗ ਬਹਾਦੁਰ ਜੀ ਬਾਲਕ ਪਾਇਆ।
ਹਿਰਦਾ ਭਇਆ ਪ੍ਰਸੰਨ, ਚਿਰੰਜੀਤ ਸੁਤ ਪਾਇਆ।
ਕੋਈ ਕਾਲ ਤਹਾਂ ਰਹੇ ਪਟਨਾ ਮੋ ਬਾਸੀ।
ਖਬਰ ਈਹਾਂ ਤੇ ਗਏ ਗੁਰੂ ਹਰਿਰਾਇ ਦਿਵਲੋਕ ਸਿਧਾਸੀ।੧੪।

ਤੇਗ ਬਹਾਦੁਰ ਸੁਣ ਕੇ ਤਹਾਂ ਤੇ ਟੁਰਿ ਆਏ।
ਆਵਤ ਮਾਰਗਿ ਖਬਰ ਸੁਨੀ: 'ਸ੍ਰੀ ਹਰਿਕ੍ਰਿਸ਼ਨ ਜੀ ਦਿੱਲੀ ਸਿਧਾਏ'।
ਰਾਮ ਰਾਇ ਜੀ ਆਇ ਮਿਲੇ ਤਿਨ ਸਭ ਕੀਆ ਬਖਾਨ:
"ਪਿਤਾ ਟਿੱਕਿਆ ਹਰਿਕ੍ਰਿਸ਼ਨ ਕੋ, ਮੈਂ ਕੀਤਾ ਜੁਦਾ ਅਸਥਾਨ।੧੫।

ਅਉਰੰਗੇ ਨੂੰ ਮਿਲ ਕੇ ਮੁਲਖੁ ਅਸਾਂ ਲਿਆ ਇਨਾਮ। ਦਿਖਾਈ ਅਜ਼ਮਤ ਪਰ ਕੀਤਾ ਅਪਣਾ ਕਾਮ।
ਵੈਰ ਭਾਵ ਤਜਿ ਅਸੀਂ ਕਿਨਾਰੇ ਉਠਿ ਆਏ।
ਬਾਬਾ ਜੀ ਫੇਰਿ ਹਰਿਕ੍ਰਿਸ਼ਨ ਕਿਉ ਉਠਿ ਦਿੱਲੀ ਧਾਏ।੧੬।

ਤੁਰਕ ਬੇਪੀਰੁ ਇਕੇ ਅਜ਼ਮਤ ਪੁਛੇ, ਇਕੇ ਧਰਮ ਗਵਾਇ।
ਏਹ ਨੈਦਾਨ ਇਆਣਾ ਬਾਲਕ, ਲੈਣਾ ਕੀ ਸੀ ਉਥੇ ਜਾਇ।"
ਏਹ ਗੱਲਾਂ ਸੁਣਿ ਗੁਰੂ ਤੇਗ ਬਹਾਦੁਰ ਜੀ ਉਠਿ ਆਏ ਬਕਾਲੇ।
ਛੋਟੇ ਹੋਂਦੇ ਉਥੇ ਰਹੇ ਸੇ, ਪਿਤਾ ਅਪਨੇ ਦੇ ਨਾਲੇ।੧੭।

ਬਿਆਸ ਨਦੀ ਉਪਰਿ ਦੋਨੋ ਥੇ ਗਾਂਉ। ਬਕਾਲਾ ਅਤੇ ਬੁਤਾਲਾ ਦੋਹਾਂ ਦੇ ਨਾਉਂ।
ਉਥੇ ਆਏ ਤਾਂ ਦਿੱਲੀਓਂ ਖਬਰ ਆਈ: 'ਹਰਿ ਕ੍ਰਿਸ਼ਨ ਜੀ ਗਏ ਦਿਵਲੋਕ ਸਿਧਾਈ'।੧੮।

'ਬਾਬਾ ਬਕਾਲੇ' ਇਹੁ ਬਚਨ ਕਹਿ ਗਏ। ਤੇਗ ਬਹਾਦੁਰ ਜੀ ਬਕਾਲੇ ਥੇ ਆਵਤ ਭਏ।
ਤਹਾਂ ਸੰਗਤਿ ਸਭ ਆਵਤ ਭਈ। ਘਰਿ ਘਰਿ ਮੰਜੀ ਤਹਾਂ ਗੁਰਿਆਈ ਕੀ ਪਈ।੧੯।

ਧੀਰਮੱਲ ਕਹੇ: "ਗੁਰਿਆਈ ਹੈ ਅਸਾਡੀ।
ਹਰਿਕ੍ਰਿਸ਼ਨ ਜੋ ਕਹਿਆ 'ਬਾਬਾ ਬਕਾਲੇ' ਅਸੀਂ ਬਾਬੇ ਹਾਂ ਆਦੀ।
ਬਾਬੇ ਗੁਰਦਿਤੇ ਦੀ ਅਸੀਂ ਅਉਲਾਦਿ। ਤੇਗ ਬਹਾਦੁਰ ਹੈ ਪੰਜਵੀਂ ਜਾਗ੍ਹਾ, ਅਸੀ ਬਾਬੇ ਆਦਿ" ।੨੦।

ਸੋ ਸਮਝ ਨ ਕੀਤੀ, ਕਰਿ ਮਤਸਰ[1] ਮੰਜੀ ਪਾਈ। ਇਤਨੀ ਸਮਝ ਨ ਮਨ ਮੈ ਆਈ।
ਬਾਬਾ ਬਕਾਲੇ[2] ਜੋ ਉਨਿ ਕਹਿਆ। ਸੋ ਜੀਂਵਦਾ ਕਿ ਮੋਇਆ ਬਹਿ ਰਹਿਆ।੨੧।

---

੧. ਈਰਖਾ। ੨. ਧੀਰਮੱਲ ਬਾਬਾ ਨਹੀਂ ਸੀ ਲਗਦਾ, ਤੇਗ ਬਹਾਦਰ ਜੀ ਬਾਬੇ ਲਗਦੇ ਸਨ।

ਬਾਬਾ ਗੁਰਦਿੱਤਾ ਤਾਂ ਗਿਆ, ਸੁਰਗ ਸਿਧਾਇ। ਬੈਠਾ ਸਲਾਮਤ ਬਾਬਾ ਤੇਗ ਬਹਾਦੁਰ ਆਇ।
ਧੀਰਮੱਲ ਜੀ ਦੁਖ ਸਰੀਕੀ ਦਾ ਲਗੇ ਕਰਨ। ਨਾਲੇ 'ਚਾਚਾ ਚਾਚਾ' ਕਰਿ ਸਿਰ ਚਰਨਾਂ ਤੇ ਧਰਨ।੨੨।

ਸੰਗਤਿ ਧੀਰਮੱਲ ਦੇ ਭੀ ਜਾਏ। ਨਾਲੇ ਤੇਗ ਬਹਾਦੁਰ ਦੇ ਭੀ ਲੋਕ ਆਏ।
ਲੋਕ ਅਜ਼ਮਾਇ ਅਜ਼ਮਾਇ ਪੈਰੀਂ ਪਵਨ। ਨਾਲੇ ਇਧਰ ਆਵਨ, ਨਾਲੇ ਧੀਰਮੱਲ ਦੇ ਜਾਵਨ।੨੩।

ਪੰਜਵੇਂ ਮਹੀਨੇ ਸੰਗਤਿ ਦਿੱਲੀ ਦੀ ਆਈ।
ਨਾਲੇ ਦਿਵਾਨ ਦਰਗਹਿ ਮੱਲ, ਨਾਲੇ ਗੁਰੂ ਕੇ ਸਿਖ ਵਡੇ ਭਾਈ।
ਗੁਰੂ ਕੇ ਨਫਰ ਚਾਕਰ ਟਹਲੀਏ ਮੁਸੱਦੀ ਸਭ ਆਏ।
ਜਿਤਨੇ ਗੁਰੂ ਹਰਿਕ੍ਰਿਸ਼ਨ ਜੀ ਨਾਲ ਆਹੇ ਸਿਧਾਏ।੨੪।

ਅਗੋਂ ਸੁਣਿਆ ਬਾਈ ਮੰਜੀਆਂ ਗੁਰੂ ਬਣ ਬੈਠੇ ਬਹੁਤੇ।
ਵਕੀਲ ਸਭਨਾਂ ਦੇ, ਨਾਲੇ ਧੀਰਮੱਲ ਦੇ ਜਾਇ ਪਹੁਤੇ।
ਸੱਭੋ ਆਪੋ ਆਪਣੇ ਵਲਿ ਸੱਦਣ। ਸਭੋ ਆਪਣੇ ਆਪ ਨੂੰ ਗੁਰੂ ਕਰਿ ਬੱਦਣ।੨੫।

ਸਭੇ 'ਸੋਢੀ' ਸਭੇ ਸਾਹਿਬਜ਼ਾਦੇ। ਘਟਿ ਵਧਿ ਕਿਸ ਨੂੰ ਕੋਈ ਆਖੇ, ਸਭੇ ਚੰਗੇ ਪੀਉ ਦਾਦੇ।
ਅਣੀਰਾਇ ਅਤੇ ਸੂਰਤਿ ਸਿੰਘ ਦੀ ਉਲਾਦ। ਪੁੱਤ ਪੋਤੇ ਬਾਬੇ ਗੁਰਦਿੱਤੇ ਥੀਂ ਆਦਿ।੨੬।

ਸਭੇ ਪਾਇ ਮੰਜੀਆਂ ਗੁਰੂ ਬਣਿ ਬੈਠੇ। ਗੁਰੂ ਇਕ ਕਿ ਸਭੇ ਗੁਰੂ ਇਕੱਠੇ ?
ਸੰਗਤਿ ਬੈਠਿ ਲਗੀ ਕਰਨ ਬੀਚਾਰ: "ਅਗੇ ਹੈਨ ਬਹੁਤੇ ਦਰਬਾਰ"।੨੭।

ਦੀਵਾਨ ਦਰਗਹਿ ਮਲ ਸੰਗਤਿ ਦੇ ਵਿਚਿ ਸੱਦ ਬਹਾਇਆ।
ਕਹੋ ਜੀ! ਵਕੀਲ ਹੈਨ ਸਭਨਾਂ ਦੇ ਆਇਆ ?
ਅਸੀਂ ਦਰਬਾਰ ਬਡਾ ਜਾਨਿ ਕਿਸ ਦੇ ਜਾਈਐ।
ਤੁਸੀ ਹੋ ਵੱਡੇ, ਜਿਥੇ ਆਖੋ, ਉਥੇ ਜਾਇ ਸੀਸ ਨਿਵਾਈਐ।੨੮।

ਦੀਵਾਨ ਦਰਗਹਿ ਮੱਲ ਕਹਿਆ: "ਵੱਡਾ ਦਰਬਾਰ ਹੈ ਗੁਰੂ ਤੇਗ ਬਹਾਦੁਰ,
ਜੋ 'ਬਾਬਾ ਬਕਾਲੇ' ਬੈਠਾ ਹੈ ਸਲਾਮਤ ਹਾਜ਼ਰ।
ਵਿਚਿ ਬਕਾਲੇ ਜਿਸ ਦਾ ਦਰਬਾਰੁ। ਸਭ ਚਲਿ ਕਰੀਏ ਉਥੇ ਜੁਹਾਰ"[੧]।੨੯।

ਸਭਨਾਂ ਹੈਨਿ ਵਕੀਲ ਪਠਾਇਆ। ਤੇਗ ਬਹਾਦੁਰ ਦਾ ਨਹੀਂ ਕੋਈ ਆਇਆ।
ਸਭੇ ਲਗੇ ਆਖਨ: "ਚਲੋ ਉਸ ਦੇ ਦਰਬਾਰਿ। ਚਲਿ ਓਥੇ ਸਭ ਕਰੋ ਜੁਹਾਰਿ"।੩੦।

ਸੰਗਤਿ ਟੁਰੀ ਤੇਗ ਬਹਾਦੁਰ ਵਲਿ। ਕੁਛ ਵਿਚੋਂ ਫਾੜਿ ਵਕੀਲ ਲੈ ਚਲੇ ਘਰਿ ਧੀਰ ਮੱਲ।
ਭਾਦੋਂ ਦਾ ਮਹੀਨਾ ਅੱਧਾ ਸੀ ਗਿਆ। ਜੋ ਧੀਰਮੱਲ ਵਲਿ ਸੇ ਟੁਰੇ, ਤਿਨਾਂ ਨੂੰ ਟੁੱਟ ਬੱਦਲ ਪਿਆ।੩੧।

ਉਹੁ ਭੀ ਮੁੜਿ ਆਏ ਸਭੇ ਏਧਰ। ਆਖਣ: "ਗੁਰੂ ਛਡਿ ਅਸੀ ਚਲੈਂ ਕੈ ਧਿਰ[੨]।"
ਸੰਗਤਿ ਸਾਰੀ ਗੁਰੂ ਤੇਗ ਬਹਾਦੁਰ ਦੇ ਆਈ। ਜੈ ਜੈਕਾਰ ਸਭ ਕਰੇ ਲੁਕਾਈ।੩੨।

ਧੀਰ ਮੱਲ ਸੁਣ ਕੇ ਗੁੱਸਾ ਮੰਨਿਆ। ਸੱਚਾ ਦਰਬਾਰ ਗੁਰੂ ਚਾਚੇ ਦਾ ਬਣਿਆ।
ਗੁਰੂ ਤੇਗ ਬਹਾਦੁਰ ਸਭੇ ਰਖ ਲਏ। ਚਾਕਰ ਨਫਰ ਮੁਸੱਦੀ[੩] ਜੋ ਗੁਰੂ ਹਰਿਕ੍ਰਿਸ਼ਨ ਦੇ ਗਏ।੩੩।

---

੧. ਨਮਸਕਾਰ। ੨. ਕਿਸ ਪਾਸੇ। ੩. ਮੁਨਸ਼ੀ।

ਦੀਵਾਨ ਦਰਗਹਿ ਮੱਲ ਆਹਾ ਬ੍ਰਹਮਣ ਛਿਬਰੁ। ਸੋ ਚਰਨੀਂ ਆਇ ਲਗਾ ਤਜਿ ਮਨ ਦਾ ਕਿਬਰੁ।
ਸਿਰੋਪਾਇ ਦਿਵਾਨੀ ਦਾ ਗੁਰੂ ਤੇਗ ਬਹਾਦੁਰ ਤਿਸ ਨੂੰ ਦਿੱਤਾ।
ਤਿਸ ਦਾ ਸਰੀਰੁ ਹੈ ਸੀ ਵੱਡਾ, ਉਸ ਨੇ ਕੰਮ ਵਿਚਿ ਦੋਨੋ ਭਤੀਜੇ ਖੜੇ ਕਿਤਾ।੩੪।

ਸਤੀਦਾਸ, ਮਤੀਦਾਸ ਏਹ ਦੋਨੋ ਭਾਈ[੧]। ਗੁਰੂ ਕੇ ਘਰ ਦੀ ਕੰਮੁ ਟਹਿਲ ਏਨਾਂ ਸਭ ਉਠਾਈ।
ਦਰਗਹਿ ਮੱਲ ਦਾ ਬੇਟਾ ਧਰਮਚੰਦੁ ਕਹਾਈ।
ਸੋ ਆਹਾ ਨਿੱਕੜਾ ਕੰਮੁ ਗੁਰੂ ਕਾ ਭਾਰੀ, ਉਠਾਇਆ ਨ ਜਾਈ।੩੫।

ਸਤੀਦਾਸ ਮਤੀਦਾਸ ਗੁਰੂ ਤੇਗ ਬਹਾਦੁਰ ਨੂੰ ਕਹਿਆ:
"ਜੀ ਮੁਸੱਦੀਆਂ, ਮਸੰਦਾਂ ਨੂੰ ਸਿਰੋਪਾਉ ਭੇਜੋ; ਜਿਥੇ ਕੋਈ ਹੈ ਰਹਿਆ।
ਸਭ ਸੰਗਤਿ ਹੈ ਮਸੰਦਾਂ ਦੇ ਹਵਾਲੇ।
ਸੰਗਤਿ ਅਤੇ ਗੋਲਕ ਮੇਲੇ ਵਿਸਾਖੀ ਦੇ ਲੈ ਆਵਨ ਨਾਲੇ"।੩੬।

ਸਭਨੀ ਜਾਗੀਂ ਸਿਰੋਪਾਉ ਮਸੰਦਾਂ ਨੂੰ ਪਠਾਏ। ਜਿਥੇ ਜਿਥੇ ਮਸੰਦ ਆਹੇ ਉਥੇ ਹੀ ਠਹਿਰਾਏ।
ਧੀਰਮੱਲ ਕੇ ਭੀ ਏਹੋ ਗੱਲਿ ਲਗੇ ਕਰਨ। ਜੋ ਕੁਛੁ ਏਹ ਕਰਨ, ਸੋ ਹੀ ਉਹ ਹਿਰਦੇ ਧਰਨ।੩੭।

ਕਾਬੁਲ ਭੀ ਸਿਰੋਪਾਉ ਪਠਾਏ। ਚੇਤੋ ਅਤੇ ਗੋਂਦਾ ਦੁਇ ਮਸੰਦ ਉਥੇ ਆਹੇ।
ਧੀਰ ਮੱਲ ਕਿਆਂ ਭੀ ਭੇਜੇ ਉਥੇ ਸਿਰੋਪਾਉ।
ਕਹਿਆ: "ਤੁਸੀਂ ਭੀ ਨਾਲਿ ਇਨ੍ਹਾਂ ਦੇ ਲੈ ਜਾਉ"।੩੮।

ਜਦਿ ਏਹ ਦੇਵਨ ਤਾਂ ਤੁਸੀਂ ਭੀ ਦੇਣਾ। ਜਦਿ ਏਹ ਕੁਛ ਲੇਵਨ ਤਾਂ ਤੁਸਾਂ ਭੀ ਲੈਣਾ।
ਸਤਿ ਪਾਰਚੇ ਸਿਰੋਪਾਉ ਕਰਾਏ। ਗੁਰੂ ਕੇ ਕਪੜੇ ਸਾਦ-ਮੁਰਾਦੇ ਧੀਰਮਲ ਜ਼ਰੀ ਦੇ ਬਣਵਾਏ।੩੯।

ਮੇਵੜੇ ਲੈ ਕੇ ਕਾਬੁਲ ਨੂੰ ਟੁਰ ਚਲੇ। ਦੋਨੋ ਧਿਰਾਂ ਇਕੱਠੇ ਰਲੇ-ਮਿਲੇ।
ਦੋਵੇ ਇਕਠੇ ਜਾਇ ਕਾਬੁਲ ਪਹੁਚੇ। ਖਬਰ ਮਸੰਦਾਂ ਨੂੰ ਹੋਈ ਤਿਨ ਸਿਖ ਇਕਠੇ ਕੀਤੇ ਬਹੁਤੇ।੪੦।

ਤਿਨਾਂ ਮਸੰਦਾਂ ਸਿਖਾਂ ਨੂੰ ਇਉਂ ਕਹਿਆ ਸੁਣਾਏ:
"ਭਾਈ ਸਿਖੋ! ਸੰਗਤਿ ਹੈ ਗੁਰੂ ਕੀ ਅਤੇ ਏਹ ਸਿਰੋਪਾਉ ਵਾਸਤੇ ਸੰਗਤਿ ਦੇ ਅਸਾਂ ਨੂੰ ਆਏ।"
ਭਾਈ ਸਿਖੋ! ਸਿਰੋਪਾਉ ਹੈਨਿ ਦੁਇ, ਗੁਰੂ ਦੋਇ ਕਿ ਗੁਰੂ ਇਕੁ?
ਅਸੀਂ ਕਿਸ ਨੂੰ ਮੰਨੀਏ, ਕਿਸ ਨੂੰ ਛਡੀਏ ਛਿਕ।੪੧।

ਸੰਗਤਿ ਇਕੁ, ਅਤੇ ਗੁਰੂ ਬਣੇ ਦੁਇ। ਕਿਸ ਨੂੰ ਬਹਾਈਐ ਮੰਜੀ ਅਤੇ ਕਿਸ ਨੂੰ ਬਹਾਈਐ ਭੁਇੰ।
ਜੋ ਕੁਛ ਸੰਗਤਿ ਅਸਾਂ ਨੂੰ ਵਿਚਾਰ ਕਰਿ ਕਹੇ। ਅਸਾਂ ਸੋਈ ਬਚਨ ਸਚੇ ਕਰਿ ਲਹੇ।੪੨।

ਅਤੇ ਮੇਵੜਿਆਂ ਨੂੰ ਡੇਰਾ ਦਿਤਾ ਵਿਚਿ ਆਰਾਮੁ।
ਅਤੇ ਨਗਰ ਵਿਚਿ ਸਦਿ ਸਿਖਾਂ ਨੂੰ ਕੀਤਾ ਇਹ ਕਾਮੁ।
ਸੱਤ ਦਿਨ ਜਬਾਬ ਸੁਆਲ ਏਹ ਪੁਛਦੇ ਰਹੇ। ਸੰਗਤਿ ਨੂੰ ਬਹਾਇ ਪੁਛਨ, ਕੋਈ ਕੀ ਕਹੇ।੪੩।

---

੧. ਇਹ ਕਬੂਲ ਚੰਦ ਦੇ ਬੇਟੇ ਸਨ—ਮਤੀਦਾਸ ਤੇ ਸਤੀਦਾਸ। ਦਰਗਹਿ ਮੱਲ ਦਾ ਪੁੱਤਰ ਧਰਮ ਚੰਦ ਉਦੋਂ ਉਮਰ ਵਿਚ ਛੋਟਾ ਸੀ।

ਓੜਕ ਇਕ ਦਿਨ, ਇਕ ਬੋਲਿਆ ਗਰੀਬ ਸਿਖ:
"ਭਾਈ ਗੁਰੂ ਕੀ ਧਾਰਨ ਹੈ ਭਾਰੀ, ਗੁਰੂ ਹੈ ਇਕੁ।"
ਤਾਂ ਚੇਤੋ ਸਿਖ ਨੂੰ ਐਸੇ ਕਹਿਆ: "ਭਾਈ ਸਿਖਾ! ਤੇਰਾ ਬਚਨ ਅਸਾਂ ਸੱਚਾ ਲਹਿਆ"।੪੪।

ਸੁਣੀਐ ਸਿਖ ਸੰਗਤਿ ਸਭ ਸਾਰੀ। ਏਹੁ ਜੋ ਬਚਨ ਸਿਖ ਕਹਿਆ ਉਚਾਰੀ।
ਤੁਸੀਂ ਸੁਣਦੇ ਹੋ ਸਿਖ ਸੰਗਤਿ। ਗੁਰੂ ਕੀ ਧਾਰਨ ਹੈ ਭਾਰੀ।
'ਸਚੁ ਹੈ! ਸਚੁ ਹੈ!!' ਬੋਲੀ ਸੰਗਤਿ ਸਾਰੀ।੪੫।

ਭਾਈ ਚੇਤੋ ਮਸੰਦ ਤੱਕੜੀ ਹਥਿ ਲੈ ਲਈ। ਅਤੇ ਸਭ ਸੰਗਤਿ ਇਕੱਠੀ ਹੋਇ ਟੁਰ ਪਈ।
ਸਮੇਤ ਸੰਗਤਿ ਚੇਤੋ ਅਤੇ ਗੋਂਦਾ ਮੱਲ ਮਸੰਦ ਆਏ ਬਾਹਰਿ ਵਿਚਿ ਆਰਾਮ।
ਬਹਾਇ ਸੰਗਤਿ ਸਾਰੀ ਬਾਗ ਵਿਚ ਕੀਤਾ ਇਹ ਕਾਮੁ।੪੬।

ਦੋਨੋ ਮੇਵੜੇ ਇਕੱਠੇ ਹੀ ਬੁਲਾਏ। ਦੋਨੋ ਇਕੱਠੇ ਸੰਗਤਿ ਅਗੇ ਖੜੇ ਕਰਾਏ।
ਦੋਹਾਂ ਪਾਸੋਂ ਹੁਕਮਨਾਮੇ ਇਕਠੇ ਖੁਲਵਾਏ। ਦੋਨਾਂ ਪਾਸੋਂ ਹੁਕਮਨਾਮੇ ਇਕਠੇ ਹੀ ਪੜ੍ਹਵਾਏ।੪੭।

ਦੋਹਾਂ ਪਾਸੋਂ ਦੋਵੇਂ ਸਿਰੋਪਾਉ ਇਕਠੇ ਮੰਗਵਾਏ।
ਦੋਹਾਂ ਮਸੰਦਾਂ ਹਥ ਜੋੜਿ ਸਿਖਾਂ ਅਗੇ ਇਹ ਬਚਨ ਆਖੁ ਸੁਣਾਏ।
ਸੰਗਤਿ ਗੁਰੂ ਕੀ! ਇਹ ਬਚਨ ਹੈ ਸੱਚਾ ਜੋ ਸਿਖ ਰਸਨੀਂ ਅਲਾਏ।
ਸਰਬਤ ਕਹਿਆ: "ਜੋ ਗੁਰੂ ਕੀ ਧਾਰਨ ਹੈ ਭਾਰੀ।" ਗੰਢੜੀ ਦੋਨੋ ਤ੍ਰਾਜੂ[੧] ਲਈ ਚੜ੍ਹਾਏ।੪੮।

ਫੜਿ ਬੋਦੀ ਜਾਂ ਤ੍ਰਾਜੂ ਚੁਕੀ, ਇਕ ਨੀਵੀ ਇਕ ਉਚੀ ਚੜ੍ਹਿ ਗਈ।
ਦੋਨੋ ਗੰਢੜੀ ਬਧੀ ਹੀ ਚੁਕ ਲਈ।
ਸਰਬਤ ਡਿਠਾ ਅਤੇ ਕਹਿਆ: "ਗੁਰੂ ਕੀ ਧਾਰਨ ਭਾਰੀ।"
ਗੁਰੂ ਤੇਗ ਬਹਾਦੁਰ ਦੀ ਨੀਵੀਂ ਧੀਰਮੱਲ ਦੀ ਉੱਚੀ ਚੜ੍ਹੀ ਅਟਾਰੀ।੪੯।

ਦੋਨੋ ਗੰਢੜੀ ਖੋਲ੍ਹ, ਕੱਪੜੇ ਡਿਠੇ।
ਗੁਰੂ ਤੇਗ ਬਹਾਦੁਰ ਵਾਲੇ ਮਾੜੇ ਕੱਪੜੇ, ਉਹੁ ਜ਼ਰਦੋਜ਼ੀ[੨] ਮਿਠੇ।
ਦੇਖ ਅਚਰਜ ਸਭ ਭਏ ਹੈਰਾਨ।
ਗੁਰੂ ਤੇਗ ਬਹਾਦੁਰ 'ਸਤਿਗੁਰੂ' ਸਹੀ ਕੀਤਾ ਪ੍ਰਵਾਨ।੫੦।

ਗੋਲਕ ਹੁੰਡੀ ਗੁਰੂ ਤੇਗ ਬਹਾਦੁਰ ਵੱਲ ਪਠਾਈ।
ਗੁਰੂ ਤੇਗ ਬਹਾਦੁਰ ਦੇ ਕਪੜੇ ਚੇਤੋ ਆਪ ਲਏ ਅੰਗ ਲਾਈ।
ਧੀਰ ਮੱਲ ਦੇ ਕਪੜੇ ਜ਼ਰਦੋਜ਼ੀ ਗੋਂਦੇ ਮੱਲ ਪਾਏ।
ਸਰਬਤਿ ਸੰਗਤਿ ਗੁਰੂ ਤੇਗ ਬਹਾਦੁਰ ਜੀ ਠਹਿਰਾਏ।੫੧।

ਧੀਰ ਮੱਲੀਏ ਮੇਵੜੇ ਨੂੰ ਕਛੁ ਥੋੜ੍ਹਾ ਹੀ ਦਿੱਤਾ।
ਅਤੇ ਕਹਿਆ: "ਭਾਈ! ਸਰਬਤ ਸੰਗਤਿ ਗੁਰੂ ਤੇਗ ਬਹਾਦੁਰ ਕਿਤਾ।"
ਉਹੋ ਦੋਨੋ ਮੇਵੜੇ ਜਬ ਮੁੜਿ ਆਏ।
ਤਬ ਧੀਰਮੱਲ ਨੂੰ ਮੇਵੜਿਆਂ ਸਭ ਆਖ ਸੁਣਾਏ।੫੨।

---

੧. ਤੱਕੜੀ। ੨. ਜ਼ਰੀ ਦੀ ਕਢਾਈ ਵਾਲੇ।

ਧੀਰਮੱਲ ਸੁਣ ਕੇ ਦੁਸ਼ਮਨੀ ਬਹੁਤੁ ਲਗਾ ਕਰਨ।
ਸ਼ਿਕਾਰ ਗਏ ਸੱਟਿ ਗੋਲੀ ਦੀ ਕਰਨ, ਨਹੀਂ ਡਰਨ।
ਸਾਹਿਬ ਬਚਨ ਕੀਤਾ: "ਬੇਟਾ ਧੀਰੂ! ਗੋਲੀਆਂ ਮਾਰਨਾ ਹੈਂ ਅਸਾਨੂੰ।"
ਕਹੇ: "ਚਾਚਾ ਜੀ! ਕਿਸੇ ਬਾਦ ਹਵਾਈ ਛੱਡੀ ਹੋਸੀ, ਮੈਂ ਕਿਉਂ ਮਾਰਨੀ ਹੈ ਤੁਸਾਂ ਨੂੰ"।੫੩।

ਬਰਸ ਸਤਾਰਾਂ ਸਾਹਿਬ ਰਹੇ ਪਿਤਾ ਪਾਸ। ਬਰਸ ਅਠਾਰਾਂ ਕੀਤਾ ਭਰਾਵਾਂ ਵਿਚਿ ਨਿਵਾਸ।
ਪੰਜ ਸਾਲ ਤੀਰਥ ਕੀਤੇ ਸੰਮਤ ਸਤਾਰਾਂ ਸੈ ਤੇਰ੍ਹਵੇਂ ਜਾਈ।
ਸਾਢੇ ਦਸ ਬਰਸ ਕੀਤੀ ਗੁਰਿਆਈ।੫੪।

ਸਾਲ ਡੇਢ ਵਿਚਿ ਰਉਲੇ ਗੁਜ਼ਾਰੇ। ਦੋ ਸਾਲ ਡੇਰਾ ਪਟਨੇ ਵਿਚਿ ਧਾਰੇ।
ਸਾਢੇ ਚਉਰੰਜਾ ਬਰਸ ਦੀ ਆਊ ਗੁਜ਼ਾਰੀ। ਗੁਰੂ ਤੇਗ ਬਹਾਦੁਰ ਜੀ ਵਿਚਿ ਸੰਸਾਰੀ।੫੫।

ਬਕਾਲਾ ਤਜਿਆ, ਮਾਖੋਵਾਲ ਆਵਤ ਭਏ। ਬਰਸ ਤੀਨ ਮਾਖੋਵਾਲ ਮੋ ਰਹੇ।
ਧੀਰ ਮੱਲ ਹੋਰੀਂ ਕਰਤਾਰਪੁਰ ਨੂੰ ਗਏ।
ਗੁਰੂ ਤੇਗ ਬਹਾਦੁਰ ਦਾ ਦਰਬਾਰ ਵੱਡਾ ਵੱਜ ਪਏ।੫੬।

ਸਮਾ ਕਾਲ ਦਾ ਭੀ ਆਇ ਪਹੁਤਾ। ਭੋਗ ਭੋਗਿਆ ਥੋੜਾ ਅਥਵਾ ਬਹੁਤਾ।
ਅਉਰੰਗੇ ਪੀਰ ਫਕੀਰ ਸਭ ਪਕੜ ਕੀਤੇ ਕੈਦ।
ਕਹੇ: "ਮੈ ਨੇ ਭਾਈ ਬਾਪ ਭਤੀਜੇ ਮਾਰੇ, ਕੀਤੇ ਸਾਈਂ ਦੇ ਪੈਦ।੫੭।

ਸੋ ਸਾਈਂ ਪਾਸੋਂ ਮੇਰਾ ਗੁਨਾਹ ਤੁਸੀ ਸਭੋ ਬਖਸ਼ਾਓ।
ਤੁਮ ਸਭ ਸਾਈਂ ਦੇ ਨਜ਼ੀਕੀ ਸਾਈਂ ਲੋਕ ਸਾਈਂ ਦੀ ਜਾਤ ਕਹਾਓ।"
ਸੋ ਸਾਈਂ ਪਾਸੋਂ ਕਉਨ ਬਖਸ਼ਾਏ। ਅਜਿਹਾ ਕਉਣ ਹੈ? ਜੋ ਸਾਈਂ ਨੂੰ ਆਖਣ ਜਾਏ।੫੮।

ਇਕ ਪੀਰ ਸੱਯਦ ਨੱਸਾ, ਪਹਾੜੀਂ ਚੜ੍ਹਿ ਗਿਆ।
ਤਿਸ ਨੂੰ ਅਉਰੰਗਾ ਭੇਜ ਆਦਮੀ ਪਕੜਾਵਤ ਭਇਆ।
ਤਿਸ ਨਾਲਿ ਇਕ ਖਤ੍ਰੀ ਪੁਰੀ ਸਾਕ ਆਹਾ ਸ਼ਾਹੀਆਂ ਦਾ।
ਸੋ ਦੁਸ਼ਮਨ ਹੈਸੀ ਚਉਥੀ ਪੰਜਵੀਂ ਦੁਹਾਂ ਪਾਤਸ਼ਾਹੀਆਂ ਦਾ।੫੯।

ਤਿਸ ਖਤ੍ਰੀ ਮਨਸੂਬਾ ਇਕ ਗਿਣਿ, ਉਸ ਸੱਯਦ ਪੀਰ ਮੁਰਾਦ ਸ਼ਾਹ ਨੂੰ ਸਮਝਾਇਆ।
ਕਹੇ: "ਜੀ ਇਕ ਮਨਸੂਬਾ ਮਨ ਮੇਰੇ ਹੈ ਆਇਆ।
ਜੋ ਗਿਆ ਫਬ, ਤਾ ਤੁਸੀਂ ਆਪ ਭੀ, ਅਤੇ ਹੋਰ ਸਭੇ ਛੁੜਾਓ।
ਏਹ ਤਗਾਦਾ ਤੁਸੀ ਹੋਰ ਥੇ ਪਾਓ।੬੦।

ਨਾਲ ਬਾਦਸ਼ਾਹ ਤੁਸੀਂ ਇਹ ਸੁਖਨ ਕਰੋ,
ਕਹੋ: "ਜੀ! ਸਾਈਂ ਆਲਮੀਨ ਹੈ ਕਿ ਮੁਸਲਮੀਨੁ ਹੈ, ਨਹੀਂ ਡਰੋ।"
ਸੋ ਉਹ ਆਲਮੀਨ ਸਾਈਂ ਨੂੰ ਕਹਿਸੀ।
ਸੋ ਆਲਮੀਨ ਵਿਚਿ ਵੱਖਰਾ ਕੋਈ ਨ ਰਹਿਸੀ।੬੧।*

ਤੁਸੀਂ ਕਹੋ: "ਜੀ ਬੰਦਗੀ ਕਰੇ ਸੋਈ ਪਰਵਾਨੁ। ਜੇਹਾ 'ਹਿੰਦੂ' ਤੇਹਾ 'ਮੁਸਲਮਾਨ'।
ਓਥੇ ਬੰਦਗੀ ਵਾਲਾ ਹੈ ਸੁਲਤਾਨ। ਸੋ ਅਜ ਓਥੇ ਬੰਦਗੀ ਨਾਨਕ ਸ਼ਾਹ ਦੀ ਹੈ ਪਰਵਾਨ।੬੨।

---

* ਰੱਬੁਲ ਆਲਮੀਨ—ਭਾਵ ਰੱਬ ਸਾਰੇ ਸੰਸਾਰ ਦਾ ਹੈ ਜਾਂ ਕੇਵਲ ਮੁਸਲਮਾਨਾਂ ਦਾ?

ਅਸੀਂ ਪੀਰ-ਫਕੀਰ ਸਭੇ, ਜੁੰਮੇ ਦੇ ਰੋਜ਼ ਸਾਈਂ ਪਾਸ ਹਾਂ ਜਾਂਦੇ।
ਸੋ ਬੰਦਗੀ ਕਬੂਲ ਨ ਕਬੂਲਦੇ, ਸੁਖਨ ਨਾਨਕ ਸ਼ਾਹ ਹੈਨਿ ਕਰਾਂਦੇ।
ਅਜ ਜੋ ਕੁਛ ਆਖਨ ਨਾਨਕ ਸ਼ਾਹ, ਸੋਈ ਹੋਵੈ। ਉਹੁ ਬਖਸ਼ਾਇਨ ਤਬ ਬਖਸ਼ ਖੜੋਵੈ"।੬੩।

ਤੈਸੋ ਹੀ ਤਿਨ ਬਾਦਸ਼ਾਹ ਨੂੰ ਜਾਇ ਕਹਿਆ।
ਸੁਣਦੇ ਹੀ ਬਾਦਸ਼ਾਹ ਸਭ ਕੀਏ ਖਲਾਸ, ਧਿਆਨ ਨਾਨਕ ਸ਼ਾਹ ਵਲਿ ਹੋਇ ਰਹਿਆ।
ਸੱਦਿ ਹਿੰਦੂ ਮੁਸੱਦੀ ਪੁੱਛਣਾ ਕੀਤਾ: "ਨਾਨਕ ਸ਼ਾਹ ਮੁਆ ਹੈ, ਕਿ ਹੈ ਅਬ ਜੀਤਾ ?"।੬੪।

ਸਭਨਾਂ ਕਹਿਆ: "ਜੀ ਵਹੁ ਤੋ ਚਿਰੋਕੇ ਹੱਕ ਭਏ।
ਪਾਛੇ ਉਨ ਕੀ ਗਾਦੀ ਦੇ ਭੀ ਹੱਕ ਹੋਇ ਗਏ।"
ਕਹੇ: "ਅਰੇ ਉਨ ਕਾ ਕੋਈ ਅਬ ਹੈ ਜੀਤਾ ?"
ਸਭਨਾ ਕਹਿਆ: "ਜੀ ਤੇਗ ਬਹਾਦੁਰ ਨਾਨਕ ਸ਼ਾਹੀ ਗੱਦੀ ਦਾ ਵਾਰਸ ਹੈ ਕੀਤਾ"।੬੫।

ਕਹਿਆ: "ਤਿਸ ਨੂੰ ਜਾਇ ਕੇ ਪਕੜਿ ਲਿਆਵੋ।"
ਇਕ ਸਿਖ ਨੇ ਛੜਾ ਸੁਟਿਆ, ਜੋ ਸਾਹਿਬ ਨੂੰ ਖਬਰ ਕਰਿ ਆਵੋ।
ਅਹਿਦੀ ਪਕੜਨ ਨੂੰ ਆਏ। ਸਾਹਿਬ ਅਗੇ ਹੀ ਸੁਣਦੇ ਆਹੇ, ਉਠਿ ਸਿਧਾਏ।੬੬।

ਅਹਿਦੀ ਆਏ, ਦੇਖ ਸੁਣ ਕੇ ਮੁੜਿ ਉਠਿ ਗਏ। ਅਉਰੰਗੇ ਜਗ੍ਹਾ ਜਗ੍ਹਾ ਪਰਵਾਨੇ ਲਿਖਿ ਪਠਏ।
ਜਿਥੇ ਹਥਿ ਆਵੈ, ਉਥੋਂ ਪਕੜਿ ਏਥੇ ਭੇਜਨਾ। ਸਭ ਜਾਗ੍ਹਾ ਤਿਸ ਦੀ ਕਰਨੀ ਖੋਜਨਾ।੬੭।

ਇਕ ਅਸ਼ਨੀ[1], ਇਕ ਨਫਰ, ਸਤੀਦਾਸ ਤੇ ਮਤੀਦਾਸ। ਇਕ ਆਪ, ਪੰਜੇ ਪ੍ਰਾਨੀ ਏ ਭਏ ਮਵਾਸੁ।
ਗਾਉਂ ਗਾਉਂ ਮੈ ਦੁਰਤੇ ਫਿਰਹਿ। ਦਿਨ ਗੁਜ਼ਾਰਹਿ ਅੰਦਰਿ, ਨਿਸਿ ਬਾਹਰਿ ਫਿਰਹਿ।੬੮।

ਨਿਕਸਿ ਰੈਨ ਕੋ ਜਾਵਹਿ ਅਵਰ ਧਾਮ। ਨਿਤਪ੍ਰਤਿ ਐਸਾ ਹੀ ਕਰਹਿ ਕਾਮ।
ਧਾਮ ਸਿਖਨ ਕੇ ਦੁਰਤੇ ਫਿਰਹਿੰ। ਦੁਸਟ ਤੁਰਕ ਤੇ ਅਤਿ ਹੀ ਡਰਹਿ।੬੯।

ਕਾਲ ਬਲੀ ਸਾਹਿਬ ਨਗਾਰਾ ਵਜਾਇਆ। ਸ੍ਰਮ[2] ਪਾਵਨ ਕਾ ਸਮਾ ਹੀ ਨਿਕਟਿ ਆਇਆ।
ਇਕਸ ਗਾਉਂ ਤੇ ਨਿਕਸਿ ਦੂਜੇ ਕਉ ਚਲੇ। ਪੰਜੇ ਪ੍ਰਾਨੀ ਇਕੱਠੇ ਰਲੇ ਮਿਲੇ।੭੦।

ਮੱਧ ਖੇਤ ਦੇ ਮਾਰਗੁ ਆਹਾ, ਅਉਰ ਨ ਕੋਈ ਦੂਜਾ ਰਾਹਾ।
ਜਬ ਮਾਰਗੁ ਖੇਤ੍ਰ ਅਰਧ ਮੋ ਆਏ। ਤਬ ਸਾਹਿਬ ਯਹਿ ਬਚਨ ਸੁਨਾਏ।੭੧।

ਲਗੀ ਹੈ ਪਿਆਸ ਅਸਾਂ ਨੂੰ ਪਿਲਾਓ ਪਾਨੀ। ਤਬ ਸਤੀਦਾਸ ਏਹ ਬਾਤ ਬਖਾਨੀ:
"ਗਰੀਬ ਨਿਵਾਜ਼! ਲੋਕ ਹੈਨਿ ਜਾਗਦੇ, ਚਲੋ ਆਗੇ।"
ਬਚਨ ਕੀਤਾ: "ਅਸਾਂ ਨੂੰ ਪਿਆਸੇ ਨ ਮਾਰੋ ਅਬੇ"।੭੨।

ਸਤੀਦਾਸ ਮਤੀਦਾਸ ਬਹੁਤੁ ਆਖ ਰਹੇ। ਸਾਹਿਬ ਨ ਮੰਨਿਆ ਉਨ੍ਹਾਂ ਦੇ ਕਹੇ।
ਮਤੀਦਾਸ ਪਾਣੀ ਕੋ ਤਬ ਗਿਆ। ਚਾਰ ਪ੍ਰਾਨੀ ਮਧ ਮਾਰਗੁ ਖੜੇ ਰਿਹਾ।੭੩।

ਮਤੀਦਾਸ ਵਾੜੇ ਖੂਹ ਦੇ ਵੜਿਆ। ਡੰਡੇ ਸੂਤ-ਲੜ ਦੇ ਉਪਰਿ ਜਾਇ ਪੈਰ ਧਰਿਆ।
ਟਿੰਡ ਲੱਗਾ ਖੋਲ੍ਹਣ, ਡੰਡਾ ਹੇਠੋਂ ਟੁੱਟ ਗਿਆ। ਮਤੀਦਾਸੀ ਡਿਗ ਖੂਹੇ ਵਿਚਿ ਪਿਆ।੭੪।

---
੧. ਘੋੜੀ। ੨. ਖੇਚਲ, ਤਕਲੀਫ਼।

ਹੋਇਆ ਖੜਾਕ ਲੋਕ ਸਭ ਜਾਗੇ। ਲੈ ਸੋਟੇ ਖੂਹੇ ਸੱਜੇ ਖੱਬੇ ਦੇਖਣ ਲਾਗੇ।
ਕਿਆ ਦੇਖਨ: "ਮਧ ਮਾਰਗੁ ਖੜੋਤਾ ਹੈ ਅਸਵਾਰੁ।"
ਤਿਨ੍ਹਾਂ ਧੁੰਮ ਪਾਈ ਪੁਕਾਰਨ: "ਧਾੜ ਵੋ ਧਾੜ"।੭੫।

ਲੋਕ ਸੈਂਕੜੇ ਦਉੜਦੇ ਆਏ। ਸਨਮੁਖ ਸਾਹਿਬ ਦੇ ਉਠਿ ਧਾਏ।
ਨਫਰੁ ਨਾਲੋਂ ਨਸ-ਭਜ ਗਿਆ। ਸਤੀਦਾਸ ਅਤੇ ਸਾਹਿਬ ਦੁਇ ਪ੍ਰਾਨਿ ਖੜੇ ਰਿਹਾ।੭੬।

ਪਿੰਡ ਤੇ ਰੰਘੜ ਆਏ ਧਾਇ। ਗਹਿ ਲੀਤੇ ਸਾਹਿਬ ਅਤੇ ਸਤੀਦਾਸੁ ਜਾਇ।
ਮਤੀਦਾਸ ਭੀ ਖੂਹ ਤੇ ਕਢਿ ਮੰਗਾਇਆ। ਸੋ ਭੀ ਨਾਲਿ ਇਨ੍ਹਾਂ ਦੇ ਆਨਿ ਰਲਾਇਆ।੭੭।

ਉਹੁ ਭੀ ਆਹੇ ਸਿਖ ਜੱਟ, ਜਿਨ੍ਹਾਂ 'ਧਾੜ ਧਾੜ' ਸੀ ਪੁਕਾਰੀ।
ਪਿਛੋ ਲਗੇ ਤਲੀਆਂ ਫਾਟਣਿ ਜਾ ਗੱਲੁ ਬੀਤ ਗਈ ਸਾਰੀ।
ਛੁਡਾਇ ਰਹੇ, ਰੰਘੜ ਨਾ ਛੱਡਨ। ਜੱਟਾਂ ਸਿੱਖਾਂ ਨੂੰ ਲਗੇ ਗਾਲ੍ਹੀ ਕੱਢਨ।੭੮।

ਭੇਜ ਆਦਮੀ ਫਉਜ ਰੋਪੜੋਂ ਮੰਗਾਈ।
ਜੋ ਕੁਛ ਪਾਸ ਆਹਾ, ਸੋ ਖੋਹਿ ਲੀਤਾ, ਸਾਹਿਬ ਦਿੱਤੇ ਪਕੜਾਈ।
ਰੋਪੜ ਵਾਲੇ ਆਦਮੀ ਭੇਜਿਆ ਸਿਰੰਦਿ।
"ਆਓ ਫਉਜ ਲੈ ਜਾਓ, ਅਸਾਂ ਸਾਹਿਬ ਕੀਤੇ ਬੰਦਿ"।੭੯।

ਸੋ ਪਿੰਜਰਾ ਲੋਹੇ ਦਾ ਕਰਿ ਲਿਆਏ। ਸਾਹਿਬ ਤਿਸ ਵਿਚਿ ਲੀਤੇ ਪਾਇ।
ਆਹੇ ਕਰਨ ਕਾਰਨ ਸਮਰੱਥ। ਪਰ ਰਜ਼ਾਇ ਮੰਨੀ, ਧਰਿ ਮੱਥੇ ਹੱਥ।੮੦।

ਦੇਵਨ ਦੁਖ ਤੇ ਮੰਗਨ ਰੋਜੁ। ਸਾਹਿਬ ਆਖਨ: "ਲਉ ਸਿਖਾਂ ਤੇ ਖੋਜਿ।"
ਸਿਖ ਸਭ ਸਿਖੀਓਂ ਮੁਕਰ ਪਏ। ਪਿਆਦੇ ਸਤੀਦਾਸ ਨੂੰ ਨਾਲਿ ਲੈ ਗਏ।੮੧।

ਪਾਸ ਆਹ, ਸੋ ਲੁਟ ਪੁਟਿ ਲਿਆ। ਪਾਸ ਨ ਆਪਣੇ ਪੈਸਾ ਰਿਹਾ।
ਸਿਖਾਂ ਦਿਤਾ ਕੋਰਾ ਜਵਾਬ। ਤੁਰਕ ਦੇਵਣ ਦੁਖ ਅਜ਼ਾਬ।੮੨।

ਚਉਥੇ ਮਹੀਨੇ ਸਾਹਿਬ ਦਿਲੀ ਜਾਇ ਪਹੁਤੇ। ਵਿਚਿ ਮਾਰਗ ਦੁਖ ਪਾਏ ਬਹੁਤੇ।
ਜਬਾਬੁ ਸੁਆਲੁ ਤੁਰਕਾਂ ਨਾਲਿ ਜਾਇ ਕੀਤਾ।
ਤੁਰਕ ਕਹਿਆ: "ਮੈ ਬਡਾ ਜੁਲਮੁ ਕੀਤਾ ਹੈ ਅਨੀਤਾ"।੮੩।

ਭਾਈ ਬਾਪੁ ਭਤੀਜੇ ਮਾਰੇ। ਕਾਰਨ ਪਾਤਸ਼ਾਹੀ ਰਾਜ ਹੰਕਾਰੇ।
ਮੈ ਕੀਤੇ ਹੈਨਿ ਖੂਨ, ਸੋ ਯਹਿ ਦੇਹੁ ਬਖਸਾਏ। ਜੇ ਤੂ ਪੀਰ-ਫਕੀਰ ਸਾਈਂ ਲੋਕ ਅਖਾਏਂ।੮੪।

ਜੇ ਨਾ ਬਖਸ਼ਾਏਂ, ਤੇਰੀ ਪਹੁੰਚ ਹੈ ਨਾਹੀ। ਤਾਂ ਘਰਿ ਆਉ ਦੀਨ ਕੇ ਮਾਹੀ।
ਯਹਿ ਦੋਨੋ ਬਾਤਿ ਨ ਕਰੈਂ, ਤਉ ਕੁਛ ਅਜ਼ਮਤਿ ਦਿਖਾਉ।
ਇਹ ਭੀ ਨ ਕਰੈਂ, ਤਉ ਸੀਸੁ ਕਟਾਉ।੮੫।

ਬਚਨ ਕੀਤਾ: "ਜੋ ਅਪਨੇ ਘਰਿ ਰਹੈ, ਸੋ ਦੀਨ ਕਹਾਵੈ।
ਦੂਜੇ ਘਰਿ ਜਾਵੈ, ਸੋ ਬੇਦੀਨ ਅਖਾਵੈ।
ਅਜ਼ਮਤਿ ਹੈ ਕਹਿਰ, ਫਕੀਰ ਨਹੀਂ ਦਸੈ। ਸਾਈਂ ਖੜਾ ਸਿਰ ਊਪਰਿ ਹਸੈ"।੮੬।

ਸੀਸ ਹੈ ਸੁਪਨਾ, ਇਸ ਅੰਤਿ ਹੈ ਜਾਣਾ।
ਰਜ਼ਾਇ ਸਾਈਂ ਦੀ ਸੀਸ ਧਰਿ, ਜੋ ਹੋਵੈ ਉਸ ਦਾ ਭਾਣਾ।
ਬਖਸ਼ਨਵਾਲਾ ਹੈ ਸਾਈਂ, ਸੋ ਸਭਨਾ ਨੂੰ ਬਖਸ਼ੇ।
ਓਥੋ ਜ਼ੋਰ ਤਕੱਬਰੁ ਖੁਦੀ ਨ ਪਹੁੰਚੇ, ਕੋਈ ਸੁਖਨ ਨ ਕਹੇ ਹਸਿਕੇ।੮੭।

ਇਹ ਲੈਣਾ ਦੇਣਾ ਹੈ ਸਭ ਕਰਮਾਂ ਦਾ ਬੈਪਾਰ।
ਤੈਨੂੰ ਕਿਸੇ ਸਮੇਂ ਉਨ੍ਹਾਂ ਸੀ ਮਾਰਿਆ, ਹੁਣ ਤੁਧ ਉਹੋ ਛਡੇ ਮਾਰੁ।
ਅਸਾਂਡਾ ਤੁਸਾਡਾ ਭੀ ਹੈ ਕਰਮਾਂ ਦਾ ਉਧਾਰ। ਓੜਕ ਲੇਖਾ ਹੋਸੀ ਸਾਹਿਬ ਦੇ ਦਰਬਾਰ।੮੮।

ਤੁਰਕ ਕਹਿਆ: "ਤੇਰੇ ਪੋਤ੍ਰੇ ਰਾਮਰਾਇ ਭੀ ਅਜ਼ਮਤ ਹੈਸੀ ਦਿਖਾਈ।
ਤੁਸੀਂ ਭੀ ਕੁਛ ਥੋੜੀ ਬਹੁਤੀ ਦਸੋ ਅਜ਼ਮਾਈ।"
ਸਾਹਿਬ ਡਿਠਾ, ਜੋ ਅੰਤਿ ਸਰੀਰ ਹੈ ਤਿਆਗਣਾ; ਕਾਲ ਬਲੀ ਪਾਸੋਂ ਕਿਥੇ ਹੈ ਭਾਗਣਾ।੮੯।

ਇਹ ਪੰਡ ਗੁਰਾਈ ਦੀ ਕਿਸੇ ਨੂੰ ਦਿਚੇ ਉਠਾਈ। ਆਪ ਸੁਰਪੁਰਿ ਚਲੀਏ ਸਿਧਾਈ।
ਦੋਹਰਾ ਲਿਖਿ ਪਿਛੇ ਭਿਜਵਾਇਆ। ਸੋਈ ਪੰਡ ਚੁਕੇ, ਜੋ ਇਸ ਦਾ ਜਬਾਬ ਦੇਇ ਪਠਾਇਆ।੯੦।

**ਦੋਹਰਾ**—'ਬਲੁ ਛੁਟਕਿਓ ਬੰਧਨ ਪਰੇ, ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥'।੯੧॥

**ਚਉਪਈ**—ਇਹ ਲਿਖ ਕੇ ਸਿਖ ਦੇ ਕੀਤਾ ਹਵਾਲੇ।
ਬਚਨ ਕੀਤਾ: "ਤੂ ਪਹੁੰਚ ਸ਼ਿਤਾਬੀ ਮਾਖੋਵਾਲੇ।
ਜਬਾਬੁ ਇਸ ਦਾ ਲਿਖਾਇ ਲਿਆਉ। ਰਾਤਿ ਦਿਨ ਕਰਿ ਚਲਿਆ ਜਾਉ"।੯੨।

ਸਿਖ ਆਇ ਪਹੁਤਾ ਮਾਖੋਵਾਲ। ਸਭ ਸਾਹਿਬਜ਼ਾਦੇ ਡਿਠੇ ਮਾੜੇ ਹਵਾਲ।
ਸਭੇ ਪੜ੍ਹ ਕੇ ਚੁਪ ਕਰਿ ਰਹੇ। ਜਬਾਬ ਨ ਕੋਈ ਇਸ ਦਾ ਕਹੇ।੯੩।

ਗੋਬਿੰਦ ਰਾਇ ਜੀ ਸਾਹਿਬ ਬਾਲ ਇਆਣੇ। ਸਾਲ ਅਵਸਥਾ ਚਉਦਾਂ ਜਾਣੇ।
ਤਿਨ ਪੜ੍ਹਿ ਕਾਗਦ ਦੀਨਾ ਰੋਇ। ਸਿਖ ਹਥਿ ਜੋੜਿ ਕਰਿ ਕਹਿਆ ਖੜੋਇ।੯੪।

ਮਿਹਰਬਾਨ ਦੀਜੈ ਇਸ ਦਾ ਜਬਾਬ ਲਿਖਾਇ। ਮੈ ਬੇਗ ਦੇ[1] ਪਹੁੰਚਾਂ ਉਥੇ ਜਾਇ।
ਹੋਰ ਕਿਸੇ ਸਾਹਿਬਜ਼ਾਦੇ ਪਾਸੋਂ ਉਤਰ ਹੋਇ ਨ ਆਇਆ।
ਸਾਹਿਬ ਗੋਬਿੰਦ ਸਿੰਘ ਜੀ ਉਸ ਦਾ ਉਤਰਿ ਲਿਖਾਇਆ।੯੫।

ਇਥੋ ਸਿਖ ਲਿਖਾਇ ਕਾਗਦ ਪਹੁਤਾ ਜਾਇ।
ਉਥੇ ਤੁਰਕ ਜੋ ਕੀਤਾ ਕੰਮੁ, ਸੋ ਦੇਉਂ ਸੁਣਾਇ:
ਕਿਸੇ ਤੁਰਕ ਨੂੰ ਜਾਇ ਐਸੇ ਕਹਿਆ:
"ਕਰਦਾ ਹੈ ਗੁਰੂ ਸਿਹਰਿ ਜਾਦੂ[2] ਨਿਤ ਪੜ੍ਹਦਾ ਰਹਿਆ"।੯੬।

ਕਿਸੇ ਹਿੰਦੂ ਯਾ ਤੁਰਕ ਜਾਇ ਚੁਗਲੀ ਕੀਤੀ। ਬਾਣੀ ਸਾਹਿਬ ਦੀ ਖੁਹਾਇ ਸਭ ਲੀਤੀ।
ਬਾਣੀ ਜੋ ਸਾਹਿਬ ਕਰਨ ਉਚਾਰ। ਸੋ ਸਤੀਦਾਸ ਨਿਤ ਕਰੇ ਫਾਰਸੀ ਵਿਚ ਉਤਾਰੁ।੯੭।

---
੧. ਜਲਦੀ। ੨. ਟੂਣਾ ਟਾਮਣ।

ਜਿਸ ਦਿਨ ਸਾਹਿਬ ਗਹੇ ਆਹੇ, ਅਤੇ ਰੰਘੜਾਂ ਬੰਨ੍ਹ ਦਿਤੇ ਅਗੇ।
ਤਿਸ ਦਿਨ ਦੇ ਸਾਹਿਬ ਬਾਣੀ ਉਚਾਰਨ ਆਹੇ ਲਗੇ।
ਪ੍ਰਿਥਮੇ ਸਾਹਿਬ, ਇਹ ਬਚਨ ਹੈਸੀ ਕੀਤਾ।
ਅਤੇ ਸਤੀਦਾਸ ਫਾਰਸੀ ਅੱਖਰਾਂ ਵਿਚਿ ਹੈਸੀ ਲਿਖਿ ਲੀਤਾ।੯੮।

**ਦੋਹਰਾ**—ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰਿ ਨਾਨਕ ਫਾਸੀ ਗਲਿ ਪਰੀ॥੯੯॥

**ਚਉਪਈ**—ਸੋ ਨਿਤ ਹੀ ਸਾਹਿਬ ਬਾਣੀ ਉਚਰਦੇ ਜਾਨ। ਅਤੇ ਸਤੀਦਾਸ ਲਿਖਿ ਲਿਖਿ ਰੱਖਣ ਅਮਾਨ।
ਬਾਣੀ ਬਹੁਤੁ ਆਹੀ ਸਤੀਦਾਸ ਪਾਸ ਲਿਖੀ ਹੋਈ। ਸਭੋ ਤੁਰਕਾਂ ਖੋਹਿ ਲੀਤੀ ਸੋਈ।੧੦੦।

ਅਤੇ ਸਤੀਦਾਸ ਛਡਿਆ ਮਾਰ।
ਦੁਸਟ ਜੋ ਕਹਿਆ: "ਏਹ ਸਿਹਰੁ-ਜਾਦੂ ਨਿਤ ਕਰਦੇ ਹੈਨਿ ਉਚਾਰ।"
ਤਿਚਰਾਂ ਨੂੰ ਆਦਮੀ ਮਾਖੋਵਾਲੋਂ ਆਇ ਪਹੁਤਾ।
ਗੋਬਿੰਦ ਸਿੰਘ ਜੀ ਲਿਖਿ ਦਿਤਾ ਜਬਾਬੁ, ਲੱਖਾਂ ਜੇਹਾ ਇਕੋ ਬਹੁਤਾ।੧੦੧।

**ਦੋਹਰਾ**—ਬਲੁ ਹੋਆ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ॥
ਸਭ ਕਿਛੁ ਤੁਮਰੈ ਹਾਥ ਮੈ, ਤੁਮ ਹੀ ਹੋਤ ਸਹਾਇ॥੧੦੨॥

**ਚਉਪਈ**—ਇਹ ਸੁਣ ਕੇ ਸਾਹਿਬ ਭਏ ਕੁਸਾਲ[1]।
ਡਿਠਾ ਜੋ ਪੰਡ ਦੇ ਚੁਕਣ ਵਾਲਾ ਹੈ ਅਸਾਡਾ ਬਾਲੁ।
ਪੰਜ ਪੈਸੇ ਅਤੇ ਨਲੀਏਰ ਦਿਤਾ ਭਿਜਵਾਇ।
ਕਹਿਆ: "ਤੁਹੈ ਗੁਰੂ, ਅਸੀਂ ਸਿਖ ਹੋਇ ਚਲੇ ਸਿਧਾਇ"।੧੦੩।

ਤਾਂ ਸਿਖਾਂ ਮੁਸੱਦੀਆਂ ਆਇ ਕੀਤੀ ਅਰਦਾਸ:
"ਜੀ ਸਚੇ ਪਾਤਿਸਾਹ ਅਸੀਂ ਟਕੇ ਹਾਂ ਚੁਕਾਂਵਦੇ ਅਰਜ਼ ਕਰ ਕੇ ਸ਼ਾਹ ਪਾਸ"।
ਬਚਨ ਕੀਤਾ: "ਭਾਈ ਸਿਖੋ! ਇਸ ਟਕੇ ਨਹੀਂ ਲੈਣੇ।
ਤੁਸਾਂ ਇਸ ਨੂੰ ਟਕੇ ਕੇਹੇ ਹੈਨਿ ਦੇਣੇ?"।੧੦੪।

ਸਿਖਾਂ ਕਹਿਆ: "ਗਰੀਬ ਨਿਵਾਜ਼! ਅਸੀਂ ਕਰਦੇ ਹਾਂ ਚੁਕਾਉ।
ਤੁਸੀਂ ਮਨੇ੍ਹ ਨਾ ਕਰੋ, ਜੋ ਮੰਗਸੀ ਦੇਹਾਂਗੇ ਕਰਿ ਉਪਾਉ।"
ਬਚਨ ਕੀਤਾ: "ਤੁਸੀਂ ਜਾਣੋ ਤੁਸਾਡੀ ਸਲਾਹ।"
ਸਤੀਦਾਸ ਆਹਾ ਮਾਰਿਆ ਅਤੇ ਮਤੀਦਾਸ ਹੈਸੀ ਰਸੋਈ ਮਾਹ।੧੦੫।

ਮਤੀਦਾਸ ਸੁਣ ਕੇ ਆਇਆ ਸਾਹਿਬ ਪਾਸ।
ਹਥਿ ਜੋੜਿ ਤਿਨ ਕੀਤੀ ਅਰਦਾਸ:
"ਜੀ ਮਿਹਰਵਾਨ! ਜੇ ਟਕੇ ਲਵੇ ਤਾਂ ਤੁਸੀਂ ਮਨੇ੍ਹ ਨਾ ਕਰੋ।
ਸਿਖ ਹੈਨ ਅਪਣੇ ਤੁਸੀਂ ਸਿਰ ਹਥਿ ਧਰੋ"।੧੦੬।

---

੧. ਖ਼ੁਸ਼ਹਾਲ, ਪ੍ਰਸੰਨ।

ਬਚਨ ਕੀਤਾ: "ਮਤੀਦਾਸ ਏਸ ਨਾਲਿ ਅਸੀਂ ਕੀਤੀ ਸੀ ਬੁਰਿਆਈ।
ਸੋ ਅਸਾਂ ਨੂੰ ਹੁਣ ਦੇਣੀ ਹੈ ਆਈ।
ਜੋ ਹੁਣ ਦੇਈਏ, ਤਾਂ ਕਰਜ਼ ਲਹਿ ਜਾਸੀ। ਨ ਦੇਈਏ ਤਾਂ ਕਰਜ਼ ਦੇਣਾ ਪਾਸੀ"।੧੦੭।

ਕਰਮਾਂ ਦਾ ਲੇਖਾ ਛੁਟਦਾ ਹੈ ਨਾਹੀ। ਅਸਾਂ ਜਾਣ ਕੇ ਮਨ੍ਹੇ ਕੀਤਾ ਹੈ ਸਿਖਾਂ ਨੂੰ ਤਾਹੀਂ।
ਮਤੀ ਦਾਸ ਕਹਿਆ: "ਜੀ ਤੁਸੀਂ ਕੀ ਕੀਤੀ ਸੀ ਬੁਰਿਆਈ?"
ਬਚਨ ਕੀਤਾ: "ਤੁਸੀਂ ਭੀ ਅਸਾਡੇ ਨਾਲਿ ਸਾਹੇ ਭਾਈ"।੧੦੮।

ਮਤੀਦਾਸ ਕਹਿਆ: "ਗਰੀਬ ਨਿਵਾਜ਼! ਅਸਾਨੂੰ ਕੁਛ ਨਹੀਂ ਸੀ ਯਾਦ।"
ਬਚਨ ਕੀਤਾ: "ਅਸਾਡਾ ਤੁਸਾਡਾ ਤ੍ਰਿਹਾਂ ਦਾ ਇਕੋ ਹੈ ਹਿਸਾਬੁ।
ਦੁਆਪਰਿ ਜੁਗ ਦਾ ਅੰਤੁ ਸੀ ਆਇਆ।
ਦੋ ਸੈ ਇਕਵੰਜਾ ਸਾਲ ਸ਼ੇਖ ਆਹੇ, ਜੋ ਅਸਾਂ ਜਨਮੁ ਸੀ ਪਾਇਆ"।੧੦੯।

ਜਨਕ ਪੁਰਿ ਵਿਚ ਮਿਥਲਾ ਦੇਸਿ। ਰਾਮ ਸਰਨੇ ਸ਼ਾਹਕਾਰ ਧਾਮ ਅਸਾਂ ਕੀਆ ਸੀ ਪ੍ਰਵੇਸ।
ਦੁਇ ਭਾਈ ਦੀਰਘ ਅਸੀਂ, ਤੀਜੋ ਲਘੁ।
ਪਿਤਾ ਅਸਾਡਾ ਰਾਮ ਸਰਨਾ ਸ਼ਾਹੂਕਾਰ ਹੈਸੀ ਤਬ।੧੧੦।

ਹਰੀ ਲਾਲ ਅਰੁ ਨੰਦਨੁ, ਦੁਇ ਹਮਰੇ ਬਡੇ ਭਾਈ। ਰਾਮ ਰਤਨ ਹਮਾਰਾ ਨਾਮ ਸਦਾਈ।
ਪਿਤਾ ਹਮ ਸਿਉ ਅਤਿ ਕਰੇ ਪਿਆਰੁ। ਤਿਸੁ ਦਾ ਬਡਾ ਹੈਸੀ ਸ਼ਾਹੂਕਾਰੀ ਦਾ ਬੈਪਾਰੁ।੧੧੧।

ਲਾਲ ਪੁਰ ਅਰੁ ਦੜੰਭਾ ਆਹੇ ਦੁਇ ਗਾਂਉ। ਪਿਤਾ ਹਮਾਰਾ ਗਿਆ ਥਾ ਤਿਹ ਠਾਇ।
ਮੁਝ ਕੋ ਸੰਗ ਹੈਸੀ ਲਿਆ। ਮੈਂ ਬਾਲਕਿਆਂ ਵਿਚ ਤਹਾਂ ਖੇਡਣ ਪਿਆ।੧੧੨।

ਜਹਾਂ ਧਨੁਖ ਸੀ ਪੜਾ, ਤਹਾਂ ਹਮ ਖੇਡਹਿ ਜਾਇ। ਏਕ ਰੋਜ਼ ਬਾਲਕੇ ਹਮ ਸਭ ਖੇਡਦੇ ਆਏ।
ਤੁਮ ਦੋਨੋ ਭਾਈ ਥੇ 'ਗੁਜਰ' ਸੁਤ। ਜੁਦਾ ਜੁਦਾ ਮਾਇ ਬਾਪੁ ਜਿਨ ਕੇ ਤੁਮ ਥੇ ਪੁਤ।੧੧੩।

ਏਕ ਤੜਾਗੁ ਥਾ ਤਹਾ ਜਲ-ਭਰਿਆ। ਨਿਕਲ ਕਛੋਪਰਾ ਤਹਾਂ ਤੇ ਬਾਹਰਿ ਪਰਿਆ।
ਸੋ ਕਛੂ ਤੁਮ ਦੋਨੋ ਗਹਿ ਲਿਆਏ। ਰੱਸੀ ਡਾਰਿ ਘਸੀਟਤ ਮਾਰਤ ਆਏ।੧੧੪।

ਮਧ ਬਾਲਕਿਆਂ ਤੁਮ ਆਨ ਸੋ ਡਾਰਾ। ਕੋਈ ਸੋਟ ਲਕੜੀ ਈਂਟ ਢੇਮ ਸਭ ਨੇ ਮਾਰਾ।
ਮੈਂ ਭੀ ਤਹਾਂ ਖੇਲੋਂ, ਤਿਨ ਮੋ ਬੈਠਾ ਥਾ ਜਾਈ। ਮੈਂ ਉਨ ਕੋ ਸਭ ਤੇ ਲੀਆ ਬਚਾਈ।੧੧੫।

ਏਕ ਘਟਕਾ ਬੀਤੀ ਤਬ ਦਿਨ ਸੀਸੁ ਬਾਹਰਿ ਨਿਕਸਾ। ਮੈ ਮਾਰ ਸੋਟਾ ਤਿਨ ਕੀਆ ਬਿਨਾਸਾ।
ਸੋ ਅਬ ਹਮਰੇ ਸਿਮਰਨ ਮੋ ਆਇਆ। ਉਸ ਕਛੋਪਰੇ ਜਨਮ ਏਹੀ ਹੈ ਪਾਇਆ।੧੧੬।

ਵਹੀ ਕਛੋਪਰਾ ਜਨਮ ਬਹੁਤ ਪਾਤਾ ਹੈ ਆਇਆ।
ਅਬ ਉਨ ਜਨਮ ਧਾਮ ਤੁਰਕ ਦੇ ਹੈ ਪਾਇਆ।
ਅਸਾਂ ਤੁਸਾਂ ਤ੍ਰਿਹਾਂ ਇਸ ਨਾਲਿ ਕੀਤੀ ਹੈ ਬੁਰਿਆਈ। ਸੋ ਹੁਣ ਦੇਣੀ ਹੈ ਆਈ।੧੧੭।*

ਇਨ ਟਕੇ ਨਹੀਂ ਲੈਣੇ, ਇਨ ਲੈਣਾ ਹੈ ਵੈਰੁ।
ਜੇ ਏਹ ਕਛੂ ਨ ਹੋਤਾ ਤਾਂ ਅਸੀਂ ਅਜ਼ਮਤਿ ਦਿਖਾਦੇ ਖੜੇ ਪੈਰ।
ਪਰੁ ਅਸਾਡਾ ਇਸ ਦਾ ਵੈਰ ਨਿਬੜ ਜਾਸੀ। ਅਗੇ ਜੋ ਕੋਈ ਕਰਸੀ ਨਵਾਂ ਸੋ ਪਾਸੀ।੧੧੮।

---

* ਲੇਖਕ ਪਤਾ ਨਹੀਂ ਕਿਸ ਸੋਮੇ ਤੋਂ ਇਹ ਭੂਤਕਾਲ ਦੀ ਵਾਰਤਾ ਸੁਣਾ ਰਿਹਾ ਹੈ।

ਅਸੀਂ ਹੁਣ ਤੀਰਥੀਂ ਜਦਿ ਆਹੇ ਗਏ। ਮਿਥਲਾ ਦੇਸ ਭੀ ਜਾਵਤ ਭਏ।
ਜਨਕਪੁਰਿ ਭੀਤਰਿ ਜਦ ਵੜੇ। ਨਗਰ ਦੀਦਾਰੁ ਜਾਇ ਕੈ ਕਰੇ।੧੧੯।

ਅਪਨੇ ਧਾਮ ਸਿਮਰਨ ਮੋ ਆਏ। ਸਭ ਅਸਥਾਨੋਂ ਕੇ ਦਰਸਨ ਪਾਏ।
ਵਹੁ ਬਾਲਕਿਆਂ ਦੀ ਖੇਡ ਚਿਤੀ ਆਇ। ਵਹੁ ਧਨੁਖ ਤੜਾਗ ਭੀ ਡਿਠਾ ਜਾਇ।
ਇਹ ਕਛੋਪਰਾ ਤਹਾਂ ਚਿਤ ਆਇਆ, ਕਰੀ ਸਮਾਲ ਤੋ ਜਨਮੁ ਈਹਾਂ ਇਸ ਪਾਇਆ।੧੨੦।

ਤਹਾ ਹੀ ਮਨ ਹਮਰੇ ਸੰਸਾ ਥਾ ਪਰਿਆ। ਜੋ ਹਮ ਇਸ ਕੇ ਸਾਥ ਬੁਰਿਆਈ ਹੈ ਕਰਿਆ।
ਦੇਖੀਏ ਇਸ ਕੀ ਹਮਰੀ ਹੋਗੁ! ਸੋ ਵਹੀ ਆਨ ਬਨਿਆ ਹੈ ਸੰਜੋਗੁ।੧੨੧।

ਲੇਖਾ ਕਰਮਾਂ ਦਾ ਛੁਟਦਾ ਨਾਹੀ। ਸੋ ਦੇਣਾ ਉਧਾਰ ਦੇਈਏ ਕਿਉਂ ਨਾਹੀਂ।
ਮਤੀਦਾਸ ਮੋਨ ਕਰਿ ਉਠਿ ਗਿਆ। ਸਿਖਾਂ ਜਾਇ ਮੁਸੱਦੀਆਂ ਰੁਪਯਾ ਕਰੋੜ ਦੇਣਾ ਕੀਆ।੧੨੨।

ਤਬ ਟਕੇ ਆਇ ਹੋਏ ਤਯਾਰ। ਅਉਰੰਗੇ ਨ ਲੀਏ, ਕਰਿ ਰਹੇ ਜਬਾਬੁ ਸੁਆਰੁ।
ਅਉਰੰਗੇ ਕਹਿਆ: "ਕੁਛ ਅਜ਼ਮਤ ਦਿਖਾਈਐ।"
ਬਚਨ ਕੀਤਾ: "ਅਜ਼ਮਤਿ ਹੈ ਕਹਿਰ, ਨ ਅਜ਼ਮਾਈਐ।
ਪਰ ਇਕ ਧਾਗਾ ਹਮ ਉਰ ਮੋਂ ਡਾਰੈਂ। ਰੋਮ ਨ ਕਟੀਐ, ਲਗ ਲਗੇ ਤਰਵਾਰੈ"।੧੨੩।

ਜਾਇ ਅਉਰੰਗੇ ਨੂੰ ਤਿਨਾ ਦਿਤਾ ਐਸੇ ਭਨਾ। ਹੁਕਮੁ ਕੀਤਾ, ਕੋਈ ਚੋਟ ਲਗਾਵੈ ਸੂਰਾ ਜਨਾ।
ਸਭ ਲਗੇ ਕਰਨ ਆਪਸ ਮੋ ਸਲਾਹ:
ਏਹ ਕਰਦਾ ਹੈ ਜਾਦੂ-ਸਿਹਰਿ, ਜੇ ਚੋਟ ਇਸ/ ਨੂੰ ਲਗੇ ਹੀ ਨਾਹ।੧੨੪।

ਇਕ ਪੂਰਬੀਆ ਆਹਾ ਬਡਾ ਜੁਆਨੁ।
ਸਭਨਾਂ ਤਿਸ ਨੂ ਕਹਿਆ: "ਤੂ ਕਰਿ ਸਟ ਲਾਇ ਸਾਰਾ ਤਾਨ।"
ਤਬ ਤਿਨ ਸਾਹਿਬ ਕੋ ਚੋਟ ਲਗਾਈ। ਅਗੇ ਹੀ ਸਾਹਿਬ ਇਸ ਨੂੰ ਕਹਿਆ ਥਾ ਸਮਝਾਈ।੧੨੫।

ਲਾਗਤ ਚੋਟ ਸੀਸੁ ਗਿਰ ਪਰਿਆ। ਆਪੁ ਸਾਹਿਬ ਏਹੁ ਕਉਤਕ ਕਰਿਆ।
ਜੋ ਐਸਾ ਛਲੁ ਕਰਿ ਸਾਹਿਬ ਸੀਸੁ ਨ ਦੇਤੇ। ਤਉ ਹੁਜਤਾਂ 'ਤੁਰਕ' ਕਰਤ ਅਨੇਕੈ।੧੨੬।

'ਹਿੰਦੂ' ਜਗ ਮੋ ਰਹਿਣ ਨ ਦੇਤਾ ਕੋਈ। 'ਤੁਰਕ' ਸੀ ਪੱਕਾ ਵੈਰੀ ਧਰਮ ਦਾ ਸੋਈ।
ਨਾਲੇ ਲੱਥਾ ਉਧਾਰ ਸੀਸੁ ਦਾ ਬਦਲਾ ਸੀਸ ਦਿੱਤਾ।
ਨਾਲੇ ਰਖਿਆ ਧਰਮੁ ਜਗਤ ਜਸੁ ਲਿਤਾ।੧੨੭।

'ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ, ਪਰ ਸੀ ਨ ਉਚਰੀ॥'।੧੨੮।

ਸੁਨਿ ਅਉਰੰਗਾ ਭਇਆ ਹੈਰਾਨੁ। ਅੰਦਰ ਹੋਇ ਗਇਆ ਪਸ਼ੇਮਾਨ।
ਬਹੁੜ ਮੁਖ ਤੇ ਕੀਆ ਬਖਾਨੁ। ਕਰਿ ਗਿਆ ਛਲੁ 'ਹਿੰਦੂ' ਮੈਂ ਕਰਨਾ ਸੀ ਮੁਸਲਮਾਨ।੧੨੯।

ਸੰਮਤ ਸਤਾਰਾਂ ਸੈ ਬੱਤੀ ਮੱਘ੍ਰ ਸੁਦੀ ਪੰਚਮੀ ਆਹੋ। ਸ੍ਰੀ ਤੇਗ ਬਹਾਦੁਰ ਜੀ ਉਠਿ ਗਏ ਦਰਗਾਹੋ।
ਤਿਸ ਦਿਨ ਅੰਧੇਰੀ ਗਰਦੁ ਗੁਬਾਰੀ ਰਹੀ।
ਅਉਰੰਗੇ ਦੋ ਸੈ ਆਦਮੀ ਦੀ ਚਉਂਕੀ ਲਾਸ਼ ਦੀ ਰਾਖੀ ਕਹੀ।੧੩੦।

ਦੂਜਾ ਬ੍ਰਹਮਨ ਰਸੋਈਆ ਮਤੀਦਾਸ ਭੀ ਮਾਰਿਆ।
ਇਕ ਸਾਹਿਬ, ਦੁਇ ਦੀਵਾਨ, ਤੀਨੋ ਸੁਰਗ ਸਿਧਾਰਿਆ।
ਮੂਲ 'ਤੁਰਕਾਂ' ਦਾ ਅਉਰੰਗੇ ਪਟਿਆ। ਪਟਿ ਮੂਲ ਅਪਨਾ, ਜਲ-ਖਾਰੇ ਸਮੁੰਦ੍ਰ ਸਟਿਆ।੧੩੧।

ਦੋ ਸੈ ਆਦਮੀ ਲਾਸ਼ ਦਾ ਰਾਖ੍ਹਾ ਬਹਾਇਆ। ਰੈਨ ਭਈ ਤਬ ਨਾਨੋ ਛੀਂਬੇ ਨੂੰ ਸੁਪਨਾ ਆਇਆ।
ਬਚਨ ਕੀਤਾ, ਤਿਸ ਨੂੰ ਆਪ ਸਚੇ ਪਾਤਸ਼ਾਹੁ।
ਭਾਈ ਸਿਖਾ! ਲਾਸੁ ਅਸਾਡੀ ਮਾਖੋਵਾਲ ਲੈ ਜਾਹੁ।੧੩੨।

ਤਬ ਭਾਈ ਨਾਨੋ ਜਾਗਿਆ ਤਾਂ ਭਇਆ ਹੈਰਾਨੁ। ਆਖੇ ਮੈਨੂੰ ਸਾਹਿਬ ਕੀਆ ਹੈ ਬਖਾਨ।
ਲਾਸ਼ ਪਾਸ ਚਉਂਕੀ ਪਿਆਦੇ ਹੈਨ ਭਾਰੀ। ਉਹ ਮੈਨੂੰ ਦੇਖਦੇ ਹੀ ਛਡਣ ਮਾਰੀ।੧੩੩।

ਜੇ ਮੈਂ ਬਚਨ ਸਾਹਿਬ ਦਾ ਮੰਨਾਂ ਨਾਹੀਂ। ਤਾਂ ਸਿਖੀ ਜਾਏ ਮੇਰੀ ਤਾਂਹੀ।
ਜੇ ਬਚਨ ਮੰਨ ਕੇ ਲਾਸ਼ ਲੈਣ ਜਾਵਾਂ।
ਤਾਂ ਨਾਲੇ ਆਪਣਾ ਜੀਉ, ਨਾਲੇ ਝੁੱਗਾ ਲੁਟਾਵਾਂ।੧੩੪।

ਤਾਂ ਨਾਨੋ ਅਪਨੀ ਨਾਰਿ ਜਗਾਈ।
ਕਹਿਆ: "ਤੂ ਜੋ ਕੁਛੁ ਲੈਣਾ ਈ, ਸੋ ਲੈ ਕੇ ਪੇਕੇ ਪਹੁੰਚ ਜਾਈ।
ਮੈਨੂੰ ਸਾਹਿਬ ਕਹਿਆ ਹੈ 'ਲਾਸ਼ ਅਸਾਡੀ ਮਾਖੋਵਾਲ ਲੈ ਜਾਹੁ'।
ਸੋ ਮੈਂ ਜਾਂਦਾ ਹਾਂ ਚਾਂਦਨੀ ਚਉਂਕੇ ਮਾਹ।੧੩੫।

ਸੋ ਮੈਨੂੰ ਤਿਨ੍ਹਾਂ ਲਾਸ਼ ਦੇਣੀ ਨਾਹੀ। ਮੈਨੂੰ ਛਡਨਗੇ ਮਾਰ ਅਤੇ ਘਰ ਲੁਟਣ ਪਾਹੀ।
ਅਤੇ ਜੇ ਮੈਂ ਨਾਹੀ ਜਾਂਦਾ ਤਾਂ ਮੇਰੀ ਸਿਖੀ ਰਹਿੰਦੀ ਨਾਹੀ।
ਤੁਧੁ ਜੋ ਕੁਛੁ ਲੈਣਾ ਹੀ, ਸੋ ਲੈ ਕੇ ਉਠਿ ਜਾਹਿ ਘਰ ਪੇਕੇ ਮਾਹੀ"।੧੩੬।

ਨਾਰੀ ਅਪਣੀ ਉਨ ਪੇਕੇਂ ਟੋਰੀ। ਅਤੇ ਆਪ ਉਥੇ ਜਪੁ ਪੜ੍ਹਦਾ ਆਇਆ ਚੋਰੀ।
ਅਗੇ ਰਾਖੇ ਸਭੋ ਸੋਇ ਗਏ। ਇਨ ਜਾਂਦੇ ਹੀ ਲਾਸ਼ ਉਠਾਇ ਲਏ।੧੩੭।

ਸੋ ਚੁੱਕੀ ਨਾ ਜਾਇ ਦੇਹ ਆਹੀ ਭਾਰੀ। ਏਹ ਸੀਸੁ ਲੈ ਗਇਆ, ਚੌਉਂਕੀ ਸੁਤੀ ਰਹੀ ਸਾਰੀ।
ਇਹ ਅਪਨੇ ਘਰਿ ਆਇ ਵੜਿਆ ਤਾਂ ਸਭੇ ਜਾਗੇ।
ਪਿਆਦੇ ਸਿਪਾਹੀ ਜਾਇ ਲਾਸ਼ ਦੇਖਣ ਲਾਗੇ।੧੩੮।

ਕਿਆ ਦੇਖਨ ਸੀਸੁ ਨਾਲ ਹੈ ਨਾਹੀਂ। ਸਭ ਦੇਖਦੇ ਹੈਰਾਨ ਭਏ ਮਨ ਮਾਂਹੀ।
ਭੋਰ ਪਈ ਖਬਰ ਅਉਰੰਗੇ ਪਾਈ। ਸੀਸੁ ਰੈਨ ਕੋਈ ਲੈ ਗਿਆ ਉਠਾਈ।੧੩੯।

ਰਾਖੇ ਸਭੇ ਪਕੜ ਮੰਗਾਏ। ਕਹਿਆ: "ਇਨ ਸਭਨੋ ਕੋ ਮਾਰੋ ਜਾਇ।"
ਤਿਨ ਐਸੇ ਕਹਿਆ ਬਚਨ ਸੁਨਾਈ: "ਰੈਨ ਤਹਾਂ ਮੱਖੀ ਨਹੀਂ ਵੜਨੀ ਪਾਈ"।੧੪੦।

ਨਹੀਂ ਜਾਨਤ ਗਿਆ ਅਕਾਸ ਕਿ ਮਧ ਪਤਾਲ। ਹਮਾਰਾ ਤੋ ਯਹਿ ਆਇਆ ਕਾਲ।
ਰਲਿ ਸਭਨਾਂ ਅਰਜ਼ ਇਹ ਕੀਤੀ: "ਹਜਰਤਿ ਨਿਸਾ ਸਾਰੀ ਇਨ੍ਹਾਂ ਨੇਤ੍ਰਾਂ ਵਿਚਿ ਬੀਤੀ"।੧੪੧।

ਅਗੈ ਹਜ਼ਰਤਿ ਕੀ ਜੋ ਹੈ ਰਜ਼ਾਇਆ। ਫਕੀਰ ਦਾ ਅੰਤ ਕਿਨੀ ਨਹੀਂ ਪਾਇਆ।
ਫਕੀਰ ਸ਼ਾਂਈਂ ਦੀ ਜਾਤਿ ਹੈ ਪਰਵਾਨੁ। ਕਿਆ ਹਿੰਦੂ ਕਿਆ ਮੁਸਲਮਾਨੁ।੧੪੨।

ਸਿਖਾਂ ਮੁਸੱਦੀਆਂ ਰਿਸ਼ਵਤ ਕਾਜ਼ੀ ਨੂੰ ਦਿਤੀ। ਅਤੇ ਸਰੀਰੁ ਜਲਾਵਨ ਦੀ ਪਰਵਾਨਗੀ ਲਿਤੀ।
ਕਾਜ਼ੀ ਅਉਰੰਗੇ ਨੂੰ ਇਉਂ ਸਮਝਾਇਆ :
"ਸੀਸ ਤੋ ਗਿਆ ਪਰ ਜੇ ਏਹ ਭੀ ਉਠਿ ਜਾਇਆ।੧੪੩।

ਤਾਂ ਹੋਸੀ ਮਜ਼ਬ ਦੀ ਬਡੀ ਹਾਨਿ।
ਸਭ ਕੋਈ ਕਹਿਸੀ ਹਿੰਦੂ ਫਕੀਰ ਉਠਿ ਗਿਆ ਅਗਲੇ ਜਹਾਨਿ।
ਹਿੰਦੂਆਂ ਨੂੰ ਪਰਵਾਨਗੀ ਹੋਇ ਤਾਂ ਜਾਇ ਜਲਾਨ।
ਤੁਸਾਡੇ ਫੁਰਮਾਏ ਉਨ ਉਪਰਿ ਹੋਸੀ ਅਹਿਸਾਨ"।੧੪੪।

ਅਤੇ ਸੀਸੁ ਭਾਈ ਨਾਨੋ ਸਿਖ ਰੰਘਰੇਟੇ ਨੂੰ ਕਹਿਆ :
"ਕਿਵੇਂ ਮਾਖੋਵਾਲ ਪਹੁੰਚੇ।" ਰੰਘਰੇਟਾ ਸੁਣ ਕੇ ਹੈਰਾਨ ਹੋਇ ਰਹਿਆ।
ਪੁਨਿ ਤਿਨ ਕਹਿਆ: "ਮੈਂ ਦਉਣੀ ਵਿਚਿ ਲੈਸਾਂ ਪਾਇ।
ਸੋ, ਖਾਰੇ ਵਿਚਿ ਪਾਇ ਸਿਰਿ ਲੈਸਾਂ ਉਠਾਇ"।੧੪੫।

ਚਲ ਦੋਨੋ ਰਲੇ ਮਿਲੇ ਜਾਈਏ ਮਾਖੋਵਾਲ। ਉਨ੍ਹਾਂ ਦੋਹਾਂ ਟੁਰਨੇ ਦੀ ਰਲਿ ਕੀਤੀ ਚਾਲ।
ਅਤੇ ਇਧਰ ਸਿਖਾਂ ਦੇਹਿ ਦਾ ਕੀਤਾ ਚੰਨਣ ਨਾਲਿ ਸਿਸਕਾਰੁ।
ਉਹ ਦੋਵੈ ਸਿਖ ਵਿਚਿ ਤੂੜੀ ਦੇ ਪਾਇ ਲਿਆਏ ਨਗਰੋਂ ਬਾਹਿਰ ਵਾਰ।੧੪੬।

ਸਟਿ ਤੂੜੀ ਸੀਸ ਝਾੜ ਲਿਆ ਕਪੜੇ ਪਾਇ। ਦੋਨੋ ਛੁਟੇ, ਆਏ ਮਾਖੋਵਾਲ ਧਾਇ।
ਆਨ ਸੀਸੁ ਸਾਹਿਬ ਦੇ ਅਗੇ ਧਰਿਆ। ਸਾਹਿਬ ਹੇਰ ਰੁਦਨੁ ਬਹੁ ਕਰਿਆ।੧੪੭।

ਗੁਲਾਬ ਮੰਗਾਇ ਸੀਸੁ ਧੁਆਇਆ। ਫਿਰ ਗੰਗ ਜਲ ਨਾਲਿ ਨੁਵਾਇਆ।
ਚੰਦਨ ਨਾਲ ਕੀਤਾ ਸਿਸਕਾਰੁ। ਅਤੇ ਰਸਨਾ ਕੀਤਾ ਏਹੁ ਉਚਾਰੁ।੧੪੮।

**ਦੋਹਰਾ**—ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰਿ ਕੀਆ ਪਯਾਨ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥੧੪੯।

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸ਼ੋਕ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।੧੫੦।

**ਚਉਪਈ**—ਸਦਿ ਕੇ ਸਿਖ ਸਾਹਿਬ ਪੁੱਛੀ ਹਕੀਕਤ ਸਾਰੀ।
"ਕਹੁ ਕਿਸ ਜੁਗਤਿ ਸਾਹਿਬ ਕੀਤੀ ਸਵਾਰੀ"।
ਕੋਈ ਸਿਖ ਭੀ ਟਹਿਲ ਸੇਵਾ ਵਿਚਿ ਕੰਮੁ ਆਇਆ ?
ਕੋਈ ਦੁਇ ਚਾਰ ਪੰਜ ਸਿਖ ਭੀ ਨਾਲਿ ਸਿਧਾਇਆ ?੧੫੧।

ਭਾਈ ਨਾਨੋ ਸਭ ਹਕੀਕਤ ਕਹਿ ਸੁਨਾਈ। ਜਿਉਂ ਤਿਉਂ ਸਾਹਿਬ ਉਪਰਿ ਬੀਤੀ ਆਹੀ।
ਕਹੇ: "ਜੀ ਦੁਇ 'ਬ੍ਰਹਮਨ' ਸਾਹਿਬ ਦੇ ਨਾਲਿ ਮਾਰੇ।
ਮਤੀਦਾਸ, ਸਤੀਦਾਸ ਜੋ ਦੀਵਾਨ ਉਚਾਰੇ"।੧੫੨।

ਇਕ ਅਗੇ ਇਕ ਪਿਛੇ ਮਾਰਿਆ। ਹੋਰ ਸਿਖ ਨ ਕੋਈ ਨਾਲਿ ਸਿਧਾਰਿਆ।
ਸਾਹਿਬ ਭਾਣਾ ਆਪ ਹੈਸੀ ਵਰਤਾਇਆ। ਸਿਖਾਂ ਮੁਸੱਦੀਆਂ ਚੁਕਾਉ ਹੈਸੀ ਚੁਕਾਇਆ।੧੫੩।

ਰੁਪਯਾ ਕਰੋੜ ਚੁਕਾਉ ਕੀਤਾ ਅਉਰੰਗੇ ਦੀ ਜ਼ਬਾਨੀ।
ਕੁਛ ਰਿਸ਼ਵਤ ਕਾਜ਼ੀਆਂ ਮੁਫਤੀਆਂ ਨੂੰ ਹੈਸੀ ਮਾਨੀ।
ਸੋ ਵਲਾਇਤੀਂ ਅਤੇ ਦੱਖਣਿ ਦੇਸ ਹੈ ਸੀ ਲਿਖ ਪਠਾਇਆ।
ਭਾਈ ਸਿਖੋ! ਅਸੀਂ ਚੁਕਾਉ ਹੈ ਕੀਤਾ ਭੇਜੋ ਮਾਇਆ।੧੫੪।

ਸੋ ਵਲਾਇਤ ਵਿਚੋਂ ਰੁਪਯਾ ਅੱਸੀ ਬਿਆਸੀ ਲੱਖ ਸਿਖਾਂ ਤਯਾਰ ਕਰਿ ਲੀਤਾ।
ਕਿਸ ਜੁਗਤਿ ਨਾਲ ਸਿਖਾਂ ਇਕੱਠਾ ਸੀ ਕਿਤਾ?
ਜਿਸ ਸਿਖ ਦਾ ਦਸ ਰੁਪਯੇ ਦਾ ਹੈਸੀ ਵਿਤੁ। ਤਿਨ ਨਉਂ ਰੁਪਏ ਦਿੱਤੇ, ਰਖਿਆ ਇਕ।੧੫੫।

ਜਿਸ ਸਿਖ ਦੀ ਵਰਤਨੁ ਆਈ ਰੁਪਯੇ ਹਜ਼ਾਰ ਦੀ।
ਤਿਨ ਦਿਤਾ ਰੁਪਯਾ ਨਉਂ ਸੈ, ਰਖੀ ਛਿਨਵੇਂ ਚਾਰ ਦੀ।
ਐਸੀ ਜੁਗਤਿ ਨਾਲ ਰੁਪਯੇ ਸਿਖਾਂ ਆਹੇ ਕੀਤੇ।
ਪਰ ਸੋ ਭੀ ਅਉਰੰਗੇ ਬੇਈਮਾਨ ਮੁਖੋਂ ਮੰਨ ਕੇ ਨ ਲੀਤੇ।੧੫੬।

ਸਾਹਿਬ ਬਚਨ ਕੀਤਾ: "ਸਿਖਾਂ ਦੀ ਅੰਸੁ ਨ ਗਵਾਉ।
ਇਸ ਦਾ ਅਸਾਡਾ ਹੈਸੀ ਸਦਾ ਲੇਖਾ, ਧਰਮ ਰਹੇ ਅਤੇ ਸੀਸੁ ਜਾਉ।
ਉਥੇ ਦਿਲੀ ਨਗਰ ਵਿਚਿ ਇਹੁ ਜੁਗਤਿ ਸੀ ਹੋਈ। ਸਿਖ ਮਾਇਆ ਦੇਣ ਥੀਂ ਰਹੇ ਨ ਕੋਈ।੧੫੭।

ਮਾਰਗ ਵਿਚਿ ਰੋਜੀ ਵਾਸਤੇ ਆਦਮੀ ਸਿਖਾਂ ਪਾਸ ਜਾਏ।
ਸੋ ਜਾਨ ਮੁਕਰ 'ਤੁਰਕ' ਦੇਨ ਦੁਖੁ ਨ ਸਿਖ ਕੋਈ ਕਹਾਏ।
ਨਿਸ਼ਾਨੀ ਸਿਖੀ ਦੀ ਕਿਸੇ ਨੂੰ ਨਾਹੀ। ਜੋ ਸਿਖ ਚੁਣਿ ਕਢੀਏ, ਕੋਈ ਸੇਵਕਾਂ ਮਾਹੀ।੧੫੮।

ਇਤ ਕਾਰਣ ਸੂਮ[੧] ਸਤਿਗੁਰਾਂ ਸੀ ਪਾਇਆ। ਆਪ ਖਾਵੰਦ ਜੋ ਸਮਾਂ ਹੈਸੀ ਵਰਤਾਇਆ।
ਕਰਮ ਹੀਣਾਂ ਨੂੰ ਬੇਮੁਖ ਹੋਸੀ ਕਰਨਾ। ਨਰਕ ਭੀ ਸਤਿਗੁਰਾਂ ਹੈਸੀ ਭਰਨਾ।੧੫੯।

ਨਗਰ ਗਿਆ, ਸਿਖਾਂ ਕਿਸੇ ਗੱਲ ਦੀ ਹਲਿ ਹੋਣ ਨਹੀਂ ਦਿੱਤੀ।
ਮਾਇਆ ਖਰਚ ਨੂੰ ਬਹੁਤੁ ਸੀ ਕਿਤੀ।
ਐਸੇ ਭਾਈ ਨਾਨੋ ਛੀਂਬੇ ਸਾਹਿਬ ਨੂੰ ਸਾਰੀ ਆਖ ਸੁਨਾਈ।
ਬਚਨ ਕੀਤਾ: "ਅਗੇ ਤਾਂ ਨਹੀਂ ਸੀ; ਪਰ ਹੁਣ ਛਡੁਗੁ ਨੀਸਾਨੀ ਲਾਈ"।੧੬੦।

ਤਿਚਰਾਂ ਨੂੰ ਅਸਤੀਆਂ ਦਿਲੀ ਤੇ ਆਇ ਪਹੁਤੀਆਂ।
ਸੀਸੁ ਦੀਆ ਅਤੇ ਦੇਹ ਦੀਆਂ ਸਭੇ ਰਲਾਈਆਂ ਥੋੜੀਆਂ ਬਹੁਤੀਆਂ।
ਹਰਿਸਰ ਨੂੰ ਦਿਤੀਆਂ ਸਭ ਪਠਾਇ। ਨਾਲਿ ਘੋੜੇ ਮਾਇਆ ਪਾਲਕੀ ਪਾਇ।
ਕਿਰਿਆ ਕਰਮ ਸ਼ਾਸਤ੍ਰੋਕਤ ਸਭ ਕਰਵਾਏ। ਫੁੱਲ ਹਰਿ ਸਰਿ ਗੰਗਾ ਦਏ ਪਠਾਏ।
ਸਿਹਜਾ ਧਰਮ-ਸ਼ਾਂਤਿ ਸਭ ਕੀਨੀ। ਭੋਜਨ ਦੱਛਨਾ ਦਿਜਨ ਕੋ ਅਤਿ ਦੀਨੀ।
ਪੁਨਿ ਭੀਤਰਿ ਬੈਠਿ ਸਮਾਧਿ ਲਗਾਈ। ਭੋਜਨ ਤਜਿ ਉਪਵਾਸੀ ਮੋਨਿ ਰਹਾਈ।
ਰਲਿ ਮਸੰਦਾਂ ਮਾਤਾ ਜੀ ਅਗੇ ਬਿਨਤੀ ਇਹ ਠਾਨੀ:
"ਮਾਤਾ ਜੀ! ਸੰਗਤਾਂ ਜਾਇ ਲੱਗਨ ਕਿਸ ਦੀ ਚਰਨੀਂ?

---

੧. ਕਸ਼ਟ, ਤਕਲੀਫ਼।

ਸਾਹਿਬਜ਼ਾਦਾ ਜਾਇ ਭੀਤਰ ਵੜਿਆ। ਗਹੀ ਮੋਨ ਕਛੁ ਬਚਨੁ ਨ ਕਰਿਆ।
ਤੁਸੀਂ ਕਹੋ ਤਾਂ ਬਾਹਰਿ ਆਵੈ। ਸਭ ਸੰਗਤਿ ਕੋ ਚਰਨ ਲਗਾਵੈ"।੧੬੧।

ਤਬ ਮਾਤਾ ਗੁਜਰੀ ਉਪਦੇਸ ਕਰਨ ਕੋ ਆਈ। 'ਬੇਟਾ'! ਅੰਦਰ ਵੜਨ ਦਾ ਕਾਰਨ ਕਿਆ ਈ ?
"ਬਾਹਰਿ ਆਉ, ਕਰੁ ਦੁਨੀਆਂ ਦੀ ਕਾਰੁ।"
ਕਹਿਆ: "ਮਾਤਾ ਜੀ ਮੈਂ ਕਰਾਂਗਾ ਦੈਤਾਂ ਦਾ ਸੰਘਾਰੁ"।੧੬੨।

ਮਾਤਾ ਕਹਿਆ: "ਬੇਟਾ ਤੁਰਕ ਅਸਾਡੇ ਵੈਰੀ ਆਦੀ। ਏਹ ਡਾਢੇ ਕਿਸ ਪਾਸ ਜਾਣਾ ਫਿਰਿਆਦੀ।
ਇਨ੍ਹਾ ਕੀਤਾ ਤਪੁ, ਸੋ ਪਿਆ ਹੈ ਕਬੂਲੁ। ਕਰਦੇ ਹੁਣ ਪਏ ਅਪਣੀ ਕਮਾਈ ਵਸੂਲ।੧੬੩।

ਤੁਸਾਡੇ ਦਾਦੇ ਨਾਲਿ ਤੁਰਕਾਂ ਕੀ ਹੈਸੀ ਕੀਤਾ। ਉਸ ਨੇ ਉਨ੍ਹਾਂ ਦਾ ਕੀ ਐਸੀ ਖੋਹਿ ਲੀਤਾ।
ਹਰਿਕ੍ਰਿਸ਼ਨ ਤੁਸਾਡਾ ਸਕਾ ਹੈਸੀ ਭਤ੍ਰੀਆ।
ਬੇਪ੍ਰੋਜਨ ਅਉਰੰਗੇ ਉਸ ਦਾ ਵਿਘਨ ਹੈਸੀ ਕੀਆ।੧੬੪।

ਰਾਮਰਾਇ ਅਜ਼ਮਤ ਦਿਖਾਈ, ਤਾਂ ਬਚਿ ਆਇਆ।
ਤੇਰੇ ਪਿਤਾ ਧਰਮ ਰੱਖਿਆ ਤੇ ਸੀਸੁ ਕਟਾਇਆ।
ਬਾਹਰਿ ਆਵੈਂ ਤਾਂ ਕਾਰਖਾਨਾ ਰਹੈ। ਤੁਸੀਂ ਹੋ ਟਿੱਕੇ, ਬਿਨਾ ਤੁਸਾਡੇ ਕੋਈ ਕਿਸ ਨੂੰ ਕਹੇ।੧੬੫।

ਜਿਉਂ ਨਿਭੇ ਤਿਉਂ ਨਿਭਾਉ। ਅਤੇ ਏਹ ਦੁਨੀਆਂ ਦੀ ਕਾਰਵਾਈ ਭੀ ਚਲਾਉ।
ਇਤਨੀ ਕਥਾ ਇਥੇ ਪੂਰਨ ਭਈ। ਅਗੇ ਕਥਾ ਗੋਬਿੰਦ ਸਿੰਘ ਜੀ ਉਪਰਿ ਗਈ।੧੬੬।

ਨਾਂਵਾਂ ਚਰਨ ਸਪੂਰਨ ਭਇਆ। ਇਕ ਸਉ ਛਿਆਹਟ ਅੰਗ ਹੈ ਕਹਿਆ।
ਨਉ ਸੈ ਚੁਰੰਜਾ ਅੰਗ ਸਭ ਹੈ ਜੋੜ। ਅਗੈ ਦਸਵੇਂ ਚਰਨ ਕੀ ਵਾਰਤਾ ਸੁਣੋ ਹੋਰੁ।

—o—

# (੧੦) ਦਸਵਾਂ ਚਰਣ—ਦਸਵੀਂ ਪਾਤਸ਼ਾਹੀ

**ਚਉਪਈ**—ਸੰਮਤ ਸੁਤਾਰਾਂ ਸੈ ਅਠਾਰਾਂ ਸਾਲ। ਤੀਰ ਤ੍ਰਿਬੇਣੀ ਨਗਰ ਪਟਨਾ ਬਿਸਾਲ।
ਪਿਤਾ ਤੇਗ ਬਹਾਦੁਰ ਜੀ ਕੇ ਧਾਮ।
ਮਾਤਾ ਗੁਜਰੀ ਦੇ ਉਦਰ ਤੇ, ਜਨਮੇ ਗੁਰੂ ਗੋਬਿੰਦ ਸਿੰਘ ਜੀ ਨਾਮ।੧।

ਧਨੇਸ਼ਟਾ ਨਿਛਤ੍ਰ, ਤੀਜੇ ਚਰਨ। ਰਵਿਵਾਰ ਮਹੀਨੇ ਮਾਹ ਥਿਤ ਅਸ਼ਟਮੀ ਦੇਵੀ ਸਰਨ।
ਸੁਕਲਾ ਪਖ ਪਿਛਲੀ ਰੈਨ। ਅਨਹਦ ਧੁਨਿ ਹੋਈ ਮਧ ਗੈਨ[1]।੨।

ਸੁਭ ਮਹੂਰਤ ਭਲੇ ਨਿਛਤ੍ਰ ਜਨਮੇ। ਅਨਹਦ ਧੁਨਿ ਵਾਜੇ ਘਨ ਮੇ।
ਦਾਈ ਬੁਧੀ ਤ੍ਰੇਵਰ ਪਾਇਆ। ਸਿਰ ਸਦਕਾ[2] ਕਰਿ ਅਤਿ ਵੰਡੀ ਮਾਇਆ।੩।

ਸਾਲ ਦੁਇ ਤਹਾਂ ਬਸਤੇ ਭਏ। ਧਾਮ ਦਿਜਨ ਕੋ ਅਤਿ ਧਨ ਦਏ।
ਗੋਬਿੰਦ ਰਾਇ ਜੀ ਦਿਜਨ ਨਾਮ ਬਤਾਇਆ। ਸੋਈ ਨਾਮ ਫਿਰ ਜਗਤ ਕਹਾਇਆ।੪।

ਮਦ੍ਰ ਦੇਸ ਕੋ ਫਿਰਿ ਆਵਤ ਭਏ। ਮਨ ਪ੍ਰਸੰਨ ਸੀਤਲ ਅਤਿ ਕਏ।
ਗੁਰਿਆਈ ਕੀ ਚਾਹ ਨ ਮਨ ਮੈ ਕਾਈ। ਲਿਖੀ ਬਿਧਾਤਾ ਕਉਨ ਮੇਟੈ ਭਾਈ।੫।

ਤਹਾਂ ਤੇ ਬਿਆਸ ਨਦੀ ਪਰ ਆਵਤ ਭਏ। ਤੀਨ ਸਾਲ ਬਸਿ ਮਾਖੋਵਾਲ ਕੋ ਗਏ।
ਹਰਿਜਸ ਰਾਇ ਸਿਖ ਇਕ ਬ੍ਰਹਮਨ। ਗੁਰਮੁਖੀ, ਫਾਰਸੀ, ਸ਼ਾਸਤ੍ਰੀ ਪੜ੍ਹਿਆ ਜੈ ਮਨ।੬।

ਸਤੀਦਾਸ, ਮਤੀਦਾਸ ਦਾ ਭਤੀਜਾ ਅਖਾਏ। ਫਾਰਸੀ ਪੜ੍ਹਿਆ ਮੁਨਸ਼ੀ ਸਦਾਏ।
ਤਿਸ ਪਾਸੋਂ ਸਾਹਿਬ ਗੁਰਮੁਖੀ ਅੱਖਰ ਸਿਖੇ। ਸੋ ਪ੍ਰੀਤਿ ਨਾਲਿ ਦੱਸੇ ਸਿਖਾਏ, ਦੇਵੇ ਪਟੀ ਲਿਖੇ।੭।

ਚਉਪਤ ਰਾਇ ਸੀ ਸਿਖ ਖਿਡਾਵਾ। ਸੱਤਵੀਂ ਪਾਤਿਸਾਹੀ ਮਾਪਿਆਂ ਸੀ ਗੋਲਕ ਵਿਚਿ ਚੜ੍ਹਾਵਾ।
ਸੋ ਸਾਹਿਬ ਨੂੰ ਖਿਡਾਂਦਾ ਫਿਰੈ। ਪੱਟੀ ਲਿਖਾਇ ਦੇਵੈ, ਘੋਟਿ-ਧੋਇ ਅਗੈ ਆਨ ਧਰੈ।੮।

ਖਟ ਮਾਸ ਵਿਚਿ ਸਾਹਿਬ ਗੁਰਮੁਖੀ ਸਿਖੇ। ਆਹੇ ਬਾਲਕ ਅਪਨੀ ਖੁਸ਼ੀ ਸਾਹਿਬ ਪੜ੍ਹੇ ਲਿਖੇ।
ਸੱਤ ਸਾਲ ਕੀ ਅਵਸਥਾ ਹੋਤੀ ਭਈ। ਤਬ ਪਾਰਸੀ ਲਿਖਣ ਦੀ ਸ਼ਉਕ ਮਨ ਪਈ।੯।

ਪਾਰਸੀ ਲਿਖਣ-ਪੜ੍ਹਨ ਸਿਖਣ ਸਾਹਿਬ ਲਗੇ।
ਉਹ ਸਿਖ (ਹਰਿਜਸੁ) ਮੁਨਸ਼ੀ ਬੈਠਾ ਰਹੇ ਚਰਨਾਂ ਅਗੇ।
ਏਕ ਸਾਲ ਮੋ ਪਾਰਸੀ ਸਿਖ ਲਈ। ਕਰਨ ਕਾਰਨ ਪੁਰਖ ਆਹਾ ਸਭ ਸਈ।੧੦।

---

੧. ਅਕਾਸ਼। ੨. ਸਿਰ ਵਾਰਨਾ ਕਰ ਕੇ।

ਸੰਮਤ ਸਤਾਰਾਂ ਸੈ ਛੱਬੀ ਜਬ ਆਏ। ਤਬ ਸ਼ਸਤ੍ਰ ਵਿਦਿਆ ਸਿਖਣ ਦਿਲ ਭਾਏ।
ਛੋਟੀ ਧਨੁਖ, ਅਰ ਛੋਟੇ ਹੀ ਤੀਰ। ਸੰਗ ਬਾਲਨ ਕੀ ਬਹੁਤੀ ਭੀੜ।੧੧।

ਸਿਪਰ[1] ਤਲਵਾਰ ਭੀ ਨਿਕੜੀ ਬਨਵਾਈ। ਨਾਲੇ ਲੱਕੜੀ ਫੁਲਥੇ ਦੀ ਖੇਡ ਮਚਾਈ[2]।
ਖਾਕ ਤੋਦੇ[3] ਬਿੰਜਰ ਕਵਾਦੇ ਲੈਸਾ ਬਨਵਾਏ। ਤੀਨ ਜਾਮ, ਵਿਚਿ ਖੇਡ ਬਿਤਾਏ।੧੨।

ਏਕੁ ਜਾਮੁ ਦਿਨ ਆਣ ਜਬ ਰਹੇ। ਤਬ ਕਥਾ ਸੁਨੀਐ, ਵਾਕ ਦਿਜ ਜੋ ਕਹੇ।
ਜਬ ਕਥਾ ਸੁਣਨ ਕੀ ਬੁਧਿ ਪਈ। ਤਕ ਏਕ ਜਾਮ ਇਸਨਾਨ, ਮਾਲਾ ਸਾਲਗ੍ਰਾਮ ਪੂਜਾ ਸੇਵਈ।੧੩।

ਏਕ ਜਾਮ ਭਜਨ, ਦੋ ਜਾਮ ਖੇਡ, ਏਕ ਜਾਮ ਕਥਾ ਸੁਨੀਐ।
ਸੰਧਿਆ ਸਮੇ ਰਹਿਰਾਸ, ਅਰੁ ਸੰਧਿਆ ਭਨੀਐ।
ਰੈਨ ਭੋਜਨ ਕਰਿ ਕੇ ਜਬ ਬਹੀਐ। ਤਬ ਰਾਜਨੀਤਿ ਕਹਾਨੀ ਗੁਨੀਆਂ ਤੇ ਲਹੀਐ।੧੪।

ਨਦੀ ਕਿਨਾਰੇ ਮਧ ਰੇਤੀ ਭੀ ਜਾਇ ਖੇਡਨ ਸਉਂਚੀ।
ਬਾਜੂ ਬੰਦ, ਕੜੇ, ਦੁਰ-ਮਾਲ ਸਰਨ ਜੜਾਊ[4] ਕਰਿ ਪਉਂਚੀ।
ਦਸਤੀ ਦਾਨ ਬਖਸ਼ੀਸ ਇਨਾਮ ਭੀ ਸਾਹਿਬ ਦੇਵਨ।
ਨਾਮ ਦਾਨ ਇਸਨਾਨ ਭੋਜਨ ਲਗੇ ਚਉਂਕੇ ਜੇਵਨ।੧੫।

ਸੰਮਤ ਸਤਾਰਾਂ ਸੈ ਤੀਸ ਜਬ ਗਏ। ਤਬ ਮਾਤਾ ਸੁੰਦਰੀ ਜੀ ਬਿਆਹ ਕਰਿ ਲਏ।
ਪਿਤਾ ਅਪਨੇ ਕਰਿ ਸੇਹਰੇ ਦਿਤੇ। ਦੁਆਦਸ ਸਾਲ ਉਮਰ ਗਨ ਲਿਤੇ।੧੬।

ਅਉਰੰਗੇ ਤੀਰ ਤਬ ਹੋਈ ਚੁਗਲੀ। ਕਿਸੇ ਦੁਸ਼ਟ ਦੁਸ਼ਟੀ ਕਰਿ ਉਗਲੀ।
ਤਬ ਸਾਹਿਬ ਤੇਗ ਬਹਾਦੁਰ ਪੜਦਾ ਕਰਿ ਗਏ। ਕਾਲ ਨਗਾਰਾ ਵਾਵਤ ਭਏ[5]।੧੭।

ਪੱਕਾ ਦੁਸਟੁ ਅਉਰੰਗਾ ਆਹਾ। ਤਪੁ ਕਰੇ, ਧਾਨ ਰਾਜ ਦਾ ਖਾਂਦਾ ਨਾਹਾ।
ਟੋਪੀ ਸੀਵੇ, ਕੁਰਾਨ ਲਿਖਿ ਵੇਚਿ ਮੰਗਾਏ। ਦਸਾਂ ਨੌਂਹਾਂ ਦੀ ਮਿਹਨਤਿ ਕਰੇ ਸੋ ਖਾਏ।੧੮।

ਰੈਣ-ਸਿਹਜਾ ਭੂਮਿ ਪਰ ਕਰੇ। ਤਲੇ ਫੂਹੜੀ ਦੇ ਕੰਕਰ ਧਰੇ।
ਹਥਿ ਤਸਬੀ ਅਰੁ ਕਰੇ ਬੰਦਗੀ। ਹੈਸੀ ਪੱਖੀ[6] ਪੱਕਾ, ਏਹੁ ਵੱਡੀ ਉਸ ਵਿਚ ਗੰਦਗੀ।੧੯।

ਸਾਹਿਬ ਨੂੰ ਉਨ ਪਕੜਿ ਮੰਗਾਇਆ। ਗੁਰੂ ਤੇਗ ਬਹਾਦੁਰ ਜਾਤਾ, ਜੋ ਸੀਸੁ ਦੇਣਾ ਹੈ ਆਇਆ।
ਸੋ ਦਿਤਾ ਸੀਸੁ, ਅਤੇ ਰਖਿਆ ਧਰਮੁ। ਕੀਤਾ ਏਹ ਬਹਾਦਰੀ ਦਾ ਕਰਮ।੨੦।

ਚਉਦਾਂ ਬਰਸਾਂ ਦੀ ਗੁਬਿੰਦ ਸਿੰਘ ਜੀ ਕੀ ਆਉ।
ਏਹ ਸੁਣ ਕੇ ਸਭ ਸੋਢੀ ਤਜਿ ਗਏ ਮਾਖੋਵਾਲ ਗਾਉਂ।
ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤਹਾਂ ਰਹੇ। ਹੋਰੁ ਸਭ ਉਠਿ ਜਾਵਤ ਭਏ।੨੧।

ਜਬ ਸਾਹਿਬ ਪਾਸ ਸਿਖ ਸੀਸੁ ਲੈ ਆਏ। ਤਬ ਸਾਹਿਬ ਸ਼ਾਸ਼ਤ੍ਰੋਕਤ ਕਿਰਿਆ ਕਰਮ ਸਭ ਕਰਾਏ।
ਪਾਛੇ ਬੈਠੇ ਅੰਦਰ ਸਮਾਧ ਲਗਾਏ।
ਲਗੇ ਕਰਨ ਤਪੁ ਜੋ 'ਤੁਰਕ' ਦਾ ਮੂਲ ਨਾਸ ਹੋਇ ਜਾਏ।੨੨।

---

੧. ਢਾਲ। ੨. ਗਤਕੇ ਬਾਜ਼ੀ। ੩. ਮਿੱਟੀ ਦੇ ਢੇਰ, ਨਿਸ਼ਾਨੇ ਬਾਜ਼ੀ ਲਈ ਬਣਾਏ ਉਚੇ ਮੁਨਾਰੇ। ੪. ਮੋਤੀਆਂ ਦੀ ਮਾਲਾ। ੫. ਪਿਤਾ ਗੁਰੂ ਸ਼ਹੀਦੀ ਪਾ ਚੁੱਕੇ ਸਨ। ੬. ਪੱਖਪਾਤੀ, ਤਅੱਸਬੀ।

ਤਬ ਸਾਹਿਬ ਕੋ ਆਕਾਸ ਬਾਣੀ ਭਈ: "ਪਕੜੋ ਖੰਡਾ ਇਨ ਕੀ ਬਾਜ਼ੀ ਹੈ ਗਈ।"
ਤਬ ਕਹੇ ਮਾਤਾ ਜੀ ਕੇ ਤਜਿ ਸਮਾਧ ਸਾਹਿਬ ਬਾਹਰਿ ਆਏ।
ਮਸੰਦ ਭਾਈ ਸਿਖ ਜੋ ਬਡੇ ਆਹੇ, ਸਭ ਬੁਲਾਏ।੨੩।

ਬੈਠ ਗੁਰਮਤਾ ਤਿਨਾਂ ਸੋ ਠਹਿਰਾਇਆ। ਦੇਵੀ ਦਿਤਾ ਬ੍ਰਹਮਣ ਤਬ ਸੱਦਿ ਬੁਲਾਇਆ।
ਸਾਇਤ ਸੁਭ ਨਿਛਤ੍ਰ ਸਭ ਦੇਹ ਬਤਾਇ।
ਜੋ ਰਾਜ-ਤਖਤ ਗੁਰਿਆਈ ਦੇ ਸਾਹਿਬ ਬੈਠਣ ਜਾਇ।੨੪।

ਭਲਾ ਮਹੂਰਤ ਸੁਭ ਨਿਛਤ੍ਰ ਤਿਨ ਬਤਾਇਆ।
ਰਾਜ ਸਿੰਘਾਸਣ ਗੁਰਿਆਈ ਦੇ ਸਾਹਿਬ ਬੈਠੇ, ਤਿਲਕ ਲਾਇਆ।
ਬਚਨ ਕੀਤਾ: 'ਕੋਈ 'ਛਿਬਰਾਂ' ਸਿਖਾਂ ਵਿਚੋਂ ਹੈ ਸੋ ਆਵੈ।
ਉਹ ਕਦੀਮੀ ਸਿਖ ਹੈਨਿ ਅਸਾਡੇ ਘਰ ਦੇ, ਆਨਿ ਸਭ ਕੰਮ ਉਠਾਵੈ'।੨੫।

ਸਾਹਿਬ ਚੰਦ ਅਤੇ ਧਰਮ ਚੰਦ ਦੁਇ ਆਏ[੧]। ਬਚਨ ਕੀਤਾ: "ਕੰਮ ਗੁਰੂ ਕਾ ਲੇਹੁ ਉਠਾਏ।"
ਤਿਨਾ ਬਿਨਤੀ ਅਪਨੀ ਸਭ ਕਹੀ ਉਚਾਰੀ:
"ਜੀ ਗਰੀਬ ਨਿਵਾਜ਼! ਅਸੀਂ ਹਾਂ ਦਾਸ, ਕੰਮ ਗੁਰੂ ਦਾ ਹੈ ਭਾਰੀ।"
ਬਚਨ ਕੀਤਾ: "ਤੁਸਾਡੇ ਵਡੇ ਹਮੇਸ਼ਾ ਗੁਰੂ ਕੇ ਕੰਮ ਵਿਚ ਰਹੇ।
ਤੁਸੀਂ ਆਦਿ ਕਦੀਮੀ ਸਿਖ, ਅਸਾਡੇ ਘਰ ਵਿਚ ਅਹੇ"।੨੬।

ਤਿਸ ਧਰਮ ਚੰਦ ਕਾ ਹਉ ਨਾਤੀ ਸਿੰਘ ਕੇਸਰ ਮੇਰਾ ਨਾਉਂ।
ਬਚਨ ਕੀਤਾ: "ਚਉਪਾ ਸਿੰਘਾ! ਦੁਹਾਂ ਨੂੰ ਸਿਰੋਪਾਉ ਪਹਿਨਾਉ।"
ਚਉਪਾ ਸਿੰਘ ਨੂੰ ਬਚਨ ਕੀਤਾ: "ਸਿਰੋਪਾਉ ਲੈ ਆਉ।"
ਸੋ ਲੈ ਆਇਆ ਕਹਿਆ: "ਪਹਿਨਾਉ"।੨੭।

ਦਰਬਾਰ ਦਾ ਦੀਵਾਨ ਸਾਹਿਬ ਚੰਦ ਕੀਤਾ।
ਖਜ਼ਾਨਾ ਤੋਸ਼ੇਖਾਨਾ ਕਹਿਆ ਧਰਮ ਚੰਦ ਨੂੰ, ਸੋ ਉਸ ਨੇ ਲੀਤਾ।
ਨਜ਼ਰਾਂ ਭੇਟ ਸਭ ਸਿਖ ਅਰੁ ਮਸੰਦ ਲੈ ਆਏ।
ਸਿਰੋਪਾਉ ਸਭਨਾਂ ਮਸੰਦਾਂ ਅਰੁ ਭਾਈਆਂ ਨੂੰ ਦੇਸੀਂ ਦੇਸੀਂ ਪਠਾਏ।੨੮।

ਜਿਥੇ ਜਿਥੇ ਕੋਈ ਆਹਾ, ਸੋ ਉਥੇ ਉਥੇ ਹੀ ਠਹਿਰਾਇਆ।
ਦਿਲਬਰੀ ਦਿਲਾਸਾ ਕਰਿ ਬਹੁਤ ਪਠਾਇਆ।
ਸੰਗਤਾਂ ਦਾ ਗਉਰ ਖਸਮਾਨਾ ਕਰਨਾ।
ਮੇਲੇ ਵੈਸਾਖੀ ਦੇ ਆਵਣਾ, ਆਇ ਦਰਸ਼ਨ ਕਰਨਾ ਚਰਨਾ।੨੯।

ਸੁਣ ਕੇ ਸਿਖ ਸੰਗਤਿ ਮਸੰਦ ਭਾਈ ਸਭ ਨਿਹਾਲੁ ਹੋਈ।
ਤਖਤ ਬੈਠਾ ਗੁਰੂ ਕਲਗੀ ਵਾਲਾ ਦੀਦਾਰ ਕਰਨ ਚਲੇ ਸਭ ਕੋਈ।
ਸੰਗਤਿ ਸਭ ਆਈ, ਮੇਲਾ ਵੱਡਾ ਲੱਗਾ ਵੈਸਾਖੀ ਦਾ।
ਸੰਮਤ ਸਤਾਰਾਂ ਸੈ ਤ੍ਰੇਤੀ ਹੈਸੀ ਆਖੀਦਾ।੩੦।

---

੧. ਸਾਹਿਬ ਚੰਦ ਭਾਈ ਮਤੀ ਦਾਸ ਦਾ ਪੁੱਤਰ ਸੀ ਤੇ ਧਰਮ ਚੰਦ ਦਰਗਹ ਮੱਲ ਦਾ ਬੇਟਾ ਸੀ।

ਕਥਾਦਿ ਪੰਡਿਤ ਦੇਵੀਦਿਤਾ ਨਿਤ ਕਰੇ। ਪ੍ਰਸੰਗ ਭੀਮਸੈਨ ਦਾ ਜਬ ਆਇ ਵਰੇ।
ਜੋ ਭੀਮਸੈਨ ਦੈਂਤਾਂ ਨੂੰ ਹਾਥੀ ਪਕੜ ਚਲਾਏ।
ਹੋਰ ਆਯੁਧ ਕੋਈ ਨ ਰਹਿਆ, ਕਰਿ ਕਰੀ[1] ਵਗਾਏ।੩੧।

ਜਬ ਪੰਡਿਤ ਕਥਾ ਕਰ ਰਹਿਆ। ਤਬ ਸਾਹਿਬ ਪੰਡਿਤ ਨੂੰ ਇਉਂ ਕਹਿਆ।
ਭੀਮ ਸੈਨ ਏਡਾ ਬਲੁ ਕਿਥੋਂ ਪਾਇਆ ?
ਕਹੈ ਜੀ ਜੱਗ ਹੋਮ ਕੀਤਾ ਤੇ ਲਾਖ ਬ੍ਰਹਮਨ ਜੇਵਾਇਆ।੩੨।

ਬਚਨ ਕੀਤਾ : "ਕਿਸ ਕੰਮੁ ਤੇ ਬਲੁ ਪਾਈਦਾ ਹੈ ?"
ਤਿਨ ਕਹਿਆ : "ਜੀ ਬੇਦ ਪੁਰਾਣ ਸ਼ਾਸਤ੍ਰ ਵਿਚਿ ਇਹ ਪਾਈਦਾ ਹੈ।"
ਬਚਨ ਕੀਤਾ : "ਤੂ ਕਰਾਏਂਗਾ ? ਅਸੀਂ ਭੀ ਜੱਗ ਕਰੀਏ"।
ਤਿਨ ਕਹਿਆ : "ਜੀ ਮੇਰਾ ਇਹ ਕਰਮੁ ਹੈ; ਸੱਚ ਹਿਰਦੇ ਧਰੀਏ"।੩੩।

ਬਚਨ ਕੀਤਾ : "ਸਾਖਿਆਤ ਭਵਾਨੀ ਆਇ ਖੜੋਵੈ।"
ਤਿਨ ਕਹਿਆ : "ਜੀ ਏਹ ਕੰਮੁ ਮੈਥੋਂ ਨਹੀਂ ਹੋਵੈ।"
ਬਚਨ ਕੀਤਾ : "ਕੋਈ ਬ੍ਰਾਹਮਣ ਹੈ, ਜੋ ਕਰਾਏ ?"
ਤਿਨ ਕਹਿਆ : "ਜੀ ਕਾਸ਼ੀ, ਕਸ਼ਮੀਰ, ਬਹੁਤ, ਕੋਈ ਉਥੋਂ ਲਓ ਬੁਲਾਏ"।੩੪।

ਸਾਹਿਬ ਅਪਨੇ ਹਿਰਦੇ ਕੀਤਾ ਬੀਚਾਰੁ :
"ਜੋ ਲਗਾ ਹੈ 'ਕਲਿਜੁਗ', 'ਬ੍ਰਹਮਣ' ਕਰਦੇ ਹੈਨਿ ਅਨਚਾਰੁ।
ਦੁਆਪੁਰ ਜੇਹੇ ਜੁਗ ਵਿਚਿ ਜਨਮੇ ਜੇ ਬ੍ਰਹਮਣ ਸੇ ਮਾਰੇ।
ਹੁਣ ਤਾਂ ਲਗਾ ਹੈ ਕਲਿਜੁਗ ਸਭ ਹੋ ਗਈ [2]ਅਨਚਾਰੇ"।੩੫।

ਜੇ ਕੋਈ ਬ੍ਰਹਮਨ ਸੁਧ ਕਰਮੀ ਹੋਵੇ। ਤਾਂ ਕਾਰਜ ਅਸਾਡਾ ਕਰਾਵੈ ਸੋਵੈ।
ਬ੍ਰਹਮਨਾਂ ਦੀ ਕਰੀਏ ਪਹਿਲੇ ਸੋਧੁ। ਮਤੇ ਕੋਈ ਨਿਕਲੇ ਉਤਮ ਬੋਧੁ।੩੬।

ਸਾਹਿਬ ਬ੍ਰਹਮ-ਭੋਜ ਕਰਾਇਆ। ਨਾਲੇ ਲੁੱਚੀ-ਸੀਰਾ, ਨਾਲੇ ਮਾਸ ਪਕਾਇਆ।
ਜੋ ਮਾਸ ਖਾਏ ਦਿਜ, ਤਿਸ ਦੱਖਣਾ ਦੇਣੀ ਰੁਪਯਾ।
ਜੋ ਲੁੱਚੀ ਕਚਉਰੀ ਖਾਏ ਤਿਸ ਟਕਾ ਦਿਵਯਾ।੩੭।

ਦੋਨੋ ਕਾਗਦ ਦੱਖਣਾ ਵਾਲੇ ਆਏ। ਲੁੱਚੀ ਕਚਉਰੀ ਵਾਲੇ ਸਾਹਿਬ ਫੜਿ ਬੋਝੇ ਪਾਏ।
ਇਕ ਮਹੀਨਾ ਗੁਜ਼ਾਰ ਕੇ ਟਕੇ ਵਾਲੇ ਫੇਰ ਨਿਉਂਤੇ[3]।
ਅਤੇ ਹੋਰ ਜੋ ਪਰਦੇਸੀ ਆਏ ਬਹੁਤੇ।੩੮।

ਜੋ ਮਾਸ ਖਾਏ, ਸੋ ਦਸ ਰੁਪਯੇ ਦੱਖਣਾ ਪਾਏ।
ਚਾਰ ਆਨੇ ਤਿਸ ਨੂੰ ਦੱਖਣਾ, ਜੋ ਲੁੱਚੀ ਕਚਉਰੀ ਖਾਏ।
ਫੇਰ ਦੋਨੋ ਕਾਗਤ ਦੱਖਣਾ ਵਾਲੇ ਸਾਹਿਬ ਪਾਸ ਆਏ।
ਮਾਸ ਵਾਲਾ ਛਡਿਆ ਫਾੜ, ਲੁੱਚੀ ਕਚਉਰੀ ਵਾਲਾ ਲਿਆ ਬੋਝੇ ਪਾਏ।੩੯।

---

੧. ਹਾਥੀ। ੨. ਬੇਮ੍ਰਯਾਦਗੀ। ੩. ਨਿਉਂਦਾ ਦੇ ਕੇ ਸੱਦੇ।

ਮਹੀਨਾ ਗੁਜ਼ਾਰ ਕੇ ਫੇਰ ਨਿਉਤੇ ਲੁੱਚੀ ਕਚਉਰੀ ਵਾਲੇ।
ਸਾਹਿਬ ਲਗੇ ਪਰਖਣ ਇਸ ਹਿਕਮਤ ਨਾਲੇ।
ਸ਼ਾਹਿਬ ਮਹੀਨੇ ਸਵੇ ਮਹੀਨੇ ਜੱਗ ਕਰਨ। ਮਨਸਾ ਸੁਧ ਬ੍ਰਹਮਨ ਦੀ ਧਰਨ।੪੦।

ਜੋ ਬ੍ਰਹਮਨ ਹੋਇ ਕੇ ਮਾਸ ਖਾਏ, ਸੋ ਰੁਪਯਾ ਸਉ ਦੱਖਣਾ[1] ਪਾਏ।
ਜੋ ਲੁੱਚੀ ਕਚਉਰੀ ਖਾਏ, ਸੋ ਇਕ ਰੁਪਯਾ ਪਾਏ।੪੧।

ਇਸੇ ਜੁਗਤਿ ਕਰਿ ਸਾਹਿਬ ਲੱਖ ਰੁਪਯੇ ਦੱਖਣਾ ਉਪਰ ਆਏ।
ਤ੍ਰੈ ਬ੍ਰਹਮਨ ਨਿਕਲੇ, ਉਹ ਨ ਮਾਇਆ ਉਪਰਿ ਲੁਭਾਏ।
ਇਕ ਹਰਿਦਾਸ, ਦੂਜਾ ਹਰਿਭਗਵਾਨ, ਇਨ੍ਹਾਂ ਮਾਸ ਨ ਖਾਇਆ, ਤੀਜਾ ਲਛਮੀ ਰਾਮ।੪੨।

ਦੋ ਦੋ ਲੱਖ ਰੁਪਯਾ ਸਾਹਿਬ ਦੱਖਣਾ ਕਹਿਆ। ਉਨ੍ਹਾਂ ਲੋਭ ਨ ਰੰਚਕ ਗ੍ਰਹਿਆ।
ਬਚਨ ਕੀਤਾ: "ਤਿੰਨੇ ਤੁਸੀਂ ਦਸ ਲੱਖ ਰੁਪਯਾ ਲਓ।"
ਤਿਨ ਕਹਿਆ: "ਜੀ ਮਾਇਆ ਨਹੀਂ ਕੰਮ, ਧਰਮੁ ਰਹੋ"।੪੩।

ਬਚਨ ਕਹਿਆ: "ਅਸੀਂ ਤੁਸਾਨੂੰ ਮਾਸ ਹੈ ਖਵਾਣਾ।"
ਤਿਨ ਕਹਿਆ: "ਜੀ ਅਸੀਂ ਧਰਮ ਨਹੀਂ ਗਵਾਣਾ।"
ਤਿਨਾ ਕਹਿਆ: "ਜੀ ਭਲਾ ਤੁਸਾਂ ਸਾਨੂੰ ਮਾਸ ਕਿਉਂ ਹੋ ਖਵਾਂਦੇ ?"
ਬਚਨ ਕਹਿਆ: "ਅਸੀਂ ਬਚਨ ਸ਼ਾਸਤ੍ਰ ਦੇ ਹਾਂ ਕਮਾਂਦੇ"।੪੪।

ਤਬ ਦਿਜਾਂ ਐਸੇ ਬਚਨ ਕਹਿਆ ਸੁਨਾਇ:
'ਮਿਹਰਬਾਨ ਸ਼ਾਸਤ੍ਰ ਹੈ ਕਹਿੰਦਾ ਜੋ ਬ੍ਰਹਮਨ ਮਾਸ ਖਾਏ।
ਬਚਨ ਕੀਤਾ: "ਸ਼ਾਸਤ੍ਰ ਕੀ ਆਗਿਆ ਹੈ ਐਸੇ।
ਜੋ ਦਿਜ ਮੁਖ ਪਾਈਐ, ਅਗੇ ਪ੍ਰਾਪਤਿ ਹੋਵੈ ਤੈਸੇ"।੪੫।

ਦਿਜਾਂ ਕਹਿਆ: "ਜੀ ਲਖ ਬ੍ਰਹਮਨ ਜੋ ਹੈਨ ਖਾਇ ਗਏ। ਉਹੁ ਬ੍ਰਹਮਨ ਹੀ ਨਹੀਂ ਰਹੇ।"
ਤਿਨਾ ਕਹਿਆ: "ਜੀ ਅਸੀ ਕੈਸੇ ਰਹਾਂਗੇ ਬ੍ਰਹਮਨ ?
ਗਰੀਬ ਨਿਵਾਜ਼! ਤੁਸੀਂ ਭੀ ਸਮਝ ਦੇਖੋ ਦੇ ਮਨ"।੪੬।

ਬਚਨ ਕੀਤਾ: "ਇਕੇ ਤਾਂ ਮਾਸ ਖਾਓ, ਨਹੀਂ ਤਾਂ ਪ੍ਰਾਣ ਗਵਾਉ।
ਪਕੜੋ ਇਨ੍ਹਾਂ ਨੂੰ ਦਿਉ ਫਾਂਸੀ ਜਾਓ।"
ਦੇਣ ਫਾਹੇ ਤਿਨਾ ਨੂੰ ਲੈ ਚਲੇ। ਨਾਲੇ ਉਪਦੇਸ਼ ਕਰਨਹਾਰੇ ਘੱਲੇ।੪੭।

ਕਹੋ: "ਕਿਉਂ ਬੇਅਨਕ[2] ਹੋ ਜਾਨ ਗਵਾਂਦੇ। ਲਖ ਬ੍ਰਹਮਨ ਖਾਇ ਗਏ, ਤੁਸੀਂ ਕਿਉਂ ਨਹੀਂ ਖਾਂਦੇ ?"
ਗਲਿ ਰੱਸੇ ਪਾਇ ਅਤ ਡਰਾਣੇ। ਕਹਿਆ: "ਕਿਉਂ ਅਜਾਈਂ ਗਵਾਂਦੇ ਹੋ ਪ੍ਰਾਣੇ ?"।੪੮।

ਜੋ ਏਹ ਮਰਨ ਉਪਰਿ ਤਯਾਰੁ ਹੋਏ ਉਦਾਸ। ਤਾ ਮਾਰਨੇ ਨਹੀਂ, ਮੋੜਿ ਲਿਆਵਣੇ ਅਸਾਡੇ ਪਾਸ।
ਸੋ ਐਸਾ ਹੀ ਬਡਾ ਜਤਨ ਨਾਲਿ ਤਿਨਾ ਦੇ ਕੀਤਾ।
ਏਹ ਮਰਨ ਉਪਰ ਤਯਾਰ ਹੋਇ ਖੜੋਤੇ, ਜੋ ਭੋਗਣਾ ਸੀ ਭੋਗ ਲੀਤਾ।੪੯।

---

੧. ਦੱਛਣਾ, ਭੇਟਾ। ੨. ਐਂਵੇ, ਫ਼ਜ਼ੂਲ।

ਸੋ ਮਰਨ ਨ ਦਿਤੇ, ਮੋੜ ਮੰਗਾਏ। ਡੇਰੇ ਜਾਇ ਤਿਨਾ ਦੇ ਚਰਨ ਧੁਆਏ।
ਚਰਨ ਧੁਆਇ ਚਰਨਾਮ੍ਰਿਤ ਲੀਤਾ।
ਤਿਨ ਕਹਿਆ: "ਜੀ ਗਰੀਬ ਨਿਵਾਜ਼, ਏਹੁ ਤੁਸਾਂ ਕੀ ਕੀਤਾ।੫੦।

ਨਾਲੇ ਫਾਹੇ ਦੇਣੇ ਮਾਰਨ 'ਚ ਲਾਏ। ਤੇ ਨਾਲੇ ਫੇਰ ਉਨ੍ਹਾਂ ਦੇ ਚਰਨ ਧੁਆਏ।
ਇਸ ਗੱਲ ਦਾ ਸਾਨੂੰ ਕੁਛ ਨਾਹੀ ਹਾਥ ਆਇਆ[੧]।
ਮਰਨੋਂ ਛੁਡਾਇਆ, ਅੰਮ੍ਰਿਤ-ਭੋਜਨ ਜਿਵਾਇਆ"।੫੧।

ਬਚਨ ਕੀਤਾ: "ਬ੍ਰਹਮਣ ਹੋ ਤੁਸੀਂ, ਉਹ ਸਭੇ ਹੈਂ ਅਨਚਾਰੀ।
ਅਸਾਂ ਬ੍ਰਹਮਣ ਦੇਖਣ ਦੀ ਆਹੀ ਮਨ ਧਾਰੀ।"
ਸੋ ਅਜੇ ਬ੍ਰਹਮਣ ਅੰਸੁ ਕਲਜੁਗ ਵਿਚਿ ਅਹੇ।
ਹੁਣ ਅਸਾਡਾ ਕਾਰਜੁ ਹੋਏ, ਸਾਹਿਬ ਬਚਨ ਐਸੇ ਕਹੇ।੫੨।

ਦਿਜ ਪਰਖਣ ਦੀ ਕਥਾ ਪੂਰਨ ਭਈ। ਅੱਗੇ ਹੋਮ ਕਰਨ ਉਪਰਿ ਕਥਾ ਗਈ।
ਸੰਮਤ ਸਤਾਰਾਂ ਸੈ ਚਉਤ੍ਰੀ ਗਏ। ਹੋਮ ਸਮਗ੍ਰੀ ਇਕਠੇ ਕਰਤੇ ਭਏ।੫੩।

ਧਰਮ ਚੰਦ ਖਜ਼ਾਨਚੀ ਬੁਲਾਇਆ। ਤਿਸ ਨੂੰ ਐਸੇ ਕਹਿ ਸਮਝਾਇਆ:
"ਦਸ ਹਜਾਰ ਦੀ ਸਮਗ੍ਰੀ ਮੰਗਵਾਉ। ਭਾਵੇਂ ਪੁੱਤ ਨੂੰ ਭੇਜੋ, ਭਾਵੇਂ ਆਪ ਜਾਉ"।੫੪।

ਹੱਛੀ ਜਾਚ-ਸੋਧ ਕੇ ਸਮਗ੍ਰੀ ਚੰਦਨ ਵੇਖ ਲੀਜੈ।
ਕਰ ਏਕਠੀ ਮਾਤਾ ਨੈਣਾ ਦੇਵੀ ਦੇ ਭਵਨ ਭੇਜ ਦੀਜੈ।
ਅਤੇ ਬ੍ਰਹਮਨ ਕਸ਼ਮੀਰ ਕਾਂਸੀ ਦੇ ਸਦਵਾਏ। ਲਿਖ ਹੁਕਮਨਾਮੇ ਸਿਖਾਂ ਨੂੰ ਭਿਜਵਾਏ।੫੫।

"ਜੋ ਬ੍ਰਹਮਨ ਵਿਦਿਆਵਾਨੁ ਹੈ ਚੰਗਾ, ਸੋ ਭਿਜਵਾਣਾ। ਜੋ ਖਰਚ ਲਗੇ, ਸੋ ਗੁਰੂ ਕੇ ਘਰੋਂ ਲਾਣਾ।"
ਧਰਮ ਚੰਦ, ਪੁੱਤ ਨੂੰ ਦਿੱਲੀ ਪਠਾਇਆ।
ਨਾਲੇ ਹੁੰਡੀ, ਨਾਲੇ ਸਿਖਾਂ ਵਲਿ ਲਿਖਿ ਭਿਜਵਾਇਆ।੫੬।

ਕਾਂਸੀ ਤੇ ਵਿਸ਼ਨਪਾਲ ਬ੍ਰਹਮਨ ਆਇਆ। ਤ੍ਰੈ ਸੈ ਵਿਦਿਆਰਥੀ ਨਾਲਿ ਲੈ ਆਇਆ।
ਕਸ਼ਮੀਰੋਂ ਸ਼ਿਵਬਕ੍ਰ ਬ੍ਰਹਮਨ ਆਇਆ।
ਅਤੇ ਦਿੱਲੀਓਂ ਗੁਰਬਖਸ਼ ਸਿੰਘ[੨] ਮਸਾਲਾ ਹੋਮ ਦਾ ਲੈ ਮੁੜਿ ਆਇਆ।੫੭।
ਦੀਵਾਨ ਸਾਹਿਬ ਚੰਦ ਨੂੰ ਸਦਿ ਫੁਰਮਾਇਆ।
ਜੋ ਦਸ ਹਜ਼ਾਰ ਦੀ ਪੁਸ਼ਾਕੀ ਸੁਪੈਦੀ ਦੇਹ ਮੰਗਾਇਆ।
ਦੀਵਾਨ ਅਪਨਾ ਬੇਟਾ ਚਰਨ ਦਾਸ[੩] ਦੀਨਾ ਪਠਾਇ।
ਸੋ ਹੁਸ਼ਿਆਰਪੁਰ ਬਿਜਵਾੜਿਓਂ ਲੈ ਪਹੁਤਾ ਆਇ।੫੮।

ਕਸ਼ਮੀਰ ਵਾਲਾ ਜੋ ਬ੍ਰਹਮਨ ਟੁਰਿ ਆਇਆ। ਸੋ ਮਜਲ-ਬ-ਮਜਲ ਦੋਵੇਂ ਕਾਗਤ ਪਠਾਇਆ।
ਜੋ ਕਾਰਜੁ ਸਾਹਿਬ ਇਥੇ ਕੋਈ ਕਰਨ। ਸੋ ਸਭ ਲਿਖ ਭੇਜੇ ਸਾਹਿਬ ਤਟਿ ਚਰਨ।੫੯।

---

੧. ਭੇਤ ਪਤਾ ਨਹੀਂ ਲੱਗਾ। ੨. ਗੁਰਬਖਸ਼ ਸਿੰਘ, ਧਰਮ ਚੰਦ ਦਾ ਪੁੱਤਰ ਤੇ ਲੇਖਕ ਦਾ ਪਿਤਾ ਸੀ। ੩. ਚਰਨ ਦਾਸ, ਸਾਹਿਬ ਚੰਦ ਦਾ ਪੁੱਤਰ ਸੀ, ਜੋ ਅਨੰਦਪੁਰ ਤਿਆਗ ਬਾਅਦ ਨਿਰਬਾਣ ਭੇਖ ਧਾਰ ਕੇ ਭਦੌੜ ਵਿਖੇ ਰਹਿੰਦਾ ਰਿਹਾ।

ਸਭ ਬ੍ਰਹਮਨ ਸਾਹਿਬ ਸਦਵਾਏ। ਨੇੜੇ ਦੂਰ ਦੇ ਸਭ ਹੀ ਆਏ।
ਤਿੰਨੇ ਉਹੁ ਭੀ ਜਿਨ੍ਹਾਂ ਮਾਸ ਨਾ ਖਾਧਾ। ਆਨ ਇਕਤ੍ਰ ਭਏ ਸਭੋ ਤਿਸ ਜਾਗ੍ਹਾ।੬੦।

ਸਭ ਬ੍ਰਹਮਨਾਂ ਰਲਿ ਬਿਨਤੀ ਠਾਨੀ: "ਮਹਾਰਾਜ! ਕਰੀਏ ਬਚਨੁ, ਉਚਾਰੋ ਬਾਨੀ।
ਕਿਤ ਕਾਰਨ ਹੈ ਹਮ ਕੋ ਬੁਲਾਇਆ? ਕਰੀਏ ਉਹੁ ਕਾਰਜੁ ਜੋ ਆਪ ਹੈ ਫੁਰਮਾਇਆ"।੬੧।

ਬਚਨ ਕੀਤਾ: "ਅਸਾਂ ਨੂੰ ਹੋਮ ਕਰਨ ਦੀ ਹੈ ਚਾਹ। ਦਰਸਨ ਦੇਵੇ ਮਾਤਾ ਖਾਹ ਮਖਾਹ[੧]"।
ਤਿਨਾ ਕਹਿਆ: "ਜੀ ਅਸੀਂ ਅਵਾਹਨ[੨] ਹੈ ਕਰਨਾ ਉਚਾਰੁ।
ਦਰਸ਼ਨ ਦੇਣਾ, ਨ ਦੇਣਾ, ਉਸ ਦਾ ਹੈ ਇਖਤਿਆਰੁ"।੬੨।

ਬਚਨ ਕੀਤਾ: "ਬਸੰਤਰ ਬਾਹਰਿ ਤੇ ਨਾ ਆਵੈ। ਵਿਚੋਂ ਈਂਧਨ ਦੇ ਪ੍ਰਗਟਾਵੈ।
ਮਾਤਾ ਸਨਮੁਖ ਦੀਦਾਰ ਅਸਾਂ ਨੂੰ ਦੇਵੇ। ਜੋ ਕੁਛੁ ਤੁਸੀਂ ਪੂਜਾ ਚਾਹੋ, ਸੋ ਲੇਵੇ"।੬੩।

ਤਿਨ ਕਹਿਆ: "ਜੀ ਬਸੰਤ੍ਰ ਤਾਂ ਵਿਚੋਂ ਪ੍ਰਗਟ ਹੋਇ ਆਵੈ।
ਪਰ ਮਾਤਾ ਆਵਣ ਦਾ ਜ਼ਿੰਮਾ ਕਉਣ ਉਠਾਵੈ?
ਕਲਜੁਗ ਵਿਚਿ ਕਿਨੇ ਅਗੇ ਨਹੀਂ ਸਦਵਾਈ। ਅਸਾਡਿਆਂ ਵਡਿਆਂ ਹੋਸੀ ਬੁਲਾਈ।੬੪।

ਹੋਰੁ ਜੋ ਕੁਛੁ ਕਹੋਗੇ, ਸੋ ਕਰਾਂਗੇ। ਪਰ ਮਾਤਾ ਆਵਣ ਦਾ ਜ਼ਿੰਮਾ ਨਹੀਂ ਧਰਾਂਗੇ"।
ਬਚਨ ਕੀਤਾ: "ਜੇ ਮਾਤਾ ਆਵੈ ਤਾਂ ਕਰੋ ਉਪਾਉ।
ਨਹੀਂ ਆਵੈ, ਤਾਂ ਤੁਸੀਂ ਜਿਧਰੋਂ ਆਏ ਹੋ ਉਥੇ ਹੀ ਜਾਉ"।੬੫।

ਏਹ ਬਚਨ ਸੁਣ ਬ੍ਰਹਮਨ ਭਏ ਹੈਰਾਨ। ਜੇ ਇਥੋਂ ਗਏ ਨਿਰਾਸ ਤਾਂ ਕੋਈ ਨ ਕਰਸੀ ਮਾਨ।
ਦਿਜਾਂ ਰਖੇ ਬ੍ਰਤ ਰਹੇ ਉਪਵਾਸ। "ਹੇ ਬ੍ਰਹਮਾ ਜੀ ਕਰ ਸਹਾਇਤਾ, ਏਹੁ ਤੇਰਾ ਹੈ ਪ੍ਰਕਾਸ਼"।੬੬।

ਨਿਰਾਹਾਰੇ ਬ੍ਰਤ ਤੀਨ ਜਬ ਭਏ। ਦਿਜਾਂ ਭੀ ਮਰਨ ਉਪਰ ਕਟਿ ਬੰਨ੍ਹ ਲਏ[੩]।
ਤੀਜੇ ਬ੍ਰਤ ਸਿਮਰਨ ਵਿਚਿ ਆਇਆ। ਜੋ ਕਾਲਕਾ ਦਾਸ ਵਰ ਮਾਤਾ ਤੇ ਹੈ ਪਾਇਆ।੬੭।

ਕਾਲਕਾ ਦਾਸ ਦੇ ਕਹੇ ਮਾਤਾ ਆਵੈ। ਜਿਥੇ ਚਾਹੇ ਕਾਲਕਾ ਦਾਸ ਮਾਤਾ ਨੂੰ ਬੁਲਾਵੈ।
ਦੋਨੋ ਬ੍ਰਹਮਨ ਬ੍ਰਤ ਉਪਾਰਤ[੪] ਭਏ। ਰਲ ਕੇ ਦੋਨੋ ਸਾਹਿਬ ਪਾਸ ਗਏ।੬੮।

ਸਾਹਿਬ ਪਾਸ ਬਿਨਤੀ ਦਿਜਾਂ ਜਾਇ ਠਾਨੀ। ਜੀ ਮਿਹਰਵਾਨ! ਕਾਲਕਾ ਦਾਸ ਦੇ ਹਥਿ ਹੈ ਭਵਾਨੀ।
ਜਿਥੇ ਚਾਹੇ ਕਾਲਕਾ ਦਾਸ, ਤਿਥੇ ਬੁਲਾਵੈ। ਕਾਲਕ ਦਾਸ ਸੱਦੇ ਤਾਂ ਮਾਤਾ ਆਵੈ"।੬੯।

ਬਚਨ ਕੀਤਾ: "ਕਾਲਕ ਦਾਸ ਕਿਥੇ ਹੈ ਰਹਿੰਦਾ?"
ਕਹੇ: "ਜੀ ਦੱਖਣ ਦੇਸ ਤੀਰ ਗੁਜਰਾਤਿ ਠਾਕੁਰ ਦੁਆਰੇ ਹੈ ਬਹਿੰਦਾ।"
ਬਚਨ ਕੀਤਾ: "ਜੈਸੇ ਤੁਮ ਬ੍ਰਹਮਨ ਹੋ ਦੇਖੇ। ਜੇ ਵਹੁ ਭੀ ਹੋਵੈ ਤੁਮ ਜੈਸੇ, ਤਉ ਕਿਤੁ ਲੇਖੇ"।੭੦।

ਕਾਲਕ ਦਾਸ ਦੀ ਤਿਨਾਂ ਦਿਜਾਂ ਕਹਿ ਹਕੀਕਤੁ ਸੁਨਾਈ।
ਕਹੈ ਜੀ ਨਾਉਂ ਥਾ ਤਿਸਕਾ ਸੂੰਭੂ, ਦੇਵੀ ਕਾਲੀਦਾਸ ਕਹਾਈ।
ਬਚਨ ਕੀਤਾ: "ਤਾ ਕੋ ਕੈਸੇ ਕਰਿ ਵਰੁ ਭਾਇਆ?"
ਤਿਨ ਦਿਜੋਂ ਸਾਰਾ ਬਿਰਤੰਤ ਸੁਨਾਇਆ।੭੧।

---
੧. ਜ਼ਰੂਰੀ, ਲਾਜ਼ਮੀ। ੨. ਸੱਦਾ। ੩. ਲੱਕ ਬੰਨ੍ਹ ਲਿਆ। ੪. ਖੋਲ੍ਹਦੇ।

ਕਹੇ : "ਜੀ ਇਕੁ ਰਾਜਾ ਨਾਉਂ ਨੰਦਰਾਮੁ ਆਹਾ ਬ੍ਰਹਮਨੁ।
ਤਿਸ ਦਾ ਪ੍ਰੋਹਤ ਨਾਮ ਚੰਦਨੁ ਕਥਾ ਕਰੇ ਨਿਤ ਜੈਮਨ।
ਧਾਮ ਰਾਜਾ ਕੇ ਪੁੱਤ੍ਰੀ ਵਿਸ਼ਨ ਕਲਾ ਤਿਸ ਨਾਮ।
ਪ੍ਰੋਹਤ ਤਾਂ ਕੇ ਸੰਗ ਨ ਬਨੇ ਖਹਿਤੇ ਰਹੇ ਵਿਚਿ ਧਾਮ।੭੨।

ਰਾਜੇ ਪ੍ਰੋਹਤ ਨੂੰ ਕਹਿਆ ਸਮਝਾਇ : "ਕੋਈ ਕੰਨਿਆਂ ਵਾਸਤੇ ਡਿਠੀ ਚਾਹੀਐ ਜਾਇ।"
ਪ੍ਰੋਹਤ ਦੇਖਣ ਕੋ ਉਠਿ ਦਿਸੰਤ੍ਰ ਗਇਆ।
ਯਹ ਸੂੰਭੂ ਬਾਲਕ ਦਿਜ ਕਾ ਮਹਾਂ ਜੜ੍ਹ ਮੂਰਖ ਦੇਖੜ ਭਇਆ।੭੩।

ਪ੍ਰੋਹਤ ਕੰਨਿਆ ਸੋ ਵੈਰੁ ਆਹਾ ਕਿਤਾ। ਐਸੇ ਜੜ੍ਹ ਮੂਰਖ ਭਰਤਾ ਕਰਿ ਦਿੱਤਾ।
ਸਮਾ ਪਾਇ ਬਿਆਹਤ ਭਿ ਭਏ। ਕਰਿ ਬਿਆਹੁ ਧਾਮ ਲੈ ਗਏ।੭੪।

ਤਿਸ ਦੇਖਿ ਕੰਨਿਆ ਭਈ ਹੈਰਾਨੁ। ਇਹੁ ਮਹਾ ਜੜ੍ਹ ਮੂਰਖ ਨਿਦਾਨੁ।
ਸਮਾ ਪਾਇ ਕੰਨਿਆ ਪੇਕੇ ਉਠਿ ਆਈ। ਤਿਨ ਪ੍ਰੋਹਤ ਸਿਉਂ ਅਤਿ ਕਰੀ ਲੜਾਈ।੭੫।

ਪ੍ਰੋਹਤ ਕਹਿਆ : "ਜੀ ਮੇਰੇ ਕਹੇ ਕੀ ਹੈ ਜੀ ਹਥਿ।
ਮੈ ਤਾਂ ਚਤੁਰ ਬੁਧਿਵਾਨੁੰ ਡਿਠਾ ਸੀ, ਕਉਨ ਮੇਟੇ ਲਿਖੇ ਮਥਿ।"
ਸਮਾ ਪਾਇ ਸੂੰਭੂ ਜੀ ਸਾਹੁਰੇ ਆਏ। ਸੋ ਕੰਨਿਆ ਨਾਲਿ ਇਨ੍ਹਾਂ ਦੇ ਨ ਸਾਹੁਰੇ ਜਾਏ।੭੬।

ਧਾਮ ਵਿਚਿ ਧਾਮ ਜੁਦਾ ਕਰ ਦੀਆ। ਕੋਈ ਕਾਲ ਨਿਵਾਸੁ ਤਹਾਂ ਸੂੰਭੂ ਜੀ ਕੀਆ।
ਭਰਿ ਥਾਲੁ ਪਵਿਤ੍ਰ ਆਗੇ ਭੋਜਨ ਭਰਤਾ ਦੇ ਧਰਿਆ।..... ..... .....।੭੭।

ਸੋ ਬੈਠਾ ਦੇਖੇ ਨਹੀਂ ਭੋਜਨ ਖਾਵੈ। ਕਰ ਸੋ ਗਹਿ ਗਹਿ ਬਾਹਰ ਢੇਰੀ ਲਾਵੈ।
ਵਿਸ਼ਨ ਕਲਾ ਕਹਿਆ : "ਜੀ ਏਹ ਭੋਜਨ ਕਿਉਂ ਗਵਾਇਆ ?"
ਕਹੈ : "ਮੈਨੂੰ ਹੈ ਮੂਤਨੁ ਆਇਆ"।੭੮।

ਤਿਨ ਕਹਿਆ : "ਉਪਰਿ ਚੜਿ ਚੁਬਾਰੇ ਜਾ ਮੂਤ ਆਇ। ਡਿਗੇ ਮਰੇ ਕਿਵੇਂ ਢਹਿ ਪਾਇ।
ਇਸ ਸੁਹਾਗਣਿ ਤੇ ਮੈਂ ਵਿਧਵਾ ਚੰਗੀ। ਘਰਿ ਪੇਕੇ ਰਹਿਸਾਂ ਰੰਗੀ"।੭੯।

ਕੰਧ ਚੁਬਾਰੇ ਦੀ ਆਹੀ ਡਿੱਗੀ-ਢੱਠੀ। ਏਹ ਜਾਇ ਮੂਤਣ ਬੈਠਾ, ਡਿਗ ਪਿਆ ਪਿੱਠੀ।
ਪਾਛੇ ਆਹਾ ਮਾਤਾ ਕਾਲੀ ਕਾ ਅਸਥਾਨੁ। ਇਹ ਉਪਰ ਡਿਗਿਆ ਮੂਰਖ ਅਜਾਨੁ।੮੦।

ਲੱਗੀਆਂ ਸੱਟਾਂ ਲੋਹੂ ਚੁਇ ਪਇਆ। ਉਹੁ ਮਾਤਾ ਕਾਲੀ ਭੋਜਨੁ ਕਰਿ ਲਇਆ।
ਮਾਤਾ ਕਾਲੀ ਤਬ ਬਹੁਤ ਭਈ ਪ੍ਰਸੰਨ। 'ਬੇਟਾ, ਭਖਿ ਲੋਹੂ ਰਾਜ਼ੀ ਹੋਇਆ ਮੇਰਾ ਮਨ।੮੧।

ਉਹ ਜੜਤਾ ਮੂਰਖਤਾ ਇਸ ਦੀ ਸਭ ਉਠਿ ਗਈ।
ਬੁਧਿ ਚਤੁਰਾਈ ਅਕਲ ਸਭ ਪ੍ਰਾਪਤਿ ਆਇ ਭਈ।
ਮਾਤਾ ਕਾਲੀ ਜੀ ਤੇ ਵਰੁ ਇਸ ਪਾਇਆ।
ਤਬ ਤੇ ਕਾਲਕ ਦਾਸ[੧] ਨਾਮੁ ਠਹਿਰਾਇਆ।੮੨।

---

੧. ਕਾਲਕਾ ਦਾਸ ਦੇ ਦਿਮਾਗ਼ੀ ਕਾਇਆ ਕਲਪ ਦੀ ਇਹ ਬਚਿੱਤ੍ਰ ਕਹਾਣੀ ਹੈ, ਜੋ ਇਤਿਹਾਸਕ ਯਥਾਰਥ ਤੋਂ ਦੂਰ ਹੈ।

ਤਿਸ ਨੂੰ ਸੱਦੋ ਤੇ ਦਰਸਨ ਮਾਤਾ ਦਾ ਪਾਓ। ਕਾਲਕਾ ਦਾਸ ਨੂੰ ਬੇਗ ਬੁਲਾਓ।
ਲਿਖਿ ਹੁਕਮ ਨਾਵੇਂ ਤਹਾਂ ਪਠਾਏ। ਨਾਲੇ ਲਿਖ ਕਾਗਦ ਬ੍ਰਹਮਨਾਂ ਭਿਜਵਾਏ।੮੩।

ਕਾਲਕ ਦਾਸ ਨੂੰ ਮਾਇਆ ਦਾ ਕੁਛ ਨਹੀਂ ਸੀ ਪਰਵਾਹੁ। ਜਿਸ ਦੇ ਮਾਤਾ ਹੋਵੈ ਕਰ ਮਾਹ।
ਸੋ ਸਾਹਿਬ ਨੂੰ ਵਡੇ ਅਉਤਾਰ ਜਾਨਿ ਉਹੁ ਆਇਆ।
ਨਾਲੇ 'ਬ੍ਰਹਮਨ' ਆਹਾ ਲਿਖਿ ਪਠਾਇਆ।੮੪।

ਜੋ ਤੇਰੇ ਆਇਆਂ ਬ੍ਰਹਮਨਾਂ ਦੀ ਹੈ ਰਹਿ ਆਉਂਦੀ।
ਜੇ ਤੂ ਨ ਆਇਓਂ, ਤਾਂ ਬ੍ਰਹਮਨਾਂ ਦਾ ਕੋਈ ਨ ਲੈਸੀ ਨਾਉਂ ਭੀ।
ਤਬ ਤੇ ਕਾਲਕ ਦਾਸ ਜੀ ਆਏ। ਸਾਹਿਬ ਉਨ ਕਾ, ਉਨ ਸਾਹਿਬ ਦਾ ਦਰਸਨੋਂ ਪਾਏ।੮੫।

ਕਾਲਕ ਦਾਸ ਕਹਿਆ: "ਜੀ ਕਹੋ, ਜੋ ਤੁਮਾਰੀ ਹੈ ਚਾਹ।"
ਸਾਹਿਬ ਬਚਨ ਕੀਤਾ: "ਦੀਦਾਰ ਦੇਵੈ ਮਾਤਾ, ਏਹੀ ਚਾਹ ਮਨ ਮਾਹ।"
ਤਿਨ ਕਹਿਆ: "ਬਡਾ ਹੈ ਜਤਨੁ, ਕਸ਼ਟ ਸਹੋਗੇ।"
ਬਚਨ ਕੀਤਾ: "ਕਰਾਂਗੇ, ਜੋ ਤੁਸੀਂ ਕਹੋਗੇ"।੮੬।

ਤਿਨ ਕਹਿਆ: "ਬਰਤ ਚਾਲੀ ਦਿਨ ਰੱਖਣ ਨਿਰਾਹਾਰੁ।
ਬੈਠਣਾ ਇਕ ਆਸਨ, ਨ ਉਠਣਾ ਅੰਦਰ ਬਾਹਰਵਾਰ।
ਨ ਝਾੜੇ, ਨ ਪਿਸ਼ਾਬ, ਨ ਅਗੇ ਪਿਛੇ ਸਿਰੁ ਫੇਰਨਾ।
ਅਹੂਤੀਆਂ ਪਾਂਦੇ ਰਹਿਣਾ, ਨ ਬਚਨ ਕਿਸੇ ਨਾਲ ਟੇਰਨਾ।੮੭।

ਇਕੁ ਆਸਨ ਬੈਠਾ ਰਹਿਣਾ ਦਿਨ ਚਾਲੀ। ਤਾਂ ਦਰਸਨ ਦੇਵੇਗੀ ਮਾਤਾ ਕਾਲੀ।"
ਤਾਂ ਸਾਹਿਬ ਜੀ ਨੇ ਮੰਨੀ ਸਭੋ ਗੱਲ।
ਬਚਨ ਕੀਤਾ: "ਇਉਂ ਹੀ ਕਰਾਂਗੇ, ਕੋਈ ਨਹੀਂ ਹੱਲ"।੮੮।

ਕਾਲੀ ਕਹਿਆ: "ਐਸਾ ਤੁਮ ਕੋ ਕਿਆ ਹੈ ਕਾਰਨੁ?"
ਬਚਨ ਕੀਤਾ: "ਅਸਾਂ ਦੈਂਤਾਂ ਦਾ ਕਰਨਾ ਹੈ ਸੰਘਾਰਨ।
ਦੈਂਤਾਂ ਦੁਸ਼ਟਾਂ ਅਸਾਡੇ ਨਾਲ ਹੈ ਵਿਗਾੜੀ।
ਅਸਾਂ ਦੈਂਤਾਂ ਦੀ ਚਉਂਕੀ ਉਠਾਣੀ, ਏਹ ਮਨ ਧਾਰੀ"।੮੯।

ਤਿਨ ਕਹਿਆ: "ਦੇਵੀ ਤਾਂ ਕਰਿ ਜਾਇਗੀ ਦੈਂਤਾਂ ਦਾ ਨਾਸ਼।
ਜਿਹ ਆਸਨ ਤੁਮ ਧਰਾ ਹੈ ਪਾਂਵ। ਤਹਾਂ ਨਹੀਂ ਕਛੁ ਵੈਰ ਭਾਵ।੯੦।

ਅਦ੍ਵੈਤੀ ਹੋਇ ਦੁਐਤ ਮੈਂ ਨ ਪਰੋ। ਨਿਰਵਿਘਨ ਨਿਰਵੈਰੁ ਆਸਨ ਪਗ ਧਰੋ।"
ਤਬ ਸਾਹਿਬ ਤਿਸ ਐਸੇ ਕਹਿਆ: "ਰਾਜ, ਜੋਗੁ ਅਸਾਂ ਦੋਨੋ ਆਸਨ ਹੈ ਗਹਿਆ।੯੧।

ਦੋਊ ਕਰਮ ਅਸਾਂ ਸਮਝ ਕੇ ਕਰਨੇ। ਦੁਸਟ ਦੈਂਤ ਅਸਾਂ ਸਭ ਪਰਹਰਨੇ।"
ਕਾਲਕ ਕਹੇ: "ਦੋਊ ਰਚੇ ਹੈਂ ਕਰਤਾਰ। ਆਪ ਹੀ ਰਚੀ੍ ਹੈ ਦੋਨੋ ਮੈ ਰਾਰੁ।੯੨।

ਜੋ ਵਹੁ ਨ ਚਾਹਤਾ, ਤਾ ਕਰਤਾ ਏਕ। ਦੈਂਤ ਦੇਵਤੇ ਦੋਨੋ ਉਸ ਕੀ ਟੇਕ।
ਦੋਊ ਹੈਂ ਉਸ ਕੇ ਮਨ ਭਾਏ। ਦੈਂਤ ਕਿਸੀ ਅਉਰ ਨਹੀਂ ਉਪਾਏ।੯੩।

ਦੇਵੀ ਤੇ ਵਰੁ ਹੋਤ ਹੈ ਜੋ ਮਾਰੋ ਇਛਾ ਧਾਰ। ਜ਼ਿੰਮੇ ਤੁਮਰੋ ਲਾਗ ਹੈ, ਦੇਵੀ ਕਰ ਦੇਸੀ ਦੈਂਤ ਸੰਘਾਰ।
ਅਕਾਲ ਪੁਰਖ ਜਬ ਪੂਛ ਹੈ; ਤੁਮ ਉਤਰ ਦੇਹੁਗੇ ਕਿਆ ?
ਯਹਿ ਬਹਿਸੋ ਬਹਿਸੀ ਭਜਤ ਹੈਂ, ਆਪੋ ਅਪਨੇ ਚਾਅ।੯੪।

ਦੇਵੋਂ ਕੋ ਡਰੁ ਦੈਂਤ ਕਾ, ਦੈਂਤੋਂ ਕੋ ਡਰੁ ਦੇਵ। ਏ ਕਾਰਨ ਦੋਨੋਂ ਭਜਤ ਹੈ ਕਰਤ ਪੁਰਖ ਕੀ ਸੇਵ।
ਭੀਰ ਪਰੇ ਦਿਵ ਜਾਤ ਹੈ ਸਰਨ ਜਹਾਂ ਜਗਦੀਸ।
ਤਿਨ ਧੀਰਜ ਦੇ ਕਰਿ ਆਵਤਾ, ਹਰਿ ਈਸਨ ਕੇ ਈਸ।੯੫।

ਵਹੁ ਉਠਾਇ ਨਹੀਂ ਜਾਨਤਾ ? ਜੇ ਦੇਵੈ ਦੇਤ ਉਠਾਇ।
ਪਰ ਦੋਨੋ ਸਾਜੇ ਆਪ ਹੀ, ਕਿਉ ਕਰਿ ਦੇਇ ਗਵਾਇ।"
ਤਬ ਸਾਹਿਬ ਐਸੇ ਕਹਾ: "ਮੁਝ ਕੋ ਹੈ ਆਗਿਆ ਏਹੁ।
ਮੈ ਸੁਤ ਤੁਝ ਅਪਨਾ ਕੀਆ, ਦੈਂਤ ਉਠਾਇ ਤੂ ਦੇਹ"।੯੬।

**ਸਾਖ ਮ: ੧੦**
'ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ।
ਜਾਇ ਤਹਾਂ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ॥'।੯੭।

ਕਾਲਕ ਕਹਾ: "ਇਹ ਹੀ ਕਰੋ। ਆਪ ਨ ਕਾਹੂੰ ਸੇਤੀ ਲੜੋ।
ਅਪਨਾ ਪੰਥ ਤੂ ਦੇਹਿ ਚਲਾਇ। ਵਹੁ ਦੈਂਤਾਂ ਕੋ ਮਾਰੇ ਜਾਇ"।੯੮।

**ਸਾਖ ਮ: ੧੦**
'ਇਹ ਕਾਰਨਿ ਪ੍ਰਭ ਮੋਹਿ ਪਠਾਇਓ॥ ਤਬ ਮੈ ਜਗਤਿ ਜਨਮੁ ਧਰਿ ਆਇਓ॥
ਜਿਮ ਤਿਨ ਕਹੀ ਤਿਨੈ ਤਿਮ ਕਹਿ ਹੋਂ॥ ਅਉਰ ਕਿਸੂ ਤੇ ਬੈਰ ਨ ਗਹਿ ਹੋਂ॥'।੯੯।

ਕਾਲਕ ਕਹਿਆ: "ਤੁਮ ਐਸੇ ਹੀ ਕਰਹੁ। ਆਪ ਕਾਹੂੰ ਸਿਉ ਬੈਰ ਨ ਧਰਹੁ।
ਆਪ ਰਹੋ ਤੁਮ ਸਭ ਤੇ ਨਿਆਰੇ। ਪੰਥ ਤੁਮ੍ਹਾਰਾ ਉਨ ਕੋ ਮਾਰੇ"।੧੦੦।

ਕੁਬੁਧੀਏ ਸੁਬੁਧੀਏ ਉਨ ਆਪ ਉਪਾਏ। ਵਹੁ ਚਾਹੇ ਤਾਂ ਦੇਹ ਉਠਾਏ।
ਧਰਿ ਧਰਿ ਅਉਤਾਰੁ ਆਇਉ ਜਗ ਮਾਹੀ। ਉਨ ਕੁਬੁਧੀਏ ਦੂਰ ਕੀਏ ਕਿਉਂ ਨਾਹੀ।੧੦੧।

ਕੁਬੁਧੀ ਸਬੁਧੀਏ ਚਲੇ ਹੀ ਆਏ। ਜੇ ਤੁਸਾਂ ਦੇਵੀ ਦੇ ਵਰ ਨਾਸੁ ਕਰਾਏ।
ਸੁਬੁੱਧੀਏ ਕੇ ਡਰੁ ਉਨ ਕਾ ਉਠਿ ਗਿਆ। ਕੁਬੁੱਧੀਏ ਕਾ ਪਾਪੁ ਜ਼ਿੰਮੇ ਤੁਮਰੇ ਭਇਆ।੧੦੨।

ਕੁਬੁਧੀਆਂ ਕੇ ਡਰੁ ਹੋਵੈ ਸੁਬੁਧਿ। ਦੈਤ ਕੁਬੁਧੀਏ ਸੋ ਰਹੇ ਸੁਬੁਧਿ।
ਡਰੁ ਚੂਕਾ ਤਾ ਸੁਬੁਧੀਏ ਰਹੇ। ਫਿਰਿ ਸੁਬੁਧੀਏ ਅਭਿਮਾਨੇ ਗਹੇ।੧੦੩।

ਅਭਿਮਾਨੇ ਹੋਏ ਤਾ ਪਾਪੀ ਬਣੇ। ਆਗੇ ਸਭ ਅਭਿਮਾਨੇ ਖਾਧੇ ਜਿਤਨੇ ਤੁਮਣੇ।
ਤੁਮ ਆਖ ਆਪ ਜੋ ਹੈ ਸੁਣਾਇਆ।
'ਬਚਿਤ੍ਰ ਨਾਟਕ' ਧਿਆਇ ਖਸ਼ਟਮੇ ਵਿਚਿ ਹੈ ਲਿਖਿ ਪਾਇਆ।੧੦੪।

'ਜਬ ਪਹਿਲੇ ਹਮ ਸ੍ਰਿਸਟਿ ਬਨਾਈ॥ ਦਈਤ ਰਚੇ ਦੁਸਟ ਦੁਖਦਾਈ॥
ਤੇ ਭੁਜ-ਬਲ ਬਵਰੇ ਹ੍ਵੈ ਗਏ॥ ਪੂਜਤ ਪਰਮ ਪੁਰਖ ਰਹਿ ਗਏ॥

ਤੇ ਹਮ ਤਮਕਿ ਤਨਕ ਮੋ ਖਾਪੇ॥ ਤਿਨ ਕੀ ਠਉਰ ਦੇਵਤਾ ਥਾਪੇ॥
ਤੇ ਭੀ ਬਲ-ਪੂਜਾ ਉਰਝਾਏ॥ ਆਪਨ ਹੀ ਪਰਮੇਸੁਰ ਕਹਾਏ॥

ਮਹਾਦੇਵ ਅਚੁਤ ਕਹਾਯੋ॥ ਬਿਸਨ ਆਪ ਹੀ ਕੋ ਠਹਿਰਾਯੋ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ॥

ਤਬ ਸਾਖੀ ਪ੍ਰਭ ਅਸਟ ਬਨਾਏ॥ ਸਾਖ ਨਮਿਤ ਦੇਬੇ ਠਹਿਰਾਏ॥
ਤੇ ਕਹੈ ਕਰੋ ਹਮਾਰੀ ਪੂਜਾ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ॥

ਪਰਮ ਤਤੁ ਕੋ ਜਿਨ ਨ ਪਛਾਨਾ॥ ਤਿਨ ਕਰਿ ਈਸਰ ਤਿਨ ਹੀ ਕਹੁ ਮਾਨਾ॥
ਕੇਤੇ ਸੂਰ, ਚੰਦ ਕਹੁ ਮਾਨੇ॥ ਅਗਨਿ ਹੋਤ੍ਰ ਕਈ ਪਵਨ ਪ੍ਰਮਾਨੈ॥

ਕਿਨਹੂੰ ਪ੍ਰਭੁ ਪਾਹਨ ਪਹਿਚਾਨਾ॥ ਨ੍ਹਾਤ ਕਿਤੇ ਜਲ ਕਰਤ ਬਿਧਾਨਾ॥
ਕੇਤਕ ਕਰਮ ਕਰਤ ਡਰਪਾਨਾ॥ ਧਰਮ ਰਾਜ ਕੋ ਧਰਮ ਪਛਾਨਾ॥

ਜੋ ਪ੍ਰਭ ਸਾਖ ਨਮਿਤ ਠਹਿਰਾਏ॥ ਤੇ ਹਿਆਂ ਆਇ ਪ੍ਰਭੁ ਕਹਵਾਏ॥
ਤਾ ਕੀ ਬਾਤ ਬਿਸਰਿ ਜਾਤ ਭੀ। ਅਪੁਨੀ ਅਪੁਨੀ ਪਰਤ ਸੋਭ ਭੀ॥'।੧੧੧।

ਯਹਿ ਸਭ ਬਚਨੁ ਤੁਸਾਂ ਹੀ ਕਹੇ। ਇਨ ਮੈ ਫਰਕ ਨ ਰੰਚਕ ਅਹੇ।
ਇਸ ਕਾਰਣ ਪ੍ਰਭ ਰਾਰ ਮਚਾਈ। ਦੁਬਿਧਾ ਸਭਨਾਂ ਦੇ ਵਿਚਿ ਪਾਈ।੧੧੨।

ਜੋ ਡਰੁ ਕਿਸੀ ਕਾ ਕਿਸੀ ਨ ਹੋਵੈ। ਤਉ ਵਹੁ ਅਭਿਮਾਨੀ ਬਣ ਖੜੋਵੈ।
ਯਹ ਸਭ ਜੇਤੇ ਤੁਮ ਆਪ ਸੁਨਾਏ। ਬਿਨਾ ਡਰੁ ਅਭਿਮਾਨਿ ਹੈ ਪਾਏ।੧੧੩।

ਤੁਮ ਹੋ ਸਭ ਤੇ ਨਿਰਲੇਪ ਨਿਰਵੈਰੁ। ਆਪ ਕਿਸੁ ਸੰਗ ਨ ਕਰੋ ਵੈਰ।
ਪੰਥ ਅਪਨੇ ਕੀ ਕਰੋ ਪ੍ਰਿਤਪਾਲ। ਜੋ ਕੋਈ ਚਲੇ ਤੁਸਾਡੇ ਬਚਨ ਅਨੁਸਾਰ।੧੧੪।

ਤਿਨ ਕੀ ਪਾਲਨਾ ਤੁਮ ਭੀ ਕਰੋ। ਜੋ ਤੁਮਰੇ ਬਚਨੁ ਨ ਕਮਾਵੈ, ਤਿਸ ਤੁਮ ਪਰਿਹਰੋ।
ਸਿਖ ਹੋਇ ਤੁਮਾਰੇ ਬਚਨ ਨ ਕਮਾਵੈ। ਤਿਸ ਦੇਹੁ ਜਬਾਬ ਧਰਮਰਾਇ ਦੇ ਜਾਵੈ।੧੧੫।

ਬਡਿਓਂ ਕੇ ਤੁਮ ਵਾਕ ਪਛਾਨੋ। ਜੋ ਬਡੇ ਤੁਮਾਰੇ ਕਹਿ ਗਏ ਸੋਈ ਤੁਮ ਠਾਨੋ।
ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥੧੧੬॥

ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
ਜੋ ਤੁਮ ਦੁਬਿਧਾ ਮੋ ਪਰੋਗੇ। ਨਹੀਂ ਅਕਾਲ ਪੁਰਖ ਤੇ ਡਰੋਗੇ।੧੧੭।

ਤਉ ਅਕਾਲ ਪੁਰਖ ਤੁਮ ਕਉ ਪੂਛੇਗਾ ਐਸੇ: ਤੁਮ ਬਚਨ ਹਮਾਰੇ ਮੋੜੇ, ਤੂ ਬੇਟਾ ਹੈਂ ਕੈਸੇ ?
ਤੁਧ ਮੇਰੇ ਦੈਂਤ ਕੀਤੇ ਹੋਏ, ਕਿਉ ਦਿਤੇ ਹੈਨਿ ਉਠਾਇ ?
ਤਾਂ ਕੀ ਜਬਾਬ ਕਰੋਗੇ ਅਗੇ ਜਾਇ ?।੧੧੮।

ਦੈਂਤ ਦੇਵ ਤੇ ਧੁਰੋਂ ਹੀ ਆਏ। ਤੁਸਾਂ ਅਸਾਂ ਏਹ ਨਹੀਂ ਬਣਾਏ।
ਬਚਨ ਕੀਤਾ ਸਾਹਿਬ: "ਅਸਾਨੂੰ ਆਗਿਆ ਹੈ ਆਈ।"
ਕਾਲਕ ਕਹਿਆ: "ਉਸ ਪਾਸ ਜ਼ੋਰ ਨਹੀਂ ਦੇਵੈ ਉਠਾਈ।੧੧੯।

ਉਹ ਹੈ ਸਮਰੱਥ, ਮਾਇਆ ਆਗਿਆ ਹੈ ਛਲੁ। ਤੁਸੀਂ ਭੀ ਸਮਝ ਦੇਖੋ ਏਹੁ ਵਲੁ।
ਮਾਇਆ ਦੇ ਛਲ ਵਿਚਿ ਨਹੀਂ ਆਉ। ਅਪਨਾ ਆਪ ਮਾਇਆ ਤੋਂ ਬਚਾਉ"।੧੨੦।

ਸਾਹਿਬ ਬਚਨ ਕੀਤਾ: "ਅਸੀਂ ਦੈਂਤਾਂ ਦੇ ਨਾਸ ਦਾ ਵਾਕੁ ਹਾਂ ਕਰਿ ਮੁਕੇ।
ਉਹ ਉਪਾਉ ਦਸੋ, ਜਿਸ ਕਰ ਅਸਾਡਾ ਵਾਕੁ ਨ ਚੁਕੇ।"
ਕਾਲਕ ਕਹਿਆ: "ਆਪ ਰਹੋ ਨਿਆਰੇ, ਪੰਥ ਉਪਜਾਓ, ਦੈਂਤਾਂ ਨਾਲਿ ਪੰਥ ਨੂੰ ਟਕਰਾਓ।੧੨੧।

ਸਿਖ ਤੁਹਾਡੇ ਲੈਸਨ ਵੈਰੁ। ਉਠਾਇ ਦੇਣਗੇ ਜਗਤ ਤੇ ਦੈਂਤਾਂ ਦਾ ਪੈਰ।
ਤਬ ਸਾਹਿਬ ਨੇ ਪੰਥ ਕਰਨ ਦੀ ਬਾਂਛਾ ਮਨ ਧਰੀ।
ਜਬ ਐਸੇ ਸਤਿਗੁਰ ਮਨਸਾ ਪੱਕੀ ਕਰੀ।੧੨੨।

ਜੋ ਪੰਥ ਨਿਆਰਾ-ਜੁਦਾ ਜਗਤ ਤੇ ਕਰੀਏ। ਕਟਿ ਸ਼ਸਤ੍ਰ ਬੰਧਵਾਇ ਸਿਪਾਹੀ ਕਰਿ ਧਰੀਏ।
ਜੰਞੂ ਟਿਕਾ ਧੋਤੀ ਦੇਵੀ ਤੇ ਮਾਫ਼ ਕਰਾਈਏ।
ਨਿਸ਼ਾਨੀ ਅਪਨੀ ਲਾਇ, ਨਾਲਿ ਦੈਂਤਾਂ ਦੇ ਜੁਧੁ ਕਰਵਾਈਏ"।੧੨੩।

ਤਬ ਕਾਲਕ ਦਾਸ ਕਹਿਆ ਸਾਹਿਬ ਨੂੰ ਸਮਝਾਈ:
"ਪੰਥ ਮਾਰੇ ਦੈਂਤਾਂ ਨੂੰ ਤਬ, ਜਬ ਰਾਜ-ਜੋਗ ਪਾਈ।
ਜਬ ਪੰਥ ਤੁਸਾਡੇ ਨੂੰ ਰਾਜ ਆਇਆ। ਤਬ ਪਾਪ ਰਾਜ ਵਿਚਿ ਆਇ ਡੇਰਾ ਪਾਇਆ।੧੨੪।

ਜਬ ਪਾਪ ਰਾਜ ਵਿਚਿ ਆਏ। ਤਬ ਪੰਥ ਵਾਲੇ ਧਰਮਰਾਇ ਨੇ ਪਕੜਿ ਮੰਗਾਏ।
ਕਰਿ ਜਬਾਬੁ ਤੇਰੇ ਪੰਥ ਵਿਚਿ ਹੋਇਆ ਪਾਪ।
ਪੰਥ ਹੈ ਤੇਰਾ, ਪੰਥ ਵਾਲਿਆਂ ਨੂੰ ਏਹ ਹੈ ਸਰਾਪ।੧੨੫।

ਹੁਣ ਤੁਸਾਂ ਧਰਮਰਾਇ ਨਾਲ ਕੋਈ ਪ੍ਰੋਜਨ ਨਾਹੀ।
ਪਰ ਪੰਥ ਦੇ ਰਾਜ ਪਾਪ-ਪੁੰਨ ਵਾਸਤੇ ਪੁਛੇਗਾ ਤੁਸਾਂ ਹੀ।
ਇਹ ਸੁਣ ਕੇ ਸਾਹਿਬ ਚੁਪਕੇ ਭਏ। ਅੰਤਰ ਧਿਆਨ ਹੋਇ ਗਿਣਤੀ ਵਿਚਿ ਪਏ"।੧੨੬।

ਤਬ ਸਾਹਿਬ ਕਾਲਕ ਦਾਸ ਨੂੰ ਐਸੇ ਕਹਿਆ ਸਮਝਾਇ: "ਤੂੰ ਬ੍ਰਹਮਣ ਅਸੀਂ ਖਤ੍ਰੀ ਕਹਾਇ।
ਐਸੀ ਕਾਈ ਪੱਕੀ ਦੇਹਿ ਸਲਾਹਿ।
ਬਚਨੁ ਭੀ ਹੋਵੈ ਪੂਰਾ, ਧਰਮਰਾਇ ਸੋ ਰਹੇ ਪ੍ਰੋਜਨ[1] ਨਾਹਿ"।੧੨੭।

ਏਕ ਖਤ੍ਰਾਣੀ ਮਾਤਾ ਕੁੰਤੀ ਹੀ ਹੋਈ। ਤਿਨ ਬਚਨ ਪਾਲਿਆ, ਕਹਿ ਵਾਕ ਨ ਹਾਰਿਆ ਸੋਈ।
ਅਰਜਨ ਜੀਤਿ ਦ੍ਰੋਪਤੀ ਕੋ ਆਇਆ। ਤਿਨ ਮਾਤਾ ਨੂੰ ਇਉਂ ਆਖਿ ਸੁਨਾਇਆ।੧੨੮।

"ਮਾਤਾ ਵੱਡੀ ਵਸਤੂ ਮੈਂ ਆਂਦੀ ਜਿੱਤ।" ਮਾਤਾ ਕਹਿਆ: "ਪੰਜੇ ਵੰਡ ਲਉ ਆਪਸ ਵਿਚਿ।"
ਸੁਣ ਕੇ ਵਾਕੁ ਅਰਜੁਨ ਭਇਆ ਹੈਰਾਨੁ। "ਮਾਤਾ! ਏਹੁ ਤੁਧ ਕਿਆ ਕੀਆ ਬਖਾਨ।੧੨੯।

ਮੈ ਤਾਂ ਰਾਜੇ ਦ੍ਰੋਪਦ ਦੀ ਬੇਟੀ ਆਂਦੀ ਜਿੱਤ।"
ਮਾਤਾ ਕਹਿਆ: "ਬੇਟਾ ਹੁਣ ਤਾਂ ਹੋਈ ਪੰਜਾਂ ਦੀ ਵਿਤ।
ਮੈਂ ਤਾਂ ਮੁਖ ਤੇ ਕਹੀ ਮੁਕੀ। ਮੈਂ ਬਚਨ ਨਹੀਂ ਗਵਾਂਦੀ, ਭਾਵੇਂ ਭੁੱਲੀ, ਭਾਵੇਂ ਚੁਕੀ।੧੩੦।

---

੧. ਪ੍ਰਯੋਜਨ, ਮਤਲਬ।

ਜੇ ਤੁਸਾਂ ਪੰਜਾਂ ਹੀ ਵੰਡ ਲਈ। ਤਾਂ ਮੈਂ ਜੀਵਦੀ ਜਗ 'ਤੇ ਰਹੀ।
ਜੇ ਤੁਸਾਂ ਏਹ ਪੰਜਾਂ ਵੰਡੀਉ ਨਾਹੀਂ। ਤਾਂ ਮੈਂ ਪ੍ਰਾਣ ਛੱਡ ਦੇਸਾਂ ਤਾਂਹੀ"।੧੩੧।

ਬਚਨੋਂ ਨ ਹਾਰਿਆ, ਅਣਹੋਂਦੀ ਕੀਤੀ। ਇਕੋ ਤ੍ਰੀਮਤ ਪੰਜਾਂ ਵੰਡ ਲੀਤੀ।
ਪੰਜ-ਭਤਾਰੀ ਦ੍ਰੋਪਤੀ ਭਈ। ਧਰਮ-ਰੱਖਿਆ ਵਾਕ ਦੇ ਲਈ।੧੩੨।

ਬਚਨ ਹੀ ਧਰਮ ਹੈ ਕਹਿਆ। ਬਚਨੁ ਗਿਆ ਤਾਂ ਧਰਮੁ ਨ ਰਹਿਆ।
ਰਾਜੇ ਜਸਰਥ ਧਰਮੁ ਨ ਹਾਰਿਆ। ਪ੍ਰਾਣ ਦਿਤੇ, ਰਾਮ ਜੇਹਾ ਪੁਤ੍ਰ ਘਰੋਂ ਨਿਕਾਰਿਆ।੧੩੩।

ਧਰਮ ਨਾਮ ਬਚਨੁ ਦਾ ਕਹੀਐ। ਕੋਈ ਐਸੀ ਗੱਲ ਠਹਿਰਾਉ।
ਨਾਲੇ ਧਰਮੁ ਰਹੇ, ਨਾਲੇ ਧਰਮ ਰਾਇ ਥੀਂ ਬਚਾਉ।੧੩੪।

ਤਬ ਕਾਲਕ ਦਾਸ ਹਸਿ ਬਚਨੁ ਉਚਾਰਾ। ਪਾਪ ਪੁੰਨ ਦਾ ਜਬਾਬੁ ਸੁਆਲ ਹੈ ਧਰਮੁ ਦੁਆਰਾ।
ਜਹਾਂ ਰਾਜ ਤਹਾਂ ਪਾਪ ਭੀ ਆਵਨ। ਅਤੇ ਰਾਜ ਜੋਗੁ ਬਿਨਾ ਦੈਂਤ ਨ ਮਾਰੇ ਜਾਵਨ।੧੩੫।

ਪਾਪ ਨੂੰ ਭੀ ਦੀਜੈ ਪੰਥ ਵਿਚਿ ਥਾਂਉ। ਰਾਜ ਵਿਚਿ ਪਾਪ ਧਰਨਾ ਹੈ ਪਾਂਉ।
ਕਿਸੀ ਕੋਨੇ ਪੰਥ ਮੋ ਬਸਾਵੋ ਪਾਪ। ਬਚਨੁ ਕਰੋ ਪੂਰਾ, ਰਹੋ ਨਿਆਰੇ ਆਪ।੧੩੬।

ਹਜ਼ਾਰ ਰੁਪਯਾ ਲਾਇ ਕੇ ਧਾਮ ਹੈ ਬਣਾਈ ਦਾ।
ਸਭੇ ਜਾਗਾ ਸੁੰਦਰ ਹਛੀਆਂ, ਪਰ ਇਕ ਕੋਨੇ ਸੋਧਖਾਨਾ ਭੀ ਰਖਾਈ ਦਾ।
ਕਿਸੀ ਕੋਨੇ ਪਾਪ ਨੂੰ ਭੀ ਥਾਉਂ ਪੰਥ ਵਿਚਿ ਦੀਜੈ। ਐਸਾ ਬਿਚਾਰ ਕਰਕੇ ਪੰਥ ਕਰੀਜੈ।੧੩੭।

ਤਬ ਪੰਥ ਚਾਰ ਭਾਗ ਸਾਹਿਬ ਬਨਾਇਆ। ਏਕ ਭਾਗ ਮੋ ਪਾਪ ਠਹਿਰਾਇਆ।
ਦੀਦਾਰੀ, ਮੁਕਤੇ, ਮਾਇਕੀ, ਮੁਰੀਦ ਕੀਤੇ।
ਏਕ ਭਾਗ ਮੋ ਰਖੇ ਪਾਪ, ਤ੍ਰੈ ਭਾਗ ਅਪਨੇ ਕਰਿ ਲੀਤੇ।੧੩੮।

ਇਕ ਭਾਗ ਦਾ ਲੇਖ ਧਰਮਰਾਇ ਜੀ ਕਰਣਾ। ਤ੍ਰੈ ਭਾਗ ਰਖੇ ਅਕਾਲ ਪੁਰਖ ਕੀ ਸਰਣਾ।
ਜਬ ਸਾਹਿਬ ਐਸੇ ਠਹਿਰਾਇਆ।
ਤਬ ਸਿਖਾਂ ਮਾਮੇ ਕ੍ਰਿਪਾਲ ਸਿੰਘ ਜੀ ਕੋ ਬੈਠਿ ਸਮਝਾਇਆ।੧੩੯।

ਸਭਨਾ ਸਿਖਾਂ ਰਲਿ ਏਹੁ ਬੇਨਤੀ ਠਾਨੀ।
ਚਾਰਿ ਹਿਸੇ ਪੰਥ ਜੋ ਕੀਤਾ, ਸੋ ਕਹਿ ਜੁਦਾ ਸੁਨਾਵੋ ਬਾਨੀ।
ਬਚਨੁ ਕੀਤਾ: "ਦੀਦਾਰੀ ਸੋ, ਜੋ ਰਹਿਨ ਅਸਾਡੇ ਨਾਲਿ।
ਇਹ ਇਥੇ ਉਥੇ ਸੰਗ ਅਸਾਡੇ ਜਪਨ ਜਾਪ"।੧੪੦।

ਮੁਕਤੇ ਸੋ ਅਸਾਡੇ ਪਿਛੇ ਰਹਿਸਨ ਸਿਖ।
ਤੁਰਕਾਂ ਕਰਨੀ ਹੈ ਪੰਥ ਨਾਲਿ ਖਹੋੜ ਜਾਗ੍ਹਾ ਜਾਗ੍ਹਾ ਪਰਵਾਨੇ ਲਿਖ।
ਤਿਨਾਂ ਵਿਚੋਂ ਜੋ ਰਹਿਣਗੇ ਸਿਖ, ਸੋਈ ਮੁਕਤੇ।
ਰਖਨਗੇ ਧਰਮੁ ਸਿਖੀ ਦਾ ਕਰਿ ਅਨੇਕ ਜਤਨ।੧੪੧।

ਇਨਾਂ ਦੋਹਾਂ ਦੇ ਤਪ ਕਰਿ ਆਵੈਗਾ ਰਾਜੁ। ਰਾਜੋਂ ਹੋਸੀ ਨਰਕ, ਪਾਪ ਸਮਾਜ।
ਜੇ ਰਾਜੇ ਸਿਖ ਮਾਇਕੀ ਭਏ। ਤੀਜਾ ਭਾਗ ਸਿਖੀ ਦਾ ਏਹੀ ਗਣ ਲਏ।੧੪੨।

ਗ੍ਰੰਥ ਸਾਹਿਬ ਭੀ ਏਹੁ ਹੈ ਕਹਿਆ। ਇਸ ਮੈਂ ਫਰਕ ਨ ਰਤੀ ਰਹਿਆ।
"ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥" ।੧੪੩।

ਇਹ ਗ੍ਰੰਥ ਸਾਹਿਬ ਵਿਚਿ ਹੈਨਿ ਦੁਇ ਤੁਕਾਂ।
ਦੀਦਾਰੀ, 'ਮੁਕਤੇ' ਤੀਜਾ ਹਿਸਾ ਮਾਇਕੀ ਹੋਇ ਚੁਕਾ।
ਚਉਥਾ ਹਿਸਾ ਮੁਰੀਦ ਕਰਿ ਦੇਖੁ। ਜੋ ਮਾਇਆ ਹੋਂਦੀ ਰਾਜ ਵਿਚਿ ਰਹੇ ਨਿਰਲੇਪੁ।੧੪੪।

ਸਭ ਕਿਛੁ ਦਾਤ ਗੁਰੂ ਕੀ ਜਾਣੇ। ਸਿਖਾਂ ਵਿਚ ਸਿਖ ਹੋਇ ਵਰਤੇ : ਸਬਦ ਪੋਥੀ ਗੁਰਵਾਕ ਪਛਾਣੇ।
ਰਾਜ-ਭਾਗ, ਦੇਸ ਅਰੁ ਮਾਇਆ।
ਦਾਤ ਜਾਣੇ ਗੁਰੂ ਕੀ, ਸਿਖਾਂ ਨਾਲਿ ਬਣਿ ਸਿਖ, ਰਲਿ ਵੰਡ ਖਾਇਆ।੧੪੫।

ਸੋ 'ਮੁਰੀਦ' ਸਤਿਗੁਰੁ ਕਾ ਜਾਣੋ। ਅਤੇ ਰਾਜੁ ਪਾਇ ਅਹੰਕਾਰੇ, ਰਹੇ ਸਿਖੀ ਦੀ ਪਛਾਣੋ।
ਸੋ 'ਮਾਇਕੀ' ਸਿਖ ਰਾਜਾ ਕਹੀਐ। ਰਾਜੁ ਪਾਇ ਰਹੇ ਨਿਰਲੇਪੁ, ਮੁਰੀਦ ਸੋ ਲਈਐ।੧੪੬।

ਦੀਦਾਰੀ, ਮੁਕਤੇ, ਮੁਰੀਦ, ਇਹ ਤਿੰਨ ਅਸਾਡੇ। 'ਮਾਇਕੀ' ਸਿਖ-ਰਾਜੇ, ਧਰਮਰਾਇ ਦੇ ਦਰਵਾਜ਼ੇ।
ਭਾਵੇਂ ਭੋਗਨ ਸੁਅਰਗ ਅਤੇ ਭਾਵੈ ਭੋਗਣ ਨਰਕ। ਇਸ ਮੈਂ ਜ਼ਰਾ ਨ ਜਾਨੋ ਫਰਕ।੧੪੭।

ਪਾਪਾਂ ਨੂੰ ਥਾਉਂ ਮਾਇਕੀਆਂ ਸਿਖਾਂ ਵਿਚ ਦਿਤਾ। ਤਿੰਨ ਹਿਸੇ ਅਪਨੇ ਕਰਿ ਲਿੱਤਾ।
ਪਿਤ੍ਰਾਂ ਦਾ ਉਧਾਰੁ ਐਸਾ ਹੈ ਕਰਨਾ :
ਪਹਿਲੇ ਜਾਮੇ ਨਰਕੋਂ ਸੇ ਕੱਢੇ, ਦਸਵੇਂ ਜਾਮੇ ਨਰਕ ਸੇ ਭਰਨਾ।੧੪੮।

ਸੁਣੋ ਮਾਮਾ ਜੀ! ਇਕ ਬਾਤ ਹਮਾਰੀ। ਤੀਨ ਪਿਤਾ, ਦੁਇ ਮਾਤ ਹਮਾਰੀ।
ਦੇਹ ਧਾਰਨ ਕਾ ਪਿਤਾ ਹੈ ਤੇਗ ਬਹਾਦੁਰ।
ਗੁਰਿਆਈ ਦਾ ਪਿਤਾ ਹੈ, ਬਾਬਾ ਨਾਨਕ ਸਾਹਿਬ ਜੀ ਹਾਜ਼ਰ।੧੪੯।

'ਗੁਰਦੇਵ ਮਾਤਾ ਗੁਰਦੇਵ ਪਿਤਾ', ਹੈ ਗ੍ਰੰਥ ਸਾਹਿਬ ਜੀ ਕਹਿਆ।
ਜੋਤੀ ਜੋਤਿ ਕਾ ਪਿਤਾ ਅਕਾਲ ਪੁਰਖ ਹੈ ਲਹਿਆ।
ਅਕਾਲ ਪੁਰਖੋ ਵਾਚ : 'ਮੈ ਅਪਨਾ ਸੁਤ ਤੋਹਿ ਨਿਵਾਜਾ'।
ਯਹ ਤੀਨ ਪਿਤਾ ਹੈਂ ਹਮਰੇ ਸਿਰਤਾਜਾ।੧੫੦।

ਸਰੀਰ, ਜਨਮ ਕੀ ਮਾਤਾ ਗੁਜਰੀ ਕਹੀਐ। ਸੁਬੁਧਿ ਕੀ ਦਾਤੀ ਮਾਤਾ ਮਨਸਾ ਲਹੀਐ।
'ਮਨੂਆ ਗੁਰੁ, ਮੁਰ ਮਨਸਾ ਮਾਈ। ਜਿਨ ਮੋ ਕਉ ਸੁਭ ਕ੍ਰਿਆ ਪੜ੍ਹਾਈ।੧੫੧।

ਸੋ ਉਨ ਤੀਨੋ ਪਿਤਾ ਕੇ ਹਮ ਹੈ ਦੇਣਦਾਰ। ਜਿਉਂ ਤਿਉਂ ਕਰਕੇ ਤਿਨ ਕਾ ਲਹੇ ਉਧਾਰ।
ਤੇਗ ਬਹਾਦੁਰ ਕਾਰਨ ਦੈਂਤਾਂ ਦਾ ਕਰਨਾ ਨਾਸੁ।
ਮਾਰਨਗੇ ਦੈਂਤਾਂ ਨੂੰ ਜੋ ਹੋਸਨ ਸਿਖ ਅਸਾਡੇ ਬੁਧਿ ਪ੍ਰਕਾਸ਼।੧੫੨।

ਪਿਤਾ ਨਾਨਕ ਦੇ ਕਹੇ ਨਰਕ ਹੈ ਭਰਨਾ। ਜੋ ਸਿਖ ਹੋਇ ਕੇ ਕਰਸੀ ਪਾਪ, ਤਿਸ ਨਰਕ ਮੈ ਪਰਨਾ।
ਅਕਾਲ ਪੁਰਖ ਦੇ ਕਹੇ ਦੇਣੀ ਕੁਬੁਧਿ ਹਟਾਇ। ਅਪਨੇ ਪੰਥ ਵਿਚਿ ਦੇਣਾ ਹੈ ਧਰਮੁ ਚਲਾਇ।੧੫੩।

ਰਾਜ ਜੋਗ ਸਿੰਘਾਸਨ ਅਸਾਂ ਦੋਨੋ ਧਾਰੇ। ਸੰਸਾਰ ਤੇ ਸਿਖ ਆਪਣੇ ਅਸਾਂ ਕਰ ਲੈਣੇ ਨਿਆਰੇ।
ਸਿਖੀ ਸਿਖਿਆ ਗੁਰ ਵੀਚਾਰ। ਨਦਰੀ ਕਰਮੁ ਲੰਘਾਏ ਪਾਰ।੧੫੪।

ਸਿਖ ਤਾ ਸੋਈ ਮਾਮਾ ਜੀ। ਜੋ ਗੁਰਾਂ ਦੀ ਰਹਿਤ ਵਿਚਿ ਚਲੈ।
ਜੋ ਅਪਨਾ ਗੁਰੂ ਛੋਡਿ ਹੋਰ ਥੇ ਜਾਸਨ, ਸੋ ਖਾਸਨ ਖਲੈ[1]।
ਗੁਰਪੀਰ ਹਾਮਾ ਤਾ ਭਰੇ ਜੋ ਮੁਰਦਾਰ ਨਾ ਖਾਇ।
ਗਲੀਂ ਭਿਸਤ ਨ ਪਾਈਐ, ਛੁਟੀਐ ਸਚੁ ਕਮਾਇ।੧੫੫।

ਐਸੇ ਜਬ ਸਾਹਿਬ ਸਿਖਾਂ ਨੂੰ ਆਖ ਸੁਣਾਇਆ। ਤਬ ਕਾਲਕ ਦਾਸ ਜੀ ਬਚਨ ਅਲਾਇਆ।
"ਜੇ ਪਾਪਾਂ ਨੂੰ ਪੰਥ ਵਿਚਿ ਦਿਤਾ ਹੈ ਥਾਂਉ। ਤਾਂ ਕਰਿ ਇਸਨਾਨ ਜਗਿਉਪਵੀਤ[2] ਪਾਉ"।੧੫੬।

ਤਬ ਸਾਹਿਬ ਜਗਿਉਪਵੀਤ ਨਵਾਂ ਉਰਿ ਧਾਰਿਆ।
ਕਰਿ ਕੇ ਮਜਨੁ ਕਟਿ ਪੀਤੰਬਰੁ ਬੰਧ ਸਵਾਰਿਆ।
ਕਰਿ ਕੇ ਸੰਕਲਪ ਬੈਠੇ ਜਾਇ। ਸੁਭ ਨਿਛਤ੍ਰ ਦੇਵਤੇ ਮਨਾਇ।੧੫੭।

ਗਿਰਦੇ ਲੀਨੀ ਤਾਣਿ ਕਨਾਤ। ਵਿਚਿ ਮਾਣਸ ਬੈਠੇ ਤ੍ਰਿਹਿ ਘਟਿ ਸਾਤਿ।
ਮਾਤਾ ਦੇਵੀ ਜੀ ਦੇ ਭਉਣ। ਅੰਦਰਿ ਬੈਠੇ ਕਉਣ ਕਉਣ ?।੧੫੮।

ਮੁਖਿ ਤੇ ਬੈਠੇ ਬਡੇ ਪੰਡਿਤ ਕਾਲਕ ਦਾਸ। ਦੂਜੇ ਸਿਉਬਕ੍ਰ, ਤੀਜੇ ਵਿਸ਼ਨਪਾਲ 'ਬ੍ਰਹਮਨ' ਖਾਸ।
ਚਉਥੇ ਸਾਹਿਬ ਕਰਨ ਕਰਾਵਨਹਾਰ। ਹੋਰੁ ਬ੍ਰਹਮਨ ਸਭ ਬੈਠੇ ਬਾਹਰ ਵਾਰਿ।੧੫੯।

ਧੁਨਿ ਬੇਦ ਓਅੰਕਾਰ ਦੀ ਹੋਈ। ਮਾਨੋ ਜਸੁ ਉਪਜਿਆ ਤ੍ਰੈ ਲੋਈ।
ਲਗੇ ਹਜ਼ਾਰ ਬ੍ਰਹਮਨ ਪਾਠ ਉਚਾਰਨ। ਅਵਾਹਨੁ ਉਸਤਤਿ ਮਾਤਾ ਦੇਵੀ ਦੀ ਸਭ ਪੁਕਾਰਨ।੧੬੦।

ਤਿਨਾ ਤੇ ਪਰੇ ਸਿਖ ਸੰਗਤਿ ਸਭ ਬੈਠੀ ਜਾਇ।
ਕੋਈ ਸਬਦ ਕੋਈ ਕੀਰਤਨ, ਸਭ ਗੋਬਿੰਦ ਕਾ ਜਸ ਗਾਇ।
ਤਿਨਾਂ ਤੇ ਪਰੇ ਬੈਠੇ ਨੌਕਰ ਚਾਕਰ ਸਭ ਸਿਪਾਹੀ।
ਹੁਕਮੁ ਹੈ ਏਹੁ: 'ਦਿਨ ਚਾਲੀ ਕੋਈ ਅੰਦਰ ਨ ਆਵਣਾ ਪਾਈ'।੧੬੧।

ਸਮਗ੍ਰੀ ਹੋਮ ਦੀ ਚਲੀ ਆਵੈ। ਈਂਧਨ ਦੀ ਜਗ੍ਹਾ ਚੰਦਨ ਪਾਵੈ।
ਦਿਨ ਅਠੱਤ੍ਰੀ ਜਬ ਪਹੁੰਚ ਆਏ। ਤਦ ਸਿਉਬਕ੍ਰ ਅਤੇ ਵਿਸ਼ਨਪਾਲ ਦੋਨੋ ਅਕੁਲਾਏ।੧੬੨।

ਦੁਧ ਛੁਹਾਰੇ ਖੰਡ ਕਰਤੇ ਥੇ ਆਹਾਰੁ।
ਇਕ ਸਾਹਿਬ, ਦੂਜੇ ਕਾਲਕ ਦਾਸ ਦੋਨੋ ਆਹੇ ਨਿਰਾਹਾਰੁ।
ਹੋਰ ਸਭ ਬ੍ਰਹਮਨ ਕੋਈ ਭੋਜਨ ਕੋਈ ਫਲੋਹਾਰੁ ਖਾਵੈ।
ਸਿਖ ਸੰਗਤਿ ਸਭ ਜਾਗੈ, ਸਵੈ, ਨ੍ਹਾਵੈ, ਖਾਵੈ, ਗਾਵੈ।
ਜਬ ਦਿਨ ਚਾਲੀਸਵਾਂ ਆਇਆ। ਤਬ ਕਾਲਕ ਦਾਸ ਕਹਿ ਪ੍ਰਗਟ ਸੁਨਾਇਆ।
"ਮਹਾਰਾਜ! ਰਹੀਓ ਸੁਚੇਤ, ਮਾਤਾ ਦੇਵੀ ਜੀ ਸਾਹਿਬ ਆਜੁ ਆਵੈ।
ਜੋ ਮਨ ਧਾਰੋਗੇ ਸੋ ਆਸ ਪੁਜਾਵੈ"।੧੬੪।

ਦੋਹਰਾ—'ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ॥
ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥'੧੬੫।

---

੧. ਜੁੱਤੀਆਂ; ਧੌਂਸੜੇ। ੨. ਜਨੇਊ।

ਇਹਿ ਬਾਂਛਾ ਸਾਹਿਬ ਮਨਿ ਧਾਰੀ। ਕਰਿ ਪੂਰਨ ਯਹਿ ਆਸ ਹਮਾਰੀ।
ਸੰਮਤ ਸਤਾਰਾਂ ਸੈ ਪੈਂਤ੍ਰੀ ਥੇ ਭਏ। ਮਾਹ ਦਿਨ ਬੀਸ ਥੇ ਗਏ।੧੬੬।

ਸਤਾਰਾਂ ਬਰਸਾਂ ਕੇ ਸਾਹਿਬ ਥੇ ਬੁਧਿਵਾਨ। ਸੁਕਲਾ ਪੱਖ ਦਿਨ ਅਸ਼ਟਮੀ ਪ੍ਰਮਾਨੁ।
ਗਹਿਰੀ ਰੈਨ ਬਾਦਰ ਘੁਰਿ ਆਏ। ਦੋਨੋ ਬ੍ਰਹਮਣ ਸੋਇ ਗਏ ਅਕੁਲਾਏ।੧੬੭।

ਨਉਂ ਘਟਿਕਾ ਰੈਣ ਜਬ ਆਇ ਰਹੀ। ਚਮਤਕਾਰ ਦੇਵੀ ਕਾ ਪ੍ਰਗਟਿਆ ਤਬ ਹੀ।
ਤਤਕਾਲ ਲਾਟ ਉਪਰਿ ਆਇ ਸਿੰਘਾਸਨ ਪਰਿਆ।
ਮਾਨੋ ਕੋਟ ਪ੍ਰਕਾਸ਼ ਭਾਨੁ ਹੈ ਕਰਿਆ।੧੬੮।

ਅਸ਼ਟ ਭੁਜਾ ਆਯੁਧ[1] ਸਭ ਧਾਰੇ। ਮੰਦ ਮੰਦ ਹਾਸ ਸੀਸ ਮੁਕਟ ਜਗਮਗਾਰੇ।
ਏਕ ਝਲਕ ਦੀਦਾਰ ਸਾਹਿਬ ਪਾਈ। ਦੂਜੀ ਝਲਕ ਨ ਪਲਕ ਉਠਾਈ।੧੬੯।

ਕਾਲਕ ਭਨਾ: "ਸੀਸੁ ਅਬ ਦੀਜੈ! ਇਸ ਮੈ ਢੀਲ ਨ ਪਲਕ ਕਰੀਜੈ।"
ਸਾਹਿਬ ਕਹਿਆ: "ਦੀਜੈ ਤੁਮ ਦਾਸ। ਅਬ ਹਮਰੇ ਨਹੀਂ ਹਵਾਸ।੧੭੦।

ਮਨੂਆ ਗੁਰ, ਮੁਰ ਮਨਸਾ ਮਾਈ। ਜਿਨ ਮੋਕੋ ਸੁਭ ਕ੍ਰਿਆ ਪੜ੍ਹਾਈ।
ਸੋ ਜਨਨੀ ਢਿਗ ਮੇਰੇ ਹੈ ਆਈ। ਲਾਜਿ ਨੈਨ ਉਠਾਇ ਨ ਹੇਰਿਆ ਜਾਈ।੧੭੧।

ਮੈਂ ਹਾਂ ਪੂਤ ਏਹ ਮਾਤਾ ਹੈ ਮੇਰੀ। ਸਰਨ ਲਈ ਮਾਤਾ ਮੈ ਤੇਰੀ।"
ਕਾਲਕ ਦਾਸ ਹਾਥ ਆਗੈ ਦੁਇ ਧਰੇ। ਸੋ ਖੰਡਾ ਹਾਥੋਂ ਕਾਲਕ ਉਪਰ ਪਰੇ।੧੭੨।

[2]ਰੁਧਰ ਭੱਛਿ ਮਾਤਾ ਭਈ ਅੰਤਰਿ ਧਿਆਨ। ਬ੍ਰਹਮਣ ਜਗਾਇ, ਕਾਲਕ ਕੀਆ ਬਖਾਨੁ:
"ਅਮਕੀ ਪੋਥੀ ਲੇਹੁ ਉਠਾਇ। ਅਸਤੋਤ੍ਰ ਉਚਾਰੋ ਸੁਧ ਬਣਾਇ"।੧੭੩।

ਦਿਜੋਂ ਰਟਾ: "ਮਾਤਾ ਕਬ ਥੀ ਆਈ? ਹਮ ਤੋ ਗਏ ਸੋਇ, ਨਹੀਂ ਦਰਸਨ ਪਾਈ।"
ਇਕ ਕਾਲਕ, ਇਕ ਸਾਹਿਬ ਦੀਦਾਰੁ ਪਾਇਆ।
ਤਬ ਦਿਜੋਂ ਅਸਤੋਤ੍ਰ ਕਾ ਪਾਠ ਉਠਾਇਆ।੧੭੪।

ਏਕ ਮਹੂਰਤ ਸਾਹਿਬ ਅਨੰਦ-ਮੂਰਛਾ ਪਾਈ। ਵਹੁ ਪਲਕ ਦੀਦਾਰੁ ਲੀਆ ਰਿਦੈ ਸਮਾਈ।
ਅਨੰਦ-ਹੁਲਾਸ ਨੇ ਮਨ ਕੀਆ ਨਿਵਾਸ। ਪੂਰਨ ਹੋਈ ਸਤਿਗੁਰ ਆਸ।੧੭੫।

ਦੇਵੀ ਅਸਤੋਤ੍ਰ ਕੀ ਪੋਥੀ ਕਾਲਕ ਦਾਸ ਬਤਾਈ। ਸੋ, ਦਿਜੋਂ ਲੈ ਪੁਨਿ ਪਾਠ ਉਠਾਈ।
ਪਾਠ ਕੀਏ ਕਰ ਲਾਗੇ ਆਇ। ਤਬ ਕਾਲਕ ਜੀ ਕਹਿਆ ਸਾਹਿਬ ਜੀ ਕੋ ਜਗਾਇ।੧੭੬।

ਜਉ ਤੁਮ ਦੇਤੇ ਸੀਸ ਉਠਾਇ। ਤਉ ਮੈਂ ਲੇਤਾ ਬਹੁਰਿ ਲਗਾਇ।
ਸਉ ਬਰਸ ਕੀ ਨਾਲਿ ਆਉ ਲੈ ਦੇਤਾ। ਜਉ ਤੁਮ ਭੇਟ ਸੀਸ ਮਾਤਾ ਕੋ ਦੇਤਾ।੧੭੭।

ਰਾਜਾ ਬਿਕ੍ਰਮਾਜੀਤ ਯਾਰਾਂ ਸੈ ਬਰਸੁ ਹੈ ਰਹਿਆ।
ਦਸ ਬਾਰ ਮਾਤਾ ਕੋ ਸੀਸੁ ਦੇਤਾ ਭਇਆ।
ਹਜ਼ਾਰ ਬਰਸ ਆਰਬਲਾ[3] ਮਾਤਾ-ਵਰੁ ਕੀ ਪਾਈ। ਸਫਲ ਸੇਵਾ ਮਾਤਾ ਕੀ ਜਗਤ ਕਹਾਈ।੧੭੮।

---

੧. ਸ਼ਸਤ੍ਰ। ੨. ਲਹੂ ਪੀ ਕੇ। ੩. ਉਮਰ।

ਸਾਹਿਬ ਕਹਿਆ: "ਜੋ ਤੁਸੀਂ ਅਗੇ ਸਮਝਾਇਕੇ ਕਹਿੰਦੇ।
ਤਾਂ ਅਸੀਂ ਸੀਸ ਦੇਣੋਂ ਨਹੀਂ ਸੇ ਰਹਿੰਦੇ।"
ਕਾਲਕ ਕਹਿਆ: "ਇਹ ਤੁਮ ਕੋ ਦੋਸ਼ ਨ ਰਾਈ। ਮੁਝ ਕੋ ਯਹਿ ਪਹਿਲੇ ਯਾਦ ਨ ਆਈ।੧੭੯।

ਪਰ ਜੀ ਵੱਡਿਆਂ ਦਾ ਆਵਣਾ, ਨਜ਼ਰ-ਭੇਟ ਨ ਧਰੀਏ। ਤਬ ਉਨ੍ਹਾਂ ਦੇ ਗੁੱਸੇ ਕਹਿਰ ਕੋਲੋਂ ਡਰੀਏ।
ਹੁਣ ਮਾਤਾ ਤੁਸਾਡੇ ਅਤੇ ਮੇਰੇ ਉਤੇ ਰਾਜ਼ੀ ਹੋ ਗਈ।
ਮੇਰੇ ਹੱਥਾਂ ਦੇ ਕਸ਼ਟ ਦੀ ਹਕੀਕਤ ਤੁਸਾਡੇ ਪੱਖ ਤੇ ਪਈ"।੧੮੦।

ਪ੍ਰਾਤ ਭਈ, ਸਾਹਿਬ ਚੰਦੂ, ਧਰਮ ਚੰਦੂ ਬੁਲਾਏ।
ਬਚਨ ਕੀਤਾ: "ਪੁਸ਼ਾਕੀ ਸਰਬਤ ਬ੍ਰਹਮਨਾਂ ਨੂੰ ਦੇਹੁ ਵਰਤਾਏ।
ਖਾਲੀ ਬ੍ਰਹਮਨ ਇਥੋਂ ਰਹੇ ਨਾਹੀਂ।" ਜਥਾ ਜਥਾ ਦੇਹੁ ਦੱਖਣਾ, ਪੁਸ਼ਾਕੀ ਲੈ ਲੈ ਘਰਿ ਸਭ ਜਾਂਹੀ।੧੮੧।

ਰਲਿ ਦਿਵਾਨ ਦੇਵਨ ਕੋ ਆਏ। ਸਭ ਬ੍ਰਹਮਨ ਤਬ ਤਹਾਂ ਬੁਲਾਏ।
ਪਹਿਰਾਇ ਪਹਿਰਾਇ ਦਿਜ ਵਿਦਿਆ ਕੀਤੇ।
ਦੇਵਹਿ ਅਸੀਸਾਂ ਦਿਜ: "ਲੱਖ ਬਰਸ ਰਹੋ ਸਤਿਗੁਰੂ ਜੀਤੇ"।੧੮੨।

ਬੜਾ ਜੈਕਾਰ ਭਇਆ ਜਗ ਮਾਹੀ। ਐਸਾ ਦਾਨ ਅਗੇ ਕਿਸੈ ਦੀਆ ਨਾਹੀ।
ਦੇਵੀ ਦਿਤੇ ਦੇ ਗ੍ਰਿਹ ਦੇਵਨ ਆਏ। ਸੋ ਨਹੀਂ ਲੇਵੈ ਅਤਿ ਰੋਸ ਬਢਾਏ।੧੮੩।

ਕਹੈ: "ਮੈਨੂੰ ਪਹਿਲੇ ਦਿਜਾਂ ਵਿਚਿ ਨਹੀਂ ਬੁਲਾਇਆ।
ਮੈ ਸਾਂ ਇਸ ਧਾਮ ਦਾ ਪੰਡਿਤ, ਮੈ ਹੀ ਕਥਾ ਬਿਰਤੰਤ ਸੁਨਾਇਆ।
ਐਸਾ ਰੋਸ ਕਰੈ, ਨਹੀਂ ਕੁਛੁ ਪੁਸ਼ਾਕ ਦੱਖਣਾ ਲੇਵੈ।
ਅਪਨੱਤ ਦਾ ਦਾਵਾ ਰਖੈ, ਦੋਸ਼ ਸਾਹਿਬ ਕੋ ਦੇਵੈ"।੧੮੪।

ਜਾਇ ਦਿਵਾਨ ਸਾਹਿਬ ਜੀ ਨੂੰ ਕਹਿਆ:
"ਜੀ ਮਿਹਰਵਾਨ! ਸਭਨਾਂ ਨੂੰ ਹੈ ਦਿੱਤਾ ਏਕ ਦੇਵੀ ਦਿੱਤਾ ਰਹਿਆ।
ਦੋਸ਼ ਦੇਤ ਹੈ ਆਪ ਕੋ, ਨਹੀਂ ਪੁਸ਼ਾਕੀ ਕੁਛੁ ਦੱਖਣਾ ਲੈਂਦਾ।"
ਬਚਨ ਕੀਤਾ: "ਉਹ ਹੈ ਅਸਾਡਾ ਸੱਚ ਹੈ ਕਹਿੰਦਾ"।੧੮੫।

**ਸਵੈਯਾ ਮਹਲਾ ੧੦**
'ਜੋ ਕਿਛੁ ਲੇਖੁ ਲਿਖਿਓ ਬਿਧਨਾ, ਸੋਈ ਪਾਈਅਤ ਮਿਸਰ ਜੂ ਸੋਕ ਨਿਵਾਰੋ॥
ਮੇਰੋ ਕਛੂ ਅਪਰਾਧੁ ਨਹੀਂ, ਗਯੋ ਯਾਦ ਤੇ ਭੂਲ ਨ ਕੋਪੁ ਚਿਤਾਰੋ॥
ਬਾਗੋ ਨਿਹਾਲੀ ਪਠੋ ਦੈਹੋਂ ਆਜੁ ਭਲੋ ਤੁਮਕੋ ਨਿਸਚੈ ਜੀਅ ਧਾਰੋ॥
ਛਤ੍ਰੀ ਸਭੈ ਕ੍ਰਿਤ ਬਿਪਨ ਕੇ, ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥'।੧੮੬।

**ਚਉਪਈ**—ਸਾਹਿਬ ਐਸੇ ਆਖਿ ਪਠਾਇਆ। ਪੁਸ਼ਾਕੀ ਦੱਖਣਾ ਦੂਣੀ ਦੇ ਭਿਜਵਾਇਆ।
ਕਥਾ ਪੰਡਤਾਈ ਦਾ ਦਿਜ ਕੀਆ ਥਾ ਗੁਮਾਨੁ। ਸਾਹਿਬ ਤਿਸ ਦਾ ਰਖਿਆ ਮਾਨੁ।੧੮੭।

ਮਾਨ ਰਖ ਕੇ ਬਹੁੜ ਮਿਟਾਇਆ। ਤਿਸ ਕੋ ਅਪੁਨੇ ਤੀਰ ਬੁਲਾਇਆ।
ਇਕ ਊਚਾ ਅਸਥਾਨ ਬਨਵਾਇਆ। ਤਿਸ ਊਪਰਿ ਖਟਿ ਦਿਜ ਬੈਠਾਇਆ।੧੮੮।

ਸਭ ਤੇ ਪਹਿਲੇ ਮੁਖ ਕਾਲਕ ਦਾਸ। ਵਿਸ਼ਨਪਾਲ ਸ਼ਿਵਬਕ੍ਰ ਤਿਸ ਪਾਸ।
ਲੱਛੀ ਰਾਮ ਤੇ ਹਰਿ ਭਗਵਾਨੁ। ਪੁਨਿ ਹਰਿਦਾਸ 'ਬ੍ਰਹਮਨ' ਏ ਖਟ ਮਾਨ।੧੮੯।

ਦੇਵੀਦਿਤਾ ਅਪਨੇ ਪਾਸ ਬਿਠਾਇਆ। ਤਿਨ ਖਟ ਕੀ ਸੋਭਾ ਕਹਿ ਤਿਸੈ ਸੁਨਾਇਆ।
ਰਸਨੀਂ ਆਪ ਸਵਯੇ ਆਖੇ। ਤਿਸ ਕੀ ਉਸਤਤਿ ਕੇ ਸਤਿਗੁਰ ਭਾਖੇ।੧੯੦।

**ਸਵਯੈ ਮ: ੧੦**[੧]
'ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ ਦਯੋ ਇਨ ਹੀ ਕੋ ਭਲੋ, ਫੁਨ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਇਨ ਹੀ ਕੋ॥੧੯੧।

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘੁ ਅਉਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ॥
ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕ੍ਰੋਰ ਪਰੇ॥'।੧੯੨।

**ਚਉਪਈ**—ਜਬ ਐਸੇ ਸਾਹਿਬ ਆਖਿ ਸੁਨਾਇਆ। ਹਥ ਕਰਿ ਸਨਮੁਖ ਤਾਂਹਿ ਬਿਠਾਇਆ।
ਦੇਵੀ ਦਿਤਾ ਮਨ ਭੀਤਰ ਜਰਿਆ। ਜਬ ਸਾਹਿਬ ਕ੍ਰਿਪਾ ਕਰਿ ਐਸੇ ਬਚਨ ਕਰਿਆ।੧੯੩।

**ਦੋਹਰਾ**—ਚਟਪਟਾਇ ਚਿਤ ਮੈਂ ਜਰਿਓ, ਤ੍ਰਿਣ ਜਿਉ ਕ੍ਰੁਧਤ ਹੋਇ।
ਖੋਜ ਰੋਜ ਕੇ ਹੇਤ ਲਗਿ, ਦਯੋ ਮਿਸਰ ਜੂ ਰੋਇ।੧੯੪।

**ਚਉਪਈ**—ਦੇਵੀ ਦਿਤੇ ਤਬ ਸੀਸੁ ਝੁਕਾਇਆ। ਪੰਡਤਾਈ ਕਥਾ ਕਾ ਮਾਨ ਚੁਕਾਇਆ।
ਗੁਣ ਬਿਹੂਨ ਕਿਸੀ ਕਾਮ ਨ ਆਵੈ। ਗੁਣ ਭੀ ਕਹੀਐ ਜੋ ਸ਼ਾਸਤ੍ਰ ਗਾਵੈ।੧੯੫।

ਸਾਹਿਬ ਗ੍ਰੰਥ ਹੈ ਆਖ ਸੁਣਾਇਆ। ਸਹਸਕ੍ਰਿਤੀ ਸਲੋਕਾਂ ਵਿਚਿ ਹੈ ਲਿਖ ਪਾਇਆ :
'ਬ੍ਰਹਮਣਹ ਸੰਗਿ ਉਧਰਣੰ॥ ਬ੍ਰਹਮ ਕਰਮ ਜਿ ਪੂਰਣਹ॥
ਆਤਮ ਰਤੰ ਸੰਸਾਰ ਗਹੰਤੇ ਨਰ ਨਾਨਕ ਨਿਹਫਲਹ॥'।੧੯੬।

ਸੋਈ ਬ੍ਰਹਮਣ ਜੋ ਬ੍ਰਹਮ ਕਰਮ ਕਮਾਵੈ। ਆਤਮਾ ਹਿਰਦਾ ਸੰਸਾਰ ਵਿਚਿ ਨਹੀ ਲਾਵੈ।
ਅਪਨੇ ਬਚਨ-ਕਰਮ ਨੂੰ ਪਾਲੇ। ਅਪਨਾ ਤਿਆਗਿ ਨ ਦੂਜੇ ਚਾਲੇ।੧੯੭।

ਸੋ ਦਿਜ ਪੂਜਨਾ ਹੈ ਪ੍ਰਮਾਨੁ। ਜੋ ਬ੍ਰਹਮ ਕਰਮ ਧਰਮ ਵਿਚਿ ਸਾਵਧਾਨ ਵਿਦਿਆਵਾਨੁ।
ਏ ਖਟ ਦਿਜ ਉਤਮੁ ਕਹੇ। ਸਭ ਕਾਰਜ ਅਸਾਂ ਇਨ ਤੇ ਲਏ।੧੯੮।

ਹੋਮ ਜੱਗ ਅਹੂਤੀ ਸਿਖਾਂ ਨਹੀਂ ਸੀ ਕਰਵਾਣੀ। ਤੂ ਆਹੋ ਪੰਡਿਤ ਕਥਾ ਨਿਤ ਕਰੇ ਕਹਾਣੀ।
ਤੈਂਥੋ ਨਾ ਹੋ ਆਇਆ ਅਤੇ ਇਨ੍ਹਾਂ ਅਸਾਡਾ ਕਾਰਜ ਕਰਾਇਆ ਕੀਤਾ।
ਅਸਾਂ ਸੇਵਾ-ਟਹਿਲ ਕਰਿ ਇਨ੍ਹਾਂ ਥੀਂ ਜਸੁ ਹੈ ਲੀਤਾ।੧੯੯।

---

੧. ਇਹ ਲੇਖਕ ਨੇ ਸ੍ਵੈਈਏ ਇਥੇ ਟਾਂਕ ਦਿਤੇ ਹਨ, ਪਰ ਜੋ ਕੁਝ ਇਨ੍ਹਾਂ ਛੰਦਾਂ ਵਿਚ ਅੰਕਿਤ ਹੈ, ਜੁੱਧ ਜਿਤਣੇ, ਦਾਨ ਪੁੰਨ ਕਰਨੇ, ਧਨ ਐਸ਼ਵਰਯ ਵਿਚ ਵਾਧਾ ਹੋਣਾ, ਇਹ ਸਾਰੀਆਂ ਪ੍ਰਾਪਤੀਆਂ ਪਿਛੋਂ ਦੀਆਂ ਹਨ, ਜਿਸ ਕਰਕੇ ਇਥੇ ਇਨ੍ਹਾਂ ਦਾ ਮੇਲ ਤਰਕ-ਸੰਗਤ ਨਹੀਂ।

ਸਾਲਗ੍ਰਾਮ ਬਿਪ ਪੂਜ ਮਨਾਵਹੁ, ਸੁਕ੍ਰਿਤ ਤੁਲਸੀ ਮਾਲਾ।
ਰਾਮ ਨਾਮ ਜਪ ਬੇੜਾ ਬਾਧੋ, ਦਇਆ ਕਰਹੁ ਦਇਆਲਾ।
ਸਾਲਗ੍ਰਾਮ ਦੀ ਪੂਜਾ ਹੈ ਸਾ ਜੋ ਧੰਨੇ ਕੀਤੀ।
ਬ੍ਰਹਮਨ ਖਟ ਹੈ ਏਹ, ਜਿਨ੍ਹਾਂ ਬ੍ਰਹਮ ਵਿਦਿਆ ਲੀਤੀ।੨੦੦।

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥
ਤੁਧੁ ਸਿਰਿ ਲਿਖਿਆ ਸੋ ਪੜ ਪੰਡਿਤ, ਅਵਰਾ ਨੂ ਨ ਸਿਖਾਲਿ ਬਿਖਿਆ॥
ਪਹਿਲਾ ਫਾਹਾ ਪਇਆ ਪਾਧੇ, ਪਿਛੋ ਦੇ ਗਲਿ ਚਾਟੜਿਆ॥
ਕਹੁ ਕਬੀਰੁ ਜੋ ਬ੍ਰਹਮੁ ਬੀਚਾਰੈ। ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੨੦੧।

ਸਿਖਾਂ ਦਾ ਧਰਮ ਹੈ ਸਿਖੀ ਕਮਾਣੀ। ਜੱਗ ਹੋਮ ਕਰਿ ਅਹੂਤੀ ਦਿਜਾਂ ਤੇ ਪਵਾਣੀ।
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥੨੦੨।

ਜੋ ਸਿਖ ਗੁਰੂ ਕਾ ਗੁਰਬਚਨ ਪਛਾਨੇ। ਬਿਨਾ ਅਪਨੇ ਸਤਿਗੁਰੂ ਹੋਰ ਨਾ ਜਾਨੇ।
ਗੁਰ ਚਰਚਾ ਗ੍ਰੰਥ ਸਾਹਿਬ ਦੇ ਵਾਕ। ਸੋ ਕਮਾਵੈ ਜਿਸ ਗੁਰੂ ਨਾਲ ਸਾਕ।੨੦੩।

ਤਿਸ ਦੀ ਟਹਲ-ਸੇਵਾ ਕਰਨੀ ਪ੍ਰਵਾਨੁ। ਸੋ ਗੁਰਵਾਕਾਂ ਦੀ ਰਖੇ ਪਛਾਨ।
ਤਿਸ ਦੀ ਸੋਭਾ ਗ੍ਰੰਥ ਵਿਚਿ ਧਰੀ ਲਿਖਾਇ। ਸਤਿਗੁਰ ਤ੍ਰਿਪਤੇ ਗੁਰਸਿਖੁ ਮੁਖ ਪਾਇ।੨੦੪।

ਗ੍ਰੰਥ ਸਾਹਿਬ ਜੀ ਹੈ ਆਖਿ ਸੁਨਾਇਆ। ਗੁਰੂ ਕਾ ਸਿਖ ਗੁਰੂ ਮਨ ਭਾਇਆ।
ਇਕ ਸਿਖ ਆਹਾ ਮਸੰਦ ਧਨਵਾਨ। ਤਿਨ ਧਨ ਖਰਚ ਕੀਆ ਇਹ ਕਾਮ ਅਜਾਨ।੨੦੫।

ਧਨ ਖਰਚ ਕੇ ਦੂਰ ਤੇ ਗਨਕਾ ਮੰਗਾਈ।
ਸੋ ਤਿਨ ਬਹੁਤਾ ਧਨ ਲੀਆ ਤਬ ਵੇਸਵਾ ਆਈ॥
ਜਬ ਰੈਨ ਕੋ ਦੋਨੋ ਭਏ ਇਕਤ।
ਤਬ ਗਨਕਾ ਹਾਸੀ ਕਰਿ ਕਹਿਆ: "ਏਹ ਨਹੀਂ ਸਿਖਾਂ ਦੀ ਮਤਿ"।੨੦੬।

ਤਾਤ ਕਾਲ ਸੁਨਿ ਸਿਖ ਬੇਸਵਾ ਤਜਿ ਦੀਨੀ। ਗਨਕਾ ਅਦਾਇ ਕਰਿ ਹਾਸੀ ਸੀ ਕੀਨੀ।
ਪਰ ਸਿਖ਼ ਹਿਰਦੇ ਸਾਚੀ ਗਹਿ ਲੀਨੀ।
ਤਬ ਸਿਖ ਜਾਨਾ: ਜੋ ਸੰਗ ਇਸ ਦੇ ਮੇਰੀ ਸਿਖੀ ਜਾਨੀ।੨੦੭।

ਤਬ ਗਨਿਕਾ ਅਨੇਕ ਜਤਨ ਕਰਿ ਹਾਰੀ। ਜੈਸੇ ਕੋਈ ਵਿਹੁ ਮੁਖ ਤੇ ਨਿਕਾਰ ਡਾਰੀ।
ਮਿਠਿਆਈ ਕਰਕੇ ਲਾਗੋ ਖਾਨ। ਕੋਈ ਕਹੈ: "ਇਸ ਮੈ ਬਿਖ ਪਈ ਹੈ ਜਾਨ"।੨੦੮।

ਤਬ ਵਹੁ ਅਨੇਕ ਜਤਨ ਕਰੇ, ਵਹੁ ਨਹੀਂ ਖਾਤਾ।
ਤੈਸੇ ਸਿਖ ਨੇ ਜਾਤਾ: ਇਸ ਕਾ ਸੰਗ ਮੇਰੀ ਸਿਖੀ ਹੈ ਗਵਾਤਾ।
ਤਿਨ ਸਿਖ ਸਿਖੀ ਰੱਖੀ ਵੇਸਵਾ ਤਜਿ ਦੀਨੀ। ਧਨ ਗਏ ਦੀ ਚਿੰਦਾ ਰੰਚ ਨ ਕੀਨੀ।੨੦੯।

ਸੋਈ ਬ੍ਰਹਮਣ ਅਤੇ ਸੋਈ ਗੁਰੂ ਕਾ ਸਿਖ। ਜੋ ਅਪਨਾ ਧਰਮੁ ਰਖੇ ਬਿਰਾਨਾ ਕਰਿ ਜਾਨੈ ਬਿਖ।
ਸਿਖਾਂ ਦੀ ਸੋਭਾ ਹੈ, ਸਿਖੀ ਦੇ ਅਸਥਾਨ।
ਬ੍ਰਹਮਣਾਂ ਦੀ ਸ਼ੋਭਾ ਹੈ, ਬ੍ਰਹਮ ਕਰਮ ਵਿਚ ਸਾਵਧਾਨੁ।੨੧੦।

ਤਬ ਐਸੇ ਸਤਿਗੁਰ ਕਹਿਆ, ਤਬ ਦਿਜੋਂ ਸਭਨੋ ਮਿਲਿ ਕਰੀ ਅਸੀਸੁ।
ਤੁਮ ਹਮਾਰੋ ਪ੍ਰਿਤਪਾਲ ਹੋ ਜੀਵੋ ਲਾਖ ਬਰੀਸ।੨੧੧।

ਬਚਨੁ ਕੀਤਾ: "ਜਿਸ ਦਾ ਕੋਈ ਕਾਰਜੁ ਕਰ ਦੇਵੈ। ਸੋ ਕਿਉ ਨ ਉਸ ਨੂੰ ਹਿਤ ਕਰਿ ਸੇਵੈ"।
ਸੁਨਿ ਦੇਵੀ ਦਿਤੇ ਪੰਡਿਤ ਤਬ ਐਸੇ ਕਹਿਆ:
"ਮਹਾਰਾਜ ਮੈ ਮੂਰਖਤਾ ਕਰਿ ਅਭਿਮਾਨ ਸਾ ਰਹਿਆ।੨੧੨।

ਤੁਸੀਂ ਹੋ ਪੂਰਨ ਵਿਸਨੁ ਅਵਤਾਰ। ਭੂਲੇ ਚੁਕੇ ਨੂੰ ਬਖਸ਼ਨਹਾਰ।"
ਤਬ ਸਾਹਿਬ ਸ਼ਿਵਬਕ੍ਰ ਵਿਸ਼ਨੁਪਾਲ ਪਹਿ ਗਏ।..... ..... .....।੨੧੩।

**ਸਭ ਦਿਜੋ ਵਾਚ॥**

**ਦੋਹਰਾ**—ਹੋਮ ਕੀਆ ਤੁਮ ਬ੍ਰਤ ਕਰਿ, ਅਤਿ ਸ੍ਰਮ[1] ਸਹਿਆ ਸਰੀਰ।
ਜਉ ਤੁਮ ਸਾਧਨ ਤਪ ਕਰੋ, ਤਉ ਬਸ ਜੋਗਨਿ ਬਵੰਜਾ ਬੀਰ।੨੧੪।

ਸਭ ਦੇਵੀ ਕੇ ਆਸਰੇ, ਅਰੁ ਦੇਵੀ ਹੋਇ ਤਪ ਸਾਧਨ ਵਸ।
ਜੋ ਤੁਮ ਚਾਹੋ ਸੋ ਕਰੋ, ਤਬ ਬਚਨ ਕੀਤਾ ਸਾਹਿਬ ਹਸ।੨੧੫।

ਤਬ ਸਾਹਿਬ ਬਚਨ ਉਚਾਰਿਆ, ਦਿਜ ਵਡਿਆਈ ਦੇਇ।
ਤਪੁ ਜਪੁ ਐਸੀ ਵਸਤੁ ਹੈ, ਜੋ ਚਾਹੇ ਕਰੇ ਸੋ ਲੇਇ।੨੧੬।

**ਸਵੈਯਾ॥ ਮ: ੧੦**

'ਛਤ੍ਰੀ ਕੋ ਪੂਤ ਹੋਂ ਬਾਮਨ ਕੋ ਨਹਿ, ਕੈ ਤਪੁ ਆਵਤ ਹਉ ਜੋ ਕਰੋ॥
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ, ਤੁਹਿ ਤਿਆਗ ਕਹਾਂ ਚਿਤ ਤਾ ਮੈ ਧਰੋ॥
ਅਬ ਰੀਝ ਕੈ ਦੇਹੁ ਵਹੈ ਹਮ ਕੋ, ਜੋਊ ਹਉਂ ਬਿਨਤੀ ਕਰ ਜੋਰ ਕਰੋ॥
ਜਬ ਆਵ ਕੀ ਅਉਧਿ ਨਿਧਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ॥"।੨੧੭।

**ਦੋਹਰਾ**—ਜਬ ਸਾਹਿਬ ਐਸੇ ਕਹੀ, ਤਉ ਦਿਜੋ ਮਾਨੀ ਸਾਚੁ।
ਧੰਨ! ਧੰਨ ਧੰਨ ਮੁਖ ਤੇ ਕਹਾ, ਤੂ ਛਤ੍ਰੀਪਤਿ ਜੁਧ ਰਾਚ।੨੧੮।

ਤਉ ਸਮਾਨ ਕਲਿਜੁਗ ਮੈ, ਹੂਆ ਨ ਕੋਈ ਅਉਰ।
ਜੰਞੂ ਟਿਕੇ ਕੀ ਲਾਜ ਤੂ, ਤੂ ਛਤ੍ਰਿਨ ਸਿਰਮੌਰ[2]।੨੧੯।

ਤੋ ਸਮਾਨ ਜਗ ਤੇ ਘਟੇ, ਤਬ ਹਮ ਭਏ ਅਧੀਨ।
ਪ੍ਰਿਤਪਾਲ ਹਮਾਰੀ ਕੋ ਕਰੇ, ਦਿਜ ਹੋਏ ਵਿਦਿਆ ਹੀਨ।੨੨੦।

ਤਬ ਸਾਹਿਬ ਐਸੇ ਕਹਾ: "ਦਿਜ ਸੋ ਜੋ ਵਿਦਿਆ ਮਹਿ ਪ੍ਰਧਾਨ।
ਯਹ ਦਿਜ ਦੇਵੀ ਦਿਤਾ ਹਮਰੇ ਧਾਮ, ਕਾਰ ਹੀਨ ਤਾਸ ਪਛਾਨ"।੨੨੧।

**ਚਉਪਈ**—ਚਾਰ ਬਰਨ ਚਾਰੋ ਧਰਮ, ਚਾਰ ਆਸ੍ਰਮ ਕਹੀਐ। ਬਰਨ ਧਰਮ ਕੇ ਕਰਮ ਕਰ ਜਗੁ ਸੋਭਾ ਲਹੀਐ।
ਤਬ ਦਿਜ ਦੇ ਵਡਿਆਈ ਸਾਹਿਬ ਐਸੇ ਕਹਿਆ।
ਜਾਂ ਘਰਿ ਵਿਦਿਆ ਆਵਤ ਹੈ, ਤਿਸ ਸਭ ਕਿਛੁ ਲਹਿਆ।੨੨੨।

---

੧. ਕਸ਼ਟ। ੨. ਸ਼ਿਰੋਮਣੀ।

ਸਭ ਦਿਜੋਂ ਮਿਲਿ ਕੀਰਤਿ ਗਾਈ। ਕਰੀ ਸਤਿਗੁਰ ਪੂਰੇ ਕੀ ਵਡਿਆਈ।
ਸਰਬ ਕਲਾ ਤੂ ਹੈ ਭਰਪੂਰ। ਦੁਸਟ ਤੇਰੇ ਸਭ ਹੋਸਨ ਚੂਰ।੨੨੩।

ਭੁਜ ਉਠਾਇ ਚਾਰਨ ਤਬ ਬੋਲੇ। ਕਰੀ ਬਡਾਈ ਸੁਖ ਦੇਵੀ ਖੋਲ੍ਹੇ।
ਵਡਿਆਈ ਕੀ ਘਨਘੋਰ ਲਗਾਈ। ਸੋ ਮੈ ਪੈ ਸਭ ਲਿਖੀ ਨ ਜਾਈ।੨੨੪।

**ਚਾਰਣੋ ਵਾਚ। ਕੁੰਡਲੀਆ।**

ਤੁਮ ਸਮ ਦਾਤਾ ਗੁਰੂ ਗੋਬਿੰਦ ਸਿੰਘ ਸੁਨੇ ਨ ਦੇਖੇ ਨੈਨ।
ਬਿਨੁ ਮਾਂਗੈ ਕਵਨੈ ਦੀਓ, ਬਿਕ੍ਰਮ ਅਉ ਬਲਿ ਬੈਨ।
ਬਿਕ੍ਰਮ ਅਉ ਬਲਿ ਬੈਨ, ਨਹਿ ਪਟੰਤਰ ਤੁਹਿ ਦੀਜੈ।
ਸ਼ਿਵ ਦੇਵਨ ਕੇ ਦੇਵ, ਨਾਹਿ ਗੁਨ ਤਾਂਹਿ ਸੁਨੀਜੈ।
ਸ਼ਿਵ ਬ੍ਰਹਮਾ ਬਲਿ ਸ਼ੇਸ਼, ਕੀਏ ਯਹ ਕਿਤੇ ਬਿਧਾਤਾ।
ਤੁਮ ਸਮਸਰ ਜਗਤ ਮੈ, ਅਉਰ, ਦੇਖਿਓ ਨਹੀਂ ਕੋਈ ਦਾਤਾ।੨੨੫।

**ਚਾਰਣੋਵਾਚ। ਕਬਿਤ**

ਸਮੁੰਦ੍ਰ ਦੇ ਪਾਰਵਾਰ ਵਿਚਿ ਮਹੀ ਮੰਡਲ ਦੇ, ਜੈਂਦਾ ਜਸ ਦੇਸ ਦੇਸਿ ਸਭੇ ਲੋਕ ਗਾਂਵਦੇ।
ਸੇਵਦੇ ਭਿਖਾਰੀ ਸੋਈ ਹੋਂਦੇ ਨੀ ਹਜ਼ਾਰੀ ਹੁਣ, ਵਾਰੀ ਵਾਰੀ ਪੜ੍ਹਕੇ ਕਬਿੱਤ ਨੀ ਸੁਣਾਵਦੇ।
ਚਾਰੋਂ ਹੀ ਬਰਨ ਖਟ ਦਰਸਨ ਜੈਂਦੇ ਦੁਆਰੇ, ਸੇਂਵਦੇ ਸੁ ਕਬਿ ਮਨ ਇੱਛਾ ਫਲ ਪਾਂਵਦੇ।
ਦੇਖੇ ਬਲੀ ਵਾਂਙ ਕੋਈ ਛਲੀ ਗੁਰੂ ਗੋਬਿੰਦ ਰਾਇ, ਇਕ ਲੈ ਲੈ ਜਾਂਦੇ ਇਕ ਲੈਵਣੇ ਨੂੰ ਆਂਵਦੇ।੨੨੬।[੧]

**ਦੋਹਰਾ**—ਇਸੀ ਭਾਂਤਿ ਚਾਰਣ ਦਿਜੋਂ, ਕੀਨਾ ਬਹੁਤੁ ਉਚਾਰ।
ਸਪਤ ਲੋਕ, ਸੁਰਲੋਕ ਮੈ, ਹੋਆ ਜੈ ਜੈ ਕਾਰ।੨੨੭।

**ਚਉਪਈ**—ਮਹਿ ਮੰਡਲ[੨] ਮੈ ਪੂਰਿਓ ਜਸੁ। ਸਿਰ ਦੁਸ਼ਟਾਂ ਦੇ ਪਈ ਭਸ।
ਖਤ੍ਰੀ ਹੋਇ ਜੋ ਦਾਨੁ ਉਠਾਵੈ। ਫਿਰ ਖਤ੍ਰੀ ਨਾਮ ਨ ਮੂਲ ਕਹਾਵੈ।੨੨੮।

ਖਤ੍ਰੀ ਸੋ ਜੋ ਖੰਡਾ ਕਰੈ। ਬ੍ਰਹਮਨ ਸੋ, ਜੋ ਵਿਦਿਆ ਪੜ੍ਹੈ।
ਸਿਖ ਸੋ ਜੋ ਗੁਰਬਚਨ ਕਮਾਵੈ। ਨਾਰੀ ਸੋ ਨਹੀਂ ਦੂਯਾ ਭਾਵੈ।੨੨੯।

ਪ੍ਰਸੰਨ ਹੋਇ ਦਿਜ ਅਸੀਸਾਂ ਦੇਵਹਿ। ਜੋ ਜੋ ਮੁਖ ਮਾਂਗਹਿ ਸੋ ਲੇਵਹਿ।
ਸਾਹਿਬ ਦੀਨਾ ਖੋਲ੍ਹ ਭੰਡਾਰਾ। ਇੰਦ੍ਰ ਬਰਖਾ ਜਿਉ ਬਰਖਨਹਾਰਾ।੨੩੦।

ਵਿਸ਼ਨ ਅਉਤਾਰ ਸਹੀ ਤੂ ਜਗ ਮਹਿ ਆਇਆ। ਧਰਮ ਪੰਥ ਤੈਂ ਜਗਤ ਚਲਾਇਆ।
ਜੋ ਜੋ ਪੰਥ ਤਵਨ ਕੇ ਆਏ। ਧਰਮ ਰਾਇ ਕੇ ਸੋ ਮੂਲ ਨ ਜਾਏ।੨੩੧।

ਜੋਗੀ ਜੰਗਮ ਸੰਨਿਆਸੀ ਬੈਰਾਗੀ। ਮਾਨ ਬਡਾਈ ਹੈ ਤਿਨਕੋ ਲਾਗੀ।
ਸਤਿਸੰਗਤਿ ਜੋ ਪੰਥ ਬਨ ਸੀ ਤੇਰਾ। ਸਦ ਹੀ ਤਾਂ ਮੈਂ ਬਿਸ਼ਨੁ ਬਸੇਰਾ।੨੩੨।

ਵਿਸ਼ਨ ਅਉਤਾਰ ਤੂ ਹੀ ਜਗ ਆਇਆ। ਖੀਰ ਸਮੁੰਦ੍ਰ ਤਿਸ ਆਸਨ ਲਾਇਆ।
ਜਬ ਦਿਜ ਐਸੋ ਕਰੀ ਬਡਾਈ। ਤਬ ਸਾਹਿਬ ਯਹਿ ਬਾਤ ਸੁਨਾਈ।੨੩੩।

---

੧. ਇਹ ਮੰਗਲ ਕਵੀ ਦੀ ਰਚਨਾ ਹੈ। ੨. ਸਾਰੀ ਧਰਤੀ 'ਤੇ।

**ਮ: ੧੦**

'ਜੋ ਹਮ ਕੋ ਪਰਮੇਸਰ ਉਚਰਿ ਹੈਂ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ॥
ਮੋਂ ਕੌ ਦਾਸ ਤਵਨ ਕਾ ਜਾਨੋ॥ ਯਾ ਮੈ ਭੇਦ ਨ ਰੰਚ ਪਛਾਨੋ॥' ।੨੩੪।

ਤੁਮ ਦਿਜ, ਮੁਖ ਹੋ ਠਾਕੁਰ[੧]। ਖਤ੍ਰੀ ਭੁਜਾ ਤੁਮਾਰੇ ਚਾਕਰ।
ਬਚਨ ਤੁਮਾਰੇ ਸਤਿ ਹਮ ਜਾਨੈ। ਸੋ ਖਤ੍ਰੀ ਜੋ ਦਿਜ ਕੋ ਮਾਨੈ।੨੩੫।

ਏਹੁ ਕ੍ਰਿਪਾ ਕਰਿ ਦੇਹੁ ਅਸੀਸ। ਖਤ੍ਰੀ ਨ ਦਾਨ ਉਠਾਵਹਿ ਜਗਦੀਸ।
ਕਰੇ ਖੜਗ ਰਣ-ਜੁਧ ਮਚਾਵੈ। ਸੋ ਖਤ੍ਰੀ ਫਿਰਿ ਸੁਰਗ ਸਿਧਾਵੈ।੨੩੬।

**ਸਵਯਾ। ਮ: ੧੦**

'ਧੰਨ ਜੀਉ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿਤ ਮੈ ਜੁਧ ਬਿਚਾਰੈ॥
ਦੇਹ ਅਨਿੱਤ, ਨ ਨਿੱਤ ਰਹੈ, ਜਸ ਨਾਵ ਚੜ੍ਹੈ ਭਵਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨੋ ਹਾਥ ਲੈ, ਕਾਤੁਰਤਾ ਕੁਤਵਾਰ ਬੁਹਾਰੈ॥' ।੨੩੭।

**ਦੋਹਰਾ**—ਪੁਨਿ ਸਾਹਿਬ ਵਾਕੁ ਉਚਾਰਿਆ, ਖੜਗ ਸਿੰਘ ਮੁਖ ਵਾਕੁ।
ਦਿਜ ਸ਼ੋਭਾ ਖੜਗੇਸ ਕੀ, ਪਾਉਂ ਪੜਨ ਕਾ ਸਾਕੁ।੨੩੮।

'ਖੜਗੇਸੋ ਵਾਚ ਬ੍ਰਹਮਾ ਜੀ ਸੋ' ਉਚਾਰਿਆ।
ਸੋ ਸਾਹਿਬ ਲਿਖਿ 'ਜੁੱਧ ਖੜਗੇਸ' ਵਿਚ ਹੈ ਧਾਰਿਆ।੨੩੯।

**ਸਵਯਾ ਮ: ੧੦**

ਚਤੁਰਾਨਨ[੨]! ਮੋ ਬਿਨਤੀ ਸੁਨ ਲੈ, ਚਿਤ ਦੈ ਦੋਊ ਸ੍ਰੌਨਨ[੩] ਮੋ ਧਰੀਐ।
ਜੋ ਉਪਮਾ ਉਪਜੈ ਮਨ ਮੈ, ਤਉ ਉਪਮਾ ਭਗਵਾਨਹਿ ਕੀ ਕਰੀਐ।
ਪਰੀਐ ਨਹੀਂ ਆਨ ਕੈ ਪਾਂਇ ਪਰੀਐ ਹਰਿ ਕੇ ਗੁਰ ਕੇ ਦਿਜ ਕੇ ਪਰੀਐ।
ਜਿਹ ਕੋ ਨਾਮ ਚਹੂੰ ਜੁਗ ਮੈ ਤਿਹ ਕੋ ਸੰਗਿ ਲਰੀਐ ਮਰੀਐ ਤਰੀਐ।੨੪੦।

**ਚਉਪਈ**—ਬਹੁਤੁ ਪ੍ਰਸੰਨ ਦਿਜ ਸਭ ਭਏ। ਜਸੁ ਕਰਤੇ ਗਦ ਗਦ ਹੋਇ ਗਏ।
ਬਾਰ ਬਾਰ ਸਭ ਦੇਹਿ ਅਸੀਸਾ। ਨਾਰਾਇਣ ਤੁਮ ਕੋ ਰਖੈ ਲਾਖ ਬਰੀਸਾ।੨੪੧।

ਤਬ ਸਾਹਿਬ ਪੁਨਿ ਐਸੇ ਕਹਿਆ: ਬਚਨ ਗੁਰਾਂ ਦੇ ਗ੍ਰੰਥ ਵਿਚਿ ਲਿਖੇ ਲਹਿਆ।
'ਖੇਤ ਪਛਾਣੇ ਦੀਜੈ ਦਾਨੁ॥ ਸੋ ਖਤ੍ਰੀ ਦਰਗਹਿ ਪਰਵਾਨ॥" ।੨੪੨।

ਭਜਨਵਾਨ ਵਿਦਿਆਵਾਨ ਨੂੰ ਖੇਤ ਪਛਾਣੈ। ਬ੍ਰਹਮ-ਕਰਮ ਵਿਚਿ ਜੋ ਬ੍ਰਹਮਣ ਜਾਣੈ।
ਗੁਰ ਬਚਨਾਂ ਵਿਚਿ ਜੋ ਸਿਖ ਚਲੈ। ਅਥਵਾ ਹੋਵੈ ਅਰਥੀ ਕਰ ਸਰ ਨਹੀਂ ਹਲੈ।੨੪੩।

ਅਥਵਾ ਅਰਥ ਕਾ ਪਰ ਸੁਆਰਥ ਬਨੈ। ਸਮਝ ਵੀਚਾਰ ਤਹਾਂ ਬੀਜੈ ਧਨੈ।
ਜਹਾਂ ਬੀਜਿਆ ਸਫਲਾ ਹੋਵੈ। ਜਿਸ ਮੈ ਬਿਘਨ ਨਹੀਂ ਨਿਕਲ ਖਲੋਵੈ।੨੪੪।

ਕਲਰ ਬੀਜਿਆ ਅਫਲਾ ਜਾਵੈ। ਲੈ ਕੇ ਦਾਨ ਜੋ ਅਕਰਮ ਕਮਾਵੈ।
ਸਮਝ-ਬੀਚਾਰ ਕੈ ਬੀਜੈ ਦਾਨੁ। ਜਿਸ ਮੈ ਨ ਹੋਵੈ ਅਪਨੀ ਹਾਨੁ।੨੪੫।

---

੧. ਤੁਸੀਂ ਬ੍ਰਾਹਮਣ, ਠਾਕੁਰ ਦਾ ਮੂੰਹ ਹੋ। ੨. ਹੇ ਬ੍ਰਹਿਮਾ! ੩. ਕੰਨਾਂ ਵਿਚ।

**ਦੋਹਰਾ**—ਦਿਜ ਸਭ ਅਸੀਸਾਂ ਦੇ ਚਲੇ, ਵਿਦਿਆ ਲੀਨੀ ਤਾਸ।
ਨਿਕਟਿ ਨਿਕਟਿ ਕੇ ਟੁਰ ਗਏ, ਰਹੇ ਦੂਰ ਕੇ ਪਾਸ।੨੪੬।

ਦੇਸ ਦੇਸ ਕਾ ਬ੍ਰਹਮਨ ਤਹਾਂ ਆਇਆ, ਜੋ ਦਸ ਜਾਤਿ ਕਹਾਵੈ।
ਪੰਜ ਉਤ੍ਰਾਧੀ ਪੰਜ ਦਖਣਾਧੀ, ਏਹੁ ਦਸ ਜਾਮੇ ਬ੍ਰਹਮਣ ਅਖਾਵੈ।੨੪੭।

**ਚਉਪਈ**—ਜੁਦਾ ਜੁਦਾ ਕਹਿ ਜਾਤਿ ਸੁਨਾਵੋਂ। ਜੈਸੇ ਮੈ ਸੁਨਿਆ, ਤੈਸੇ ਗਾਵੋਂ।
ਯਹਿ ਦਸ ਜਾਤਿ ਬ੍ਰਹਮਨ ਜਗ ਮਾਹੀ। ਸਭ ਲੈ ਗਏ ਦਾਨ, ਖਾਲੀ ਕੋ ਰਹਿਓ ਨਾਹੀ।੨੪੮।

ਸਾਰਸੁਤ, ਕਨਉਜੀਏ, ਗਉੜ ਅਰੁ ਮੈਥਲ ਆਏ।
ਜਗੰਨਾਥੀਏ, ਉਤਕਲ, ਏਹ ਪੰਜ ਉਤ੍ਰਾਧੀ ਕਹਾਏ।
ਦ੍ਰਾਵੜ, ਮਹਾਰਾਸਟ੍ਰ, ਤੈਲੰਗੇ ਜਾਨੋ।
ਕਰਨਾਟਹਿ, ਗੁਜਰਾਤੀਏ, ਏਹ ਪੰਜ ਦੱਖਣਾਧੀਏ ਮਾਨੋ।੨੪੯।

ਦੇਸ ਦੇਸ ਕੋ ਦਿਜ ਸਭ ਵਿਦਿਆ ਹੋਇ ਗਏ। ਅਬ ਲਗ ਪਊਏ ਸਾਹਿਬ ਕੇ ਤਹਾਂ ਹੈ ਪਏ।
ਦੀਦਾਰ ਧਨ ਦਾਨ ਪਾਇ ਸਭੀ ਅਘਾਏ। ਸਾਹਿਬ ਚੜ੍ਹ ਅਨੰਦਪੁਰ ਕੋ ਆਏ।੨੫੦।

ਕਾਂਸੀ ਕਸ਼ਮੀਰ ਵਾਲੇ ਭੀ ਟੁਰੇ। ਬਡੇ ਸਮੂਹ ਦਿਜੋਂ ਕੇ ਤਹਾਂ ਥੇ ਜੁੜੇ।
ਕਾਲਕ ਦਾਸ ਜੀ ਸਭ ਬ੍ਰਹਮਨ ਕੇ ਪਾਛੇ ਥੇ ਰਹੇ।
ਤਿਨ ਯਹਿ ਬਚਨ ਸਾਹਿਬ ਕੋ ਕਹੇ।੨੫੧।

ਕਾਲਕ ਦਾਸ ਤਬ ਕੀਆ ਬਖਾਨ:
"ਯਹਿ ਪਾਛੇ ਚਲਿਆ ਆਇਆ ਹੈ ਗੁਰਿਆਈ ਕਾ ਅਸਥਾਨ।
ਆਗੇ ਸਭ ਕਾ ਹੋਣਾ ਹੈ ਅਭਾਉ। ਕਲਿਜੁਗ ਕਾ ਹੈ ਤੀਛਨ ਸੁਭਾਉ"।੨੫੨।

ਤਬ ਸਾਹਿਬ ਬਚਨ ਕੀਤਾ: "ਗੁਰਿਆਈ ਕਾ ਤੋ ਆਇ ਪਹੁਤਾ ਅੰਤ।
ਦਸ ਜਾਮੇ ਕਹੇ ਥੇ ਗੁਰੂ ਨਾਨਕ ਭਗਵੰਤ।
ਆਗੈ ਦੁਸ਼ਟਾਂ ਕਾ ਕਰਨਾ ਹੈ ਨਾਸੁ। ਇਸ ਕਾਰਨ ਪੰਥ ਕਾ ਕਰਨਾ ਹੈ ਪ੍ਰਕਾਸ਼"।੨੫੩।

ਕਾਲਕ ਦਾਸ ਕਹਿਆ: "ਪੰਥ ਹੋਇਸੀ ਪਰ ਬਹੁਮੁਖੀ। ਤੁਸਾਂ ਕਰਨੀ ਦੁਸਟਾਂ ਨਾਲਿ ਬੇਰੁਖੀ।
ਇਕ ਚਿਰੰਜੀਤ ਸੱਤਾਂ ਵਿਚੋਂ ਹੈ ਏਥੇ ਆਇਆ।
ਦੱਖਣ ਦਿਸਾ ਵਿਚਿ ਤਿਸ ਆਸਣੁ ਹੈ ਲਾਇਆ"।੨੫੪।

ਸਾਹਿਬ ਬਚਨ ਕੀਤਾ: "ਅਸਾਂ ਨੂੰ ਭੀ ਮਲੂਮ ਹੈ; ਉਹ ਭੀ ਅਸਾਡਾ ਕੰਮ ਕਰਸੀ।
ਅਸਾਡੇ ਕਹੇ ਉਹੁ ਦੁਸ਼ਟਾਂ ਨਾਲਿ ਲੜਸੀ"।੨੫੫।

ਫਿਰ ਕਾਲਕ ਦਾਸ ਭੀ ਵਿਦਿਆ ਭਏ।
ਤ੍ਰੈ ਜੋਜਨਿ ਨਾਲਿ ਕਹੇ ਸਾਹਿਬ ਦੇ ਧਰਮ ਚੰਦੁ ਜੀ ਗਏ।
ਸਾਠ ਦਿਨ ਤਹਾਂ ਉਪਰਿ ਭਉਨ ਮੈਂ ਬਸੇ। ਚਾਲੀ ਦਿਨ ਵਿਚਿ ਹੋਮ ਦੇ ਰਸੇ।੨੫੬।

ਮਾਤਾ ਨੈਣਾ ਦੇਵੀ ਦੇ ਭਉਨ ਹੋਮ ਕੀਤਾ। ਪਾਇ ਦੀਦਾਰੁ ਦਾਨ ਦਿਜਨ ਦੇਇ ਜਸੁ ਲੀਤਾ।
ਦੁਆਦਸ ਦਿਨ ਪਹਿਲੇ ਜਾਇ ਰਹੇ। ਹੋਮ ਸਮਗ੍ਰੀ ਇਕੱਠੀ ਕਰਤੇ ਭਏ।੨੫੭।

ਦਿਨ ਆਠ ਪਿਛੇ ਟੁਰਤੇ ਲਗੇ। ਸਾਠ ਦਿਨ ਮੈ ਕਾਰਜ ਕਰ ਲਏ ਸਭੇ।
ਜਬ ਊਪਰ ਕੀ ਸਭਾ ਕਰਿ ਰਹੇ ਸੰਭਾਲ, ਤਬ ਚੜ੍ਹਿ ਆਏ ਮਾਖੋਵਾਲ।੨੫੮।

ਸੰਮਤ ਸਤਾਰਾਂ ਸੈ ਪੈਂਤੀਸ; ਲਗੇ ਚਾਲੀ ਦਿਨ ਅਰੁ ਬੀਸ।
ਮੱਘਰ ਕਾਤਕ ਦੋ ਮਹੀਨੇ। ਕਛੁ ਦਿਨ ਵਾਧੇ ਕਛੁ ਦਿਨ ਛੀਨੇ।੨੫੯।

ਜੇਤਕੁ ਬੁਧਿ ਕਾ ਅਉਸਰ ਪਾਇਆ। ਸਿੰਘ ਕੇਸਰ 'ਛਿਬਰ' ਕਹਿ ਆਖਿ ਸੁਨਾਇਆ।
ਸਾਹਿਬ ਚੰਦੁ, ਧਰਮ ਚੰਦੁ ਦੁਇ 'ਛਿਬਰ' ਦਿਜ ਭਾਈ।
ਇਕ ਦਰਬਾਰ ਦੀਵਾਨ, ਇਕ ਦਾਮ ਰਖਾਈ।੨੬੦।

ਭਲੇ ਸਿਖ ਤਿਨਾਂ ਨੂੰ ਕਰਿ ਸੰਗਿ ਲਿਆਏ।
ਰਲੇ ਮਿਲੇ ਸਭ ਤਟਿ ਮਾਮਾ ਕ੍ਰਿਪਾਲ ਸਿੰਘ ਕੇ ਆਏ।
ਤਹਾਂ ਆਇ ਚਰਚਾ ਸਿਖਾਂ ਏਹ ਕਰੀ। ਸ਼ੰਕਾ ਬਡੀ ਮਨ ਸਿਖਾਂ ਦੇ ਪਰੀ।੨੬੧।

ਸਾਹਿਬ ਦਿਜੋਂ ਸੰਗਿ ਕੀਆ ਬਖਾਨੋ: ਮੁਝ ਕੋ ਦਾਸ ਤਵਨ ਕਾ ਜਾਨੋ।
ਜੋ ਮੋ ਕੋ ਪਰਮੇਸਰ ਕਹਿ ਹੈ। ਕੁੰਭੀ ਨਰਕ ਤੇ ਜਨ ਪਰਿ ਹੈ।੨੬੨।

ਦਸ ਅਉਤਾਰ ਆਪ ਹੀ ਹੋਇਆ। ਭੇਦ ਕਰਿ ਜਾਨੇ, ਤਿਨ ਜਨਮ ਹੀ ਖੋਇਆ।
ਪੰਜਵੇਂ ਮਹਲ ਏਹ ਕੀਆ ਬਖਾਨ: "ਗੁਰੁ ਪਰਮੇਸਰੁ ਏਕੋ ਜਾਣੁ"।੨੬੩।

ਪੁਨਿ ਕਹਿਆ: "ਅਕਾਲ ਪੁਰਖੋ ਵਾਚ। ਮੈ ਅਪਨਾ ਸੁਤ ਤੋਇ ਨਿਵਾਜਾ।"
ਪਿਤਾ ਪੂਤ ਮੈ ਭੇਦ ਕਛੁ ਨਾਹੀ। ਜੋ ਪਿਤਾ, ਸੋ ਪੂਤ ਕਹਾਂਹੀ।੨੬੪।

ਪਰਮੇਸਰੁ ਤਾਂ ਨਹੀ ਦੇਖਣ ਵਿਚਿ ਆਇਆ। ਸਤਿਗੁਰ ਕਾ ਦਰਸਨ ਸਭਨੋ ਪਾਇਆ।
ਸਤਿਗੁਰਾਂ ਤੇ ਪਰਮੇਸਰੁ ਜਾਪੇ। ਪਰਮੇਸਰ ਸਤਿਗੁਰ ਆਪੇ ਥਾਪੇ।੨੬੫।

ਏਸ ਬਚਨ ਕਾ ਨਿਰਨੈ ਕਰੋ। ਚਲਿ ਅਰਦਾਸ ਚਰਨੋ ਤਟਿ ਧਰੋ।
ਤਬ ਮਾਮਾ ਕ੍ਰਿਪਾਲ ਸਿੰਘ ਜੀ ਜੋ ਸਭ ਸੰਗ ਕਰਿ ਲਏ।
ਰਲੇ ਮਿਲੇ ਸਭ ਸਾਹਿਬ ਚਰਨਾਂ ਤਟਿ ਗਏ।੨੬੬।

ਐਸੇ ਸਭ ਨੇ ਜਾਇ ਕਰੀ ਅਰਦਾਸ। ਮਾਮੇ ਜੀ ਨੇ ਅਗੇ ਹੋਇ ਕਹਿਆ ਸਾਹਿਬ ਪਾਸ:
"ਗਰੀਬ ਨਿਵਾਜ! ਏਹ ਸੰਸਾ ਕਰਿ ਸਿਖ ਸਭ ਆਏ। ਮਾਮੇ ਜੀ ਸਭ ਦਈ ਸਮਝਾਇ"।੨੬੭।

ਬਚਨ ਕੀਤਾ ਸਚੇ ਗੁਰਦੇਵ: "ਸਮਝੋ ਮਾਮਾ ਜੀ! ਇਸ ਦਾ ਭੇਦ।"
ਮੈਂ ਅਰੁ ਹਮ ਪੁਨਿ ਮੋਹ ਯਹਿ ਤੀਨ ਮਾਇਆ ਕੇ ਨਾਮ।
ਮੈਂ ਔਰ ਮਮਤਾ ਮੋਹ ਪੁਨਿ ਸਭਾ ਮਾਇਆ ਜਾਨ।੨੬੮।

ਜੋ ਮਾਇਆ ਕੋ ਪਰਮੇਸੁਰ ਕਹੈ। ਸਹਜੇ ਨਰਕ ਮਹਿ ਬਾਸਾ ਲਹੈ।
ਮਾਇਆ ਹੈ ਤਾਂ ਕੀ ਦਾਸ। ਇਹੁ ਸਰੀਰੁ ਹੈ ਮਾਇਆ ਰਾਸ।੨੬੯।

'ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ॥'
ਗ੍ਰੰਥ-ਬਚਨ ਯਹਿ ਸਤਿ ਕਰਿ ਜਾਨੋ। ਸਰੀਰ ਮਾਇਆ ਮਿਥਿਆ ਮਾਨੋਂ।੨੭੦।

ਮਾਮਾ ਜੀ! ਗੁਰ-ਬਚਨਾਂ ਦਾ ਕਰਨਾ ਨਿਰਬਾਹ। ਸਰੀਰੁ ਮਾਇਆ ਹੈ ਸਭੋ ਫਨਾਹ।
ਪਰਮੇਸੁਰ ਹੈ ਮਾਇਆ ਤੇ ਪਰੇ। ਜਿਨ ਗੁਰ-ਸ਼ਬਦ ਕਮਾਏ ਸੋਈ ਤਰੇ।੨੭੧।

ਸਰੀਰੁ ਤਿਆਗ ਸਭੇ ਹੀ ਗਏ। ਵਾਕੁ ਤਿਨ੍ਹਾਂ ਦੇ ਅਸਥਿਰ ਭਏ।
ਅਨਿਤ ਸਰੀਰੁ ਵਾਕੁ ਹੈ ਨਿਤ। 'ਮੈਂ' ਮੋ 'ਮਮਤਾ' ਹੈ ਮਾਇਆ ਅਨਿਤ।੨੭੨।

ਸੁਨ ਕਰਿ ਸਿਖ ਸਭ ਭਏ ਪ੍ਰਸੰਨ। ਧੰਨ ਸਤਿਗੁਰੁ ਧੰਨ ਧੰਨ ਧੰਨ।
ਸ਼ੰਕਾ ਸਿਖਾਂ ਦੀ ਦਈ ਉਤਾਰੁ। ਸਾਹਿਬ ਲਾਇ ਬੈਠੇ ਦਰਬਾਰੁ।੨੭੩।

ਇਕ ਸਿਖ ਸਾਹਿਬ ਨੂੰ ਸ਼ਗਨ ਅਗੇ ਹੀ ਹੈਸੀ ਦੇ ਗਿਆ। ਪੰਜਵੇਂ ਬਰਸ ਮੋ ਫਿਰ ਆਵਤ ਭਇਆ।
ਪੰਜ ਬਰਸ ਸਾਹਿਬ ਆਇ ਬਸੇ ਮਾਖੋਵਾਲ। ਉਨ ਸਿਖ ਤਬ ਆਇ ਕਰੀ ਸੰਭਾਲ।੨੭੪।

ਕਹੇ: "ਜੀ ਲਹੌਰ ਚਲੋ, ਅਤੇ ਬਿਆਹੁ ਕਰਿ ਲਉ।"
ਦੀਵਾਨ ਕੀਤੇ ਮਨ੍ਹੇ: "ਜੀ ਐਸੇ ਤਗਾਦੇ[1] ਵਿਚਿ ਨਾ ਪਉ।
ਲਹੌਰ ਜਾਣ ਦੀ ਅਸੀਂ ਨਹੀਂ ਦੇਂਦੇ ਸਲਾਹ"।
ਬਚਨ ਕੀਤਾ: "ਅਸਾਂ ਜੋ ਕੰਮ ਕਰਨਾ, ਸੋ ਤੁਸਾਡੇ ਰਾਹ"।੨੭੫।

ਬਚਨ ਕੀਤਾ: "ਸਿਖਾ! ਤੇਰੀ ਕੀ ਭਾਵਨੀ ਹੈ?"
ਕਹਿਆ: "ਜੀ ਜੰਵ ਵਿਚਿ ਲਹੌਰ ਬਹਾਲਨੀ ਹੈ।"
ਬਚਨ ਕੀਤਾ: "ਲਹੌਰ ਏਥੇ ਲਉ ਬਨਾਇ। ਸਿਖਾ! ਤੂ ਡੇਰਾ ਅਪਨਾ ਵਿਚਿ ਲਹੌਰੇ ਪਾਇ"।੨੭੬।

ਉਥੇ ਨਗਰ ਲਾਹੌਰ ਬਨਵਾਇਆ। ਆਨਿ ਸਿਖਾਂ ਨੂੰ ਵਿਚਿ ਵਸਾਇਆ।
ਸੰਮਤ ਸਤਾਰਾਂ ਸੈ ਬੀਤੇ ਬੈਤਾਲੀ। ਮਾਤਾ ਜੀਤੋ ਜੀ ਬਿਆਹੀ ਸੀ ਇਸ ਚਾਲੀ।੨੭੭।

ਚਵੀ ਬਰਸ ਕੀ ਅਵਸਥਾ ਸਾਹਿਬ ਕੀ ਭਈ। ਰਾਜਾ ਪਰਜਾ ਸਭ ਆਇ ਚਰਨੀਂ ਪਈ।
ਸਾਹਿਬ ਜੁੱਧ ਕਰਨ ਦੀ ਮਨਸਾ ਮਨਿ ਧਾਰੀ। ਪਾਂਵਟੇ ਜਾਣ ਦੀ ਕੀਤੀ ਤਿਆਰੀ।੨੭੮।

ਆਇ ਲਖਨਉਰ ਤਬ ਡੇਰਾ ਪਾਇਆ। ਜੁੱਧ ਕਰਨ ਦਾ ਸਾਜ ਬਨਾਇਆ।
ਕਮਰ ਕੱਸ, ਕਵਾਇਦੇਂ ਕਰਨ। ਤੀਰ ਚਲਾਵਨ ਘੋੜੇ ਚੜ੍ਹਨ।੨੭੯।

ਸੰਮਤ ਸਤਾਰਾਂ ਸੈ ਪੈਂਤਾਲੀ ਮਾਹ ਮਹੀਨੇ।
ਮਾਤਾ ਸੁੰਦਰੀ ਦੇ ਜਠਰੋਂ[2] ਜੀਤ ਸਿੰਘ ਜੀ ਜਨਮ ਲੀਨੇ।
ਸਾਹਿਬ ਜਮੁਨਾ ਦੇ ਕੰਢੇ ਨੂੰ ਤਿਆਰੀ ਕਰਿ ਆਏ।
ਨਾਲੇ ਫਉਜ ਚਾਕਰ ਕਰ ਕੇ ਲੈ ਆਏ।੨੮੦।

ਪਾਂਵਟੇ ਸ਼ਹਿਰ ਸਾਹਿਬ ਆਏ ਵੜੇ। ਖੇਡਣ ਸ਼ਿਕਾਰ, ਨਾਲਿ ਫਉਜ ਵਡੀ ਚੜ੍ਹੇ।
ਡੇਰਾ ਜਾਇ ਤਹਾਂ ਜਬ ਕੀਤਾ।
ਰਾਜਾ ਫਤੇ ਸ਼ਾਹ ਕਲਪਿਆ ਕਹੇ: "ਇਨ ਮੁਲਖ ਅਸਾਡਾ ਲੀਤਾ"।੨੮੧।

ਸੋ ਚੜ੍ਹਿਆ, ਲਗਾ ਜੁਧ ਕਰਨੇ। ਸਾਹਿਬ ਭੀ ਹੋਏ ਤਕੜੇ, ਲਗੇ ਲੜਨੇ।
ਨਿਤ ਜੁੱਧ ਹੋਵੈ ਫਉਜਾਂ ਚੜ੍ਹਿ ਆਵਨਿ।
ਕੁਛੁ ਇਧਰੋਂ ਕੁਛੁ ਉਧਰੋਂ ਆਦਮੀ ਮਾਰੇ ਜਾਵਨ।੨੮੨।

---
੧. ਝਗੜੇ। ੨. ਉਦਰ ਤੋਂ।

ਸੰਮਤ ਸਤਾਰਾਂ ਸੈ ਛਿਤਾਲੀ ਜਬ ਗਏ। ਤਬ ਤਹਾਂ ਤੇ ਸਾਹਿਬ ਆਵਤ ਭਏ[1]।
ਆਇ ਅਨੰਦਪੁਰ ਨਗਰ ਤਬ ਪਾਇਆ। ਡੇਰਾ ਅਪਨਾ ਤਹਾਂ ਲਗਾਇਆ।੨੮੩।

ਸੰਮਤ ਸਤਾਰਾਂ ਸੈ ਸੈਂਤਾਲੀ ਵੈਸਾਖ ਦੇ ਮਹੀਨੇ।
ਜੁਝਾਰ ਸਿੰਘ ਜੀ ਮਾਤਾ ਜੀਤੋ ਦੇ ਉਦਰ ਤੇ ਜਨਮ ਲੀਨੇ।
ਰਾਜੇ ਜਸਵਾਲ, ਕਹਲੂਰੀਏ, ਹੰਡੂਰੀਏ ਸਭ ਆਇ ਚਾਕਰ ਲਗੇ।
ਦੇਸ ਦੇਸ ਤੇ ਮਾਇਆ ਆਵੈ, ਦਉਲਤ ਦਾ ਪ੍ਰਵਾਹ ਵਗੇ।੨੮੪।

ਅਨੇਕ ਪਦਾਰਥ ਦੇਸਾਂ ਦੇਸਾਂ ਤੇ ਚਲਿ ਆਵਨ।
ਨਾਲੇ ਰਾਜੇ ਮਹੀਨੇ[2] ਲੈਵਨ, ਨਾਲੇ ਪਦਾਰਥ ਮੰਗ ਲੈ ਜਾਵਨ।
ਦਰਬਾਰ ਵਿਚਿ ਬੈਠੇ ਰਹਿਨ, ਬਣੇ ਸਿਪਾਹੀ।
ਏਥੇ ਕਿਸੇ ਗੱਲ ਦੀ ਪਰਵਾਹ ਨਾਹੀ।੨੮੫।

ਜਸਵਾਲਾਂ ਦਾ ਅਤੇ ਕਟੋਚੀਆਂ ਦਾ ਭਇਆ ਵਿਗਾੜ।
ਆਪਸ ਵਿਚਿ ਤਿਨਾਂ ਮਚਾਈ ਰਾੜਿ।
ਹੋਏ ਜੁੱਧ, ਭਏ ਵਡੇ ਅਖਾੜੇ। ਦੁਬਿਧਾ ਉਠੀ ਆਪਸ ਵਿਚ ਰਾਜਵਾੜੇ।੨੮੬।

ਸਾਹਿਬ ਭੀ ਚੜਿ ਆਏ ਇਕ ਵਲਿ। ਨਾਲਿ ਹਮਾਇਤੀ ਤਿਨਾਂ ਦੇ ਰਲਿ।
ਰਾਜੇ ਨਾਲ ਤੁਰਕਾਂ ਦੇ ਮਿਲ ਗਏ। ਸਾਹਿਬ ਦੋਹਾਂ ਨੂੰ ਸਟਿ ਉਠਿ ਆਵਤ ਭਏ।੨੮੭।

ਸਾਹਿਬ ਪੁਰਿਅਨੰਦ ਉਠਿ ਆਏ। ਸਭ ਆਪੋ ਅਪਨੇ ਦੇਸਾਂ ਨੂੰ ਸਿਧਾਏ।
ਸੰਮਤ ਸਤਾਰਾਂ ਸੈ ਪੰਚਾਸ ਪੂਰਾ ਹੋਇਆ।
ਪੰਥ ਜੁਦਾ ਕਰਨ ਦਾ ਉਪਾਉ ਸਾਹਿਬ ਮਨ ਪਰੋਇਆ।੨੮੮।

ਆਦਿ ਸਾਹਿਬ ਬਚਨ ਕੀਤਾ: "ਜੋ ਸਿਖ ਦੇ ਚਲੇ[3] ਭੱਦਣ ਨਹੀਂ ਕਰਾਣਾ।
ਜੋ ਸਿਖ ਚਲਿਆ ਸੋ ਗੁਰੂ ਦੇ ਘਰਿ ਨ੍ਹਾਇ ਧੋਇ ਪ੍ਰਸਾਦ ਵੰਡ ਖਾਣਾ,
ਅਸਾਂ ਕਰਨਾ ਜੁੱਧ, ਪੰਥ ਦੈਂਤਾਂ ਨਾਲਿ ਹੈ ਟਕਰਾਣਾ।
ਇਸ ਵਾਸਤੇ ਦੇਵੀ ਪਾਸੋਂ ਆਦਿ ਹੀ ਹੈ, ਭੱਦਣ ਕਿਰਿਆ ਮਾਫ ਕਰਾਣਾ।੨੮੯।

ਜੰਞੂ ਟਿੱਕਾ ਭੱਦਣ ਕਿਰਿਆ ਇਹ ਰਹਿਤ ਹੈ ਅਉਖੀ।
ਜੁੱਧ ਵਿਚਿ ਏਹੁ ਨ ਚਲਸੀ, ਚਾਲ ਕਰੀਏ ਸੌਖੀ।
ਏਹ ਸਭ ਕਰਮ ਸਿਖਾਂ ਨੂੰ ਦੇਵੀ ਪਾਸੂੰ ਮਾਫ਼ ਕਰਾਏ।
ਅਤੇ ਪੰਥ ਕੀਤਾ ਜੁਦਾ ਨਿਸ਼ਾਨੀ ਕੇਸ ਲਾਏ"।੨੯੦।

ਆਦਿ ਬਚਨ ਭੱਦਣ ਦਾ ਕੀਤਾ, ਸਿਖਾਂ ਸੋਈ ਸਭ ਮੰਨ ਲੀਤਾ।
ਚਾਹਿਆ ਜੋ ਸੰਸਾਰੋਂ ਜੁਦਾ ਕਰਿ, ਪੰਥ ਅਪਨਾ ਨਿਖੇੜੀਏ।
ਦੁਹਿ ਤੇ ਕਰਿ ਤੀਜਾ ਨਾਲਿ ਤੁਰਕਾਂ ਦੇ ਛੇੜੀਏ।੨੯੧।

---

੧. ਗੁਰੂ ਜੀ ਪਾਂਵਟੇ ੧੭੪੨ ਬਿ: ਵਿਸਾਖ ਵਿਚ ਗਏ ਸਨ ਤੇ ਭੰਗਾਣੀ ਦਾ ਜੁੱਧ ੧੮ ਅੱਸੂ, ੧੭੪੫ ਬਿ: ਨੂੰ ਹੋਇਆ ਅਤੇ ਕੱਤਕ ਵਿਚ ਆਪ ਵਾਪਸ ਅਨੰਦਪੁਰ ਆਏ। ੨. ਮਾਸਕ ਤਨਖਾਹ। ੩. ਮਰਨ ਤੇ।

ਤਤਿਆਂ ਖਤਿਆਂ[1] ਤੇ ਕਰਿ ਜੁਦਾ ਨਿਸ਼ਾਨੀ ਅਪਨੀ ਕੀਜੀਏ।
ਕਰੀਏ ਸੀਸ ਨਿਸ਼ਾਨੀ ਅਪਨਾ ਕਰਿ ਲੀਜੀਏ।
ਪਹਿਲੇ ਮੁਣਿਆਦਿ ਪੰਥ ਦੀ ਏਹ ਰਖੀ। ਜੋ ਭੱਦਣ ਨਹੀਂ ਕਰਨਾ, ਸੋ ਇਹ ਠਹਿਰੀ ਪੱਕੀ।੨੯੨।

ਤਾਂ ਸੀਸ ਕੇਸ ਰਖ ਸਿਪਾਹੀ ਕਰਨੇ। ਕਟਿ ਸ਼ਾਸਤ੍ਰ ਬੰਧਵਾਇ ਸਿੰਘ ਨਾਮ ਧਰਨੇ।
ਮਾਤਾ ਕਾਲੀ ਦਾ ਬਾਣਾ ਨੀਲਾ ਪਹਿਰਾਵਣਾ।
ਕਰਨਾ ਜੁਧ ਨਾਲਿ ਤੁਰਕਾਂ ਦੇ ਮਾਰਿ ਹਟਾਵਣਾ।੨੯੩।

ਤਬ ਤੇ ਸੰਮਤ ਸਤਾਰਾਂ ਸੈ ਤ੍ਰਿਵੰਜਾ ਆਵਤ ਭਏ।
ਜਨਮ ਜ਼ੋਰਾਵਰ ਸਿੰਘ ਜੀ ਉਦਰ ਮਾਤਾ ਜੀਤੋ ਦੇ ਲਏ।
ਰਹਿਤ ਦੇ ਹੁਕਮਨਾਵੇਂ ਲਿਖਿ ਮਸੰਦਾਂ ਨੂੰ ਭਿਜਵਾਏ।
ਸੋ ਗੁਰੂ ਕਾ ਸਿਖ, ਜੋ ਗੁਰੂ ਕੀ ਰਹਿਤ ਕਮਾਏ।੨੯੪।

ਅਤੇ ਆਦਿ ਗ੍ਰੰਥ ਧੀਰਮਲ[2] ਪਾਸੋਂ ਸੀ ਭਿਜਵਾਇਆ।
ਤਿਨ ਦਿਤਾ ਜਵਾਬੁ ਗ੍ਰੰਥ ਨਹੀਂ ਪਠਾਇਆ।
ਕਹਿ ਭੇਜਿਆ: "ਤੂ ਗੁਰੂ ਹੈ ਬਣਿਆ, ਹੋਰ ਲੈ ਬਣਾਇਆ।
ਅਸਾਂ ਨੂੰ ਦਿਤਾ ਹੈ ਦਾਦੇ, ਅਸੀਂ ਤੈਨੂੰ ਕੀਕੂੰ ਦਿਹਾਂ ਉਠਾਇਆ"।੨੯੫।

ਸਾਹਿਬ ਗ੍ਰੰਥ ਜੀ ਦਾ ਉਤਾਰਾ ਹੋਰ ਕਰਾਇ ਮੰਗਾਇਆ।
ਅਤੇ ਨਾਲੇ ਆਪ ਰਸਨਾ ਥੀਂ ਹੋਰ ਉਚਰਿ ਬਣਾਇਆ।
ਧੀਰਮੱਲ ਭੀ ਸੀ ਭਿਰਾਉ ਤਾਏ ਦਾ ਪੁੱਤਰੁ।
ਸੋ ਤਿਸ ਨਾਲਿ ਨਹੀ ਸੀ ਲੜਨਾ, ਉਸ ਦਿਤਾ ਉਤਰੁ।੨੯੬।

ਸਰਬਤ ਵਾਸੀਆਂ ਵਿਚਿ ਰਹਿਤ ਗੁਰੂ ਕੀ ਵਰਤੀ। ਸਭੇ ਸਿਖ ਆਹੇ ਧਰਮ ਦੇ ਕਰਨ ਵਾਲੇ ਕਿਰਤੀ।
ਜਬ ਰਹਿਤ ਗੁਰੂ ਕੀ ਪੱਕੀ ਠਹਿਰੀ। ਤਬ ਨਿਸ਼ਾਨੀ ਕਰਨ ਦੀ ਮਨ ਵਿਚਿ ਉਠਨ ਲਹਿਰੀ।੨੯੭।

ਅਨਿਕ ਭਾਂਤਿ ਸਿਖੀ ਹੋਈ। ਧੀਰਮੱਲੀਏ, ਰਾਮਰਾਈਏ, ਮੀਣੇ ਮੰਨੇ ਕੋਈ।
ਗੁਰੂ ਬਣੇ ਬਥੇਰੇ, ਸਿਖੀ ਸਭ ਇਕੋ ਜੇਹੀ। ਪਰ ਏਹੁ ਘਰਿ ਘਰਿ ਮੰਜੀ ਤੇ ਗੁਰਿਆਈ ਕੇਹੀ।੨੯੮।

ਨਾਲੇ ਮਸੰਦਾਂ ਦੀਆਂ ਫਰਿਆਦਾਂ ਲਗੀਆਂ ਆਵਣ। ਸੰਗਤਾਂ ਸਤਿਗੁਰੂ ਨੂੰ ਆਨ ਸੁਨਾਵਣਿ:
"ਜੀ ਮਿਹਿਰਵਾਨ! ਸੁਣੀਐ ਹਕੀਕਤ ਮਸੰਦਾਂ ਦੀ।
ਸਿਖਾਂ ਦੀਆਂ ਧੀਆਂ ਭੈਣਾਂ ਲੈਂਦੇ ਹੈਨ ਕਰਿ ਛੰਦ-ਬੰਦ[3] ਬੀ।੨੯੯।

ਸਿਖਾਂ ਉਪਰਿ ਤੱਦੀ ਤੋਰਾ[4] ਬਹੁਤੁ ਹੈਨ ਕਰਦੇ। ਨਹੀਂ ਤੁਸਾਡੇ ਪਾਸੋਂ ਕਤਰਾ ਡਰਦੇ।"
ਸਾਹਿਬ ਸੁਣ ਕੇ ਸਿਖਾਂ ਦਾ ਕਰਨ ਦਿਲਾਸਾ।
ਮਸੰਦਾਂ ਨੂੰ ਸਮਝਾਵਨਿ, ਮਸੰਦ ਨ ਜਾਣਿਨ ਮਾਸਾ[5]।੩੦੦।

---

੧. ਤਤੇ—ਤੁਰਕ, ਖਤੇ—ਖਤ੍ਰੀ। ੨. ਧੀਰ ਮੱਲ ਗੁਰਦਿਤੇ ਦਾ ਪੁੱਤਰ ਸੀ, ਜੋ ਦਸਮੇਸ਼ ਜੀ ਦਾ ਤਾਇਆ ਲੱਗਦਾ ਸੀ ਪਰ ਇਹ ਤਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਔਰੰਗਜ਼ੇਬ ਦੇ ਹੁਕਮ ਨਾਲ ਅਗਲੇ ਸਾਲ ੧੭੩੩ ਬਿ: ਵਿਚ ਰਣ ਥੰਭੋਰ ਕੈਦ ਕਰ ਦਿਤਾ ਗਿਆ ਸੀ ਅਤੇ ਇਥੇ ਹੀ ਜ਼ਹਿਰੀਲੀ ਖੁਰਾਕ ਕਾਰਣ ੧੭੩੪, ਮੱਘਰ ਸੁਦੀ ਦੂਜ ਨੂੰ ਪ੍ਰਾਣ ਤਿਆਗ ਗਿਆ ਸੀ। ੩. ਛਲ-ਵਲ। ੪. ਜਬਰ, ਧੱਕਾ। ੫. ਥੋੜਾ ਜਿਹਾ।

ਤਦ ਸੱਦਿ ਪੁਛੇ ਦੀਵਾਨ ਦੋਊ : "ਦੇਉ ਸਲਾਹ। ਤੁਸੀਂ ਸਦਿ ਮਸੰਦਾਂ ਨੂੰ ਪਾਓ ਰਾਹ।"
ਕੰਮ ਕਰਨੇ ਸਭ ਵਾਹਗੁਰੂ, ਪਰ ਦੀਵਾਨ ਹੋਂਦੇ ਆਏ।
ਪਹਿਲੀ ਪਤਿਸਾਹੀ ਸਭ ਕਰਨ ਆਪ, ਪਰ ਨਾਲ ਬਾਲਾ ਠਹਿਰਾਏ।੩੦੧।

ਗੁਰੂ ਅੰਗਦ ਸਭ ਕਰਦੇ ਸੇ ਆਖ : ਪਰ ਅਮਰਦਾਸ ਜੀ ਨਾਲ ਸਲਾਹ।
ਗੁਰੂ ਅਮਰਦਾਸ ਦਾ ਦੀਵਾਨ ਗੁਰੂ ਰਾਮਦਾਸ ਆਹ।
ਗੁਰੂ ਰਾਮ ਦਾਸ ਜੀ ਪ੍ਰਿਥੀਏ ਅਤੇ ਮਹਾਦੇਵ ਪਾਸੋਂ ਪੁੱਛ ਲੈਂਦੇ।
ਗੁਰੂ ਅਰਜਨ ਭਾਈ ਗੁਰਦਾਸ ਨੂੰ ਲੈ ਬਹਿੰਦੇ।੩੦੨।

ਗੁਰੂ ਹਰਿ ਗੋਬਿੰਦ ਪਾਸ ਭੀ ਆਹਾ ਭਾਈ ਗੁਰਦਾਸ।
ਗੁਰੂ ਹਰਿ ਰਾਇ ਜੀ ਰੱਖਿਆ ਦੀਵਾਨ ਦਰਗਹਿ ਮੱਲ 'ਛਿਬਰ' ਪਾਸ।
ਸੋਈ ਗੁਰੂ ਹਰਿ ਕ੍ਰਿਸ਼ਨ ਜੀ ਪਾਸ ਰਹਿਆ। ਅਤੇ ਗੁਰੂ ਤੇਗ ਬਹਾਦੁਰ ਜੀ ਪਾਸ ਭਇਆ।੩੦੩।

ਸਤੀਦਾਸ, ਮਤੀਦਾਸ 'ਛਿਬਰ' ਬ੍ਰਹਮਨ ਤਾਂ ਕੇ ਦੀਵਾਨ।
ਕਰਦੇ ਆਏ ਆਪ, ਪਰੁ ਸਦਿ ਦਿਵਾਨਾਂ ਨੂੰ ਬਹਾਨ।
ਸੋ ਕਰਨੀ ਹੈ ਸਭ ਵਾਹਗੁਰੂ, ਪਰ ਨਾਲਿ ਤੁਸਾਡੀ ਸਲਾਹ।
ਸਦਿ ਮਸੰਦਾਂ ਨੂੰ ਸਮਝਾਓ; ਅਤੇ ਪਾਓ ਇਨ੍ਹਾਂ ਨੂੰ ਰਾਹ।੩੦੪।

ਸੰਮਤ ਸਤਾਰਾਂ ਸੈ ਚਉਰੰਜਾ ਆਏ। ਤਬ ਸਾਹਿਬ ਪੰਥ ਨੂੰ ਨਿਸ਼ਾਨੀ ਹੁਣ ਲਾਏ।
ਕਿਉਂ ਜੋ ਮੁਹੰਮਦ ਭੀ ਪੰਥ ਅਪਨਾ ਜੁਦਾ ਹੈ ਕਰਿ ਲੀਤਾ।
ਅਗੇ ਆਹੇ ਰਲੇ ਮਿਲੇ, ਮੁਹੰਮਦ ਵੱਖ ਨਿਖੇੜਾ ਕੀਤਾ।੩੦੫।

ਦੁਆਪੁਰ ਵਿਚਿ ਦੈਂਤਾਂ ਦੀ ਅੱਲ ਮੁਸਲਮਾਨ ਪਈ।
ਅਗੇ ਰਹਿੰਦੇ ਸੇ ਰਲੇ ਮਿਲੇ, ਪਰ ਸੋ ਅੱਲ ਚਲੀ ਹੀ ਗਈ।
ਅਗੇ 'ਦੈਂਤ' ਦੇਵਤੇ ਨਾਮ ਕਹਾਏ। ਫੇਰ 'ਹਿੰਦੂ' ਮੁਸਲਮਾਨ ਨਾਮ ਠਹਿਰਾਏ।੩੦੬।

ਸੋ ਰਲੇ ਮਿਲੇ ਸਾਕ ਸੈਨ, ਵਿਆਹੁ ਕੁੜਮਾਈ। ਦੇਣੀਆਂ-ਲੈਣੀਆਂ ਸੋ ਚਲੀ ਹੀ ਆਈ।
ਗਊ ਬ੍ਰਹਮਣ ਦੀ ਸੇਵਾ ਪੂਜਾ ਸਾਲਗ੍ਰਾਮ।
ਦੋਵੈ ਧਿਰਾਂ ਕਰਨ, ਨਾਲੇ ਹਿੰਦੂ, ਨਾਲੇ ਮੁਸਲਮਾਨ।੩੦੭।

ਪਿਉ ਦੇ ਵੈਰ ਨਾਲਿ ਮੁਹੰਮਦ ਕੀਤੇ ਨਿਆਰੇ। ਪੀਉ ਦਾ ਪੱਖ ਢਾਇਆ ਅਪਨਾ ਸਵਾਰੇ।
ਸੋ ਪਿਤਾ ਜਾਤ ਏਹ ਗੱਲ ਨਹੀ ਕਰਦੇ।
ਸੋ ਇਸ ਦਾ ਪਿਉ ਅੰਮ੍ਰਿਤਪਾਲ, ਨਾਲੇ ਜੋਗੀ ਬਿੱਲਾ ਨਾਮ ਧਰਦੇ।੩੦੮।

ਬਡੇ ਦੁਖ ਜੱਗਾਂ ਕਰਕੇ, ਇਸ ਨੂੰ ਪਿਤਾ ਹੈਸੀ ਲਿਆ।
ਪਰ ਜੋਗੀ ਬਿਲੇ ਦੇ ਅੰਗ ਕਰਕੇ ਕੰਮ ਵਿਗੜ ਗਿਆ।
ਪੀਉ ਇਸ ਨੂੰ ਮਾਰਨ ਹੈਸੀ ਲਾਇਆ। ਭੂਆ ਇਸ ਨੂੰ ਲੈ ਗਈ ਨਸਾਇਆ।੩੦੯।

ਸੋ ਵੈਰ ਇਸ ਦਾ ਸੀ ਪਿਉ ਅਪਨੇ ਨਾਲਿ। ਏਹ ਪੜ੍ਹਿਆ ਵੇਦ ਸ਼ਾਸਤ੍ਰ ਸਾਰੀ ਬ੍ਰਹਮ ਚਾਲ।
ਪੀਉ ਨਾਲਿ ਜੁੱਧ ਕਰਦਾ ਹੀ ਰਿਹਾ। ਸੋ, ਸਮਾਂ ਪਾਇ ਕੈ ਪਿਉ ਉਸ ਦਾ ਮਰਿ ਗਿਆ।੩੧੦।

ਰਾਜ ਅਰਬ ਦੇਸ ਦਾ ਸਾਰਾ ਇਸ ਨੇ ਲੀਤਾ। ਆਇ ਮਦੀਨੇ ਵਿਚਿ ਡੇਰਾ ਕੀਤਾ।
ਪੀਉ ਦਾ ਪੱਖ ਨਿਆਰਾ ਕਰੇ। ਤ੍ਰੈ ਬੇਦ ਤਜੇ ਚਉਥਾ ਹੀ ਪੜ੍ਹੇ।੩੧੧।

ਸੋ ਬੇਦ ਚਉਥਾ ਇਸ ਨੇ ਉਲਟਾਇਆ। ਅਥਰਬਣ ਬੇਦ ਜੋ ਨਾਮ ਕਹਾਇਆ।
ਅੱਖਰ ਇਸ ਨੇ ਅਪਣੇ ਉਲਟੇ ਚਲਾਏ।
ਅਥਰਬਣ ਬੇਦ ਵਿਚੋਂ ਮਤਿ ਲੈਂਦਾ ਜਾਏ ।੩੧੨।

ਤਿਸ ਦਾ ਮਤਿ ਲੈ ਕੇ ਇਸ ਨੇ ਕੁਰਾਨ ਬਣਾਇਆ।
ਬੋਲੀ ਸਹੰਸਕ੍ਰਿਤੀ ਤਜ ਕੇ ਅਰਬੀ ਵਿਚ ਪਾਇਆ।
ਧਿਆਵਾਂ ਦਾ ਨਾਉ ਸਪਾਰੇ ਕਰਿਆ।..... ..... .....।੩੧੩।

ਅਗੇ ਸਭੇ ਆਹੇ ਰਲੇ ਮਿਲੇ ਇਸ ਨੇ ਜੁਦਾ ਕੀਤੇ।
ਗਊ ਦਾ ਬੁਰਾ ਮਨਾਇਆ ਵੱਖ ਕਰਿ ਲੀਤੇ।
ਅਗੇ ਪੂਜਾ ਆਹੀ ਇਕੋ, ਇਸ ਨੇ ਵੱਖਰੀ ਦੂਜੀ ਬਣਾਈ।
ਮਕੇਸਰ ਖੋਹ ਲੀਆ ਹਿੰਦੂਆਂ ਤੋਂ ਕਰਿ ਲੜਾਈ।੩੧੪।[੧]

ਇਕ ਪਿਉ ਦੇ ਵੈਰ ਨਾਲਿ ਪੰਥ ਉਸ ਨੇ ਜੁਦਾ ਕੀਤਾ।
ਅਸਾਡੇ ਨਾਲ ਹੈ ਦੁਹਾਂ ਵਿਗਾੜੀ, ਅਸਾਨੂੰ ਚਾਹੀਐ ਤੀਸਰਾ ਅਪਨਾ ਪੰਥ ਨਿਆਰਾ ਕਰਿ ਲੀਤਾ।
'ਹਿੰਦੂ', 'ਮੁਸਲਮਾਨ' ਦੋਹਾਂ ਨੂੰ ਤ੍ਰੋੜ ਕੇ ਤੀਸਰਾ ਬਣਾਈਐ।
ਜਗਤ ਦੇ ਪਾਪਾਂ ਥੀਂ ਕਰੀਐ ਮੁਕਤਾ, ਧਰਮ ਵਲਿ ਲਾਈਐ।੩੧੫।

ਗੋਰਖ ਵੀ ਕੰਨ ਪਾੜਿ ਨਿਸ਼ਾਨੀ ਲਾਈ। ਰਾਮਾਨੰਦ ਭੀ ਕੰਠੀ ਕਾਠ ਦੀ ਮਾਲ ਪਾਈ।
ਦਤਾਤ੍ਰੇਉ ਭੀ ਸੰਨਿਆਸੀ ਕੀਤੇ ਜਟਾਧਾਰੀ।
ਅਸਾਂ ਨੂੰ ਭੀ ਅਪਨੀ ਜੁਗਤਿ ਕੀਤੀ ਚਾਹੀਐ ਨਿਆਰੀ।੩੧੬।

ਜੋ ਕੋਈ ਜੀਉ ਗੁਰੂ-ਪੰਥ ਵਲਿ ਆਵੈਗਾ। ਸੋ ਅਣਪੁਛਿਆਂ ਮੁਕਤਿ ਜਾਵੈਗਾ।
ਐਸਾ ਧਰਮ ਦਾ ਪੰਥ ਖੜਾ ਕਰੀਐ। ਹਿੰਦੂ ਮੁਸਲਮਾਨ ਤੇ ਜੁਦਾ ਕਰਿ ਧਰੀਐ।੩੧੭।

ਧਰਮ ਹੇਤ ਜੋ ਕਰੈਗਾ ਜੁੱਧ। ਪਾਪਾਂ ਤੇ ਹੋਇ ਨਿਰਮਲ ਬੁਧਿ।
ਨੀਸ਼ਾਨੀ ਅਪਨੀ ਪੱਕੀ ਲਾਈਐ। ਸੰਮਤੁ ਸਤਾਰਾਂ ਸੈ ਚਉਰੰਜਾ ਗਏ।੩੧੮।

..... ..... .....। ਦਿਨ ਚੇਤ੍ਰ ਦੇ ਅਠਾਈ ਬਾਕੀ ਆਇ ਰਹੇ।
ਦਿਨ ਤ੍ਰੈ ਗੁਜ਼ਰੇ, ਤਾਂ ਚਉਪਾ ਸਿੰਘ ਬੁਲਾਇਆ।
ਦਰਬਾਰ ਲਗਾ ਹੋਆ, ਦੀਵਾਨ ਦੋਨੋਂ ਪਾਸ ਬਹਾਇਆ।੩੧੯।

ਬਚਨ ਕੀਤਾ: "ਕਟੋਰਾ ਸੁਚੇਤ ਕਰਕੇ ਜਲ ਲੈ ਆਉ।"
ਸੋ ਲੈ ਆਇਆ, ਦਿਤੀ ਕਰਦ, ਕਹਿਆ ਹਿਲਾਉ।
'ਜਪੁ' ਅਤੇ 'ਅਨੰਦ' ਰਸਨੀਂ ਕਰਿ ਉਚਾਰੁ।
ਤਾਂ ਦੀਵਾਨ ਸਾਹਿਬ ਚੰਦ, ਹੱਥ ਜੋੜ ਖਲੋਤਾ ਵਿਚਿ ਦਰਬਾਰ।੩੨੦।

---

੧. ਇਹ ਹਜ਼ਰਤ ਮੁਹੰਮਦ ਸਾਹਿਬ ਬਾਰੇ ਬ੍ਰਹਮਣੀ ਕਲਪਨਾ ਦੇ ਜੋ ਖ਼ਿਆਲ ਆਮ ਲੋਕਾਂ ਵਿਚ ਪ੍ਰਚਲਤ ਸਨ, ਉਹੋ ਛਿਬਰ ਸਾਹਿਬ ਨੇ ਦੁਹਰਾ ਦਿੱਤੇ ਹਨ। ਇਨ੍ਹਾਂ ਨੂੰ ਯਥਾਰਥ ਸਮਝਣਾ ਭੁੱਲ ਹੈ।

ਕਹਿਆ: "ਗਰੀਬ ਨਿਵਾਜ਼! ਵਿਚ ਮਿੱਠਾ ਪਵੇ, ਤਾਂ, ਬਣੇ ਸੁਆਦ।"
ਬਚਨ ਕੀਤਾ: "ਲੈ ਆਉ ਧਰਮ ਚੰਦਾ! ਪਤਾਸੇ ਪ੍ਰਸਾਦੂ।"
ਪਤਾਸੇ ਪਵਾਏ ਅਤੇ ਕਰਦ ਹਿਲਾਈ।
ਨਾਉਂ ਧਰਿਆ 'ਪਾਹੁਲ' ਇਹ ਪਾਹੁ ਲਗਾਈ।੩੨੧।

ਚਉਪਾ ਸਿੰਘ ਬਣਾਇ ਹਥ ਅਪਨੇ ਉਪਰ ਧਰਿ ਅਗੇ ਲੈ ਆਇਆ।
ਸਾਹਿਬ ਉਂਗਲ ਨਾਲਿ ਲਾਇ ਨਿਜ ਰਸਨੀਂ ਲਾਇਆ।
ਚਉਪੇ ਸਿੰਘ ਨੂੰ ਬਚਨ ਕੀਤਾ: "ਬੈਠ ਜਾਹੁ।
ਖੱਬੇ ਕਰ ਉਪਰ ਹੱਥ ਸੱਜਾ ਧਰਿ ਅਤੇ ਪੀਂਦਾ ਜਾਹੁ"।੩੨੨।

'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ' ਬੋਲ।
ਤ੍ਰੈ ਚੁਲੀਆਂ ਸਾਹਿਬ ਨਿਜ ਕਰ ਦਿੱਤਾ, ਤਿਨ ਪੀਤਾ ਰਸਨਾ ਖੋਲ੍ਹ।
ਬੋਦੀ ਰੰਚਕ ਕਟੀ, ਮੁਖ ਪਰ ਛਿੱਟੇ ਲਾਏ। ਨਾਲੇ ਨੇਤ੍ਰੀਂ ਸੀਸ ਉਪਰਿ ਭੀ ਪਾਏ।੩੨੩।

ਕਰਦ ਨਾਲ ਸਿਖਾਂ ਰੰਚਕ ਬੋਦੀ ਦੂਰ ਕਰਾਈ। ਤਬ ਪਾਛੇ ਜਾਮ ਪਾਹੁਲ ਦਿਵਾਈ।
ਇਸੇ ਤਰ੍ਹਾਂ ਪੰਜ ਸਤਿ ਸਿਖ ਉਸ ਵਖਤ ਹੋਏ।
ਅਗੇ ਕੀਤਾ ਬਚਨ: "ਇਸ ਜੁਗਤਿ ਕਰ ਲਓ ਸਭ ਕੋਇ।੩੨੪।

ਨਾਈ ਦਾ ਹਥੁ ਸੀਸ ਚਿਹਰੇ ਨ ਲਗਣਾ ਪਾਵੈ। ਕੇਸਾਧਾਰੀ ਸਿਖ ਗੁਰ ਕਾ ਪੰਥ ਕਹਾਵੈ"।
ਪਾਹੁ ਲਾਇਕੈ ਰੰਗ ਚੜ੍ਹਾਇਆ। ਪਾਹੁ ਬਣੀ ਪਾਹੁਲ ਰੰਗ ਕੇਸ ਬਣਾਇਆ।੩੨੫।

ਰਹਿਤ ਗੁਰੂ ਕੀ ਦਿਤੀ ਸਮਝਾਇ: ਸਿਖ ਗੁਰੂ ਕਾ ਮੰਦੇ ਕਰਮ ਨਾ ਕਮਾਇ।
ਤਤੇ ਸਿਉ ਹੇਤ ਨ ਲਾਵੈ, ਤਤਾ ਘਰੀਂ ਨ ਵਾੜੇ।
ਧਰਮ ਦਾ ਕਰੇ ਜੁੱਧ, ਨ ਗਊਆਂ ਦੇ ਹੱਕੇ ਧਾੜੇ।੩੨੬।

ਗਨਿਕਾ ਦਾ ਸੰਗ ਨ ਕਰੇ, ਸੰਗ ਕੀਤੇ ਤਤਾ ਹੋਵੈ।
ਬੀਰਜ ਪਵੈ ਕੁਥਾਇਂ, ਤੱਤੀ ਤੱਤਾ ਉਪਜਿ ਖਲੋਵੈ।
ਬੀਰਜ ਹੋਵੈ ਸਿਖ ਦਾ, ਘਰਿ ਤੱਤਿਆਂ ਕਰੇ ਨਿਵਾਸ।
ਸਿਖ ਹੋਵੈ ਗੁਰੂ ਕਾ, ਅੰਗ ਨ ਲਾਏ ਤੱਤੀ ਦਾ ਮਾਸ[1]।੩੨੭।

ਸ਼ਰਾਬ, ਤਮਾਕੂ, ਜੂਆ ਚੋਰੀ ਜਾਰੀ ਇਨ ਸੋ ਹੇਤ ਨ ਕਰੇ। ਸੰਗਤਿ ਮੰਦੀ ਸਭ ਪਰਹਰੇ।
ਸ਼ਬਦ ਬਾਣੀ ਸੋਂ ਪ੍ਰੀਤਿ ਸਤਿ ਸੰਗਤਿ ਵਿਚਿ ਜਾਵੈ।
ਨਿਜ ਨਾਰੀ ਸੋ ਪ੍ਰੀਤ ਲਗਾਵੈ।੩੨੮।

ਨਾਮੁ, ਦਾਨੁ, ਇਸਨਾਨੁ, ਧਰਮ ਦੀ ਕਿਰਤ ਕਮਾਵੈ।
ਸਿਖ ਸਿਖ ਸੋ ਪ੍ਰੀਤਿ, ਦੁਸ਼ਟ ਸੋ ਨੇਹੁ ਨਾ ਲਾਵੈ।
ਕ੍ਰਿਪਨ[2] ਹੋਇ ਨ ਦਬੈ, ਜਥਾ ਜਥਾ ਵੰਡ ਖਾਵੈ।
ਅਪਨਾ ਧਰਮੁ ਨ ਤਜੈ, ਬਿਰਾਨਾ ਨਹੀਂ ਲੇਵੈ।
ਪਰਤੀਤ ਰਖੇ ਗੁਰੁ ਅਪਨੇ ਉਪਰਿ, ਸਿਖੁ ਸਾਧੁ ਸੰਤਨੁ ਸੇਵੈ।੩੨੯।

---

੧. ਤੱਤੇ ਤੋਂ ਭਾਵ ਤੁਰਕ (ਮੁਸਲਮਾਨ) ਹੈ, ਤੱਤੀ ਦਾ ਮਾਸ ਤੋਂ ਭਾਵ ਤੁਰਕਣੀ ਦਾ ਸਰੀਰ ਹੈ। ੨. ਕੰਜੂਸ।

ਜੋ ਸਿਖ ਗੁਰੂ ਕਾ ਐਸੇ ਕਰਮ ਨਿਤ ਕਮਾਵੈ।
ਅਣਪੁਛਿਆ ਸੋ ਮੁਕਤਾ, ਅਪਨੇ ਸਤਿਗੁਰੂ ਦੇ ਦੁਆਰੇ ਜਾਵੈ।
ਜੋ ਕੋਈ ਪੰਥ ਗੁਰੂ ਕੇ ਵਿਚਿ ਹੈ ਆਇਆ। ਸੋ ਆਪ ਤਰਿਆ, ਕੁਲ ਸਗਲ ਤਰਾਇਆ।੩੩੦।

ਸੰਮਤੁ ਸਤਾਰਾਂ ਸੈ ਪਚਵੰਜਾ ਜਬ ਆਏ।
ਮਾਤਾ ਜੀਤੋ ਜੀ ਦੇ ਉਦਰੋਂ, ਜਨਮੁ ਫਤੇ ਸਿੰਘ ਜੀ ਪਾਏ।
ਦੀਵਾਨਾਂ ਨੂੰ ਸਦਿ ਸਲਾਹ ਸੋ ਕਰਦੇ : "ਇਹੁ ਮਸੰਦ ਕਰਦੇ ਹਨ ਤੱਦੀ[1], ਕਤਰਾ ਨਹੀਂ ਡਰਦੇ" ।੩੩੧।

ਸਿਖ ਸੰਗਤਿ ਸਭ ਫਰਿਆਦਿ ਹੈਨ ਕਰਦੇ।
ਦੀਵਾਨ ਕਹਿਆ : "ਗਰੀਬ ਨਿਵਾਜ਼ ਬੁਰੇ ਭਲੇ ਸਭ ਤੇਰੇ ਹੈਂ ਘਰ ਦੇ।"
ਕਾਬਲ ਵਿਚਿ ਲਾਲਾ ਬਲੀਰਾਮ ਆਹਾ ਮੁਸੱਦੀ।
ਸੋ ਗਿਆ ਸੁਅਰਗਿ, ਪਿਛੇ ਨ ਉਲਾਦ ਨ ਜੱਦੀ।੩੩੨।

ਸੋ ਸਿਖ ਆਹਾ ਗੁਰੂ ਕੇ ਘਰ ਦਾ ਪਿਛੇ ਉਸ ਦਾ ਰਿਹਾ ਕਬੀਲਾ[2]।
ਸੋ ਤੱਤਿਆਂ ਪਾਸੋਂ ਨਿਤ ਰਹੇ ਡਰਦਾ।
ਮਾਇਆ ਆਹੀ ਬਹੁਤ, ਤਿਨ ਗੁਰੂ ਕੇ ਭੇਜਣੀ ਲਾਈ।
ਸੱਦਿਆ ਚੇਤੋ ਮਸੰਦ, ਕੁਛ ਦਿਤੀ ਗੁਰੂ ਕੇ ਭਿਜਵਾਈ।੩੩੩।

ਸੋ ਚੇਤੋ ਲੈ ਕੇ ਰਖੀ ਘਰਿ, ਅਤੇ ਸੈਣੇ ਪਾਸੋਂ ਝੂਠੀ ਰਸੀਦ ਲਿਖਾਈ।
ਤਿਸ ਨੂੰ ਜਾਇ ਦਿਤੀ, ਉਹੋ ਸੱਚੀ ਝੂਠੀ ਕੀ ਜਾਣੇ ਮਾਈ।
ਅਗੋਂ ਵਿਸਾਖੀ ਦਾ ਮੇਲਾ ਫੇਰ ਆਇਆ। ਤਿਸ ਮਾਈ ਚੇਤੋ ਧਾਮਿ ਬੁਲਾਇਆ।੩੩੪।

ਹੀਰਾ ਮੋਤੀ ਸੁਰਨ ਹੋਰੁ ਬਹੁਤੁ ਦਿੱਤਾ। ਚੇਤੋ ਰਖਿਆ ਘਰ, ਉਹੋ ਕੰਮ ਫੇਰ ਕਿਤਾ।
ਫੇਰ ਮੇਲਾ ਵਿਸਾਖੀ ਅਥਵਾ ਦਿਵਾਲੀ ਦਾ ਆਇਆ।
ਜੋ ਕੁਛ ਕਪੜਾ ਚੰਗਾ ਆਹਾ ਜ਼ਰੀ ਬਾਦਲੇ ਦਾ ਸਭ ਭਿਜਵਾਇਆ।੩੩੫।

ਮੇਲੇ ਦੇ ਮੇਲੇ ਜੋ ਕੁਛ ਪਦਾਰਥ ਆਹਾ, ਸੋ ਸਭ ਦੀਆ ਭਿਜਾਏ।
ਚੇਤੋ ਰਖੇ ਧਾਮਿ, ਨ ਸਰਕਾਰੇ[3] ਪਹੁੰਚਾਏ।
ਸਮਾ ਪਾਇ ਕੇ ਉਹੁ ਸਭ ਰਹੀ ਭੇਜ, ਤਾਂ ਆਪ ਆਈ।
ਜੋ ਕੁਛੁ ਉਸ ਦੇ ਪਾਸ ਆਹਾ, ਸੋ ਉਸ ਨੇ ਆਇ ਅਰਦਾਸ ਕਰਾਈ।੩੩੬।

ਅਤੇ ਰਸੀਦਾਂ ਕੱਢ ਕੇ ਉਨ ਦਿਤੀਆਂ। ਬਚਨ ਕੀਤਾ : "ਅਸਾਂ ਨਹੀਂ ਏਹ ਵਸਤੂ ਲਿਤੀਆਂ।"
ਬਚਨ ਕੀਤਾ, ਏਹੁ ਰਸੀਦਾਂ ਕਿਸ ਅੰਧੇ ਹੈਨ ਲਿਖੀਆਂ ?
ਜੋ ਵਸਤੂ ਏਹ ਮਾਈ ਹੈ ਕਹਿੰਦੀ, ਸੋ ਅਸਾਂ ਅਖੀਂ ਨਹੀਂ ਦਿਖੀਆਂ।੩੩੭।

ਸੈਣਾ ਲਿਖਾਰੀ ਘਰਿ ਬੈਠਿਆਂ ਅੰਧਾ ਹੋਇ ਗਿਆ। ਬਚਨੁ ਖਾਵੰਦ ਦਾ ਜੋ ਕ੍ਰੋਧ ਨਾਲਿ ਭਇਆ।
ਸੱਦਿਆ ਚੇਤੋ, "ਕਹੁ ਭਾਈ! ਏਹ ਕਿਥੇ ਨੀ ਪਦਾਰਥ ?"
ਕਹੇ ਜੀ, "ਲਗੇ ਲਗਾਏ ਕੀਏ ਸੁਆਰਥ"[4] ।੩੩੮।

---

੧. ਤੱਦੀ, ਧੱਕਾ। ੨. ਪਰਿਵਾਰ। ੩. ਗੁਰੂ ਦਰਬਾਰ। ੪. ਕੰਮਾਂ ਵਿਚ ਲੱਗ ਗਏ।

ਕਹਿਆ : ਡਰੁ ਖਾਵੰਦ ਦਾ ਚਿਤ ਨ ਧਰਿਆ ? ਕਹੇ : ਜੀ ਅਸੀਂ ਕੀ ਗੁਨਾਹੁ ਹੈ ਕਰਿਆ ?
ਕਹਿਆ : ਮੈਂ ਤੇ ਹਜ਼ੂਰ ਮੰਗ ਲੈਂਦੇ। ਝੂਠੀਆਂ ਰਸੀਦਾਂ ਲਿਖਾਈਆਂ ਕਾਰਨ ਕੈਂਦੇ ?੩੩੯।

ਅਗੇ ਦੀਵਾਨ ਨਾਲਿ ਸਾਹਿਬ ਏਹਾ ਸਲਾਹ ਕਰਦੇ ਆਹੇ।
ਜੋ ਉਤੋਂ ਚੇਤੋ ਦਾ ਝਗੜਾ ਆਇ ਪਿਆ ਦਰਬਾਰੇ ਮਾਹੇ।
ਬਚਨ ਕੀਤਾ : "ਕਹੁ ਦੀਵਾਨ ਜੀ ! ਕਿਆ ਕਹੀਐ ?"
ਦੀਵਾਨ ਕਹਿਆ : "ਜੀ ਵਸਤੁ ਅਪਨੀ ਲੈ ਲਈਐ" ।੩੪੦।

ਬਚਨੁ ਕੀਤਾ : "ਤੁਸੀਂ ਇਨ੍ਹਾਂ ਨੂੰ ਬੈਠ ਕੇ ਸਮਝਾਵੋ। ਅਸਾਡੀ ਵਸਤੁ ਇਸ ਪਾਸੋਂ ਦਿਵਾਵੋ"।
ਦੀਵਾਨ ਸੱਦੇ ਸਭ ਮਸੰਦ ਅਤੇ ਸਮਝਾਏ। ਕਹਿਆ ਗੁਰੂ ਕੀ ਵਸਤੁ ਦੇਹੁ ਪਹੁੰਚਾਏ।੩੪੧।

ਮਸੰਦ ਸਭ ਇਕ ਹੋਇ ਗਏ। ਕਹਿਣ : "ਅੱਜ ਇਸ ਨਾਲਿ ਹੈ ਕੀਤੀ, ਫਿਰ ਅਸਾਡੇ ਨਾਲਿ ਕਏ।
ਚੇਤੋ ਦੀ ਅਬ ਲੱਥੀ, ਅਸਾਡੀ ਭੀ ਲਾਹੇ। ਇਕ ਮੁਹੁ ਹੋ ਕਰ ਸਭੇ ਲਉ ਨਿਬਾਹੇ।੩੪੨।

ਜੋ ਅਸਾਡੇ ਪੜਦੇ ਲਗਾ ਫੋਲਣ। ਤਾਂ ਅਸਾਨੂੰ ਕਦੌਂ ਦੇਸੀ ਬੋਲਣ।"
ਦੀਵਾਨ ਦੋਨੋ ਮਿਲਿ, ਬੈਠਿ ਸਮਝਾਏ ਹਾਰੇ।
ਮਸੰਦਾਂ ਕੀਤਾ ਸਲੂਕ, ਆਖਣ : "ਸੰਗਤਾਂ ਅਸਾਡੇ ਹਥ ਮੰਝਾਰੇ" ।੩੪੩।

ਸਾਹਿਬ ਗਏ ਰਸੋਈ ਲੰਗਰ ਪ੍ਰਸਾਦ ਪਾਵਨਿ।
ਮਸੰਦ ਭਾਈ ਦੀਵਾਨ ਟਹਲੀਏ ਸਭ ਲੰਗਰ ਖਾਵਨਿ।
ਰਸੋਈ ਵਿਚਿ ਸਾਹਿਬ ਜਬ ਗਏ। ਮਸੰਦ ਭਾਈ ਸਿਖ ਸਭ ਬੁਲਾਇ ਲਏ।੩੪੪।

ਆਪੋ ਆਪਣੇ ਪਟੇ ਉਪਰਿ ਸਭ ਜਾਇ ਸੇ ਬਹਿੰਦੇ।
ਤਿਸ ਦਿਨ ਸਾਹਿਬ ਬੁਲਾਏ, ਨ ਆਏ, ਰਹੇ ਖਹਿੰਦੇ।
ਦੀਵਾਨ ਆਏ, ਹੋਰ ਸਭ ਸਿਖ ਭਾਈ ਆਏ। ਮਸੰਦਾਂ ਨੂੰ ਰਹੇ ਸੱਦਿ, ਸੋ ਨ ਮੂਲੇ ਆਏ।੩੪੫।

ਬਚਨ ਕੀਤਾ : "ਦੀਵਾਨ ਜੀ ਦੇਹੁ ਸਲਾਹ।"
ਦੀਵਾਨ ਕਹਿਆ : "ਗਰੀਬ ਨਿਵਾਜ਼, ਤੂ ਖਾਵੰਦ ਹੈਂ ਬੇਪਰਵਾਹੁ।"
ਸਾਹਿਬ ਚਉਂਕੇ ਵਿਚਿ ਚਾਰ ਘੜੀਆਂ ਉਡੀਕੇ। ਜਾਨਣਹਾਰਿ ਸਭਿ ਘਟਿ ਜੀ ਕੇ।੩੪੬।

ਬਚਨ ਕੀਤਾ : "ਜਾਇ ਕਹੋ ਥਾਲੀਆਂ ਭਿਜਵਾਵਨਿ। ਪ੍ਰਸਾਦ ਪਵਾਇ ਘਰੀਂ ਲੈ ਜਾਵਨਿ।"
ਥਾਲੀਆਂ ਨ ਭੇਜੀਆਂ ਕਰ ਗਏ ਸਭ ਏਕਾ।
ਬਚਨ ਕੀਤਾ : "ਦੀਵਾਨ ਜੀ, ਅਸੀਂ ਲਈਏ ਕਿ ਨ ਲਈਏ ਅਪਨਾ ਲੇਖਾ" ।੩੪੭।

ਦੀਵਾਨ ਕਹਿਆ : "ਗਰੀਬ ਨਿਵਾਜ਼ ! ਮਸੰਦ ਝੂਠੇ ਹੈਨਿ।
ਜੋ ਟਹਿਲੀਏ ਹੋਇ ਕੈ ਨਾਲਿ ਖਾਵੰਦ ਖੈਹਨਿ।"
ਸਾਹਿਬ ਪਾਇ ਪ੍ਰਸਾਦ ਜਾਇ ਬੈਠੇ ਦਰਬਾਰ।
ਬਚਨ ਕੀਤਾ : "ਸੱਦੋ ਮਸੰਦਾਂ ਨੂੰ ਆਇ ਕਰਨ ਜਬਾਬੁ ਸਵਾਲ" ।੩੪੮।

ਸੱਦੇ ਨ ਆਏ; ਘਰੀਂ ਬੈਠੇ ਸਭ ਆ ਕਰ।
ਕੀਤਾ ਬਚਨ ਕ੍ਰੋਧ ਨਾਲਿ : "ਪਕੜਿ ਲਿਆਓ ਜਾ ਕਰਿ।"
ਪਕੜੇ ਆਏ ਸੋ ਟੰਗੇ ਮਾਰੇ। ਕੁਛ ਕੜਾਹਿਆਂ ਵਿਚ ਪਾਇ ਸਾੜੇ।੩੪੯।

'ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ
ਵਜਹੁ ਗਵਾਏ ਅਗਲਾ, ਮੁਹੇ ਮੁਹਿ ਖਾਣਾ ਖਾਇ।'
ਪਕੜਿ ਟੰਗਾਇਆ ਚੇਤੋ, ਵਸਤੁ ਮੰਗਾਈ। ਪਰ ਸਭਨਾਂ ਦੀ ਪਤਿ ਚੇਤੋ ਗਵਾਈ।੩੫੦।

ਨੱਠੇ ਗਏ, ਛੁਪੇ-ਲੁਕੇ, ਸੋਈ ਬਚੇ। ਸੰਗਤਾਂ ਨੂੰ ਹੁਕਮਨਾਵੇਂ ਲਿਖੇ ਪਾਤਿਸ਼ਾਹ ਸੱਚੇ—
"ਮਸੰਦ ਮਸੰਦੀਆਂ ਧੜੀਆਂ ਤਿਸ ਨਾਲਿ ਨਹੀਂ ਮਿਲਣਾ।
ਧੀਰਮੱਲੀਏ, ਰਾਮਰਾਈਏ, ਮੀਣੇ, ਇਨ੍ਹਾਂ ਪੰਜਾਂ ਮੇਲਾਂ ਨਾਲਿ ਨਹੀਂ ਰਲਣਾ"।੩੫੧।

ਸੰਗਤਿ ਮੇਰੀ ਖਾਲਸਾ, ਹਥੀਆਰੁ ਬੰਨ੍ਹਿ ਆਵਣਾ।
ਗੋਲਕ ਦਸਵੰਧ ਚਲ੍ਹੀਆਂ, ਮਸੰਦਾਂ ਨੂੰ ਨਹੀਂ ਦੇਵਣਾ, ਆਪ ਲੈ ਆਵਣਾ।
ਰਹਿਤ-ਬਿਬੇਕੁ ਸਿਖੀ ਦਾ, ਸੋ ਰਲਿ ਆਪਸ ਵਿਚਿ ਕਮਾਵਣਾ।
ਆਪਸ ਵਿਚਿ ਕਰਨਾ ਪਿਆਰੁ ਪੰਥ ਵਧਾਵਣਾ।੩੫੨।

ਸੰਗਤਿ ਮੇਰੀ ਖਾਲਸਾ, ਕਰਨਾ ਆਪਸ ਵਿਚਿ ਪਿਆਰੁ।
ਖਾਲਸਾ ਕਹੀਏ ਮੇਰਾ ਘਰੁ, ਅਥਵਾ ਕਹੋ ਵੱਡੀ ਸਿਰਕਾਰੁ।
ਸੋ ਗੁਰੂ ਕਾ ਘਰ, ਜੋ ਗੁਰੂ ਕਾ ਸਿਖ ਹੋਵੈ।
ਅਕਾਲ ਪੁਰਖ ਦਾ ਖਾਲਸਾ, ਅਕਾਲ ਪੁਰਖ ਦਾ ਘਰੁ, ਕਲਮਲ ਸ਼ਭ ਖੋਵੈ।੩੫੩।

ਦੇਸੀਂ ਦੇਸੀਂ ਹੁਕਮਨਾਵੇਂ ਲਿਖਿ ਮੇਵੜੇ ਪਠਾਏ :
ਮਸੰਦ ਮਸੰਦੀਏ ਨੂੰ ਨਹੀਂ ਮੰਨਣਾ, ਸਿਖ ਗੁਰੂ ਕਾ ਸਿਖੀ ਦੀ ਰਹਿਤ ਕਮਾਏ।
ਜੋ ਬ੍ਰਹਮਣ ਸਿਖ ਹੋਵੈ, ਤਿਸ ਦਾ ਆਦਰ ਸਨਮਾਨ ਬਡਾ ਕਰਨਾ।੩੫੪।

ਸੋ ਕਾਰਨ ਹੈ ਕਿਆ ? ਸਿਖੀ ਦਾ ਵਾਧਾ ਹੋਵੈ।
ਜੋ ਬ੍ਰਹਮਨ ਹੋਸੀ ਸਿਖ, ਤਾ ਹੋਰ ਦਿਜਾਂ ਦਾ ਬੋਲਣ ਖੋਵੈ।
ਜੋ ਰਾਜਾ, ਮੁਸੱਦੀ, ਸ਼ਾਹ, ਚਉਧਰੀ, ਸਿਖ ਹੋਸੀ।
ਤਬ ਹਰ ਜਾਗ੍ਹਾ ਸਿਖ ਦਾ ਹਮਾਇਤੀ ਬਣ ਖਲੋਸੀ।੩੫੫।

ਜੋ ਸਿਖ ਗੁਰੂ ਕਾ ਹੈ, ਕਿਸੇ ਦਰਬਾਰੁ ਸਿਰਕਾਰ ਵਿਚਿ ਮੁਸੱਦੀ।
ਤਿਸ ਨੂੰ ਰਹਿਤ-ਕੁਰਹਿਤ ਸਤਿਗੁਰੂ ਸਭੋ ਮਾਫ ਕਰ ਛੱਡੀ।
ਕਿਉ ਜੋ ਕਦਾਂਚ ਕਿਸੇ ਸਿਖ ਦਾ ਕੰਮ ਦਰਬਾਰ ਪਵੈ ਆਇ।
ਤਾਂ ਸਿਖ ਮੁਸੱਦੀ ਆਪਣੀ ਤਰਫੋਂ ਢਿੱਲ ਨ ਲਾਇ।੩੫੬।

ਜੋ ਕਾਬੂ ਲੱਗੇ ਸੋ ਮੁਸੱਦੀ ਹਮਾਇਤ ਕਰੇ।
ਜੋ ਕਦਾਚਤ ਕਿਸੇ ਸਿਖ ਦਾ ਕੰਮ ਪੜੇ ਸਿਰਕਾਰੇ।
ਚਾਰ ਰਹਿਤਾਂ ਸਿਖ ਮੁਸੱਦੀ ਕਮਾਇ। ਜੋ ਭੁੱਲ ਜਾਏ ਤਾ ਸਿਖਾਂ ਪਾਸੋਂ ਹਥ ਜੁੜਾਇ।੩੫੭।

ਅੜੀ ਨਹੀਂ ਕਰਨੀ, ਮੁਸੱਦੀ ਸਿਖ ਨੂੰ ਬਖਸ਼ਣਾ ਬੇਗ।
ਰਹੇ ਰਾਜ਼ੀ, ਸਿਖ ਨੂੰ ਕਚਹਿਰੀ ਦਰਬਾਰ ਵਿਚ ਹੋਵਨ ਨ ਦੇਵੈ ਖੇਦ।
ਇਕ ਤਮਾਕੂ, ਦੂਜੇ ਭੱਦਣ, ਤੀਜੇ ਕੰਨਿਆ ਨ ਮਾਰੇ।
ਚਉਥੇ ਪੰਜਾਂ ਮੇਲਾਂ ਦਾ ਤਿਆਗ, ਸੀਸ ਖੁਰ ਨ ਧਾਰੇ।੩੫੮।

ਸੋ ਏਹੁ ਰਹਿਤ, ਜੋ ਪਿਛੇ ਮੈ ਹੈਨਿ ਕਹੀਆਂ।
ਸੋ ਤਦਿ ਸਤਿਗੁਰੂ ਬਚਨ ਕੀਤਾ ਸੀ ਅਤੇ ਸਿਖਾਂ ਵਿਚਿ ਸੇ ਰਹੀਆਂ।
ਤਦੋਂ ਪੰਥ ਵਧਾਵਣ ਦਾ ਹੈਸੀ ਉਪਾਉ।
ਸੋ ਹੁਣ ਪੰਥ ਹੈ ਵਧਿਆ, ਸਬ ਦੇਸਾਂ ਸਭ ਥਾਂਉ।੩੫੯।

ਮੈਂ ਤਿਸ ਸਮੇਂ ਦੀ ਰਹਿਤ ਹੈ ਕਹੀ।
ਹੁਣ ਸਮਾਂ ਹੈ ਪਲਿਟਿਆ, ਉਹ ਰਹਤ ਹੁਨਿ ਕੁਰਹਿਤ ਹੋਇ ਰਹੀ।
ਮੈ ਅਨਾਥ ਉਪਰਿ ਕੋਈ ਦੋਸ਼ ਨ ਰਖੇ।
ਅਪਣੀ ਖੁਸ਼ੀ ਕੋਈ ਕਮਾਵੈ, ਨ ਕਮਾਵੈ, ਭਲੀ ਸਿਖ[1] ਨੂੰ ਮਨ ਰਖੇ।੩੬੦।

ਹੁਨਿ ਪੰਥ ਗੁਰੂ ਦਾ ਘਟਿ ਨਹੀਂ ਜਾਂਦਾ। ਕਰੇ ਪਿਆਰ ਦਿਨੋ ਦਿਨ ਵਾਧਾ ਹੈ ਪਾਂਦਾ।
ਪੰਥ ਗੁਰੂ ਕਾ ਦਿਨੋ ਦਿਨ ਵਧਦਾ ਜਾਸੀ।
ਰਹਿਤ ਬਿਬੇਕ ਭਾਉ ਮੁਹਬਤ ਸਿਖੀ ਏਹੁ ਘਟਿ ਜਾਸੀ।੩੬੧।

ਲੇਖਾ ਧਰਮਰਾਇ ਹੈ ਕਰਨਾ। ਹੁਨਿ ਸਤਿਗੁਰੂ ਪਾਸੋਂ ਚਾਹੀਐ ਡਰਨਾ।
ਸਤਿਗੁਰੂ ਜ਼ਾਮਨ ਅਪਨੇ ਸਿਖ ਦਾ ਹੋਸੀ।
ਮਾਰਨ-ਲੁਟਣ ਵਾਲੇ ਪਾਸੋਂ ਭੀ ਨੱਸ ਖੜੋਸੀ।੩੬੨।

ਨਾ ਸਤਿਗੁਰੂ ਉਸ ਦਾ ਨਾ ਉਹ ਸਤਿਗੁਰੂ ਦਾ। ਜੋ ਤਿਸ ਦੇ ਬਚਨਾਂ ਪਾਸੋਂ ਹੈ ਮੁੜਦਾ।
ਗ੍ਰੰਥ-ਬਚਨ ਸੁਣਿ ਕਰੋ ਬੀਚਾਰੁ। ਸਤਿਗੁਰਾਂ ਕਹਿਆ ਹੈ ਗ੍ਰੰਥ ਮਝਾਰ।੩੬੩।

'ਜਿਨਾ ਭਉ ਤਿਨ ਨਾਹਿ ਭਉ, ਮੁਚੁ ਭਉ ਨਿਭਵਿਆਹ॥
ਨਾਨਕ ਏਹੁ ਪਟੰਤਰਾ, ਤਿਤੁ ਦੀਬਾਣਿ ਗਇਆਹ॥'
ਰਹਿਤ ਕੁਰਹਿਤ ਦਾ ਮੁਲ ਉਸ ਦੇ ਦਰਬਾਰ ਵਿਚਿ ਪਵੇਗਾ।
ਜੇਹਾ ਕੋਈ ਕਰੇਗਾ, ਤੇਹਾ ਫਲੁ ਲਵੇਗਾ।੩੬੪।

ਗ੍ਰੰਥ-ਬਚਨ ਸਤਿ ਕਰਿ ਜਾਣੋ ਸਹੀ। ਜੋ ਬਾਤ ਗੁਰਾਂ ਗ੍ਰੰਥ ਵਿਚਿ ਹੈ ਕਹੀ।
ਏ ਭੀ ਤੁਕ ਗ੍ਰੰਥ ਵਿਚਿ ਐਸਾ[1] ਲਿਖੀ ਹੈ ਲਹੀ:
'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥'੩੬੫।

ਸੋ, ਮਲੇਛ ਭਾਖਾ ਅਰਬੀ, ਤੋਰਕੀ, ਪਾਰਸੀ ਕਹਾਵੈ।
ਪਰ ਜੇ ਸਿਖ ਕਿ ਹਿੰਦੂ ਅਪਨਾ ਧਰਮ ਕਮਾਵੈ।
ਲਗਦੇ ਚਾਰੇ ਪੱਖ ਅਪਨੇ ਧਰਮੁ ਦਾ ਕਰੇ।
ਪੱਖ ਪਰਾਇਆ-ਤੱਤਿਆਂ ਦਾ ਨ ਹਿਰਦੇ ਧਰੇ।੩੬੬।

ਗ੍ਰੰਥ ਸਾਹਿਬ ਅਤੇ ਗੀਤਾ ਵਿਚਿ ਇਹੁ ਬਚਨ ਹੈ ਕਹਿਆ।
ਅਪਨਾ ਧਰਮ-ਪੱਖ ਪਾਲੋ, ਪਰਾਇਆ ਚੰਗਾ ਵੀ ਮੰਦ ਕਰਿ ਲਹਿਆ।
'ਬਲਿਹਾਰੀ ਗੁਰ ਆਪਣੇ, ਦਿਉਹਾੜੀ ਸਦਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ॥'੩੬੭।

---

੧. ਸਿਖਿਆ।

ਅਤੇ ਮਲੇਛ-ਭਾਖਾ ਫਾਰਸੀ ਪੜ੍ਹ ਕੇ ਕੁਰਾਨ ਕਤੇਬ ਦੀ ਸੋਭਾ ਕਰੇ।
ਜਾਂ ਪੱਖ ਤਤੇ ਦਾ ਰੱਖੇ ਤਾਂ ਅਪਨੇ ਧਰਮ ਥੀਂ ਹੋਇਆ ਵੱਖੇ।
ਧਰਮ ਅਪਨੇ ਹੀ ਹੈ ਨਾਲਿ ਜਾਣਾ। ਦੂਜੇ ਧਰਮ ਵਾਲੇ ਓੜਕ ਪਛੋਤਾਣਾ।੩੬੮।

ਸੰਮਤੁ ਸਤਾਰਾਂ ਸੈ ਸਤਵੰਜਾ ਜਬ ਗਏ। ਮਾਤਾ ਜੀਤੋ ਜੀ ਸੁਰਪੁਰਿ ਨੂੰ ਗਏ।
ਸਾਹਿਬ ਵੈਰਾਗ-ਵਿਰਕਤੀ ਬਹੁਤੁ ਕੀਤਾ। ਬੱਧੀ ਕੁਪੀਨ ਜਤ ਪੱਕਾ ਗਹਿ ਲੀਤਾ।੩੬੯।

ਸ਼ਾਸਤ੍ਰੋਕਤ ਸਭ ਕਰਮੁ ਕਰਾਏ। ਜੀਤ ਸਿੰਘ ਜੀ ਬੈਠੇ ਸਤਰੰਜੀ[1] ਪਾਏ।
ਚਾਰੇ ਸਾਹਿਬਜ਼ਾਦੇ ਆਹੇ ਕੇਸਾਧਾਰੀ।
ਭੱਦਣ ਨਾ ਕੀਤਾ, ਹੋਰ ਕਿਰਿਆ ਸਭ ਕੀਤੀ ਸਾਰੀ।੩੭੦।

ਫੁਲ ਹਰਿਸਰ ਦਿਤੇ ਪਠਾਇ। ਦਾਨਾ ਘਾਹੁ ਰਾਤਬ ਘੋੜਿਆਂ ਦਾ ਦਿਤਾ ਸਭ ਹਟਾਇ।
ਘੋੜੇ ਦੋਇ ਸੁਰਗ ਸਿਧਾਣੇ; ਤਾਂ ਦੀਵਾਨ ਆਗਿਆ ਲਈ ਕਹਿਆ : "ਦੇਹੁ ਘਾਹੁ ਦਾਣੇ"।੩੭੧।

ਸੱਤੀਂ ਮਹੀਨੀਂ ਸਿਖਾਂ ਲੱਕੋਂ ਕੁਪੀਨ ਖੁਲ੍ਹਾਈ। ਹਥ ਜੋੜਿ ਬਿਨਤੀ ਕਰਿ ਹੋਰ ਪਹਿਨਾਈ।
ਅਗਲੀ ਦੂਰ ਕਰਦੇ ਹੋਰੁ ਨਵੀਂ ਬੱਧੀ। ਐਸਾ ਵੈਰਾਗੁ ਕੀਤਾ ਦੇਹੀ ਹੋਇ ਗਈ ਅੱਧੀ।੩੭੨।

ਜੀ ਅਬੁਧਿ ਉਸ ਦੀ ਗਤਿ ਕੀ ਪਛਾਣਨਿ।
ਮਨ ਅਪਨੇ ਉਸ ਨੂੰ ਨਾਰਿ-ਬਿਓਗੀ ਜਾਣਨਿ।
ਸਿਖ ਰਉਤਾਸੋਂ ਡੋਲਾ ਹੋਰ ਲੈ ਆਏ।
ਸਾਹਿਬ ਦਿਤਾ ਜਬਾਬੁ, ਸਿਖ ਮੋੜਿ ਕੀਕੂੰ ਲੈ ਜਾਏ।੩੭੩।

ਸੇਵਕੀ ਦੇ ਭਾਇ ਰਹੀ ਮਾਤਾ ਸਾਹਿਬ ਦੇਵੀ।
ਸੋ ਨ ਵਿਆਹੀ, ਰਹੀ ਕੁਆਰੀ ਚਰਨ-ਸੇਵੀ।
ਅਤੇ ਦੀਵਾ ਦੇਖਣੋਂ ਸਾਹਿਬ ਤਿਆਗੁ ਅਗੇ ਹੀ ਹੈਸੀ ਕਰ ਦਿਤਾ।
ਜਿਸ ਦਿਨ ਦਾ ਜੱਗ-ਹੋਮ ਹੈਸੀ ਕੀਤਾ।੩੭੪।

ਸੋ ਕਾਰਨ ਦੀਵੇ ਦਾ ਹੈਸੀ ਕਿਆ ? ਜਗਤ ਦੇ ਦੀਵੇ ਆਹੇ ਪ੍ਰਾਤਿਸ਼ਾਹ।
ਸੋ ਨਾ ਦੇਖਣਾ, ਕਿਉਂ ਜੋ ਨਾਸ ਉਨ੍ਹਾਂ ਦਾ ਹੈਸੀ ਕਰਨਾ;
ਇਸ ਵਾਸਤੇ ਤਿਆਗੁ ਹੈਸੀ ਦੀਵੇ ਦਾ ਕੀਤਾ, ਜੋ ਪਾਤਸ਼ਾਹਾਂ ਨੂੰ ਪਵੇ ਮਰਨਾ।੩੭੫।

ਮਸਾਲਾਂ, ਦੁਸਾਖੇ ਸ਼ਮਾਦਾਨ। ਏਹੁ ਰੁਸ਼ਨਾਈ ਹੋਈ ਪਰਵਾਨ।
ਜਗੁ-ਹੋਮ ਸਾਹਿਬ ਕਰਿ ਉਠੇ ਆਹੇ। ਤਾਂ ਗ੍ਰੰਥ ਸੀ ਮੰਗ ਭਿਜਵਾਇਆ।
ਧੀਰਮੱਲ ਨ ਦਿਤਾ, ਜਬਾਬੁ ਮੋੜਿ ਪਠਾਇਆ[2]।੩੭੬।

ਸਾਹਿਬ ਰਸਨੀਂ ਲਗੇ ਹੋਰੁ ਉਚਾਰ ਕਰਨ।
ਸਮੁੰਦ-ਸਾਗਰ 'ਗ੍ਰੰਥ ਜੀ' ਰਸਨੀਂ ਸਾਹਿਬ ਦੀ ਹੋਰ ਲਗਾ ਬਣਨ।
ਸੋ ਬਡਾ ਆਕਾਰ ਗ੍ਰੰਥ ਜੀ ਦਾ ਬਨਿਆ।
ਇਕਾਨਵੇ ਸਤਰਾਂ ਤਿਸ ਦੀਆਂ ਮੈਂ ਭੀ ਗਨਿਆ।੩੭੭।

---

੧. ਦਰੀ, ਚਟਾਈ। ੨. ਧੀਰਮੱਲ ਤਾਂ ਮੁਗਲਾਂ ਦੀ ਕੈਦ ਵਿਚ ਹੀ ਕਿਲ੍ਹਾ ਰਣਥੰਭੋਰ ਵਿਚ ਮੱਘਰ ੧੭੩੪ ਬਿ: ਨੂੰ ਦੇਹਾਂਤ ਪਾ ਗਿਆ ਸੀ।

ਸੰਮਤ ਸਤਾਰਾਂ ਸੈ ਅਠਵੰਜੇ ਸੋ ਗ੍ਰੰਥ ਜੀ ਨਦੀ ਪ੍ਰਵਾਹਿਆ।
ਕੋਈ ਕੋਈ ਪੱਤਰਾ ਤਿਸ ਗ੍ਰੰਥ ਜੀ ਦਾ ਸਿਖਾਂ ਨੂੰ ਹਥਿ ਆਇਆ।
ਅਤੇ ਦੂਜਾ ਗ੍ਰੰਥ ਜੀ ਹੋਰ ਸਾਹਿਬ ਉਚਾਰ ਕੀਤਾ।
ਉਸ ਵਿਚਿ ਬਾਣੀ ਹੋਰੁ, ਇਸ ਵਿਚਿ ਹੋਰ, ਵਖੋ ਵਖ ਕਰਿ ਲੀਤਾ।੩੭੮।

ਇਸ ਵਿਚਿ 'ਅਵਤਾਰ ਲੀਲਾ' ਲਿਖੀ ਸੀ ਸਪੂਰਨ।
ਉਸ ਵਿਚਿ ਹੋਰ ਅਚਰਜ ਲਿਖਿ ਕੀਤਾ ਸੀ ਪੂਰਨੁ।
ਜਿਲਦ ਦੁਹਾਂ ਦੀ ਨਹੀਂ ਸੀ ਹੋਈ।
ਸੱਤਿ ਪਤ੍ਰੇ ਉਸ ਗ੍ਰੰਥ ਦੇ ਦਿੱਲੀ ਪੜੇ ਹੈਸਨ, ਅਸਾਂ ਭੀ ਡਿਠੇ ਸੋਈ।੩੭੯।

ਪੰਜ ਪੱਤ੍ਰੇ ਲਹੌਰ ਇਕ ਸਿਖ ਪਾਸ ਭੀ ਆਹੇ। ਅਨੂਣੀ ਤਹਿ ਕੀਤੀ, ਬੱਧੇ ਰੁਮਾਲੇ ਮਾਹੇ।
ਇਸ ਗ੍ਰੰਥ ਦੂਜੇ ਦੀਆਂ ਭੀ ਸੰਚੀਆਂ ਖਿੰਡ ਗਈਆਂ।
ਜੁਧ-ਲੜਾਈ ਕਰਕੇ ਕਿਧਰੇ ਕਿਧਰੇ ਸੇ ਗਈਆਂ।੩੮੦।

ਏਹੁ ਗ੍ਰੰਥ 'ਅਉਤਾਰ ਲੀਲ੍ਹਾ'[1] ਦਾ ਜੋ ਹੈਸੀ;
ਸੋ ਭਾਈ ਮਨੀ ਸਿੰਘ ਮੁਸੱਦੀ ਜਾਤਿ ਕੰਬੋਉ ਹੋਰਾਂ, ਇਕੱਠਾ ਕਰਵਾਇਆ।੩੮੧।

ਸੰਮਤ ਸਤਾਰਾਂ ਸੈ ਬਿਆਸੀ ਜਬ ਗਏ।
ਤਬ ਭਾਈ ਮਨੀ ਸਿੰਘ ਜੀ ਦੂਜੇ ਅੰਮ੍ਰਿਤਸਰ ਆਵਤ ਭਏ।
ਦੂਜਾ ਅੰਮ੍ਰਿਤਸਰ ਜੀ ਚੋਲੇ ਬਾਗ ਵਿਚਿ ਹੈ ਬਣਿਆ।
ਭਾਈ ਮਨੀ ਸਿੰਘ ਜੀ ਮੁਸੱਦੀ ਸਿਖ ਸਿਖਾਂ ਵਿਚ ਗਣਿਆ।
ਸੋ ਸਿਖ ਬਹੁਤੁ ਹੀ ਮਾਇਆ ਲੈ ਕੇ ਹੈਸੀ ਆਇਆ।
ਸਿਖਾਂ ਨੂੰ ਦੇ ਖਰਚ ਰੁਪਏ ਬਾਣੀ ਢੂੰਢਾਇਆ।੩੮੨।

ਖਾਸ ਦਸਖਤੀ ਪੱਤ੍ਰੇ ਲਿਖ ਹਥਿ ਆਏ।
ਉਨ੍ਹਾਂ ਪੱਤ੍ਰਿਆਂ ਦੇ ਬਰੋਬਰ ਨਾਲ ਸਭ ਬਾਣੀ ਹੋਰ ਲਈ ਲਿਖਾਇ[2]।
ਇਤਨੀ ਵਧੀਕ ਗੱਲ ਉਸ ਪਾਸਹੁੰ (ਸੀ) ਹੋਈ।
ਜੋ ਭਗਤ-ਬਾਣੀ ਆਦਿ ਗ੍ਰੰਥ ਦੀ ਜੁਦਾ ਕਰਿ ਲਿਖੀ ਸੋਈ।੩੮੩।

ਆਦਿ ਗ੍ਰੰਥ ਅਤੇ ਦਸਵੀਂ ਪਾਤਿਸ਼ਾਹੀ ਦਾ—ਦੋਵੇਂ ਗ੍ਰੰਥ ਇਕ ਕਰਾਇਆ।
ਆਦਿ ਵਿਚੋਂ ਭਗਤ-ਬਾਣੀ ਜੁਦਾ ਕਰਿ ਲਿਖਾਇਆ।
ਦੋਹਾਂ ਗ੍ਰੰਥਾਂ ਦੀ ਬੀੜ ਇਕ ਕਰਿ ਬੰਧਾਈ।
ਉਹ ਗ੍ਰੰਥ ਕਿਸੇ ਗਰੀਬ ਸਿਖ ਡਿਠਾ ਜਾਂਹੀ।੩੮੪।

ਦੇਖ ਪੜ੍ਹ ਕੇ ਸਿਖ ਐਸੇ ਬਚਨੁ ਕਰਿਆ:
ਕਹਿਆ: "ਭਾਈ ਸਿਖਾ! ਤੁਧ ਭਗਤ ਜੁਦੇ ਕਿਉਂ ਕਰਿ ਧਰਿਆ।
ਤੁਧੁ ਬੱਧੀ ਮ੍ਰਿਜਾਦਾ ਗੁਰੂ ਕੀ ਕੀਤੀ ਹੈ ਤ੍ਰੋੜੀ।
ਤੇਰੇ ਅੰਗੁ ਜੁਦਾ ਜੁਦਾ ਕੀਤੇ ਚਾਹੀਅਨ ਫੋੜੀ"।੩੮੫।

---

੧. ਬਚਿੱਤ੍ਰ ਨਾਟਕ ਤੋਂ ਭਾਵ ਹੈ। ੨. ਇਸ ਤੋਂ ਇਲਾਵਾ ਹੋਰ 'ਗੁਰੂ ਰਚਨਾਵਾਂ' ਇਕੱਤਰ ਕਰਕੇ ਦਸਮ ਗ੍ਰੰਥ ਤਿਆਰ ਕੀਤਾ।

ਤਬ ਭਾਈ ਮਨੀ ਸਿੰਘ ਹੋਰਾਂ ਐਸੇ ਸਿਖ ਨੂੰ ਕਹਿਆ:
"ਭਾਈ! ਭਗਤ ਹੈਨਿ ਗੁਰੂ ਦੇ ਨਫਰ, ਬਰੋਬਰ ਬੈਠੇ ਨ ਚਹਿਆ।"
ਤਬ ਸਿੱਖ ਨੇ ਐਸੇ ਬਚਨੁ ਹੈਸੀ ਕੀਤਾ: "ਜੋ ਖਾਵੰਦ ਨਫਰ ਨੂੰ ਕੁੱਛੜ ਲੈ ਲੀਤਾ।੩੮੬।

ਅਤੇ ਵਧਾਇਆ, ਅਪਣੇ ਪਾਸ ਬੈਠਾਇਆ। ਤਾ ਤੂ ਖਾਵੰਦ ਪਾਸੋਂ ਨਫਰ ਨੂੰ ਦੇਸੇਂ ਉਠਾਇਆ?"
ਭਾਈ ਮਨੀ ਸਿੰਘ ਜੀ ਚੁਪ ਕਰਿ ਗਏ।
ਕਹੇ: "ਜੀ ਬਚਨ ਤੁਸਾਡੇ ਅੰਗ ਮੇਰੇ ਜੁਦਾ ਜੁਦਾ ਹੋਇ ਰਹੇ।੩੮੭।

ਸਿਖੀ ਬਖਸ਼ੋ ਸਾਸਾਂ ਨਾਲਿ ਨਿਭੇ ਮੇਰੀ"। ਸਿਖ ਬਚਨ ਕੀਤਾ, ਸਿਖੀ ਅਚਲ ਹੈ ਤੇਰੀ।
ਸੋ ਸਿਖ ਦੇ ਬਚਨ ਕਰਿ ਅੰਗੁ ਅੰਗੁ ਉਨ੍ਹਾਂ ਦੇ ਜੁਦਾ ਹੋਇ।
ਵਿਚਿ ਲਹੌਰ ਪਕੜੇ ਆਏ, ਜਾਨਤ ਹੈ ਸਭ ਕੋਇ।੩੮੮।

ਸੰਮਤੁ ਸਤਾਰਾਂ ਸੈ ਪਚਵੰਜੇ, ਸਿਖਾਂ ਬਿਨਤੀ ਸਾਹਿਬ ਅਗੇ ਸੀ ਕੀਤੀ।
"ਗਰੀਬ ਨਿਵਾਜ਼! ਜੋ ਬਚਨ ਹੋਵੈ ਤਾਂ ਦੋਹਾਂ ਗ੍ਰੰਥਾਂ ਦੀ ਜਿਲਦ ਇਕ ਚਹੀਐ ਕਰਿ ਲੀਤੀ।"
ਸਾਹਿਬ ਬਚਨ ਕੀਤਾ: "ਆਦਿ ਗੁਰੂ ਹੈ ਗ੍ਰੰਥ। ਇਹ ਅਸਾਡੀ ਹੈ ਖੇਡ, ਜੁਦਾ ਰਹੇ ਮਨ ਮੰਥ।੩੮੯।

ਦੁਸਹਰੇ ਦੇ ਦਿਨ ਪੂਜਾ ਸ਼ਸਤ੍ਰਾਂ ਦੀ ਕਰਨ। ਚੰਡੀਪਾਠ ਕੀਤਾ ਰਸਨਾ ਦਾ ਉਚਾਰਨ।
ਧੂਪ ਦੀਪ, ਪੁਸ਼ਪ, ਬਹੁਤ ਹੋਵੈ ਸੁਗੰਧਿ। ਕੇਸਰ, ਚੰਦਨ, ਚਉਰ ਝੁਲੰਤ।੩੯੦।

ਆਦਿ ਗ੍ਰੰਥ ਜੀ ਦਾ ਪਾਠ ਨਿਤ ਕਰੀਐ। ਲੰਗਰ-ਚਉਂਕੇ ਚਰਨ ਧੋਇ ਕੈ ਚੜ੍ਹੀਐ।
ਚਉਂਕੇ ਤੇ ਬਾਹਰਿ ਅਨਾਜ ਮੁਖ ਨ ਲਾਈਐ।
ਜਲ-ਸੁਖਾ ਸ਼ਰਬਤ ਪੀਚੈ, ਅਨਾਜ ਮੁਖ ਨ ਲਾਈਐ।੩੯੧।

ਜਗਿਉਪਵੀਤ ਤ੍ਰੈ ਉਰਿ ਧਾਰੈ। ਇਕ ਸੂਤ੍ਰ ਦਾ ਸਦਾ ਰਹੈ ਸ਼ਿੰਗਾਰੈ।
ਇਕ ਰੇਸ਼ਮੀ, ਸਪਤ ਸਲੋਕੀ ਜਿਸ ਵਿਚਿ ਬਣੀ ਗੀਤਾ।
ਤੀਜਾ ਸ੍ਵਰਨ ਦਾ ਗੌਂਦਵਾਂ ਕੀਤਾ।੩੯੨।

ਮਜਨ ਸਮੈ ਪੱਟ ਦਾ ਲਾਹਿ ਧਰੀਐ। ਮਜਨ ਕਰਕੇ ਫੇਰ ਅੰਗ ਧਰੀਐ।
ਸੰਮਤੁ ਸਤਾਰਾਂ ਸੈ ਉਨਾਹਟ ਜਬ ਭਏ। ਮੇਲਾ ਵਿਸਾਖੀ ਦਾ ਆਇ ਗਏ।੩੯੩।

ਸਿਖ ਸੰਗਤਿ ਤਬ ਬਹੁਤੀ ਆਈ। ..... ..... ।
ਆਇ ਹਜੂਰਿ ਅਰਦਾਸ ਕਰਾਈ। ਵਸਤੂ ਬਹੁਤੁ ਅਨੂਪ ਸੀ ਆਈ।੩੯੪।

ਇਕ ਜਨਾਵਰ ਰੁਪੈ[੧] ਦੀ ਤਾਰ ਦਾ ਗੋਂਦਵਾਂ ਟੁਰਦਾ ਫਿਰੇ।
ਦਾਣੇ ਚੁਗੇ, ਅਤੇ ਨਾਲੇ ਵਿਠੁ ਕਰੇ।
ਰਾਜੇ ਹਰੀ ਚੰਦ ਦੇਖ ਕੇ, ਸੋ ਜਨਾਵਰ ਮੰਗਿਆ।
ਬਚਨ ਕੀਤਾ: "ਜੇ ਹੁਣ ਦੇਂਦੇ ਹਾਂ ਤਾਂ ਸਿਖ ਦਾ ਦਿਲ ਹੋਇ ਜਾਸੀ ਭੰਗਿਆ[੨]।੩੯੫।

ਮੇਲਿਓਂ ਬਾਅਦ ਤੁਸਾਂ ਲੈ ਜਾਣਾ।" ਰਾਜੇ ਹਰੀ ਚੰਦ ਦਾ ਮੁਹੁ ਕੁਮਲਾਣਾ।
ਫੇਰ ਦੂਜੇ ਦਿਨ ਰਾਜੇ ਹਰੀ ਚੰਦ ਕੀਤੀ ਅਰਦਾਸ, ਹਥ ਜੋੜਿ ਸਾਹਿਬ ਦੇ ਚਰਨਾਂ ਪਾਸ।੩੯੬।

---

੧. ਚਾਂਦੀ ਦੀਆਂ ਤਾਰਾਂ ਨਾਲ ਬਣਾਇਆ ਪੰਛੀ। ੨. ਦੁਖੀ, ਭੰਗ।

"ਜਨਾਵਰੁ ਮੈਨੂੰ ਕ੍ਰਿਪਾ ਕਰ ਕੇ ਦੀਜੈ। ਬਾਰ ਬਾਰ ਬਿਨਤੀ ਸੁਨ ਲੀਜੈ।"
ਜਨਾਵਰ ਸਾਹਿਬਜ਼ਾਦੇ ਫਤੇ ਸਿੰਘ ਜੀ ਲੈ ਗਏ। ਰਾਜਾ ਹਰੀਚੰਦ ਮੰਗ ਹਾਰ-ਥੱਕ ਪਏ।੩੯੭।

'ਡੋਗਰੇ'[੧] ਸਭ ਰਹਿੰਦੇ ਆਹੇ ਚਰਨਾਂ ਪਾਸ। ਕਰਦੇ ਚਾਕਰੀ, ਲੈਂਦੇ ਰੁਪਯੇ ਤਲਬਾਂ ਤਾਸ।
ਚਾਰ ਕੁੰਟ ਦਾ ਪਦਾਰਥ ਸਾਹਿਬ ਪਾਸ ਆਵੈ। ਜੋ ਕੋਈ ਮੰਗੇ, ਸੋਈ ਲੈ ਜਾਵੈ।੩੯੮।

ਰਾਜਾ ਮੰਗਿ ਮੰਗਿ ਹੋਇਆ ਸ਼ਰਮਿੰਦਾ। ਮਨ ਰਾਜੇ ਦੇ ਗਈ ਗ਼ੈਰਤਿ ਮੂੰਹੁ ਕੀਤਾ ਮੰਦਾ।
ਦੂਜੇ ਦਿਨ ਉਠਿ ਗਿਆ ਅਪਨੇ ਧਾਮ। ਰਾਜੇ ਜਾਇ ਇਹੁ ਕੀਤਾ ਕਾਮ।੩੯੯।

ਨਾਲਿ ਕਹਿਲੂਰੀਏ ਜਾਇ ਕੀਤੀ ਸਲਾਹ। ਇਹ ਏਥੇ ਰਿਹਾ ਨਹੀਂ ਭਲਾ ਗੁਰੂ ਵਾਹ।
ਇਹ ਹੋਰੁ ਦਸਾਂ ਦਿਨਾਂ ਨੂੰ ਅਸਾਨੂੰ ਦੇਸੀ ਕਢਿ। ਤੁਸੀਂ ਇਸ ਨਾਲ ਮਿਲਣਾ ਦਿਓ ਛੱਡਿ।੪੦੦।

ਏਹੁ ਕਹਿਲੂਰੀਏ, ਕਟੋਚੀਏ, ਨਾਲਿ ਹਡੂਰੀਆ ਮਨਸੂਬਾ ਕਰਦਾ ਫਿਰੇ।
ਸਭ ਕਟੋਚੀਏ, ਕਹਿਲੂਰੀਏ, ਹੰਡੂਰੀਏ ਸਾਹਿਬ ਪਾਸੋਂ ਮੁੜੇ।
ਰਲ ਕਰਿ ਏਨਾ ਅਉਰੰਗੇ ਨੂੰ ਕਾਗਦਿ ਲਿਖਿ ਪਠਾਏ:
"ਇਕ ਤੁਸੀਂ ਹੋ ਬਾਦਸ਼ਾਹ, ਇਕ ਹੋਰੁ ਏਥੇ ਸੱਚਾ ਬਾਦਸ਼ਾਹ ਅਖਾਏ"।੪੦੧।

ਸੰਮਤ ਸਤਾਰਾਂ ਸੈ ਸੱਠ ਜਬ ਬੀਤੇ। ਤਬ ਸਾਹਿਬ ਦੇ ਇਹ ਗਲਿ ਆਈ ਜੀ ਤੇ:
ਜੋ ਪੰਥ ਨੂੰ ਰਾਜ ਦਿੱਤਾ ਚਾਹੀਐ। ਕਿਹੜੀ ਕਉਮ ਅਗੇ ਕਰਿ ਬਹਾਈਐ।੪੦੨।

ਖਤ੍ਰੀ ਬ੍ਰਹਮਨ ਸੂਦ ਵੈਸ ਚਾਰੇ ਬਰਨ। ਸਭੇ ਪੰਥ ਗੁਰੂ ਕੇ ਵਿਚਿ ਆਏ ਗੁਰੂ ਕੀ ਸਰਨਿ।
ਇਨ੍ਹਾਂ ਵਿਚੋਂ ਰਾਜ-ਮੁਖਿ ਅਗੇ ਕਉਨ ਕਰੀਏ।
ਜਿਸ ਨੂੰ ਦੇਵੈ ਦੇਵੀ, ਸੋਈ ਅਗੈ ਕਰਿ ਧਰੀਏ।੪੦੩।

ਤਾਂ ਸਾਹਿਬ ਕਨਾਤ ਤਨਾਈ। ਕੀਤਾ ਪੜਦਾ ਅਤੇ ਸਿਖਾਂ ਨੂੰ ਕਹਿਆ ਸੁਨਾਈ।
"ਭਾਈ ਸਿਖੋ! ਅਸਾਂ ਤ੍ਰੈ ਸਰੀਰੁ ਦੇਣੇ ਹੈਨਿ ਦੇਵੀ ਦਾ ਬਲੁ।
ਜੋ ਸਰੀਰੁ ਨ ਕਰੇ ਪਿਆਰਾ, ਸੋ ਸਿਰੁ ਦਿਓ ਆਇ ਚਲੁ"।੪੦੪।

ਇਕ ਸਿਖ ਆਹਿਆ ਹਥ ਜੋੜਿ।
ਬਚਨ ਕੀਤਾ: "ਸੀਸੁ ਹੈ ਦੇਣਾ, ਘਰੋਂ ਪੁਛਿ ਆਉਂ ਦਉੜਿ।"
ਤਿਨ ਕਹਿਆ: "ਮੈਂ ਵਿਦਿਆ ਹੋਇ ਆਇਆ ਹਾਂ।"
ਬਚਨ ਕੀਤਾ: "ਲੈ ਜਾਓ ਇਸ ਨੂੰ ਤਹਾਂ"।੪੦੫।

ਅੰਦਰਿ ਜਾਇ ਸਿਖ ਨੂੰ ਬਹਾਇਆ। ਜਲ ਰੰਗੀਲ ਲੋਹੂ ਜੇਹਾ ਵੀਟਿਆ ਬਾਹਰਿ ਆਇਆ।
ਸਰਬਤਿ ਜਾਤਾ ਜੁ ਸਿਖ ਮਾਰਿਆ।
'ਦੁਇ ਸਿਖ ਹੋਰੁ ਬਲਿ ਦੇਣੇ ਹੈਨਿ' ਸਾਹਿਬ ਉਚਾਰਿਆ।੪੦੬।

ਦੂਜੇ ਵਾਰੀ ਹੋਰ ਸਿਖ ਇਕ ਆਇਆ। ਉਸੇ ਤਰ੍ਹਾਂ ਉਹ ਭੀ ਅੰਦਰਿ ਬਹਾਇਆ।
ਅਤੇ ਜਲ ਰੰਗੀਲ ਰੰਗ ਲੋਹੂ ਜੇਹਾ ਵੀਟਨ ਕੀਤਾ।
ਲੋਹੂ ਬਾਹਰਿ ਆਇਆ, ਸਭ ਨੇ ਦੇਖ ਲੀਤਾ।੪੦੭।

---

੧. ਪਹਾੜੀਏ।

ਤੀਜੇ ਪਹਿਰੁ ਹੋਰ ਸਿਖ ਆਇਆ ਤੀਜਾ। ਅੰਦਰਿ ਕਨਾਤ ਦੇ ਗਿਆ ਉਹੁ ਭੀ ਜਾਂ।
ਦੀਵਾਨ ਹਥ ਜੋੜ ਕੇ ਕਹਿਆ: "ਗਰੀਬ ਨਿਵਾਜ਼! ਤ੍ਰੈ ਸਿਖ ਹੋਇ ਰਹਿਆ" ।੪੦੮।

ਦੀਵਾਨ ਬੇਨਤੀ ਕੀਤੀ ਆਹੀ ਜਾਂ ਦੋਇ ਸਿਖ ਹੋਰੁ ਆਏ।
ਬਚਨ ਕੀਤਾ: "ਭਾਈ! ਜਿਸ ਨੂੰ ਮਾਤਾ ਦੇਵੈ, ਸੋਈ ਲੈ ਜਾਏ।"
ਕਨਾਤ ਪੜਦਾ ਦਿੱਤਾ ਦੂਰ ਕਰਾਏ। ਉਹ ਤਿੰਨੇ ਸਿਖ ਸਾਬਤ ਨਿਕਲ ਆਏ ।੪੦੯।

ਤ੍ਰੈ ਸਿਖ ਉਹੁ, ਅਤੇ ਦੁਇ ਪਿਛਲੇ। ਪੰਜੇ ਖੜੇ ਕੀਤੇ ਰੋਬਰੋ ਸੰਗਤਿ ਦੇ ਵਿਚਿ ਤੇ।
ਪਹਲੇ ਨੂੰ ਪੁੱਛਿਆ: "ਸਿਖਾ! ਕੀ ਬਰਨ ਹੈ ਤੇਰਾ?"
ਤਿਨ ਕਹਿਆ: "ਜੀ ਜ਼ਿਮੀਦਾਰ ਬਰਨ ਹੈ ਮੇਰਾ" ।੪੧੦।

ਦੂਜੇ ਨੂੰ ਪੁੱਛਿਆ, ਤਿਨ ਭੀ ਜ਼ਿਮੀਦਾਰ ਕਹਿਆ। ਤੀਜੇ ਨੂੰ ਪੁੱਛਿਆ, ਸੋ ਅਰੋੜ ਬੰਸ ਲਹਿਆ।
ਪਿਛਲੇ ਦੋਨੋ ਪੁੱਛੇ, ਇਕ ਖਤ੍ਰੀ ਇਕ ਤ੍ਰਖਾਨ-ਲੁਹਾਰ।
ਪੰਜ ਪਰਵਾਨ, ਪਰ ਜਿਸ ਨੂੰ ਦੇਵੈ ਕਰਤਾਰ ।੪੧੧।

ਅਗੇ ਆਏ, ਅਗੇ ਹੋਏ, ਕਲਜੁਗ ਰਾਜ ਸੂਦ੍ਰ ਪਰਵਾਨ। ਸੰਗ ਦੁਹਾਂ ਦੇ ਤੀਨੋ ਜਾਨ।
ਮੁਖ ਭਏ ਦੋਊ, ਤੀਨ ਮਿਲੇ ਸਾਥ। ਸਭ ਕੁਛ ਹੈ ਮਾਤਾ ਦੇਵੀ ਕੇ ਹਾਥਿ ।੪੧੨।

ਇਸ ਜੁਗਤਿ ਕਰਿ ਰਾਜ ਸੂਦ੍ਰ-ਗ੍ਰਿਹਿ ਆਇਆ। ਦੇਵੀ ਦਾ ਕੀਤਾ ਜੋ ਸਕੇ ਨ ਮਿਟਾਇਆ।
ਨਾਲਿ ਰਾਜਿਆਂ ਦੇ ਭਈ ਅਜੋੜ। ਰਾਜੇ ਚੜ੍ਹੇ ਫਉਜਾਂ ਜੋੜਿ ।੪੧੩।

ਅਉਰੰਗਾ ਸੀ ਉਤਰਿਆ ਅਉਰੰਗਾਬਾਦ। ਰਾਜੇ ਲਿਖਣ ਖਤ ਪੁਰ ਕਰਿ ਕਰਿ ਫਿਰੀਆਦ।
ਸਾਹਿਬ ਅਨੰਦਪੁਰ ਬੈਠੇ ਫਉਜਾਂ ਰੱਖਿ। ਰਾਜੇ ਸਭ ਕਰਿ ਗਏ ਆਪਸ ਵਿਚਿ ਇਕੱਠ ।੪੧੪।

ਇਕ ਦਿਨ ਸਾਹਿਬ ਐਸੇ ਬਚਨ ਸੁਨਾਏ: "ਭਾਈ ਸਿਖੋ! ਜਦਿ ਅਸੀਂ ਮਾਨਸਰਿ ਸੇ ਆਏ।
ਕੋਈ ਸਿਖ ਨਾਲਿ ਤਦੋਂ ਅਸਾਡੇ ਓਥੇ ਆਹਾ?" ਸਭ ਚੁਪ ਕਰਿ ਗਏ, ਬੋਲਿਓ ਕੋਈ ਨਾਹਾ ।੪੧੫।

ਫੇਰ ਦੂਜੇ ਦਿਨ ਜਬ ਲਗਾ ਦਰਬਾਰੁ। ਤਬ ਸਾਹਿਬ ਕੀਤਾ ਬਹੁਰਿ ਉਚਾਰੁ:
"ਭਾਈ ਸਿਖੋ! ਜਦਿ ਅਸੀਂ ਮਾਨਸਰਿ ਸੇ ਆਏ।
ਕੋਈ ਸਿਖ ਅਸਾਡੇ ਨਾਲਿ ਹੈਸੀ, ਉਸ ਥਾਂਏ?" ੪੧੬।

ਸਭ ਚੁਪਕੇ ਹੋਇ ਗਏ। ਕੋਈ ਨਾਲਿ ਹੋਵੈ, ਤਾਂ ਕਹੈ।
ਇਸੇ ਤਰ੍ਹਾਂ ਤੀਜੇ ਦਿਨ ਸਾਹਿਬ ਕੀਤਾ ਉਚਾਰੁ।
ਤਾਂ ਇਕ ਸਿਖ ਗਰੀਬ ਬੋਲਿਆ ਵਿਚਿ ਦਰਬਾਰੁ ।੪੧੭।

ਕਹਿਆ, "ਜੀ ਦਾਸ ਉਸ ਵੇਲੇ ਆਹਾ ਚਰਨਾਂ ਪਾਸ।"
ਬਚਨ ਕੀਤਾ, "ਦੇਹੁ ਕੋਈ ਪਤਾ ਤੇਰਾ ਲਿਬਾਸ"।
ਤਿਨ ਕਹਿਆ: "ਜੀ ਹੰਸ ਅਉਤਾਰ ਹੋਇਕੇ ਉਥੇ ਹੈਸਨਿ ਆਨਿ ਰਹੇ।
ਮਾਨਸਰ-ਸੁਤ ਸਾਹਿਬ ਨੂੰ ਸਭ ਉਥੇ ਕਹੇ" ।੪੧੮।

ਮਾਤਾ ਸੰਖਾਵਤੀ ਦੇ ਉਦਰੋਂ, ਉਥੇ ਸਾਹਿਬ ਭਏ। ਥਾਨ ਦੁਆਰਕਾ ਸਾਹਿਬ ਉਥੋਂ ਗਏ।
ਨਾਮ ਸਾਹਿਬ ਦਾ ਆਹਾ ਸਿਧ ਪ੍ਰਬੀਨ ।੪੧੯।

ਸੰਖਾਸੁਰ ਮਰਦਨ ਸਾਹਿਬ ਆਹਾ ਕੀਤਾ। ਨਿਗਮ ਬਿਰੰਚ ਕੋ ਸਾਹਿਬ ਆਇ ਦੀਤਾ।
ਸਾਹਿਬ ਕਾਰਜ ਕਰ ਕੇ ਪਿਤਾ ਤਟਿ ਆਏ। ਪਿਤਾ ਮਾਨਸਰ ਕੰਠਿ ਲਗਾਏ।੪੨੦।

ਸਭੋ ਹੰਸ ਆਇ ਲੱਗੇ ਚਰਨੀਂ। ਸਭਨਾਂ ਆਹੀ ਸਾਹਿਬ ਦੀ ਸੇਵਾ ਕਰਨੀ।
ਬਿਜ ਬੀਜ ਕੇ ਰੱਖਕ ਸਾਹਿਬ ਭਏ। ਚਰਨ-ਸੇਵ ਕਰਿ ਬਹੁਤਿਆਂ ਫਲੁ ਲਏ।੪੨੧।

ਇਕ ਦਿਨ ਸਾਹਿਬ ਕੀਤਾ ਇਸਨਾਨ। ਇਕ ਮੀਨ ਨ੍ਹਾਨੀ ਆਇ ਚਰਨੀਂ ਲਗੀ ਮਲ ਖਾਨ।
ਤਿਸ ਮੀਨ ਨੂੰ ਤ੍ਰਿਲੋਕੀ ਦੀ ਖਬਰ ਹੋਇ ਗਈ। ਸੋ ਮੀਨ ਤਹਾਂ ਦੀਰਘ ਹੋਤੀ ਭਈ।੪੨੨।

ਅਤੇ ਜੀ! ਮੈਂ ਸਭਨਾ ਹੰਸਾਂ ਦਾ ਆਹਾ ਦਾਸੁ। ਸਭਨਾ ਮੇਰੇ ਅਗੇ ਕੀਤੀ ਅਰਦਾਸੁ।
ਹੇ ਭਾਈ! ਅਸੀਂ ਅੱਗੇ ਪਿੱਛੇ ਜਾਈਐ ਕਹੀਂ। ਤੂ ਸਾਹਿਬ ਦੇ ਚਰਨਾਂ ਪਾਸ ਖੜਾ ਰਹੀਂ।੪੨੩।

ਕਾਰ ਫੁਰਮਾਇਸ ਟਹਲ ਜ਼ਿੰਮਾ ਤੇਰਾ। ਮੈਂ ਕਹਿਆ: "ਸਰੀਰੁ ਪਵਿੱਤਰ ਹੋਇਆ ਮੇਰਾ।"
ਇਕ ਦਿਨ ਆਪ ਬਚਨ ਹੈਸੀ ਮੈਨੂੰ ਕਹਿਆ:
"ਭਾਈ ਤੂ ਕਉਣ ਹੈਂ, ਜੋ ਅਠੇ ਪਹਿਰ ਹਾਜ਼ਰ ਅਸਾਡੇ ਰਹਿਆ"।੪੨੪।
ਮੈਂ ਬਿਨਤੀ ਤਬ ਆਪ ਪਾਸ ਐਸੇ ਕੀਤੀ: "ਜੀ ਮੈਂ ਹੰਸਾਂ ਦਾ ਦਾਸ, ਟਹਲ ਮੈ ਸਿਰ ਲੀਤੀ।"
ਆਪ ਬਚਨ ਤਬ ਐਸੇ ਉਚਾਰਾ: "ਤੂ ਹੈਂ ਹੰਸਾਂ ਦਾ ਸਿਰਦਾਰ ਸਾਰਾ"।੪੨੫।

ਆਪਦੇ ਬਚਨ ਕਰਿ ਮੈਂ ਹੰਸਾਂ ਦੀ ਸਿਰਦਾਰੀ ਪਾਈ। ਸੋ ਸਿਰਦਾਰੀ ਮੈ ਬਹੁਤ ਕਾਲ ਕਮਾਈ।
ਏਕ ਸਮੇ ਉਹੁ ਮੀਨ ਮੇਰੇ ਦਰਸਨ ਨੂੰ ਆਈ। ਮੈਂ ਉਸ ਮੀਨ ਪਾਸੋਂ ਦੁਰਗੰਧਿ ਅਤਿ ਪਾਈ।੪੨੬।

ਮੈ ਉਸ ਨੂੰ ਕਹਿਆ: "ਹੇ ਨੀਚ ਅਜਾਨ! ਤੂ ਕਿਉ ਆਈ ਹੈਂ ਮੇਰੇ ਦੁਰਗੰਧ ਕੀ ਖਾਨ।"
ਤਿਨ ਕਹਿਆ: "ਨੀਚ ਹੈ ਸੋਈ, ਜੋ ਕਿਸੇ ਨੂੰ ਕਹੀ। ਮੈ ਤਾਂ ਤੇਰੇ ਦਰਸਨ ਨੂੰ ਆਈ ਅਹੀ।
ਤੁਧ ਉਸ ਪੁਰਖੁ ਤੇ ਦਾਤ ਹੈ ਪਾਈ"।੪੨੭।

ਮੈਂ ਕਹਿਆ: "ਤੂੰ ਉਸ ਪੁਰਖੁ ਨੂੰ ਕੈਸੇ ਹੈ ਜਾਨਤ?"
ਤਿਨ ਕਹਿਆ: "ਮੈਂ ਉਸੀ ਕੇ ਪ੍ਰਤਾਪ ਤੁਝੇ ਕੋ ਪਛਾਨਤ।
ਤੂ ਤੋ ਸਰਬ ਹੰਸੋਂ ਕਾ ਦਾਸ। ਉਸੀ ਕੀ ਕ੍ਰਿਪਾ ਕਰਿ ਤੇਰਾ ਭਇਆ ਹੈ ਪ੍ਰਕਾਸ਼।੪੨੮।

ਤੈਂ ਨੇ ਟਹਲ ਤੇ ਏਹ ਪਦਵੀ ਪਾਈ। ਮੈਂ ਚਰਨੀਂ ਉਸ ਪੁਰਖੁ ਦੀ ਲਾਗੀ ਥੀ ਜਾਈ।
ਉਸ ਕੇ ਪ੍ਰਤਾਪ ਮੈ ਤੇਰੇ ਦਰਸਨ ਕੋ ਆਈ।"
ਤਬ ਮੈਂ ਕਹਿਆ: "ਅਬ ਤੈਨੇ ਨੀਚ ਪਦਵੀ ਮੁਝੇ ਦਿਵਾਈ।"
ਤਿਨ ਕਹਿਆ: "ਯਹਿ ਨੀਚ ਕਾ ਬਚਨ ਜੋ ਤੈਨੇ ਕਹਿਆ; ਸੋ ਮੈ ਨੀਚ ਹੋਇ ਹਾਂ ਰਹਿਆ।੪੨੯।

ਪਰ ਇਸ ਨੀਚ ਬਚਨ ਕੀ ਕਰ ਤੂ ਹਾਨਿ।"
ਤਿਨ ਕਹਿਆ: "ਉਹੀ ਪੁਰਖੁ ਹਾਨਿ ਕਰਿ ਦੇਵੈ ਦਾਨ।
ਉਸੀ ਪੁਰਖੁ ਤੀਰ ਤੂੰ ਜਾਹ। ਇਹ ਸਰਾਪ ਉਹੋ ਦੇਸੀ ਲਾਹੁ।੪੩੦।

ਤਬ ਮੈਂ ਇਸ ਲੋਕ ਹਾਂ ਆਇਆ। ਈਹਾਂ ਸੇ ਚਉਦਾਂ ਸੈ ਕੋਸ ਹੈ ਮੈਂ ਆਸਨ ਲਾਇਆ।
ਦੋ ਵਖਤ ਨਿਤ ਦਰਸਨ ਕੋ ਆਵਾਂ। ਦਰਸਨ ਪਾਇ ਤਹਾਂ ਮੁੜਿ ਜਾਵਾਂ।
ਕ੍ਰਿਪਾ ਕਰਿ ਯਹਿ ਸਰਾਪ 'ਨੀਚ' ਕਾ ਦੂਰ ਕਰੀਜੈ।
ਮੈ ਹਾਂ ਦਾਸ ਚਰਨਾਂ ਕਾ, ਯਹਿ ਦਾਨ ਦਾਸ ਕੋ ਦੀਜੈ"।੪੩੧।

ਤਬ ਸਾਹਿਬ ਐਸੇ ਬਚਨੁ ਤਿਸ ਨੂੰ ਕਹਿਆ: "ਜਿਚਰੁ ਪਿਛੇ ਤੂ ਇਥੇ ਤੋੜੀਂ ਆਂਵਦਾ ਹੈ ਰਹਿਆ।
ਇਚਰੁ ਸੇਵਾ ਹੋਰੁ ਕਮਾਇ। ਤਬ ਰਾਜ ਅਪਨਾ ਊਹਾਂ ਜਾਇ ਪਾਇ"।੪੩੨।

ਦੇਖਿ ਸੁਣਿ ਸਭ ਭਏ ਹੈਰਾਨ। ਐਸਾ ਪੂਰਨ ਦਸਵਾਂ ਪਾਤਿਸਾਹ ਮਾਨੁ।
ਇਕ ਦਿਨ ਸਿਖ ਨਦੀ ਤਟਿ ਮਜਨ ਆਹੇ ਕਰਦੇ। ਤੀਰ ਬ੍ਰਹਮਨ ਪੂਜਾ-ਪਾਠ ਸ਼ਾਸਤ੍ਰ ਪੜ੍ਹਦੇ।੪੩੩।

ਇਕ ਦਿਜ ਤਹਾਂ ਬਚਨੁ ਐਸੇ ਕਹਿਆ: "ਤ੍ਰੈ ਸੈ ਸਠਿ ਦਿਨ ਦਾ ਜਮ-ਮਾਰਗੁ ਹੈ ਰਹਿਆ।"
ਇਕ ਸਿਖ ਬਚਨੁ ਤਬ ਐਸੇ ਕੀਤਾ:
"ਜੋ ਗੁਰੂ ਭਾਵੈ, ਤਾਂ ਦਸਾਂ ਦਿਨਾਂ ਵਿਚਿ ਜਮ-ਮਾਰਗੁ ਜੀਤਾ"।੪੩੪।

ਦੂਜੇ ਸਿਖ ਤਬ ਐਸੇ ਕਹਿਆ: "ਜੋ ਗੁਰੂ ਭਾਵੈ ਤਾ ਚਾਰ ਦਿਨ ਵਿਚਿ ਨਿਬਹਿਆ।"
ਤੀਜੇ ਸਿਖ ਤਬ ਐਸੇ ਕਹਿਆ ਉਚਾਰਾ:
"ਜੇ ਗੁਰ ਭਾਵੈ, ਤਾਂ ਏਕ ਦਿਨ ਵਿਚਿ ਪਾਰ ਉਤਾਰਾ"।੪੩੫।

ਸੁਨਿ ਬ੍ਰਹਮਨ ਤਬ ਐਸੇ ਕਹਿਆ: "ਤ੍ਰੈ ਸੈ ਸਠਿ ਦਿਨ ਦਾ ਜਮੁ-ਮਾਰਗੁ ਪੱਕਾ ਹੈ ਰਹਿਆ।
ਇਸ ਮੈ ਤਫਾਵਤ[1] ਰੱਤੀ ਨ ਜਾਨੁ। ਸ਼ਾਸਤ੍ਰ ਲਿਖਿਆ ਹੈ, ਸੋ ਪਰਵਾਨ"।੪੩੭।

ਸਿੱਖਾਂ ਕਹਿਆ: "ਜੇ ਗੁਰੂ ਭਾ ਸੀ, ਤਾਂ ਦੇਸੀ ਨਿਬਾਹ।
ਸਾਨੂੰ ਵਾਹਗੁਰੂ ਲੈ ਜਾਸੀ ਸ਼ਿਤਾਬੀ ਦੇ ਰਾਹ।"
ਬ੍ਰਹਮਨ ਕਹਿਆ: "ਭਾਈ ਸਿਖੋ! ਚਲੋ ਸਤਿਗੁਰਾਂ ਦੇ ਪਾਸ।
ਜੋ ਕੁਛੁ ਤੁਸਾਡਾ ਸਤਿਗੁਰੂ ਕਰਸੀ, ਸੋਈ ਰਾਸਿ"।੪੩੮।

ਸਿਖ ਅਤੇ ਬ੍ਰਹਮਨ ਸਭ ਆਏ ਸਾਹਿਬ ਦੇ ਤੀਰੁ।
ਤਹਾਂ ਦਰਬਾਰੁ ਸੰਗਤਿ ਕੀ ਬਡੀ ਥੀ ਭੀੜ।
ਬ੍ਰਹਮਨ ਅਤੇ ਸਿਖ ਸਨਮੁਖ ਆਏ। ਜਿਉਂ ਕੇ ਤਿਉਂ ਕਹਿ ਬਚਨ ਸੁਨਾਏ।੪੩੯।

ਦਿਜੋਂ ਕਹਾ: "ਜੀ ਸ਼ਾਸਤ੍ਰ ਭੀ ਹੈਨਿ ਤੇਰੇ ਧਾਰੇ। ਅਤੇ ਸਿਖਾਂ ਐਸੇ ਬਚਨੁ ਉਚਾਰੇ।
ਭਾਵੈ ਸ਼ਾਸਤ੍ਰ ਨੂ ਤਰਕ ਦਿਵਾਈਐ। ਭਾਵੈ ਸਿਖਾਂ ਨੂੰ ਸਮਝਾਈਐ"।੪੪੦।

ਆਪ ਬਚਨ ਸਾਹਿਬ ਤਬ ਐਸੇ ਕਹਿਆ:
"ਸੁਆਮੀ! ਸ਼ਾਸਤ੍ਰ ਭੀ ਸਤਿ ਹੈ, ਅਤੇ ਸਿਖਾਂ ਭੀ ਸਚੁ ਹੈ ਲਹਿਆ।
ਤੁਸੀਂ ਹਿਰਦੇ ਕਰਿ ਦੇਖੋ ਬੀਚਾਰੁ।
ਜਿਸ ਰੁਪਯਾ ਕਿਸੇ ਦਾ ਦੇਣਾ ਹੋਵੈ ਸਉ, ਲਿਖਿਆ ਖ਼ਤ ਮੰਝਾਰ।੪੪੧।

ਅਤੇ ਰੁਪਯੇ ਅੱਸੀ ਹੋਵਨਿ ਪਿਠੀ ਪਏ; ਤਾਂ ਉਹ ਰੁਪਯੇ ਵੀਹ ਮੰਗੇ, ਕਿ ਸਉ ਲਏ?"
ਦਿਜਾਂ ਕਹਿਆ: "ਜੀ ਵੀਹ ਦੇਣੇ ਬਾਕੀ।"
ਬਚਨ ਕੀਤਾ: "ਜੋ ਨਬੇ ਪਿਠੀ ਪਏ ਆਖੀ"।੪੪੨।

ਦਿਜਾਂ ਕਹਿਆ: "ਜੀ ਦਸ ਦੇਣੇ ਰਹੇ।" ਬਚਨ ਕੀਤਾ: "ਜੋ ਛਿਆਨਵੇ ਪਿਠੀ ਪਏ ਲਹੇ?"
ਬਚਨ ਕੀਤਾ: "ਚਾਰ ਦੇ ਕੇ ਖਤ ਛਡੇ ਕਿਉਂ ਫਾਰ"।੪੪੩।

---

੧. ਫ਼ਰਕ।

ਦਿਜਾਂ ਕਹਿਆ: "ਜੀ ਸਤ ਮਹਾਰਾਜ।"
ਬਚਨ ਕਹਿਆ: "ਜੋ ਕਦਮੁ ਦਿਤੇ ਪਰ-ਸੁਆਰਥ ਦੇ ਕਾਜੁ।
ਸ਼ਵ ਨਾਲਿ ਸਿਸਕਾਰਨ ਮਸਾਨ ਗਿਆ। ਕਾਰਨ ਪਰ-ਸੁਆਰਥ ਉਠਿ ਮਾਰਗੁ ਪਇਆ।੪੪੪।

ਧਰਮਸਾਲ, ਸਾਧੂ-ਸੰਤ, ਤੀਰਥ, ਠਾਕੁਰ ਦੁਆਰੇ; ਇਨੀ ਅਸਥਾਨੀਂ ਜੋ ਕਦਮੁ ਧਾਰੇ।
ਕਥਾ-ਕੀਰਤਨ, ਹਰਿ ਚਰਚਾ, ਗੁਰੂ ਗਿਆਨ ਵਿਚਿ ਜੋ ਵਿਹਾਵੈ।੪੪੫।

ਪ੍ਰਭ ਜੀ ਤਿਲ ਨਹੀਂ ਭੰਨੇ ਘਾਲਿਆ। ਧਰਮ ਰਾਇ ਧਰਮ ਦੀ ਮੂਰਤਿ ਧਰਮ ਕਰਨੇ ਨੂੰ ਬਹਾਲਿਆ।
ਸ਼ਾਸਤ੍ਰ ਭੀ ਸਤਿ ਹੈ, ਅਤੇ ਸਿਖ ਭੀ ਹੈਨਿ ਸੱਚੇ।
ਜੋ ਨ ਸਮਝਸਨਿ, ਸੋਈ ਨਰ ਕੱਚੇ"।੪੪੬।

ਸਰਬਤ ਸੁਣ ਕੇ ਹੋਏ ਪ੍ਰਸੰਨ। ਬ੍ਰਹਮਨਾਂ ਕਹਿਆ: "ਤੂ ਧੰਨ ਜੀ ਧੰਨ।"
ਐਸੇ ਸਤਿਗੁਰੂ ਤੋਂ ਜਾਈਐ ਕੁਰਬਾਨ। ਜੋ ਮੁਸ਼ਕਲ ਸਭ ਕਰੇ ਅਸਾਨ।੪੪੭।

ਸੰਮਤ ਸਤਾਰਾਂ ਸੈ ਇਕਾਹਟਿ ਸੇ ਗਏ। ਮੇਲੇ ਵਿਸਾਖੀ ਦੇ ਸਿਖ-ਸੰਗਤਿ ਸਭ ਆਵਤ ਭਏ।
ਸਿਖ ਸੰਗਤਿ ਆਏ ਲੱਖ ਹਜ਼ਾਰ। ਸਭ ਤੇ ਊਚਾ ਸਾਹਿਬ ਕਾ ਦਰਬਾਰੁ।੪੪੮।

ਹਜ਼ੂਰਿ ਮੁਕਤੇ ਹੋਂਦੇ ਦਸ ਤੇ ਚਾਰੁ[੧]। ਹੱਛੇ ਸਿਖ ਰਹਿਤ-ਬਿਬੇਕ ਬੁਧਿ-ਬਿਚਾਰ।
ਸਿਖ ਸੰਗਤਿ ਦੇ, ਪਾਸ ਤਿਨ੍ਹਾਂ ਦੇ ਜਾਨ। ਉਹੁ ਅਗੇ ਤੇ ਏਹ ਕਰਤ ਬਖਾਨ।੪੪੯।

ਸਿੱਖੀ ਦੀ ਰਹਿਤ ਦਾ ਕਰਨ ਉਪਦੇਸ਼: "ਗੁਰੂ ਕਾ ਸਿੱਖ ਨਾਲਿ ਕਰੇ ਪਿਆਰੁ-ਹੇਤ' ਜਾਨੋ ਖੇਸ।
ਬ੍ਰਹਮੇ, ਮੁਹੰਮਦ ਕੀ ਕਾਨੁ ਨ ਕਰੇ। ਸਿਖ ਨਾਤਾ ਸਿਖ ਨਾਲਿ ਹੀ ਕਰੇ।੪੫੦।

ਜੰਞੂ, ਟਿੱਕਾ, ਚਉਂਕਾ, ਧੋਤੀ ਕਰੇ ਤਿਆਗੁ।
ਨਾ ਤਤੇ ਦੀ ਸੰਗਤਿ ਨ ਤਤੇ ਦੀ ਸੁਪਨੇ ਵਿਚਿ ਲਾਗੁ।
ਸਿਖ, ਨਾਤਾ ਸਿਖ ਨਾਲਿ ਕਰੇ, ਜਾਤਿ-ਬਰਨ ਕੁਛੁ ਪੂਛੇ ਨਹੀਂ।"
ਏਹ ਉਪਦੇਸ਼ ਮੁਕਤੇ ਕਰਨ ਸਹੀ।੪੫੧।

ਸਿਖ-ਸੰਗਤਿ ਸੁਣ ਕੇ ਕਰਨ ਬੀਚਾਰ। ਜੋ ਏਹੁ ਉਪਦੇਸ ਹੈ ਅਨਾਚਾਰ[੨]।
ਮੁਸੱਦੀਆਂ ਦੀਵਾਨਾਂ ਸਿਖਾਂ ਨੂੰ ਏਹ ਖਬਰ ਹੋਈ।
ਜੋ ਮੁਕਤਿਆਂ ਪਾਸ ਦੀਦਾਰ ਨੂੰ ਜਾਂਦਾ ਹੈ ਸਿਖ ਕੋਈ।੪੫੨।

ਤਿਸ ਨੂੰ ਏਹ ਉਪਦੇਸ਼ ਹੈਨਿ ਕਰਦੇ।
ਅਤੇ ਆਪ ਹੈਨਿ ਇਕੋ-ਮਿਕੇ, ਕਛੁ ਧਰਮੁ ਨਹੀਂ ਧਰਦੇ।
ਸਿੱਖਾਂ ਕਿਰਤੀਆਂ ਆਇ ਸੁਨਾਇਆ:
"ਜੇ ਏਹੁ ਬਿਬੇਕੁ ਅਸਾਥੋਂ ਨਹੀਂ ਜਾਂਦਾ ਕਮਾਇਆ।੪੫੩।

ਜੋ ਸਤਿਗੁਰੂ ਪੁਰਖੁ ਦੀ ਹੈ ਏਹੋ ਸਲਾਹ। ਤਾਂ ਆਪੇ ਸਿੱਖ-ਸੰਗਤਿ ਸਭ ਚਲਸੀ ਇਸੇ ਰਾਹ।
ਅਸੀਂ ਸਿਖ ਹਾਂ ਗੁਰੂ ਕੇ, ਜਾਤਿ ਬਰਨ ਹਾਂ ਧਰਦੇ।
ਬ੍ਰਹਮਨ ਸਿੱਖ, ਬ੍ਰਹਮਨ ਨਾਲਿ, ਖੱਤ੍ਰੀ ਖੱਤ੍ਰੀ ਨਾਲਿ ਨਾਤਾ ਕਰਦੇ।੪੫੪।

---

੧. ਦੇਖੋ ਮੇਰੀ ਪੁਸਤਕ 'ਗੋਬਿੰਦ ਸਾਗਰ' (ਚਾਲੀ ਮੁਕਤੇ) 1991। ੨. ਆਚਾਰ ਵਿਰੁੱਧ।

ਚਾਰੇ ਬਰਨ ਇਕ ਕੈਸੇ ਹੋਇ ਜਾਈਐ ?"
ਸੰਗਤਿ ਦੇ ਸਿਖ ਅਤੇ ਮੁਸੱਦੀਆਂ ਰਲਿ ਕੇ ਕੀਤੀ ਸਲਾਹ : "ਜੋ ਸਾਹਿਬ ਨੂੰ ਕਹਿਆ ਚਾਈਐ।"
ਪਹਿਲੇ ਮੁਸੱਦੀ ਸਿਖ ਗਏ ਮੁਕਤਿਆਂ ਪਾਸ।
ਭਾਈ ਦਰਬਾਰੀ ਤੇ ਘਰਿਬਾਰੀ ਜਾਇ ਸਿਖਾਂ ਕੀਤੀ ਅਰਦਾਸ।੪੫੫।

ਮੁਸੱਦੀਆਂ ਸਿਖਾਂ ਕਹਿਆ ਮੁਕਤਿਆਂ ਨੂੰ ਸਮਝਾਇ :
"ਭਾਈ ਜੀ ! ਏਹ ਤੁਸੀਂ ਕਰਦੇ ਹੋ ਉਪਦੇਸ਼; ਕਿ ਸਾਹਿਬ ਕਿਹਾ ਹੈ ਸੁਨਾਇ ?"
ਤਿਨ ਕਹਿਆ, "ਅਸੀਂ ਕਰਦੇ ਹਾਂ ਸਿੱਖੀ ਦਾ ਵਿਚਾਰ।"
ਮੁਸੱਦੀਆਂ ਕਹਿਆ, "ਤੁਸੀਂ ਚਲ ਕੇ ਖਾਵੰਦ ਨੂੰ ਕਹੋ ਦਰਬਾਰ"।੪੫੬।

ਜੋ ਉਹ ਚਾਹੇ ਤਾਂ ਪਲ ਵਿਚਿ ਹੋਇ ਜਾਸੀ। ਉਸ ਦਾ ਬਚਨ ਕੋਈ ਨ ਦੁਰਾਸੀ।
ਉਹ ਦਰਬਾਰ ਨਾ ਆਵਨ ਡਰਦੇ। ਅਪਨੇ ਅਸਥਾਨ ਉਪਰਿ ਉਪਦੇਸ਼ ਆਹੇ ਕਰਦੇ।੪੫੭।

ਮੁਸੱਦੀਆਂ ਸਿਖਾਂ ਰਹਿਤਾਂ ਲਈਆਂ ਲਿਖਾਇ। ਕਹਿਆ : "ਪੂਰਨ ਪੁਰਖੁ ਨੂੰ ਦਿਆਂਗੇ ਸੁਨਾਇ।
ਜੇ ਖਾਵੰਦ ਚਾਹੇ ਤਾਂ ਦੇਸੀ ਸਹੀ ਪਾਇ। ਸੋਈ ਪਰਵਾਨ ਜੋ ਖਾਵੰਦ ਦੇ ਮਨ ਭਾਇ"।੪੫੮।

ਸਮਾਂ ਪਾਇ ਸਿਖਾਂ ਕੀਤੀ ਅਰਦਾਸ। ਉਹ ਰਹਿਤਾਂ ਸੁਨਾਈਆਂ ਸਾਹਿਬ ਪਾਸ।
ਬਚਨ ਕੀਤਾ, ਪੂਰਨ ਅਬਿਨਾਸੀ :
"ਚਾਰੇ ਬਰਨ ਹੈਨ ਮੇਰੇ ਸਿਖ; ਮੈ ਧਰਮ ਨਾ ਕਰਨਾ ਨਾਸੀ"।੪੫੯।

ਵਡਿਆਂ ਅਸਾਡਿਆਂ ਲਿਖਿਆ ਹੈ ਗ੍ਰੰਥ ਵਿਚਿ ਸਹੀ।
ਸ੍ਰਿਸਟਿ ਸਭ ਇਕ ਵਰਨ ਹੋਈ; ਧਰਮ ਕੀ ਗਤਿ ਰਹੀ।
ਅਸਾਂ ਧਰਮ ਵਾਸਤੇ ਪੰਥ ਹੈ ਜੁਦਾ ਬਣਾਇਆ।
ਐਸੇ ਸਾਹਿਬ ਕਹਿ ਬਚਨੁ ਸੁਨਾਇਆ।੪੬੦।

'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥'।੪੬੧।

ਕਲਜੁਗ ਖਤ੍ਰੀਆਂ ਗਲਿ ਜੰਞੂ ਗੁਰੂ ਤੇਗ ਬਹਾਦੁਰ ਪਾਏ।
ਅਉਰੰਗੇ ਇਕ ਬਰਨ ਵਾਸਤੇ ਸਾਹਿਬ ਨੂੰ ਕਸ਼ਟ ਦਿਵਾਏ।
ਜੋ ਸਤਿਗੁਰੁ ਓਥੇ ਸੀਸ ਨ ਦੇਂਦੇ।
ਤਾ ਹਿੰਦੂਆਂ ਨੂੰ ਪਕੜਿ ਪਕੜਿ ਅਪਨੇ ਪੰਥ ਵਲ ਕਰਿ ਲੈਂਦੇ।੪੬੨।

ਛਲ ਕਰਨਾ ਤੁਰਕਾਂ ਦਾ ਧਰਮੁ ਹੈ। ਮੁਹੰਮਦ ਭੀ ਕੀਤਾ ਏਹੋ ਕਰਮੁ ਹੈ।
ਪਿਉ ਨੂੰ ਮਾਰਿ ਉਸ ਰਾਜ ਲਇਆ। ਅਰਬ ਦੇਸ ਦਾ ਰਾਜ ਸੀ ਭਇਆ।੪੬੩।

ਰੋਜ਼ ਲੜਨੇ ਨੂੰ ਲੈ ਫਉਜਾਂ ਚੜਿ ਆਵੈ। ਕਦੀ ਫਤੇ, ਕਦੀ ਹਾਰਿਆ ਜਾਵੈ।
ਲੜਦੇ ਲੜਦੇ ਉਸ ਦਾ ਪਿਤਾ ਮਰਿ ਗਿਆ। ਰਾਜ ਪਿਤਾ ਦਾ ਤਿਨ ਲੈ ਲਿਆ।੪੬੪।

ਸੱਤਰ ਬਰਸ ਦੀ ਉਸ ਦੀ ਆਉ ਹੋਈ। ਦੁਆਦਸ ਪਿਤਾ ਪਾਸ ਬ੍ਰਹਮਨ ਰਿਹਾ ਸੋਈ।
ਪਿਤਾ ਸਾਥ ਫਿਰ ਭਈ ਅਜੋੜਿ। ਫੁਫੀ ਲੈ ਗਈ ਜੁਦਾ ਕਰਿ ਫੋੜਿ।੪੬੫।

ਖਟ ਸਾਲ ਜੁੱਧ ਕਰਦਾ ਰਿਹਾ। ਕਾਲ ਪਾਇ ਅੰਮ੍ਰਿਤਪਾਲ ਰਾਜਾ ਮਰਿ ਗਿਆ।
ਪਿਤਾ ਪੜ੍ਹਾਇਆ ਸੀ, ਚਾਰਿ ਬੇਦ ਅਠਾਰਹਿ ਪੁਰਾਨ।
ਨਉਂ ਬਿਆਕਰਨ, ਖਟ ਸ਼ਾਸਤ੍ਰ ਮਾਨ।੪੬੬।

ਰਾਜ ਪਾਇ ਉਨ ਨਗਰ ਦੇਸ ਸਭ ਲਇਆ। ਅਰਬ ਦੇਸ ਕਾ ਰਾਜ ਭਇਆ।
ਅਗੇ ਹਿੰਦੂ ਮੁਸਲਮਾਨ ਰਲੇ ਮਿਲੇ ਆਹੇ। ਚਉਂਕਾ, ਧੋਤੀ, ਸੇਵਾ ਪੂਜਾ, ਹਤਿਆਰੇ ਨਾਹੇ।੪੬੭।

ਰਾਜ ਪਾਇਕੈ ਇਨ ਪੱਖ ਪਿਤਾ ਦਾ ਉਠਾਇਆ। ਅਪਨਾ ਪਖ ਕਰਿ ਜੁਦਾ ਠਹਿਰਾਇਆ।
ਜੋ ਬ੍ਰਹਮ ਰੀਤਿ ਆਹੀ, ਸਭੋ ਉਠਾਈ। ਸਭ ਉਲਟੀ ਕਰਿ ਅਪਨੀ ਠਹਿਰਾਈ।੪੬੮।

ਨਗਰ-ਲੋਕ ਸਭ ਪਕੜਿ ਮੰਗਾਏ। ਕਹਿਆ: "ਤਜੋ ਤੀਨ ਬੇਦ, ਚਉਥਾ ਅਥਰਬਣ ਚਲਾਏ।"
'ਅਥਰਬਣ' ਹੈ, ਵੇਦਾਂਤ, ਦੁਐਤ ਤਹਾਂ ਕਛੁ ਨਾਹੀ। ਏਕੋ ਏਕ ਹੈ, ਦੁਐਤ ਸੁਪਨੇ ਭੀ ਨ ਪਾਈ।
ਨਗਰ ਲੋਕ ਤਬ ਐਸੇ ਕਹਿਆ: "ਮਹਾਰਾਜ! ਵੇਦਾਂਤੀ ਹੋਣਾ ਅਸਾਂ ਤੇ ਰਹਿਆ"।੪੬੯।

ਮਾਰੋ-ਲੁਟੋ, ਚਾਹੋ ਸੋ ਕਰੋ। ਛਡੋ ਕਢਿ, ਹੋਰ ਚਾਹੋ, ਸੋ ਸਿਰਿ ਧਰੋ।
ਤਬ ਇਸ ਡਿਠਾ, ਜੋ ਇਸ ਗਲਿ ਵਿਚਿ ਦੇਸ ਉਜੜ ਜਾਸੀ।
ਅਤੇ ਵੇਦਾਂਤ ਕੋਈ ਨ ਕਮਾਸੀ।੪੭੦।

ਇਥੇ ਕੁਛ, ਛਲ-ਵਲ ਕਰੀਏ, ਤਾਂ ਵੇਦਾਂਤ ਦੀ ਵਰਤਨ ਧਰੀਏ।
ਪਹਿਲੇ ਹੀ ਜੇਹੜੇ ਇਸ ਨੂੰ ਮਿਲੇ ਆਹੇ। ਮੁਨਾਇ ਬੋਦੀਆਂ, ਜੰਞੂ ਲਾਹੇ।੪੭੧।

ਤਿਨਾਂ ਨੂੰ ਇਸ ਨੇ ਮਿਲਦੇ ਹੀ ਵਧਾਇਆ।
ਨਾਲੇ ਕੀਤੇ ਅਪਨੇ ਮਿਤ੍ਰ, ਨਾਲੇ ਕੰਮ ਸਾਰਾ ਗਲਿ ਇਨ੍ਹਾਂ ਦੇ ਪਾਇਆ।੪੭੨।

ਨਾਲੇ ਕੀਤਾ ਸਾਕੁ, ਨਾਲੇ ਕੀਤਾ ਯਰਾਨਾ।
ਆਪ ਲਗਾ ਤਪ ਕਰਨੇ, ਹਵਾਲੇ ਉਨ੍ਹਾਂ ਦੇ ਕੀਤਾ ਸਾਰਾ ਕਾਰਖਾਨਾ।
ਨਾਲੇ ਤਿਨਾਂ ਨੂੰ ਛਡਿਆ ਸਮਝਾਇ। ਜੋ ਕੋਈ ਆਵੈ ਪੱਖ ਅਸਾਡੇ, ਉਸ ਨੂੰ ਦੇਣਾ ਵਧਾਇ।੪੭੩।

ਜੋ ਕੰਮ ਮਨਸੂਬੇ ਅਰੁ ਸਲਾਹ ਨਾਲਿ ਹੈਨਿ ਕਰੀ ਦੇ।
ਜੋ ਲੜਿਆਂ ਹਥਿ ਨ ਆਵੈ, ਐਵੇਂ ਖਪਿ ਖਪਿ ਹੈ ਮਰੀਦੇ।
ਏਹੁ ਹੈਸੀ ਪੱਕਾ ਸਿਆਣਾ ਮਨਸੂਬੇ ਬਾਜ਼[੧]।
ਆਪ ਰਹਿਆ ਕਿਨਾਰਸ, ਹਵਾਲੇ ਉਨ੍ਹਾਂ ਦੇ ਕੀਤਾ ਸਾਰਾ ਰਾਜ।੪੭੪।

ਲੋਕਾਂ ਨੂੰ ਕਹਿਆ ਏਹ ਸਮਝਾਇ: "ਤੁਸੀਂ ਜਾਣੋ, ਮੈਂ ਜ਼ੁਲਮੁ ਨਹੀਂ ਕਰਦਾ, ਵਸੋ ਰਸੋ ਜਾਇ।"
ਵੇਦਾਂਤ, ਬੇਦ ਅਥਰਬਣ ਵਿਚੋਂ ਇਨ ਤਤ ਚੁਣਿ ਲੀਤਾ।
ਧਿਆਵਾਂ ਦੇ ਸੁਪਾਰੇ, ਪੁਰਾਨ ਵਿਚੋਂ ਕੁਰਾਨ ਕਢਿ ਜੁਦਾ ਕੀਤਾ।੪੭੫।

ਅਤੇ ਅੱਖਰ ਅਪਨੇ ਉਲਟਾਏ। ਦੇਸ-ਨਗਰ ਵਿਚਿ ਦਿਤੇ ਚਲਾਏ।
ਜੋ ਚਲਾ ਹਿੰਦੂਆਂ ਦੀ ਆਹੀ 'ਬ੍ਰਹਮ ਰੀਤੀ',
ਸੋ ਸਭ ਕੀਤੀ ਉਲਟਾ, ਇਕ ਰਖੀ ਉਨ੍ਹਾਂ ਦੀ ਪ੍ਰੀਤੀ।੪੭੬।

---

੧. ਵਿਉਂਤਕਾਰ, ਇਥੇ ਭਾਵ ਸਾਜ਼ਸ਼ੀ ਤੋਂ ਹੈ।

ਐਸਾ ਮਤ ਇਨ ਅਪਣਾ ਵੱਖਰਾ ਦਲਾਇਆ।
ਜੋ ਪਿਤਾ ਦਾ ਧਰਮ ਆਹਾ ਬ੍ਰਹਮ-ਕਰਮੁ ਸੋ ਸਭ ਉਲਟਾਇਆ।
ਐਸਾ ਵੈਰ ਪੱਕਾ ਇਸ ਪਿਉ ਨਾਲਿ ਕੀਤਾ। ਹਿੰਦੂ ਧਰਮ ਦੀ ਇਕ ਨ ਰੱਖੀ ਰੀਤਾ।੪੭੭।

ਉਹ ਕੁਰਾਨ ਲਿਖਿ ਸ਼ਾਸਤ੍ਰੀ ਅੱਖਰੀ ਕੀਤਾ ਤਯਾਰੁ।
ਕਥਨੀ ਅਪਨੀ ਵਿਚਿ ਨਸੀਹਤਾਂ ਹੁੱਜਤਾਂ ਧਾਰਿ।
ਸੋ ਕੁਰਾਨ ਲੈ ਕੇ ਰਾਤਿ ਨੂੰ ਇਕੱਲਾ ਬਨ ਵਿਚਿ ਗਿਆ।
ਇਕ ਪਿਪਲ ਪੁਰਾਣੇ ਵਡੇ ਹੇਠ ਜਾਇ ਠਾਂਢਾ ਭਇਆ।੪੭੮।

ਸਿਵ ਦਾ ਵਰੁ ਇਨ ਹੈਸੀ ਮਕੇਸਰੋਂ ਲਿਆ। ਤਹਾਂ ਜਾਇ ਐਸੇ ਪੜ੍ਹ ਮੰਤ੍ਰ ਕਹਿਆ:
"ਸਿਵ ਕੇ ਹੁਕਮ ਪਿੱਪਲ ਫਾਟਿ ਜਾਹ।"
ਪਿੱਪਲ ਗਿਆ ਪਾਟ, ਕੁਰਾਨ ਰਖਿਆ ਤਿਸ ਮਾਹ।੪੭੯।

ਪੜਿ ਮੰਤ੍ਰ ਫੇਰ ਕਹਿਆ: "ਸਿਵ ਕੇ ਹੁਕਮੁ ਪਿੱਪਲ ਜੁੜ ਜਾਹੁ"।
ਜੋੜਿ ਪਿੱਪਲ ਮੁੜਿ ਆਇਆ ਨਗਰ ਮਾਹ।
ਬਵੰਜਾ ਬਰਸ ਇਨ ਰਾਜ ਕਮਾਇਆ।
ਸਵਾ ਮਣ ਜਉਂ ਇਨ ਸਾਲ ਬਵੰਜਾਹ ਮਹਿ ਖਾਇਆ।੪੮੦।

ਤਪ ਕਰੇ ਅਤੇ ਪੱਖ ਅਪਣਾ ਪਾਲੇ। ਮਲੇਛ ਕਰਦਾ ਜਾਏ ਅਤੇ ਹਿੰਦੂਆਂ ਨੂੰ ਗਾਲੇ।
ਇਹੁ ਕਰਮੁ ਕੁਰਾਨ ਦਾ ਕਰਕੇ ਹਿੰਦੂ ਫੇਰ ਪਕੜਿ ਮੰਗਾਏ।
ਕਹੇ: "ਭਾਈ, ਅਸੀਂ ਤੁਸੀਂ ਸਭੇ ਚਲੀਏ ਬਨ ਮਾਹੇ"।੪੮੧।

ਤਹਾਂ ਜਾਇ ਤਪ ਕਰੀਐ ਫਰਿਆਦਿ। ਜੋ ਕੁਛੁ ਦਰਗਹਿ ਆਵੈ ਆਵਾਜ਼ੁ।
ਸੋ ਅਸਾਨੂੰ ਤੁਸਾਂ ਨੂੰ ਸਭਨਾਂ ਨੂੰ ਪਰਵਾਨ। ਜੋ ਕੁਛੁ ਗਗਨ ਤੇ ਕਹੇ ਭਗਵਾਨ।੪੮੨।

ਏਸ ਗੱਲਿ ਵਿਚਿ ਹਿੰਦੂ ਹੋਏ ਜ਼ੇਰ।
ਜਾਂ ਦਰਗਾਹ ਦੀ ਆਵਾਜ਼ ਲੈਣੀ ਤਾਂ ਕੀ ਆਖਨ ਫੇਰ।
ਡਿਠਾ ਜੋ ਏਹ ਰਾਜਾ ਅਤੇ ਉਹ ਦਰਗਾਹ। ਚਲੋ ਭਾਈ! ਸਭ ਬਾਹਰਿ ਬਨੇ ਮਾਹ।੪੮੩।

ਸਿਰਿਉਂ ਪਰਨਾ, ਕਟਿ ਧੋਤੀ ਮੋਢੇ ਰੁਮਾਲ ਪਾਏ। ਰਲ ਮਿਲੇ ਸਭ ਬਾਹਰਿ ਆਏ।
ਦਿਨ ਤ੍ਰੈ ਚਾਰ ਸਭਨਾਂ ਨੂੰ ਬਨ ਵਿਚਿ ਲੈ ਫਿਰਿਆ।
ਹੋਏ ਭੁਖ ਨਾਲਿ ਆਤੁਰ, ਦਿਲ ਸਭਨਾਂ ਦਾ ਘਿਰਿਆ।੪੮੪।

ਉਸੇ ਪਿੱਪਲ ਹੇਠ ਸਭਨਾਂ ਨੂੰ ਲੈ ਆਇਆ।
ਕਹਿਆ: "ਭਾਈ, ਆਜ਼ਜੀ ਬਿਨਤੀ ਕਰੋ, ਜੋ ਗੋਬਿੰਦ ਭਾਇਆ।"
ਗਰੀਬ ਨਿਵਾਜ਼! ਬੇਦ ਚਾਰੇ ਤੇਰੇ, ਜਿਸ ਦਾ ਹੋਵੈ ਹੁਕਮੁ ਸੋਈ ਕਮਾਈਐ।
ਰਲਿ ਮਿਲਿ ਜਸੁ ਤੇਰਾ ਗਾਈਐ।੪੮੫।

"ਆਗਿਆ ਕਰੋ, ਅਤੇ ਬੇਦ ਫੁਰਮਾਉ। ਅਸਾਂ ਸਭਨਾਂ ਨੂੰ ਇਕ ਮਾਰਗ ਲਾਉ।"
ਜਾ ਸਭਨਾਂ ਮਿਲਿ ਏਹੁ ਕਰੀ ਪੁਕਾਰ।
ਤਾ ਸੀਸ ਨਿਵਾਇ ਕੇ ਇਸ ਕਹਿਆ: "ਪਿਪਲ ਪਾਟੁ ਹੁਕਮੁ ਸ਼ਿਵਜੀ ਦੇ ਅਨੁਸਾਰ"।੪੮੬।

ਤਬ ਪਿਪਲ ਪਾਟਾ ਹੋਇਆ ਦੁਇ ਫਾੜ। ਸਭ ਦੇਖ ਭਏ ਹੈਰਾਨੁ, ਪਈ ਪੋਥੀ ਪਿਪਲ ਮੰਝਾਰਿ।
ਇਸ ਨੇ ਕਹਿਆ: "ਯਹਿ ਖੋਲ੍ਹਿ ਦੇਖੋ ਪੜ੍ਹੋ ਕਿਆ ਹੈ ਲਿਖਿਆ।
ਏਹੋ ਅਸਾਂ ਨੂੰ ਤੁਸਾਂ ਨੂੰ ਪਰਵਾਨੁ ਜੋ ਦਰਗਹਿ ਆਂਹੀ ਸਿਖਿਆ"।੪੮੭।

ਐਸੇ ਛਲ ਕਰਕੇ ਹਿੰਦੂਆਂ ਦੀ ਬੋਦੀ ਮੁਨਾਈ। ਦੂਰੋਂ ਦੂਰੋਂ ਹਿੰਦੂਆਂ ਨੂੰ ਪਕੜਿ ਮੰਗਾਈ।
ਕਹੇ: "ਹੁਕਮ ਦਰਗਾਹ ਦਾ ਮੰਨੇ ਨਾਹੀ। ਸੰਗ-ਸਾਰ ਕਰਿ ਮਾਰੋ ਤਾਂਹੀ।੪੮੮।

ਵਿਚਿ ਕੁਰਾਨ ਦੇ ਇਹੁ ਹੈ ਲਿਖਿਆ: ਨਾਲੇ ਨਸੀਹਤਾਂ, ਨਾਲੇ ਹੁੱਜਤਾਂ, ਨਾਲੇ ਵੇਦਾਂਤੀ ਸਿਖਿਆ।
ਸੁ ਕੁਰਾਨ ਇਸ ਅਪਣੀ ਅੱਖਰੀਂ ਅਰਬੀ ਲਿਖਿਆ।
ਸ਼ਾਸਤ੍ਰੀ ਅੱਖਰ ਛਡੇ, ਮੋੜ ਸਹੰਸਕ੍ਰਿਤੀ ਵਾਕ ਨ ਕੋਈ ਰਖਿਆ।੪੮੯।

ਲੋਕ ਦੂਰੋਂ ਤੁਰ ਕੇ ਆਤੇ ਆਤੇ ਮਲੇਛ ਹੋਇ। ਨਾਂਉ ਤਿਨਾਂ ਦਾ 'ਤੁਰਕ' ਕਹੈ ਸਭ ਕੋਇ।
ਇਤ ਕਾਰਨ ਤੇਗ ਬਹਾਦਰਿ ਜੀ ਸਿਰੁ ਹੈ ਦਿਤਾ। ਜੰਞੂ-ਟਿੱਕਾ ਧਰਮ ਰੱਖ ਹੈ ਲਿੱਤਾ।੪੯੦।

ਜੋ ਕਦੀ ਸਾਹਿਬ ਸੀਸ ਨ ਦੇਂਦੇ। ਕਾਈ ਹੋਰੁ ਚਲੁ ਵਿਚਲੁ ਕਰਦੇ।
ਤਾਂ ਅਉਰੰਗੇ ਹਿੰਦੂ ਕੋਈ ਧਰਤੀ ਤੇ ਰਹਿਣ ਨਹੀਂ ਸੀ ਦੇਣਾ।
ਪਕੜ ਪਕੜ ਕੇ ਅਪਨੇ ਮਜ਼ਬ ਮਲੇਛ ਸੀ ਕਰਿ ਲੈਣਾ।੪੯੧।

ਤੁਰਕ ਸੀ ਬਡਾ ਹਿੰਦੂਆਂ ਦਾ ਵੈਰੀ। ਆਪਣੇ ਪੱਖ ਮਜ਼ਬ ਦੀ ਪਈ ਸੀ ਬੇੜੀ ਉਸ ਦੇ ਪੈਰੀਂ।
ਸੀਸ ਦਿੱਤਾ, ਅਤੇ ਧਰਮ ਰੱਖ ਲਿੱਤਾ। ਐਸਾ ਕੰਮੁ ਗੁਰੂ ਤੇਗ ਬਹਾਦੁਰ ਹੈ ਸੀ ਕਿਤਾ।੪੯੨।

ਚਾਰੇ ਬਰਨ ਗੁਰੂ ਕੇ ਪੰਥ ਵਿਚ ਹੈ ਆਏ। ਜੋ ਲਾਹੇ ਜੰਞੂ ਤਿਸ ਨੂੰ ਨਹੀਂ ਆਖਣਾ: "ਪਾਏ।"
ਜੋ ਕੋਈ ਪਾਏ ਜੰਞੂ ਤਿਸ ਨੂੰ ਨਹੀਂ ਆਖਣਾ: "ਲਾਹੁ"।੪੯੩।

ਸ਼ਸਤ੍ਰਧਾਰੀ ਹੋਵੈਗਾ ਗੁਰੂ ਕਾ ਪੰਥ। ਗੁਰੂ ਕੇ ਸਿਖ ਚਲਣਗੇ ਮਤੇ ਗ੍ਰੰਥ।
ਹੁਕਮ ਮੰਨਿ ਹੋਵੈ, ਪਰਵਾਨ, ਸੋ ਮਹਲ ਖਸਮ ਕਾ ਪਾਵਸੀ।
ਏਹ ਬਚਨੁ ਗ੍ਰੰਥ ਜੀ ਆਖ ਸੁਣਾਵਸੀ।੪੯੪।

ਸਿਖ ਸੋਈ, ਜੋ ਗ੍ਰੰਥ ਅਤੇ ਹੁਕਮ ਖਾਸ ਦਸਖਤਿ ਮੰਨੇ।
ਜੋ ਲਿਖਿਆ ਹੋਵੈ, ਖਾਸ ਦਸਖਤੀ ਅੱਖਰ ਦੇਖ ਲਏ ਟੁੱਟੇ ਭੰਨੇ।
ਵਾਕੁ 'ਗ੍ਰੰਥ' ਅਤੇ 'ਹੁਕਮਨਾਵੇ' ਸਚ ਕਰਿ ਜਾਣੇ।੪੯੫।

ਚਤੁਰਾਈਆਂ ਚਾਤਰ ਬਹੁਤੁ ਕਰੇਸਨਿ। ਮ੍ਰਿਜਾਦਾ ਗ੍ਰੰਥ ਸਾਹਿਬ ਦੀ ਭੰਨ ਨ ਸਕੇਸਨਿ।
ਖਾਸ ਦਸਖਤ ਪਛਾਣੇ, ਸੋਈ ਚਤੁਰੁ। ਭੰਨਿਆ ਟੁੱਟਿਆ ਸਮਝ ਦੇਖੇ ਅਖਰੁ।੪੯੬।

ਬਖਸ਼ੀਸ਼ ਦੇ ਹੁਕਮਨਾਵੇਂ ਅਤੇ ਕਾਰਾਂ-ਭੇਟਾਂ ਦੇ ਲਿਖ ਹੈਨਿ ਦਿਤੇ।
ਜਿਨ੍ਹਾਂ ਦਾ ਅਧਿਕਾਰ ਦਾਨ ਲੈਣ ਦਾ ਆਹਾ, ਤਿਨ੍ਹਾਂ ਬਖਸ਼ੀਸ਼ਾਂ ਦੇ ਲਿਤੇ।[੧]
ਅਧਿਕਾਰ ਬਿਨਾ ਬਖਸ਼ੀਸ਼ ਦਾ ਕਿਸੇ ਨੂੰ ਨਹੀਂ ਲਿਖਿ ਮਿਲਿਆ।
ਜੋ ਕੋਈ ਆਪਣੇ ਧਰਮ ਤੋਂ ਹੋਵੈ ਚਲਿਆ।੪੯੭।

---

੧. ਇਥੋਂ ਪਤਾ ਲੱਗਦਾ ਹੈ ਕਿ ਅਠਾਰਵੀਂ ਸਦੀ ਵਿਚ ਕਿਸ ਕਿਸਮ ਦੇ ਕੁਝ ਨਕਲੀ ਹੁਕਮਨਾਮੇ ਸੁਆਰਥੀ ਲੋਕਾਂ ਬਣਾ ਲਏ ਸਨ।

ਤਿਸ ਪਾਸੋਂ ਨਫਾ ਮੂਲ ਨ ਹੋਵੈ। ਜੋ ਤਿਸ ਨੂੰ ਦੇਵੈ, ਸੋਈ ਖੋਵੈ।
ਏਹ ਚਰਚਾ ਹੋਂਦੀ ਆਹੀ ਦਰਬਾਰਿ। ਜੋ ਆਪੋ ਅਪਣਾ ਧਰਮ ਰਖਣਾ ਹੈ ਅਧਿਕਾਰ।੪੯੮।

ਤਬ ਮੁਨਸ਼ੀ ਨੰਦ ਲਾਲ ਜੀ, ਜੋ ਕਹੀਐ ਭਾਈ। ਤਿਨ ਬਿਨਤੀ ਕਰਿ ਇਹੁ ਬਾਤ ਸੁਨਾਈ:
"ਗਰੀਬ ਨਿਵਾਜ਼! ਜਿਸ ਦਾ ਤੂੰ ਧਰਮ ਰਖੇਂ ਤਿਸ ਦਾ ਰਹੇ।"
ਜਬ ਮੁਨਸ਼ੀ ਇਹ ਬਚਨ ਸਾਹਿਬ ਨੂੰ ਕਹੇ।੪੯੯।

ਤਬ ਸਾਹਿਬ ਬਚਨ ਕੀਤਾ: "ਮੁਨਸ਼ੀ ਜੀ, ਤੁਸੀਂ ਮੁਲਾਂ ਗੋਯਾ ਕੀਕੂੰ ਬਣੇ?"
ਤਿਨ ਕਹਿਆ: "ਜੀ ਮੈਂ ਕਹਿਨਾ ਹਾਂ, ਜੇ ਸਾਹਿਬ ਜੀ ਸੁਣੇ।"
ਬਚਨ ਕੀਤਾ: "ਤੁਸੀਂ ਕਹੋ ਹਕੀਕਤ ਸਾਰੀ।"
ਤਬ ਤਿਨ ਆਦਿ ਅੰਤ ਲਗ ਕਹੀ ਬਿਸਥਾਰੀ।੫੦੦।

"ਗਰੀਬ ਨਿਵਾਜ਼! ਬਹਾਦੁਰ ਸ਼ਾਹ ਜੋ ਆਹਾ ਬਾਦਸ਼ਾਹੁ।
ਸੋ ਕੁਰਾਨ-ਕਿਤੇਬ ਪੜ੍ਹਦਾ ਸੀ ਦਰਬਾਰੇ ਮਾਹ।
ਸੋ ਕੋਈ ਮਾਇਨਾ ਉਸ ਨੂੰ ਕਤੇਬ ਦਾ ਅਟਕਿਆ ਆਇ।
ਤਿਨ ਮੁੱਲਾਂ-ਮੁਲਾਣੇ ਪੁਛੇ ਸਭ ਸੱਦਿ ਬੁਲਾਇ।੫੦੧।

ਬਾਦਸ਼ਾਹ ਦੀ ਨਿਸ਼ਾ ਨਾ ਹੋਵੈ, ਸਭੇ ਕਹਿ ਹਾਰੇ।
ਸਦਿ ਸਦਿ ਪੁਛੇ ਕਾਜ਼ੀ, ਮੁੱਲਾਂ ਮੁਫਤੀ ਸਭ ਹੀ ਸਾਰੇ।
ਸਭ ਪਏ ਹਾਰ, ਬਾਦਸ਼ਾਹ ਦੀ ਖਾਤਰ ਜਮ੍ਹਾ[੧] ਨਾ ਹੋਵੈ।
ਤਬ ਮੈਂ ਬਿਨਤੀ ਅਰਜ਼ ਕੀਤੀ ਕਰ ਜੋੜ ਖੜੋਵੈ।੫੦੨।

"ਮਿਹਰਬਾਨ! ਕਛੁ ਮਨ ਮੇਰੇ ਹੈ ਆਈ।
ਜੇ ਕੋਈ ਹੁੱਜਤਿ ਨਾ ਕਰੇ, ਤਾਂ ਮੈਂ ਭੀ ਕਹਾਂ ਸੁਣਾਈ।"
ਫੁਰਮਾਇਆਨ: "ਜੋ ਹੁੱਜਤਿ ਕਰੇ, ਤਿਸ ਦਾ ਸਿਰ ਮੁੰਨਿ ਖਰ ਦੇਉ ਚੜ੍ਹਾਈ।
ਤੂੰ ਨਿਸੰਗ ਕਹੁ, ਜੋ ਤੇਰੇ ਮਨ ਹੈ ਆਈ"।੫੦੩।

ਤਬ ਮੈਂ ਮੁਹੰਮਦ ਦੀ ਹਕੀਕਤ ਸਭ ਆਦਿ ਅੰਤ ਲਗ ਦਿਤੀ ਸੁਣਾਇ।
ਜਿਹੜੀ ਗਲਿ ਅਗੇ ਸਾਹਿਬ ਨੇ ਸੁਣਾਈ ਹੈ ਸਿਰਪਾਇ[੨]।
ਸੋਈ ਮੈ ਬਾਦਸ਼ਾਹ ਨੂੰ ਸਭ ਦਿੱਤੀ ਸਮਝਾਇ।
ਤਬ ਤਿਨ ਕਹਿਆ: "ਤੂ ਤੋ ਮੁੱਲਾਂ ਗੋਯਾ ਹੈਂ।"
ਆਪ ਬਾਦਸ਼ਾਹ ਫਰਮਾਇਆ ਹੈ: "ਤੂ ਤੋ ਸਚਮੁਚ ਦਾ ਹਾਫ਼ਜ਼ ਮੁੱਲਾਂ ਗੋਯਾ ਹੈ।"
ਤਹਾਂ ਤੇ ਨਾਮ ਮੇਰਾ ਐਸੇ ਪਰਿਆ। ਮੁਨਸ਼ੀ 'ਮੁੱਲਾਂ-ਗੋਯਾ' ਸਭਨਾਂ ਹੀ ਧਰਿਆ।੫੦੪।

ਮੁੱਲਾਂ-ਮੁਲਵਾਣੇ ਕਾਜ਼ੀ ਮੁਫਤੀ ਸਭ ਸ਼ਰਮਿੰਦੇ ਹੋਇ ਕੇ ਬਾਦਸ਼ਾਹ ਨੂੰ ਕਹਿੰਦੇ ਭਏ:
"ਜੋ ਹਜ਼ਰਤ ਐਸਾ ਹਿੰਦੂ ਦੀਨ ਕੇ ਘਰਿ ਆਇਆ ਭਲਾ ਅਹੈ।"
ਬਾਦਸ਼ਾਹ ਸਭ ਝਿੜਕੇ, ਅਰੁ ਦੀਏ ਨਿਕਾਰ।
ਫੁਰਮਾਇਆ, "ਜੋ ਹੁੱਜਤਿ ਕਰੂਗਾ ਤਿਸ ਕਰੂੰਗਾ ਖਰ ਸਵਾਰ"[੩]।੫੦੫।

---

੧. ਤਸੱਲੀ। ੨. ਆਦਿ ਤੋਂ ਅੰਤ ਤਕ। ੩. ਗਧੇ 'ਤੇ ਚੜ੍ਹਾ ਕੇ।

ਤਬ ਤੱਤੇ ਸ਼ਰਮਿੰਦੇ ਹੋਇ ਕੈ ਕਰ ਗਏ ਏਕਾ। ਜੋ ਇਸ ਨੂੰ ਕੋਈ ਬਦੀ[1] ਦੇ ਕੇ ਕਰੀਏ ਸੇਖਾ।
ਇਨ੍ਹਾਂ ਨੂੰ ਮੁਰਸ਼ਿਦ ਦਸਿਆ ਜੋ ਹਿੰਦੂ ਦਾ ਧਰਮ ਗਵਾਵਣਾ।
ਧੀ ਭੈਣ, ਦੇ ਸਮਝਾਯਾ[2], ਦੇਣੀ ਅਤੇ ਅਪਣੇ ਨਾਲ ਰਲਾਵਣਾ।੫੦੬।

ਉਸ ਨੇ ਬਵੰਜਾ ਬਰਸ ਤਪ ਸ਼ਿਵ ਜੀ ਦਾ ਹੈਸੀ ਕੀਤਾ।
ਨ ਮੰਜੀ ਤੇ ਸੁੱਤਾ, ਨ ਅੱਗ ਸੇਕੀ, ਨ ਨਾਰੀ ਰਸ ਲੀਤਾ।
ਸਵਾ ਮਣ ਕੱਚਾ ਜਉਂ ਬਵੰਜਾ ਬਰਸਾਂ ਵਿਚਿ ਤਿਸ ਪਾਨੀ ਨਾਲ ਖਾਧੇ।
ਭੁਯੇਂ ਸਵੇ, ਤਪ ਸ਼ਿਵਜੀ ਦਾ ਅਰਾਧੇ।੫੦੭।

ਤਪੁ ਕਰਕੇ ਉਸ ਸ਼ਿਵਜੀ ਪਾਸੋਂ ਏਹੁ ਹੈ ਮੰਗ ਲੀਤਾ।
ਆਪਣਾ ਭਲਾ ਨ ਮੰਗਿਆ, ਮਜ਼ਬ ਵਧਾਵਣਾ ਕੀਤਾ।
ਅਤੇ ਸ਼ਿਵ ਸਾਹਿਬ ਜੀ ਹੈਨ ਬਾਲਕ ਨੈਦਾਨ ਇਆਣੇ।
ਸ਼ਿਵਜੀ 'ਭੋਲਾ' ਮਹੇਸ਼ ਨਿਕੜਾ, ਬ੍ਰਹਮਾ, ਬਿਸ਼ਨੁ ਜੀ ਵਡੇ ਸਿਆਣੇ।੫੦੮।

ਜਾਦੂ-ਮੰਤ੍ਰ ਟੂਣੇ ਸਭ ਸ਼ਿਵਜੀ ਨੀਂਗਰਾਂ ਦੀ ਖੇਡ ਬਣਾਈ। ਜੈਸੇ ਚਾਰੇ ਜੁਗ ਹੈਨ ਚਾਰੇ ਭਾਈ।
ਸਤਜੁਗ ਤ੍ਰੇਤਾ ਦੁਆਪੁਰੁ ਕਲਜੁਗ ਕਹਾਈ।੫੦੯।

ਉਹੁ ਤ੍ਰੈ ਬਡੇ, ਕਲਜੁਗ ਸਾਹਿਬ ਨੈਦਾਨ ਇਆਣੇ।
ਜਪੁ ਤਪੁ ਧਰਮੁ ਉਨ੍ਹਾਂ ਜੁਗਾਂ ਵਿਚ ਵਰਤੇ, ਕਲਜੁਗ ਸਾਹਿਬ ਬਾਲਕ ਪਾਪ ਮਨ-ਭਾਣੇ।
ਜੈਸੇ ਚਾਰੇ ਬਰਨ ਹੈਨਿ ਬਣਾਏ।੫੧੦।

ਤੈਸੇ ਏਹ ਨੀਚ, ਨੀਚਾਂ ਤੇ ਨੀਚ ਮਲੇਛ।
ਏਹ ਬੁਰਿਆਈ ਦੇ ਪਾਤ੍ਰ ਇਨ੍ਹਾਂ ਬੁਰਾ ਕਰਨਾ ਹਮੇਸ਼।
ਨ ਜਾਣੀਐ ਕੋਈ ਚੰਗੀ ਮੰਦੀ ਗਲਿ ਬਦੀ ਦੇਂਦੇ ਸਭੈ।
ਪਿਛੇ ਤੇ ਪਛਤਾਵਨੇ ਨਾਲੋਂ, ਜਾਗ੍ਹਾ ਤਜੀਏ ਅਬੈ।੫੧੧।

ਗਰੀਬ ਨਿਵਾਜ਼! ਵਿਦਿਆ ਲੈ ਕੇ ਬਾਦਸ਼ਾਹ ਪਾਸੋਂ ਮੈਂ ਇਥੇ ਚਰਨਾਂ ਪਾਸ ਆਇਆ।
ਉਥੇ ਰਹਿਨ ਦਾ ਮੈਂ ਸੰਸਾ ਚੁਕਾਇਆ।
ਏਹੁ ਆਦਿ ਬ੍ਰਹਮਾ ਜੀ ਜਦਿ ਸ੍ਰਿਸਟਿ ਸੀ ਬਣਾਈ। ਤਾ ਇਹੁ ਮ੍ਰਿਜਾਦਾ ਹੈ ਸੀ ਠਹਿਰਾਈ।੫੧੨।

ਚਾਰੇ ਜੁਗ ਚਾਰੇ ਸਿਰਦਾਰ ਬਣਾਏ। ਚਉਹਾਂ ਬਰਨਾਂ ਦੇ ਘਰਿ ਚਉਹਾਂ ਜਨਮ ਪਾਏ।
ਸਤਿਜੁਗ ਘਰਿ ਬ੍ਰਹਮਣ ਦੇ ਜਨਮੁ ਧਾਰੇ। ਤ੍ਰੇਤਾ ਜੁਗ ਖਤ੍ਰੀਆਂ ਦੇ ਲਿਆ ਅਉਤਾਰੇ।੫੧੩।

ਦੁਆਪਰੁ ਧਾਮ ਬੈਸ ਦੇ ਜਨਮੁ ਪਾਏ। ਕਲਜੁਗ ਘਰਿ ਸੂਦ੍ਰ ਜਨਮੁ ਲੈ ਆਏ।
ਨਉ ਗ੍ਰਹਿ ਨਵੇਂ ਪੈਂਚ ਠਹਿਰਾਏ।੫੧੪।

ਗ੍ਰੰਥ ਸਾਹਿਬ ਭੀ ਐਸੇ ਹੀ ਹੈ ਕੀਆ ਬਖਾਨ:
'ਜੁਗਿ ਜੁਗਿ ਆਪੋ ਆਪਣਾ ਧਰਮੁ ਹੈ, ਸੋਧਿ ਦੇਖਹੁ ਬੇਦ ਪੁਰਾਨਾ'॥
ਸਤਿਜੁਗ ਸਤਿ ਸਤਿ ਸਭ ਬੋਲੈ। ਪਉਨ-ਅਹਾਰੀ ਮਨ ਨਹੀਂ ਡੋਲੈ।੫੧੫।

---

੧. ਦੋਸ਼, ਤੁਹਮਤ। ੨. ਸਮਝਾਉਣ ਦੀ ਕ੍ਰਿਆ।

ਤ੍ਰੇਤੇ ਤ੍ਰੈ ਬਿਧਿ ਭਗਤਿ ਕਮਾਈ। ਜਪੁ ਤਪੁ ਸੰਜਮ ਤਾੜੀ ਲਾਈ।
ਦੁਆਪਰ, ਭਗਤਾਂ ਪ੍ਰੇਮ ਪਿਆਰੁ। ਕਲਜੁਗ ਕੀਰਤਨ ਨਾਮ ਅਧਾਰੁ।੫੧੬।

ਕੋਈ ਕਿਸੇ ਦੇ ਰਾਜ ਵਿਚਿ ਪੈਰ ਨਹੀਂ ਪਾਂਦਾ।
ਸਤਿਜੁਗ ਕਲਿਜੁਗ ਵਿਚਿ ਨਹੀਂ ਆਵੈ। ਦੁਆਪਰੁ ਤ੍ਰੇਤੇ ਵਿਚਿ ਨਹੀਂ ਜਾਵੈ।੫੧੭।

ਜੋ ਕੋਈ ਰਾਜਾ ਕਿਸੇ ਨਾਲ ਵੈਰ ਕਮਾਵੈ।
ਤਾਂ ਜ਼ੋਰ ਕਰਿ ਉਸ ਦੇ ਰਾਜ ਵਿਚਿ ਅਪਣਾ ਹੁਕਮ ਚਲਾਵੈ।
ਸੋ ਏਨਾਂ ਚਉਹਾਂ ਜੁਗਾਂ ਆਪਸ ਵਿਚਿ ਹੈ ਸੁਖ-ਪਿਆਰੁ।
ਕੋਈ ਕਿਸੇ ਦੇ ਰਾਜ ਵਿਚਿ ਨਹੀਂ ਲੈਂਦਾ ਅਉਤਾਰ।੫੧੮।

ਇਹ ਮ੍ਰਿਜਾਦਾ ਸੁਖ ਅਤੇ ਪਿਆਰ ਦੀ ਹੈ ਠਹਿਰਾਈ।
ਜੋ ਆਪੋ ਅਪਣਾ ਧਰਮ ਹੈ, ਨ ਦੂਜੇ ਦਾ ਦੂਜਾ ਕਮਾਈ।
ਤਬ ਸਾਹਿਬ ਬਚਨ ਐਸੇ ਹੈ ਕੀਤਾ:
"ਸਿਖ ਨਾਤਾ ਸਿਖ ਨਾਲ ਕਰੇ, ਮਥੇ ਨਾਲ ਮੱਥਾ ਦੇਖ ਲੀਤਾ"।੫੧੯।

ਗ੍ਰੰਥ ਸਾਹਿਬ ਭੀ ਐਸੇ ਹੈ ਕਹਿਆ; ਸੋਈ ਬਚਨ ਸਿਖਾਂ ਸਚੁ ਕਰਿ ਲਹਿਆ:
'ਮੂਲੁ ਜਾਣਿ ਗਲਾ ਕਰੇ, ਹਾਣਿ ਲਾਏ ਹਾਣੁ॥'
ਏਹ ਬਚਨ ਗ੍ਰੰਥ ਜੀ ਦੇ ਸਚੁ ਕਰਿ ਜਾਣੁ।੫੨੦।

ਖਤ੍ਰੀ ਖਤ੍ਰੀ ਨਾਲਿ, ਬ੍ਰਹਮਣ ਬ੍ਰਹਮਣ ਨਾਲਿ। ਚਲੇ ਧਰਮ ਬਰਨ ਆਪਣੇ ਦੀ ਚਾਲਿ।
ਸਿਖੀ ਦਾ ਨਾਤਾ ਚਉਹਾਂ ਬਰਨਾ ਸਾਂਝਾ ਇਕੋ। ਬਰਨ ਦਾ ਨਾਤਾ ਆਪੋ ਅਪਣਾ ਸਮਝ ਦਿਖੋ।੫੨੧।

ਜੋ ਸਿਖ ਨੂੰ ਸੇਵਕ ਨਾਲ ਨਾਤਾ ਲੈਣ ਦਾ ਹੋਵੈ।
ਤਾਂ ਜਿਉਂ ਤਿਉਂ ਕਰਿ ਲਏ, ਕੰਮ ਨਹੀਂ ਖੋਵੈ।
ਹਥ ਜੋੜਿ ਪਿਛੋਂ ਲਏ ਬਖਸ਼ਾਇ। ਕੇਸਾਂ ਦਾ ਬੁਰਾ ਨਹੀਂ ਮੂਲ ਮੰਗਾਇ।੫੨੨।

ਹੋਰ ਰਹਿਤ ਕੁਰਹਿਤ ਸਭ ਲਏ ਬਖਸ਼ਾਇ। ਕੇਸਾਂ ਦਾ ਮੰਦਾ ਨਹੀਂ ਕਰਾਇ।
ਚਉਪੇ ਸਿੰਘ ਨੂੰ ਬਚਨ ਸਾਹਿਬ ਏਹੁ ਕੀਤਾ:
"ਲਿਖ ਰਹਿਤਨਾਮਾ ਬੁਧਿ-ਬਿਬੇਕ ਸਿਖੀ ਦੀ ਰੀਤਾ"।੫੨੩।

ਤਿਨ ਕਹਿਆ: "ਗਰੀਬ ਨਿਵਾਜ਼! ਤੇਰੇ ਰਿਦੈ ਦੀ ਤੂੰਹੈਂ ਜਾਣੈ।
ਏਹ ਜੀਉ ਤੁਛ ਬੁਧਿ ਤੇਰੇ ਹਿਰਦੇ ਦੀ ਕਿਆ ਕੋਈ ਪਛਾਣੈ।"
ਬਚਨੁ ਕੀਤਾ: "ਤੇਰੀ ਰਸਨਾ ਉਪਰਿ ਹਉਂ ਹਾਂ। ਤੂ ਦੀਦਾਰ ਕਰ ਸਨਮੁਖ ਸਉਂਹਾਂ"।੫੨੪।

ਦੀਦਾਰ ਕਰਨੇ ਨਾਲਿ ਬੁਧਿ ਪ੍ਰਗਟ ਹੋਇ ਆਈ।
ਤਿਨ 'ਰਹਿਤਨਾਮਾ' ਲਿਖਿਆ ਦਿਨ ਤ੍ਰੈ-ਚਾਰ ਲਾਈ।
ਜੋ ਸਿਖੀ ਦੀ ਰੀਤਿ ਆਹੀ ਸਭ ਲਿਖੀ। ਜਿਸ ਦੇ ਪੜ੍ਹਿਆਂ ਪ੍ਰਾਪਤਿ ਹੋਵੈ ਸਿਖੀ।੫੨੫।

ਸੋ ਪਹਿਲੇ ਉਸ ਦਾ ਉਤਾਰਾ ਸੀਤਲ ਸਿੰਘ ਬਹੁਰੂਪੀਏ ਲਿਖਾਇਆ।
ਉਪਰ ਦਸਖਤ ਸਹੀਂ ਲਏ ਪਵਾਇਆ।
ਫਿਰ ਸੂਦ ਸਿਖ ਨੇ ਕੀਤਾ ਉਤਾਰਾ। ਤਿਨ ਭੀ ਖਾਸ ਦਸਖਤ ਸਹੀ ਪਵਾਈ ਮਝਾਰਾ।੫੨੬।

ਅਠਾਰਾਂ ਸੈ ਤਨਖਾਹ ਅਤੇ ਰਹਿਤ ਲਿਖਣ ਵਿਚ ਆਈ।
ਅਗੋਂ ਜੁੱਧ ਸਭ ਹੋਏ, ਲੱਗੀ ਲੜਾਈ।
ਰਸਨਾ ਬਚਨ ਸਾਹਿਬ ਐਸੇ ਹੈ ਉਚਾਰਾ। ਤਿਸ ਦਾ ਕਰਿ ਦੇਖੋ ਬੀਚਾਰਾ।੫੨੭।

**ਸਾਖ ਮ: ੧੦**

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨ ਪਕੜਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਨ।

'ਬਚਿਤ੍ਰ ਨਾਟਕ' ਦੇ ਪੰਜਵੇਂ ਧਿਆਇ ਵਿਚਿ ਹੈ ਲਿਖਿਆ। ਧਰਮ ਹੇਤ ਸਾਹਿਬ ਦੀਨੀ ਸਿਖਿਆ।
"ਕਾਰਨ ਧਰਮ ਪੰਥ ਜੁਦਾ ਹੈ ਕੀਤਾ। ਗੁਰੂ ਕਾ ਸਿਖ ਚਲੇ ਧਰਮ ਕੀ ਰੀਤਾ"।੫੨੮।

ਤਬ ਸਤਿਗੁਰੁ ਪੂਰਨ ਪੁਰਖ ਐਸੇ ਫੁਰਮਾਇਆ—
'ਜੋ ਸਿਖ ਪਰਦੇਸੀ ਸੰਗਤਿ ਦਾ ਹੈ ਆਇਆ।
ਸੋ ਸਿੱਧ ਕਰਿ ਜਾਓ ਅਪਨੇ ਧਾਮ[1]।
ਰਾਜਿਆਂ ਨਾਲਿ ਹੋਈ ਹੈ ਅਜੋੜ, ਪਿਆ ਜੁੱਧ ਦਾ ਕਾਮੁ।੫੨੯।

ਸੰਗਤਿ ਦੇ ਲੋਕ ਛਡੇ ਸਭ ਟੋਰ। ਡੋਗਰੇ ਕੱਚੇ ਮਤ ਕਰਨ ਸ਼ੋਰ।
ਜੋ ਸਿਖ ਸ਼ਸਤ੍ਰਧਾਰੀ ਹੈ ਸਿਪਾਹੀ। ਸੋ ਰਹੇ ਹਜ਼ੂਰਿ ਕਿਧਰੇ ਜਾਇ ਨਾਹੀ।੫੩੦।

ਸੰਮਤੁ ਸਤਾਰਾਂ ਸੈ ਬਾਹਟਿ ਜਬ ਭਏ। ਤਬ ਰਾਜੇ ਲੈ ਕੇ ਚਮੂ ਤੁਰਕਾਂ ਦੀ[2] ਚੜ੍ਹਿ ਪਏ।
ਰੁਸਤਮ ਖਾਨ ਅਤੇ ਦਿਲਾਵਰ ਖਾਨ। ਅਉਰੰਗੇ ਦੀ ਤਰਫੋਂ ਆਏ, ਸੱਦੇ ਰਾਜਾਨ।੫੩੧।

ਰਾਜਿਆਂ[3] ਲਿਖ ਲਿਖ ਕੇ ਕਾਗਦਿ ਪਠਾਏ। ਤਬ ਅਉਰੰਗੇ ਪਾਸੋਂ ਏਹੁ ਦੋਵੇਂ ਸਿਰਦਾਰ ਆਏ।
ਸਾਹਿਬ, ਸੰਗਤਿ ਦੇ ਲੋਕ ਅਗੇ ਹੀ ਦਿੱਤੇ ਸੇ ਟੋਰ।
ਆਪ ਰਹੇ, ਰੱਖੀ ਨਾਲਿ ਫ਼ਉਜ-ਚਾਕਰ ਹੋਰ।੫੩੨।

ਮਾਇਆ ਉਪਰਿ ਪਹਾੜੀਏ ਆਹੇ ਭਰਮੇ।
ਜੋ ਮਾਇਆ ਹੈ ਵੱਡੀ ਅਸੀਂ ਪਹਿਲੇ ਲੁਟਾਂਗੇ ਅਪਣੇ ਘਰ ਮੇਂ।
ਸਾਹਿਬ ਪੂਰਨ ਆਹੇ ਜਾਣੀ ਜਾਣ। ਸੋ ਮਾਇਆ ਲਗੇ ਸਭੋ ਉਡਾਣ।੫੩੩।

ਥੈਲੀਆਂ ਮੰਗਾਇ ਉਪਰਿ ਮੁਹਰ ਛਾਪ ਕਰੀਏ। ਅਤੇ ਸਤਿਲੁਦ੍ਰ[4] ਜਲ ਡੂੰਘੇ ਵਿਚਿ ਧਰੀਏ।
ਜ਼ਰੀ ਬਾਦਲਾ ਕੀਮਖ਼ਾਬ, ਮਸਰੂ ਦੇ ਥਾਨ ਮੰਗਾਈਐ।
ਕਾਗਦਿ ਲਿਖਿ ਪਾਇ ਬੁਕਚੇ ਬੰਧਵਾਈਐ।੫੩੪।

ਸੋ ਬੈਸੰਤ੍ਰ ਵਿਚਿ ਧਰਿ ਹੋਮ ਕਰੀਜੈ। ਇਸ ਤਰ੍ਹਾਂ ਮਾਇਆ ਸਭ ਜਲ ਬਸੰਤ੍ਰ ਨੂੰ ਨਿਤ ਦੀਜੈ।
ਹੀਰਾ, ਮੋਤੀ, ਲਾਲ, ਜਵਾਹਿਰ, ਮਾਣਕ, ਚੂਨੀ, ਪੰਨਾ, ਪੁਖਰਾਜ।
ਸੋਇਨਾ, ਰੁਪਾ, ਗਹਿਣੇ ਘੜੇ-ਅਣਘੜੇ ਸਾਜੁ।੫੩੫।

---

੧. ਜਲਦੀ ਘਰ ਚਲੇ ਜਾਓ। ੨. ਤੁਰਕ ਫ਼ੌਜ। ੩. ਪਹਾੜੀ ਰਾਜਿਆਂ। ੪. ਸਤਲੁਜ।

ਸਭ ਹਵਾਲੇ ਜਲ ਪਰਮੇਸੁਰ ਦੇ ਕੀਤਾ।
ਭਾਂਡੇ ਤ੍ਰਾਮੇ, ਕਾਂਸੀ, ਲੋਹੇ, ਤੋੜੀ ਮਹੀਂ ਵਿਚਿ ਗੱਡ ਦੀਤਾ।
ਸਤਾਰਾਂ ਲੱਖ ਬੱਤੀ ਹਜ਼ਾਰ ਸੱਤ ਸੈ ਪੈਂਤੀ ਰੁਪਈਏ ਏਹ ਲਿਖਨ ਵਿਚਿ ਆਇਆ।
ਏਹ ਨਗਦ ਮਾਲ ਜਵਾਹਰ, ਜਲ ਵਿਚਿ ਪ੍ਰਵਾਹਿਆ।੫੩੬।

ਚਾਰਿ ਲੱਖ ਪੈਂਤੀ ਹਜ਼ਾਰ ਅਢਾਈ ਸੈ ਦਾ ਕਪੜਾ ਗਿਣਿਆ।
ਸੋ ਬੈਸੰਤ੍ਰ ਦੇ ਹਵਾਲੇ ਕੀਤਾ, ਸੀਤਾ ਪ੍ਰੋਤਾ ਬੁਣਿਆ।
ਅਤੇ ਸੰਦੂਕਾਂ ਵਿਚਿ ਪਉਲੇ ਪਥਰ ਪਵਾਈਐ।
ਤੋਬੜੇ ਤ੍ਰੱਪੜ ਨਾਲਿ ਮਿੱਟੀ ਰੇਤੁ ਪਾਇ ਬੰਦ ਕਰਾਈਐ।੫੩੭।

ਉਪਰਿ ਮੁਹਰ ਛਾਪ ਸੰਦੂਕਾਂ ਦੇ ਹੋਵੈ। ਸੰਦੂਕ ਕਰਿ ਕਰਿ ਇਕੱਠੇ ਕੋਠਾ ਭਰੋਵੈ।
ਅਤੇ ਜੁਧ ਨਿਤ ਹੋਵੈ ਲੜਾਈ। ਨਾਲੇ ਵਕੀਲ ਰਾਜਿਆਂ ਦੇ ਨਿਤ ਆਵਣ ਜਾਈ।੫੩੮।

ਪੰਮਾ ਵਜ਼ੀਰ ਰਾਜੇ ਹਰੀ ਚੰਦ ਦਾ ਆਹਾ। ਸੋ ਸਭਨਾਂ ਨੂੰ ਦੇਂਦਾ ਫਿਰੇ ਸਲਾਹਾਂ।
ਸਿਖਾਂ ਮੁਸੱਦੀਆਂ ਸਿਰਦਾਰਾਂ ਨਾਲਿ ਕਰਨ ਗੱਲਾਂ:
"ਸਾਹਿਬ ਇਥੋਂ ਦਸ ਕਦਮ ਅਗੇ ਪਿਛੇ ਹੋਇ ਬੈਠਨ, ਤਾਂ ਅਸੀਂ ਤੁਰਕਾਂ ਨੂੰ ਮੋੜਿ ਘੱਲਾਂ"।੫੩੯।

ਸਾਹਿਬ ਜਾਣੀ ਜਾਣ, ਪ੍ਰਬੀਨ ਸਭਾ ਕਿਛੁ ਜਾਣਨਿ। ਰਾਜਿਆਂ ਦਾ ਦਗਾ ਸਾਹਿਬ ਪਛਾਣਨਿ।
ਸਿਖ ਸਮਝਣ ਨਾਹੀ ਇਹ ਗੱਲ।
ਸਿਖ ਜਾਣਨਿ ਜੋ ਏਹ ਤੁਰਕਾਂ ਨੂੰ ਮੋੜਿ ਦੇਸਨਿ ਘੱਲਿ।੫੪੦।

ਤਬ ਸਾਹਿਬ ਅਪਣੀ ਮਾਤਾ ਗੁਜਰੀ ਨੂੰ ਐਸੇ ਕਹਿਆ।
"ਮਾਤਾ ਜੀ! ਤੁਸੀਂ ਨਿੱਕੇ ਨੀਂਗਰ ਨਾਲ ਲੈ ਚਾਹੀਐ ਗਇਆ।
ਵੱਡੇ ਦੋਨੋਂ ਭਾਈ ਰਹਿਨ ਅਸਾਡੇ ਨਾਲ। ਤੁਸੀਂ ਪਹਿਲੇ ਟੂਰੋ ਪਾਓ ਚਾਲ"।੫੪੧।

ਮਾਤਾ ਨ ਮੰਨੀ ਸਾਹਿਬ ਦੀ ਏਹੁ ਗੱਲੁ। ਕਹਿਆ: "ਚਾਰੇ ਨੀਂਗਰ ਨਾਲ ਮੇਰੇ ਘੱਲੁ।"
ਸਾਹਿਬ ਬਹੁਤ ਮਾਤਾ ਜੀ ਨੂੰ ਆਖ ਰਹੇ। ਮਾਤਾ ਜੀ ਨ ਲਗੇ ਸਾਹਿਬ ਦੇ ਕਹੇ।੫੪੨।

ਫੇਰ ਸਾਹਿਬ ਕਹਿਆ ਚਉਪਾ ਸਿੰਘ, ਸਾਹਿਬ ਸਿੰਘ ਸਾਲੇ ਜੋਗੁ[੧]।
ਤੁਸੀਂ ਲੈ ਟੂਰੋ ਜ਼ਨਾਨੇ ਨਾਲ ਲੋਗੁ।
ਸਭ ਤਿਆਰ ਕਰ ਦਿਤੇ ਟੋਰ। ਮਾਤਾ ਸੁੰਦਰੀ, ਮਾਤਾ ਸਾਹਿਬ ਦੇਈ ਨਾਲੇ ਕੁਛੁ ਲੋਕ ਹੋਰੁ।੫੪੩।

ਨਾਲਿ ਦਿਤੇ ਊਠ ਸੰਦੂਕਾਂ ਵਾਲੇ। ਜਿਨ੍ਹਾਂ ਦੇ ਵਿਚਿ ਛਿੱਤ੍ਰ ਪੱਥਰ ਆਹੇ ਡਾਲੇ।
ਬਚਨ ਕੀਤਾ: "ਤੁਸਾਂ ਟੁਰ ਜਾਣਾ ਜ਼ਨਾਨੇ ਲੋਕ ਲੈ ਕੇ ਅੱਗੇ।
ਅਤੇ ਊਠ ਆਉਸਨ ਹਉਲੀ ਹਉਲੀ ਪਿਛੇ ਲੱਗੇ।੫੪੪।

ਚਉਪਾ ਸਿੰਘ ਨੂੰ ਸਭ ਹਕੀਕਤ ਛੱਡੀ ਸੀ ਸਮਝਾਇ। ਤੁਸਾਂ ਪਿੱਛੇ ਨਹੀਂ ਰਹਿਣਾ ਅਟਕਾਇ।
ਜੇ ਕੋਈ ਫਉਜ ਪਈ ਆਇ। ਤੁਸਾਂ ਛੱਡ ਕੇ ਊਠ, ਅੱਗੇ ਜਾਣਾ ਧਾਇ।੫੪੫।

---

੧. ਇਹ ਮਾਤਾ ਸਾਹਿਬ ਦੇਵਾਂ ਦਾ ਭਰਾ ਸੀ, ਨਾਲ ਬਜ਼ੁਰਗ ਸਿਖ ਭਾਈ ਚਉਪਾ ਸਿੰਘ ਤੇ ਭਾਈ ਦਰਬਾਰਾ ਸਿੰਘ ਦਿਲਵਾਲੀ ਵੀ ਸੀ, ਜੋ ਮਹਲਾਂ ਨਾਲ ਗਏ ਸਨ।

ਨਾਲੇ ਸਾਹਿਬ ਜੀਤ ਸਿੰਘ ਦਾ ਕੁਆਰਾ ਸੀ ਡੋਲਾ।
ਨਾਲ ਕਰਿ ਦਿਤਾ ਬਨਾਰਸੀ ਦਾਸ ਘਰ ਦਾ ਗੋਲਾ।
ਜਦਿ ਕੋਸ ਦੁਇ ਤ੍ਰੈ ਟੁਰਿ ਕੇ ਗਏ। ਤਦਿ ਰਾਜੇ ਲੈ ਫਉਜਾਂ ਪਿਛੇ ਪਏ।੫੪੬।

ਰਾਜਿਆਂ ਜਾਇ ਊਠ ਸੰਦੂਕਾਂ ਵਾਲੇ ਲਏ।
ਅਤੇ ਕਬੀਲੇ ਜ਼ਨਾਨੇ ਲੋਕ ਸਭ ਅਗੇ ਨੱਸ ਗਏ।
ਮਾਲਨੇਰੀਏ ਪਠਾਣ ਪਿੱਛੋਂ ਸੁਣ ਕੇ ਦਉੜੇ।
ਕੁਛੁ ਲੋਕ ਏਨ੍ਹਾਂ ਲੁੱਟੇ, ਜ਼ਨਾਨੇ ਜਾਇ ਕੀਤੇ ਸਉੜੇ।੫੪੭।

ਚਉਪਾ ਸਿੰਘ ਅਤੇ ਸਾਹਿਬ ਸਿੰਘ ਮੁੜ ਕੇ ਲੜੇ। ਅਤੇ ਜ਼ਨਾਨੇ ਲੋਕ ਟੋਰ ਦਿਤੇ ਸਨ ਪਰੇ।
ਸਾਹਿਬ ਜੀਤ ਸਿੰਘ ਦਾ ਡੋਲਾ ਪਠਾਣਿ ਖੋਹਿ ਲੈ ਗਏ[੧]।
ਚਉਪਾ ਸਿੰਘ ਸਾਹਿਬ ਸਿੰਘ ਪਿਛੇ ਪਏ।੫੪੮।

ਹੱਥਿ ਨਾ ਲੱਗਾ, ਲੜਿ-ਭਿੜ ਰਹੇ ਤਦ ਥੱਕੇ।
ਮੁੜਿ ਗਏ ਨਾਲ ਜ਼ਨਾਨਿਆਂ ਦੇ ਜਦ ਅੱਕੇ।
ਬਚਨ ਕੀਤਾ ਸਾਹਿਬ, ਸਿੰਘਾਂ ਨੂੰ ਐਸੇ: "ਕਿਉਂ ਡਿਠਾ ਜੇ, ਧਰਮ ਰਾਜਿਆਂ ਦੇ ਜੈਸੇ"।੫੪੯।

ਫੇਰ ਰਾਜਿਆਂ ਆਖਿ ਭੇਜਿਆ: "ਅਸੀਂ ਪਿਛੇ ਨਹੀਂ ਪਏ।
ਏਹ ਹੋਰ ਲੋਕ ਅਸਾਥੀਂ ਬਾਹਰੇ ਹੀ ਹੈਸਨਿ ਧਏ।
ਨਾਲੇ ਪਾਇਆ ਘੇਰਾ ਫਉਜਾਂ ਲੈ ਕੇ। ਸਿੱਖ ਭੀ ਬਾਹਰਿ ਨਿਕਲਨ ਲੜਨ ਫਤੇ ਬੁਲੈ ਕੇ"।੫੫੦।

ਦੋ ਦੋ ਸਿਰਸਾਹੀ ਅਨਾਜ ਸਿੱਖਾਂ ਖਾਧਾ। ਪਰ ਜੁੱਧ ਧਰਮ ਦੇ ਉਪਰਿ ਸਿੱਖਾਂ ਲੱਕ ਬਾਂਧਾ।
ਤੂਤਾਂ ਦੇ ਪੱਤਰ ਖਾਇ ਖਾਇ ਕੇ ਸਿਖ ਲੜੇ।
ਪ੍ਰਤੀਤਿ ਵਾਲੇ ਸਿਖ ਗੁਰੂ ਕੇ ਜੁੱਧ ਵਿਚ ਹੱਛੇ ਅੜੇ।੫੫੧।

ਫੇਰ ਰਾਜਿਆਂ ਕਸਮ-ਸਉਗੰਦ ਠਹਿਰਾਈ। ਸਿਖਾਂ ਚੰਗੇਰਿਆਂ ਨੂੰ ਪ੍ਰਤੀਤਿ ਆਈ।
ਬਚਨ ਕੀਤਾ: "ਅੱਠ ਦਿਨ ਦੇਖੋ, ਵਿਸਾਹੁ ਨਾ ਕਰੋ।"
ਚੰਗੇਰੇ ਸਿਖ ਹਾਰੇ, ਬਚਨ ਕੀਤਾ: "ਨਾ ਡਰੋ"।੫੫੨।

ਸਿਖਾਂ ਕਾਗਦਿ ਲਿਖਾਇ ਲਏ ਰਾਜਿਆਂ ਪਾਸੋਂ।
ਨਾਲੇ ਕਸਮ ਲਿਖਾਇ ਭੇਜੀ ਰੁਸਤਮ ਖਾਂ, ਦਿਲਾਵਰ ਖਾਂ ਪਾਸੋਂ।
ਸਾਹਿਬ ਬਚਨ ਕੀਤਾ: "ਤੁਸਾਂ ਨੂੰ ਹੈ ਪ੍ਰਤੀਤਿ ਆਈ?"
ਸਿਖਾਂ ਕਹਿਆ: "ਜੀ ਅਸਾਂ ਪੱਕੀ ਧਰਮ-ਈਮਾਨ ਦੀ ਕਸਮ-ਸਉਗੰਦ ਹੈ ਠਹਿਰਾਈ।੫੫੩।

ਤੁਰਕਾਂ ਦੀ ਫਉਜ ਨਜ਼ੀਕ ਆਇ ਉਤਰੀ।
ਪ੍ਰਤੀਤਿ ਵਾਲੇ ਸਿਖ ਕਰਨ ਜੁੱਧ, ਬੇਪ੍ਰਤੀਤੇ ਕਹਿਨ ਕਿਵੇਂ ਜਾਈਏ ਟੁਰੀ।"
ਜਾਂ ਤੁਰਕਾਂ ਡੇਰਾ ਨਜ਼ੀਕ ਕੀਤਾ, ਤਾਂ ਰਾਤਿ ਨੂੰ ਚਰਨ ਗੰਗਾ ਵਗਿ ਪਈ।
ਤੁਰਕ ਪਾਰ, ਸਾਹਿਬ ਉਰਾਰਿ, ਵਿਚਿ ਧਾਰ ਪਾਣੀ ਦੀ ਵਗ ਗਈ।੫੫੪।

---

੧. ਕੇਸਰ ਸਿੰਘ ਨੂੰ ਭੁਲੇਖਾ ਲੱਗਾ ਹੈ, ਸਾਹਿਬਜ਼ਾਦਾ ਅਜੀਤ ਸਿੰਘ ਦੀ ਧਰਮਪਤਨੀ ਤਾਰਾਬਾਈ, ਮਾਤਾ ਸੁੰਦਰੀ ਨਾਲ ਹੀ ਦਿੱਲੀ ਪੁੱਜ ਗਈ ਸੀ।

ਸਾਹਿਬ ਆਖਣ: "ਅੱਠ ਦਿਨ ਤੁਸੀਂ ਦੇਖੋ ਹੋਰ।"
ਸਿਖ ਨਾ ਮੰਨਣਿ, ਆਖਣ: "ਜੋ ਤੁਸੀਂ ਨਹੀਂ ਟੁਰਦੇ, ਅਸਾਂ ਨੂੰ ਛੱਡੋ ਟੋਰ।"
ਬਚਨ ਕੀਤਾ: "ਤੁਸੀਂ ਜਾਵੋ, ਅਸਾਂ ਨੂੰ ਦਿਓ ਲਿਖਾ।
ਜੇ ਤੁਸਾਂ ਨੂੰ ਪਰਤੀਤਿ ਆਈ ਹੈ, ਧਰਮ ਉਨ੍ਹਾਂ ਦਾ ਦਿਖਾ"।੫੫੫।

ਮੱਘ੍ਰ ਮਹੀਨੇ ਅੱਧੀ ਨਿਸਾ[1], ਕੂਚ ਕੀਤਾ। ਲੋਕ ਅਪਣਾ ਸਭ ਇਕੱਠਾ ਕਰਿ ਲੀਤਾ।
ਨਿਸਾ ਕਾਲੀ ਰਥ ਮਾਤਾ ਦਾ ਭੁੱਲ ਗਿਆ।
ਸਹੇੜੀ ਗਿਰਾਉਂ ਰੰਘੜਾਂ ਦਾ, ਤਿਤ ਮਾਰਗਿ ਪਿਆ।੫੫੬।

ਦੁਇ ਸਾਹਿਬਜ਼ਾਦੇ ਨਿਕੜੇ ਨਾਲਿ ਗਏ। ਰਥ ਵਿਚਿ ਨਾਲਿ ਦਾਦੀ ਦੇ ਸੁੱਤੇ ਪਏ।
ਸੋ ਰਥ ਰੰਘੜਾਂ ਤੁਰਕਾਂ ਨੂੰ ਹਥਿ ਆਇਆ।
ਉਨ੍ਹਾਂ ਤੁਰਕਾਂ ਰੰਘੜਾਂ ਲੁਟ ਪੁਟ ਕੇ ਰਥ ਸੀਰੰਦ ਪਕੜਿ ਪਠਾਇਆ।੫੫੭।

ਨਵਾਬ ਵਜ਼ੀਰ ਖਾਂ ਪਾਸ ਪਕੜੇ ਗਏ। ਸੀਰੰਦੀ ਜਾਇ ਦਾਦੀ ਪੋਤ੍ਰੇ ਤਿੰਨੇ ਕੈਦਿ ਪਏ।
ਅਤੇ ਸਾਹਿਬ ਰਾਹਿ ਰੋਪੜ ਦੇ ਗਏ। ਨਾਲਿ ਊਠ ਸੰਦੂਕਾਂ ਦੇ ਲੈ ਗਏ।੫੫੮।

ਫਉਜ ਰਾਜਿਆਂ ਦੀ ਪਿਛੇ ਪਈ। ਊਠ ਸੰਦੂਕ ਲੈ ਕੇ ਕੁਛ ਸਿਖਾਂ ਨੂੰ ਮਾਰਿ ਗਈ।
ਲੜਦੇ ਭਿੜਦੇ ਜਾਇ ਰੋਪੜ ਵੜੇ।
ਤੁਰਕ ਭੀ ਪਿਛੇ ਪਏ, ਕੁਛ ਗੁਰੂ ਕੇ ਸਿਖ ਪ੍ਰਤੀਤਿ ਵਾਲੇ ਲੜੇ।੫੫੯।

ਉਥੇ ਬਚਨ ਇਸ ਜੁਗਤਿ ਕੀਤਾ:
"ਸਿਖਾਂ ਦੀ ਲਈ ਸਿਖੀ, ਤੁਰਕਾਂ ਈਮਾਨ, ਹਿੰਦੂਆਂ ਦਾ ਧਰਮ ਲੀਤਾ।"
ਲੜਦੇ ਭਿੜਦੇ ਜਾਇ ਚਮਕਉੜ ਵੜੇ। ਗਿਰਦੇ ਪਾਇ ਘੇਰਾ, ਤੁਰਕ ਰਾਜੇ ਸਭ ਚੜ੍ਹੇ।੫੬੦।

ਜੁੱਧ ਹੋਆ ਲੋਕ ਦੋਹਾਂ ਤਰਫਾਂ ਦੇ ਮਾਰੇ। ਤੁਰਕਾਂ ਦੇ ਦੁਇ ਸਿਰਦਾਰ ਮਾਰਿ ਉਤਾਰੇ।
ਦੂਜੇ ਦਿਨ ਜੀਤ ਸਿੰਘ ਜੀ ਜਾਇ ਪਏ। ਸਿੰਘ ਸੂਰਮੇ ਨਾਲਿ ਲੈ ਗਏ।੫੬੧।

ਗਜੈ ਸਿੰਘ ਰਾਜਾ, ਪੰਮਾ ਵਜ਼ੀਰ ਏਹੁ ਦੋਨੋ ਆਇ ਲੜੇ।
ਜੀਤ ਸਿੰਘ ਜੀ, ਜੁਝਾਰ ਸਿੰਘ ਜੀ, ਨਾਲ ਸਿੰਘ ਪੈਂਤ੍ਰੀ ਰਹੇ ਖੜੇ।
ਧਕਿ ਹਟਾਇਕੇ ਅੰਦਰ ਆਏ।
ਇਕ ਸਿੱਖ ਲਗਾ ਬ੍ਰਹਮਣ ਦੱਤ, ਜੋ ਦਉੜ ਪਿਆ ਜਾਏ।੫੬੨।

ਚੰਦਨ ਰਾਉ ਸਿਖ ਗੁਰੂ ਕਾ ਕਰਿ ਜੁੱਧ ਸੋ ਮਾਰਿਆ। ਹੋਆ ਮੁਕਤ ਸੁਰਗ ਸਿਧਾਰਿਆ।
ਫੇਰ ਤੀਜੇ ਦਿਨ ਜੁਝਾਰ ਸਿੰਘ ਜੀ ਪੰਜੀ ਸਿੰਘ ਨਾਲਿ ਲੈ ਆਏ।
ਹਛੇ ਲੜੇ ਤੁਰਕ ਰਾਜੇ ਮਾਰਿ ਹਟਾਏ।੫੬੩।

ਮੁੜਿਆਂ, ਉਪਰਿ ਰਾਜੇ ਆਇ ਪਏ। ਸਿੱਖ ਲੜੇ ਪਰ ਜੁਝਾਰ ਸਿੰਘ ਜੀ ਸੁਰਗ ਨੂੰ ਗਏ।
ਪੰਦਰਾਂ ਸਿੰਘ ਲਾਸ਼ ਲੈ ਕੇ ਰਣ ਵਿਚੋਂ ਆਏ।
ਸੋ ਕੀਤਾ ਸਿੱਖ ਸੰਸਕਾਰ ਚਮਕਉੜ ਵਿਚਿ ਜਾਏ।੫੬੪।

---

੧. ੧੫ ਮੱਘਰ ੧੭੬੨ ਬਿ: ਨੂੰ ਅੱਧੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਤਿਆਗਿਆ ਸੀ। ਦੇਖੋ *ਗੁਰ-ਪ੍ਰਣਾਲੀ* ਭਾਈ ਗੁਲਾਬ ਸਿੰਘ। ਪਿੱਛੋਂ ਦੇ ਇਤਿਹਾਸਕਾਰਾਂ ਗ਼ਲਤ ਤਰੀਕ ਦਿੱਤੀ ਹੈ।

ਫੇਰ ਜੀਤ ਸਿੰਘ ਜੀ ਚੜ੍ਹੇ ਨਾਲਿ ਸਿੰਘ ਲੈ ਕੇ।
ਮਾਰਿਆ ਰਾਜਾ ਗਜੈ ਸਿੰਘ, ਭੰਨਾ ਪੰਮਾ ਘੋੜਾ ਫਟੈ ਕੇ।
ਸੰਗਤਿ ਰਾਇ ਖਤ੍ਰੇਟਾ ਹੱਛਾ ਲੜਿਆ। ਸੱਤਾਂ ਸਵਾਰਾਂ ਨਾਲਿ ਉਥੇ ਖੜਾ ਰਿਹਾ ਅੜਿਆ।੫੬੫।

ਗੁਲਾਬ ਸਿੰਘ ਜੀ ਅਤੇ ਸੰਗੋ ਸਿੰਘ ਜੀ ਦੋਨੋ ਭਾਈ। ਸਾਕ ਵਿਚੋਂ ਸਾਹਿਬ ਦੇ ਭਾਣਜੇ ਕਹਾਈ।
ਚੰਦੇਲ ਜਸਵਾਰ ਨਾਲਿ ਫਉਜ ਤੁਰਕਾਂ ਦੀ ਲੈ ਕੇ।
ਆਇ ਪਏ ਬਡੀ ਹਾਲ ਹਾਲ ਕੈ ਕੈ।੫੬੬।

ਗੁਲਾਬ ਸਿੰਘ ਜੀ ਸੰਗੋ ਸਿੰਘ ਜੀ ਹਛਾ ਜੁੱਧ ਕੀਤਾ ਫਤੇ ਬੁਲਾਈ।
ਤੁਰਕਾਂ ਦੀ ਫਉਜ ਬਹੁਤ ਮਾਰੀ ਰਾਜੇ ਦਿਤੇ ਹਟਾਈ।
ਓੜਕ ਸੂਰਮਿਆਂ ਸਿਰੁ ਦੇਣਾ। ਸੀਸ ਦੇ ਕੇ ਸੁਰਗ ਲੈਣਾ।੫੬੭।

ਬਚਨ ਕੀਤਾ: **ਸ੍ਵੈਯਾ**
"ਗਾਜਿ ਗੁਲਾਬ ਲੀਓ ਬਰਛਾ ਲਖ ਸ਼ਤ੍ਰੁਨ ਮੈ ਲਲਕਾਰ ਪਰਯੋ।
ਬਹੁ ਬੀਰ ਗਿਰਾਇ ਦੀਏ ਰਣ ਮੈ, ਕਰਿ ਘਾਇਲ ਚਿਤ ਮੈ ਨ ਡਰਿਓ।
ਦਾਮਨਿ ਸ਼ੋਭਤ ਮੈ ਘਨ ਮੈ ਧਸਿ ਬਿਹਰਨਿ ਬਿਹਰਨਿ ਇਉ ਬਿਹਰਿਓ।
ਸਿਵ ਲੈ ਸਿਵ ਲੈ ਸ਼ਿਵ ਲੈ ਸਿਰੁ ਮੇਰੁ ਕੀ ਮਾਲ ਕਾ ਰੁੰਡ ਕੀਓ"।੫੬੮।

**ਦੋਹਰਾ ਮ: ੧੦**
ਮਾਰਿ ਨਿਜਾਬਤ ਖਾਨ ਕੋ, ਸੰਗੋ ਜੂਝੇ ਜੁਝਾਰ।
ਹਾ ਹਾ ਇਹ ਲੋਕੈ ਭਇਓ ਸੁਰਗ ਲੋਕ ਜੈਕਾਰ।੫੬੯।

**ਚਉਪਈ**—ਤਬ ਕ੍ਰਿਪਾਲ ਕੁਤਕਾ ਲੈ ਪਏ। ਸੋਟੇ ਮਾਰਿ ਹਟਾਇ ਸਭ ਦਏ।
ਐਸਾ ਸੋਟਾ ਮਾਰੇ ਦਉੜਿ। ਜਹਾਂ ਪਰੇ, ਤਹਾਂ ਕਰੇ ਰਉੜ ਚਉੜ[1]।੫੭੦।

ਜੀਤ ਸਿੰਘ ਜੀ ਭੀ ਸੁਰਗ ਸਿਧਾਏ। ਲੱਖਾਂ ਨਾਲਿ ਕੀ ਕੀਤਾ ਜਾਏ।
ਤਿਨਾਂ ਦਾ ਭੀ ਕੀਤਾ ਸਿਸਕਾਰੁ। ਨਾਲਿ ਉਪਲਿਆਂ[2] ਗੁਹੀਰਿਆਂ ਮਝਾਰ।੫੭੧।

ਦੋਨੋ ਸਾਹਿਬਜ਼ਾਦੇ, ਅਤੇ ਬਹੁਤੇ ਸਿਖ ਕੰਮ ਆਏ।
ਤਬ ਸਾਹਿਬ ਉਥੋਂ ਰਾਤਿ ਨੂੰ ਨਿਕਲਿ ਸਿਧਾਏ।
ਚਉਦਾਂ ਮੁਕਤੇ ਚਾਲੀ ਸਿੰਘ—ਚਉਰੰਜਾਂ ਸਿਖਾਂ ਕਹਿਆ।
"ਗਰੀਬ ਨਿਵਾਜ਼! ਤੁਸੀਂ ਚਲੋ ਡੇਰਾ ਰਹੇ ਪਿਆ ਮੰਜਾ"।੫੭੨।

ਡੇਰਾ ਰਿਹਾ ਲੱਗਾ, ਸਾਹਿਬ ਉਥੋਂ ਨਿਕਲਿ ਆਏ। ਕੰਧ ਪਾੜ ਕਰਿ ਰਾਹੁ ਸਿਧਾਏ।
ਚਾਰ ਸਿਖ ਪੰਜਵੇਂ ਆਪ। ਦੁਇ ਕੇਸਧਾਰੀ, ਦੁਇ ਸਹਜਧਾਰੀ, ਸੰਗ ਲੀਨੇ ਥਾਪ।੫੭੩।

ਭਇਆ ਸ਼ੋਰ ਲੋਕ ਅਤਿ ਜਾਗੇ। 'ਹਿੰਦੂ ਭਾਗਾ, ਹਿੰਦੂ ਭਾਗਾ' ਪੁਕਾਰਨ ਲਾਗੇ।
ਇਹੋ ਸ਼ਬਦ ਕਹਿਤੇ ਸਾਹਿਬ ਭੀ ਆਏ। ਲਸ਼ਕਰ ਤੁਰਕਾਂ ਦੇ ਵਿਚਿ ਜਾਇ ਸਮਾਏ।੫੭੪।

---

੧. ਇਥੇ ਲੇਖਕ ਭੁਲੇਖਾ ਖਾ ਗਿਆ ਹੈ ਤੇ ਉਸ ਨੇ ਭੰਗਾਣੀ ਜੁੱਧ ਦੇ ਸੂਰਬੀਰ ਸੰਗੋ ਸ਼ਾਹ ਤੇ ਮਹੰਤ ਕ੍ਰਿਪਾਲ ਦਾ ਵੀ ਚਰਚਾ ਕੀਤਾ ਹੈ। ਚਮਕੌਰ ਜੁੱਧ ਵਿਚ ਇਹ ਨਹੀਂ ਸਨ। ੨. ਪਾਥੀਆਂ।

ਤਬ ਸਾਹਿਬ ਲਸ਼ਕਰ ਵਿਚੋਂ ਬਾਹਰ ਆਏ।
ਸਿਖ ਪਿਛੇ ਰਹੇ ਲੜਦੇ, ਸਾਹਿਬ ਮਾਛੀਵਾੜੇ ਪਹੁਤੇ ਜਾਏ।
ਮਾਛੀਵਾੜਿਓਂ ਸਾਹਿਬ ਇਕ ਦੁਇ ਦਿਨ ਰਹਿ ਕੇ ਦੀਨਪੁਰ ਨੂੰ ਗਏ।
ਤਹਾਂ ਸਿਖ ਆਇ ਬਹੁਤੁ ਮਿਲਤੇ ਭਏ।੫੭੫।

ਅਤੇ ਚਮਕਉੜ[1] ਸਿਖ ਪਿਛੇ ਲੜਦੇ ਰਹੇ। ਮੁਕਤੇ ਸਿਖ ਅਛੇ ਲੜੇ ਮਾਰਿ ਮਾਰਿ ਕਹੇ।
ਹੋਰ ਸਿਖ ਸਭ ਗੁਰੂ ਕੇ ਕੰਮ ਆਏ, ਥਾਂਇ ਲਗੇ।
ਪੰਚ-ਚਾਰ ਸਿਖ ਬਚੇ, ਸੋ ਆਏ ਸਾਹਿਬ ਪਾਸ ਵਗੇ।੫੭੬।

ਸਾਰੀ ਹਕੀਕਤ ਚਮਕਉੜ ਦੀ ਸਿਖਾਂ ਆਖਿ ਸੁਣਾਈ।
ਬਚਨ ਕੀਤਾ: "ਧੰਨ ਸਿੱਖਾਂ ਦੀ ਕਮਾਈ"।
ਬਚਨ ਕੀਤਾ, ਭਾਈ ਸਿਖੋ ਤੁਸੀਂ ਕੁਛੁ ਚਾਹੋ, ਸੋ ਮੰਗੋ।
ਸਿੱਖਾਂ ਕਹਿਆ: "ਗਰੀਬ ਨਿਵਾਜ਼, ਤੂੰ ਦੇਣਹਾਰ ਹੈ ਚੰਗੋ।੫੭੭।

ਕਾਗਦ ਪਾੜੋ ਜੋ ਸਿਖਾਂ ਹੈ ਲਿਖ ਦਿਤਾ।"
ਬਚਨ ਕੀਤਾ: "ਕੁਛੁ ਹੋਰੁ ਮੰਗੋ, ਹੱਛਾ ਮਿੱਠਾ।"
ਸਿਖਾਂ ਕਹਿਆ: "ਗਰੀਬ ਨਿਵਾਜ਼! ਸਿਖੀ ਦਾਨੁ ਕਰੁ।
ਕਾਗਦ ਪਾੜ, ਸਿਖਾਂ ਦੇ ਸਿਰ ਹਥ ਧਰੁ"।੫੭੮।

ਕਾਗਦ ਕੱਢ ਕੇ, ਸਿਖਾਂ ਸਾਹਿਬ ਪਾਸੋਂ ਪੜਵਾਇਆ।
ਬਚਨ ਕੀਤਾ: "ਸਿਖਾਂ, ਸਿਖਾਂ ਨੂੰ ਸਿਖੀ ਦਾਨ ਦਿਵਾਇਆ।"
ਇਤਨੀ ਹਕੀਕਤ ਇਥੋਂ ਤੋੜੀਂ ਹੋਈ।
ਅਗੇ ਸੁਨੋ ਮਾਤਾ ਗੁਜਰੀ, ਦੋਨੋ ਸਾਹਿਬਜ਼ਾਦੇ ਸਿਰੰਦੀਂ ਕੈਦਿ ਗਏ ਜੋਈ।੫੭੯।

ਨਵਾਬ ਵਜ਼ੀਰ ਖਾਂ ਸੋ ਛਡਣੇ ਲਾਏ। ਸੁੱਚੇ ਪੁਰੀ ਨੇ ਚੁਗਲੀ ਕਰਿ ਦੋਨੋ ਮਰਿਵਾਏ।
ਸੱਤ ਵਾਰੀ ਮੂੰਹ ਫਿਟਕਾਰ ਕੇ ਨਾਉਂ ਝੂਠੇ ਦਾ ਲਈਐ।
ਫਿੱਟੇ ਮੁਹੁ ਸੁੱਚੇ ਝੂਠੇ ਪੁਰੀ ਖੱਤ੍ਰੀ ਦਾ ਕਹੀਐ।੫੮੦।

ਨਉਂ ਸਾਲ ਅਵਸਥਾ ਜ਼ੋਰਾਵਰ ਸਿੰਘ ਜੀ ਭਏ।
ਸਾਢੇ ਸੱਤ ਸਾਲ ਅਵਸਥਾ ਫਤੇ ਸਿੰਘ ਜੀ ਲਏ।
ਜ਼ੋਰਾਵਰ ਸਿੰਘ ਦੇ ਪ੍ਰਾਨ ਖੰਡੇ ਨਾਲਿ ਬੇਗ ਛੁਟ ਗਏ।
ਅੱਧੀ ਘੜੀ ਫਤੇ ਸਿੰਘ ਜੀ ਚਰਨ ਮਾਰਦੇ ਭਏ।੫੮੧।

ਪੁਰੀ ਝੂਠੇ ਨੇ ਚੁਗਲੀ ਕਰ ਕੇ ਮਰਵਾਏ। ਨਵਾਬ ਵਜ਼ੀਰ ਖਾਂ ਛਡਣੇ ਸੇ ਲਾਏ।
ਉਹ ਪੁਰੀ ਸਾਹੀਆਂ ਦਾ ਕੁੜਮ ਆਹਾ। ਹੋਰੁ ਵਖਰਾ ਵੈਰ ਕੋਈ ਨਾਹਾ।੫੮੨।

ਹਿੰਦੂ ਹਿੰਦੂ ਕਾ ਪੱਕਾ ਵੈਰੀ ਹੋਵੈ। ਤੁਰਕ ਤੁਰਕ ਤੋਂ ਸਿਰ ਦੇਣ ਉਠਿ ਖੜੋਵੈ।
ਫਿਟੇ ਮੁਹੁ ਭਕੂਏ ਤੇਰੇ ਕੀ ਹਥਿ ਆਇਆ?
ਮੂੰਹੁ ਕਾਲਾ ਤੇਰੇ ਸਮੇਤ ਕੁੜਮਾਂ ਸਤਿਗੁਰੂ ਕਰਾਇਆ।੫੮੩।

---

੧. ੧੭ ਮੱਘਰ ੧੭੬੨ ਚਮਕੌਰ ਦੇ ਸਾਕੇ ਦੀ ਸਹੀ ਤਰੀਕ ਹੈ।

ਮਾਤਾ ਗੁਜਰੀ ਵਿਹੁ ਖਾਇ ਪ੍ਰਾਨ ਦਿਤੇ। ਐਸੇ ਕਰਮ ਤੱਤਿਆਂ ਖੱਤਿਆਂ ਸਤਿਗੁਰੂ ਨਾਲਿ ਕਿਤੇ।
ਜੋ ਕੋਈ ਸਿਖ ਹੋਇ ਤੱਤੇ ਖੱਤੇ[1] ਦਾ ਕਰਦਾ ਹੈ ਇਤਬਾਰ।
ਤਿਸ ਨੂੰ ਥਾਉਂ ਨਹੀਂ ਸਚਖੰਡ ਦਰਬਾਰ।੫੮੪।

ਜੋ ਗੁਰੂ ਨਾਲੋਂ ਨੱਸੇ ਜੁੱਧ ਤੇ ਡਰਦੇ। ਤਿਨਾਂ ਨਾਲਿ ਤੁਰਕ ਬਹੁਤੁ ਬੁਰਾ ਰਹੇ ਕਰਦੇ।
'ਬਚਿਤ੍ਰ ਨਾਟਕ' ਵਿਚਿ ਸਾਹਿਬ ਆਪ ਹੈ ਕਹਿਆ।
ਉਥੇ ਕਹਿਨਾ ਕਿਛੁ ਬਾਕੀ ਨਹੀਂ ਰਹਿਆ।੫੮੫।

ਸਾਹਿਬ ਦੀਨਪੁਰੋਂ ਮੁਕਤਸਰ ਨੂੰ ਗਏ। ਤਹਾਂ ਭੀ ਤੁਰਕ ਆਵਤ ਭਏ[2]।
ਉਥੇ ਭੀ ਜੁੱਧ-ਲੜਾਈ ਹੋਈ। ਤੁਰਕ ਉਥੇ ਬਹੁਤੁ ਮਾਰੇ, ਸਿੱਖ ਭੀ ਅਮਰੁ ਹੋਇਆ ਕੋਈ।੫੮੬।

ਓਥੋਂ ਸਾਹਿਬ ਕਾਂਗੜ ਨੂੰ ਕੂਚ ਕਰ ਗਏ। ਓਥੇ ਜਾਇ ਬੈਂਤ ਚਉਦਾਂ ਸੈ ਉਚਰਤੇ ਭਏ।
ਬਚਨੁ ਕੀਤਾ: "ਜੋ ਕੋਈ ਸਿਖ ਸੀਸੁ ਦੇਵੈ ਸੋ ਅਉਰੰਗੇ ਪਾਸ ਲੈ ਜਾਏ।
ਦਇਆ ਸਿੰਘ ਖਤ੍ਰੀ ਸੋਫਤੀ ਮੁਨਸ਼ੀ ਹਥ ਜੋੜਿ ਖੜੋਤਾ ਆਏ"।੫੮੭।

ਬਚਨ ਕੀਤਾ: "ਅਦਬ ਨਾਲਿ ਪੋਥੀ ਅਉਰੰਗੇ ਦੇ ਹਥਿ ਦੇਣੀ।"
ਤਿਨ ਕਹਿਆ: "ਜੀ ਤੇਰੀ ਕ੍ਰਿਪਾ ਤੇਰੇ ਬਲ ਕਰਿ ਉਸ ਹੈ ਲੈਣੀ।"
ਮੈਂ ਹਾਂ ਜੀਉ ਮਨੁਖ, ਬਲੁ ਹੋਣਾ ਹੈ ਤੇਰਾ। ਸੀਸੁ ਲਗਾ ਪਵਿਤ੍ਰ ਹੋਸੀ ਮੇਰਾ।੫੮੮।

ਸੋ ਲੈ ਕੇ ਦਇਆ ਸਿੰਘ ਓਥੇ ਗਿਆ। ਨਾਉਂ ਕੁਰਾਨੁ ਧਰਿ ਸਿਰ ਤੇ ਰਖਿ ਲਿਆ।
ਨੀਲੇ ਕਪੜੇ ਪਾਇ, ਬਣ ਗਿਆ ਮੱਕੇ ਦਾ ਹਾਜੀ।
ਹੈਸੀ ਮੁਨਸ਼ੀ ਪੜ੍ਹਿਆ ਹੋਇਆ, ਜਬਾਬੁ ਸੁਆਲ ਨਿਸੰਗ ਕਰੇ, ਸੰਗ ਮੁਫਤੀ ਮੁੱਲਾਂ ਕਾਜ਼ੀ।੫੮੯।

ਅਉਰੰਗਾਬਾਦ ਜਾਇ ਪਹੁਤਾ ਅਉਰੰਗੇ ਪਾਸ।
ਕਹਿਆ: "ਖਬਰ ਕਰੋ, ਮੱਕੇ ਸ਼ਰੀਫ ਥੀਂ ਮੈਂ ਕੁਰਾਨ ਆਂਦਾ ਹੈ ਖਾਤਰ ਤਾਸ।"
ਚੋਬਦਾਰ ਜਾਇ ਅੰਦਰ ਕੀਤੀ ਅਰਜ਼।
ਕਹਿਆ: "ਸ਼ਿਤਾਬੀ ਆਵੇ ਲੈ ਅੰਦਰ, ਤਿਸ ਦਾ ਦੇਖਣਾ ਹੈ ਫਰਜ਼"।੫੯੦।

ਅਰਜ਼ ਬੇਗੀਏ ਹੱਥ ਉਠਾਇ ਕੁਰਾਨ ਮੰਗਿਆ।
ਤਿਨ ਕਹਿਆ: "ਮੈਨੂੰ ਹੁਕਮ ਹੈ ਅਪਨੇ ਹੀ ਹਥਿ ਲੇਵੈ ਤਾਂ ਦੇਵਣਾ, ਇਤ ਕਾਰਣ ਮੈਂ ਸੰਗਿਆ।"
ਅਉਰੰਗੇ ਆਪਣੇ ਹਥ ਸੋ ਲੀਤਾ। ਚੁੰਮ ਚਟਿ ਅੱਖੀਂ ਮੱਥੇ ਤੇ ਧਰਿ, ਬਡਾ ਅਦਬੁ ਕੀਤਾ।੫੯੧।

ਜਦਿ ਖੋਲ੍ਹਿ ਡਿਠਾ ਤਬ ਮੁਖ ਪਰ ਜ਼ਰਦੀ ਵਰਤ ਗਈ।
ਕਿਆ ਕਹੇ, ਕਿਤਾਬ ਹਿੰਦੂ ਦੀ ਚੁੰਮ-ਚਟਿ ਆਪ ਲਈ।
ਪੜ੍ਹਦਾ ਪੜ੍ਹਦਾ ਵਿਚੇ ਨਿੱਘਰ ਗਿਆ। ਮੂੰਹੋਂ ਬੋਲਣ-ਜੋਗਾ ਮੂਲ ਨ ਰਹਿਆ।੫੯੨।

ਅਗੇ ਸਾਹਿਬ ਨਾਲਿ ਮਹਿਰਮੀ ਸੀ ਆਹੀ। ਫਕੀਰੀ ਦੇ ਜਬਾਬੁ ਸੁਆਲ ਮਾਹੀ।
ਇਕ ਹਾਫਜ਼ ਸੀ ਆਇਆ ਸਾਹਿਬ ਪਾਸ। ਭੇਜਿਆ ਅਉਰੰਗੇ ਦਾ ਜਬਾਬੁ ਸੁਆਲ ਖਾਸ।੫੯੩।

---

੧. ਤੁਰਕ ਤੇ ਖੜ੍ਰੀ ਦਾ। ੨. ਜ਼ਫ਼ਰਨਾਮਾ ਦੀਨੇ ਤੋਂ ਲਿਖ ਕੇ ਭੇਜ ਦਿਤਾ ਸੀ, ਮੁਕਤਸਰ ਦੀ ਜੰਗ ਪਿਛੋਂ ਹੋਈ।

ਜਬਾਬੁ ਸੁਆਲੁ ਫਕੀਰੀ ਤਿਨ ਬਹੁਤ ਸੀ ਕੀਤਾ।
ਓੜਕ ਹਾਰਿਆ ਸਾਹਿਬ ਦਸਵਾਂ ਪਾਤਿਸ਼ਾਹ ਜੀਤਾ।
ਬਚਨ ਕੀਤਾ: "ਅਉਰੰਗਾ ਫਕੀਰੀ ਕਿਆ ਹੈ ਕਰਦਾ?"
ਤਿਨ ਹਾਫਜ਼ ਕਹਿਆ: "ਜੀ ਬੰਦਗੀ ਬਹੁਤ ਹੈ ਕਰਦਾ।੫੯੪।

ਬੇਰ ਮੱਕੇ ਦੇ ਤਿਨ ਲੈ ਆਂਵਦਾ ਹੈ"।
ਬਚਨ ਕੀਤਾ: "ਅਸੀਂ ਬੇਰ ਮੱਕੇ ਦੇ ਪਛਾਣਦੇ ਹਾਂ।
ਸਾਨੂੰ ਉਹ ਬੇਰ ਦਿਖਾਉ; ਅਸੀਂ ਜਾਣਨੇ ਹਾਂ"।੫੯੫।

ਤਿਨ ਹਾਫਜ਼ ਕਰਾਰ ਕਰਕੇ ਦਿਨਾਂ ਦਾ ਆਦਮੀ ਪਠਾਇਆ।
ਸੋ ਆਦਮੀ ਤੀਰ ਅਉਰੰਗੇ ਦੇ ਆਇਆ।
ਤਿਨ ਸਾਰੀ ਹਕੀਕਤ ਆਨਿ ਜ਼ਾਹਿਰ ਕੀਤੀ।
ਜੇ ਬੇਰ ਮੱਕੇ ਦੇ ਸਾਹਿਬ ਨੂੰ ਦਿਖਾਓ, ਤਾਂ ਅਸਾਂ ਫਕੀਰੀ ਜੀਤੀ।੫੯੬।

ਦਿਨਾਂ ਦਾ ਕਰਾਰ ਕਰਕੇ ਆਦਮੀ ਹੈਸੀ ਪਠਾਇਆ।
ਚਾਹੀਏ ਬੇਰ ਮੱਕੇ ਦਾ ਸਾਹਿਬ ਨੂੰ ਦਿਖਾਇਆ।
ਅਉਰੰਗਾ ਤੋਤਾ ਬਣਿ ਕੇ ਮੱਕੇ ਗਿਆ।
ਸਾਹਿਬ ਹੇਠ ਜਾਇ ਖੜੋਤੇ, ਹਥਿ ਗੁਲੇਲ ਲਿਆ।੫੯੭।

ਜਦਿ ਬੇਰ ਪਾਸ ਸੂਆ[1] ਆਵੈ। ਤਬ ਸਾਹਿਬ ਗੁਲੇਲਾ ਚਲਾਵੈ।
ਬੇਰ ਲੈਣ ਨਹੀਂ ਦੇਵੈ ਅਉਰੰਗੇ ਨੂੰ। ਮਾਰਨ ਗੁਲੇਲਾ ਉਸ ਦੀ ਟੰਗੇ ਨੂੰ।੫੯੮।

ਅੱਠ ਦਿਨ ਅਉਰੰਗਾ ਜਤਨ ਕਰ ਮੁੱਕਾ। ਸਾਹਿਬ ਬੇਰ ਨ਼ਾ ਦਿੱਤਾ ਲੈਣ, ਰਿਹਾ ਸੁੱਕਾ।
ਤਿਨ ਮੋੜਿ ਆਦਮੀ ਹਾਫਜ਼ ਤੀਰ ਪਠਾਇਆ। ਲੈ ਜਬਾਬੁ ਖਾਲੀ ਉਠਿ ਆਇਆ।੫੯੯।

ਹੇਠਿ ਬੇਰਿ ਦੇ ਖਲੋਤੇ ਰਹਿਣ ਹਥਿ ਗੁਲੇਲ ਲੈ ਸੂਰੇ।
ਤਬ ਤਿਨ ਹਾਫਜ਼ ਮੱਥਾ ਟੇਕਿ ਸਿਜਦਾ ਕੀਤਾ।
"ਗਰੀਬ ਨਿਵਾਜ਼! ਅਸਾਂ ਹਾਰਿਆ ਤੁਸਾਂ ਜੀਤਾ"।੬੦੦।

ਬੰਦਗੀ ਫਕੀਰੀ ਤੁਸਾਡੀ ਹੈ ਪਰਵਾਨੁ। ਜਿਨ੍ਹਾਂ ਦੀ ਪਵੇ ਕਬੂਲ, ਕਿਆ ਹਿੰਦੂ ਕਿਆ ਮੁਸਲਮਾਨ।
ਉਹ ਮਹਿਰਮੀ ਅਉਰੰਗੇ ਨੂੰ ਆਹੀ। ਪੋਥੀ ਪੜ੍ਹਨੇ ਨਾਲਿ ਮੂੰਹੁ ਤੇ ਵਰਤ ਗਈ ਸਿਆਹੀ।੬੦੧।

ਓੜਕ ਪੜ੍ਹ ਕੇ ਤਿਨ ਐਸੇ ਕਹਿਆ: "ਪੰਥ ਤਿਸ ਕਾ ਹੋਵਤ ਹੈ ਭਇਆ?"
ਦਇਆ ਸਿੰਘ ਕਹਿਆ: "ਹਜ਼ਰਤ ਹੂਆ।"
ਕਹਿਆ: "ਮਰਦ ਕਾਹਲੀ ਹੈ ਕੀਤੀ, ਦੋ ਕੇ ਤੀਨ, ਏਕ ਤੇ ਦੂਆ"।੬੦੨।

ਫੇਰ ਕਹਿਆ: "ਸਚੁ ਕਹੁ, ਖਾਲਸਾ ਪੈਦੇ ਹੋਇਆ?"
ਤਿਨ ਕਹਿਆ: "ਜੀ ਯਹੀ ਖਾਲਸਾ ਜੋ ਸਨਮੁਖ ਖੜੋਇਆ।"
ਦਇਆ ਸਿੰਘ ਜੋ ਜਜ਼ਬੇ ਨਾਲਿ ਕਹਿਆ; ਦੇਖ ਕੇ ਰੂਪ ਜਲਿ ਬਲਿ ਕੋਇਲਾ ਹੋਇ ਗਿਆ।੬੦੩।

---

੧. ਤੋਤਾ।

ਫੁਰਮਾਇਆ: "ਈਂ ਰਾ ਕਤਲ ਮੇਕੁਨਮ[੧]।" ਦਿਤਾ ਜਨਮ ਦਿਤਾ ਸੀਸੁ ਰਹਿਮ।
ਦਿਨ ਚਾਲੀ ਤਿਸ ਅੰਦਰ ਪੜ੍ਹਦਾ ਰਹਿਆ।
ਬਾਹਰਿ ਤਦ ਨਿਕਲਿਆ, ਜਦਿ ਮਰਿ ਗਇਆ।੬੦੪।

ਦਇਆ ਸਿੰਘ ਨੂੰ ਸਾਹਿਬ ਅਉਰੰਗਾਬਾਦ ਪਠਾਇਆ।
ਅਤੇ ਮੇਵੜਾ ਹੁਕਮਨਾਂਵਾ ਦੇ ਕੇ ਕਾਬਲ ਸਿਖਾਂ ਪਾਸ ਭਿਜਵਾਇਆ।੬੦੫।

ਬਹਾਦੁਰ ਸ਼ਾਹ ਆਹਾ ਕਾਬੁਲ ਦਾ ਸੂਬੇਦਾਰ।
ਸਿਖ ਆਹੇ ਚਾਕਰ, ਬਹਾਦਰ ਸ਼ਾਹ ਦੀ ਸਿਰਕਾਰ।
ਹੁਕਮਨਾਂਵੇ ਵਿਚਿ ਲਿਖਿਆ: "ਸਰਬਤ ਖਾਲਸਾ ਵਾਸੀ ਲਸ਼ਕਰ ਬਾਦਸ਼ਾਹ,
ਸਿਖਾਂ ਜਾਇ ਮੁਮਾਰਖ[੨] ਦਿਤੀ ਬਹਾਦੁਰ ਸ਼ਾਹ"।੬੦੬।

ਫੁਰਮਾਇਆ: "ਕੈਸੀ ਹੈ ਮੁਮਾਰਖ?"
ਸਿਖਾਂ ਕਹਿਆ: "ਜੀ ਹਮਾਰੇ ਮੁਰਸ਼ਦ ਹੈ ਸਾਈਂ ਲੋਕ ਜਥਾਰਥ।"
ਤਿਨ ਕਾ ਫੁਰਮਾਨ ਹਮਾਰੇ ਪਾਸ ਹੈ ਆਇਆ।
ਅਗੇ ਹਮ ਕੋ 'ਸਾਕਨ ਲਸ਼ਕਰ ਸ਼ਹਿਜ਼ਾਦੇ' ਲਿਖਿ ਥਾ ਪਠਾਇਆ।੬੦੭।

ਅਬ ਸਾਕਨ ਲਸ਼ਕਰ ਲਿਖਾ ਹੈ—'ਬਾਦਸ਼ਾਹ।'
ਬਾਦਸ਼ਾਹੀ ਤੁਮ ਕੋ ਦੀਨੀ ਹੈ, ਜੋ ਲਿਖੀ ਕਾਗਤ ਮਾਹ।
ਬਹਾਦੁਰ ਸ਼ਾਹ ਤਬ ਕਹਿਆ ਐਸੇ: "ਮੈਂ ਫਕੀਰ ਕਉ ਖਾਦਮ[੩], ਮਿਹਰ ਕਰੋ ਅਬ ਜੈਸੇ।੬੦੮।

ਆਗੇ ਭੀ ਖਾਦਮ ਹੋਂ, ਅਬ ਭੀ ਖਾਦਮ ਰਹੋਂਗਾ।
ਮੁਝਕੋ ਦੇਵੇਂਗੇ, ਤੋ ਉਨ ਹੀ ਕਾ ਖਾਦਮੁ ਕਹੋਂਗਾ"।੬੦੯।

ਅਤੇ ਅਉਰੰਗਾ ਏਥੇ ਮੋਇਆ, ਦੋਨੋ ਬੇਟੇ ਲੜੇ। ਇਕ ਮਾਰਿਆ, ਦੂਜਾ ਆਇਆ ਚੜ੍ਹੇ।
ਕਾਬਲੋਂ ਧਾਈ ਕਰਿ ਆਇਆ ਬਹਾਦੁਰ ਸ਼ਾਹ।
ਇਸ ਨੇ ਉਸ ਨੂੰ ਮਾਰਿਆ, ਇਹ ਹੋਇਆ ਬਾਦਸ਼ਾਹ।੬੧੦।

ਬਹਾਦੁਰ ਸ਼ਾਹ ਕਹੇ: "ਮੁਝੇ ਬਾਦਸ਼ਾਹੀ ਦਿੱਤੀ ਹੈ ਰਾਮਦਾਸ।
ਮੈਂ ਹੋਂ ਖਾਦਮ ਲਿਖ ਲਿਖ ਭੇਜੇ ਕਾਗਤ ਸਾਹਿਬ ਪਾਸ।"
ਸਾਹਿਬ ਟੁਰੇ ਗਏ, ਪਹੁਤੇ ਤੂਰਾਂ ਜ਼ਿਮੀਦਾਰਾਂ ਦੇ ਦੇਸ।
ਜਿਥੇ ਲਛਮਨ ਚਿਰੰਜੀਤ ਸਾਧੂ ਆਹਾ ਬੈਰਾਗੀ ਦੇ ਭੇਸ।੬੧੧।

ਖੰਡਾ ਸੋਹਰੀ, ਨਿਰਬਾਨੇ ਅਤੇ ਦੋ ਤ੍ਰੈ ਪਿੰਡ;
ਤਿਨ੍ਹਾਂ ਦੇ ਵਿਚਿ ਸੀ ਠਾਕੁਰਦੁਆਰਾ ਤਿਸ ਦਾ ਇਕ ਚੇਲਾ ਇਕ ਅਪਨੀ ਜਿੰਦ।
ਸਾਹਿਬ ਜਾਇ ਕੀਤਾ ਤਿਸ ਦੇ ਪਾਸ ਡੇਰਾ। ਸਿਖ ਸੰਗਤਿ ਨਾਲਿ ਲੋਕ ਜ਼ਨਾਨੇ ਬਹੁਤੇਰਾ।੬੧੨।

ਸੱਦੇ ਦੀਵਾਨ ਸਾਹਿਬ ਚੰਦ ਧਰਮ ਚੰਦ, ਦਰਬਾਰੀ ਘਰਬਾਰੀ, ਨਾਲੇ ਨੰਦ ਚੰਦ।
ਲੱਗੇ ਕਰਨ ਬੈਠ ਸਲਾਹ: "ਇਹ ਪੰਡ ਗੁਰਾਈ ਦੀ ਹੈ ਦੇਣੀ, ਅਤੇ ਲੈਣਾ ਹੈ ਵੈਰ ਖਾਹਮਖਾਹ"।੬੧੩।

੧. ਇਸ ਨੇ ਮੈਨੂੰ ਮਾਰ ਛੱਡਿਆ। ੨. ਮੁਬਾਰਕ, ਵਧਾਈ। ੩. ਨੌਕਰ।

ਸਿਖ ਨਹੀਂ ਕੋਈ ਅੰਗਦ ਜੇਹਾ ਹੋਇਆ।
ਟਹਿਲੀਆ ਨਹੀਂ ਕੋਈ ਅਮਰਦਾਸ ਜੇਹਾ ਬਣਿਆ ਖੜੋਇਆ।
ਸਾਕ ਨਹੀਂ ਕੋਈ ਰਾਮਦਾਸ ਜੈਸਾ। ਪੁੱਤ੍ਰ ਨਹੀਂ ਕੋਈ ਅਰਜੁਨ ਵੈਸਾ।੬੧੪।

ਕਹੋ ਏਹੁ ਪੰਡ ਗੁਰਾਈ ਦੀ ਦਈਐ ਕਿਸ ਨੂੰ ? ਦੇਹੁ ਸਲਾਹ, ਤੁਸੀਂ ਕਹੋ ਜਿਸ ਨੂੰ।
ਤੁਸੀਂ ਹੋ ਅਸਾਡਿਆਂ ਵੱਡਿਆਂ ਦੇ ਮਜਲਸੀ। ਅਸਾਂ ਪਹਿਲੇ ਤੁਸਾਨੂ ਪੁੱਛਣਾ ਹੈਸੀ।੬੧੫।

ਸਭਨਾਂ ਹਥ ਜੋੜਿ ਕੀਤੀ ਏਹ ਅਰਦਾਸ:
"ਗਰੀਬ ਨਿਵਾਜ਼! ਤੂ ਹੈ ਖਾਵੰਦੁ, ਸਭ ਕੁਛ ਹੈ ਤੇਰੇ ਪਾਸ।
ਅਸੀਂ ਹਾਂ ਜੀ ਅੱਲ੍ਹੜ, ਲੜ ਤੇਰੇ ਹਾਂ ਲੱਗੇ। ਸਭ ਤੈਨੂੰ ਹੈ ਸ਼ਰਮ, ਦੀਨ ਦੁਨੀਆਂ, ਏਥੇ ਅਗੇ"।੬੧੬।

ਸਾਹਿਬ ਬਚਨ ਕੀਤਾ: "ਏਹੁ ਜੋ ਇਥੇ ਹੈ ਫਕੀਰ ਸਾਧੁ ਬੈਰਾਗੀ।
ਹੈ ਨਿਰਲੇਪ ਚਿਰੰਜੀਤੁ ਅਤੀਤੁ ਤਿਆਗੀ।
ਜੇ ਏਹ ਮੰਨੇ, ਤਾਂ ਸਭ ਮਾਮਲਾ ਗਲਿ ਇਸ ਦੇ ਪਾਈਐ।"
ਸਭਨਾਂ ਹਥ ਜੋੜਿ ਭਨਾ: "ਜੀ ਹੈ ਚੰਗੀ, ਇਸ ਨੂੰ ਸੱਦੋ, ਇਕੇ ਆਪ ਜਾਈਐ"।੬੧੭।

ਬਚਨ ਕੀਤਾ: "ਸੱਦਿਆਂ ਉਸ ਦਾ ਭਾਰੁ ਨਹੀਂ ਰਹਿੰਦਾ।
ਅਸਾਂ ਗਲ ਪਾਣਾ ਹੈ ਮਾਮਲਾ, ਆਪ ਜਾਵਾਂਗੇ, ਅਗੋਂ ਦੇਖੀਏ ਕੀ ਹੈ ਕਹਿੰਦਾ।"
ਸਾਹਿਬ ਗਏ ਆਪ, ਉਸ ਦੇ ਬਾਗ ਅੰਦਰਿ। ਹਛਾ ਠਾਕੁਰਦੁਆਰਾ, ਅਰ ਸੁੰਦਰ ਮੰਦਿਰ।੬੧੮।

ਨਾਲਿ ਚਾਰ ਸਿਖ ਲੈ ਕੇ ਸਾਹਿਬ ਬਾਗ ਅੰਦਰ ਗਏ।
ਚਾਰਪਾਈ, ਚਉਰੀ, ਗਾਉ ਤਕੀਆ ਲੈ ਗਏ।
ਜਿਥੇ ਉਸ ਦਾ ਆਹਾ ਬੈਠਣ ਦਾ ਆਸਨ, ਉਥੇ ਸਾਹਿਬ ਜਾਇ ਲਗੇ ਕਰਨ ਸਿੰਘਾਸਨ।੬੧੯।

ਚਾਰਪਾਈ ਉਸ ਦੇ ਆਸਨ ਤੇ ਪਵਾਈ। ਉਹ ਸੀ ਬਾਗ ਵਿਚਿ ਬੂਟੇ ਦੇਖਦਾ ਫਿਰਦਾ ਕਿਥਾਂਈ।
ਚਾਰਿਪਾਈ ਉਡਕੇ ਬਾਹਰ ਆਇ ਪਰੀ। ਫੇਰ ਉਸੇ ਟਿਕਾਣੇ, ਕਹੇ ਸਾਹਿਬ ਦੇ ਚੁੱਕ ਧਰੀ।੬੨੦।

ਫੇਰ ਨ ਠਹਿਰੀ ਉਠਿ ਬਾਹਰਿ ਆਈ। ਫੇਰ ਸਾਹਿਬ ਉਸੇ ਟਿਕਾਣੇ ਪਵਾਈ।
ਹੱਥ ਨਾਲਿ ਸੋ ਮੰਜੀ ਦਬਾਈ। ਤਬ ਠਹਿਰ ਗਈ ਸੋ ਚਾਰਪਾਈ।੬੨੧।

ਸਾਹਿਬ ਬੈਠੇ ਤਿਸ ਉਪਰਿ ਜਾਇ। ਉਹੁ ਭੀ ਦੂਰੋਂ ਦੇਖ ਕੇ, ਪਹੁਤਾ ਆਇ।
ਪਕੜਾ ਹਥ ਉਸ ਦਾ, ਸਾਹਿਬ ਅਪਣੇ ਪਾਸ ਬੈਠਾਇਆ।
ਸੋ ਪਾਸ ਨ ਬੈਠਾ, ਤਿਨ ਤਲੇ ਆਸਨੁ ਲਾਇਆ[1]।੬੨੨।

ਸਾਹਿਬ, ਪਾਸੋਂ ਆਦਮੀ ਕਰਿ ਦਿਤੇ ਦੂਰ।
ਦੋਹਾਂ ਗੱਲਾਂ ਕੀਤੀਆਂ ਆਪਸ ਵਿਚਿ ਬੈਠ ਕੇ ਮਸ਼ਕੂਰ[2]।
ਆਖਰ ਸਾਧੂ ਉਠ ਕੇ, ਆ ਚਰਨੀਂ ਢੱਠਿਆ।
ਪਾਹੁਲ ਗੁਰੂ ਕੀ ਛਕ ਕੇ, ਬਣਿਆ ਸਿੰਘ ਹਠੀਆ।੬੨੩।

---

੧. ਬੰਦਾ ਬਹਾਦਰ ਦੀ ਪਹਿਲੀ ਮੁਲਾਕਾਤ ਦਾ ਹਾਲ ਢਾਡੀ ਦੇ ਫ਼ਾਰਸੀ ਸਫ਼ਰਨਾਮੇ ਵਿਚ ਹੈ, ਜੋ ਮੇਰੀ ਪੁਸਤਕ *'ਜ਼ਫ਼ਰਨਾਮਾ'* ਵਿਚ ਦਰਜ ਹੈ। ੨. ਸ਼ੁਕਰਾਨੇ ਦੇ ਭਾਵ ਨਾਲ।

ਉਨ ਆਖਿਆ ਸਾਹਿਬ ਨੂੰ: "ਮੈਂ ਬੰਦਾ ਤੇਰਾ।
ਤੂੰ ਹੈਂ ਪੂਰਣ ਸਤਿਗੁਰੂ, ਰਾਖ ਰਖੰਦਾ ਮੇਰਾ।"
ਮਾਮਲਾ ਗਲਿ ਪਾਇ ਕੇ, ਸਾਹਿਬ ਓਥੋਂ ਆਏ ਟੁਰੇ।
ਨਾਲਿ ਦਰਵਾਜ਼ੇ ਤੋੜੀਂ ਉਹੁ ਆਇਆ, ਫਿਰ ਗਿਆ ਮੁਰੇ।੬੨੪।

ਮੁੜਨ ਲੱਗਾ ਤਕ ਤਿਸ ਨੇ ਸਾਹਿਬ ਨੂੰ ਕਹਿਆ:
"ਅਜੀ ਮੁਦਤਿ ਕਿਤੀ ਵਿਚਿ ਪੜਦਾ ਰਿਹਾ?"
ਸਾਹਿਬ ਨਉਂ ਮਹੀਨੇ ਨਉਂ ਦਿਨ ਤਿਸ ਨੂੰ ਕਹੇ।
ਇਸ ਤੇ ਉਪ੍ਰੰਤ ਕਰਨਾ ਜਿਤਨਾ ਚਹੇ।੬੨੫।

ਏਹ ਠਹਿਰਾਇ ਕੇ ਸਾਹਿਬ ਗਏ ਬੁਰਹਾਨਪੁਰਿ।
ਉਥੇ ਸਭ ਕਾਰਖਾਨਾ ਛਡਿਆ, ਲੋਕ ਆਏ ਦਿਲੀ ਨੂੰ ਟੁਰ।
ਮਾਤਾ ਸੁੰਦਰੀ ਲਗੀ ਰੋਵਨ, "ਮੇਰੇ ਜੀਤ ਸਿੰਘ ਕਿਥੇ?
ਮੈਂ ਕੀ ਜਾਇ ਕੇ ਦੇਖਣਾ, ਰਹਾਂਗੀ ਇਥੇ।"

ਬਚਨ ਕੀਤਾ: "ਲੈ ਜੀਤ ਸਿੰਘ, ਅਤੇ ਦਿਲੀ ਜਾਹੁ।"
ਸਨਮੁਖ ਖੜਾ ਸੀ ਸਿੱਖ, ਨਾਮ ਜੀਤ ਸਿੰਘ ਤਾਹੁ।
ਸੋ ਦਿੱਤਾ ਨਾਲਿ ਕਰਿ, ਪਕੜਾਇ ਤਿਸ ਦੀ ਬਾਂਹ।
ਮਾਤਾ ਲੈ ਟੁਰੀ, ਕਰਿ ਬੇਟਾ ਜੀਤ ਸਿੰਘ ਵਾਹ।੬੨੬।

ਸਭ ਦਿਤੇ ਆਦਮੀ ਬਾਬਸਤ[1] ਦਿੱਲੀ ਨੂੰ ਟੋਰੁ।
ਤੋਸ਼ੇਖਾਨਾ, ਸਿਲੈਖਾਨਾ[2], ਖਜ਼ਾਨਾ ਸਭ ਛੱਡਿਆ ਮੋੜ।
ਸਾਹਿਬ ਆਪ ਸਵਾਰ ਪੰਜ ਲੈ ਕੇ ਨਾਲਿ ਆਠ ਜਾਮ ਕੇ ਮਾਹ।
ਸਾਹਿਬ ਕਰਿ ਦਉੜ ਮਿਲ ਗਏ ਆਖੇਟ ਨਿਕਲਿਆ ਸੀ ਬਹਾਦਰ ਸ਼ਾਹ।੬੨੭।

ਫੇਰ ਬੁਰਹਾਨਪੁਰੋਂ ਸਾਹਿਬ ਗਏ ਨਦੇੜ।
ਕਬਰਸਤਾਨ ਵਿਚਿ ਕੀਤਾ ਡੇਰਾ, ਤੁਰਕਾਂ ਨੂੰ ਦਿੱਤੀ ਦਰੇੜ।
ਤਿਨਾਂ ਆਇ ਸਾਹਿਬ ਪਾਸ ਕੀਤਾ ਬਿਖੇੜਾ:
"ਤੁਸਾਂ ਤਨੂਰ ਚੁਲ੍ਹੇ ਕਰਿ ਬਾਲੀ ਅੱਗ, ਕਬਰਾਂ ਵਿਚਿ ਕੀਤਾ ਡੇਰਾ"।੬੨੮।

ਬਚਨ ਕੀਤਾ: "ਏਹ ਜਾਗ੍ਹਾ ਹੈ ਅਸਾਡੀ, ਤੁਸਾਂ ਕਬਰਸਤਾਨ ਬਣਾਇਆ।"
ਓਨਾ ਕਹਿਆ: "ਪੰਜ ਸੈ ਬਰਸ ਦਾ ਕਬਰਸਤਾਨ ਏਥੇ ਹੋਂਦਾ ਹੈ ਆਇਆ"।
ਬਚਨ ਕੀਤਾ: "ਲਿਖੋ ਮੁਚੱਲਕਾ[3] ਕਰੋ ਨਿਆਉਂ।
ਜੇ ਤੁਸਾਡੀ ਜਾਗ੍ਹਾ ਤਾ ਤੁਸੀਂ ਰੱਖੋ; ਅਸਾਡੀ ਹੋਵੇ ਜਾਗ੍ਹਾ ਤਾਂ ਅਸਾਨੂੰ ਦੇਉ ਥਾਉਂ"।੬੨੯।

ਕਾਜ਼ੀ ਮੁਫਤੀ ਸੱਦੇ ਮੁੱਲਾਂ-ਮੁਲਵਾਣੇ। ਲਿਖੇ ਮੁਚੱਲਕੇ ਵਾਸਤੇ ਜਾਗ੍ਹਾ ਟਿਕਾਣੇ।
ਬਚਨ ਕੀਤਾ: "ਜੇ ਅਸੀਂ ਨਿਸ਼ਾਨੀ ਦੱਸੀਏ ਤਾਂ ਜਾਗ੍ਹਾ ਅਸੀਂ ਲਈਐ।
ਪੁੱਟੋ ਕਬਰ ਪੀਰ ਦੀ, ਗੰਗਾ ਸਾਗਰ ਅਤੇ ਚਉਂਕੀ ਅਸਾਡੇ ਨ੍ਹਾਵਣ ਦੀ ਤਲੇ ਕਹੀਐ"।੬੩੦।

---

੧. ਨਾਲ ਦੇ। ੨. ਅਸਲਾਖ਼ਾਨਾ, ਹਥਿਆਰ ਭੰਡਾਰ। ੩. ਇਕਰਾਰਨਾਮਾ, ਲਿਖਤੀ ਪ੍ਰਣ।

ਕਬਰ ਪੀਰ ਦੀ ਪੁੱਟੀ, ਮੁਰਦਾ ਕੱਢਿ ਲੈ ਗਏ। ਇਕ ਮੁਸਾਤਰ[1] ਮਿੱਟੀ ਹੋਰ ਪੁੱਟਦੇ ਭਏ।
ਗੰਗਾ ਸਾਗਰ, ਅਤੇ ਚਉਂਕੀ ਪੱਥਰ ਦੀ ਨਿਕਲ ਆਈ।
ਤੁਰਕ ਹੋਏ ਝੂਠੇ ਮੂੰਹੁ ਤੁਰਕਾਂ ਦੇ ਵਰਤੀ ਜ਼ਰਦਾਈ।੬੩੧।

ਪਟਿ ਪਟਿ ਕਬਰਾਂ ਮੁਰਦੇ ਕੱਢਿ ਲੈ ਗਏ। ਸਾਹਿਬ ਉਥੇ ਡੇਰਾ ਅਪਣਾ ਕਰਦੇ ਭਏ।
ਜਾਗ੍ਹਾ ਸੀ ਪਵਿੱਤ੍ਰ ਅਤੇ ਤੁਰਕਾਂ ਹੈਸੀ ਮੱਲੀ।
ਸੋ ਤੁਰਕਾਂ ਪਾਸੋਂ ਲੀਤੀ, ਕਰਕੇ ਜੁਗਤਿ ਭਲੀ।੬੩੨।

ਉਥੇ ਅਪਨਾ ਡੇਰਾ ਕੀਤਾ, ਨੱਗਰ ਪਾਇਆ।
ਓਥੇ ਸਰੀਰ ਦਾ ਠਹਿਰਾਵਣ ਕੀਤਾ, ਆਸਣੁ ਲਾਇਆ।
ਮਨਸਾ ਆਹੀ ਏਹ, ਜੋ 'ਸਰੀਰ ਜੁੱਧ ਵਿਚਿ ਛੁੱਟੇ'।
ਅਤੇ ਦਿਨ ਆਰਬਲਾ ਦੇ ਹੋਏ ਪੂਰੇ, ਸਾਸੁ ਆਇ ਨਿਖੁੱਟੇ।੬੩੩।

ਆਹੇ ਸਰਬ-ਸ਼ਕਤਿ, ਪਰ ਰਜ਼ਾਇ ਨ ਮੋੜੀ। ਚਾਂਹਦੇ ਸਰੀਰੁ ਰਖਿਆ, ਤਾਂ ਰਖਦੇ ਜਿਥੋਂ ਤੋੜੀ।
ਏਹ ਆਹੇ ਅਕਾਲ ਪੁਰਖ ਦੀ ਅੰਸੁ। ਸਾਹਿਬ ਜਗਿ ਆਏ ਧਰਿ ਅਉਤਾਰ ਸੋਢ ਬੰਸਿ।੬੩੪।

ਸੋ ਅਕਾਲ ਪੁਰਖ ਦੀ ਹੈਸੀ ਅੰਸੁ, ਤਿਸ ਨੂੰ ਕਰੀਏ ਸਦਾ ਅਦੇਸ।
ਅਕਾਲ ਪੁਰਖ ਦੀ ਦੇਹ ਮੋ ਕਹੀ ਕੋਟਕ ਬਿਸ਼ਨੁ ਮਹੇਸ।
ਤਿਸ ਅਕਾਲ ਦਾ ਪੁੱਤ੍ਰ ਗੁਰੂ ਗੋਬਿੰਦ ਸਿੰਘ।
ਚਾਹੇ, ਸੋ ਕਰੇ, ਕਰੇ, ਸੋ ਹੋਵੈ, ਇਸ ਮੈ ਕਛੁ ਨਾਹੀ ਵਲ ਵਿੰਗ।੬੩੫।

ਅਕਾਲ ਪੁਰਖੁ ਦੀ ਇੱਛਾ ਤੇ ਹੈ ਯਹਿ ਤੀਨੋ ਗੁਨ। ਤਿਸ ਤੇ ਹੋਤ ਹੈ ਅਗੇ ਤਪੀਸਰ, ਰਿਖੀਸੁਰ, ਮੁਨਿ।
ਆਗੇ ਯਹ ਹੋਤ ਹੈ ਜਗਤ ਕਾ ਪਸਾਰਾ। ਅਕਾਲ ਪੁਰਖ ਕਰਨਹ੍ਹਾਰ ਹੈ ਨਿਆਰਾ।੬੩੬।

ਤ੍ਰਿਸ ਕੀ ਇੱਛਾ ਕਾ ਨਹੀਂ ਕਛੁ ਅੰਤੁ।
ਤਿਸ ਅਕਾਲ ਪੁਰਖ ਦਾ ਪੁੱਤ ਹੈ ਗੁਰੂ ਗੋਬਿੰਦ ਸਿੰਘ ਯਹਿ ਸੰਤ।
ਚਾਰ ਜੁਗ ਕੀ ਏਕ ਚਉਂਕੜੀ ਕਰੀ। ਬਹੁ ਚਉਕੜੀਆਂ ਬਾਸਵ ਇਕ ਰਾਜ ਕਮਾਇ ਧਰੀ।੬੩੭।

ਅਠਾਈ ਇੰਦ੍ਰ ਜਬ ਰਾਜ ਕਰਿ ਜਾਵਹਿ। ਤਬ ਬ੍ਰਹਮਾ ਜੀ ਕਾ ਇਕ ਦਿਨ-ਰਾਤਿ ਕਹਾਵਹਿ।
ਬ੍ਰਹਮੇ ਜੀ ਕੇ ਹੋਵਤ ਆਠ ਜਾਮ। ਜਦਿ ਇੰਦ੍ਰ ਅਠਾਈ ਕਰ ਜਾਵਹਿ ਰਾਜੁ ਜਾਨ।੬੩੮।

ਗੀਤਾ ਵਿਚਿ ਦੁਇ ਹਜ਼ਾਰ ਚਉਂਕੜੀ ਜੁਗਾਂ ਦੀ ਹੈ ਕਹੀ। ਅਹਿ-ਨਿਸ ਬਿਰੰਚ ਦਾ[2] ਏਹੋ ਹੈ ਸਹੀ।
ਸ਼ਾਸਤ੍ਰ ਵਿਚਿ ਲਿਖਿਆ ਹੈ ਸੋਈ ਪੜ੍ਹਿਆ।
ਹੋਰ ਜਾਇਕੇ ਬ੍ਰਹਮਾ ਜੀ ਕਾ ਦਿਨ ਰਾਤਿ ਨਹੀਂ ਗਣਿਆ।੬੩੯।

ਤ੍ਰਿਤਾਲੀ ਲਖ ਅਤੇ ਉਪਰਿ ਅੱਸੀ ਹਜ਼ਾਰ। ਏਹ ਮ੍ਰਿਜਾਦਾ ਹੈ ਚਹੁ ਜੁਗਾਂ ਦੇ ਸਾਲ ਕਹੇ ਬਿਚਾਰ।
ਤਾ ਕੇ ਦਿਬ ਸਉ ਸਾਲ, ਬ੍ਰਹਮਾ ਕੀ ਕਹੀਐ ਆਉ।
ਹਜ਼ਾਰ ਬ੍ਰਹਮਾ ਜਬ ਹੋਇ ਬੀਤੇ ਭੋਗ ਜਾਉ। ਤਬ ਬਿਸ਼ਨ ਕੀ ਇਕ ਘੜੀ ਆਉ ਗੁਜ਼ਰੇ।
ਇਸ ਬਿਧਿ ਸਉ ਬਰਸ ਬਿਸ਼ਨ ਕੀ ਆਉ ਪਾਵੈ ਮੁਜਰੇ[3]।
ਬਾਰਾਂ ਲਾਖ ਬਿਸਨੁ ਜਬ ਹੋਇ ਬੀਤ ਜਾਵੈ; ਤਬ ਰੁਦ੍ਰ ਕੀ ਇਕ ਪਲਕ ਕਹਾਵੈ।੬੪੦।

---

੧. ਮੁੱਠ, ਗਿੱਠ ਕੁ। ੨. ਬ੍ਰਹਿਮਾ ਦਾ ਦਿਨ ਰਾਤ। ੩. ਲੇਖੇ।

ਸਾਠ ਪਲੋਂ ਕੀ ਇਕ ਘੜੀ ਕਹੀਜੈ। ਸਾਠ ਘੜੀ ਕਾ ਇਕ ਦਿਨ-ਰਾਤਿ ਭਣਿਜੈ।
ਤ੍ਰੈ ਸੈ ਸਠ ਦਿਨ-ਰਾਤਿ ਜਬ ਜਾਵੈ। ਤਬ ਏਕ ਸਾਲ ਰੁਦ੍ਰ ਜੀ ਕਾ ਕਹਾਵੈ।੬੪੧।

ਰੁਦ੍ਰ ਇਕਾਦਸ ਗਏ ਬੀਤ, ਈਸਰ ਕਾ ਇਕ ਨਿਮਖ ਕਹੀਐ।
ਆਠ ਨਿਮਖ ਕਾ ਪਲੁ, ਸਾਠ ਪਲੋਂ ਕੀ ਘੜੀ ਇਹ ਲਹੀਐ।
ਘੜੀ ਜਾਮ, ਦਿਨ ਪਾਇ ਸਉ ਬਰਸ ਗਣਿਜੈ।
ਇਤ ਬਿਧਿ ਸਉ ਸਾਲ ਈਸਰ ਕੀ ਆਉ ਕਹਿਜੈ।੬੪੨।

ਈਸਰ ਬੱਤੀ ਹੋਇ ਬੀਤੇ, ਤਬ ਸ਼ਕਤਿ ਆਵੈ ਦੇਵੀ।
ਸ਼ਕਤਿ ਹਜ਼ਾਰ ਹੋਇ ਬੀਤੇ, ਕਲਪੁ ਤਬ ਕਹੀਐ ਏਵੀ।
ਇਸ ਕੋ ਕਹੀਐ 'ਕਲਪ' ਸਮਝ ਦੇਖਹੁ ਸਭ ਕੋਈ।
ਸੋ ਕਲਪ ਪ੍ਰਜੰਤ ਚਲਾ ਜਾਵੈ, ਜੋ ਗੁਰ-ਬੇਮੁਖ ਹੋਈ।੬੪੩।

ਗੁਰ-ਬੇਮੁਖ ਕੋ ਡਾਰੀਏ ਜੋ ਖੂਹੀ ਵਿਧਣ। ਸਤਿਗੁਰ ਬਿਨਾਂ ਨ ਹੋਵਈ, ਕਿਸੇ ਦੀ ਸਿਧਣ।
ਤਿਸ ਖੂਹੀ ਕੀ ਸਾਖ 'ਗ੍ਰੰਥ ਜੀ' ਭੀ ਹੈ ਪਾਈ। ਸ਼ੇਖ ਫਰੀਦ ਕਹਿ ਹੈ ਆਖ ਸੁਣਾਈ।੬੪੪।

'ਵਿਧਣ ਖੂਹੀ, ਮੁੰਧ ਇਕੇਲੀ॥ ਨਾ ਕੋ ਸਾਥੀ ਨਾ ਕੋ ਬੇਲੀ'॥
ਏਹੁ ਗ੍ਰੰਥ ਸਾਹਿਬ ਵਿਚਿ ਹੈਨਿ ਲਿਖੇ ਵਾਕੁ।
ਜੇ ਕਿਸੇ ਰਖਣਾ ਹੋਵੈ ਸਿਖ ਦਾ ਗੁਰੂ ਨਾਲਿ ਸਾਕੁ।੬੪੫।

ਤਾਂ ਗੁਰੂ ਨੂ ਗੁਰੂ ਕਰਿ ਜਾਣੇ, ਸਿਖ ਨੂੰ ਜਾਣੇ ਗੁਰ-ਭਾਈ।
ਗੁਰੂ ਤੇ ਬੇਮੁਖ ਹੋਵੈ, ਜੋ ਸਿਖ ਨਾਲਿ ਦਗਾ ਕਮਾਈ।
ਗੁਰੂ ਗੋਬਿੰਦ ਸਿੰਘ ਹੈ ਪੂਰਨ ਅਬਿਨਾਸੀ, ਜਿਨ ਏਹ ਪੰਥ ਬਣਾਇਆ।
ਕਲਜੁਗ ਵਿਚਿ ਬੇਟਾ ਅਕਾਲ ਪੁਰਖ ਦਾ, ਗੁਰੂ ਗੋਬਿੰਦ ਸਿੰਘ ਹੈ ਆਇਆ।੬੪੬।

ਜੋ ਗੁਰੂ ਕਾ ਸਿੱਖ ਹੋਇ ਪਿਆ ਹੈ ਤਿਸ ਦੀ ਸਰਨੀ।
ਜੇ ਗੁਰੂ ਨਾਲਿ ਰਖੇਗਾ ਸਾਕ, ਤਾਂ ਨ ਕਰੇਗਾ ਅਕਰਨੀ।
ਤਿਸ ਗੁਰੂ ਗੋਬਿੰਦ ਸਿੰਘ ਨੇ ਰਜਾਇ ਨ ਮੋੜੀ।
ਬਰਸ ਅਠਤਾਲੀ ਦੀ ਆਰਜਾ, ਉਮਰ ਜੁਆਨੀ ਵਿਚਿ ਦੇਹਿ ਛੋੜੀ।੬੪੭।

ਦਸ ਜਾਮੇ ਬਾਬੇ ਨਾਨਕ ਸਾਹਿਬ ਜੀ ਹੈਨਿ ਧਾਰੇ।
ਦਸੇ ਮਹਲ ਜੋਤਿ ਇਕੋ, ਸਰੀਰ ਨਿਆਰੇ ਨਿਆਰੇ।
ਚਾਰੇ ਜੁਗ ਬਾਬਾ ਨਾਨਕ ਹੋਂਦਾ ਹੈ ਆਇਆ।
ਕੱਤਿਕ ਸੁਕਲਾ ਪੱਖ ਥਿਤਿ ਨਉਮੀ, ਜਨਮ ਸਤਿਗੁਰ ਹੈ ਪਾਇਆ।੬੪੮।

ਸਨਕ ਰਿਖੀਸਰ, ਤਪਸੀ ਦਿਜ ਤਿਸ ਕੇ ਧਾਮ।
ਹਿਮਾਲਾ ਪਰਬਤ ਦੇ ਹੇਠ ਬਨ ਮੈ, ਮਾਤਾ ਚੰਦਨੀ ਹੈ ਨਾਮ।
ਦਿਜ ਕੇ ਧਾਮ ਸਤਿਜੁਗ ਭਵ ਲੇਈ। ਸਤੋ ਸਤਿ ਭਣਿਜੈ, ਅਸਤਿ ਨ ਕਹੈ ਕੋਈ।੬੪੯।

ਸੱਤਰਾਂ ਲਖ ਅੱਸੀ ਹਜ਼ਾਰ ਬਰਸ। ਸਤਿਜੁਗ ਭੋਗੇ ਉਮਰਾ ਸਰਸੁ।
ਲੱਖ ਬਰਸ ਉਮਰ ਮਨੁਖ ਦੀ ਹੋਵੈ। ਇਕੀ ਹਥਿ ਸਰੀਰ ਮਨੁਖ ਦਾ ਬਣਿ ਖੜੋਵੈ।੬੫੦।

ਵੈਸਾਖ ਸੁਕਲਾ ਪੱਖ ਥਿਤਿ ਤ੍ਰਿਤੀਆ ਕਹੀਐ। ਜਨਮ ਤ੍ਰੇਤਾ ਘਰਿ ਖਤ੍ਰੀ ਦੇ ਲਹੀਐ।
ਸੁਰਤਿ ਭਾਨੁ, ਰਾਜਾ ਦੇਸ ਮਿਥਲਾ ਪਿਤਾ ਨਾਮ।
ਰਾਣੀ ਕਉਲਾਂ ਮਾਤਾ, ਜਨਮੇ ਤਿਸ ਦੇ ਧਾਮ।੬੫੧।

ਬਾਰਾਂ ਲੱਖ ਛਿੱਨਵੇਂ ਹਜ਼ਾਰ ਬਰਸ ਤ੍ਰੇੜਾ ਕਹੇ।
ਦਸ ਹਜ਼ਾਰ ਬਰਸ ਮਾਨੁਖ ਦੀ ਉਮਰਾ, ਚਉਦਾਂ ਹਥ ਸਰੀਰ ਕਹੇ।
ਦੁਇ ਅਉਤਾਰ ਵਿਸਨੁ ਜੀ ਧਰਿ ਆਵੈ। ਪਰਸਰਾਮ ਅਤੇ ਰਾਮ ਜੀ ਨਾਮੁ ਕਹਾਵੈ।੬੫੨।

ਪੰਜ ਅਵਤਾਰ ਸਤਿਜੁਗ ਵਿਚਿ ਵਿਸਨੁ ਜੀ ਧਾਰੇ।
ਮਛ, ਕਛੁ, ਵੈਰਾਹ, ਨਰਸਿੰਘ, ਬਾਵਨ ਅਵਤਾਰੇ।੬੫੩।

ਪੁਨਿ ਦੁਆਪਰ ਜਨਮ ਮਾਹ ਵਦੀ ਪੰਦ੍ਰਸ ਜਾਨੋ। ਅੱਠ ਲੱਖ ਚਉਹਟਿ ਹਜ਼ਾਰ ਉਮਰਾ ਮਾਨੋ।੬੫੪।

ਧਾਮਿ ਵੈਸ ਜਨਮੁ ਦੁਆਪੁਰ ਧਾਰੇ। ਦੁਗਨ ਦਾਸ ਸਉਦਾਗਰ, ਦੇਸ ਮਾਰਵਾੜੇ।
ਮਾਤਾ ਨੰਦੋ-ਜਠਰ ਧਾਰੇ ਅਵਤਾਰੇ।੬੫੫।

ਸਰੀਰੁ ਹਥਿ ਸੱਤ, ਦੁਇ ਅਵਤਾਰ ਆਏ ਭਗਵਾਨ:
ਇਕ ਸ੍ਰੀ ਕ੍ਰਿਸਨ ਜੀ, ਦੂਜੇ ਬੋਧਾਵਤਾਰ ਪ੍ਰਵਾਨ।
ਜਨਮ ਕਲਿਜੁਗ ਸਾਹਿਬ 'ਸੂਦ੍ਰ' ਕੇ ਧਾਰੇ;
ਭਾਦ੍ਰੋਂ ਵਦੀ ਤਿਉਦਸੀ, ਉਮਰ ਚਾਰ ਲਖ ਬਤੀ ਹਜ਼ਾਰ ਸਾਲ ਬਿਚਾਰੇ।
ਸਰੀਰੁ ਮਾਸੁ ਹਥਿ ਸਾਢੇ ਤ੍ਰੈ ਭਇਆ। ਬੰਸ ਕਰਨ 'ਸੂਦ੍ਰ' ਧਾਮ, ਜਨਮ ਲਇਆ।
ਮਾਤਾ ਧਰਮਿਤ੍ਰੀ, ਦ੍ਰਿਸਟਿ ਬ੍ਰਹਮਨ ਦੀ ਤੇ ਭਏ।
ਦੱਖਨ ਦੇਸ ਗੋਧਾਪੁਰ ਨਾਉ ਗਾਉਂ ਕਾ ਸਭ ਲਏ।੬੫੬।

ਇਕ ਅਵਤਾਰ ਨਿਹਕਲੰਕ ਜੀ ਹੋਵੈ ਅੰਤੁ। ਕਾਰਨ ਵਿਸ਼ਨ ਨਾਥ ਜੋ ਹੈਸੀ ਸੰਤੁ।
ਆਠ ਸੈ ਪੈਂਤ੍ਰੀ ਬਰਸ ਸੇਖ ਜਬ ਕਲਜੁਗ ਰਹੇ।
ਨਰੁ ਆਉ ਸਉ ਬਰਸ ਦੀ, ਸੋ ਨ ਭੋਗੇ, ਤਜਿ ਧਰਮ ਮਿਥਿਆ ਸਭ ਕਹੇ।੬੫੮।

ਪਾਪ ਨਾਸ ਕਰਨ ਦੇ ਕਾਰਨ। ਅਪਨੇ ਸੰਤ ਵਿਸ਼ਨ ਨਾਥ ਦਿਜ ਨੂੰ ਉਧਾਰਨ।
ਆਵਹਿੰਗੇ ਨਿਹਕਲੰਕ, ਸੰਭਲ ਨਗਰੀ ਹੈ ਤਿਸ ਦੇਸਿ। ਮਾਰਹਿੰਗੇ ਤਬ ਰਾਜਾ ਸੰਭਰੇਸ।੬੫੯।

**ਸਾਖ ਪਾਤਸਾਹੀ ੧੦**

**ਸਵੈਯਾ**—ਪਾਪ ਸੰਬੂਹ ਬਿਨਾਸਨ ਕਉ ਕਲਿਕੀ ਅਵਤਾਰ ਕਹਾਵਹਿੰਗੇ।
ਤੁਰਕੱਛਿ ਤੁਰੰਗ ਸਪਛ ਬਡੋ, ਕਰਿ ਕਾਢਿ ਕ੍ਰਿਪਾਨ ਕੰਪਾਵਹਿੰਗੇ।
ਨਿਕਸੈ ਜਿਮਿ ਕੇਹਰਿ ਪਰਬਤ ਤੇ, ਤਿਮ ਸੋਭ ਦਿਵਾਲੈ ਪਾਵਹਿੰਗੇ।
ਭਲ ਭਾਗ ਭਯਾ ਇਹ ਸੰਭਲ ਕੇ, ਹਰਿ ਜੂ ਹਰਿਮੰਦਰ ਆਵਹਿੰਗੇ।੬੬੦।

ਰੂਪ ਅਨੂਪ ਸਰੂਪ, ਮਹਾ ਲਖਿ ਦੇਵ ਅਦੇਵ ਲਜਾਵਹਿੰਗੇ।
ਅਰਿ ਮਾਰਿ ਸੁਧਾਰ ਕੈ ਟਾਰਿ ਘਨੇ, ਬਹੁਰੋ ਕਲਿ ਧਰਮ ਚਲਾਵਹਿੰਗੇ।
ਸਭ ਸਾਧ ਉਬਾਰਿ ਲੈ ਹੈਂ ਕਰ ਦੇ, ਦੁਖ ਆਂਚ ਨ ਲਾਗਨ ਪਾਵਹਿੰਗੇ।
ਭਲ ਭਾਗ ਭਯਾ ਇਹ ਸੰਭਲ ਕੇ, ਹਰਿ ਜੂ ਹਰਿਮੰਦਰ ਆਵਹਿੰਗੇ।੬੬੧।

**ਦੋਹਰਾ ਮ: ੧੦**

ਹਰਿ ਹਰਿ ਜਨ ਦੁਇ ਏਕ ਹੈ, ਬਿਬ ਬਿਚਾਰ ਕਛੁ ਨਾਹਿ।
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।੬੬੨।

**ਚਉਪਈ**—ਚਾਰੇ ਜੁਗ ਬਾਬਾ ਨਾਨਕ ਦਸ ਜਾਮੇ ਧਰਿ ਆਇਆ।
ਜੁਗ ਜੁਗ ਵਿਚਿ ਬਾਬਾ ਨਾਨਕ - ਗੋਬਿੰਦ ਸਿੰਘ ਜੀ ਹੈ ਗਾਇਆ।
ਸੋ ਗੁਰੂ, ਗੋਬਿੰਦ ਸਿੰਘ ਜੀ ਮਨਸਾ ਏਹੁ ਧਾਰੀ:
ਤਜੀਏ ਸਰੀਰ ਬਿਧਾਤਾ ਦੀ ਲਿਖੀ ਨ ਟਾਰੀ।੬੬੩।

ਪੈਂਦੇ ਖਾਂ ਦੇ ਪੁਤ੍-ਪੋਤ੍ਰੇ ਨਾਲਿ ਚਾਕਰ ਆਹੇ। ਸੋ ਤਿਨਾਂ ਨੂੰ ਦੇਖਿ, ਸਾਹਿਬ ਮਨ ਕੀਤੀ ਸਲਾਹੇ।
ਤਿਨਾਂ ਨੂੰ ਸੁਣਾਇ ਲਗੇ ਬੋਲੀਆਂ ਮਾਰਨ:
"ਜਿਸ ਦਾ ਪਿਉ ਦਾਦਾ ਕੋਈ ਮਾਰੇ, ਅਤੇ ਪੁੱਤ ਪੋਤ੍ਰੇ ਵੈਰ ਨਹੀਂ ਸੰਭਾਰਨ"।੬੬੪।

ਤਾਂ ਉਹੁ ਨੀਚ ਪਿਤਾ-ਜਾਤ ਨਹੀਂ ਹੋਂਦੇ।
ਕਰਮਾਂ ਦੇ ਹਾਰੇ ਪਏ ਫਿਰਦੇ ਹੈਨਿ ਟੁਕੜੇ ਨੂੰ ਰੋਂਦੇ।
ਦੋ ਭਾਈ ਆਹੇ ਜੁਆਨ ਪਠਨੇਟੇ। ਬੋਲੀਆਂ ਮਾਰਿ ਮਾਰਿ ਕੀਤੇ ਦੁਸ਼ਮਨ ਅਚਨਚੇਤੇ।੬੬੫।

ਸੋ ਤਿਨਾਂ ਨੂੰ ਦਿਤੀ ਅਪਨੇ ਖਾਸ ਪਲੰਘ ਦੀ ਚਉਂਕੀ।
ਜੋ ਕਿਵੇਂ ਇਹ ਸ਼ਸਤ੍ਰ ਚਲਾਵਨ, ਹੈ ਜੁੱਧ ਕਰਨ ਦੀ ਸ਼ਉਕੀ।
ਸੋਈ ਉਨ੍ਹਾਂ ਦੁਖ ਕੇ ਸੱਟਿ ਕਟਾਰੀ ਦੀ ਕੀਤੀ।
ਸਾਹਿਬ ਉਠ ਖਲੋਤੇ, ਹੱਥਿ ਤਲਵਾਰ ਲੈ ਲੀਤੀ।੬੬੬।

ਮਾਰਿ ਕਟਾਰੀ ਤਬ ਉਠਿ ਨੱਠਾ ਪਠਣੇਟਾ[1]। ਸਾਹਿਬ ਦਉੜਿ ਕੀਤਾ ਤਲਵਾਰ ਦੀ ਭੇਟਾ।
ਜਬ ਸਿਰੀ ਸਾਹਿਬ ਜਾਇ ਸਾਹਿਬ ਤਿਸ ਨੂੰ ਚਲਾਈ।
ਤਬ ਉਹੁ ਢੱਠਾ ਆਖਨ ਲੱਗਾ: "ਹਾਇ ਮਾਈ"।੬੬੭।

ਬਚਨ ਕੀਤਾ: "ਗੀਦੀ, ਮਰਨ ਲੱਗਾ ਹੈਂ, ਕਲਮਾ ਮੁਖ ਤੇ ਕਹੀ।"
ਕਹੇ, "ਜੀ ਤੇਰੀ ਤਲਵਾਰ ਹੀ ਕਲਮਾ ਹੋਇ ਰਹੀ।"
ਸਾਹਿਬ ਚਾਹਨ ਜੋ ਉਠ ਕੇ ਸਨਮੁਖ ਹੋਇ ਲੜੇ।
ਸੋ ਲੂਣ ਸਾਹਿਬ ਦਾ ਕਿਥੋਂ ਕਰਨ ਦੇਵੇ ਹੱਥ ਖੜੇ।੬੬੮।

ਸੋ ਮਾਰਿਆ ਅਤੇ ਜ਼ਖ਼ਮ ਅਪਨੇ ਸੀਵਾਏ। ਏਹੁ ਖਬਰ ਬਹਾਦੁਰ ਸ਼ਾਹ ਨੂੰ ਪਹੁਤੀ ਜਾਏ।
ਸ਼ਾਹ ਬਹਾਦੁਰ ਨੂੰ ਸਾਹਿਬ ਬੁਰਹਾਨਪੁਰ ਦੇ ਡੇਰਿਓਂ ਮਿਲਨੇ ਆਏ।
ਪੰਜ ਸਵਾਰ ਲੈ ਕੇ ਬੁਰਹਾਨਪੁਰੋਂ ਸੇ ਧਾਏ।੬੬੯।

ਬਹਾਦੁਰ ਸ਼ਾਹ ਆਇਆ ਸੀ ਖੇਡਨ ਸ਼ਿਕਾਰੁ। ਡੇਰਾ ਸੀ ਪਿਆ ਦਿਲੀਓਂ ਬਾਹਰਵਾਰ।
ਸਾਹਿਬ ਆਇ ਵੜੇ ਜਬ ਵਿਚਿ ਲਸ਼ਕਰੁ।
ਅਗੇ ਬਹਾਦੁਰ ਸ਼ਾਹ ਬੰਦੂਕ ਚਲਾਈ ਕਸ ਕਰਿ।੬੭੦।

---

੧. 'ਅਖ਼ਬਾਰਾਤਿ ਦਰਬਾਰ ਮੁਅੱਲਾ ਬਅਹਦਿ ਬਹਾਦਰ ਸ਼ਾਹ' ਵਿਚ ਨਾਂ ਜਮਸ਼ੈਦ ਖਾਂ ਅੰਕਿਤ ਹੈ। ਉਨ੍ਹੀਵੀਂ ਸਦੀ ਦੇ ਸਿਖ ਇਤਿਹਾਸ ਵਿਚ ਨਾਂ ਗੁਲ ਖ਼ਾਂ ਦਿੱਤਾ ਹੈ, ਜੋ ਗ਼ਲਤ ਹੈ।

ਜਨਾਵਰ ਕੂੰਜ ਨੂੰ ਚਲਾਈ, ਸੋ ਨ ਲਗੀ ਨ ਉਡੀ ਡਰ ਕਰਿ।
ਦੇਖਿ ਹੈਰਾਨ ਹੋਇਆ ਬਾਦਸ਼ਾਹਿ ਹਸਿ ਕਰਿ।
ਤਿਸੀ ਸਮੇਂ ਸਾਹਿਬ ਆਹੇ ਖੜੋਤੇ। ਬਾਦਸ਼ਾਹ ਦਸਤਪੋਸ਼ੀ ਕੀਤੀ ਸਾਹਿਬ ਨੂੰ ਦੇਖਿ ਜੋਤੇ।੬੭੧।

ਕਹਿਆ: "ਰਾਮਦਾਸ ਜੀ ਅਜਬ ਹੈ ਤਮਾਸਾ।
ਨ ਜਨਾਵਰ ਮੁਆ ਹੈ, ਅਤੇ ਨ ਡਰਿਆ ਮਾਸਾ।"
ਬਚਨ ਕੀਤਾ: "ਹੋਰੁ ਸੱਟਿ ਕਰੋ।"
ਹੋਰ ਕੀਤੀ, ਜਨਾਵਰ ਜਿਉਂ ਦਾ ਤਿਉਂ ਰਿਹਾ, ਕਤਰਾ ਨਾ ਡਰੋ।੬੭੨।

ਬਾਦਸ਼ਾਹ ਡਿਠਾ ਸਾਹਿਬ ਦੀ ਤਰਫ।
ਬਚਨ ਕੀਤਾ: "ਤੁਸਾਡੇ ਮੁਰੱਬੀ ਨਾਲੋਂ ਇਸ ਦਾ ਮੁਰੱਬੀ ਹੈ ਸਰਸ।"
ਬਾਦਸ਼ਾਹ ਕਹਿਆ: "ਰਾਮ ਦਾਸ ਜੀ! ਇਸ ਦਾ ਕੇਹੜਾ ਹੈ ਮੁਰੱਬੀ?"
ਸਾਹਿਬ ਕਹਿਆ: "ਤੁਸੀਂ ਕਿਸ ਦਾ ਕਲਮਾ ਭਰਦੇ ਹੋ ਅਬੀ" ?੬੭੩।

ਬਾਦਸ਼ਾਹ ਕਹਿਆ: "ਅਸੀਂ ਕਲਮਾ ਮੁਹੰਮਦ ਦਾ ਹਾਂ ਭਰਦੇ।"
ਬਚਨ ਕੀਤਾ: "ਏਹ ਕਲਮਾ ਅਲੀ ਦਾ ਜਨਾਵਰ ਹੈ ਭਰਦੇ।"
ਬਾਦਸ਼ਾਹ ਕਹਿਆ: "ਰਾਮ ਦਾਸ ਜੀ! ਕੈਸੇ ਜਾਣੀਐ?"
ਬਚਨ ਕੀਤਾ, "ਅਲੀ ਦਾ ਕਲਮਾ ਰਿਦੈ ਧਾਰਿ ਸੱਟਿ ਕਰੋ, ਤਬ ਪਛਾਣੀਐ"।੬੭੪।

ਇਕੇ ਮਰ ਜਾਸੀ, ਇਕੇ ਉਠਿ ਜਾਸੀ ਆਏ।
ਬਾਦਸ਼ਾਹ ਅਲੀ ਦਾ ਕਲਮਾ ਰਿਦੈ ਧਾਰਿ, ਸੱਟਿ ਦਿਤੀ ਚਲਾਏ।
'ਕੂੰਜ' ਨੂੰ ਲੱਗੀ ਗੋਲੀ, ਸੋ ਗਈ ਮਰਿ।
ਬਾਦਸ਼ਾਹ ਨੂੰ ਆਈ ਪ੍ਰਤੀਤਿ, ਸਾਹਿਬ ਦੇ ਬਚਨ ਪਰਿ।੬੭੫।

ਸਾਹਿਬ ਮਿਲ ਕੇ ਫੇਰਿ ਉਠਿ ਆਏ ਬੁਰਹਾਨਪੁਰ।
ਖਬਰ ਕਿਸੇ ਨ ਪਾਈ, ਕਿਧਰ ਗਏ, ਅਤੇ ਕਿਧਰੋਂ ਆਏ ਟੁਰ।
ਬਾਦਸ਼ਾਹ ਸੁਣ ਕੇ ਹਕੀਮ ਪਠਾਏ। ਸੋ ਨਾਦੇੜ, ਸਾਹਿਬ ਪਾਸ ਆਏ।੬੭੬।

ਬਾਦਸ਼ਾਹ ਨੂੰ ਉਹ ਗੱਲਿ ਆਈ ਯਾਦਿ, ਹਕੀਮ ਆਏ।
ਪੱਟੀ ਮੱਲ੍ਹਮ ਕਰਕੇ ਜ਼ਖ਼ਮ ਚੰਗੇ ਸੇ ਕੀਤੇ। ਸਾਹਿਬ ਦੇ ਕੇ ਮਾਇਆ ਇਨਾਮ ਵੈਦ ਟੋਰ ਦੀਤੇ।
ਬਚਨ ਕੀਤਾ: "ਕਰਨਾ ਹੈ ਹੋਮ, ਚੰਦਨ ਮਣ ਪੰਜ ਮੰਗਾਇਆ।
ਮੰਗਾਈਆਂ ਕਮਾਣਾਂ, "ਲਿਆਓ ਕਮਾਣ ਦੇਖੀਐ", ਫੁਰਮਾਇਆ।੬੭੭।

ਅੱਲੇ ਆਹੇ ਘਾਉ, ਕਮਾਣਾਂ ਗਹਿ ਦਿਤੀ ਕਸੀਸ। ਸਭੇ ਮਨ੍ਹੇ ਕਰ ਰਹੇ ਬੇਪਰਵਾਹ ਜਗਦੀਸ।
ਜ਼ਖ਼ਮ ਗਏ ਖੁੱਲ੍ਹ, ਫੁਟਿ ਲੋਹੂ ਚੱਲਿਆ। ਸਮਾ ਪਹੁਤਾ ਆਇ, ਰਹੇ ਨਹੀਂ ਠੱਲ੍ਹਿਆ।੬੭੮।

ਦੋਇ ਜਾਮ ਰੈਨਿ ਗਈ, ਤਾਂ ਤਿਆਰੀ ਬਜਾਈ। ਸਿਖਾਂ ਹਥ ਜੋੜਿ ਕਰਿ ਬੇਨਤੀ ਪੁਛਾਈ:
"ਗਰੀਬ ਨਿਵਾਜ਼! ਸਿੱਖ-ਸੰਗਤਿ ਹੈ ਤੇਰੀ, ਇਸ ਦਾ ਕੀ ਹਵਾਲ?"
ਬਚਨ ਕੀਤਾ: "ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ"।੬੭੯।

ਗੁਰੂ ਹੈ 'ਖਾਲਸਾ' ਅਤੇ 'ਖਾਲਸਾ' ਹੈ ਗੁਰੂ।
ਗੋਦੀ ਸ੍ਰੀ ਸਾਹਿਬ ਦੇਵੀ ਮਾਤਾ ਦੀ ਪਾਏ, ਭਜਨ ਕਰਨਾ ਸ਼ੁਰੂ।
ਆਪਸ ਵਿਚਿ ਕਰਨਾ ਪਿਆਰ, ਪੰਥ ਦੇ ਵਾਧੇ ਨੂੰ ਲੋਚਣਾ।
ਆਗਿਆ ਗ੍ਰੰਥ ਸਾਹਿਬ ਦੀ ਕਰਨੀ, ਸ਼ਬਦ ਦੀ ਖੋਜਣਾ।੬੮੦।

ਜੋ ਸਿੱਖ ਸਿੱਖੀ ਦੇ ਕਰਮ ਕਮਾਸੀ। ਸੋ ਗੁਰੂ ਕੀ ਪੁਰੀ ਵਿਚਿ ਵਾਸਾ ਪਾਸੀ।
ਰਹਿਤ-ਬਿਬੇਕ ਗੁਰਮਤਿ ਕਮਾਣੀ।
ਬਿਨਾ ਅਪਨੇ ਵਾਹਗੁਰੂ ਅਵਰ ਨ ਜਾਣੀ'।੬੮੧।

ਦੋ ਘੜੀਆਂ ਸਿਖ ਜਬਾਬੁ ਸੁਆਲ ਕਰਿ ਪੁਛਦੇ ਰਹੇ।
ਫੇਰ ਸਾਹਿਬ ਬੈਕੁੰਠ ਪੁਰਿ ਨੂੰ ਸਵਾਰਾ ਕਰਿ ਗਏ।
ਜੋਤਿ ਨਾਲਿ ਜੋਤਿ ਜਾਇ ਅਕਾਲ ਪੁਰਖ ਵਿਚਿ ਸਮਾਣੀ।
ਰਾਤੋ ਰਾਤੀਂ ਕੀਤਾ ਸਿਸਕਾਰੁ, ਇਸਨਾਨ ਕਰਾਇ ਗੁਲਾਬ ਅਤੇ ਗੰਗਾ ਦੇ ਪਾਣੀ।੬੮੨।

ਚੰਦਨੁ ਅਗੇ ਹੀ ਹੈਸੀ ਮੰਗਾਇਆ। ਸੋ ਤਿਸ ਚੰਦਨ ਨਾਲਿ ਸਿਸਕਾਰ ਕਰਾਇਆ।
ਸੰਮਤੁ ਸਤਾਰਾਂ ਸੈ ਛਿਆਹਟ ਕਤਿਕ ਸੁਦੀ ਪੰਜ ਰਵਿਵਾਰ[੧]।
ਕਰਨ ਕਾਰਨ ਪੂਰਨ ਸਭ ਬਿਧਿ ਜਾਨਣਹਾਰ।੬੮੩।

ਅਸ਼ਟ ਗੁਰੂ ਬੈਠੇ ਬਿਆਸ ਆਸਨ। ਦੋਇ ਗੁਰੂ ਬੈਠੇ ਰਾਜ-ਸਿੰਘਾਸਨ।
ਕਾਰਨ ਧਰਮ ਜਗਤ ਮੋ ਆਏ। ਕਰਿ ਉਪਦੇਸ ਸਭ ਧਰਮ ਲਗਾਏ।੬੮੪।

ਐਸਾ ਸਤਿਗੁਰ ਪੂਰਨ, ਭਾਈ ਸਿਖੋ! ਨ ਵਿਸਾਰੋ। ਮਾਨਸ ਜਨਮ ਜੀਤ ਕੇ ਨ ਹਾਰੋ।
ਸੱਤਿ ਬਾਢੀ ਮਿਲ ਕੇ ਸਮੇਤ ਪਰਵਾਰ। ਜਿਸ ਰੁਖ ਨੂੰ ਹੋਵਨ ਕਟਨਹਾਰ।੬੮੫।

ਆਖੋ ਭਾਈ ਤਿਸ ਰੁੱਖ ਦਾ ਕੀ ਹੈ ਰਹਿੰਦਾ?
ਵਾਰੋ ਵਾਰੀ ਰੋਜ਼ ਇਕੁ ਇਕੁ ਬਾਢੀ ਜਿਸ ਨੂੰ ਕੱਟਣ ਹੈ ਬਹਿੰਦਾ।
ਸਮਝ ਦੇਖੋ ਤੁਸੀਂ ਭੀ ਕਰਿ ਵੀਚਾਰੁ। ਸੱਤ ਵਾਢੀ ਏਹ ਹੈਨਿ ਸਤਿ ਵਾਰ।੬੮੬।

ਰਵਿ ਸਸਿ ਭੂਮ, ਬੁਧ ਗੁਰ ਸ਼ੁਕਰ ਸ਼ਨਿ,
ਏਹ ਸਭੇ ਸੱਤੇ ਮਿਲਿ ਲੱਗੇ ਕਟਨਿ ਹੋਇ ਇਕ ਮਨੁ।
ਇਕੁ ਇਕੁ ਰੋਜ਼ ਲੈ ਕੇ ਨਾਲਿ ਸਾਰਾ ਪਰਵਾਰ।
ਕੱਟੇ ਉਮਰਾ ਇਸ ਪ੍ਰਾਨੀ ਦੀ, ਹੱਥਿ ਲੈ ਕੇ ਆਰੀ ਹਥਿਆਰ।੬੮੭।

ਵਾਰੁ ਸਸਿ ਦਾ ਸੋਮ ਜਦਿ ਆਵੈ। ਧੀਆਂ ਪੁੱਤ੍ਰ, ਨਾਰੀ ਪੋਤ੍ਰੇ ਨਾਲਿ ਲੈ ਜਾਵੈ।
ਨਿਸਾ ਨਾਰਿ ਪਹਿਰ ਪੁਤ੍ਰ, ਘੜੀਆਂ ਨੂੰਹਾਂ ਪਛਾਨੋ।
ਪਲ ਪੋਤ੍ਰੇ ਸਾਰਾ ਪਰਵਾਰ ਮਾਨੋ।੬੮੮।

ਆਰੀ ਸੁਆਸੁ ਦੀ ਧਰਿ ਕਟਨਿ ਲੱਗੇ। ਐਸੀ ਆਰੀ ਤਿਖੀ ਤੇਜੁ ਵਗੇ।
ਘੜੀਆਂ ਪਹਿਰ ਪਲੁ ਸਭ ਚੀਰਨ, ਦਿਨ ਤੇ ਰਾਤਿ ਮਿਲਿ ਦੋਵੈਂ ਬਿਦੀਰਨ।੬੮੯।

੧. ਇਹ ਦੇਹਾਂਤ ਦਾ ਸੰਮਤ ਵਰਤਮਾਨ ਹੈ ਤੇ ਉਂਜ ਗਤਿ ਸੰਮਤ ੧੭੬੫ ਬਿ: ਬਣ ਜਾਂਦਾ ਹੈ।

ਇਕ ਖੈਂਚ ਸੁਆਸ ਦੀ ਆਰੀ ਨੂੰ ਅੰਦਰਿ ਲੈ ਜਾਵੈ।
ਦੂਜਾ ਸੁਆਸ ਆਰੀ ਨੂੰ ਖੈਂਚਿ ਬਾਹਿਰ ਲੈ ਧਾਵੈ।
ਦਿਨ ਰਾਤਿ ਮਿਲਿ ਸਮੇਤ ਪਰਿਵਾਰ ਚੀਰਨ ਲਗੇ।
ਅਠ ਜਾਮ ਗਜ ਅਠਿ, ਨਿਤ ਚੀਰਨ ਵਗੇ ਤਗੇ।੬੯੦।

ਇਸ ਭਾਂਤਿ ਭੂਮਿ-ਸੁਤ ਮੰਗਲ ਵਾਰਿ ਜਦਿ ਆਵੈ।
ਸੋ ਭੀ ਸਾਰਾ ਪਰਵਾਰ ਧੀਆਂ ਪੁਤ੍ਰ, ਪੋਤ੍ਰੇ ਨਾਲਿ ਲੈ ਆਵੈ।
ਇਸੀ ਭਾਂਤਿ ਉਹੁ ਭੀ ਕਾਟਨ ਲਗੇ। ..... ..... .....।੬੯੧।

ਇਸੀ ਭਾਂਤਿ ਸਸਿ-ਸੁਤ ਬੁਧਵਾਰ ਜਦਿ ਆਵੈ। ਸੋ ਭੀ ਘੜੀਆਂ ਪਹਿਰ ਰੈਨ ਨਾਲਿ ਲੈ ਆਵੈ।
ਵੀਰ, ਸੁਕਰ, ਸ਼ਨਿ, ਰਵਿ ਇਸੀ ਭਾਂਤਿ ਸਭ ਜਾਨੋ।
ਇਸ ਪ੍ਰਾਨੀ ਕੀ ਉਮਰਾ ਕਾਟਨਹਾਰੇ ਰਿਪੁ ਮਾਨੋ।੬੯੨।

ਨਰੁ ਮੂਰਖ ਨਹੀਂ ਇਸ ਕੋ ਦੁਸ਼ਮਨ ਮਾਨੈ। ਇਸ ਕੂ ਅਪਨੇ ਸੱਜਨ ਜਾਨੈ।
'ਗ੍ਰੰਥ ਸਾਹਿਬ' ਦਾ ਕਹਿਆ ਭੀ ਮਨਿ ਨਹੀਂ ਧਾਰੇ:
'ਅਉਧ ਘਟੈ ਦਿਨਸੁ ਰੈਣਾ ਰੇ। ਮਨ ਗੁਰ ਮਿਲਿ ਕਾਜ ਸਵਾਰੇ॥'।੬੯੩।

'ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ, ਬਿਰਥਾ ਜਾਤੁ ਹੈ ਦੇਹ॥'
ਹੇ ਬੇ-ਪ੍ਰਤੀਤੇ ਮੂਰਖ, ਗ੍ਰੰਥ ਬਚਨੁ ਹੈ ਏਹ।
ਕਾਟਿ ਕਾਟਿ ਯਹਿ ਈਂਧਨ ਹੈਨਿ ਕਰਦੇ।
ਜਰਾ ਅਵਸਥਾ ਦੀ ਧੁੱਪਿ ਸੁਕਾਇ ਹੈਨਿ ਧਰਦੇ।੬੯੪।

ਕਰਿ ਈਂਧਨ, ਸੁਕਾਇ ਕੇ ਜਾਇ ਚੁੱਲ੍ਹੇ ਬਾਲਨ।
ਨਗਰੀਓਂ ਬਾਹਿਰ, ਭੂਮਿ-ਮਸਾਣ ਦੇ ਚੁੱਲ੍ਹੇ ਜਾਲਨ।
ਸ਼ਨਿਚਰੁ ਕਾਲ ਫਿਰ ਪ੍ਰਾਨੀ ਨੂੰ ਪਕੜਿ ਲੈ ਜਾਵਨ।
ਅਪਨੇ ਭਾਈ ਧਰਮਰਾਇ ਪਾਸ ਜਾਇ ਖੜਾ ਕਰਾਵਨ।੬੯੫।

ਉਥੇ ਜਬਾਬੁ ਸੁਆਲ ਧਰਮਰਾਇ ਨਾਲਿ ਹੋਵੈ। ਤਬ ਏਹ ਪ੍ਰਾਨੀ ਪਛੋਤਾਵੈ ਅਤੇ ਰੋਵੈ।
ਧਰਮ ਰਾਇ ਜੀ ਤਬ ਪ੍ਰਾਨੀ ਨੂੰ ਐਸੇ ਕਹੇ:
"ਜਦਿ ਏਹੁ ਰੋਬਰੋ ਧਰਮ ਰਾਇ ਜੀ ਦੇ ਜਾਇ ਬਹੇ"।੬੯੬।

**ਦੋਹਰਾ ਸਲੋਕ**

ਫਰੀਦਾ ਚਾਰਿ ਗਵਾਇਆ ਹੰਢਿ ਕੈ, ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂ, ਆਹੋ ਕੇਰ੍ਹੇ ਕੰਮਿ॥੬੯੭।

ਦਸਵੰਧ ਸਭ ਕੋਈ ਕਾਢਈ, ਯਹਿ ਊਤਮ ਜਨ ਕਾ ਕਾਮੁ।
ਨਉ ਬਾਤੇਂ ਸੰਸਾਰ ਕੀ, ਏਕ ਬਾਤ ਭਗਵਾਨ।੬੯੮।

**ਚਉਪਈ**—ਜਿਸ ਗੁਬਿੰਦ ਤੈਨੂ ਦਿਤੀ ਏਹ ਦੇਹ ਅਰੋਗ। ਚਉਥਾ ਹਿੱਸਾ ਤੂੰ ਭੀ ਲਾਂਦਾ ਭਜਨ ਜੋਗੁ।
ਜਿਸ ਦੀ ਦਾਤਿ ਤੁਧ ਪਾਈ ਮਾਇਆ-ਧਨ। ਵਿਚੋਂ ਚਉਥਾ ਹਿੱਸਾ ਤੂ ਭੀ ਕਰਦੋਂ ਸਮਰਪਨ।੬੯੯।

ਜਿਸ ਦੀ ਦਾਤਿ ਤੂੰ ਪਹਿਰੈ ਪਟੰਬਰ। ਵਿਚੋਂ ਚਉਥਾ ਹਿੱਸਾ ਤੂ ਭੀ ਦੇਂਦੋ ਅੰਬਰ।
ਜਿਸ ਦੀ ਦਾਤਿ ਖਾਵੈ ਭੋਜਨੁ ਛੱਤ੍ਰੀ ਪ੍ਰਕਾਰ।
ਵਿਚੋਂ ਤੂ ਭੀ ਦੇਂਦੋ ਚਉਥਾ ਹਿੱਸਾ ਅਰਥ-ਨਿਰੰਕਾਰੁ।੭੦੦।

ਸਾਖ ਗ੍ਰੰਥ ਸਾਹਿਬ ਦੀ ਸੁਣਿ ਮੰਨ ਲੈਂਦੋ। ਕਹੇ ਸਾਹਿਬ ਦੇ ਕੁਛੁ ਤਾਂ ਦੇਂਦੋ।
ਸੁਣਿ ਸਾਖ ਜੋ ਗ੍ਰੰਥ ਸਾਹਿਬ ਵਿਚਿ ਸਤਿ ਸਤਿ ਹੈ ਕਹਿਆ।
ਜਿਸ ਵਿਚਿ ਕਹਣਾ ਕਛੁ ਸ਼ੇਖ ਨ ਰਹਿਆ।੭੦੧।

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥੭੦੨।

ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ॥
ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ॥ ਨਾਨਕ ਪਤਿ ਸੇਤੀ ਘਰਿ ਜਾਵਹਿ॥੭੦੩।

ਸਾਰੀ ਅਸਟਪਦੀ ਏਹ ਪੜ੍ਹ ਦੇਖੋ। ਸਤਿਗੁਰੂ ਆਠ ਪਹਰ ਕੀ ਭਗਤਿ ਕਹੀ ਹੈ ਵਿਸੇਖੋ।
ਮੈਂ ਤਾਂ ਤੈਨੂੰ ਚਉਥਾ ਹਿੱਸਾ ਕਹਿਆ। ਤੂ ਚਉਥੇ ਹਿਸੇ ਥੀਂ ਭੀ ਰਹਿਆ।੭੦੪।

ਚੌਥਾ ਭੀ ਤੇਰੇ ਪਾਸੋਂ ਨ ਹੋਇਆ। ਦਸਵਾਂ ਹਿੱਸਾ ਤੂ ਦੇਂਦੋ ਦਸਵੰਧੋਂ ਭੀ ਨੱਸ ਗਇਆ।
ਗਰਭ ਕੁੰਟ ਮੈ ਉਰਧ ਤਪ ਕਰਤੇ। ਸਾਸੁ ਸਾਸੁ ਸਿਮਰਤਿ ਪ੍ਰਭ ਰਹਿਤੇ।੭੦੫।

ਉਰਝ ਪਰੇ ਜੋ ਛੋਡ ਛਡਾਨਾ। ਦੇਵਨਹਾਰ ਮਨਹੁ ਬਿਸਰਾਨਾ।
ਹੇ ਪਾਪੀ ਦਸਵਾਂ ਹਿਸਾ ਤੂ ਗੁਵਿੰਦ ਵਲ ਆਂਵਦੋ।
ਦਸਾਂ ਪਹਿਰਾਂ ਵਿਚਿ ਇਕ ਪਹਿਰ ਧਿਆਂਵਦੋ।੭੦੬।

ਦਸਾਂ ਵਸਤੂ ਵਿਚੋਂ ਇਕ ਵਸਤੁ ਗੁਬਿੰਦੁ ਅਰਥ ਦੇਂਦੋ। ਜੇਹੀ ਦੇਂਦੋ ਦਸੂਣੀ ਲੈਂਦੋ।
ਨਾ ਦੇਣ ਜੋਗਾ ਹੋਇਉਂ ਨਾ ਲੈਣ ਜੋਗੁ ਹੋਇਉਂ। ਗੁਰਾਂ ਥੀ ਬੇਮੁਖ ਹੋਇ ਕੇ ਰੋਇਉਂ।੭੦੭।

ਦੇਖੋ ਉਸ ਗੋਬਿੰਦ ਕੇ ਪਰਉਪਕਾਰ। ਐਸਾ ਧਨ ਅਣਮੁਲਾ ਹੈ ਦੇਵਨਹਾਰ।
ਕੋਈ ਕਹੈ: ਮੁਝ ਤੇ ਦੁਇ ਸੈ ਰੁਪਯਾ ਲੇਹੁ। ਅਰੁ ਏਕ ਹਾਥ ਮੁਝੇ ਕਟਿ ਦੇਹ।੭੦੮।

ਤਾਂ ਤੂ ਰੁਪਏ ਨਹੀਂ ਲੇਤਾ ਅਤੇ ਹਥ ਨਹੀਂ ਕਟਿ ਦੇਤਾ।
ਭਾਵੇ ਕੋਈ ਅਨੇਕ ਜਤਨ ਕਰੇ ਅਨੇਤਾ।
ਇਉ ਜੋ ਰੁਪਏ ਤਾ ਖਾਧੇ ਗਏ ਆਏ।
ਪਰ ਜੇ ਹਜ਼ਾਰ ਰੁਪਯਾ ਖਰਚੇ ਤਾਂ ਭੀ ਹਥ ਨ ਪਾਏ।੭੦੯।

ਕਿਸੀ ਨੇ ਕਹਿਆ: ਹਜ਼ਾਰ ਰੁਪਯਾ ਲੈ ਇਕ ਨੇਤ੍ਰ ਨਿਕਾਲ ਦੇਹ।
ਏਕ ਨੇ ਕਹਿਆ: ਪੰਜ ਸੈ ਰੁਪਯਾ ਲੈ ਏਕੁ ਗੋਡਾ ਕਟਿ ਦੇਹ,
ਅਉਰ ਕਿਸੀ ਨੇ ਕਹਿਆ: ਪੰਜ ਹਜ਼ਾਰ ਰੁਪਯਾ ਲੈ,
ਅਰੁ ਪਾਉ ਭਰ ਮਾਸ ਕਲੇਜੇ ਕਾ ਦੇਹੁ।੭੧੦।

ਏਕ ਹਕੀਮ ਨੇ ਕਹਿਆ: ਮੈਂ ਦਾਰੂ ਹੈ ਕਰਨਾ।
ਬੀਸ ਹਜ਼ਾਰ ਰੁਪਏ ਕੋਈ ਲਉ ਛਿਟਾਂਕੀ ਮਾਸ ਫਿਫਰਾ ਮਾਨਸ ਕਾ ਹੈ ਰਗੜਨਾ।
ਤਾਂ ਭੀ ਨਾ ਤੂ ਫਿਫਰਾ ਦੇਵੇਂ, ਅਤੇ ਨ ਪੈਸੇ ਲੈਂਦਾ।੭੧੧।

ਤਾਂ ਤੂ ਮਾਸ ਅੱਖ ਗੋਡੇ ਦੇਣ ਥੀਂ ਨ ਟਲੇ ਪਰ ਜੁ ਫੇਰ ਹਥਿ ਲਗੇ।
ਸੋ ਅਜਿਹੀ ਵਸਤੂ ਕਿਸੇ ਪਾਸ ਹੈ ਨਹੀਂ, ਜੋ ਢੂੰਢ ਫਿਰੇਂ ਤੂੰ ਸਾਰਾ ਜਗੇ।
ਸ਼ਾਬਾਸ਼ ਹੈ ਗੁਬਿੰਦ ਨੂੰ, ਜੋ ਤੇਰੇ ਜੇਹੇ ਅਕ੍ਰਿਤਘਨ ਨੂੰ ਐਸੀ ਵਸਤੂ ਇਨਾਮ ਦੇਵੈ।
ਅਤੇ ਖੁਸ਼ੀ ਕਿਸੇ ਪਾਸੋਂ ਨ ਜਾਏ, ਕੋਈ ਜ਼ੋਰ ਕਰ ਖੁਸ ਲੇਵੇ।੭੧੨।

ਅਤੇ ਫੇਰ ਤੂ ਐਸੇ ਗੁਬਿੰਦ ਨੂੰ ਮਨੋ ਵਿਸਾਰੇ।
ਤਾ ਏਹੁ ਦੋਸ਼ ਤੈਨੂੰ ਕਿ ਗੁਬਿੰਦ ਨੂੰ, ਕਰਮਾਂ ਦੇ ਹਾਰੇ।
ਨਾ ਭੁਲ ਗੋਬਿੰਦ, ਸਾਹਿਬ ਚਿਤਾਰ। ਉਸ ਦੀ ਦਾਤ ਵਿਚੋਂ ਤੂ ਭੀ ਬਣ ਦੇਵਣਹਾਰੁ।੭੧੩।

ਦੇਹਿ ਇਕ ਅਤੇ ਦਸੂਣਾ ਲੈ। ਭਜਨ ਗੋਬਿੰਦ ਦੇ ਫੇਰ ਮਾਨੁਖਾ ਜਨਮੁ ਲੈ।
ਜੇਹੇ ਪਦਾਰਥ ਗੋਬਿੰਦ ਅਰਥ ਦੇਵੇਗਾ। ਫੇਰ ਮਾਨੁਖ ਜਨਮ ਪਾਇ ਕੈ ਦੂਣੇ ਦਸੂਣੇ ਲੇਵੇਗਾ।੭੧੪।

ਐਸੇ ਗੁਬਿੰਦ ਨਾਲ ਸਉਦਾ ਕਿਉਂ ਨ ਕਰੀਏ।
ਹੋਇ ਆਵੈ ਤਾਂ ਆਪ ਜਾਇ ਅਪਨੇ ਸਤਿਗੁਰ ਜੀ ਪੈਰੀਂ ਪਰੀਏ।
ਹੋਂਦੇ ਬਲਿ ਜੋ ਹੋਇ ਆਵੈ ਸੋ ਅਗੈ ਧਰੀਏ। ਮਨ ਪ੍ਰਸੰਨ ਹੋਏ ਬਾਰੰ ਬਾਰ ਪਰਣਾਮਾਂ ਕਰੀਏਂ।੭੧੫।

ਰਾਜੇ ਪ੍ਰੀਛਤ ਨਾਲੋਂ ਭੀ ਕੋਈ ਵੱਡਾ ਹੋਸੀ ਰਾਜਾ ?
ਸੁਣੋ ਹਕੀਕਤ ਤਿਸ ਦੀ, ਜੋ ਕਲ-ਮਲ ਖੋਸੀ।
ਸੁਆਮੀ ਸੁਕਦੇਵ ਅਗੇ ਬਿਨਤੀ ਤਿਨ ਕੀਤੀ।
ਕਰਕੇ ਸੇਵਾ ਪ੍ਰੀਤ ਗੋਬਿੰਦ ਭਜਨ ਦੀ ਲੀਤੀ।੭੧੬।

ਭਗਤ ਪ੍ਰੀਛਤ ਬਿਨਤੀ ਕਰੇ। ਭਗਤ ਭਾਇ ਹਿਰਦੇ ਮੈਂ ਧਰੇ।
ਹੇ ਸੁਕਦੇਵ ਪਰਮ ਗੁਰਦੇਵ। ਤੁਮਰੇ ਪਗ ਕੀ ਕੀਜੈ ਸੇਵ।੭੧੭।

ਕ੍ਰਿਸ਼ਨ ਕਥਾ ਕਹੋ ਪਰਮ ਪੁਨੀਤ। ਹਿਤ ਕਰਿ ਹਮਰੋ ਚਾਹਤਿ ਚੀਤ।
ਹਰਿ ਗੁਨ ਸੁਨਤੇ ਕਵਨ ਅਘਾਏ। ਕੇਸਵ ਕੇ ਗੁਨ ਬਹੁਰ ਸੁਨਾਏ।੭੧੮।

ਸ੍ਰਵਨ ਨਹਿ ਸੁਨੇ ਨ ਕਥਾ ਜਦੁਨਾਥ। ਕ੍ਰਿਮ ਘਰ ਕੀਨੇ ਸਿਰ ਕੇ ਸਾਥਿ।
ਰਸਨ ਕਰੈ ਨ ਕ੍ਰਿਸਨ ਬਖਾਨ। ਵਹੁ ਰਸਨਾ ਬਿਖ ਬੇਲ ਸਮਾਨ।੭੧੯।

ਹਸਤ ਨ ਹਰਿ ਕੀ ਟਹਲ ਕਮਾਇ। ਹੈ ਜ਼ੰਜੀਰ ਸੋ ਸੰਸਾ ਨਾਹਿ।
ਨੈਨ ਨ ਹਰਿ ਦਰਸਨ ਕਰਹਿ। ਮੁੜ ਬੰਬੋਹੇ ਬੈਠੇ ਘਰੈ।
ਸੀਸੁ ਨ ਹਰਿ ਕੋ ਕਰੈ ਜੁਹਾਰਿ। ਸੀਸੁ ਨਹੀਂ ਸਿਰ ਪੋਟਿ ਬਿਗਾਰ।
ਜੋ ਮਨ ਨਹੀਂ ਚਿਤਵੈ ਸ੍ਰੀ ਭਗਵਾਨ। ਅਤਿ ਕਠੋਰ ਵਹੁ ਸੈਲ ਸਮਾਨ।੭੨੦।

ਹਰਿ ਮੰਦਰਿ ਕੋ ਚਰਨ ਨਾ ਜਾਹਿ। ਬੇੜੀ ਪੜੀ ਚਰਨ ਅਵਗਾਹਿ।
ਕਹਾਂ ਕਰੋਗੇ ਪਰਬ ਮਹਾਨ। ਹਿਤ ਕਰ ਗਹੋ ਗੁਨ ਹਰੀ ਬਖਾਨ।੭੨੧।

ਭਾਗਵਤ ਮਹਿ ਰਾਜੇ ਪ੍ਰੀਛਤ ਕਹਿਆ। ਤਿਸ ਤੇ ਕਹਿਣਾ ਸੇਖ ਨ ਰਹਿਆ।
ਖਾਵੈ ਪਹਿਰੇ ਦਾਤਿ ਜਿਸ ਕੀ ਰਸ ਭੋਗੁ।
ਦਸਿ ਅਥਵਾ ਖਟਿ ਘਟਿਕਾ ਦਰਬਾਰੁ ਤਾਂ ਕੇ ਜਾਣਾ ਹੈ ਜੋਗੁ।੭੨੨।

ਏਤੇ ਗੁਣ ਬਿਸਾਰ ਕੈ ਰਹਿਉ ਬੇਮੁਖ ਹੋਇ। ਤਉ ਜਮ ਕੀ ਸਿਰਕਾਰ ਨ ਛੁਡਾਵੈ ਕੋਇ।
ਸਤਿਗੁਰੁ ਵਾਲੀ ਹੋਤ ਹੈ, ਜੇ ਸਤਿਗੁਰ ਕੋ ਹਾਜ਼ਰੀ ਦੇਇ।
ਗੁਰ ਦਰਬਾਰ ਹਾਜ਼ਰੀ ਨ ਪਈ, ਤਾਂ ਸੀਸ ਤੇਰੇ ਖੇਹ।੭੨੩।

ਗੁਰਦੁਆਰੇ ਨ ਗਇਉ, ਨ ਵਰਿਉ ਧਰਮਸਾਲ।
ਸਾਧ ਸੰਤ ਸਿਖ ਦੀ ਸੇਵ ਨ ਕੀਤੀ, ਪ੍ਰੀਤ ਨਹੀਂ ਗੁਰ ਨਾਲ।
ਦਾਤ ਖਸਮ ਦੀ ਬੇਮੁਖ ਹੋਇ ਸਵਾਈ।
ਪਹਿਰੀ ਖਾਧੀ ਦੱਬੀ ਰੱਖੀ ਪਰ ਸੁਆਰਥ ਮੂਲ ਨ ਲਾਈ।੭੨੪।

ਸਤਿਗੁਰ ਵਾਲੀ ਕੀਕੂੰ ਹੋਸੀ। ਜਾ ਤੂੰ ਗੁਰਦੁਆਰੇ ਜਾਇ ਨ ਖੜੋਸੀ।
ਸਾਧ ਸੰਤ ਸਿਖ ਨਾਲਿ ਤੇਰੀ ਪਛਾਣ ਨ ਹੋਈ।
ਹੋਂਦੀ ਮਾਇਆ ਤੈਥੋਂ ਵਰੋਸਾਣਾ ਨਾ ਕੋਈ।੭੨੫।

ਖਾਵੰਦ ਤਾਂ ਏਹ ਗੱਲ ਛੱਡੀ ਹੈ ਆਖ। ਬਚਨ ਸਤਿਗੁਰ ਦੇ ਹਿਰਦੇ ਕਰਿ ਪੱਕੇ ਰਾਖ।
ਸਿਖ ਉਬਾਰਿ ਅਸਿਖ ਸੰਘਰੋ। ਸੁਣੋ ਅਸਿਖ ਮਨ ਪੱਕੀ ਧਰੋ।੭੨੬।

ਹੋਰ ਭੇਖ ਸਿਖੀ ਦਾ ਅਤੇ ਕਰਮੁ ਹੋਰੁ। ਉਹ ਤਾਂ ਬਨਿਆ ਗੁਰੂ ਕਾ ਚੋਰੁ।
ਉਹ ਗੁਰੂ ਕੇ ਦਰਬਾਰ ਮੂੰਹੁ ਲੈ ਕੇ ਕੀਕੂੰ ਜਾਸੀ।
ਉਹੋ ਜਾਣੋ ਆਪਣਾ ਕੀਤਾ ਆਪੇ ਪਾਸੀ।੭੨੭।

ਗੁਰੂ ਨਾਨਕ ਪ੍ਰਗਟ ਹੈ ਸੰਸਾਰ। ਦਸ ਜਾਮੇ ਸੋ ਆਇਆ ਧਾਰ।
ਸਾਰੇ ਬ੍ਰਹਮੰਡ ਵਿਚਿ ਗੁਰੂ ਨਾਨਕ ਹੀ ਕਹੀਐ।
ਸਤਿਗੁਰ ਨਾਨਕ ਤਾਂ ਦਸ ਜਾਮੇ ਗੁਰ ਲਹੀਐ।੭੨੮।

ਤਿਸ ਗੁਰੂ ਨਾਨਕ ਤੇ ਗੋਬਿੰਦ ਸਿੰਘ ਜੀ ਪ੍ਰਗਾਸੇ। ਤਿਸ ਗੁਬਿੰਦ ਸ਼ਿੰਘ ਜੀ ਯਹਿ ਕੀਏ ਤਮਾਸ਼ੇ।
ਅਪਨੀ ਇੱਛਾ ਤਿਨ ਪੰਥ ਬਣਾਇਆ। ਕਾਰਨ ਦੈਂਤਾਂ ਨਾਸ ਉਪਾਇਆ।੭੨੯।

ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਮੈ ਭੇਦੁ ਨ ਰਾਈ। ਜਾਮੇ ਦਸ, ਇਕ ਜੋਤਿ ਸਮਾਈ।
ਜੇ ਕੋਈ ਪੰਥ ਤਵਨ ਕੇ ਆਇਆ। ਤਿਨ ਅਪਨਾ ਕੁਲ ਬੰਸੁ ਤਰਾਇਆ।੭੩੦।

ਨਉਂ ਖੰਡ ਸੱਤ ਦੀਪ ਬਾਬਾ ਨਾਨਕ ਹੀ ਹੈ ਗਾਇਆ।
ਸਫਲ ਜਨਮ ਤਿਸ ਦਾ, ਜੋ ਪੰਥ ਗੁਰੂ ਨਾਨਕ ਗੋਬਿੰਦ ਸਿੰਘ ਜੀ ਦੇ ਆਇਆ।
ਰੰਮਕ ਖੰਡ ਮੈ ਹਰਿ ਹਰਿ ਕਰਿ ਬਾਬਾ ਨਾਨਕ ਕੋ ਗਾਵੈ।
ਹਿਰਨ ਖੰਡ ਮੈ ਨਰ ਹਰਿ ਕਰਿ ਧਿਆਵੈ।੭੩੧।

ਕੁਰੁਖੰਡ ਮੈ ਗਾਵੈ ਬਾਬੇ ਕੋ ਨਿਧਿ ਨਿਧਾਨ। ਭਾਦ੍ਰਸ ਖੰਡ ਮੈ ਗਾਵੈ ਬਾਬਾ ਪੁਰਖ ਪੁਰਾਨ।
ਇਲਾਬ੍ਰਿਤ ਖੰਡ ਮੈ ਗਾਵੈ ਬਾਬਾ ਅਲਕੇਸ। ਕੇਤੁਮਾਲ ਖੰਡ ਮੈ ਪਛਮੁ ਦੇਸ।੭੩੨।

ਤਹਾਂ ਜਪੀਏ ਨਾਮ ਬਾਬੇ ਕਾ ਪਲਾਤਮ। ਹਰਿਵਰ ਖੰਡ ਵਿਚਿ ਦੱਖਣ ਜਾਣੇ ਸਾਰਾ ਆਤਮ।
ਨਾਰਾਇਣ ਨਾਰਾਇਣ ਕਰਿ ਤਹਾਂ ਬਾਬਾ ਗਾਈਐ।
ਕਿੰਪੁਰਖ ਖੰਡ ਮੈ ਕਰਿ ਗੋਬਿੰਦ ਨਾਮ ਧਿਆਈਐ।੭੩੩।

ਭਾਰਥ ਖੰਡ ਮੈ ਗੁਰੂ ਨਾਨਕ ਨਾਮੁ ਕਹਾਇਆ।
ਨਉਖੰਡ ਮੈ ਇਸ ਜੁਗਤਿ ਕਰਿ ਬਾਬਾ ਸਾਹਿਬ ਧਿਆਇਆ।
ਗੁਰੂ ਨਾਨਕ ਕਾ ਸਿਖ ਜੋ ਸਿਖੀਓਂ ਜਾਇ ਘੁਸ।
ਜਮੁ ਮਾਰਗ ਮੈ ਸੋਈ ਲਈਏਗਾ ਮੁਸ।੭੩੪।

ਏਹ ਜਨਮ ਨਹੀਂ ਬਾਰੰ ਬਾਰ। ਛਡਿ ਤਕੱਬਰ ਗੁਰੂ ਨਾਨਕ ਗੋਬਿੰਦ ਸੰਮਾਰੁ।
ਮਾਇਆ ਛਲ ਨ ਛਲਿਆ ਜਾਹ। ਦਿਤੇ ਗੁਰੂ ਕੇ ਵਿਚੋਂ ਨਾਮ ਜਪੁ ਅਤੇ ਵੰਡ ਖਾਹ।੭੩੫।

ਕਾਲ ਬਲੀ ਸਿਰ ਊਪਰਿ ਖੜਾ। ਸਰੀਰ ਕੱਚਾ ਹੈ ਮਿੱਟੀ ਦਾ ਘੜਾ।
ਆਜੁ ਕਾਲ ਯਹ ਜੈ ਹੈ ਫੂਟ।
ਆਠ ਆਠ ਚੋਟਾਂ ਜਿਸ ਨਿਤਿ ਲਗੈਂ, ਸੋ ਕਿਉਂ ਨ ਜਾਵੈ ਰੁੱਖ ਫੂਟ।੭੩੬।

ਆਠੋ ਜਾਮ ਕੀ ਆਠੋ ਚੋਟਾਂ, ਨਿਤ ਹੀ ਲਾਗੈ।
ਸਤਿਗੁਰ ਗੋਬਿੰਦ ਸਿੰਘ ਜੀ ਜੈਸੇ ਗਏ ਦੇਹ ਤਿਆਗੇ।
ਸਤ ਸੈ ਸੈਂਤੀ ਸਭੇ ਅੰਗ ਬਿਚਾਰੋ। ਦਸਵਾਂ ਚਰਨ ਪੂਰਨ ਕਰਿ ਧਾਰੋ।੭੩੭।

—o—

# (੧੧) ਯਾਰਵਾਂ ਚਰਣ—ਬੰਦਾ ਸਿੰਘ ਬਹਾਦਰ

**ਚਉਪਈ**—ਲਛਮਨ ਦਾਸ ਬੈਰਾਗੀ ਜਿਨ 'ਬੰਦਾ' ਕਹਾਇਆ।
ਸੋ ਪੂਰਬ ਦੇਸ ਤੇ ਇਥੇ ਸੀ ਆਇਆ।
ਪਰੋਜਾ ਨਗਰੁ ਇਕ ਵਿਚਿ ਪੂਰਬ ਦੇਸ ਕਹੀਏ।
ਬਰਨ ਸੰਨਿਆਸੀ ਦੇ ਬਰਸ ਅੱਸੀ ਉਥੇ ਇਹ ਰਹੀਏ।੧।

ਫੇਰ ਦੱਖਣ ਦੇਸ਼ ਹਰੀਪੁਰ ਇਕ ਗਾਉਂ।
ਸੱਠਿ ਬਰਸ ਉਥੇ ਰਿਹਾ, ਰਾਮਦਾਸ ਤਬ ਥਾ ਨਾਉਂ।
ਤਹਾਂ ਤੇ ਆਇਆ ਤੂਰਾਂ, ਚਉਹਾਣਾਂ ਜੱਟਾਂ ਦੇ ਦੇਸਿ।
ਨਾਮ ਲਛਮਨਦਾਸ ਅਤੀਤ ਬੈਰਾਗੀ ਦੇ ਭੇਸਿ।੨।

ਅਪਣੀ ਖੁਸ਼ੀ ਕਲੇਵਰ ਤਿਆਗੇ ਭਾਵੇਂ ਰਖੇ। ਮਾਨਸ ਜਗਤ ਦਾ ਇਸ ਨੂੰ ਕੋਇ ਨ ਲਖੇ।
ਆਹਾ ਪੂਰਨ ਬਰਕਤਿ, ਦਿਤੀ ਸਾਂਈ ਦੀ ਇਸ ਪਾਸ।
ਪਾਇ ਠਾਕੁਰ ਦੁਆਰਾ ਬੈਠਾ ਹੋਇ ਉਦਾਸ।੩।

ਵਲੀ, ਰਾਵਲੀ ਸ਼ਨਾਖਤ ਕਰੇ ਸਭ ਕੋਈ। ਸਾਹਿਬ ਪੂਰਨ ਪੁਰਖ ਨੂੰ ਇਸ ਦੀ ਪਛਾਣ ਸੀ ਹੋਈ।
ਸਾਹਿਬ ਇਸ ਦੇ ਗਲ ਮਾਮਲਾ ਸੀ ਪਾਇਆ।
ਏਹੁ ਨਹੀਂ ਸੀ ਚੁਕਦਾ ਪਰ ਸਾਹਿਬ ਆਪ ਚੁਕਾਇਆ।੪।

ਮੁੱਦਤਿ ਕਰਾਰ ਪੂਰਾ ਆਇ ਹੋਇਆ।
ਇਹੁ ਸਾਧ ਅਤੀਤ ਬੈਰਾਗੀ, ਅਪਣੇ ਠਾਕੁਰਦੁਆਰੇ ਪਰੁ ਚੜ੍ਹਿ ਖਲੋਇਆ।
ਸਾਥ ਲੁਬਾਣਿਆਂ ਬਹੁਰੂਪੀਆਂ ਸਿਖਾਂ ਦਾ ਆਇਆ।
ਮਾਲ ਬਲਦ ਲੱਦੇ ਹੋਏ ਮਾਰਗ ਚਲੇ ਜਾਇਆ।੫।

ਚੇਲਾ ਭੇਜਿ ਨਾਇਕ ਸੱਦਿ ਬੁਲਾਇਆ।
ਪੂਛਾ : "ਤੁਮ ਹੋ ਕਉਨ ? ਕਹਾਂ ਜਾਹੁਗੇ ? ਕਹਾਂ ਤੇ ਆਇਆ ?"
ਤਿਨ ਕਹਿਆ : "ਹਮ ਹੈਂ ਬੈਪਾਰੀ ਬਹੁਰੂਪੀਏ ਲੁਬਾਣੇ।"
ਇਨ ਕਹਿਆ : "ਕਉਨ ਹੋ, ਸੱਚ ਕਹੋ ਬਖਾਣੇ"।੬।

ਪੁਨ ਤਿਨ ਐਸੇ ਕੀਆ ਬਖਾਨ : "ਹਮ ਹੈਂ ਬੈਪਾਰੀ ਜਾਨੈ ਸਗਲ ਜਹਾਨੁ।"
ਸਾਧ ਕਹਿਆ, "ਲੰਡੀ ਕੇ ! ਸੱਚ ਕਿਉਂ ਨਹੀਂ ਕਹਿਤੇ ?
ਕਉਨ ਹੋ ਤੁਮ ? ਸੱਚ ਕਹੋ ਕਹਾਂ ਹੋ ਰਹਿਤੇ ?"।੭।

ਤਬ ਤਿਨ ਕਹਿਆ : "ਜੀ ਬਹੁਰੂਪੀ ਲੁਬਾਣੇ ਹੈਂ ਬੈਪਾਰੀ।"
ਸਾਧ ਕਹਿਆ, "ਲੰਡੀ ਕੇ! ਸੱਚ ਕਿਉਂ ਨਹੀਂ ਕਹਿਤੇ ਉਚਾਰੀ ?"
ਕਹਿਆ : "ਜੀ ਹਮ ਹੈਂ ਸਿੱਖ ਬੈਪਾਰੀ ਲੁਬਾਣੇ।"
ਕਹਿਆ ਸਾਧ : "ਲੰਡੀ ਕੇ, ਜਿਉਂ ਕਿਉਂ ਨਹੀਂ ਕਹਿਤੇ ਸੱਚ ਬਖਾਨੇ"।੮।

ਤਿਨ ਕਹਿਆ : "ਜੀ ਹਮ ਬੈਪਾਰੀ ਹੈਂ ਗੁਰੂ ਕੇ ਸਿਖ।"
ਸਾਧ ਕਹਿਆ : "ਐਸੇ ਕਿਉਂ ਨਹੀਂ ਕਹਿਤੇ, ਜੋ ਮੁਖ ਹੋਇ ਪਵਿਤ।
ਤੁਮ ਸਿਖ ਕੈਸੇ ਹੋ ਭਏ ? ਜੋ ਸਿਖ ਹੋਇ ਗੁਰੂ ਕਾ ਵੈਰ ਨਹੀਂ ਲਏ"।੯।

ਤਿਨ ਕਹਿਆ : "ਜੀ ਹਮ ਹੈਂ ਨਿਬਲ, ਤੁਰਕ ਹੈਂ ਭਾਰੀ।"
ਤਿਨ ਕਹਿਆ : "ਬੰਦਾ ਹੈ ਨਾਲਿ ਕਰੇਗਾ ਸਵਾਰੀ ?"
ਤਿਨ ਕਹਿਆ : "ਜੀ ਹਮ ਮਾਲ ਬੇਚ ਚਰਨਾਂ ਪਾਸ ਜਾਣੋ ਆਏ।"
ਕਹਿਆ : "ਜਾਓ, ਹਥਿਆਰ ਖਰੀਦ ਕਰਿ ਪਹੁੰਚੋ ਧਾਇ।'੧੦।

ਸੋ ਗਏ, ਤਿਨ ਜਾਇ ਧਾਮ ਕੀਤੀ ਏਹੁ ਸਲਾਹ :
"ਭਾਈ! ਮਾਲ ਵੇਚੋ ਹਥੀਆਰ ਖਰੀਦੋ ਖ਼ਾਹਮਖ਼ਾਹ[੧]।
ਅਤੇ ਕਬੀਲੇ ਛੱਡੀਏ ਪਹਾੜੀਂ ਚਾੜ੍ਹ।
ਹਥੀਆਰ, ਘੋੜੇ ਖਰੀਦ ਕਰਿ ਹੋਇ ਆਵੋ ਸਵਾਰ"।੧੧।

ਕਉਰ ਸਿੰਘ, ਬਾਜ਼ ਸਿੰਘ, ਭਗਵੰਤ ਸਿੰਘ ਤੀਨੋ ਹੀ ਆਏ[੨]।
ਸੋ, ਤੀਨੋ ਭਏ ਸਿਰਦਾਰ, ਬੰਦੇ ਸਾਹਿਬ ਵਧਾਏ।
ਆਪ ਚੜ੍ਹਿਆ ਨਾਲਿ ਹੋਆ, ਮਾਰੇ ਦੁਇ ਤੀਨ ਤੁਰਕਾਂ ਦੇ ਗਾਉਂ।
ਪੜ ਗਈ ਧੁੰਮ ਪ੍ਰਗਟਿਆ ਗੁਰੂ ਬੰਦਾ ਸਾਹਿਬ ਨਾਉਂ।੧੨।

ਮਾਰਿ ਸਢਉਰਾ ਸਾੜਿ ਫੂਕ ਅੱਗ ਲਗਾਈ। ਪੁੱਟੀਆਂ ਕਬਰਾਂ ਕੱਢੇ ਮੁਰਦੇ ਦਿਤੇ ਸੜਾਈ।
ਤਬ ਫਉਜਾਂ ਸਿਖਾਂ ਦੀਆਂ ਬਹੁਤੁ ਹੋਇ ਗਈਆਂ।
ਪ੍ਰਗਟਿਆ ਗੁਰੂ ਸਾਹਿਬ ਬੰਦਾ ਧੁੰਮਾਂ ਪਈਆਂ।੧੩।

ਏਹ ਗੱਲ ਅਗੋ ਸਭ ਕਿਸੇ ਆਹੀ ਜ਼ਾਹਿਰਿ।
ਜੋ ਸਾਹਿਬ ਖਾਸ ਇਸ ਨੂੰ ਹੈ ਕੀਤਾ ਜਦਿ ਆਏ ਸੇ ਇਤ ਠਾਹਰ।
ਜਾਂਦੇ ਹੋਏ ਸਾਹਿਬ ਦਸਵਾਂ ਪਾਤਿਸ਼ਾਹ। ਬਖਸ਼ ਹੈ ਕੀਤਾ ਜਾਮੇ ਬੈਰਾਗੀ ਬੰਦੇ ਕੇ ਮਾਹਿ।੧੪।

ਤਹਾਂ ਤੇ ਚੜ੍ਹੇ ਸਿਰੰਦ ਮਾਰੀ ਅਰੁ ਸਾੜੀ।
ਪਕੜੀਆਂ ਨੂੰਹਾਂ ਧੀਆਂ ਸੁਚੇ ਝੂਠੇ ਪੁਰੀ ਖਤ੍ਰੀ ਦੀਆਂ ਕਿਰਾੜੀਂ।
ਪਾਏ ਚੂਹੇ ਸੁਥਣਾਂ ਵਿਚਿ ਟੰਗਾਈਆਂ।
ਰੋਂਦੀਆਂ ਕੁਰਲਾਂਦੀਆਂ ਹਵਾਲੇ ਚੂਹੜਿਆਂ ਦੇ ਕਰਵਾਈਆਂ[੩]।੧੫।

---

੧. ਜ਼ਰੂਰ। ੨. ਇਹ ਤਿੰਨੇ ਭਾਈ ਮਨੀ ਸਿੰਘ ਜੀ ਦੇ ਚਾਚੇ ਲਠੀਆ ਸਿੰਘ ਦੇ ਸਪੁੱਤਰ ਸਨ, ਜੋ ਕਿ ਚੰਗੇ ਬੀਰ ਜੋਧੇ ਤੇ ਵਪਾਰੀ ਸਨ, ਇਨ੍ਹਾਂ ਦੇ ਟਾਂਡੇ (ਟੋਲੇ) ਵਿਚ ਰਲ ਕੇ ਹੀ ਬੰਦਾ ਬਹਾਦਰ ਪੰਜਾਬ ਆਇਆ ਸੀ।
੩. ਇਤਿਹਾਸਕ ਤੌਰ 'ਤੇ ਇਹ ਸਹੀ ਨਹੀਂ ਹੈ ਤੇ ਨਾ ਹੀ ਕਿਸੇ ਹੋਰ ਤ੍ਵਾਰੀਖ ਵਿਚ ਐਸਾ ਕਥਨ ਹੈ।

ਕੀਤੀ ਉਸ ਦੀ ਪੇਸ਼ ਇਸ ਦੇ ਆਈ।
ਪੁੱਤ੍ਰਾਂ ਦੇ ਕਰਮ ਮਾਪਿਆਂ ਨੂੰ ਮਾਪਿਆਂ ਦੇ ਕਰਮੁ ਪੁੱਤ੍ਰਾਂ ਨੂੰ ਲਗਦੇ ਜਾਈ।
ਇਸ ਪਰਿ ਸਾਖ ਗ੍ਰੰਥ ਜੀ ਵਿਚਿ ਭਗਤ ਹੈ ਪਾਈ। ਸੁਨੋ ਭਾਈ ਸਿਖੋ ਮੈਂ ਕਹੋਂ ਸੁਨਾਈ।੧੬।

'ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮਰਾਇ'।੧੭।

**ਹੋਰ ਸਾਖ**

'ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ'।੧੮।

ਸਾਖ ਕੁਸੰਗ ਬਹੁਤ ਹੈ ਆਈ। ਬੇਦ, ਪੁਰਾਨਾਂ ਗ੍ਰੰਥ ਪੋਥੀਆਂ ਪਾਈ।
ਜੇ ਕਿਸੇ ਦੇ ਮਨਿ ਸ਼ੰਕਾ ਆਵੈ। ਤਾਂ ਕਰਮ ਭੀ ਦੁਇ ਭਾਂਤਿ ਕਹਾਵੈ।੧੯।

ਇਕ ਹੈ, ਸੂਖਮ ਇਕ ਹੈ ਅਸਥੂਲ। ਸੂਖਮ ਮਾਰੇ ਏਕੁ ਨੂ, ਅਸਥੂਲ ਮਾਰੇ ਮੂਲੁ।
ਦੂਰ-ਅੰਦੇਸਾ ਲੀਜੈ ਕਰਾਈ। ਤਬ ਕਰੀਐ ਭਲਿਆਈ ਬੁਰਿਆਈ।੨੦।

ਭਲਿਆਈ ਕੀਤੀ ਮੂਲ ਨ ਜਾਵੈ। ਬੁਰਿਆਈ ਕੀਤੀ ਦੇਣੀ ਆਵੈ।
ਸਿਖ ਸੋਈ ਜੋ ਨਿਜ ਗੁਰੂ ਦਾ ਚਿਤ ਰਖੇ ਵੈਰੁ।
ਨਿਜ ਧਾਮ ਨ ਪਾਏ ਤੱਤੇ ਦਾ ਪੈਰੁ।੨੧।

ਸਿਖ ਗੁਰੂ ਕਾ, ਲਛਮਨ ਦਾਸ ਬੰਦਾ ਹੋਇਆ। ਹੈ ਸੀ ਬੈਰਾਗੀ, ਹੁਕਮ ਗੁਰੂ ਕਾ ਮੰਨ ਖੜੋਇਆ।
ਸੀਸ ਦਿਤਾ, ਪਰ ਵੈਰ ਲਿਤਾ। ਕਿਸੇ ਸਿਖ ਭੀ ਹੈ ਐਸਾ ਕੰਮ ਕਿਤਾ ?੨੨।

ਚੂਹੜਿਆਂ ਨੂੰ ਦੇਇ ਕੇ ਸੁੱਚੇ ਦੀਆਂ ਨੂੰਹਾਂ ਧੀਆਂ ਤੁਰਾਈਆਂ।
ਫ਼ੇਰ ਕਰਿ ਚੂਰਮੇ ਘਿਉ ਖੰਡ ਪਾਇ ਹਥੀਂ ਚੂਹੜਿਆਂ ਦੇ ਖਵਾਈਆਂ।
ਜਦਿ ਫਰਬੀਆਂ ਹੋਵਨ ਤਾਂ ਦੇਵੈ ਟੰਗਾਇ।
ਪਵਨਿ ਛਮਕਾਂ ਸੁੱਥਣਾਂ ਵਿਚਿ ਚੂਹੇ ਪਵਾਇ।੨੩।

ਜੋ ਕੋਈ ਉਸ ਦਾ ਸਾਕੁ ਸੈਨੁ ਸੁਨਿ ਪਾਏ। ਭੇਜ ਆਦਮੀ ਤਿਸ ਨੂੰ ਪਕੜਿ ਮੰਗਾਏ।
ਦੇਵੇ ਸਜ਼ਾਇ ਮਾਰੇ ਕੁੱਟੇ ਟਕੇ ਲਏ।
ਜੇ ਕੋਈ ਉਸ ਦੇ ਸਾਕ ਆਹੇ ਛੱਡਿ ਘਰ ਦੂਰ ਨੱਸ ਗਏ।੨੪।

ਜੋ ਜੋ ਕੋਈ ਉਸ ਦੇ ਸੰਗੀ ਸਾਥੀ ਸਾਕ ਹਥਿ ਆਇ। ਸੋ ਪਾਇ ਰੱਸੇ ਅੰਗੀਂ ਲਟਕਾਏ।
ਘਰਿ ਉਸ ਦੇ ਪੁੱਟੇ ਢਾਹੇ ਸਾਰੇ ਸਭ ਜਗ ਜਾਣੇ।
ਤਬ ਬਹਾਦੁਰ ਸ਼ਾਹ ਭੇਜ ਆਦਮੀ ਏਹ ਬਚਨ ਵਖਾਣੇ।੨੫।

ਮੈਂ ਉਸ ਮਰਦ ਦਾ ਹਾਂ ਖਾਦਮੁ ਤੂੰ ਹੈਂ ਕਉਣ ?
ਬਖਸੁ ਉਨ ਕੀਤਾ ਹੈ ਤੈਨੂੰ, ਸੋ ਬੈਠਾ ਭੋਗ ਤੂੰ ਨਿਜ ਭਉਨ।
ਬੰਦੇ ਕਹਿਆ: "ਤਰਵਾਰ ਹੈ ਉਹੀ, ਮਿਆਨ ਅਉਰ ਹੈ ਚੜ੍ਹਿਆ।
ਉਸ ਕੀ ਆਗਿਆ ਪਾਇ ਮੈਂ ਹਾਂ ਲੜਿਆ"।੨੬।

ਤਬ ਬਹਾਦੁਰ ਸ਼ਾਹ ਭੇਜਿ ਆਦਮੀ ਕੀਤੀ ਲੜਾਈ। ਸੋ ਬੰਦੇ ਸਾਹਿਬ ਫਉਜ ਮਾਰਿ ਹਟਾਈ।
ਬੰਦਾ ਕਹੇ: "ਸੱਚ ਕੋ ਲਾਗੋ ਬੁਰਾ ਨ ਕਰੋ ਕੋਈ। ਜੋ ਕਰੇਗਾ ਬੁਰਾ ਤਿਸ ਮਾਰੇਗਾ ਸੋਈ" ।੨੭।

ਸੰਮਤੁ ਸਤਾਰਾਂ ਸੈ ਛਿਹਾਟਵੇਂ ਸਾਹਿਬ ਸਵਾਰਾ ਕਰ ਗਏ।
ਸਤਾਹਟਿਵੇਂ ਸੰਮਤੁ ਬੰਦਾ ਸਾਹਿਬ ਆਵਤ ਭਏ।
ਲੋਹਗੜ੍ਹ ਜਮਯਤਿ ਕਰਿ ਕੇ ਧਾਏ। ਗੁਰੂ ਕੇ ਦੁਸ਼ਮਨ ਜੋ ਮਾਰੇ ਗਏ ਰਹਿੰਦੇ ਪਕੜ ਕੁਹਾਏ ।੨੮।

ਸੰਮਤੁ ਸਤਾਰਾਂ ਸੈ ਉਨ੍ਹਤ੍ਰਵੇਂ ਸਢੋਰਾ, ਸੀਰੰਦ ਮਾਰੀ।
ਕਉਰ ਸਿੰਘ, ਬਾਜ਼ ਸਿੰਘ ਬਡੇ ਸਿਰਦਾਰ ਨਾਲ ਭਾਰੀ।
ਸਿੰਘਾਂ ਦੀਆਂ ਫਉਜਾਂ ਬਹੁਤੁ ਹੋਇ ਗਈਆਂ।
ਸੰਗਤਾਂ ਭੀ ਦੂਰ ਦੂਰ ਦੀਆਂ ਦਿਦਾਰ ਨੂੰ ਆਵਤ ਭਈਆਂ ।੨੯।

ਸਿੰਘਾਂ ਨੂੰ ਬੰਦਾ ਏਹ ਕਹੇ: "ਗਰੀਬ ਦੀ ਰੱਖਿਆ ਕਰੋ, ਗੱਭਰੂ ਨ ਕੋਈ ਰਹੋ।
ਪਾਪ ਤਜੋ, ਧਰਮ-ਚਾਲ ਰਾਜ ਕਰੋ।
ਵੈਰ ਗੁਰੂ ਕਾ ਲੀਜੈ, ਮਲੇਛ ਕੋ ਮਾਰਿ ਮਕਬਰੇ ਢਾਹਿ ਧਰੋ ।੩੦।

ਵਿਗਾੜੀ ਅਉਰੰਗੇ ਅਤੇ ਸੂਬੇ ਲਹੌਰ ਦੇ ਪੇਸ਼ ਸਭਨਾਂ ਦੇ ਆਈ।
ਕਰੇ ਇਕ ਕੋਈ ਅਤੇ ਪਾਏ ਬਹੁਤੁ ਲੋਕਾਈ।
ਅਸੂਲ ਕਰਮ ਹੈ ਸਾਂਝਾ ਸਰਬਤ ਦਾ। ਕਰਦਾ ਇਥੇ ਕੋਈ ਅਤੇ ਸਭਨਾਂ ਉਪਰ ਵਰਤਦਾ ।੩੧।

ਸਿਖ ਗੁਰੂ ਕਾ ਸੋਈ ਜੋ ਮਲੇਛ ਨਾਲਿ ਹੇਤ ਨ ਕਰੇ।
ਪੰਥ ਦਾ ਵਾਧਾ ਚਾਹੇ, ਧਰਮ ਚਾਲ ਚਲੇ ਪਾਪੋਂ ਫਿਰੇ।
ਸੱਚ ਕਮਾਵੈ ਵਾਧਾ ਪਾਵੈ। ਮਾਸ, ਮੱਛੀ ਨਹੀਂ ਖਾਵੈ।
ਮੈਨੂੰ ਉਸ ਪੁਰਖ ਦਾ ਹੈ ਬਚਨੁ ਤੁਧ ਧਰਮ ਨੂੰ ਲਾਵੈ ।੩੨।

ਰਾਜੁ ਪਾਇਕੇ ਸਭ ਆਪੋ ਅਪਨੇ ਟਿਕਾਣੇ ਬੈਠ ਗਏ।
ਬਹਾਦੁਰ ਸ਼ਾਹ ਏਡਾ ਪਿੱਛਾ ਬੰਦੇ ਦਾ ਨ ਕਏ।
ਜਾਣੇ: ਉਸ ਪੁਰਖ ਦੀ ਹੈ ਬਰਕਤਿ ਏਹੁ। ਮਤ ਮਾਰ ਉਡਾਂਦਾ ਹੋਵੈ ਖੇਹ ।੩੩।

ਤਬ ਏਹ ਪੰਥ ਗੁਰੂ ਕਾ ਬੇਸਿਰਾ[1] ਹੋਇ ਗਿਆ। ਰਾਜੁ ਪਾਇ ਜੁਲਮੀ ਕਰਤਾ ਭਇਆ।
ਬੰਦਾ ਸੀ ਨਿਰਲੇਪੀ ਕਹੇ ਸਾਹਿਬ ਦੇ ਪੰਡ ਸੀ ਚਾਈ।
ਏਹ ਹੋਏ ਬੇਸਰ ਲਗੇ ਕਰਨ ਬੁਰਾਈ ।੩੪।

ਉਹੁ ਪੁਕਾਰਿ ਪੁਕਾਰਿ ਕਹੇ: "ਸੱਚ ਨੂੰ ਲਗੋ, ਪਾਪ ਨਹੀਂ ਕਮਾਵਣਾ।
ਬੁਰਿਆਈਓਂ ਫਲੁ ਬੁਰਾ ਹੀ ਪਾਵਣਾ।"
ਇਕ ਸਿਰਦਾਰ ਸਿੱਖ ਕਰਿ ਭੇਜਿਆ ਸੀ ਫਉਜਦਾਰੁ। ਬਖਸ਼ੇ ਗਾਂਉ ਤੀਸੁ ਅਰੁ ਚਾਰੁ ।੩੫।

ਸੋ, ਤਿਸ ਕੈਸਾ ਹੈਸੀ ਨੀਚ ਕਰਮੁ ਕੀਤਾ। ਇਕ ਮਾਨਸ ਮਾਰਿ ਤਿਸ ਕਾ ਕਬੀਲਾ ਖੱਸ ਲੀਤਾ।
ਤਿਸ ਨਾਰੀ, ਪਤਿ ਕਾ ਸੀਸੁ ਲੈ ਰਖਿਆ ਛਿਪਾਇ। ਆਪ ਰਹੀ ਘਰਿ ਤਿਸੇ ਕੇ ਆਇ ।੩੬।

---

੧. ਸਿਰ ਪੈਰੋਂ ਬਿਨਾ, ਬੇਮਰਯਾਦਾ।

ਕੋਈ ਕਾਲ ਧਾਮ ਤਿਸ ਕੇ ਵਸਤ ਭਈ। ਜਬ ਦਾਉ ਲੱਗਾ, ਤਬ ਨਿਕਲ ਗਈ।
ਪਤਿ ਕਾ ਸੀਸੁ ਲੈਕਰਿ ਨੱਸਿ ਆਈ। ਹਜ਼ੂਰਿ ਬੰਦੇ ਸਾਹਿਬ ਕੇ ਪਹੁਤੀ ਜਾਈ।੩੭।

ਲਪੇਟਿ ਸੀਸੁ ਚੀਰ ਮੋ ਤਿਨ ਲੀਆ। ਬੰਦੇ ਸਾਹਿਬ ਕਾ ਆਇ ਦਰਸ਼ਨ ਕੀਆ।
ਨਿਕਾਰਿ ਸੀਸੁ ਤਿਨ ਅੱਗੇ ਧਰਿਆ। 'ਪਤਿ ਮੇਰਾ ਮਾਰਿਆ ਮੁਝ ਕੋ ਬਰਿਆ'।੩੮।

ਮੈਂ ਦਾਵਨਗੀਰ ਦਰਗਾਹ ਵਿਚਿ ਹੋਸਾਂ ਤੇਰੀ। ਕਰ ਮੇਰਾ ਨਿਆਉਂ ਸ਼ਰਨ ਲਈ ਮੈਂ ਤੇਰੀ।
ਭੇਜ ਆਦਮੀ ਸੋ ਪਕੜਿ ਮੰਗਾਇਆ। ਤਿਸ ਨਾਰੀ ਕੇ ਪਾਸ ਸੇ ਖੜਾ ਕਰਾਇਆ।੩੯।

ਜਬਾਬੁ ਸੁਆਲ ਦੋਹਾਂ ਦੇ ਕਰਵਾਏ। ਬਾਜ਼ ਸਿੰਘ, ਕੌਰ ਸਿੰਘ, ਭਗਵੰਤ ਸਿੰਘ ਸੱਦਿ ਪਾਸ ਬਹਾਏ।
ਜਬਾਬੁ ਸੁਆਲ ਵਿਚਿ ਸਿੱਖ ਝੂਠਾ ਪਾਇਆ।
'ਤੋਪ ਅੱਗੇ ਉਡਾਉ ਤਿਸ ਨੂੰ ਬੰਦੇ' ਫੁਰਮਾਇਆ।੪੦।

ਸਿਰਦਾਰ ਤਿਸ ਨੂੰ ਮਾਰਨ ਵਾਸਤੇ ਨਾਲਿ ਲੈ ਗਏ।
ਸੋ ਛਡਿਆ ਛਿਪਾਇ ਕਪੜੇ ਉਸ ਦੇ ਲਾਹਿ ਲਏ।
ਕਾਠ ਦਾ ਪੁਤਲਾ ਕਰਿ ਕੱਪੜੇ ਤਿਸ ਨੂੰ ਪੈਨ੍ਹਾਏ। ਤਿਸ ਨਾਰੀ ਕਉ ਦਿਖਾਇ ਦਿੱਤਾ ਉਡਾਇ।੪੧।

ਸੋ ਨਾਰੀ ਫਿਰ ਬੰਦੇ ਜੀ ਦੇ ਰੋ-ਬਰੋ[1] ਆਈ।
'ਮੈਂ ਨਿਆਉਂ ਨਹੀਂ ਪਾਇਆ ਉਹ ਰੱਖਿਆ ਹੈ ਛਿਪਾਈ'।
ਤਬ ਬੰਦੇ ਜੀ ਬਡੀ ਕਲਪਨਾ[2] ਕੀਤੀ। ਵਹੁ ਜੀਵਤ ਮੰਗਾਇਆ ਤੋਪ ਭਰ ਲੀਤੀ।੪੨।

ਦੀਆ ਉਡਾਇ ਮੁਖ ਤੇ ਇਉਂ ਕਹਿਆ : 'ਰਾਜੇ ਚੁਲੀ ਨਿਆਉ ਕੀ' ਗ੍ਰੰਥਿ ਲਿਖਿਆ ਲਹਿਆ।
ਨਿਆਉਂ ਨ ਕਰੇ ਤਾਂ ਨਰਕੇ ਜਾਏ। ਰਾਜਾ ਹੋਇਕੈ ਨਿਆਉਂ ਕਮਾਏ।੪੩।

ਪੁਰਖਿ ਬਚਨ ਮੁਝਕੋ ਐਸੇ ਹੈ ਕੀਤਾ। ਮਾਰ ਪਾਪੀ ਮੈਂ ਵੈਰ ਪੁਰਖੁ ਦਾ ਲੀਤਾ।
ਜੇ ਤੁਸੀਂ ਉਸ ਪੁਰਖੁ ਦੇ ਸਿੱਖ ਅਖਵਾਉ। ਤਾਂ ਪਾਪ, ਅਧਰਮ, ਅਨਿਆਉ ਨ ਕਮਾਉ।੪੪।

'ਸਿੱਖ ਉਬਾਰ ਅਸਿੱਖ ਸੰਘਰੋ।' ਪੁਰਖ ਦਾ ਕਹਿਆ ਹਿਰਦੇ ਧਰੋ।
ਦੇਖੋ ਅਸਿਖ, ਸੋ ਪਕੜ ਸੰਘਾਰੋ। ਭੇਖੀ, ਲੰਪਟ, ਪਾਪੀ ਚੁਨਿ ਮਾਰੋ।੪੫।

ਚਾਰ ਭਾਗ ਪੁਰਖ ਪੰਥ ਹੈ ਬਣਾਇਆ।
ਤ੍ਰੈ ਹਿਸੇ ਕੀਤੇ ਅਪਨੇ ਵਲਿ, ਚਉਥਾ ਹਿੱਸਾ ਧਰਮਰਾਇ ਵਲਿ ਹੈ ਲਾਇਆ।
ਜੋ ਸਿੱਖ ਹੋਇ ਸੋ ਗੁਰੂ ਵਲਿ ਆਏ। ਅਸਿੱਖ ਪਕੜਿਆ ਧਰਮਰਾਇ ਦੇ ਜਾਏ।੪੬।

ਮੈਂ ਪਾਇ ਗਾਲੋਂਗਾ ਤੁਮ ਕੋ ਕੁਠਾਲੀ। ਤੁਸਾਂ ਪਕੜੀ ਹੈ ਅਧਰਮ ਪਾਪ ਕੀ ਚਾਲੀ।
ਸਾਹਿਬ ਦੇ ਘਰਿ ਹੈ ਨਿਆਉਂ ਉਸ ਲੇਖਾ ਹੈ ਲੈਣਾ।
ਉਸ ਦਿੱਤਾ ਹੈਸੀ ਤੁਸਾਂ ਨੂੰ ਰਾਜੁ, ਮੈਂ ਪਾਇਆ ਹੈ ਪੁਰਖ ਦਾ ਕਹਿਣਾ।੪੭।

ਤੁਸਾਂ ਚੁੱਕੀ ਹੈ ਅਨੀਤ[3] ਸੋ ਸਾਈ ਨੂੰ ਨਹੀਂ ਭਾਵੈ। ਏਹ ਚਾਲੀ ਅਨੀਤ ਦੀ ਮੈਨੂੰ ਖੁਸ਼ੀ ਨਾ ਆਵੈ।
ਸੰਮਤੁ ਸਤਾਰਾਂ ਸੈ ਗਿਆ ਪੰਝਤ੍ਰ।
ਫਰੁਖ਼ਸਿਯਰ ਸੀ ਬੈਠਾ ਤਖਤੁ ਦਿਲੀ ਸਿਰਿ ਧਰਿ ਛਤ੍ਰ।੪੮।

---

੧. ਸਾਹਮਣੇ। ੨. ਤੜਫੜਾਹਟ, ਬੇਚੈਨੀ। ੩. ਬਦਨੀਤੀ, ਬੇਈਮਾਨੀ।

ਸ਼ੰਮਸ ਖਾਂ ਵਜੀਦ ਖਾਂ ਚੜ੍ਹਿ ਧਾਏ। ਪਈ ਲੜਾਈ ਸੋ ਬੰਦੇ ਮਾਰਿ ਖਪਾਏ।
ਹੋਰੁ ਫਉਜ ਫਰੁਖ਼ਸਿਯਰ ਨੇ ਬਹੁਤ ਪਠਾਈ। ਸੋ ਭੀ ਮਾਰੀ ਬਹੁਤੁ ਜੋ ਚੜ੍ਹਿ ਸੀ ਆਈ।੪੯।

ਲੜਦੇ ਭਿੜਦੇ ਸਿੰਘ, ਮਦ੍ਰ ਦੇਸ ਨੂੰ ਆਏ। ਆਇ ਗੁਰਦਾਸਪੁਰੇ ਵਿਚਿ ਡੇਰਾ ਪਾਏ।
ਸਮਦ ਖਾਂ[1] ਮੁਗ਼ਲ ਦਿੱਲੀ ਤੇ ਚੜ੍ਹਿ ਆਇਆ।
ਰਾਇ ਪੁਰ ਬਰਾਇਪੁਰ ਤਿਨ ਡੇਰਾ ਲਾਇਆ।੫੦।

ਲੋਕ ਗਿਰਦੇ ਦੇ ਪਹਾੜੀਏ ਬੁਲਾਏ। ਸਭਨਾਂ ਰਲਿ ਗੁਰਦਾਸਪੁਰ[2] ਨੂੰ ਘੇਰਾ ਪਾਏ।
ਰੋਜ਼ ਲੜਾਈ ਹੋਵੈ ਨਿੱਤ। ਬੰਦਾ ਨਹੀਂ ਨਿਕਲੇ ਮੱਲਿ ਬੈਠਾ ਵਿਚਿ।੫੧।

ਅੰਦਰ ਨ ਅਨਾਜੁ ਨ ਘਾਹੁ ਨ ਲੱਕੜੀ।
ਹੋਇ ਦਿਕ ਨਾਲੇ ਭੁੱਖੇ ਘੋੜੇ ਦਿਤੇ ਛੱਡ ਉਨ੍ਹਾਂ ਲਏ ਪਕੜੀ।
ਕੁਠਾਲੀ ਬਣੀ ਗੁਰਦਾਸ ਪੁਰਾ। ਬਚਨ ਬੰਦੇ ਸਾਹਿਬ ਦਾ ਆਇ ਫੁਰਾ।੫੨।

ਬਹੁਤੁ ਸਿੱਖ ਮਾਰੇ ਤੱਤੇ ਬਹੁਤੇ ਹੋਏ। ਪਾਪਾਂ ਦੇ ਫਲ ਆਇ ਲਗੇ ਅੰਤ ਰੋਏ।
ਬਚਨ ਗੁਰੂ ਕਾ ਜੋ ਕੋਈ ਸਤਿ ਕਰਿ ਜਾਣੈ। ਸੋਈ ਸੁਖ ਪਾਏ ਨ ਕਰੇ ਮਨ ਦੇ ਭਾਣੇ।੫੩।

'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥' ਗ੍ਰੰਥ ਸਾਹਿਬ ਵਿਚਿ ਛਡਿਆ ਹੈ ਲਿਖਾਇ।
ਬੰਦਾ ਅਪਨੇ ਜੇਹਾ ਰਿਹਾ ਸੀ ਪੁਕਾਰੁ ਪੁਕਾਰੁ: "ਗਾਲੋਂਗਾ ਕੁਠਾਲੀ ਨ ਕਰੋ ਵਿਕਾਰ"।੫੪।

ਰਾਜ ਪਾਇ ਜੋ ਕਰੇ ਬੁਰਿਆਈ। ਉਸ ਭਕੂਏ[3] ਅਪਣੀ ਅਕਲ ਗਵਾਈ।
ਸਾਂਈ ਵਿਸਾਰਿ ਕੀਤੇ ਮਨਭਾਣੇ। 'ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥'।੫੫।

ਬੰਦੇ ਸਾਹਿਬ ਭੀ ਅਪਣਾ ਆਪ ਪਕੜਾਇਆ। ਸੋ ਕਿਤ ਵਾਸਤੇ ? ਜੋ ਰਾਜਧਾਨੁ ਹੈਸੀ ਖਾਇਆ।
ਤਿਸ ਨੂੰ ਕਉਣ ਪਕੜ ਸਕੇ ਉਹੁ ਚਾਹੇ ਤਾਂ ਉਡ ਜਾਏ।
ਤਿਨ ਜਾਨਿ ਕੇ ਅਪਣਾ ਆਪ ਦਿੱਤਾ ਪਕੜਾਏ।੫੬।

ਬਹੁਤ ਸਿੱਖ ਪਕੜੇ ਦਿੱਲੀ ਲੈ ਗਏ। ਸਤਿ ਸੈ ਗਾਡਾਂ ਸਿਰਾਂ ਨਾਲਿ ਭਰ ਲੈ ਗਏ।
ਦਿੱਲੀ ਅਤੇ ਲਹੌਰ ਦੇ ਰਾਹ ਵਿਚਿ ਸਿੱਖਾਂ ਦੇ ਸਿਰਾਂ ਦੇ ਬਣੇ ਮੁਨਾਰੇ।
ਇਤਨੇ ਸਿੱਖ ਤੁਰਕਾਂ ਆਹੇ ਮਾਰੇ।੫੭।

ਜੋ ਪਕੜੇ ਗਏ ਦਿੱਲੀ ਸੋ ਕੈਦ ਪਾਏ।
ਪੰਜ ਸਿੱਖ ਰੋਜ਼ ਤੁਰਕ ਚਾਂਦਨਾ ਚੌਕ ਵਿਚਿ ਮਰਵਾਏ[4]।
ਸਿਦਕ ਸਾਬਤ ਜਿਨ੍ਹਾਂ ਰਖਿਆ ਅਤੇ ਸੀਸੁ ਗਵਾਏ।
ਸੋਈ ਸਿੱਖ ਹੁਣ ਰਾਜੁ ਪਾਇ ਰਾਜੇ ਬਣਿ ਆਏ।੫੮।

---

੧. ਅਬਦੁਲ ਸਮਦ ਖ਼ਾਂ ਸੂਬਾ ਲਾਹੌਰ। ੨. ਉਸ ਸਮੇਂ ਇਸ ਦਾ ਨਾਂ ਗੜ੍ਹੀ ਗੁਰਦਾਸ ਨੰਗਲ ਸੀ। ੩. ਭੈੜਾ, ਮੂਰਖ। ੪. ਬੰਦਾ ਬਹਾਦਰ ਦੀ ਗ੍ਰਿਫ਼ਤਾਰੀ ੭ ਦਸੰਬਰ ੧੭੧੫ ਨੂੰ ਹੋਈ। ੭੪੦ ਸਿੱਖ ਨਾਲ ਫੜੇ ਗਏ, ਜਿਨ੍ਹਾਂ ਨੂੰ ਦਿੱਲੀ ਲਿਜਾ ਕੇ ਸ਼ਹੀਦ ਕੀਤਾ ਗਿਆ। ਸੌ ਸਿੱਖ ਰੋਜ਼ਾਨਾ ਕਤਲ ਕੀਤਾ ਜਾਂਦਾ ਸੀ, ਪਰ ਕਿਸੇ ਆਪਣਾ ਧਰਮ ਨਹੀਂ ਤਿਆਗਿਆ। ਜੈਸਾ ਕਿ ਮਿ. ਜੌਹਨ ਸਰਮਨ (ਅੰਗ੍ਰੇਜ਼ੀ ਸਫ਼ੀਰ) ਨੇ ਦਿੱਲੀ ਤੋਂ ਭੇਜੀ ੧੦ ਮਾਰਚ ੧੭੧੬ ਈ: ਦੀ ਪਤ੍ਰਿਕਾ ਵਿਚ ਲਿਖਿਆ ਹੈ—'ਅੰਤ ਬੰਦਾ ਬਹਾਦਰ ਅਤੇ ਉਸ ਦੇ ਮੁਖੀ ਸਾਥੀਆਂ ਨੂੰ ੧੯ ਜੂਨ ੧੭੧੬ ਈ: ਨੂੰ ਅਨੇਕ ਭਾਂਤੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।'

ਅਤੇ ਬਹੁਤਿਆਂ ਦੇ ਤੁਰਕਾਂ ਧਰਮੁ ਗਵਾਏ। ਗੁਰੂ ਕਾ ਸਿੱਖ ਨ ਤੱਤੇ ਨਾਲ ਹੇਤ ਵਧਾਏ।
ਗੁਰੂ ਕਾ ਸਿੱਖ ਨ ਤੱਤੇ ਦਾ ਕਰਸੀ ਇਤਬਾਰੁ।
ਕਸਮ ਸੁਗੰਦ ਕਰਕੇ ਗੁਰਦਾਸ ਪੁਰਉਂ ਕੱਢੇ ਅਤੇ ਛੱਡੇ ਮਾਰ।੫੯।

ਬੰਦੇ ਨਾਲ ਜਬਾਬ ਸੁਆਲ ਫਰੁਖ਼ਸਿਯਰ ਹੈਸੀ ਕੀਤਾ।
ਤਿਨ ਪੁੱਛੀ ਕਰਾਮਾਤ, ਬੰਦੇ ਕਹਿਆ, "ਜੈਸਾ ਕੀਤਾ ਤੈਸਾ ਲੀਤਾ।"
ਜੈਸਾ ਤੂ ਕਰੇਂਗਾ ਤੈਸਾ ਤੂ ਭੀ ਪਾਵੈਂਗਾ ਸੋਈ।
ਬੰਦੇ ਸਾਹਿਬ ਸੀਸੁ ਦਿੱਤਾ ਧਰਮ ਰਖਿ ਲੀਤੋਈ।੬੦।

ਲਾਖ ਸਿੱਖ, ਤੁਰਕਾਂ ਹੈਨ ਮਾਰੇ। ਸਿੱਖਾਂ ਗੁਰੂ ਕਿਆਂ ਸਿਰ ਦਿਤੇ ਪਰੁ ਸਿਦਕ ਨ ਹਾਰੇ।
ਪਾਪ ਕਰਨ ਦਾ ਸਿੱਖਾਂ ਭੀ ਨਾਲਿ ਬੰਦੇ ਦੇ ਫਲੁ ਪਾਇਆ।
ਅਤੇ ਪਾਪ ਹਤਿਆ ਦਾ ਤੁਰਕਾਂ ਨੂੰ ਭੀ ਫਲੁ ਲਗਾ ਰਾਜੁ ਨਾਸ ਵਾਹਗੁਰੂ ਕਰਾਇਆ।੬੧।

ਤੁਰਕਾਂ ਭੀ ਅਪਨਾ ਮੂਲੁ ਮਾਰਿਆ।
ਸਿੱਖਾਂ ਫੇਰ ਪਾਇਆ ਰਾਜੁ, ਜਿਨ੍ਹਾਂ ਸਿਦਕੇ ਧਰਮੁ ਨ ਹਾਰਿਆ।
ਜੈਸਾ ਕੋਈ ਕਰੈ ਤੈਸਾ ਹੀ ਪਾਏ। ਪਾਪੁ ਪੁੰਨ ਦਾ ਫਲੁ ਨਹੀਂ ਜਾਂਦਾ ਕੋਈ ਕਮਾਏ।੬੨।

ਗੁਰੂ ਕਾ ਸਿੱਖ ਨ ਕਰਸੀ ਤੱਤੇ ਨਾਲਿ ਯਾਰੀ।
ਸੋਈ ਕਰਸੀ ਜਿਸ ਦੀ ਮਤਿ ਸਤਿਗੁਰੂ ਹੈ ਮਾਰੀ।
ਬੰਦੇ ਜੀ ਸੀਸੁ ਦਿੱਲੀ ਵਿਚਿ ਲਾਇਆ।
ਉਥੇ ਦਿਤਾ ਸੀਸੁ ਉਹਾ ਜੇਹੀ ਦੇਹੀ ਫੇਰ ਧਰਿ ਕੁੱਲੂ ਦੇ ਰਾਜ ਵਿਚਿ ਫੇਰ ਆਇਆ।੬੩।

ਬਾਈ ਬਰਸ ਸੁਕੇਤ ਮੰਡੀ ਵਿਚਿ ਰਹਿਆ। ਉਹੁ ਹੈਸੀ ਚਿਰੰਜੀਤ ਕੋਈ ਮਰੁ ਨਹੀਂ ਗਿਆ।
ਸਾਢੇ ਨਉਂ ਬਰਸ ਬੰਦੇ ਰਾਜੁ ਕਮਾਇਆ।੬੪।

ਹੁਣ ਕਿਧਰੇ ਉਹੁ ਚਿਰੰਜੀਤ ਹੈ ਰਹਿਆ। ਜੇਹਾ ਚਾਹੇ ਤੇਹਾ ਕਲੇਵਰ ਪਹਿਰ ਹੈ ਲਹਿਆ।
ਬੰਦੇ ਸਾਹਿਬ ਦੀ ਹਕੀਕਤਿ ਜਿਤਨੀ ਕੁਛ ਸੁਨ ਪਾਈ।
ਸਿੰਘ ਕੇਸਰ 'ਛਿੱਬਰ' ਨਾਤੀ ਧਰਮ ਚੰਦੇ ਦੇ ਆਖ ਸੁਨਾਈ।੬੫।

ਫਰੁਖ਼ਸਿਯਰ ਸੱਯਦਾਂ, ਕੁਮਉਤੇ ਮਾਰਿਆ। ਜਿਨ ਬੰਦੇ ਜੀ ਦਾ ਕਲੇਵਰੁ ਆਹਾ ਟਾਰਿਆ।
ਕੀਤੇ ਦਾ ਫਲੁ ਸਭ ਕੋਈ ਪਾਏ। ਭਲੇ ਬੁਰੇ ਜੇਹੇ ਕਰਮੁ ਕਮਾਏ।੬੬।

ਬੰਦੇ ਸਾਹਿਬ ਦਾ ਚਰਨ ਪੂਰਾ ਕੀਤਾ। ਅਗੇ ਜੀਤ ਸਿੰਘ ਦੀ ਸੁਣੋ ਹਕੀਕਤਿ ਕਰਿ ਪ੍ਰੀਤਾ।
ਯਾਰਾਂ ਚਰਨ ਸੰਪੂਰਨ ਭਏ। ਸਤਾਹਟ ਅੰਗ ਪਉੜੀਆਂ ਗਿਣ ਲਏ।੬੭।

—o—

# (੧੨) ਬਾਰ੍ਹਵਾਂ ਚਰਣ—ਮੁਤਬੰਨਾ ਜੀਤ ਸਿੰਘ

**ਚਉਪਈ**—ਬਹੁਤ ਸਿੱਖ਼ ਬੰਦੇ ਨੂੰ ਯਾਰ੍ਹਵੀਂ ਪਾਤਿਸਾਹੀ ਹੈਸਨ ਕਹਿੰਦੇ।
ਸੋ ਬੰਦਾ ਪਾਤਸ਼ਾਹੀਆਂ ਵਿਚਿ ਨਾਹੀ, ਚਿਰੰਜੀਤਾਂ ਵਿਚਿ ਬੰਦਾ ਜੀ ਰਹਿੰਦੇ।੧।

ਪੁਰਖ ਦੇ ਕਹੇ ਸੋ ਕਾਰਜ ਹੈ ਕੀਤਾ। ਮਾਰੇ ਦੁਸ਼ਟ ਅਤੇ ਵੈਰ ਲੀਤਾ।
ਸੁਣੋ ਹਕੀਕਤ 'ਜੀਤ ਸਿੰਘ' ਦੀ ਚਿਤ ਲਾਈ।
ਜਿਸ ਨੂੰ ਮਾਤਾ ਸੁੰਦਰੀ ਬੇਟਾ ਕਰਕੇ[੧] ਨਾਲਿ ਲੈ ਆਈ।੨।

ਸੰਮਤੁ ਸਤਾਰਾਂ ਸੈ ਚਉਹਟ ਜਬ ਗਏ।
ਤਬ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੋਈ ਦਿੱਲੀ ਆਵਤ ਭਏ।
ਜੀਤ ਸਿੰਘ ਸਿਖ ਜੋ ਸਾਹਿਬ ਨਾਲਿ ਹੈਸੀ ਕਰ ਦਿੱਤਾ।
ਸੋਈ ਮਾਤਾ ਸੁੰਦਰੀ ਬੇਟਾ ਕਰਿ ਸੰਗ ਲੈ ਲਿਤਾ।੩।

ਦਿਲੀ ਆਇ ਸੰਗਤਿ ਉਸ ਦੀ ਪੈਰੀਂ ਪਵਾਈ। ਉਸ ਨੂੰ 'ਸਾਹਿਬਜ਼ਾਦਾ' ਕਰਿ ਠਹਿਰਾਈ।੪।

ਸੋ ਸਿਖ ਖਤ੍ਰੀ ਆਹਾ ਪਰ ਜਰ ਨ ਸਕਿਆ।
ਮਾਤਾ ਨਾਲਿ ਲਗਾ ਲੜਨੇ; ਕਹੇ: "ਮੈਨੂੰ ਖਰਚੁ ਦੇਹ ਮੈਂ ਮਾਂਦਾ ਹਾਂ ਅੱਕਿਆ।"
ਮਾਤਾ ਕਹੇ: 'ਮੈਂ ਤੈਨੂੰ ਜੀਤ ਸਿੰਘ ਬੇਟਾ ਕਰਿ ਹੈ ਆਂਦਾ।
ਤੂੰ ਬਨਿਓਂ ਜੀਤ ਮੱਲ ਜੋ ਲੜਨੇ ਲਗੋ ਹੋਇਕੈ ਵਾਂਦਾ[੨]।੫।

ਸੰਗਤਿ ਸਭੋ ਤੇਰੀ ਚਰਨੀਂ ਹੈ ਲਾਈ। ਸੋਢੀ ਜਾਤਿ ਤੈਨੂੰ ਹੈ ਦਿਵਾਈ।
ਮਾਮਾ ਕ੍ਰਿਪਾਲ ਸਿੰਘ ਜੀ ਭੀ ਪਾਸ ਆਹੇ। ਤਿਨ੍ਹਾਂ ਭੀ ਦਿਤੀ ਏਹੁ ਸਲਾਹੇ।੬।

ਤੁਸੀਂ ਬਣੋ ਜੀਤ ਸਿੰਘ ਜੀ ਵੱਡੇ, ਮਾਤਾ ਪਿਤਾ ਦੇ ਸਨਮੁਖ ਜਬਾਬੁ ਨ ਕਰੀਏ।
ਹਥਿ ਜੋੜੀਏ ਤੇ ਅਦਬੁ ਕਰੀਏ ਡਰੀਏ।੭।

---

੧. ਇਹ ਜੀਤ ਸਿੰਘ ਮਾਤਾ ਸੁੰਦਰੀ ਜੀ ਨੇ ਮੁਤਬੰਨਾ ਬਣਾ ਕੇ ਬੁਰਹਾਨਪੁਰ ਰੱਖਿਆ ਸੀ ਤੇ ਆਪਣੀ ਨੂੰਹ ਤਾਰਾਬਾਈ ਦੇ ਸਿਰ ਧਰ ਦਿੱਤਾ ਸੀ, ਪਰ ਇਹ ਬੇਸਮਝ ਤੇ ਬੇਅਦਬ ਨਿਕਲਿਆ। ਦਿੱਲੀ ਤੁਰਕਾਂ ਨਾਲ ਖਾਹਮਖਾਹ ਝਗੜਾ ਪਾ ਬੈਠਾ। ਕਿਸੇ ਬੁੱਢੇ ਫ਼ਕੀਰ ਨੂੰ ਆਪਣੇ ਚੇਲਿਆਂ ਪਾਸੋਂ ਮਾਰ-ਕੁਟਾ ਦਿੱਤਾ ਤੇ ਉਹ ਮਰ ਗਿਆ। ਅੰਤ ਜੀਤ ਸਿੰਘ ਨੂੰ ਵੀ ਸ਼ਾਹੀ ਹੁਕਮ ਨਾਲ ਮਾਘ ਸੁਦੀ ਪੰਚਮੀ ੧੭੮੦ ਬਿ: ਨੂੰ ਸ਼ਹੀਦ ਕਰ ਦਿੱਤਾ ਗਿਆ। ਕਹਿੰਦੇ ਹਨ ਕਿ ੬੦ ਹੋਰ ਸਿੰਘ ਵੀ ਇਸੇ ਝਗੜੇ ਵਿਚ ਫੜ ਕੇ ਸ਼ਹੀਦ ਕੀਤੇ ਗਏ ਸਨ। ਬਾਬਾ ਅਜੀਤ ਸਿੰਘ ਦਾ ਸਪੁੱਤਰ ਹਠੀ ਸਿੰਘ ਵੀ ਇਥੇ ਮਾਤਾ ਸਾਹਿਬਾਨ ਪਾਸ ਦਿੱਲੀ ਹੀ ਰਹਿੰਦਾ ਸੀ। ਫਿਰ ਉਹ ਬੁਰਹਾਨਪੁਰ ਚਲਿਆ ਗਿਆ ਤੇ ਉਥੇ ਹੀ ਉਸ ਦਾ ਫੱਗਣ ਸੁਦੀ ਦਸਮੀ, ੧੮੩੯ ਬਿ: ਨੂੰ ਦੇਹਾਂਤ ਹੋਇਆ। ਬੁਰਹਾਨਪੁਰ ਮਾਤਾ ਤਾਰਾਬਾਈ ਤੇ ਹਠੀ ਸਿੰਘ ਦੀ ਸਮਾਧ ਬਣੀ ਹੋਈ ਹੈ। ੨. ਅਵਾਰਾ।

ਤੁਸਾਡੇ ਉਪਰ ਸਤਿਗੁਰਾਂ ਦੀ ਕ੍ਰਿਪਾ ਹੈ ਹੋਈ। ਤੁਸਾਡੀ ਰੀਸ ਨ ਕਰ ਸਕਦਾ ਕੋਈ।
ਤੁਸੀਂ ਹੋ ਮਾਤ-ਪਿਤਾ ਦੇ ਵਡੀਰੇ ਵਡੇ।
ਮਾਤ-ਪਿਤਾ ਹੈ ਗੁਰਦੇਵ ਕਰਨਾ ਅਦਬੁ ਰਖੇ ਭਾਵੈ ਕਢਿ ਛਡੇ।੮।

ਕਿਸੇ ਸਿਖ ਕਹਿਆ 'ਅਉਰੰਗੇ' ਭੀ ਪਿਤਾ ਨੂੰ ਹੈਸੀ ਮਾਰਿਆ।
ਮਾਮੇ ਕ੍ਰਿਪਾਲ ਸਿੰਘ ਜੀ ਬਚਨ ਉਚਾਰਿਆ, "ਉਸ ਨੂੰ ਗੁਰੂ ਹਰਿਗੋਬਿੰਦ ਜੀ ਸ੍ਰਾਪ ਹੈਸੀ ਡਾਰਿਆ।"
ਕਿਸੇ ਸਿੱਖ ਕਹਿਆ: "ਜੀ ਮੁਹੰਮਦ ਭੀ ਪੀਉ ਨਾਲਿ ਹੈਸੀ ਲੜਦਾ।"
ਕਹਿਆ: "ਸਿੱਖਾ! ਉਹ ਭੀ ਬੁਰਾ ਹੈ ਸੀ ਕਰਦਾ"।੯।

ਪਰ ਉਸ ਨੂੰ ਸਰਾਪ ਦੇਵਤਿਆਂ ਹੈਸੀ ਦਿੱਤਾ। ਉਹੁ ਦੇਵਤਿਆਂ ਦੇ ਸਰਾਪੁ ਕਰਿ ਲੜੇ ਸੰਗਿ ਪਿਤਾ।
ਸਿਖ ਕਹਿਆ: "ਜੀ ਕਿਸ ਜੁਗਤਿ ਕਰਿ ਦੇਵਤਿਆਂ ਦਿੱਤਾ ਹੈਸੀ ਸਰਾਪੁ ?
ਜੋ ਉਸ ਜੁੱਧ ਕੀਤਾ ਸੰਗ ਬਾਪੁ ?"।੧੦।

ਤਬ ਮਾਮੇ ਜੀ ਸਾਰੀ ਹਕੀਕਤਿ ਆਖਿ ਸੁਨਾਈ।
ਜੈਸੀ ਵਿਚਿ ਦਰਬਾਰ ਦੇ ਨੰਦ ਲਾਲ ਹੈਸੀ ਗਾਈ।
ਬਹਾਦੁਰ ਸ਼ਾਹ ਨੂੰ ਭੀ ਭਾਈ ਨੰਦ ਲਾਲ ਹੈਸੀ ਆਖਿ ਸੁਣਾਈ।
ਬਹਾਦੁਰ 'ਮੁਲਾਂ ਗੋਯਾ' ਨਾਮ ਤਦੋਂ ਹੀ ਭਾਈ ਨੰਦ ਲਾਲ ਕਹਿਆ ਫੁਰਮਾਈ।੧੧।

ਸੋਈ ਹਕੀਕਤ ਮਾਮੇ ਕ੍ਰਿਪਾਲ ਸਿੰਘ ਸਿੱਖਾਂ ਨੂੰ ਫੇਰ ਦਿੱਤੀ ਸੁਨਾਈ।
ਰਾਜਾ ਸੀ ਅੰਮ੍ਰਿਤਪਾਲ ਰਾਜੇ ਮਿਤ੍ਰ ਸੈਣ ਦਾ ਪੂਤ ਕਹਾਈ।
ਵਿਚਿ ਮਦੀਨੇ ਸੋ ਰਾਜੁ ਹੈਸੀ ਕਮਾਂਦਾ। ਸੋ ਕਾਰਨ ਪੂਤ ਦੇ ਫਿਰ ਜਤਨ ਕਰਾਂਦਾ।੧੨।

ਸੱਦਿ ਬ੍ਰਹਮਨ ਤਿਨ ਐਸੇ ਕਹਿਆ!
"ਕਾਈ ਜੁਗਤਿ ਦਸੋ ਜੋ ਹੋਵੈ ਪੁਤ ਨਾਉਂ ਮੇਰਾ ਭੀ ਜਗ ਮੋ ਰਹਿਆ।"
ਦਿਜਾਂ ਕਹਿਆ: "ਮਹਾਰਾਜ! ਜੱਗ ਕਰਾਈਐ।
ਅਤੇ ਜੱਗ ਵਿਚ ਕਉਲ ਰਿਖਿ ਨੂੰ ਭੀ ਬੁਲਾਈਐ"।੧੩।

ਕਉਲ ਰਿਖਿ ਜੋ ਬਚਨੁ ਕਰਿ ਜਾਸੀ। ਤਾਂ ਤੇ ਬਾਲਕ ਉਪਜੇਗਾ ਸੁਖ ਰਾਸੀ।
ਦੋ ਰਾਣੀਆਂ ਘਰਿ ਰਾਜੇ ਦੇ ਅਗੇ ਹੈਸਨਿ।
ਕਾਰਨ ਪੁੱਤ੍ਰ ਦੋਵੇਂ ਪਈਆਂ ਆਪਸ ਵਿਚ ਖਹਿਸਨ।੧੪।

ਤਿਨ ਰਾਜੇ ਜਗੁ ਦਾ ਉਦਮੁ ਕਰਾਇਆ। ਤੀਰਥੀਂ ਭੇਜੇ ਆਦਮੀ ਜਲ-ਮ੍ਰਿਤਕਾ[1] ਮੰਗਾਇਆ।
ਇਸ ਉਦਮੁ ਜੱਗ ਦੇ ਰਾਜਾ ਰਹੇ।
ਅਤੇ ਪਰੇ ਹੋਰ ਸੀ ਕੋਈ ਨਿੱਕਾ ਰਾਜਾ ਨਾਉਂ ਚੰਦ੍ਰਸੈਨ ਜਗ ਕਹੇ।੧੫।

ਤਿਸ ਦੇ ਧਾਮ ਸੀ ਕੰਨਿਆ ਨਾਉਂ ਪੁੰਨੀ ਨਉਂ ਸਾਲ ਦੀ ਹੋਈ।
ਸੋ ਤਿਸ ਦੀ ਕੁੜਮਾਈ ਵਾਸਤੇ ਰਾਜੇ ਸੱਦਿਆ ਪਰੋਹਿਤ ਅਪਣਾ ਸੋਈ।
ਤਿਸ ਕੰਨਿਆ ਸੁਣਿ ਕੇ ਮਾਤ ਪਿਤਾ ਨੂੰ ਸਮਝਾਇਆ।
ਮੈਂ ਪੁਰਖੁ ਨਹੀਂ ਸਪਰਸ਼ ਕਰਨਾ ਮੈਂ ਜਾਮਾ ਸਤ ਦਾ ਹੈ ਪਾਇਆ।੧੬।

---
੧. ਤੀਰਥਾਂ ਦਾ ਪਾਣੀ ਅਤੇ ਮਿੱਟੀ।

ਸੁਣ ਕੇ ਸਭ ਭਏ ਹੈਰਾਨ। ਏਹੁ ਕੰਨਿਆ ਕਿਆ ਕੀਆ ਬਖਾਨੁ।
ਤਿਨ ਕੰਨਿਆ ਕਹਿਆ ਨਹੀਂ ਮੰਨਦੇ ਤਾ ਲੇਹੁ ਅਜ਼ਮਾਇ।
ਕੜਾਹਾ ਤੇਲ ਦਾ ਤਿਨ੍ਹਾਂ ਦਿਤਾ ਚੜ੍ਹਾਇ।
ਜਦਿ ਤੇਲ ਜਲੁ ਬਲੁ ਹੋਇਆ ਲਾਲੁ।
ਭਰਿ ਭਰਿ ਕਟੋਰੇ ਪਿੰਡੇ ਪਾਏ। ਜਿਉਂ ਕੋਈ ਸੰਗ ਪਾਣੀ ਦੇ ਨ੍ਹਾਏ।੧੭।

ਤਿਸ ਦੇ ਪਿੰਡੇ ਨੂੰ ਸੇਕ ਰਤੀ ਨ ਲਗਾ। ਦੇਖ ਸੁਣ ਕੇ ਹੈਰਾਨ ਭਇਆ ਸਭ ਜਗਾ।
ਤਿਨ ਸਤ ਅਪਨਾ ਦਿਤਾ ਦਿਖਾਇ। ਮਾਤ ਪਿਤਾ ਦੇਖ ਰਹੇ ਚੁਪ ਕਰਾਇ।੧੮।

ਉਹੁ ਗੱਲੁ ਪ੍ਰਗਟ ਸਾਰੇ ਜਗੁ ਹੋਇ ਗਈ। ਜੋ ਅਮਕੇ ਰਾਜੇ ਕੇ ਘਰਿ ਐਸੀ ਕੰਨਿਆ ਭਈ।
ਉਹੁ ਗੱਲ ਚਲੀ ਚਲੀ ਆਈ ਕਾਬਲ, ਪਿਸ਼ੌਰੋਂ, ਜਲਾਲਾਬਾਦ ਭੀ ਆਈ।
ਉਥੇ ਜਲਾਲਾਬਾਦ ਗੱਦੀ ਰਤਨ ਨਾਥ ਜੋਗੀ ਦੀ ਕਹਾਈ।੧੯।

ਸੋ ਉਥੇ ਗੱਦੀ ਤੇ ਕੋਈ ਜੋਗੀ ਮਹੰਤੁ ਬੈਠਾ ਸੀ ਹੋਰੁ। ਇਸ ਗੱਲ ਦਾ ਤਿਸ ਭੀ ਸੁਣਿਆ ਸ਼ੋਰ।
ਸਾਲ ਦੁਇ ਚਾਰ ਬੀਤ ਗਏ।
ਹੋਇਆ ਮਜ਼ਕੂਰ[1] ਇਸ ਗੱਲ ਦਾ ਏਹ ਵਾਕ ਜੋਗੀ ਸੁਣ ਲਏ।੨੦।

ਜੋਗੀ ਕਹਿਆ, ਐਸਾ ਸਤ ਉਸ ਨੇ ਕਹਾਂ ਸੇ ਲੀਆ। ਸਤ ਉਸ ਦਾ ਜੋਗੀ ਨੇ ਗਵਾਵਣਾ ਕੀਆ।
ਜੋ ਕਿਸੀ ਵਜ੍ਹਾ ਉਸ ਕਾ ਸਤੁ ਗਵਾਈਐ। ਆਪ ਚਲੁ ਕਰਿ ਉਸ ਕਉ ਦੇਖਣ ਜਾਈਐ।੨੧।

ਜੋਗੀ ਇਉਂ ਚਲਿਆ ਤਹਾਂ ਗਇਆ।
ਤਹਾਂ ਜਾਇ ਰੂਪ ਬਿੱਲੇ ਦਾ ਵਿਚ ਮਦੀਨੇ ਧਰਿ ਲਿਆ।
ਉਥੇ ਮਰਦ ਨ ਕੋਈ ਅੰਦਰਿ ਵੜਿਆ ਜਾਏ। ਜੋਗੀ ਬਣ ਬਿੱਲਾ ਅੰਦਰਿ ਵੜਿਆ ਜਾਏ।੨੨।

ਸੋ ਕੰਨਿਆ ਬੈਠੀ ਪੀੜ੍ਹੇ ਉਪਰ ਅਪਣੇ ਧਾਮ।
ਇਹ ਬਣਿਆ ਮਹਾਂ ਸੁੰਦਰ ਬਿੱਲਾ ਇਸ ਕੀਤਾ ਇਹ ਕਾਮੁ।
ਅਗੇ ਪਿੱਛੇ ਉਸ ਦੇ ਬਿੱਲਾ ਭਉਂਦਾ ਫਿਰੇ। ਉਹੁ ਭੀ ਦੇਖੇ ਹੱਥ ਨ ਲਾਏ ਏਹ ਕੀ ਕਰੇ।੨੩।

ਲਗਾ ਪੀੜ੍ਹੇ ਨਾਲ ਖਿਸਰ ਖਿਸਰ ਕੇ ਟੁਰਨ।
ਨਾਲੇ ਪੂਛਲ ਉਸ ਨੂੰ ਲਾਏ ਹਿਲਾਏ ਲਗੇ ਘੂਰਨ।
ਜਦ ਬਹੁਤੁ ਖਿਸਰਿਆ ਤਾਂ ਉਸ ਨੇ ਹਥਿ ਨਾਲਿ ਧੱਕਿਆ ਧੱਕ ਕੇ ਪਰੇ ਕੀਤਾ।
ਦੁਇ ਚਾਰਿ ਵੇਰੀ ਧੱਕ ਧੱਕ ਰਹੀ ਤਾਂ ਉਸ ਨੇ ਚੁੱਕ ਲੀਤਾ।੨੪।

ਐਸਾ ਸੁੰਦਰ ਏਹੋ ਬਣਿਆ ਮੋਹਣ ਗਿਆ। ਉਨ ਪਕੜ ਮੂੰਹੁ ਚੁੰਮ ਛਾਤੀ ਨਾਲ ਲਾਇ ਲਇਆ।
ਕੰਨਿਆ ਦਾ ਸਤੁ ਜੋ ਆਹਾ ਸੋ ਜਾਂਦਾ ਰਹਿਆ।
'ਅਲਹ-ਉਲ-ਬਿਲਾ' ਤੁਰਕਾਂ ਨਾਉ ਧਰਿ ਲਿਆ[2]।੨੬।

ਤਿਨ ਕੰਨਿਆ ਮਾਤ ਪਿਤਾ ਨੂੰ ਸਮਝਾਇਆ : "ਮੇਰਾ ਕਰੋ ਬਿਆਹੁ ਸਮਾ ਹੋਰੁ ਹੈ ਆਇਆ।"
ਸੰਮਤੁ ਪੰਜ ਸੈ ਸਤਾਨਵੇ ਬੀਤ ਗਇਆ। ਸਤ ਇਸ ਦਾ ਜੋਗੀ ਖੱਸ ਲਇਆ।੨੭।

---

੧. ਜ਼ਿਕਰ, ਚਰਚਾ। ੨. ਇਹ ਤੁਰਕਾਂ ਤੋਂ ਦੁਖੀ ਹੋਏ ਮਨਾਂ ਦੀ ਘੜੀ ਕਹਾਣੀ ਹੈ।

ਐਸਾ ਬੁਰਾ ਕੰਮੁ ਜੋਗੀ ਕਰਿ ਆਇਆ। ਸਤਿਵੰਤੀ ਦਾ ਸਤੁ ਜੋਗੀ ਗਵਾਇਆ।
ਜੋਗੀ ਖੋਟਾ ਬਖੀਲੀ ਇਤਿ ਬਿਧ ਕਹਿਆ।
ਸੋ ਤਿਸ ਕੰਨਿਆ ਦਾ ਬਿਆਹੁ ਰਾਜੇ ਅੰਮ੍ਰਿਤਪਾਲ ਨਾਲਿ ਭਇਆ।੨੮।

ਅਗੇ ਤਿਸ ਦੇ ਦੁਇ ਰਾਣੀਆਂ ਤੀਜੀ ਆਈ ਏਹੁ।
ਜੱਗ ਦਾ ਅਗੇ ਆਹਾ ਉਦਮ ਇਸ ਦਾ ਰਾਜੇ ਦਾ ਭਇਆ ਸਨੇਹੁ।
ਜੱਗ ਦਾ ਮਸਾਲਾ ਇੱਕਠਾ ਕਰਦੇ ਗਰਭ ਇਸ ਨੂੰ ਹੋਇ ਆਇਆ ਅਠ ਮਾਸ।
ਤਰਕਾਰੀਆਂ ਬਣਨ ਲੱਗੀਆਂ ਖੁਸ਼ਬੋਈ ਦੀ ਖੁੱਲ੍ਹੀ ਬਾਸ।੨੯।

ਉਹ ਬਾਸਨਾ ਇਸ ਨਾਰੀ ਤੀਸਰੀ ਨੂੰ ਆਈ।
ਇਹ ਗਰਭ ਭਰੀ ਇਸ ਨੇ 'ਗੰਧਮਤੀ' ਨਾਮ ਸੱਸ ਨੂੰ ਕਹਿਆ ਜਾਈ।
ਮੈਨੂੰ ਇਨ੍ਹਾਂ ਤਰਕਾਰੀਆਂ ਵਿਚੋਂ ਕੁਛ ਖਵਾਇ।
ਤਿਸ ਕਹਿਆ: "ਵਹੁਟੀਏ ਜਗ ਨ ਝੂਠਾ ਕੀਤਾ ਜਾਇ"।੩੦।

ਤਿਨ ਕਹਿਆ: "ਤੁਸੀਂ ਜਾਣੋ, ਇਹ ਜੀਉ ਜੋ ਕੋਈ ਹੈ ਆਇਆ, ਸੋ ਰਹਿਸੀ ਜਾਂਦਾ।"
ਬਹੂ ਗੰਧਮਤੀ ਸਮਝਿਆ, "ਮੇਰਾ ਪੁੱਤ੍ਰ ਇਸੇ ਵਾਸਤੇ ਹੈ ਕਰਾਂਦਾ।"
ਅਤੇ ਜੱਗ ਜੂਠਾ ਭੀ ਨਹੀਂ ਕਰਨਾ। ਅਤੇ ਵਹੁਟੀ ਦਾ ਜੀਉ ਅਰੋਏ ਸੋ ਭੀ ਧਰਨਾ।੩੧।

ਤਿਸ ਨੇ ਇਕ ਬੁਧਿ ਨਾਲਿ ਕੀਤਾ ਬੀਚਾਰੁ। ਵਹੁਟੀਏ! ਇਸਨਾਨ ਕਰ ਕੇ ਕਪੜੇ ਨਵੇਂ ਧਾਰੁ।
ਹਥਿ ਲੈ ਦਰਬੀ ਤਰਕਾਰੀਆਂ ਬਣੌਂਦੀ ਫਿਰੁ। ਆਵੈਗੀ ਬਾਸਨਾ ਦਿਲ ਹੋਇ ਰਹਿਸੀ ਥਿਰੁ।
ਸੋ ਲੈ ਕੜਛੀ ਤਰਕਾਰੀਆਂ ਤਿਸ ਬਣਾਈਆਂ। ਲਈ ਸਭ ਦੀ ਬਾਸਨਾ ਖੁਸ਼ਬੋਈ ਆਈਆਂ।
ਭੋਜਨੁ ਹੋਆ ਤਿਆਰ ਸਭ ਦਿਜ ਬੁਲਾਏ। ਆਪ ਗਿਆ ਰਾਜਾ ਕਉਲ ਰਿਖੀ ਜੀ ਭੀ ਆਏ।੩੨।

ਜਲੁ ਲੈ ਕੇ ਰਾਜੇ ਚਰਨ ਦਿਜਾਂ ਕੇ ਧੋਤੇ। ਸਭ ਬਹਾਲੇ ਵਿਚ ਚਉਂਕੇ ਆਪ ਹਥ ਜੋੜ ਖਲੋਤੇ।
ਕਉਲ ਰਿਖੀ ਜੀ ਅਹੂਤੀਆਂ ਕਰਨ ਲਗੇ।
ਕਰ ਪ੍ਰਚੰਡ ਬੇਟਾ ਸੰਡਾਲ ਦਾ ਬਸੰਤ੍ਰ ਰਿਖਿ ਜੀ ਹੋਇ ਬੈਠੇ ਅਗੇ।੩੩।

ਹਥਿ ਲੈ ਕਰਿ ਭੋਜਨ ਕਉਲ ਰਿਖਿ ਜੀ ਭਏ ਹੈਰਾਨ। ਬਾਸਨਾ ਹੈ ਜੂਠੀ ਬੈਸੰਤ੍ਰ ਕੀ ਪਾਨ।
ਰਿਖਿ ਜੀ ਕਹਿਆ, "ਰਾਜ ਜੀ ਜੱਗੁ ਹੈ ਜੂਠਾ, ਬੈਸੰਤ੍ਰ ਕੀ ਪਾਈਐ।"
ਰਾਜੇ ਕਹਿਆ, "ਜੀ ਕਿਸ ਨੇ ਕੀਆ ਈਹਾਂ ਕੋਇ ਨ ਆਈਐ"।੩੪।

ਰਿਖਿ ਜੀ ਨੇ ਕਹਿਆ, "ਜਾਇ ਧਾਮ ਖਬਰ ਲੈ। ਏਹੁ ਕਿਸੇ ਕਿਆ ਮੂਰਖ ਕੀਤਾ ਹੈ।"
ਰਾਜਾ ਬੇਗ ਦੇ ਧਾਮ ਆਇਆ। ਅਗੋਂ ਮਾਤਾ ਨੇ ਸਭ ਬ੍ਰਿਤੰਤ ਆਖ ਸੁਣਾਇਆ।੩੫।

ਜੂਠਾ ਨਹੀਂ ਕੀਤਾ ਵਹੁਟੀ ਤੇਰੀ ਬਾਸਨਾ ਹੈ ਲਈ।
ਹਥਿ ਲੈ ਦਰਬੀ[1] ਉਹੁ ਬਣਾਵਣ ਸੀ ਗਈ।
ਤਬ ਰਾਜੇ ਕਉਲ ਰਿਖਿ ਨੂੰ ਆਖ ਸੁਨਾਈ।
ਕਹੇ ਜੀ ਜੂਠਾ ਨਹੀਂ ਕੀਤਾ ਉਨ ਬਾਸਨਾ ਹੈ ਪਾਈ।੩੬।

---

੧. ਕੜਛੀ।

ਰਿਖਿ ਜੀ ਕਹਿਆ, "ਸੁਣ ਮੂਰਖ ਨੈਦਾਨ।
ਦੇਵਤਿਆਂ ਭੋਜਨ ਤੋਂ ਨਹੀਂ ਥਾ ਖਾਣਾ, ਬਾਸਨਾ ਲੈਣੀ ਥੀ ਆਨ।"
ਰਾਜੇ ਕਹਿਆ, "ਕਾਰਨ ਉਦਰ ਉਸ ਬਾਸਨਾ ਹੈ ਪਾਈ।
ਨਹੀਂ ਤੋ ਕਿਆ ਜ਼ਰੂਰ ਥੀ ਜੋ ਹਾਥ ਲਗਾਈ"।੩੭।

ਰਿਖਿ ਜੀ ਰਟਾ ਝੂਠੀ ਬਾਸਨਾ ਤੋ ਨਹੀਂ ਦੇਣੀ ਦੇਵਤੇ ਤੋ ਜੱਗ ਤੇ ਰਹੇ ਨਿਰਾਸ।
ਉਨ੍ਹੋ ਲੇਨੀ ਥੀ ਬਾਸਨਾ ਸੋ ਲੇ ਗਈ ਵਹੁ ਬਾਸ।੩੮।

ਯਹਿ ਉਦਰ ਮੋ ਆਇਆ ਹੈ ਸੋ ਜਾਨੋ ਮਹਾਂਮੰਦ।
ਜਿਸ ਨੇ ਦੇਵਤੇ ਕੀਏ ਨਿਰਾਸ ਜੱਗ ਤੇ ਲੈ ਗਈ ਗੰਧ।
ਦੇਵਤੇ ਨ ਭਏ ਰਾਜ਼ੀ ਦਿਜਨ ਕੋ ਦੀਜੈ।
ਜਬ ਜਨਮੇ ਤਬ ਇਸ ਦਾ ਨਾਮ ਮਹਾਂਮੰਦ ਧਰੀਜੈ।੩੯।

ਦੇਵਤਿਆਂ ਭੀ ਦੀਆ ਸਰਾਪੁ। ਅਪਨੀ ਪੰਕਤੀ ਤੇ ਨਿਕਾਸ।
ਸੁਰਗ ਦੇਵਤੇ ਹੈ ਮ੍ਰਿਤਲੋਕ ਮੋ ਦਿਜ ਪ੍ਰਕਾਸਾ।੪੦।

ਸੋ, ਦੋ ਪੰਕਤੋਂ ਤੇ ਕੀਏ ਕਿਨਾਰੇ। ਸੰਮਤੁ ਛਿ ਸੈ ਦੁਇ, ਚੇਤ੍ਰ ਦਿਨ ਬੀਤੇ ਚਾਰੇ।
ਮਾਸ ਚੇਤ੍ਰ ਇਨ ਜਨਮ ਲੀਆ ਰਾਜਾ ਕੇ ਧਾਮ।
ਜੋ ਰਿਖਿ ਜੀ ਬਚਨੁ ਕੀਤਾ ਸੋਈ ਰਖਿਆ ਨਾਮੁ।੪੧।

ਰਾਜੇ ਕੀਤੀ ਸ਼ਾਦੀ ਦਾਨਪੁੰਨ ਦਿਜਨ ਕੋ ਦਿਤੇ।
ਹੋਇਆ ਬਡਾ ਬ੍ਰਹਮ ਕਰਮੁ ਸਿਖਾਏ ਸਭੇ ਜਿਤੇ।
ਬੇਦ ਪੁਰਾਨ ਖਟ ਸ਼ਾਸਤ੍ਰ ਸਭੋ ਪੜ੍ਹਿਆ। ਬਰਖ ਫਲ ਅਪਨਾ ਆਪ ਲੇਵੈ ਕਰਿਆ।੪੨।

ਉਹੁ ਅੰਗ ਬਿਲੇ ਦਾ ਭੀ ਹੈਸੀ ਆਇ ਫੁਰਿਆ।
ਜੋ ਪੇਟ ਵਿਚਿ ਇਸ ਬਾਸਨਾ ਲਈ ਅਤੇ ਜੱਗੁ ਝੂਠਾ ਕਰਿਆ।
ਮਹਾਂ ਨੀਚ ਜਾਤਿ ਬਿਲਾ ਕਹਾਵੈ। ਅਠੇ ਪਹਰ ਜੋ ਹਿੰਸਾ ਕਮਾਵੈ।੪੩।

ਸੋ ਛਾਤੀ ਨਾਲ ਲਗ ਹੈ ਸੀ ਗਿਆ।
ਉਸ ਜੋਗੀ ਬਿਲੇ ਦਾ ਅੰਗ ਲੈ ਕੇ ਇਹੁ ਗਰਭ ਵਿਚ ਹੈਸੀ ਪਿਆ।
ਜੈਸੇ ਦ੍ਰਿਸਟਿ ਦਾ ਅੰਗ ਮੂਲੇ ਨਹੀਂ ਜਾਂਦਾ।
ਮਜਨ ਕਰਿ ਨਾਰੀ ਜਿਸ ਦੇ ਮੂੰਹ ਲਗੇ ਤੈਸਾ ਹੀ ਹੋਵੈ ਵਾਂਦਾ।੪੪।

ਭਲੀਆਂ ਜੋ ਨਾਰੀ ਹੈਨ ਸੋ ਬਿਨਾਂ ਭਰਤੇ ਮੂੰਹ ਕਿਸੇ ਦੇ ਲਗਦੀਆਂ ਨਾਹੀ।
ਪੜਦੇ ਸਤਰਿ ਬੁਧਿਵਾਨਾਂ ਕੀਤੇ ਹਨ ਤਾਂਹੀ।
ਦੇਵਤੇ ਜੋ ਜੱਗੋਂ ਰਹੇ ਨਿਰਾਸ, ਤਿਨ੍ਹਾਂ ਦਾ ਸਰਾਪੁ ਭੀ ਆਇ ਲੱਗਾ।
ਜੋ ਗੋਬਿੰਦ ਕਰਮ ਹੋਵੈ ਸੋਈ ਹੋਵੈ ਕਰਮੀਂ ਕਾਲਾ ਅਤੇ ਕਰਮੀਂ ਬੱਗਾ।੪੫।

ਸਾਲ ਤ੍ਰਿਉਦਸ ਦਾ ਜਬ ਭਇਆ। ਤਬ ਬਰਖ ਫਲੁ ਅਪਨਾ ਆਪੁ ਇਸ ਨੇ ਕਰ ਲਇਆ।
ਕਿਆ ਦੇਖੇ ਜੋ ਮਹੀਨੇ ਅੱਠਵੇ ਕਰਮ ਭ੍ਰਿਸਟੀ ਆਵੈਗੀ।
ਦੇਵ ਬੁੱਧਿ ਸਭ ਬ੍ਰਹਮੁ-ਰੀਤਿ ਉਠਿ ਜਾਵੈਗੀ।੪੬।

ਸੋ ਕਾਗਦ ਜਾਇ ਪਿਤਾ ਕੋ ਦਿਖਾਇਆ। ਰਾਜੇ ਨੇ ਸਦਿ ਬ੍ਰਹਮਨ ਪਾਸੋਂ ਵਾਚਾਇਆ।
ਤਿਨ ਕਰਿ ਬਿਚਾਰ ਐਸੇ ਤਬ ਕਹਿਆ:
"ਯਹਿ ਤ ਕਰਮੁ-ਭ੍ਰਿਸ਼ਟੀ ਇਸ ਪਰ ਆਵਤ ਭਇਆ"।੪੭।

ਕਹਿਆ ਕਰੋ ਉਪਾਇ ਜੋ ਯਹਿ ਫਲੁ ਜਾਵੈ।
ਤਿਨ ਕਹਿਆ ਜੀ ਨਹੀਂ ਟਲਤੀ ਭਾਵੈ ਕੋਈ ਲਾਖ ਜਤਨ ਕਰਾਵੈ।
ਫਿਰ ਰਾਜੇ ਕਹਿਆ ਕੋਈ ਤਾਂ ਕਰੋ ਉਪਾਉ।
ਤਿਨ ਕਹਿਆ ਜੀ ਇਕ ਹੈ ਜੇ ਸ਼ਿਵਜੀ ਕਰੇ ਸਹਾਇ।੪੮।

ਮਕੇਸਰ ਜਾਇ ਸ਼ਿਵਜੀ ਕੋ ਸੇਵੈ। ਜੇ ਸ਼ਿਵਜੀ ਬਖਸ਼ੇ ਤਾਂ ਉਲਟਾਇ ਦੇਵੈ।
ਤਬ ਮਕੇਸਰ ਦੇ ਕੇ ਦਿਜ ਅਤੇ ਨਾਲ ਮਾਇਆ।
ਰਾਜੇ ਪੁਤ੍ਰ ਨੂੰ ਤਹਾਂ ਦੀਆ ਪਠਾਇਆ।੪੯।

ਸੋ ਗਿਆ ਮਕੇਸਰ, ਸ਼ਿਵਜੀ ਕੀ ਪ੍ਰਿਤਮਾ ਕੇ ਪਾਸ।
ਇਕ ਪਗ ਠਾਂਢਾ ਦਿਨ ਤ੍ਰੈ ਰਿਹਾ ਉਪਹਾਸ।
ਅਰੁ ਹਿਰਦੇ ਅਪਨੇ ਇਨ ਇਹੁ ਕੀਤਾ ਬੀਚਾਰੁ।
ਜੋ ਸ਼ਿਵਜੀ ਭੀ ਨ ਬਖਸ਼ੇ ਤਾਂ ਵਰ ਮੰਗ ਲੈਣਾ ਤਤਕਾਲ।੫੦।

ਸੋ ਸ਼ਿਵਜੀ ਭੀ ਦੇਵਤਿਆਂ ਵਿਚ ਆਹੇ। ਉਹੁ ਸਰਾਪੁ ਜੱਗ ਵਾਲਾ ਟਾਰਨਾ ਨਾਹੇ।
ਤਬ ਸ਼ਿਵਜੀ ਪ੍ਰਤੱਖ ਭਏ, ਕਹੇ ਜੀ ਭ੍ਰਿਸਟੀ ਮੇਰੀ ਦੂਰ ਕਰਿ ਦਏ।੫੧।

ਸ਼ਿਵਜੀ ਕਹਿਆ ਯਹਿ ਦੂਰ ਹੋਤੀ ਨਾਹੀ।
ਕਹੈ ਜੀ ਵਰ ਦੀਜੈ? ਕਹੈ ਤਪ ਕਰੇ ਜੈਸਾ ਤੈਸਾ ਫਲੁ ਪਾਹੀ।
ਏਹੁ ਲੈ ਕੇ ਵਰੁ ਮਕੇਸਰੋਂ ਮਦੀਨੇ ਗਿਆ। ਪਿਤਾ ਜੋ ਜਾਇ ਸਭ ਕਹਤਾ ਭਿਆ।੫੨।

ਤਬ ਰਹਿਤੇ ਬਹਿਤੇ ਵਹੁ ਸਮਾ ਆਇਆ। ਤਬ ਰਾਜਾ ਦਿਨ ਚਾਰ ਹੈ ਤਾਂ ਅਖੇਟ ਸਿਧਾਇਆ।
ਪੁਤ੍ਰ ਮਹਾਂਮੰਦ ਨੂੰ ਕਹਿਆ ਠਾਕੁਰਾਂ ਦੀ ਸੇਵਾ ਪੂਜਾ ਰਹੀਂ ਕਰਦਾ।
ਮੇਰਾ ਆਵਣਾ ਦਿਨਾਂ ਅੱਠਾਂ ਸੱਤਾਂ ਨੂੰ ਹੋਸੀ, ਮੈਂ ਅਮਕੇ ਗਾਉਂ ਉਪਰ ਹਾਂ ਚੜ੍ਹਿਦਾ।੫੩।

ਇਨ ਪਿਛੇ ਦਿਨ ਦੁਇ ਤਿੰਨ ਸੇਵਾ ਪੂਜਾ ਕਰਦਾ ਰਹਿਆ।
ਉਹੁ ਦਿਨ ਇਸ ਉਪਰ ਆਵਤ ਭਇਆ।
ਇਕ ਦਿਨ ਅਗੇ ਇਸ ਦੀ ਬੁਧਿ ਚਲ ਗਈ।
ਇਸ ਦੇ ਮਨ ਵਿਚਿ ਇਹੁ ਗਿਣਤੀ ਆਵਤ ਭਈ।੫੪।

ਜੋ ਪਿਤਾ ਮੇਰਾ ਏਹੁ ਕੀ ਹੈ ਕਰਦਾ?
ਪੱਥਰਾਂ ਦੇ ਬਣਾਏ ਠਾਕੁਰ ਤਿਨਾਂ ਅਗੇ ਸਿਰ ਹੈ ਨਿਵ ਨਿਵ ਧਰਦਾ।
ਏਹੁ ਆਪ ਹੈਨ ਪੱਥਰ ਘੜਿ ਕੇ ਠਾਕੁਰ ਬਣਾਏ।੫੫।

ਪਰ ਪਿਤਾ ਨੂੰ ਇਹ ਗੱਲਿ ਕਿਉ ਕਰਿ ਸਮਝਾਈਐ। ਕੁਛੁ ਕਰ ਤਮਾਸ਼ਾ ਰਾਜੇ ਨੂੰ ਦਿਖਾਈਐ।
ਸੋਟੇ ਅਤੇ ਮੁੰਗਲੀਆਂ ਬਣਾਇ ਅਗੇ ਮੂਰਤਾਂ ਦੇ ਧਰੀਐ।
ਅਤੇ ਕਿਸੇ ਦਾ ਹਥਿ ਕਿਸੇ ਦਾ ਨਕੁ ਪੈਰੁ ਤ੍ਰੋੜ ਭੰਨ ਧਰੀਐ।੫੬।

ਕੋਈ ਦਿਨ ਬਸਰੇ ਰਾਜਾ ਅੰਮ੍ਰਿਤਪਾਲ ਆਇਆ। ਮੱਥਾ ਟੇਕਣ ਨੂੰ ਦੁਆਰੇ ਧਾਇਆ।
ਆਇ ਡਿਠੇ ਠਾਕੁਰ ਭੰਨੇ ਟੁਟੇ ਦੇਖ ਭਇਆ ਹੈਰਾਨੁ।
ਰਾਜੇ ਪੁਛਿਆ: "ਏਹੁ ਕਿਨ ਬਿਗਾਰਿਆ ਹੈ ਕਾਮ"।੫੭।

ਸਭਨਾਂ ਕਹਿਆ: "ਜੀ ਸਾਹਿਬਜ਼ਾਦਾ ਸੇਵਾ ਹੈ ਕਰਦਾ। ਹੋਰ ਕੋਈ ਓਪਰਾ ਨਹੀਂ ਅੰਦਰ ਵੜਦਾ।"
ਸਦਿ ਰਾਜੇ ਪੁੱਛਿਆ: "ਇਹ ਕਿਨ ਹੈ ਕੀਤਾ ?"
ਕਹੇ ਜੀ, ਮੈਂ ਸੋਟੇ ਮੁੰਗਲੀਆਂ ਕਹੇ ਇਨ੍ਹਾਂ ਦੇ ਘੜਾਇ ਹੈ ਦੀਤਾ।੫੮।

ਏਹੁ ਆਪੇ ਲੜਿ ਕੇ ਹਥ ਪੈਰ ਛਡੇ ਹੈਨੇ ਤ੍ਰੋੜ। ਮੈਂ ਇਨ੍ਹਾਂ ਦਾ ਕਹਿਆ ਨਹੀਂ ਛਡਿਆ ਮੋੜ।
ਤੁਸੀਂ ਇਨ੍ਹਾਂ ਨੂੰ ਪੁੱਛੋ ਏਹੁ ਆਪਸ ਵਿਚਿ ਕਿਉਂ ਲੜੀਆਂ ?
ਮੈਂ ਤਾਂ ਇਨ੍ਹਾਂ ਦੇ ਕਹੇ ਘੜਾਏ ਦਿੱਤੀਆਂ ਹੈਨਿ ਲਕੜੀਆਂ।੫੯।

ਰਾਜੇ ਕਹਿਆ ਏਹੁ ਪਾਹਨ ਕੀਆ ਪ੍ਰਿਤਮਾਂ ਇਨ ਕੀ ਸੀ ਕਰਨਾ।
ਕਹੇ ਜੀ ਤੁਸਾਂ ਪਾਹਨ ਪਾਸੋਂ ਹਥ ਜੋੜ ਕੇ ਕੀ ਹੈ ਲਹਿਨਾ ?
ਰਾਜੇ ਡਿਠਾ ਉਹੁ ਸਮਾ ਉਪਰ ਇਸ ਦੇ ਹੈ ਆਇਆ।
ਇਸ ਪਾਸ ਸ਼ਕਤਿ ਕਦੀ ਨਹੀਂ ਹੋਣਾ ਜਿਸ ਇਹ ਪਾਪ ਹੈ ਕਮਾਇਆ।੬੦।

ਇਸ ਨੂੰ ਮਾਰਿਆ ਚਾਹੀਐ ਏਹੁ ਰਖਣ ਜੋਗ ਨਾਹੀ। ਏਹੋ ਲੱਗਾ ਅਸਾਂ ਨੂੰ ਜਨਮੁ ਦਾ ਰੋਗੁ।
ਰਾਜੇ ਕਹਿਆ ਇਸ ਨੂੰ ਮਾਰੀ ਕੇ ਅੱਖੀਂ ਕਾਢਿ ਲੈ ਆਉ।
ਪਕੜੋ ਸ਼ਿਤਾਬੀ ਮੇਰੀਆਂ ਅੱਖੀਆਂ ਅੱਗੋਂ ਲੈ ਜਾਉ।੬੧।

ਪਕੜ ਮਾਰਨ ਵਾਸਤੇ ਤਿਸ ਨੂੰ ਲੈ ਗਏ। ਸੁਣਿਆ ਭੂਆ, ਜੋ ਭਯੇ ਪੁਤ੍ਰ ਮਾਰਨ ਪਠਏ।
ਸੋ ਉਸ ਬੀਬੀ ਦੇ ਆਦਮੀ ਅਗੋਂ ਦਉੜ ਪਏ। ਕਹੇ ਬੀਬੀ ਦੇ ਰਾਹੀਂ ਖੋਹਿ ਲੈ ਗਏ।੬੨।

ਨਾਲੇ ਆਪ ਬੀਬੀ ਚੜਿ ਭਤੀਜੇ ਨੂੰ ਨਾਲ ਲੈ ਗਈ।
ਕੋਹਾਂ ਤ੍ਰੀਹਾਂ ਉਪਰ ਜਾਇ ਵਸਤੀ ਭਈ।
ਆਇ ਰਾਜੇ ਨੂੰ ਲੋਕਾਂ ਤਬ ਐਸੇ ਕਹਿਆ:
"ਜੀ ਭੂਆ ਖੋਹਿ ਲੈ ਗਈ ਨਾਲਿ ਬੀਬੀ ਦੇ ਜਾਂਦਾ ਰਹਿਆ"।੬੩।

ਰਾਜੇ ਕਹਿਆ ਜਾਣ ਦੇਹੋ ਗਿਆ ਸੋ ਗਿਆ।
ਬਾਹਰਿ ਜਾਇ ਭੂਆ ਇਸ ਨੂੰ ਬਿਆਹਿ ਲਿਆ।
ਜਿਸ ਗਾਉਂ ਮੈ ਜਾਇ ਏਹ ਆਹੇ ਬਸੇ।
ਸਿਰਦਾਰ ਨੇ ਰਾਜਪੂਤ ਜਾਣ ਖ਼ਾਤਰ ਕੀਤੀ ਘਰ ਕੋਠੇ ਬਨਾਇ ਹਛੇ ਦਸੇ।੬੪।

ਸਮਾ ਪਾਇ ਸਿਰਦਾਰ ਗਾਉਂ ਕਾ ਮਰ ਗਿਆ।
ਤਾਂ ਕੇ ਗ੍ਰਿਹਿ ਪੂਤ ਨਹੀਂ ਥਾ ਕੋਈ ਭਇਆ।
ਸੋ ਗਾਉਂ ਇਸ ਨੇ ਮੱਲ ਲਿਆ। ਰੱਖੀ ਫਉਜ ਜੁਆਨ ਜਬ ਭਇਆ।੬੫।

ਭੂਆ ਦੁਮਣੀ ਤਹਾਂ ਕਾਲ ਬਸ ਭਈ।
ਇਸ ਨੇ ਪਿਤਾ ਕੇ ਗਾਉਂ ਪੰਜ ਸੱਤ ਜ਼ਿਮੀਂ ਬਹੁਤੁ ਮੱਲ ਲਈ।
ਪਿਤਾ ਸੰਗ ਇਨ ਜੁੱਧ ਮਚਾਇਆ। ਦੇਸ ਪਿਤਾ ਕਾ ਮੱਲਦਾ ਆਇਆ।੬੬।

ਪਿਤਾ ਕੀ ਰੀਤ ਇਸ ਸਭ ਉਲਟਾਈ। 'ਬ੍ਰਹਮ-ਕਰਮ' ਸਭ ਦੀਏ ਰੁੜ੍ਹਾਈ।
ਸਰਾਪੁ ਦੇਵਤਿਆਂ ਦਾ ਆਇ ਲਾਗਾ। ਬ੍ਰਹਮ ਕਰਮ ਧਰਮ ਸਭੋ ਤਜ ਭਾਗਾ।
ਬੋਦੀ ਜੰਞੂ ਧੋਤੀ ਟਿੱਕਾ ਸੇਵਾ ਪੂਜਾ ਗਾਇਤ੍ਰੀ ਤਰਪਣ ਸਭੋ ਖੋਏ।
ਚਾਲ ਬੇਦ ਤ੍ਰਿਹਾਂ ਦੀ ਤਜਿ ਅਥਰਵਣ ਵੇਦਾਂਤੀ ਹੋਇ ਖੜੋਏ।੬੭।

ਅਗੇ ਹਿੰਦੂ ਮੁਸਲਮਾਨ ਰਲੇ ਮਿਲੇ ਆਹੇ।
ਸੇਵਾ ਪੂਜਾ ਸਾਕ ਸੈਨ ਸਭ ਕਰਦੇ ਆਪਸ ਮਾਹੇ।
ਇਨ ਅਪਨੀ ਰੱਯਤ ਜੁਦਾ ਕਰਿ ਠਹਿਰਾਈ। ਚਾਲ ਬੇਦ ਸ਼ਾਸਤ੍ਰ ਦੀ ਸਭੁ ਉਠਾਈ।
ਐਸਾ ਵੈਰ ਇਨ ਪਿਉ ਸੇਤੀ ਕਰਿਆ।
ਇਕ ਸਰਾਪੁ ਦੇਵਤਿਆਂ ਦਾ ਦੂਜਾ ਅੰਗੁ ਬਿਲੇ ਦਾ ਤੀਜਾ ਜੋਗੀ ਦਾ ਇਨ ਕਰਿਆ।੬੮।

ਮਹਾਂ ਨੀਚ ਜੂਨੀ ਬਿਲੇ ਦੀ ਸਭ ਜਾਨੋ।
ਸਿਰ ਕਸਾਈਆਂ ਦੇ ਕਸਾਈ ਪੱਕਾ ਹਤਿਆਰਾ ਬਿਲਾ ਮਾਨੋ।
ਹਿੰਸਾ ਕਰਦਾ ਨਹੀਂ ਸੰਗਾਵੈ। ਜੋ ਛਲੁ ਬਲੁ ਝਟੁ ਸੋ ਬਿਲੇ ਨੂੰ ਆਵੈ।੬੯।

ਲੜਦੇ ਭਿੜਦੇ ਰਾਜਾ ਮਰਿ ਗਿਆ। ਆਇ ਦੇਸ ਨਗਰ ਇਸ ਨੇ ਮੱਲ ਲਿਆ।
ਐਸਾ ਵੈਰੁ ਇਸ ਦਾ ਪੱਕਾ ਪਿਉ ਨਾਲ ਹੈਸੀ ਪੈ ਗਿਆ।
ਮੁਸਲਮਾਨ ਇਨ ਕੀਤੇ ਜੁਦਾ ਹਿੰਦੂਆਂ ਤੇ ਵਖੁ ਕਰਿ ਲਿਆ।੭੦।

ਜੋ ਕੋਈ ਅਸਲ ਜਾਤਿ ਪਿਤਾ ਹੈ ਸੋ ਏਹੁ ਕੰਮ ਨਹੀਂ ਕਰਦਾ।
ਪਿਤਾ-ਜ਼ਾਦ ਪਿਤਾ ਦੀ ਜੁਗਤ ਚਾਲ ਸਭ ਹਿਰਦੇ ਹੈ ਧਰਦਾ।
ਏਹੁ ਗਲਿ ਸੁਣ ਕੇ ਜੀਤ ਸਿੰਘ ਮਾਤਾ ਦੀ ਪਿਆ ਪਾਈਂ।
ਅਪਨੀ ਭੁੱਲ ਸਭ ਮਾਤਾ ਜੀ ਤੇ ਲਈ ਬਖਸ਼ਾਈ।੭੧।

ਅਗੇ ਪੁਛਣਿ ਲੱਗਾ: "ਮਾਮਾ ਜੀ ਤਿਨ ਅਪਨਾ ਪੰਥ ਕੈਸੇ ਚਲਾਇਆ ?"
ਤਬ ਮਾਮੇ ਜੀ ਸਭ ਆਖ ਸੁਣਾਇਆ:
ਪੰਜ ਬਰਸ ਪਿਤਾ ਨਾਲਿ ਤਿਨ ਕੀਤੀ ਲੜਾਈ।
ਪਾਇ ਰਾਜੁ ਲਗਾ ਤਪੁ ਸ਼ਿਵਜੀ ਦਾ ਕਰਨੇ,
ਦਾਣੇ ਪੰਜੁ ਸੱਤ ਜਵਾਂ ਪਾਣੀ ਨਾਲਿ ਖਾਈ।੭੨।

ਗੋ-ਹੱਤਿਆ ਮੁਹੰਮਦ ਠਹਿਰਾਈ।
ਜੋ ਮੇਰੇ ਮੁਇਆਂ ਨਾਲਿ ਹਿੰਦੂਆਂ ਏਹ ਫੇਰ ਰਲਨਿ ਨਹੀਂ ਜਾਈ।
ਉਂਗਲ ਲੋਹੂ ਲਾਇ ਤਿਨ ਮੁਖ ਅਪਨੇ ਪਾਈ।
ਪੱਕੀ ਹਦਿ ਹੋਇ ਗਈ ਹਿੰਦੂ ਮੁਸਲਮਾਨ ਦੀ ਉਥਾਈਂ।੭੩।

ਤਿਸ ਦੇ ਚੰਮੁ ਦੀ ਪੈਰੀ ਜੁੱਤੀ ਬਨਵਾਇ ਪਵਾਈ।
ਜਿਸ ਦੀ ਪੂਜਾ ਹਿੰਦੂ ਹੈਨਿ ਕਰਦੇ ਤਿਸ ਦਾ ਚੰਮੁ ਪੈਰਾਂ ਨਾਲਿ ਘਸਾਈ।
ਸੋਈ ਚੰਮੁ ਕਾਠੀ ਮਿਆਨ ਮਸ਼ਕ ਬੋਕਾ ਬਣਵਾਇਆ।
ਹਿੰਦੂਆਂ ਨੂੰ ਭੀ ਪਾਣੀ ਮਸ਼ਕ ਬੋਕੇ ਨਾਲਿ ਪਿਵਾਇਆ।੭੪।

ਅਗੇ ਚੰਮੁ ਦੀ ਵਰਤਨ ਕੁਛ ਨਹੀਂ ਸੀ ਕਾਈ। ਖੜਾਵਾਂ, ਪਊਏ, ਪਉਲੇ ਸਭ ਚਰਨੀਂ ਪਾਈ।
ਕਾਠੀ, ਪੜਤਲੇ, ਗਾਤਰੇ ਕਪੜਾ ਵਾਟਵਾਂ ਸੂਤਰ ਦਾ ਲੱਗਦਾ।
ਵਰਤਨਿ ਸੂਤਰ ਬਨਾਤ, ਮਸਰੂ, ਕਪੜਾ ਸਾਰੇ ਜੱਗ ਦਾ।੭੫।

ਚੰਮੁ ਦੀ ਵਰਤਨਿ ਮੁਹੰਮਦ ਸਾਰੇ ਦੇਸ ਵਰਤਾਈ। ਹਿੰਦੂਆਂ ਦੀ ਬੁਧਿ ਭੀ ਦਿੱਤੀ ਗਵਾਈ।
ਜੈਸੇ ਰਾਜੇ ਭੋਜ ਦੇ ਰਾਜ ਵਿਚਿ ਕਉਡੀ ਹੱਡੀ ਚਲ ਪਈ।
ਅਗੇ ਦਮੜੀ ਕਸੀਰਾ ਤ੍ਰਾਂਮੇ ਦੀ ਵਰਤਨਿ ਸੀ ਚਲੀ ਗਈ।੭੬।

ਪ੍ਰਿਥਮੈ ਦੁਇ ਟਕੇ ਕੀ ਸਉ ਕਉਡੀ ਵਿਕਾਣੀ ਸੀ ਬਜ਼ਾਰ।
ਫੇਰ ਬੈਠ ਸਰਾਫਾਂ ਕੀਤਾ ਏਹੁ ਬੀਚਾਰੁ।
ਪੰਜੀਹ ਦਾਮ ਲਿਖ ਪੈਸਾ ਕੀਨਾ। ਇਸੀ ਜੁਗਤਿ ਦਮੜੀ ਕਸੀਰਾ ਲਿਖ ਲੀਨਾ।੭੭।

ਸੋਈ ਵਰਤਨਿ ਸੰਸਾਰ ਵਰਤ ਪਈ। ਦਮੜੀਆਂ ਕਸੀਰੇ ਤ੍ਰਾਮੇ ਦੇ ਰਹਿ ਗਏ।
ਹੱਡੀ ਕਉਡੀ ਸਾਰੇ ਜਗੁ ਹੈ ਵਰਤੀ। ਕ੍ਰਿਮ ਹਡੀ ਨਖਿੱਧ ਪਰ ਟੁਰ ਪਈ ਸਭ ਧਰਤੀ।੭੮।

ਜੈਸੇ ਸਾਹਿਬ ਸ੍ਰੀ ਚੰਦ ਜੀ ਅੱਖਰ 'ਗੁਰਮੁਖੀ' ਬਣਾਏ। ਅੱਗੇ ਸ਼ਾਸਤ੍ਰੀ ਪਾਰਸੀ, ਟਾਕਰੇ ਆਹੇ।
ਕਰਮ ਸੁਭਾਉ ਹੈ ਸਭ ਪਰਿ ਬਲਿਵਾਨ। ਉਤਮੁ ਮਧਮੁ ਨੀਚ ਸਭ ਕਰਮ ਹੀ ਕਰਾਨ।੭੯।

ਮੁਹੰਮਦ ਨੀਚ ਕਰਮੁ ਦਾ ਸੁਭਾਉ ਕੀਤਾ। ਚੰਮੁ ਵਰਤਾਇਆ ਧਰਮ ਖੱਸ ਲੀਤਾ।
ਸਰਾਫਾਂ ਮੱਧਮੁ ਕਰਮੁ ਹੈ ਕਰਿਆ। ਹਡੀ ਚਲਾਈ ਤ੍ਰਾਮਾ ਪਰਹਰਿਆ।੮੦।

ਸ੍ਰੀ ਚੰਦ ਸਾਹਿਬ ਉਤਮ ਕੰਮ ਠਹਿਰਾਇਆ। ਅੱਖਰ ਗੁਰਮੁਖੀ ਦਿਤੇ ਵਰਤਾਇਆ।
ਕਰਮ-ਸੁਭਾਉ ਵਸਿ ਸਾਰਾ ਸੰਸਾਰ। ਉਤਮੁ ਮਧਮੁ ਨੀਚ ਕਰਾਵਨਹਾਰੁ।੮੧।

ਸੁਭਾਉ ਨਹੀਂ ਬਦਲਦੇ ਜੋ ਅਨੇਕ ਯਤਨ ਕਰੇ। ਸੁਭਾਉ ਕਰਮੁ ਮੂਲ ਨ ਟਰੇ।
ਸਾਖ ਗ੍ਰੰਥ ਸਾਹਿਬ ਹੈ ਪਾਈ: 'ਲਉਕੀ ਅਠਸਠਿ ਤੀਰਥ ਨਾਈ॥
ਕਉਰਾਪਨੁ ਤਊ ਨ ਜਾਈ॥'।੮੨।

ਮਕੇਸਰੁ ਖੋਹਿ ਹਿੰਦੂਆਂ ਪਾਸੋਂ ਮੁਹੰਮਦਿ ਲਇਆ। ਸੋ ਤੁਰਕਾਂ ਨੂੰ ਪੂਜਣ ਵਾਸਤੇ ਲੈ ਦਿਆ।
ਕਹਿਆ: "ਜੋ ਨੀਚ ਕਰਮੁ ਹੈ ਸੋ ਸਭ ਤੁਸੀਂ ਕਰੋ। ਬਨਿ ਬੇਸਵਾ, ਧਰਮੁ-ਹਿੰਦੂਆਂ ਹਰੋ"।੮੩।

ਹਿੰਦੂਆਂ ਪਾਸੋਂ ਮੰਗਿ, ਠਗਿ ਖੋਹਿ ਖਾਉ। ਜੋ ਲਗੇ ਕਾਬੂ ਸੋਈ ਕਸਬ ਕਮਾਉ।
ਹਿੰਦੂਆਂ ਨੂੰ ਚੰਮੜੇ ਹੀ ਰਹਿਣਾ।
ਜਿਸ ਨਾਲਿ ਹੋਵੈ ਅਤਿ ਪਿਆਰ ਤਿਸ ਨੂੰ ਅਪਣਾ ਧਰਮ ਕਹਣਾ।੮੪।

ਧੀ, ਭੈਣ, ਨਾਰੀ, ਧਨ, ਦਾਮ, ਦੇਸ, ਗਾਉਂ, ਜੋ ਮੰਗੇ ਸੋ ਦੇਣਾ।
ਦੇ ਕੇ ਹਿੰਦੂ ਕਉ ਤੁਰਕ ਕਰਿ ਲੈਣਾ।
ਇਤ ਵਾਸਤੇ ਗੋ-ਹਤਿਆ ਠਹਿਰਾਈ। ਜੋ ਫੇਰਿ ਹਿੰਦੂਆਂ ਨਾਲਿ ਰਲਿ ਨਹੀਂ ਜਾਈ।੮੫।

ਜਿਉ ਰਬਾਬੀ ਸਿੱਖਾਂ ਨੂੰ ਚੰਮੜ ਗਏ। ਤਿਉ ਹਿੰਦੂਆਂ ਨੂੰ ਗਾਲਦੇ ਭਏ।
ਮੁਹੰਮਦ ਕਹਿਆ ਤੁਸੀਂ ਆਪਣਾ ਸਲੂਕ ਨਹੀਂ ਗਵਾਵਣਾ।
ਹਿੰਦੂ ਹੈਨ ਕੱਚੇ ਫੁਟ ਫੁਟ ਜਾਂਦੇ ਤੁਸਾਂ ਫੁੱਟ ਨਹੀਂ ਜਾਵਣਾ।੮੬।

ਤਬ ਜੀਤ ਸਿੰਘ ਜੀ ਸੁਣ ਕੇ ਨਾਲੋਂ ਨਫਰ ਚਾਕਰ ਤੱਤੇ ਦੂਰ ਕਰਿ ਦਿਤੇ।
ਹਿੰਦੂ ਨਾਲ ਅਪਨੇ ਚਾਕਰ ਸਭ ਕੰਮ ਵਿਚ ਰਖੁ ਲਿਤੇ।
ਹਠੀ ਸਿੰਘ ਬੇਟਾ ਘਰਿ ਜੀਤ ਸਿੰਘ ਦੇ ਹੋਆ। ਮੇਲਾ ਸੰਗਤਾਂ ਦਾ ਦਰਬਾਰ ਲਗੇ ਵਿਸੋਆ।੮੭।

ਪਹਿਲੇ ਸੰਗਤਾਂ ਹਜੂਰਿ ਸਾਹਿਬ ਦੇ ਆਵਨਿ। ਫੇਰ ਬੰਦੇ ਜੀ ਦੇ ਲਗੀਆਂ ਜਾਵਨਿ।
ਫੇਰ ਜੀਤ ਸਿੰਘ, ਮਾਤਾ ਦੇ ਦਰਬਾਰਿ। ਮੇਲਾ ਲਗੇ ਆਵਨਿ ਸਿਖ ਸੰਗਤਿ ਹਜ਼ਾਰੁ।੮੮।

ਸੰਮਤ ਸਤਾਰਾਂ ਸੈ ਜਬ ਬੀਤੇ ਅੱਸੀ।
ਤਬ ਕਰਮੁ-ਭਾਵਨੀ ਲਿਖੀ ਬਿਧਾਤੇ ਤਬ ਜੀਤ ਸਿੰਘ ਜੀ ਜਾਤੀ।
ਸਵਾਰੀ ਜੀਤ ਸਿੰਘ ਦੀ ਚਲੀ ਆਵੈ ਵਿਚਿ ਬਜ਼ਾਰ।
ਆਪ ਬੈਠਾ ਵਿਚਿ ਪਾਲਕੀ ਅਗੈ ਪਿਛੇ ਨਾਲਿ ਸਵਾਰ।੮੯।

ਕੋਈ ਫਕੀਰ ਤੱਤਾ ਬੋਲਿਆ ਬੇਕੈਦ[1]। "ਓ ਲਿਬਾਸੀ! ਹਮਾਰੀ ਤਰਫ ਭੀ ਦੇਖੁ ਪੁਸ਼ਾਕੀ ਸਪੈਦ।"
ਕਹਿਆ: "ਪਾਇ ਰੱਸੀ ਟੰਗੋ, ਦੇਉ ਕੂਏ ਲਟਕਾਇ।"
ਸਿੱਖਾਂ ਨ ਕੀਤੀ ਢਿੱਲ, ਪਕੜਿ ਵਹੁ ਦਿੱਤਾ ਵਹਾਇ।੯੦।

ਭਾਵੀ ਨ ਮਿਟਦੀ ਜਿ ਲੱਖ ਕੀਚਨਿ ਉਪਾਇ। ਗਿਆ ਫਕੀਰ ਮਰਿ ਇਕ ਦੋਇ ਜਲ ਗੋਤੇ ਖਾਇ।
ਜੁੜੇ ਫਕੀਰ ਲੱਖ ਤੱਤੇ ਹਜ਼ਾਰੁ। ਚੁਕ ਕੇ ਮੁਰਦਾ ਲੈ ਗਏ ਵਜ਼ੀਰ ਦੇ ਦਰਬਾਰੁ।੯੧।

ਜਾਇ 'ਹਾਲ ਹਾਲ' ਤਿਨ ਕਰੀ ਪੁਕਾਰ। ਵਜ਼ੀਰ ਕਹਿਆ: "ਲੈ ਜਾਉ ਪਾਤਸ਼ਾਹ ਦੇ ਦਰਬਾਰ।
ਮੈਂ ਭੀ ਉਥੇ ਹੀ ਹੈ ਦਰਬਾਰਿ ਹੁਣ ਜਾਂਦਾ। ਮੁਰਦਾ ਰੋਬਰੋ ਬਾਦਸ਼ਾਹ ਜਾਇ ਸਟੋ ਵਾਂਦਾ"।੯੨।

ਤੱਤੇ ਤੱਤੇ ਸਭ ਹੋਇ ਗਏ ਇਕੱਠੇ। ਰੋਬਰੋ ਬਾਦਸ਼ਾਹ ਅਗੇ ਪੁਕਾਰ ਕਰਠੇ।
ਕਹਿਆ ਜਾਇ ਪਕੜਿ ਲੈ ਆਉ। ਹਜ਼ਾਰ ਮਨੁੱਖ ਮੁਗ਼ਲ ਤੱਤੇ ਦਉੜ ਪਏ, ਗਏ ਉਥੇ।੯੩।

ਜਿਥੇ ਮਾਤਾ ਸਾਹਿਬ ਦਾ ਡੇਰਾ ਆਹਾ, ਪਈ ਉਠ ਕੇ ਆਮ[2] ਡੇਰਾ ਲੁਟਿਆ ਗਿਆ।
ਬਾਈ ਲੱਖ ਰੁਪਯੇ ਕੀ ਲੋਟੀ ਹੋਈ। ਮਾਤਾ ਸਾਹਿਬ ਦੋਵੈਂ ਵੇੜ੍ਹ ਅੰਦਰਿ ਛੁਪਿ ਖਲੋਈ।੯੪।

ਸ਼ਰਮੁ ਧਰਮੁ ਰਿਹਾ, ਮਾਇਆ ਸਭ ਗਈ।
ਜੀਤ ਸਿੰਘ ਗਿਆ ਛਪਿ ਘਰ ਕਲਾਲੁ[3], ਉਪਰਿ ਤੂੜੀ ਲੈ ਲਈ।
ਤਿਨ੍ਹਾਂ ਮੁਗ਼ਲਾਂ ਜਾਇ ਦਰਬਾਰ ਐਸੇ ਕਹਿਆ:
"ਅਜੀ ਉਹੁ ਨਹੀਂ ਹਥਿ ਆਇਆ ਕਿਧਰੇ ਛਪ ਗਿਆ"।੯੫।

ਕਹਿਆ: "ਢੰਡੋਰਾ ਫੇਰੋ ਜੇ ਕੋਈ ਦਸ ਦੇਵੇ। ਹੋਵੇਗਾ ਸਹੀ, ਘਰ ਬਾਰ ਲੁਟ ਲੇਵੇ।"
ਤਿਨ ਕਲਾਲੁ ਆਪੇ ਜਾਇ ਕਹਿਆ।
ਕਹਿਆ: "ਜੀ ਘਰਿ ਮੇਰੇ ਤੂੜੀ ਵਿਚਿ ਛਪਿਆ ਹੈ ਰਹਿਆ"।੯੬।

ਗਏ ਲੋਕ ਧਾਇ ਸੋ ਪਕੜਿ ਨਿਕਾਰਿਆ।
ਮਾਰੇ ਖਉਫ ਦੇ ਪਿਆ ਡਿਗ, ਗਿਆ ਮਰਿ, ਨ ਕਿਨ੍ਹੇ ਮਾਰਿਆ।
ਮੁਰਦਾ ਲੈ ਗਏ ਰੋਬਰੋ ਮੁਹੰਮਦ ਸ਼ਾਹ। ਕਹਿਆ: "ਰੱਸੀ ਪਾਇ ਟੰਗਿ ਫੇਰੋ ਨਗਰ ਮਾਹਿ"।੯੭।

---

੧. ਬੇਕਾਇਦਾ, ਮਰਯਾਦਾ ਵਿਰੁੱਧ। ੨. ਆਮ ਜਨਤਾ। ੩. ਘੁਮਿਆਰ।

ਤੈਸੇ ਹੀ ਤਿਨ ਕੀਆ ਫੇਰ ਕੇ ਆਣ ਸੁਟਿਆ ਮਾਤਾ ਦੇ ਦਰਬਾਰ।
ਰੁਪਯੇ ਪੰਝੀਸ ਦਿਤੇ ਰਿਸ਼ਵਤਿ ਸੁਪਚਾਂ ਨੂੰ ਕਰਿ ਜੁਹਾਰਿ।
ਤਬ ਵਹੁ ਤਹਾਂ ਤੇ ਲੈ ਗਏ ਉਠਾਇ। ਬਾਹਰ ਡਾਰਿਆ ਤਿਨੋ ਕਹੀਂ ਜਾਇ।੯੮।

ਜੀਤ ਸਿੰਘ ਨਾਲਿ ਇਹੁ ਹਕੀਕਤਿ ਹੋਈ।
ਤਬ ਕਬੀਲੇ ਤਾ ਕੇ ਗਏ ਮਥਰਾ, ਹਠੀ ਸਿੰਘ[੧] ਨੱਸਿ ਗਿਆ ਸੋਈ।
ਐਸੇ ਐਸੇ ਕਰਮੁ ਤੁਰਕਾਂ ਸਿਖਾਂ ਨਾਲਿ ਹੈਨ ਕੀਤੇ।
ਸਿੰਘ ਕੇਸਰ ਛਿਬਰ ਦੇਖ ਤਮਾਸ਼ਾ, ਕੁਛ ਸਿਖਾਂ ਨੂੰ ਗੈਰਤ ਨ ਆਵੈ ਰਤੀ ਭਰੁ ਜੀ ਤੇ।੯੯।

ਪ੍ਰਿਥਮੈ ਗੁਰੂ ਅਰਜਨ ਜੀ ਬੇ-ਪ੍ਰੋਜਨ ਤੁਰਕਾਂ ਲਹੌਰ ਵਿਚਿ ਮਾਰੇ।
ਦੂਜੇ, ਗੁਰੂ ਹਰਿ ਕ੍ਰਿਸ਼ਨ ਜੀ ਖਉਫੁ ਤੁਰਕਾਂ ਦੇ ਦਿੱਲੀ ਦੇਹਿ ਛਡਿ ਸਿਧਾਰੇ।
ਤੀਜੇ, ਗੁਰੂ ਤੇਗ ਬਹਾਦੁਰ ਜੀ ਨਾਲਿ ਬੇ-ਪ੍ਰੋਜਨ ਕੀਤੀ।
ਚਾਰ ਸਾਹਿਬਜ਼ਾਦੇ ਤੁਰਕਾਂ ਮਾਰੇ ਮਾਤਾ ਮੁਈ ਕੈਦ ਵਿਚਿ ਖਬਰ ਨ ਲੀਤੀ।੧੦੦।

ਗੁਰੂ ਹਰਿਗੋਬਿੰਦ ਨਾਲਿ ਬੇ-ਪ੍ਰੋਜਨ ਤੁਰਕ ਜਾਇ ਲੜੇ।
ਬੰਦਾ ਭੇਜਿਆ ਗੁਰੂ ਕਾ ਆਇਆ, ਸੋ ਗੁਰਦਾਸਪੁਰੋਂ ਪਕੜਿ ਸਿਖਾਂ ਨਾਲਿ ਫੜ ਖੜੇ।
ਅੱਠ ਸਰੀਰ ਗੁਰੂ ਕੇ ਤੁਰਕਾਂ ਮਾਰ ਧਰਾਏ।
ਨਾਵਾਂ ਸਰੀਰ ਬੰਦਾ ਹਜ਼ਾਰਾਂ ਸਿਖਾਂ ਨਾਲ ਮਰਵਾਏ।੧੦੧।

ਦਸਵਾਂ ਜੀਤ ਸਿੰਘ ਗੁਰੂ ਕਾ ਭੇਜਿਆ ਸੋ ਮਾਰਿ ਤੁਰਕਾਂ ਹਵਾਲੇ ਕੀਤਾ।
ਅੱਗੇ ਸੁਣੋ ਜੋ ਜੋ ਤੁਰਕਾਂ ਦੁਖ ਸਿਖਾਂ ਨੂੰ ਹੈ ਦੀਤਾ।
ਉਸ ਨੂੰ ਸਿਖ ਨ ਜਾਣੋ ਜੋ ਤੁਰਕ ਦਾ ਕਰੇ ਵਿਸਾਹੁ।
ਜਿਸ ਗੁਰੂ ਨਾਲਿ ਹੋਵੈ ਪ੍ਰੋਜਨ ਸੋ ਨ ਜਾਏ ਤੁਰਕਾਂ ਦੇ ਰਾਹੁ।੧੦੨।

ਜੀਤ ਸਿੰਘ ਦੀ ਹਕੀਕਤਿ ਭੀ ਨਿਬੜ ਗਈ।
ਸੋਲਾਂ ਬਰਸ ਗੁਰਿਆਈ ਤਿਨ ਭੀ ਦਿੱਲੀ ਵਿਚਿ ਕਰਿ ਲਈ।
ਜੀਤ ਮੱਲੀਏ ਸਿਖ ਭੀ ਬਹੁਤ ਹੀ ਭਏ।
ਹੁਣ ਗੱਦੀ ਜੀਤ ਸਿੰਘ ਦੀ ਬੇਟਾ ਹਠੀ ਸਿੰਘ ਬੈਠਾ ਹਏ।੧੦੩।

ਦੋ ਬਰਸ ਸੰਗਤਿ ਦਿੱਲੀ, ਮਾਤਾ ਜੀ ਤੇ ਗਈ। ਤੁਰਕਾਂ ਪਾਸੋਂ ਡਰਦੀ ਨ ਆਵਤ ਭਈ।
ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਈ ਜੀ ਦਿੱਲੀ ਰਹੇ।
ਨਾਲਿ ਟਹਲੀਏ ਟਹਲਣਾਂ ਬਹੁਤ ਕਹੇ।੧੦੪।

ਬਾਰ੍ਹਵਾਂ ਚਰਨ ਸੰਪੂਰਨ ਭਇਆ ਜੀਤ ਸਿੰਘ ਦਾ, ਸੋ ਭੀ ਬੀਤ ਗਇਆ।
ਇਕ ਸਉ ਚਾਰ ਅੰਗ ਸੰਪੂਰਨ ਭਏ। ਸਿੰਘ ਕੇਸਰ ਅਗੇ ਤੇਰ੍ਹਵਾਂ ਚਰਨ ਕਹਿ ਦਏ।

—o—

੧. ਸਾਹਿਬਜ਼ਾਦਾ ਅਜੀਤ ਸਿੰਘ ਦਾ ਪੁੱਤਰ ਸੀ—ਹਠੀ ਸਿੰਘ; ਇਸ ਜੀਤ ਸਿੰਘ ਦਾ ਨਹੀਂ।

# (੧੩) ਤੇਰ੍ਹਵਾਂ ਚਰਣ—ਮਾਤਾ ਸਾਹਿਬ ਦੇਈ

**ਦੋਹਰਾ**—ਕੋਈ ਕਾਲ ਗੁਜ਼ਾਰ ਕੈ, ਮਾਤਾ ਸੁੰਦਰੀ ਛੱਡੀ ਦੇਹ।
ਅਗੇ ਰਹੀ ਮਾਤਾ ਸਾਹਿਬ ਦੇਈ, ਤਿਨ ਕੀ ਹਕੀਕਤਿ ਭਈ ਏਹ।੧।

**ਚਉਪਈ**—ਟਹਲੀਏ ਟਹਲਣਾਂ ਪਾਛੇ ਗੁਰੂ ਕੇ ਰਹੇ।
ਦਰਬਾਰ ਗੁਰੂ ਕਾ ਮਾਤਾ ਸਾਹਿਬ ਦੇਈ ਤਖਤ ਬਹੇ।
ਸਿਖ ਸੰਗਤਿ ਸਭ ਦਰਸ਼ਨ ਨੂੰ ਆਵਣ ਲੱਗੇ। ਮਾਤਾ ਸਾਹਿਬ ਦੇਈ ਕਹਿਆ ਤਬੇ।੨।

ਟਹਲੀਏ, ਟਹਲਣਾਂ, ਮਾਤਾ, ਸਭਨਾਂ ਬੈਠਿ ਕੀਤਾ ਵੀਚਾਰੁ।
ਅਸਾਡਾ ਰਹਣਾ ਸਹਣਾ ਤੁਰਕਾਂ ਮਝਾਰੁ।
ਸਿਖ ਸੰਗਤਿ ਨੂੰ ਮਨ੍ਹੇ ਕਰੀਏ ਕੋਈ ਆਵੈ ਨਾਹੀਂ ਇਥੇ।
ਸਿੱਖ ਸੰਗਤਿ ਰਹੇ ਘਰੀਂ ਆਪੋ ਅਪਨੀ ਜਿਥੇ ਕਿਥੇ।੩।

ਐਸਾ ਨਾ ਹੋਵੈ ਜੋ ਫੇਰ ਕੋਈ ਹੰਗਾਮਾ ਉਠਿ ਖੜੋਵੈ।
ਅਗੇ ਮਾਇਆ ਹੈ ਗਈ ਪਰਦਾ ਰਖਿਆ ਹੈ ਸੋਵੈ।
ਸਿਖਾਂ ਨੂੰ ਆਖਿਆ, "ਹੋਇ ਆਵੈ ਤਾਂ ਟਹਿਲ ਕਰੋ।
ਪਰ ਦਿਵਾਲੀ, ਵਿਸਾਖੀ ਮੇਲਾ ਮਾਫ ਕਰ ਧਰੋ"।੪।

ਸਿੱਖਾਂ ਰਲਿ ਮਾਤਾ ਜੀ ਪਾਸ ਕੀਤੀ ਅਰਦਾਸਿ:
"ਗਰੀਬ ਨਿਵਾਜ਼! ਤੁਸੀਂ ਹੋ ਸੱਚੇ, ਸਿੱਖ ਭੀ ਸੱਚੇ, ਜਾਵਨਿ ਕੈਂਦੇ ਪਾਸ?"
ਮਾਮਾ ਕ੍ਰਿਪਾਲ ਸਿੰਘ ਅਤੇ ਬੇਬੇ ਗੁਲਾਬੋ। ਹੋਰੁ ਸਹਜੋ, ਲੱਛਮੀ ਟਹਲਣਾਂ ਸਿੱਖ ਸਭੋ।੫।

ਭਾਈ ਮਲੂਕ ਸਿੰਘ ਅਤੇ ਬੇਬੇ ਗੁਲਾਬੋ, ਮਿਹਰ ਦਾਸ ਫਕੀਰੁ।
ਭਾਈ ਠਾਕੁਰ ਸਿੰਘ, ਭਾਈ ਸੁਖਚੈਨ ਸਿੰਘ, ਸੌਂਦ ਬਹਾਲੇਂ ਤੀਰ।
ਰਾਜਾ ਮਜਲਸ ਰਾਇ ਹੋਰੁ ਸਿਖ ਵੱਡੇ ਭਾਈ।
ਬੈਠੇ ਗੁਰਮਤੇ, ਪਾਸ ਮਾਤਾ ਸਾਹਿਬ ਦੇਵੀ ਦੇ ਜਾਈ।੬।

ਕਰਿ ਗੁਰਮਤਾ ਠਹਰੀ ਏਹੁ ਸਲਾਹ: ਸੰਗਤਿ ਜਾਏ ਰਾਮਦਾਸਪੁਰ ਮਾਹ।
ਏਹ ਰਲਿ ਮਿਲਿ ਸਭਨਾਂ ਠਹਰਾਈ: ਮੇਲਾ ਲਗੇ ਅੰਮ੍ਰਿਤਸਰ ਜਾਈ।੭।

ਇਹੁ ਬਾਤ ਇਥੇ ਨਿਬੜ ਗਈ। ਅਗੇ ਹਕੀਕਤਿ ਪੰਥ ਪਰੁ ਜਾਇ ਪਈ।
ਮਾਮਾ ਜੀ ਨੂੰ ਸਭਨਾਂ ਐਸੇ ਕੀਆ ਬਖਾਨ: "ਜੋ ਆਪ ਉਥੇ ਅੰਮ੍ਰਿਤਸਰ ਜੀ ਮਾਮਾ ਜੀ ਜਾਨ"।੮।

ਤਬ ਮਾਮਾ ਜੀ ਦਿੱਲੀਓਂ ਅੰਮ੍ਰਿਤਸਰ ਜੀ ਆਏ। ਸੰਮਤ ਸਤਾਰਾਂ ਸੈ ਚਉਰਾਸੀ ਜਬ ਜਾਏ।
ਨਾਲਿ ਸੱਤ ਆਦਮੀ ਸਰਕਾਰ ਦੇ ਲੈ ਆਏ।
ਅਗੇ ਇਥੇ ਪੂਜਾ ਥੋੜ੍ਹੀ ਬਹੁਤੀ ਗੋਦੜ ਫਕੀਰ ਖਾਏ।੯।

ਫਕੀਰ ਗੋਦੜ ਪਿਛੇ ਅਪਨਾ ਬਾਗ ਹੈਸੀ ਲਵਾਇਆ।
ਗੁਰੂ ਕੇ ਬਾਗ ਨਾਲਿ ਬਾਗੁ, ਜਿਥੇ ਹੁਣ ਸੰਤੋਖ ਦਾਸ ਅਖਾੜਾ ਹੈ ਪਾਇਆ।
ਫੇਰ ਮਾਮਾ ਕ੍ਰਿਪਾਲ ਸਿੰਘ ਜੀ ਅੰਮ੍ਰਿਤਸਰ ਜੀ ਆਏ।
ਰਮਦਾਸਪੁਰੇ ਦੇ ਪੈਂਚ ਮਿਲੇ ਸਭ ਜਾਇ।੧੦।

ਮੋਹਣ ਮਲੁ ਤੇ ਭਾਗ ਮਲੁ, 'ਲੰਮ'
ਹਿਰਦਾ ਕੈਸਰ, ਜੈਕਿਸ਼ਨ, ਜੀਤੂ ਮਲੁ, ਪਥਰੀਆ ਚਉਧਰੰਮਾ ਕੰਮ।
ਸਿਆਮ ਭਾਬੜਾ, ਸਿਆਮ ਜੁਲਕਾ,
ਗੁਰਦਿਆਲ, ਮੋਹਣ ਕਲਿਆਣਾ ਪਾਸੀ, ਗੁਰਦਾਸ ਦੁੱਗਲ ਕਾ।੧੧।

ਬਖਤਿ ਸਿੰਘ, ਸੁਖਦੇਵ ਜ਼ਿਮੀਦਾਰ ਕਿਰਪਾਲਾ ਖੋਦਾ ਦਇਆ ਸਿੰਘ, ਸੰਘਰੁ।
ਰਾਮਚੰਦੁ ਕਦੁ ਹੋਰੁ ਸੋਇਨੀ, ਨਯੜ ਸ਼ੀਂਗਾਰੀ, ਉਹਰੀ, ਜਾਇ ਬੈਠੇ ਅਗੇ ਹਰਿ ਮੰਦਿਰ।
ਚੂਹੜ ਮੱਲ ਓਹਰੀ, ਬ੍ਰਿੰਦਾਵਨ, ਨੱਥੂ, ਬ੍ਰਹਮਣ ਮਧਰੇ,
ਪਾਂਧਾ ਮਨਸਾ, ਨਉਰੰਗਾ ਸੋਇਨੀ ਬਾਹੜੁ ਰਾਜ ਤਰਖਾਨ ਸਗਰੇ।੧੨।

ਨਗਰ ਲੋਕ ਬਹੁਤ ਮਿਲਿ ਆਏ। ਮੈਂ ਥਾ ਬਾਲਕੁ ਸਭ ਨਹੀਂ ਜਾਤ ਗਿਨਾਏ।
ਹੋਰ ਨਾਲ ਸਭ ਪੈਂਚ ਰਮਦਾਸਪੁਰੇ ਦੇ ਮਿਲ ਆਏ। ਮਾਮਾ ਜੀ ਕਰਿ ਆਦਰ ਤਿਨ ਲੀਏ ਬਹਾਏ।
ਸੰਗਤਿ ਦੇ ਮੇਲੇ ਦੀ ਹਕੀਕਤਿ ਸਮਝਾਈ।
ਪੈਂਚਾਂ ਕਹਿਆ, "ਬਹੁਤ ਹੱਛੀ ਜੁਗਤਿ ਹੈ ਠਹਰਾਈ"।੧੩।

ਮਾਮਾ ਕ੍ਰਿਪਾਲ ਸਿੰਘ ਜੀ ਕੋਈ ਕਾਲ ਅੰਮ੍ਰਿਤਸਰ ਜੀ ਰਹੇ। ਗੁਰੂ ਕੇ ਕੰਮ ਵਿਚਿ ਮੁਸੱਦੀ ਚਾਰ ਕਹੇ।
ਸਹਜ ਸਿੰਘ ਤ੍ਰਿਹਨਿ, ਚਬੂਤ੍ਰਾ ਜਗਾਤ। ਦਿਆਨਤ ਰਾਇ ਬ੍ਰਹਮਨ, ਕੰਮ ਗਿਰਾਵਾਂ ਦਾ ਦਿੱਤਾ ਥਾਪ।੧੪।

ਮਾਨ ਸਿੰਘ ਮੇਵੜਾ ਅਰੋੜਬੰਸ ਅਰਦਾਸ ਕਰੇ।
ਗੁਰਬਖਸ਼ ਸਿੰਘ ਛਿਬਰੁ ਬੇਟਾ ਧਰਮ ਚੰਦ ਦੀਵਾਨ ਦਾ, ਦਰੋਗਾ ਕਰਿ ਧਰੇ।
ਗਾਉਖਾਨਾ, ਖਜ਼ਾਨਾ, ਹੋਰ ਕਾਰਖਾਨਾ, ਸਭਨਾਂ ਦਾ ਦਰੋਗਾ।
ਜੋ ਕਛੁ ਖਜ਼ਾਨਾ ਪੂਜਾ ਦਾ ਦਰਬਾਰਿ ਚੜ੍ਹਿਆ ਹੋਗਾ।੧੫।

ਤਿਸ ਦੀ ਏਹੁ ਜੁਗਤਿ ਠਹਰਾਈ : ਗਿਣਿ ਮਿਣਿ ਤੋਲਿ ਹੱਟੀ ਸਿਆਮ ਭਾਬੜੇ ਦੀ ਪਾਣਾ ਜਾਈ।
ਸਦਾ ਬ੍ਰਤ ਜੋ ਕੋਈ ਸਾਧ ਸੰਤ ਸਿੱਖ-ਫਕੀਰ ਪਰਦੇਸੀ ਆਵੈ;
ਤਿਸ ਦੀ ਏਹੁ ਜੁਗਤਿ ਠਹਰਾਈ, ਸੋ ਸੀਂਧਾ ਭੋਜਨ ਦਿਨ ਪਹਲੇ ਗੁਰੂ ਕੇ ਘਰੋਂ ਪਾਵੈ।੧੬।

ਰਾਜ ਚਾਰ ਹਮੇਸਾ ਲੱਗੇ ਰਹਿਨ। ਅਧੇਲੀ ਰੋਜ਼ ਤਿਨ੍ਹਾਂ ਦਾ ਕਹਨ।
ਸੂਰਦਾਸ, ਲੰਙਾ, ਬੁੱਢਾ, ਹੀਣਾ, ਅਰਥੀ ਸਿੱਖ ਹੋਵੈ ਕੋਈ।
ਰੋਜ਼ਾ[1] ਠਹਰਾਇ ਦਿਤੇ ਲਵੇ ਦਰਬਾਰੋਂ ਸੋਈ।੧੭।

---

੧. ਰੁਜ਼ੀਨਾ ਮੁਕੱਰਰ।

ਹੋਰੁ ਮਾਈ ਬੁੱਢੀ-ਠੇਗੀ ਸਿਖਣੀ ਗੁਰੂ ਕੇ ਘਰਿ ਦੀ ਜੋ ਹੋਵੈ। ਸੋਈ ਭੋਜਨ ਮਾਤ੍ਰ[1] ਦਰਬਾਰੋਂ ਲੇਵੈ।
ਇਸ ਖਰਚ ਤੇ ਦੇ ਲੈ ਵਧੇ ਜੋ ਮਾਇਆ;
ਮਹੀਨੇ ਕਾਮਿਆਂ, ਮੁਸੱਦੀਆਂ, ਦਰੋਗਿਆਂ ਦੇ ਠਹਰਾਇਆ।੧੮।

ਜੋ ਸਭ ਖਰਚ ਕਰਿ ਕੇ ਕਉਡੀ, ਦਮੜੀ ਵਧ ਰਹੇ। ਤਿਸ ਦੀ ਹੁੰਡੀ ਕਰਿ ਦਿੱਲੀ ਭੇਜਿਆ ਚਹੇ।
ਟਕੇ ਗਿਰਾਂਵਾਂ ਦੇ, ਪੈਸਾ ਜਗਾਤ ਦਾ ਜੋ ਆਵੈ।
ਸੋ ਹੁੰਡੀ ਕਰਾਇ ਕੇ ਲਹੌਰ ਦੀ, ਖਾਨ ਸਿੰਘ ਕਲਾਲ ਲੈ ਕੇ ਦਿੱਲੀ ਜਾਵੈ।੧੯।

ਐਸੀ ਜੁਗਤਿ ਮਾਮੇ ਜੀ ਠਹਰਾਈ। ਧੰਨੁ ਧੰਨੁ ਕਹਨੇ ਲਗੀ ਸਭੁ ਲੁਕਾਈ।
ਤਬ ਭਾਈ ਮਨੀ ਸਿੰਘ ਜਾਤੀ ਕੰਬੋਅ ਕਹੀਐ।
ਸੋ ਆਇ ਮਿਲੇ ਜਿਨ ਕੇ ਸਮ ਸਿੱਖ ਕੋਈ ਐਸਾ ਗੁਰੂ ਕਾ ਨ ਲਹੀਐ।੨੦।

ਕੋਈ ਕਾਲ ਮਾਮੇ ਜੀ ਪਾਸ ਮਨੀ ਸਿੰਘ ਜੀ ਰਹੇ।
ਤਬ ਤਾਰਾ ਸਿੰਘ ਵਾਸੀ ਡਲ-ਵਾਂਇ ਸਭ ਕਹੇ।
ਗੁਲਾਬ ਸਿੰਘ ਵਾਸੀ ਸਾਂਙਣਾ ਗਿਰਾਉਂ ਦਾ ਅਹੇ।
ਭਾਈ ਬਖਸ਼ ਸਿੰਘ ਮੈਣੀ ਹੋਰ ਸਿਖ ਪਰਦੇਸੀ, ਮਾਮੇ ਜੀ ਪਾਸ ਆਇ ਰਹੇ।੨੧।

ਜਦਿ ਏਹ ਜੁਗਤਿ ਮਾਮਾ ਜੀ ਕਰਿ ਟੁਰ ਗਏ। ਤਬ ਚਉਬੰਦਾ ਜੀ ਪ੍ਰਗਟਿ ਹੋਤ ਭਏ।
ਅਤੇ ਸਿਖ ਭੀ ਚਉ ਭਾਂਤੀਏ ਹੋਇ ਆਏ।
ਇਕ ਅਕਾਲ ਪੁਰਖੀਏ, ਦੂਜੇ ਬੰਦਈਏ ਕਹਾਏ।੨੨।

ਤੀਜੇ ਜੀਤ ਮੱਲੀਏ, ਚਉਥੇ ਚਉਬੰਦੀਏ ਹੋਏ। ਲਗੇ ਆਪਸ ਵਿਚਿ ਖਹਿਨ ਬੁੰਗੇ ਬਣਾਇ ਖੜੋਏ।
ਤੀਰਥ ਹੈਸੀ ਜਾਗ੍ਹਾ ਪੂਜਾ ਕਰਨੇ ਦੀ। ਇਥੇ ਬਣੇ ਬੁੰਗੇ ਸਲਾਹਿ ਠਹਰੀ ਲੜਨੇ ਮਰਨੇ ਦੀ।੨੩।

ਬੰਦਾ ਸਾਹਿਬ ਕੋਈ ਕਾਲ ਈਹਾਂ ਰਹੇ। ਆਹੇ ਸਾਧ-ਫਕੀਰ ਨਿਰਲੇਪੀ ਅਹੇ।
ਇਥੇ ਡਿੱਠਾ ਸ਼ੋਰ-ਹੰਗਾਮਾ ਚੜ੍ਹ ਪਹਾੜੀਂ ਗਏ। ਜਾਇ ਭਿੰਬਰ ਡੇਰਾ ਕਰਿ ਲਏ।੨੪।

'ਝੰਡੇ ਬੁੰਗੇ' 'ਬੰਦਈਏ','ਅਕਾਲ ਬੁੰਗੇ' 'ਅਕਾਲ ਪੁਰਖੀਏ' ਮਾਮਾ ਜੀ ਭੀ ਦੇਵਪੁਰਿ ਨੂੰ ਸਿਧ ਕਰੁ ਗਏ।
ਏਹੁ ਗੁਰੂ ਕੀ ਜਾਗ੍ਹਾ ਗੁਰੂ ਕਾ ਨਗਰ ਪੰਥ ਦੀ ਖਬਰ ਕਉਨ ਲਏ।
ਭਾਈ ਕਾਨ੍ਹ ਸਿੰਘ ਤ੍ਰਿਹਨ ਹੋਏ। ਉਹ ਭੀ ਸਿਖਾਂ ਨੂੰ ਉਪਦੇਸ਼ ਕਰਿ ਕਰਿ ਹਟਿ ਖੜੋਏ।੨੫।

ਇਕ ਆਖਣ, 'ਵਾਹਗੁਰੂ ਜੀ ਕੀ ਫਤੇ'। ਇਕ ਆਖਣ, 'ਫਤੇ ਦਰਸ਼ਨੁ'।
ਇਹ ਬੋਲੀਆਂ ਕਰਿ ਕਰਿ ਆਪਸ ਵਿਚਿ ਲੜਸਨਿ।
ਸਿਖ, ਸਿਖਾਂ ਨੂੰ ਆਪਸ ਵਿਚਿ ਮਾਰਨ ਗੋਲੀਆਂ ਤੇ ਤਰਵਾਰਾਂ।
ਮੇਲਾ ਜਾਵੈ ਲੁੱਟਿਆ ਸਿਖ ਮਰਨ ਹਜ਼ਾਰਾਂ।੨੬।

ਕੋਈ ਕਾਲ ਐਸੇ ਹੋਵਤ ਭਇਆ। ਅਗਲੀ ਜੁਗਤਿ ਅਤੇ ਚਲਣ ਸਭ ਛੁਟਿ ਗਿਆ।
ਅਗੇ ਮੇਲੇ ਬੀਤਿਆਂ ਕੋਈ ਨਹੀਂ ਸੀ ਪਿਛੇ ਰਹਿੰਦਾ।
ਇਕ ਨਗਰ, ਦੂਜੇ ਤੀਰਥ ਨਾ ਕੋਈ ਲੜੇ ਭਿੜੇ, ਨਾ ਕੋਈ ਕਿਸੇ ਨਾਲਿ ਖਹਿੰਦਾ।੨੭।

---

੧. ਰੁਜ਼ੀਨਾ, ਖ਼ਰਚਾ।

ਸਮਾ ਪਾਇ ਅਕਾਲ ਪੁਰਖੀਏ ਵਧ ਗਏ। ਬੰਦੇ ਦੇ ਸਿਖ ਬੰਦਈਏ ਘਟਿ ਗਏ।
ਮੇਲਿਓਂ ਪਿੱਛੇ ਅਕਾਲ ਬੁੰਗੇ ਉਪਰ ਲਗੇ ਰਹਿਨ।
ਤੁਰਕ ਆਹੇ ਡਰੇ ਹੋਏ ਬੰਦੇ ਪਾਸੋਂ ਲੱਗੇ ਆਖਨ: ਮਤਿ ਏਹੁ ਜਮੀਯਤੁ ਕਰਿ ਬਹਨਿ।੨੮।

ਇਨ੍ਹਾਂ ਨੂੰ ਇਕੱਠੇ ਹੋਣ ਨ ਦੀਜੈ। ਜੋ ਰਹਿਨ ਪਿਛੇ ਤਿਨ੍ਹਾਂ ਨਾਲਿ ਚਲਿ ਜੁੱਧ ਕਰੀਜੈ।
ਚਿਰੰਕਾਲ ਇਸੇ ਤਰ੍ਹਾਂ ਹੋਂਦੀ ਰਹੀ। ਤੁਰਕ ਆਵਨ ਲੜਨ ਮਰਨ ਨੱਸ ਜਾਵਨ ਕਹੀਂ।੨੯।

ਅਗੇ ਪੰਜ ਸਤ ਰਹਿੰਦੇ ਆਹਿ ਬਹੁਤੁ ਲਗੇ ਰਹਿਨ।
ਕਰਨ ਸੇਵਾ ਪੂਜਾ ਭਜਨ ਨਾਲਿ ਤਿਨ੍ਹਾਂ ਦੇ ਤੁਰਕ ਖਹਿਨ।
ਲੜਨ ਮਾਰਨ ਮਰਨ ਪਕੜਿ ਲੈ ਜਾਵਨਿ। ਸੂਲੀ ਫਾਹੇ ਤਖਤਿਆਂ ਵਿਚਿ ਚਿਰਾਵਨ।੩੦।

ਲੱਖ ਹਜ਼ਾਰ ਸਿਖ ਤੁਰਕਾਂ ਖਪਾਏ। ਪਰੁ ਪੰਥ ਡਾਢੇ ਦਾ ਵਧਦਾ ਜਾਏ।
ਸੰਮਤੁ ਸਤਾਰਾਂ ਸੈ ਅਠਾਸੀ ਜਬ ਗਏ।
ਤਬ ਮਾਤਾ ਸਾਹਿਬ ਦੇਈ ਜੀ ਦਿੱਲੀਉਂ ਸੁਰਪੁਰਿ ਨੂੰ ਸਿਧ ਕਰਤੇ ਭਏ।੩੧।

ਮਾਮਾ ਜੀ ਅਗੇ ਹੀ ਆਹੇ ਦੇਵ ਲੋਕ ਨੂੰ ਸਿਧਾਰੇ।
ਅਗਲੀਆਂ ਜੁਗਤਾਂ ਅਤੇ ਰਹਿਤਾਂ ਤਜਿ ਨਵੇਂ ਧਾਰੇ।
ਖਲਕ[1] ਪਿਆਰ, ਰਹਿਤ, ਮੁਹੱਬਤਿ ਘਟਿਆ ਬਿਬੇਕ।
ਪਰ ਫੇਰ ਪੰਥ ਗੁਰੂ ਕਾ ਚੰਗੇ ਬਹੁਤੁ ਮੰਦਾ ਕੋਈ ਏਕ।੩੨।

ਬੰਦਈਏ ਗਏ ਘਟਿ, ਜੀਤ ਮੱਲੀਏ ਰਹੇ ਦਿੱਲੀ।
ਚਉਬੰਦਾ ਸਾਹਿਬ ਗਿਆ ਟੁਰ, ਤਿਨ੍ਹਾਂ ਦੀ ਗੱਲ ਪਈ ਢਿੱਲੀ।
ਰਹੇ ਅਕਾਲ ਪੁਰਖੀਏ ਹੀ ਆਇ।
ਮੇਲਾ ਹੋਵੈ ਧਰਮੁ ਦਾ ਨਾ ਚੋਰ ਯਾਰੁ ਨ ਰਾਹਿ ਕੋਈ ਕਿਸੇ ਦੇ ਜਾਇ।੩੩।

ਤ੍ਰੈ ਚਾਰਿ ਮੇਲੇ ਉਪਰਿ ਫਿਰਨ ਭੰਡਾਰੇ। ਆਟਾ ਦਾਲ ਘਿਉ ਗਰੀਬਾਂ ਨੂੰ ਦੇਵਨਹਾਰੇ।
ਹਥਿ ਜੋੜਿ ਅਧੀਨ ਹੋਇ ਸੰਗਤਾਂ ਨੂੰ ਸੀਧਾ ਦੇਵਨ।
ਕਿਰਤੀ ਸਿਖ ਨਹੀਂ ਲੈਨਿ, ਗਰੀਬ ਅਨਾਥ ਸੀਧਾ ਲੇਵਨ।੩੪।

ਦਿੱਲੀ ਦਰਬਾਰੋਂ ਮਾਤਾ ਸਾਹਿਬ ਦੇਈ ਜੀ ਭੀ ਕਰਿ ਗਏ ਸਵਾਰਾ।
ਪਿੱਛੇ ਰਹੀ ਬੇਬੇ ਗੁਲਾਬੋ, ਮਲੂਕ ਸਿੰਘ ਟਹਿਲੀਆ ਡੇਰਾ ਭਾਰਾ।
ਹਉਲੀ ਹਉਲੀ ਸਭ ਟੁਰਦੀ ਗਈ। ਬਾਜ਼ੀ ਆਇ ਪੰਥ ਪਰ ਪਈ।੩੫।

ਤੇਰ੍ਹਵਾਂ ਚਰਨ ਭੀ ਆਇ ਸੰਪੂਰਨ ਭਇਆ।
ਸਿੰਘ ਕੇਸਰ 'ਛਿੱਬਰ' ਜੋ ਡਿੱਠਾ ਅੱਖੀਂ ਸੋ ਕਹਿਆ।
ਅਬ ਸੁਣੋ ਚਉਧਵੇਂ ਚਰਨ ਹੁਣ ਦਾ ਵਰਤਾਰਾ। ਅੰਗ ਹੋਏ ਸਭ ਛੱਤੀ ਰਹਹੁ ਵਿਚਾਰਾ।੩੬।

—o—

੧. ਨੇਕੀ, ਭਲਿਮਾਣਸੀ।

# (੧੪) ਚਉਧਵਾਂ ਚਰਣ—ਪੰਥ ਦੇ ਸਮਾਚਾਰ

**ਦੋਹਰਾ**—ਤੁਰਕਾਂ ਨੂੰ ਚਿੰਤਾ ਭਈ, ਦੇਖ ਧਰਮ ਕਾ ਪ੍ਰਤਾਪੁ।
ਸਿੱਖਾਂ ਨੂੰ ਦੇਖ ਲਗੇ ਸੜਨ, ਹੋਵਹਿ ਅਕਾਲ ਦਾ ਜਾਪੁ।੧।

**ਚਉਪਈ**—ਤੁਰਕਾਂ ਨੂੰ ਕਰਮਾਂ ਦੀ ਮਾਰ, ਦੇਖ ਨ ਸਕਣ।
ਭੇਜਣ ਫਉਜਾਂ ਲੜਨਿ ਸਿਖ ਭੀ ਨਾ ਅੱਕਣ।
ਤੁਰਕ ਸਿਖਾਂ ਨੂੰ ਅੰਮ੍ਰਿਤਸਰ ਰਹਿਣ ਨ ਦੇਵਨਿ। ਸਿਖ ਭੀ ਅਪਨੇ ਗੁਰਦੁਆਰੇ ਨੂੰ ਸੇਵਨਿ।੨।

ਪੂਰਨ ਪੁਰਖੁ ਬਚਨ ਕੀਤਾ ਸੀ ਆਪ ਦਸਵੇਂ ਪਾਤਸ਼ਾਹੁ।
'ਪੰਥ ਹੈ ਗੁਰੂ ਕਾ ਮੈਂ ਆਪ ਰਹਾਂਗਾ ਪੰਥ ਵਿਚ ਸਿਪਾਹ।
ਮੈਂ ਆਪ ਪੰਥ ਨੂੰ ਪਕੜਾਏ ਹੈਨਿ ਹਥਿਆਰ।
ਮਾਰਾਂਗਾ ਕੁਬੁਧੀਏ ਪਕੜ ਗਿਰਾਊਂ ਮਾਰ ਮਾਰ'।੩।

ਕਾਨ੍ਹ ਸਿੰਘ ਤ੍ਰਿਹਨ ਗੋਇੰਦਵਾਲੋਂ ਗੁਰੂ ਕੀ ਅਉਲਾਦ।
ਸਿਰਦਾਰ ਸਿਖ ਆਇ ਬੈਠਾ ਬੁੰਗੇ ਆਪ।
ਸਿਖ ਵਾਸੀਆਂ[1] ਦੇ ਮੇਲੇ ਉਪਰਿ ਪਰਦੱਖਨਾ ਦੇ ਦੇ ਆਏ।
ਇਕ ਸਿਖ ਸਨਮੁਖ ਜਾਂਦਾ, ਸਿਖਾਂ ਨੂੰ ਮਿਲਿਆ ਗਲਿ ਲਾਏ।੪।

ਸਿਖ ਉਸ ਨੂੰ ਗਲਿ ਮਿਲੇ ਪਿਆਰ ਨਾਲਿ ਧਾਇ; ਕਰਿ ਕਰਿ ਪ੍ਰੀਤਿ ਅਧਿਕਾਇ।
ਜਦਿ ਮਿਲ ਮਿਲ ਜੁਦਾ ਹੋਇ ਛੁਟੇ;
ਕਾਨ੍ਹ ਸਿੰਘ ਜੀ ਹੋਰਾਂ ਡਿਠਾ ਉਸ ਨੂੰ ਜਾ ਸਭਾ ਸਿਖ ਮੁਟੇ।੫।

ਭੇਜ ਕੇ ਆਦਮੀ ਸੋ ਸਿਖ ਬੁਲਾਇਆ।
ਕਾਨ੍ਹ ਸਿੰਘ ਜੀ ਹੋਰਾਂ ਪੁੱਛਿਆ: "ਸਿਖਾ! ਤੂ ਕਉਨ ਸਿਖ, ਕੀ ਜਾਤਿ ਕਹਾਇਆ?"
ਸਿਖ ਬਹੁਤੁ ਸ਼ਰਮਿੰਦਾ ਹੋਇ ਖਲੋਤਾ।
ਫਿਰ ਸਿੰਘ ਜੀ ਹੋਰਾਂ ਆਖਿਆ: "ਸਿਖਾ ਤੂ ਕਉਨ ਸਿਖ ਹੋਤਾ"।੬।

ਤਬ ਤਿਨ ਕਹਿਆ: "ਜੀ ਮੈਂ ਸਿਖ ਹਾਂ ਮਜ਼ਬੀ।"
ਤਬ ਸਿੰਘ ਜੀ ਹੋਰਾਂ ਉਹੁ ਸਿਖ ਸੱਦਿ ਭੇਜੇ ਤਦਬੀ।
ਉਹ ਸਿਖ ਵਾਸੀਆਂ ਵਾਲੇ ਸਭੇ ਆਏ। ਜੇਹੜੇ ਗਲਿ ਮਿਲੇ ਆਹੇ ਧਾਇ ਧਾਇ।੭।

---

੧. ਸ਼ਹਿਰ ਦੇ ਵਸਨੀਕ।

ਬਚਨ ਕੀਤਾ : "ਭਾਈ ਸਿਖੋ! ਏਸ ਸਿਖ ਦੇ ਤੁਸੀਂ ਮਹਿਰਮੁ ਹੋ?"
ਤਿਨ੍ਹਾਂ ਸਭਨਾਂ ਕਹਿਆ, "ਜੀ ਆਹੋ।"
ਬਚਨ ਕੀਤਾ : "ਏਹ ਕਉਨ ਸਿਖ ਹੈ, ਕਿਆ ਇਸ ਦੀ ਹੈ ਜਾਤਿ?"
ਤਿਨ੍ਹਾਂ ਕਹਿਆ, "ਜੀ ਜ਼ਿਮੀਦਾਰੁ ਸਿਖ ਸੰਧੂ ਕਹਾਤਿ"।੮।

ਤਬ ਤਿਨ੍ਹਾਂ ਸਿਖਾਂ ਦੇ ਰੋਬਰੋ ਫੇਰ ਸਿਖ ਨੂੰ ਪੁੱਛਿਆ :
"ਭਾਈ ਸਿਖਾ! ਕੀ ਜਾਤਿ ਹੈ ਤੇਰੀ?" ਤਿਨ ਮਜ਼੍ਹਬੀ ਦਸਿਆ।
ਸਿਖ ਵਾਸੀ ਵਾਲੇ ਸੁਣ ਕੇ ਭਏ ਹੈਰਾਨ।
ਤਿਨ੍ਹਾਂ ਸਿਖਾਂ ਕਹਿਆ : "ਜੀ ਇਸ ਸਾਡੇ ਨਾਲਿ ਵਰਤਨਿ ਕੀਤੀ ਹੈ ਖਾਨ ਪਾਨ"।੯।

ਸਭਨਾਂ ਸਿਖਾਂ ਚਉਂਕੇ ਬਿਠਾਇ ਪ੍ਰਸਾਦ ਹੈ ਖਵਾਇਆ।
ਥਾਲੀ ਵਿਚਿ ਪ੍ਰਸਾਦੁ, ਕਟੋਰੇ ਪਾਣੀ ਹੈ ਪੀਵਾਇਆ।
ਇਸ ਸਿੱਖ ਨੇ ਕਹਿਆ : "ਮੈਂ ਜ਼ਿਮੀਦਾਰ ਸਿੱਖ ਹਾਂ; ਵਾਸੀ ਮੇਰੀ ਅੰਮ੍ਰਿਤਸਰ।"
ਸਿਖਾਂ ਸਭਨਾਂ ਟਹਲ ਹੈ ਕੀਤੀ ਪ੍ਰਸਾਦੁ ਘਰਿ ਬ-ਘਰਿ।੧੦।

ਸਿੰਘ ਜੀ ਹੋਰਾਂ ਕਹਿਆ : "ਕਿਉਂ ਭਾਈ! ਤੂ ਏਹੁ ਕਿਆ ਕਰਤ ਭਇਆ?"
ਤਿਨ ਕਹਿਆ : "ਜੀ ਮੈਂ ਭੁੱਲ ਹਾਂ ਗਇਆ।"
ਬਚਨ ਕੀਤਾ : "ਤੂੰ ਨਹੀਂ ਭੁਲਾ, ਭੁਲੇ ਹੈਨ ਏਹੁ।
ਇਨ੍ਹਾਂ ਬਿਰਦ ਗੁਰੂ ਕਾ ਹੈ ਡਿਠਾ, ਨਹੀਂ ਡਿਠੀ ਤੇਰੀ ਦੇਹ।੧੧।

ਭਾਈ ਸਿਖਾ! ਤੂੰ ਕੀਕੂ ਭੁੱਲ ਹੈਂ ਗਿਆ।
ਤੁਧ ਅਪਨਾ ਮਾਤਾ ਪਿਤਾ ਭੈਣ ਭਾਈ ਸ਼ਰੀਕ ਸਕਾ ਦੇਖ ਨਹੀਂ ਲਿਆ?
ਜਿਨ੍ਹਾਂ ਦੇ ਘਰਿ ਤੂ ਜੰਮਿਆ, ਵੱਡਾ ਹੋਇ ਕੇ ਖਾਂਦਾ ਪੀਂਦਾ ਵਰਤਦਾ ਰਿਹਾ।
ਉਹੁ ਤੈਨੂੰ ਅਪਨਾ ਪਰਵਾਰੁ ਅਤੇ ਜਨਮੁ ਭੁੱਲ ਕੀਕੂੰ ਗਿਆ।੧੨।

ਭੁਲੇ ਹੈਨ ਸਿਖ ਗੁਰੂ ਕਾ ਬਿਰਦੁ ਪਛਾਨ। ਤੂ ਕਿਉਂ ਭੁੱਲਾ ਤੂ ਤਾਂ ਆਹੋ ਸੁਜਾਨ।
ਤੁਧ ਜਾਨਿ ਬੁਝਿ ਕੇ ਇਹੁ ਕੰਮ ਹੈ ਕੀਤਾ।
ਭੁਲੇ ਹੈਨ ਸਿਖ, ਜਿਨ੍ਹਾਂ ਬਿਰਦ ਗੁਰੂ ਕਾ ਦੇਖ ਲੀਤਾ"।੧੩।

ਬਿਰਦ ਪਿਛੇ ਸਿਖ ਹੈਨ ਭੁੱਲੇ, ਸੋ ਬਿਰਦ ਗੁਰੂ ਕੀ ਦੇਹ। ਫੇਰ ਕੋਈ ਐਸੀ ਕਰੇ ਨ ਏਹ।
ਬੁਲਾਇ ਨਾਈ, ਤਿਸ ਦੇ ਕੇਸ ਲੁਹਾਏ। ਚਾੜ੍ਹਿ ਖਰ[1] ਪਰ ਦਿਤਾ ਨਗਰ ਫਿਰਾਏ।੧੪।

ਸਰ ਟੁੰਡੇ ਦੇ ਸੋ ਫਾਂਸੀ ਲਾਇਆ।
ਅਤੇ ਸਿਖਾਂ ਵਾਸੀ ਵਾਲਿਆਂ ਨੂੰ ਇਹੁ ਬਚਨੁ ਸੁਣਾਇਆ[2]।
ਤੁਸੀਂ ਕਰੋ ਜੱਗੁ ਗੁਰਪੁਰਬੁ ਪ੍ਰਸਾਦੁ।
ਤੁਸੀਂ ਭੁਲੇ ਗੁਰੂ ਕੇ ਬਿਰਦ ਪਿਛੇ, ਤੁਸਾਂ ਨੂੰ ਕੁਛ ਨਹੀਂ ਇਸ ਦਾ ਦਾਗੁ।੧੫।

---

੧. ਖੋਤਾ, ਗਧਾ। ੨. ਇਹ ਘਟਨਾ ਬ੍ਰਾਹਮਣੀ ਪ੍ਰਭਾਵ ਦਾ ਕੋਝਾ ਪ੍ਰਮਾਣ ਪੇਸ਼ ਕਰਦੀ ਹੈ ਕਿ ਜਿਸ ਖਾਲਸੇ ਨੂੰ ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਜਕੜ ਵਿਚੋਂ ਕੱਢਿਆ ਸੀ, ਉਹੀ ਜਕੜ ਉਨ੍ਹਾਂ ਦੇ ਦਿਲ-ਦਿਮਾਗ਼ ਨੂੰ ਰੋਗੀ ਬਣਾਈ ਬੈਠਾ ਹੈ।

ਇਸ ਗੱਲਿ ਦੀ ਚਰਚਾ ਵਾਸੀ ਵਿਚ ਕਿਸੇ ਨਹੀਂ ਕਰਣੀ। ਸਿਖੀ ਦੀ ਮਤਿ ਹਿਰਦੇ ਧਰਣੀ।
ਤੁਰਕ ਹੈਨਿ ਹੁੱਜਤੀ ਕੋਈ ਹੁੱਜਤ ਨ ਉਠ ਖਲੋਵੈ।
ਵਾਸੀ ਵਿਚ ਇਸ ਗੱਲਿ ਦੀ ਚਰਚਾ ਮੂਲ ਨਾ ਹੋਵੈ।੧੬।

ਸਭਨਾਂ ਸਿਖਾਂ ਕਹਿਆ, "ਜੀ ਬਹੁਤੁ ਹੱਛਾ ਕੀਤਾ ਇਸ ਨੂੰ ਦਿੱਤੀ ਸਜ਼ਾਇ।
ਬਹੁੜਿ ਨ ਕੋਈ ਐਸਾ ਕਰਮੁ ਕਮਾਇ।"
ਐਸਾ ਡਰੁ ਅਤੇ ਅਦਬੁ ਗੁਰਸਿਖੀ ਦਾ ਭਇਆ।
ਜੋ ਕੋਈ ਕਿਸੇ ਦੀ ਵਸਤੁ ਡਿਗੇ, ਤਾਂ ਪਈ ਰਹੇ, ਕੋਈ ਨ ਲਇਆ।੧੭।

ਅਗੇ ਫੇਰ ਬਰਸ ਰੋਜ਼ ਨੂੰ ਮੇਲਾ ਵਿਸੋਏ ਦਾ ਆਇਆ।
ਸੰਗਤ ਖਾਲਸਾ ਦੀਦਾਰ ਮੇਲੇ ਨੂੰ ਬਹੁਤੁ ਆਇਆ।
ਮੇਲਾ ਸ੍ਰੀ ਅੰਮ੍ਰਿਤਸਰ ਜੀ ਹੱਛਾ ਭਰਿਆ। ਕਰਨਹਾਰ ਕਿਆ ਕਉਤਕ ਕਰਿਆ।੧੮।

ਚੂਹੜ ਮਲੁ ਖਤ੍ਰੀ ਜਾਤਿ ਓਹਰੀ ਵਸੇ ਰਮਦਾਸਪੁਰੇ।
ਤਿਸ ਦੇ ਦੁਇ ਪੁਤ੍ਰ—ਇਕ ਰਾਮਜੀ ਮਲੁ ਸੇਵਕੁ, ਦੂਜਾ ਮੁਹਕਮ ਸਿੰਘ ਕੇਸ ਧਰੇ।
'ਸਰ ਟੁੰਡੇ' ਦੇ ਪਾਸ ਆਹਾ ਬਾਗ ਓਹਰੀਆਂ ਦਾ ਚਿਮਨ ਅਰਾਮੁ।
ਤਹਾਂ ਪੱਕੇ ਤੂਤ ਝੜਾਏ, ਰਾਮਜੀ ਮੱਲ ਜਿਸ ਦਾ ਨਾਮੁ।੧੯।

ਤਿਨ ਕਹਿਆ: "ਮੈਂ ਦਿਜ ਹੈਨ ਨਿਉਂਤੇ, ਤੂਤ ਭੀ ਮਣਸਾਂ ਨਵਾਂ ਫਲੁ।"
ਭੇਜੇ ਆਦਮੀ ਤੂਤ ਝੜਾਵਣਿ ਗਏ ਚਲ।
ਉਨ੍ਹਾਂ ਤੂਤ ਜਾਲ ਵਿਚਿ ਝਾੜੇ ਆਹੇ। ਸਿਖ ਭੀ ਗਏ ਪੰਜ-ਸੱਤ ਬਾਗ ਮਾਹੇ।੨੦।

ਸਿਖਾਂ ਤੂਤ ਮੰਗੇ ਮੁੱਲ, ਉਹ ਦੇਵਣ ਨਾਹੀਂ।
ਸਿਖਾਂ ਲੀਤੇ ਖੋਹਿ, "ਮੁੱਲ ਦੇਵਾਂਗੇ ਦੂਣਾ ਚਉਣਾ ਤਾਂਹੀ।"
ਆਦਮੀ ਗਏ ਉਠਿ, ਉਨ੍ਹਾਂ ਰਾਮਜੀ ਨੂੰ ਜਾਇ ਕਹਿਆ।
ਸਿਖਾਂ ਤੂਤ ਖੋਹਿ ਲੀਤੇ ਅਸੀਂ ਪੁਕਾਰ ਆਖ ਰਹਿਆ।੨੧।

ਹੋਣੀ ਬਲਵਾਨ, ਉਸ ਖਤ੍ਰੀ ਦੇ ਰਸਨੀਂ ਆਇ ਠਾਂਢੀ।
ਉਸ ਢਿਲ ਨ ਕੀਤੀ, ਚੜ੍ਹਿ ਘੋੜੇ ਗਿਆ ਲਹੌਰ ਫਰਿਆਦੀ।
ਚੜ੍ਹੀ ਫਉਜ ਆਇ ਪਈ ਲੜਾਈ। ਮੇਲਾ ਗਿਆ ਲੁਟਿਆ, ਸਿਖ ਸਭੇ ਘੇਰੇ ਜਾਈ।੨੨।

ਕੀ ਦਮੜੀ ਦੇ ਤੂਤ, ਜਿਨ੍ਹਾਂ ਕਲਹਿ ਮਚਾਈ। ਏਹੁ ਪਏ ਗੀਤ ਗਾਵੈ ਸਭ ਲੁਕਾਈ।
ਪੱਟੀ ਦਾ ਚੌਧਰੀ ਦੇਵਾ ਚੜ੍ਹਿ ਆਇਆ। ਨਾਲਿ ਦੀਵਾਨ ਹਰਿ ਸਹਾਇ ਚੜ੍ਹਾਇਆ।੨੩।

ਅਸਲਮ ਖ਼ਾਨ ਸੂਬਾ ਲਹੌਰ ਦਾ ਚੜ੍ਹਿ ਧਾਇਆ।
ਆਇ ਸਿਖਾਂ ਕਿਰਤੀਆਂ ਨਾਲਿ ਜੁਧੁ ਮਚਾਇਆ।
ਸਿਖ ਸਭ ਘੇਰੇ ਅੰਮ੍ਰਿਤਸਰ ਤੇ ਆਇ। ਗਿਰਦੇ ਫਉਜਾਂ ਬੈਠੀਆਂ ਘੇਰਾ ਪਾਇ[1]।੨੪।

---

੧. ਇਹ ਅੰਮ੍ਰਿਤਸਰ ਦੀ ਜੰਗ ੧੭੦੯ ਈ: ਦੀ ਵਿਸਾਖੀ ਨੂੰ ਹੋਈ, ਜਿਸ ਵਿਚ ਸਿੰਘ ਜਿਤੇ। ਅਸਲਮ ਖ਼ਾਂ ਲਾਹੌਰ ਦਾ ਨਾਇਬ ਨਾਜ਼ਮ ਸੀ ਤੇ ਹਰਿ ਸਹਾਇ ਪੱਟੀ ਦਾ ਮਾਲ ਅਫ਼ਸਰ। ਦਰਸ਼ਨ ਭਗਤ ਸਮਕਾਲੀ ਕਵੀ ਹੈ, ਜਿਸ ਨੇ 'ਵਾਰ ਅੰਮ੍ਰਿਤਸਰ ਕੀ' ਵਿਚ ਇਹ ਸਾਰਾ ਭੇੜਾ ਬਿਆਨ ਕੀਤਾ ਹੈ।

ਦਿਨ ਪੰਜ ਸੱਤ ਗੁਜ਼ਰੇ ਸਿਖ ਭੁਖੇ ਨ ਅੰਨੁ ਨ ਪਾਣੀ।
ਖਾਵੰਦ ਬਿਰਦ ਵਾਲੇ ਬਿਰਦ ਦੀ ਲਜਿ ਪਛਾਣੀ।
ਸ੍ਰੀ ਅੰਮ੍ਰਿਤਸਰ ਜੀ ਵਿਚੋਂ ਨਿਕਲੀ ਦਾਮਨ ਚੜ੍ਹੀ ਅਕਾਸ਼।
ਸਭ ਕਿਸੇ ਡਿਠੀ ਸਮ ਚੰਦ੍ਰਮੇ ਪ੍ਰਕਾਸ਼।੨੫।

ਕੜਕ ਕੇ ਪਈ ਲਸ਼ਕਰ ਮਝਾਰਿ। ਸਿਰ ਭੰਨ ਹਰਿ ਸਹਾਇ ਦਾ ਗਈ ਸਾੜ-ਬਾਰ।
ਫਿਰ ਹੱਲਾ ਕਰਿ ਸਿੰਘ ਧਾਇ ਪਏ। ਤੁਰਕ ਫਉਜ ਲੈ ਨੱਠ ਭਜਿ ਗਏ।੨੬।

ਸਿਖ ਆਹੇ ਕਿਰਤੀ (ਗੁਰੂ ਕੇ) ਧਰਮੁ ਦੀਆਂ ਮੂਰਤਾਂ।
ਅੰਦਰ ਗਊ ਦਾ, ਬਾਹਰਿ ਸ਼ੇਰ ਦੀਆਂ ਸੂਰਤਾਂ।
ਪਏ ਅਖਾਣ (ਅਤੇ) ਗੀਤ, ਜਗਤ ਸਾਰਾ ਇਹ ਭਾਖੇ :
'ਹਰਸਾ ਮਾਰਿਆ, ਦੇਵਾ ਨੱਠਾ, ਅਸਲਾਂ ਗਈ ਲਹੌਰ, ਖੰਡਾ ਜ਼ੋਰ ਸਿੰਘਾਨ ਦਾ' ਸਭ ਕੋਈ ਆਖੇ।੨੭।

ਏਹ ਅਖਾਣ-ਗੀਤ ਜਗਤ ਵਿਚਿ ਪਏ। ਸਤਿਗੁਰ ਅਪਣੇ ਬਿਰਦ ਦੀ ਕਿਉਂ ਨ ਰਖ ਲਏ।
ਆਦਿ ਅੰਤ ਰਖਦਾ ਹੈ ਆਇਆ, ਲੋਕਾਂ ਹੋਰੁ ਅਖਾਣ ਇਕ ਪਾਇਆ।੨੮।

'ਨੀ ਕੀ ਕਰੀਏ ਜੋਧਾਂ ਮਾਏ। ਤੇਰੇ ਸਿੰਘ ਜਵਾਈ ਆਏ।'
ਚੌਧਰੀ ਪੱਟੀ ਦੇ ਦੀ ਮਾਉਂ ਦਾ ਨਾਉਂ ਸੀ ਜੋਧਾਂ।
ਦੇਵਾ ਨੱਠਾ ਲੁਟਾਇ-ਪੁਟਾਇ, ਮਾਊ ਜੋਧਾਂ ਖੋਹਿਆ ਬੋਦਾ।੨੯।

ਜਗਤੁ ਜੇਹੀ ਦੇਖੇ, ਤੇਹੀ ਆਖੇ। ਬਿਰਦ ਪੈਜ ਵਾਹਗੁਰੂ ਆਪ ਰਾਖੇ।
ਗੁਰੂ ਕਾ ਸਿਖ ਕਰਮੁ ਸਿਖੀ ਦੇ ਕਰੇ। ਜਾਣ ਬੁਝ ਨਰਕ ਨ ਪਰੇ।੩੦।

ਰਾਜੁ ਮਾਇਆ ਦੇਖ ਕੇ ਭੂਲੇ ਨਾਹੀਂ। ਗ੍ਰੰਥ ਸਾਹਿਬ ਦੇ ਬਚਨ ਪੱਕੇ ਜਾਣੇ ਸੱਚ ਸਹੀ।
ਥਿਰ ਸਿਖੀ ਅਤੇ ਦਾਨ-ਪੁੰਨ ਧਰਮੁ ਏਹੁ ਰਹਿਸੀ।
ਜਗਤ ਹੈ ਆਰਸੀ, ਜੇਹਾ ਦੇਖੇਗਾ, ਤਿਹਾ ਕਹਿਸੀ।੩੧।

**ਪਉੜੀ**—'ਰਾਜੇ ਰਯਤਿ ਸਿਕਦਾਰ, ਕੋਇ ਨ ਰਹਸੀਓ॥ ਹਟ ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥ ਦਰਬਿ ਭਰੇ ਭੰਡਾਰ ਰੀਤੇ ਇਕ ਖਣੇ॥੩੨।

ਤਾਜੀ ਰਥ ਤੁਖਾਰ, ਹਾਥੀ ਪਾਖਰੇ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ॥੩੩।

ਗੁਰੂ ਕਾ ਸਿਖ ਦਾਤ ਗੁਰੂ ਕੀ ਜਾਣੇ। ਪਿਉ ਦਾਦੇ ਨਗੜਦਾਦੇ ਨੂੰ ਪਛਾਣੇ।
ਜਿਉ ਉਹ ਛਡਿ ਕੇ ਹੈਨਿ ਗਏ।
ਤਿਉ ਮੈਂ ਭੀ ਹੈ ਛਡਿ ਜਾਣਾ, ਏਹੁ ਪਦਾਰਥ ਇਥੇ ਹੀ ਰਹਿਸਨ ਪਏ।੩੪।

ਗੁਰੂ ਕਾ ਸਿਖ ਸੁਕ੍ਰਿਤ ਕੁਛ ਕਰਿ ਲਏ। ਸਾਸ ਨਿਤਾਪ੍ਰਤਿ ਹੈਨ ਜਾਂਦੇ ਪਏ।
ਗੁਰੂ ਕਾ ਸਿਖ ਤਤੀ ਤਤੇ ਦਾ ਸੰਗ ਨ ਕਰੇ।
ਗੁਰੂ ਕਾ ਸਿਖ ਤਤੇ ਨਾਲਿ ਹੇਤ ਨ ਕਰੇ।੩੫।

ਗੁਰੂ ਕਾ ਸਿਖ ਗੁਰੂ ਕੀ ਰਹਿਤ ਬਿਬੇਕ ਕਮਾਵੈ। ਗੁਰੂ ਕਾ ਸਿਖ ਪਰ-ਘਰਿ ਨ ਜਾਵੈ।
ਪਰੁ ਘਰਿ ਜਾਇ ਨ ਕੀਜੈ ਕਥਾ। ਏਹ ਹੈ ਸਤਿਗੁਰ ਕੀ ਨਥਾ।
ਗ੍ਰੰਥ ਬਚਨ ਏਹੁ ਸਤਿ ਕਰ ਜਾਨੋ। ਮੇਰਾ ਕਹਿਆ, ਰੰਚ ਨਾ ਮਾਨੋ।
ਜੋ ਦਸਵੈਂ ਪਾਤਸ਼ਾਹ ਦਾ ਸਿਖ ਅਖਾਵੈਗਾ। ਸੋ ਤਤੇ ਦੇ ਮਾਰਗ ਮੂਲ ਨ ਜਾਵੈਗਾ।੩੬।

ਤਬ ਤੁਰਕਾਂ ਬੇਪੀਰਾਂ ਰਮਦਾਸਪੁਰੇ ਥਾਣਾ ਠਹਿਰਾਇਆ। ਵਿਚਿ ਨਗਰ ਦੇ ਡੇਰਾ ਪਾਇਆ।
ਲਗੇ ਹੋਵਨ ਜੁੱਧ-ਲੜਾਈ। ਸਿਖ ਥੋੜੇ, ਮਲੇਛ ਬਹੁਤਾਈ।੩੭।

ਤੁਰਕ ਮਾਰਨ ਮਰਨ ਸਿਖਾਂ ਨੂੰ ਪਕੜਿ ਲੈ ਜਾਵਨ। ਛੱਟਾਂ ਵਿਚਿ ਸੀਵਨ, ਚਰਖੀ ਚਾੜ੍ਹਨਿ।
ਸਟਨ ਸੂਲੀ ਫਾਹੇ ਅੰਗੁ ਟੁਕਾਵਨ। ਬਹੁਤਿਆਂ ਦੇ ਧਰਮੁ ਗਵਾਵਨ।
ਸੰਗਤਾਂ ਲਗੇ ਲੁੱਟਨ ਮਾਰਨ ਖੋਹਨ। ਸਿਖਾਂ ਨੂੰ ਪਕੜਨ ਕੋਹਨ।੩੮।

ਇਕ ਸਮੇਂ ਵਜ਼ੀਰਾਬਾਦ ਸੰਗਤਿ ਲੁਟੀ ਬਹੁਤੁ ਮਾਰੀ।
ਲੱਜਾ ਸਿੰਘ ਬੰਮੀ ਲੜਿਆ, ਅਪਨੀ ਚੜ੍ਹਿ ਅਟਾਰੀ।
ਸਿਖਣੀਆਂ ਖੋਹਿ ਤੁਰਕਾਂ ਲੀਤੀਆਂ। ਬਹੁਤਿਆਂ ਸਿਖਾਂ ਦੀਆਂ ਕੱਢੀਆਂ ਅੱਖੀਆਂ।੩੯।

ਅੰਮ੍ਰਿਤਸਰ ਨਿੱਤ ਹੋਵੈ ਲੜਾਈ। ਮਾਝੇ ਵਿਚਿ ਫਿਰਨ ਫਉਜਾਂ, ਘਰਿ ਘਰਿ ਦੇਖਨ ਜਾਈ।
ਹਲਕਾਰੇ[1] ਛਿਛਰੇ ਢਕ ਦੇਖਦੇ ਫਿਰਨ। ਜੋ ਸਿਖ ਹਥਿ ਲਗੇ, ਸੋ ਜ਼ਿਬ੍ਹਾ ਕਰਨ।੪੦।

ਤੁਰਕ ਨਗਰੀ ਰਮਦਾਸਪੁਰਾ ਘਰ ਸਾੜਨ। ਖੋਲਿਆਂ ਵਿਚੋਂ ਛੁਪੇ ਹੋਏ ਸਿਖ ਪਕੜ ਮਾਰਨ।
'ਬਾਗ ਗੁਰੂ ਕਾ' ਦਰਖਤ ਕਟਿ ਜਾਵਨਿ।
ਤੀਰਥ ਨਾਲਿ ਬੇਅਦਬੀ ਤੁਰਕ ਬੁਰੇ ਕਰਮ ਕਮਾਵਨ।੪੧।

ਇਕ ਸਮੇਂ ਸਰ ਵਿਚੋਂ ਮੱਛੀਆਂ ਸਭੇ ਮਰ ਗਈਆਂ।
ਨੀਰ ਹੋਇਆ ਗਰਮੁ ਬੁੜਬੁੜੀਆਂ ਨਿਕਲ ਪਈਆਂ।
ਖਫਨੁ ਪਾਇ ਕਪੜਾ ਮੱਛੀਆਂ ਸਿਸਕਾਰੀਆਂ।
ਇਸੇ ਤਰ੍ਹਾਂ 'ਰਾਮਤੀਰਥ' ਅਤੇ ਅਚਲ ਭੀ ਮੀਨਾਂ ਮਾਰੀਆਂ।੪੨।

ਸੰਮਤੁ ਸਤਾਰਾਂ ਸੈ ਬਾਨਵੇ ਤਬ ਭਇਆ। ਤਦੋਂ ਮੱਛੀਆਂ ਨੂੰ ਅਚਨਚੇਤੇ ਕਾਲ ਆਇ ਪਇਆ।
ਦੇਖਿ ਅਚਰਜੁ ਰਹਿਆ ਸਭ ਕੋਈ।
ਅੰਮ੍ਰਿਤਸਰ ਦੀਆਂ ਮੱਛੀਆਂ ਨੂੰ ਨਥ-ਵਾਲੀ ਪਈ ਨਿਕਲੇ ਫਟੀ ਹੋਈ।੪੩।

ਇਹ ਭੀ ਕਉਤਕ ਅੱਖੀਂ ਅਸੀਂ ਹੈਸੀ ਡਿੱਠਾ।
ਫੇਰ ਸਿੰਘ ਹੋਏ ਇਕੱਠੇ, ਗਾਉਂ ਗਾਉਂ ਫਿਰਿਆ ਸਿੰਘਾਂ ਦਾ ਚਿੱਠਾ।
ਚਿੱਠਾ ਭੇਜ ਲਗੇ ਗਾਉਂ ਗਾਉਂ ਤੇ ਰਸਤ ਲੈਣ।
ਪ੍ਰਸ਼ਾਦ ਖਾਧਾ ਚਾਹੀਐ ਬਿਨਾਂ ਗੁਰੂ ਹੋਰੁ ਕੋਈ ਨ ਭੱਯਾ ਭੈਣ।੪੪।

ਸੰਮਤੁ ਸਤਾਰਾਂ ਸੈ ਤ੍ਰਿਆਨਵੇਂ ਹੋਵਤ ਭਏ। ਤੁਰਕ ਚੜ੍ਹਿਆ ਲਹੌਰੋਂ, ਅਚਣਚੇਤੇ ਆਇ ਪਏ।
ਬਹੁਤੁ ਸਿਖ ਮਾਰੇ, ਕੁਛ ਨੱਸ ਅੰਮ੍ਰਿਤਸਰ ਵੜ ਗਏ। ਗਿਰਦੇ ਤੁਰਕਾਂ ਘੇਰਾ ਪਾਇ ਲਏ।੪੫।

---

੧. ਗਸ਼ਤ ਕਰ ਰਹੇ ਸਿਪਾਹੀ।

ਕੀਤੀ ਕਸਮ-ਸਉਗੰਧ ਮੰਦਰੋਂ ਕਢਵਾਏ। ਹਥੀਆਰ ਸਭਨਾਂ ਦੇ ਗਲੋਂ ਲੁਹਾਏ।
ਕਰਿ ਇਕੱਠੇ ਸਭ ਪੰਗਤ ਬਹਾਏ। ਲੱਗੀ ਵਗਨਿ ਤਰਵਾਰ, ਸਿਰ ਸਭਨਾਂ ਦੇ ਕਟਿਵਾਏ।੪੬।

ਅਸੀਂ ਭੀ ਤਿਸ ਜੁਧ ਵਿਚ ਪਿਤਾ ਨਾਲਿ ਨਿਕੇ ਜੇਹੇ ਆਹੇ।
ਆਈ ਸ਼ਿਕਸ਼ਤ ਅਸੀਂ ਨੱਸ ਵੜੇ ਨਗਰ ਮਾਹੇ।
ਦੋ ਭਾਈ ਅਸੀਂ ਨਿਕੜੇ ਸੰਗ ਪਿਤਾ, ਦੁਇ ਹੋਰ ਪੰਜ ਛਿਪਾਨੇ।
ਘਰਿ ਅਪਣੇ ਵੜਿ ਦੁਰੇ ਭੋਰੇ ਸਰਦਖਾਨੇ।੪੭।

ਪ੍ਰਾਰਬਧ ਸਾਸ ਵਧੇ ਰਹੇ ਦੁਰੇ। ਆਏ ਤੁਰਕ ਦੇਖ ਭਾਲ ਨਗਰ ਅੱਗੀਂ ਲਾਇ ਟੁਰੇ।
ਧਾਮ ਹਮਾਰੇ ਭੀ ਅਨਿਲ ਚਮਕੀ, ਪਰ ਸਤਿਗੁਰ ਰਖਿ ਲਏ।
ਪਰੀ ਨਿਸਾ ਕਾਰੀ, ਅਸੀਂ ਪੰਜੇ ਨਿਕਸ ਅੰਮ੍ਰਿਤਸਰ ਗਏ।੪੮।

ਕਿਆ ਦੇਖੀਏ: ਸਭੇ ਸਿਖ ਕਟਿ ਅੰਮ੍ਰਿਤਸਰ ਵਿਚ ਤੁਰਕਾਂ ਪਾਏ।
ਨਾਲੇ ਰੁਖ ਗਿਰਦੇ ਦੇ ਸਭੇ ਕਟਿ ਵਿਚ ਪਵਾਏ।
ਤਿਨ ਸਿਖਾਂ ਦੇ ਹੱਥ ਪੈਰ ਕਛੂ ਕਾਟੇ, ਕਪੜੇ ਸ੍ਰੋਨ[1] ਭਰੇ।
ਅਸਾਂ ਜਾਇ ਹੇਰੇ ਅਗੇ ਦਰਬਾਰ ਦੇ ਸਭ ਪੜੇ।੫੦।

ਹੇਰਤਿ ਹੇਰਤਿ ਅਸੀਂ ਤਹਾਂ ਗਏ। ਜਹਾਂ ਡੇਰੇ ਤੁਰਕਾਂ ਦੇ ਨਿਸਿ ਕਾਰੀ ਪਏ।
ਮਸਾਲਾਂ ਦੀਵੇ ਅੱਗ ਬਲਦੀ ਅਸੀਂ ਹੇਰ ਆਏ।
ਸਾਗ-ਪੱਤ੍ਰ ਮੂਲੀ ਗਾਜਰ ਕਟ-ਪੁਟਿ ਲੈ ਟੁਰੇ ਉਥੇ ਹੀ ਜਾਏ।੫੧।

ਦਿਨੇ ਉਹੁ ਢੂੰਡਦੇ ਫਿਰਨ ਛਪੇ ਲੁਕੇ ਬਨ ਸਿਖਾਂ ਨੂੰ।
ਨਿਸਾ ਅਸੀਂ ਭਉਂਦੇ ਫਿਰਦੇ ਹੇਰਦੇ ਪੁਟਿ-ਭੰਨ ਲੈ ਆਵੀਐ ਫਲ ਤਰਕਾਰੀ ਸਿਖਾਂ ਨੂੰ।
ਪੰਜ ਅਸੀਂ ਸੱਤ ਹੋਰ ਮਿਲੇ।
ਨਿਸਾ ਨਿਕਲ ਫਿਰੀਏ, ਦਿਨੇ ਜਾਇ ਦੁਰੀਏ ਕੋਈ ਬਨ ਕੋਈ ਲੁਕੇ ਖੋਲੇ।੫੨।

ਤੁਰਕ ਨਿਸਾ ਨੂੰ ਡੇਰਿਉਂ ਨ ਨਿਕਲਨਿ ਬਾਹਰਿ ਡਰਦੇ।
ਅਸੀਂ ਦਿਨੇ ਨ ਨਿਕਲੀਏ, ਨਿਸਿ ਰਹੀਏ ਫਿਰਦੇ।
ਪ੍ਰਾਰਬਧ ਸਾਸ ਵਧੇ, ਸੋ ਸਭ ਭੋਗੇ ਆਏ। ਤੁਰਕਾਂ ਐਸੇ ਐਸੇ ਸਿਖਾਂ ਨਾਲ ਕਰਮੁ ਕਮਾਏ।੫੩।

ਪਰ ਤਿਸ ਸਮੇਂ ਸਿਖ ਆਹੇ ਜਤੀ ਸਤੀ ਰਹਿਤਵਾਨ।
ਪੰਜ ਪੰਜ ਸੱਤ ਸੱਤ ਦਿਨ ਭੁਖੇ ਰਹਿਨ ਪਰ ਐਲਾ-ਮੈਲਾ ਧਾਨੁ ਨ ਖਾਨ।
ਤਿਨ੍ਹਾਂ ਸਿਖਾਂ ਦੇ ਤ੍ਰਪ ਕਰਿ ਤੁਰਕ ਦਾ ਹੋਇਆ ਨਾਸੁ।
ਅਤੇ ਉਨ੍ਹਾਂ ਸਿਖਾਂ ਦੇ ਤਪ-ਭਜਨ ਸੀਸ ਦੇਣੇ ਕਰਿ ਖਾਲਸੇ ਜੀ ਦਾ ਹੋਣਾ ਹੈ ਪ੍ਰਕਾਸੁ।੫੪।

ਏਕ ਸਮੇ ਵਜ਼ੀਰਾਬਾਦ ਵਿਚਿ ਸੰਗਤਿ ਪੋਠੋਹਾਰ ਦੀ ਅਕਰਮ ਬੇਗ ਥਾਣੇਦਾਰ ਨੇ ਮਾਰੀ।
ਲੁਟੀ ਫਟੀ ਖੋਹਿ ਲੈ ਗਏ ਨਾਰੀ।
ਕੋਈ ਕੋਈ ਜੀਉ ਲੁਕਿਆ ਛਿਪਿਆ ਬਚਿਆ।
ਐਸਾ ਨਾਰਦ[2] ਸਿਖਾਂ ਦੇ ਭਾਇ ਦਾ ਮਚਿਆ।੫੫।

---

੧. ਲਹੂ। ੨. ਭਾਵ ਰਾਮ ਰੌਲਾ, ਦਹਿਸ਼ਤ।

ਨਗਰ ਗੁਰੂ ਕਾ ਢਾਹਿ ਸਾੜ ਜਾਵਨ। ਜਿਥੇ ਸਿਖ ਹਥ ਲਗੇ ਪਕੜ ਲੈ ਆਵਨ।
ਵਢਨਿ ਟੁਕਨ ਬੇਤਰਹਿ[1] ਮਾਰਨ। ਐਸੇ ਐਸੇ ਤੁਰਕਾਂ ਕੀਤੇ ਕਾਰਨ।੫੬।

ਲਖ ਸਿਖਾਂ ਦੇ ਤੁਰਕਾਂ ਪਕੜ ਖਪਾਏ। ਪਰ ਪੰਥ ਡਾਢੇ ਪੁਰਖ ਦਾ ਵਧਦੋ ਜਾਏ।
ਮਾਨੋ ਜੋ ਸਿਖੀਂ ਲਗੇ ਸੋ ਸਿਖੀ ਦਾ ਬੀਜ ਪਾਏ। ਸਿਖ ਗੁਰੂ ਦੇ ਹੋਏ ਦਿਨੋ ਦਿਨ ਸਵਾਏ।੫੭।

ਇਕ ਸਿਖ ਤਾਰੂ ਸਿੰਘ ਮਾਝੇ ਦਾ ਪਕੜਿਆ ਆਇਆ ਲਹੌਰ।
ਸਿਰੋਂ ਉਤਾਰੀ ਖਲੜੀ ਸਮੇਤ ਕੇਸਾਂ ਅਖੋੜ।
ਸਿਖ ਹੇਠ ਬੈਠਾ ਬੱਧਾ ਜਪੁ ਪੜ੍ਹਦਾ ਰਹਿਆ।
ਸਿਰ ਉਪਰੋਂ ਖਲੜੀ ਸਮੇਤ ਕੇਸ ਲੁਹਾ ਲਇਆ।੫੮।

ਫਿਰਿ ਤਿਸ ਨੂੰ ਛਡਿਉਨੇ ਕੈਦੀਂ ਵਿਚਿ ਪਾਏ।
ਦਿਨ ਪੰਜਵੇਂ ਤੁਰਕ (ਖਾਨੂ) ਦਾ ਨਾਸ ਵਾਹਗੁਰੂ ਦਿਤਾ ਕਰਾਏ।
ਪਹਿਲੇ ਮੁਇਆ ਨਬਾਬੁ, ਪਿੱਛੇ ਤਾਰੂ ਸਿੰਘ ਚਲਿਆ।
ਨਬਾਬੁ ਮਰ ਦੋਜਕ ਗਿਆ, ਸਿਖ, ਸੰਗਤ ਗੁਰੂ ਖਾਲਸੇ ਵਿਚ ਰਲਿਆ।੫੯।

ਜੋ ਕੋਈ ਕਿਸੇ ਦੇ ਪਿਉ ਭਿਰਾਉ ਭਤੀਜੇ ਨੂੰ ਮਾਰੇ।
ਸਾਰੀ ਉਮਰ ਨਹੀਂ ਉਹ ਵੈਰੁ ਵਿਸਾਰੇ।
ਛਿਨਾ ਪਾਇ ਵਿਚਿ ਜਾਤੀ ਜਦਿ ਅਉਲਾਦ।
ਤੁਰਕਾਂ ਅਠਿ ਸਰੀਰ ਗੁਰੂ ਕੇ ਘਾਏ, ਨਹੀਂ ਸਿਖਾਂ ਨੂੰ ਕੁਛ ਯਾਦਿ।੬੦।

ਲਾਖ ਸਿਖਾਂ ਦੇ ਤੁਰਕਾਂ ਖਪਾਏ। ਜੇ ਮੈਂ ਝੂਠ ਕਹਿਆ ਹੈ, ਤਾਂ ਪੁਛੋ ਹੋਰੁ ਲੋਕਾਂ ਨੂੰ ਜਾਏ।
ਜੋ ਸਿਖ ਹੋਇ ਤੁਰਕਾਂ ਦਾ ਕਰੇ ਵਿਸਾਹੁ।
ਉਸ ਗੁਰੂ ਨਾਲਿ ਕੁਛੁ ਨਹੀਂ ਰਖਿਆ ਰਾਹੁ।੬੧।

ਜੋ ਗੁਰੂ ਕੇ ਵੈਰੀ ਨਾਲਿ ਕਰੇ ਸਨੇਹੁ। ਉਹੁ ਕੀਕੂੰ ਗੁਰੂ ਕੇ ਦੇਸੀ ਮੁਹ ਦੇਹੁ।
ਲਾਖ ਸਿਖਾਂ ਦੇ ਜਿਨ੍ਹਾਂ ਘਾਏ। ਅਤੇ ਫੇਰ ਉਨ੍ਹਾਂ ਨੂੰ ਘਰਿ ਵਾੜੇ ਅਤੇ ਹੇਤੁ ਲਾਏ।੬੨।

ਤਿਸ ਨੂੰ ਸਿਖ ਗੁਰੂ ਕਾ ਨ ਜਾਣੋ। ਉਹੁ ਭੀ ਗੁਰੂ ਕਾ ਵੈਰੀ ਜਾਣੋ।
ਫੁਲ-ਖੇੜੇ ਨੈਦਾਨ ਇਆਣੇ। ਜ਼ੋਰਾਵਰ ਸਿੰਘ ਜੀ ਫਤੇ ਸਿੰਘ ਜੀ ਮਾਰ ਰੰਜਾਣੇ।੬੩।

ਅੱਧੀ ਘੜੀ ਫਤੇ ਸਿੰਘ ਜੀ ਸੀਸ ਕਟੇ ਲੱਤਾਂ ਮਾਰਦੇ ਰਹਿਆ।
ਪ੍ਰਾਣ ਨਿਕਲਦੇ ਅਉਖੇ ਫੇਰੁ ਦੇਹੀਆਂ ਛਡੀਆਂ ਦਬਾਇ-ਛਪਾਇ, ਨਹੀਂ ਸਾਰੀਆਂ[2]।
ਏਹੁ ਸਿਖਾਂ ਨੂੰ ਸੁਣ ਕੇ ਦਰਦੁ ਨ ਆਵੈ, ਤਾਂ ਉਹੁ ਭਕੂਆ[3] ਭੀ ਸਿਖ ਫੇਰ ਕਹਾਵੈ।੬੪।

ਜੋ ਸਿਖ ਗੁਰੂ ਕੇ ਬਚਨੁ ਨ ਕਮਾਵੈਗਾ। ਸੋ ਨਿਸਚੇ ਨਰਕੇ ਬਾਸਾ ਪਾਵੈਗਾ।
'ਸਕਲ ਮਲੇਛ ਕਰੋ ਰਣ ਘਾਤਾ॥' ਸਾਹਿਬ ਕਹਿਆ। ਇਸ ਮਹਿ ਫਰਕੁ ਨ ਰਤੀ ਰਹਿਆ।੬੫।

ਸਿਖੀ ਨਬਾਬੁ ਕਪੂਰ ਸਿੰਘ ਜੀ ਤੋੜੀਂ ਰਹੀ। ਅਗੇ ਮਦਰ ਦੇਸ਼ ਸਿੰਘੀ ਪ੍ਰਗਟਿ ਹੋਇ ਗਈ।
ਸਿਖੀ ਸਿੰਘੀ ਭੀ ਜੇ ਦੋਵੈਂ ਗਏ। ਜਿਸ ਗੁਰੂ ਕੇ ਬਚਨ ਨਹੀਂ ਮੰਨ ਲਏ।੬੬।

---

੧. ਬੁਰੀ ਤਰ੍ਹਾਂ। ੨. ਸਾੜੀਆਂ। ੩. ਮੂਰਖ।

ਸੰਮਤੁ ਅਠਾਰਾਂ ਸੈ ਤੀਜੇ ਕਪੂਰ ਸਿੰਘ ਜੀ ਸਮਾਣੇ।
ਅਗੇ ਸਿਰਦਾਰ ਹੋਏ ਬਹੁਤੇਰੇ, ਵਰਤਨ ਲਗੇ ਮਨ ਦੇ ਭਾਣੇ।
ਬਰਸ ਅਠਤਾਲੀ ਸਿੰਘੀ ਵਿਚਿ ਸਿਖੀ ਰਹੀ।
ਹੈ ਸਿਖੀ ਜੁਗੋ ਜੁਗ ਪਰੁ ਸਿੰਘੀ ਪਰਗਟਿ ਭਈ।੬੭।

**ਦੋਹਰਾ**—ਸਤਿਗੁਰ ਹੈ ਫੁਰਮਾਇਆ ਸਮਝ ਦੇਖੋ ਮਨ ਮਾਹਿ।
ਅਸਾਡੇ ਸਮਝਨਿ ਵਿਚਿ ਫਰਕ ਹੋਸੀ, ਸਤਿਗੁਰ ਕੇ ਬਚਨ ਵਿਚਿ ਫਰਕ ਨਾਹਿ।੬੮।

**ਦੋਹਰਾ ਮਹਲਾ ੧੦**—ਕਛੁ ਡਢਾ ਕਛੁ ਬਰਖਣਾ, ਚਿਤ ਚੋਖੇ ਮੁਖ ਮੀਠ।
ਰਣ ਤਤੇ ਘਰਿ ਸੀਅਲਾ, ਤੇ ਨਰ ਵਿਰਲੇ ਡੀਠ।੬੯।

**ਹੋਰ ਸਾਖ**—'ਹੈਨਿ ਵਿਰਲੇ ਨਾਹੀ ਘਣੇ, ਫੈਲ ਫਕੜੁ ਸੰਸਾਰੁ॥'
**ਹੋਰ ਸਾਖ**—'ਇਕਸੁ ਦੁਹੁ ਚਹੁ ਕਿਆ ਗਣੀ, ਸਭ ਇਕਤੁ ਸਾਦਿ ਮੁਠੀ॥
ਇਕੁ ਅਧੁ ਨਾਇ ਰਸੀਅੜਾ, ਕਾ ਵਿਰਲੀ ਜਾਇ ਵੁਠੀ॥'।੭੦।

**ਚੌਪਈ**—ਜੇ ਕੋਈ ਗੁਰੂ ਕੇ ਬਚਨ ਕਮਾਵੈਗਾ। ਸੋ ਗੁਰੂ ਦੁਆਰੇ ਬਾਸਾ ਪਾਵੈਗਾ।
ਇਹੁ ਜੋਬਨ ਰੂਪ ਮਾਇਆ ਹੈ ਚਾਰ ਦਿਹਾੜੇ। ਆਇ ਜਰਾ ਦੇ ਪਉਸਨਿ ਧਾੜੇ।੭੧।

**ਸਾਖ ਗ੍ਰੰਥ**—'ਲੰਕਾ ਸਾ ਕੋਟੁ ਸਮੁੰਦ ਸੀ ਖਾਈ॥ ਤਿਹਿ ਰਾਵਨ ਘਰ ਖਬਰਿ ਨਾ ਪਾਈ॥
ਇਕੁ ਲਖੁ ਪੂਤੁ ਸਵਾ ਲਖੁ ਨਾਤੀ॥ ਤਿਹ ਰਾਵਨ ਘਰਿ ਦੀਆ ਨ ਬਾਤੀ॥
ਕਿਆ ਮਾਗਉ ਕਿਛੁ ਥਿਰੁ ਨ ਰਹਾਈ॥ ਦੇਖਤ ਨੈਨ ਚਲਿਓ ਜਗੁ ਜਾਈ॥'।੭੨।

ਜਰਾ ਆਈ ਤਾਂ ਕਾਲ ਭੀ ਆਇਆ। ਪਾਪੀਆਂ ਨੂੰ ਜੋਬਨ ਹੀ ਸੰਗੁ ਲੈ ਜਾਇਆ।
ਗੁਰੂ ਅਰਜਨ ਨਾਲਿ ਬੇ-ਪ੍ਰੋਜਨ ਤੁਰਕਾਂ ਵਿਗਾੜੀ।
ਕੈਦ ਕੀਤੇ, ਦੁਖ ਦਿਤੇ ਦੇਹੀ ਅਗਨ ਨਹੀਂ ਸਾੜੀ।੭੩।

ਨਾਵੀਂ ਪਾਤਸ਼ਾਹੀ ਕੀ ਗੁਨਾਹ ਸੀ ਕੀਤਾ ? ਜੋ ਤੁਰਕਾਂ ਕੈਦ ਕਰਕੇ ਸਿਰ ਕੱਟਿ ਲੀਤਾ।
ਕਲਿਜੁਗ ਖਤ੍ਰੀਆਂ ਗਲਿ ਜੰਞੂ ਗੁਰੂ ਤੇਗ ਬਹਾਦੁਰ ਪਾਇਆ।
ਕਹੋ ਕਿਸ ਜੁਗਤਿ ਹੈ ਪਾਇਆ।੭੪।

ਜੇ ਗੁਰੂ ਤੇਗ ਬਹਾਦੁਰ ਜਿੰਦ ਦੇ ਖਉਫ ਕੁਛ ਚਲ-ਵਿਚਲ ਕਰਿ ਬਹਿੰਦਾ।
ਤਾਂ ਜਗਤ ਵਿਚਿ ਹਿੰਦੂ ਕੋਈ ਨਾ ਰਹਿੰਦਾ।
ਪਕੜ ਪਕੜ ਕੇ ਹਿੰਦੂਆਂ ਨੂੰ ਤੁਰਕ ਕਰਦਾ, "ਕਿਉਂ ਨਹੀਂ ਤੁਸੀਂ ਤਤੇ ਹੋਂਦੇ ?
ਤੁਸਾਡਾ ਗੁਰੂ ਇਸ ਘਰਿ ਆਇਆ ਡਰਦਾ"।੭੫।

ਇਹੋ ਛਲ ਕਰ ਕੇ ਮੁਹੰਮਦ ਹਿੰਦੂ ਤੁਰਕ ਕਰਾਏ।
ਕਹੇ ਕੁਰਾਨ ਪਿਪਲ ਵਿਚ ਰਖਿ ਕੇ : ਦਰਗਾਹੁ ਹੈ ਆਇਆ।
ਅਤੇ ਛਲੁ ਕਰਿ ਵਰੁ ਸ਼ਿਵਜੀ ਦੇ ਆਪ ਸੀ ਧਰਿ ਆਇਆ।
'ਕਿਆ ਮਾਗਉ ਕਿਛੁ ਥਿਰੁ ਨ ਰਹਾਈ॥'
ਸੋਈ ਛਲੁ ਆਪਣੀ ਉਮੱਤ ਨੂੰ ਹੈਸੀ ਸਿਖਾਇਆ।੭੬।

ਗੁਰੂ ਤੇਗ ਬਹਾਦੁਰ ਛਲ ਕਰ ਕੇ ਸੀਸੁ ਦਿੱਤਾ। ਅਗੇ ਹਿੰਦੂਆਂ ਦਾ ਧਰਮੁ ਵਾਹਗੁਰੂ ਹੈ ਰਖਿ ਲੀਤਾ।
ਬੰਦੇ ਸਾਹਿਬ ਰਲਿ ਸਿਖਾਂ ਨਾਲਿ ਸੀਸ ਕਟਾਇਆ।
ਪਰ ਧਰਮੁ ਨੂੰ ਦਾਗ਼ ਜ਼ਰਾ ਨਹੀਂ ਲਾਇਆ।੭੭।

ਦੈਂਤ ਬੁਰਿਆਈ ਕਰਦੇ ਹੀ ਆਏ। ਜਿਸ ਦਿਨ ਦੇ ਸਾਹਿਬ ਪੰਥ ਜੁਦਾ ਕਰਿ ਸਿੰਘ ਬਣਾਏ।
ਜੇ ਕੋਈ ਨਹੀਂ ਮੰਨੇ, ਤੇ ਬਚਿਤ੍ਰ ਨਾਟਕ ਵਿਚ ਦੇਖ ਲਏ।
ਪਹਿਲੇ ਸਤਿਗੁਰਾਂ ਨਾਲਿ ਵਿਗਾੜੀ, ਫੇਰ ਪੰਥ ਨਾਲਿ ਵਿਗਾੜਦੇ ਹੀ ਰਹੇ।੭੮।

ਇਹ ਬੁਰਿਆਈ ਦੇ ਪਾਤ੍ਰ ਖਾਵੰਦ ਹੈਨ ਬਣਾਏ। ਭਸਮੰਤਰ ਸ਼ਿਵਜੀ ਤੇ ਵਰੁ ਹੈਸੀ ਪਾਏ।
ਫੇਰ ਸ਼ਿਵਜੀ ਨੂੰ ਮਾਰਨੇ ਨੂੰ ਹੈਸੀ ਧਾਇਆ।
ਕੰਸ ਕੇਸੀ ਦਾ ਕ੍ਰਿਸ਼ਨ ਜੀ ਕੀ ਹੈਸੀ ਗਵਾਇਆ ?।੭੯।

ਕ੍ਰਿਸਨ ਦੇ ਮਾਰਨੇ ਵਾਸਤੇ ਕੰਸ ਕੇਡੇ ਉਪਾਇ ਕੀਤੇ।
ਸ਼ਰਮੁ ਹਯਾਉ ਸਟਿ ਕੇ ਭੈਣ ਭਣਵਯਾ ਕੈਦ ਕਰਿ ਲੀਤੇ।
ਸਹਸ੍ਰ-ਬਾਹੂ ਨਾਲਿ ਰੇਣੁਕਾ ਕੀ ਹੈਸੀ ਬੁਰਿਆਈ ਕੀਤੀ ?
ਗਊ ਕਾਮ-ਧੇਨੁ ਰੋਟੀ ਖਾਇਕੈ ਖੋਹਿ ਲੀਤੀ।੮੦।

ਵਿਸ੍ਵਾਮਿਤ੍ਰ ਖਰਦੂਖਨ ਦਾ ਕੀ ਹੈਸੀ ਗਵਾਇਆ ?
ਉਸ ਨੂੰ ਜੱਗ ਨ ਕਰਨ ਦੇਵਨ, ਵਿਚਿ ਹੱਡੀਆਂ ਮਾਸ ਜਾਨ ਪਾਇਆ।
ਸੂਪਨਖਾ ਦਾ ਰਾਮ ਜੀ ਕੀ ਹੈਸੀ ਗਵਾਇਆ ?
ਛਲ ਕਰਿ ਕੇ ਆਈ, ਅਤੇ ਵੱਡਾ ਰੂਪ ਕਰਿ ਸੀਤਾ ਨੂੰ ਡਰਾਇਆ।੮੧।

ਰਾਵਣ ਦਾ ਰਾਮ ਜੀ ਕੀ ਹੈਸੀ ਵਿਗਾਰਿਆ ? ਛਲੁ ਕਰ ਕੇ ਸੀਤਾ ਨੂੰ ਲੈ ਸਿਧਾਰਿਆ।
ਸੀਤਾ ਰਾਵਣ ਨਾਲਿ ਕੀ ਹੈਸੀ ਬੁਰਿਆਈ ਕੀਤੀ ?
ਭਿਖਿਆ ਦੇਵਣ ਨਿਕਲੀ ਬਾਹਰਿ, ਸੋ ਲੈ ਨੱਠਾ ਚੁੱਕ ਲੀਤੀ।੮੨।

ਗੁਰੂ ਹਰਿ ਗੋਬਿੰਦ ਪੈਂਦੇ ਖਾਂ ਦਾ ਕੀ ਹੈਸੀ ਗਵਾਇਆ ?
ਚਾਕਰ ਹੋਇ ਕੇ ਗੁਰੂ ਕਾ ਬਾਜ਼ ਚੁਰਾਇਆ।
ਹਕੀਕ਼ਤ ਖਤਰੇਟੇ ਨੀਂਗਰ, ਕੀ ਹੈਸੀ ਤੱਤਿਆਂ ਦਾ ਵਿਗਾੜਿਆ[1] ?
..... ..... ..... ..... ..... ..... ..... .....।੮੩।

ਨਾਮੇ ਭਗਤ ਤੁਰਕਾਂ ਦਾ ਕੀ ਹੈਸੀ ਗਵਾਇਆ ? ਬੰਧ ਪੋਟਿ ਹਾਥੀ ਅਗੇ ਸਟਾਇਆ।
ਫਰੀਦ ਭਗਤ ਦੀ ਮਾਉ ਤਤੇ ਫਕੀਰ ਨਾਲਿ ਕੀ ਬੁਰਾ ਸੀ ਕੀਤਾ ?
ਚੂਰਮੇ ਖਵੇਂਦੀ, ਦੁਧ ਪੀਵੇਂਦੀ, ਪੁਤ੍ਰ ਮੰਗਿਆ, ਉਨ ਮੂੰਹੁ ਵਿਚਿ ਥੁੱਕ ਦਿੱਤਾ।੮੪।

ਅੰਮ੍ਰਿਤਸਰ ਤੀਰਥ ਕਿਸੇ ਦਾ ਕੀ ਹੈਸੀ ਗਵਾਇਆ ?
ਸੰਮਤੁ ਸਤਾਰਾਂ ਸੈ ਤ੍ਰਿਆਨਵੇਂ, ਤੁਰਕ ਗੋ-ਹਤਿਆ ਕਰ ਵਿਚਿ ਸਟਿ ਆਇਆ।
ਸੋ ਦਿੱਲੀਓਂ ਪਰੋਹਿਤ ਗੁਰੂ ਕੇ ਆਏ, ਹੋਮ ਜੱਗੁ ਤਿਨ੍ਹਾਂ ਪਾਸੋਂ ਕਰਵਾਇਆ।
ਤਦੁ ਲੋਕ ਨ੍ਹਾਵਣ ਲਗੇ ਜਲੁ ਹੋਰ ਪਾਇਆ, ਅਗਲਾ ਕਢਵਾਇਆ।੮੫।

---

੧. ਹਕੀਕਤ ਰਾਇ ਦੀ ਸ਼ਹੀਦੀ ਬਸੰਤ ਪੰਚਮੀ ਨੂੰ ੧੭੩੫ ਈ: ਵਿਚ ਲਾਹੌਰ ਹੋਈ।

ਭਾਈ ਮਨੀ ਸਿੰਘ ਹੋਰਾਂ ਤੁਰਕਾਂ ਦਾ ਕੀ ਹੈਸੀ ਗਵਾਇਆ ?
ਭਜਨਵਾਨ ਸਿਖ ਪਰਦੇਸੀ, ਡੇਰਾ ਚੋਲੇ ਬਾਗ ਦੇ ਵਿਚਿ ਪਾਇਆ।
ਉਥੇ ਫਉਜ ਤੁਰਕਾਂ ਦੀ ਪਈ, ਪਕੜ ਲੈ ਆਏ।
ਤਿਨ੍ਹਾਂ ਜਬਾਬੁ ਸੁਆਲ ਪੱਕੇ ਕੀਤੇ, ਤਿਨ੍ਹਾਂ ਦੇ ਅੰਗੁ ਟੁਕਾਏ।੮੬।

ਤਾਰਾ ਸਿੰਘ ਜ਼ਿਮੀਦਾਰ ਡਲਵਾਂਇ ਵਿਚਿ ਰਹੇ[1]।
ਕਰੇ ਕਿਰਤ ਧਰਮੁ ਦੀ, ਸਿਖ ਸਾਧ ਸੰਤ ਦੇ ਟਹਲ ਵਿਚਿ ਅਹੇ।
ਬੇ-ਪ੍ਰੋਜਨ ਨਉਂ ਸੈ ਫਉਜ ਚੜਿ ਗਈ।
ਉਹ ਭੀ ਸਿਖ ਲੜਿਆ ਜੁਧੁ ਕੀਤਾ, ਓੜਕ ਇਨ੍ਹਾਂ ਮਾਰਿਆ, ਨਗਰੀ ਲੁੱਟ ਲਈ।੮੭।

ਲੱਖ ਸਿਖਾਂ ਦੇ ਮਾਰੇ, ਸੰਗਤਾਂ ਲੁੱਟੀਆਂ, ਧਰਮੁ ਗਵਾਏ।
ਕਹੁ ਤੱਤਿਆਂ ਸੁਕ੍ਰਿਤ ਕੀ ਹੈ ਕਮਾਏ ?
ਦੇਖ ਸੁਣ ਕੇ ਜੇ ਕੋਈ ਪਰਤੀਤ ਨ ਕਰੇ। ਤਿਸ ਪਾਪੀ ਪਾਸੋਂ ਧਰਮਰਾਇ ਭੀ ਡਰੇ।੮੮।

ਨਾਲਿ ਧਰਮੁ ਅਪਨਾ ਸਭ ਕਿਸੇ ਦੇ ਜਾਸੀ।
ਅਸਾਡਾ ਧਰਮੁ, ਇਨ੍ਹਾਂ ਦਾ ਈਮਾਨੁ ਸੋਭਾ ਪਾਸੀ।
ਅਸਾਂ ਪੋਥੀ-ਗ੍ਰੰਥ ਪੜ੍ਹਨਾ, ਸ਼ਾਸਤ੍ਰ ਬੇਦ ਪੁਰਾਨ।
ਏਨ੍ਹਾਂ ਸੁੰਨਤ ਰੋਜ਼ਾ, ਪੜ੍ਹਨੀ ਕਤੇਬ ਕੁਰਾਨ।੮੯।

ਆਪੋ ਅਪਣੇ ਕਰਮਾਂ ਦਾ ਫਲ ਸਭ ਕੋਈ ਪਾਸੀ।
ਅਸਾਡੇ ਗੁਰ ਕੇ ਬਚਨ ਹੈ: 'ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਸੋ ਗੁਰਾਂ ਪੀਰਾਂ ਦੁਹਾਂ ਧਿਰਾਂ ਨੂੰ ਮਨ੍ਹੇ ਕੀਤਾ ਹੈ।
ਬੁਰਿਆਈ ਵਾਲਾ ਹਾਰਿਆ ਹੈ, ਅਤੇ ਭਲਿਆਈ ਵਾਲਾ ਜੀਤਿਆ ਹੈ।੯੦।

ਇਕ ਲਖੁ ਅੱਸੀ ਹਜ਼ਾਰ ਪੈਕੰਬਰੁ ਹੋਇਆ ਹੈ। ਸੋ ਉਨ੍ਹਾਂ ਕਿਸੇ ਦਾ ਕੁਛ ਨਹੀਂ ਖੋਇਆ ਹੈ।
ਤਪ ਭਜਨ ਬੰਦਗੀ ਕਰਿ ਅਪਨਾ ਕੰਮੁ ਸਵਾਰਿਆ ਹੈ।
ਇਕ ਪੀਉ ਦੇ ਵੈਰ ਕਰਿ ਕੇ, ਮੁਹੰਮਦ ਕੰਮ ਵਿਗਾਰਿਆ ਹੈ।੯੧।

ਸੋ ਮਰਦੀ ਵੈਰੀ ਇਸ ਭੀ ਕਹਿਆ ਹੈ: "ਮੈਂ ਚਉਂਹਾਂ ਮੰਦਿਆਂ ਦੀ ਸਫਾਤ ਨ ਭਰਸਾਂ।
ਜੇ ਮੇਰਾ ਹੋਇ ਕੇ ਬੁਰਾ ਕਰਸੀ, ਤਿਸ ਪਾਸੋਂ ਮੈਂ ਭੀ ਡਰਸਾਂ"।
ਆਪੋ ਅਪਣਾ ਧਰਮੁ ਸਭ ਕਿਸੇ ਨੂੰ ਪਰਵਾਨ ਹੈ।
ਜੋ ਬੁਰਾ ਕਰਸੀ, ਸੋਈ ਹਵਾਲੇ ਸ਼ੈਤਾਨ ਹੈ।੯੨।

ਸੋ ਅਸਾਡਾ ਗੁਰੂ ਗ੍ਰੰਥ ਸਾਹਿਬ ਜੀ ਅਹੇ। ਸਿਖ ਸੋਈ, ਜੋ ਚਲੇ ਗ੍ਰੰਥ ਸਾਹਿਬ ਦੇ ਕਹੇ।
ਸਿਖ ਗੁਰੂ ਕਾ ਜਾਨੋ ਸੋਈ, ਜੋ ਲਏ ਗੁਰੂ ਕਾ ਵੈਰੁ ਜੋ ਹੋਵੈ ਸਿਖ ਕੋਈ।੯੩।

ਜੇ ਵੈਰ ਲੈਣ ਜੋਗਾ ਹੋਵੈ ਨਾਹੀ। ਤਾ ਨਾ ਕਰੇ ਤਤੇ ਸਿਉਂ ਹੇਤ, ਨਾ ਵਾੜੇ ਘਰਿ ਮਾਹੀਂ।
ਅਤੇ ਜੋ ਸਿਖ ਅਖਾਇ ਗੁਰੂ ਕੇ ਵੈਰੀ ਨਾਲਿ ਹੇਤ ਕਰੇ।
ਤਾਂ ਗੁਰੂ ਨਾਲਿ ਕੁਛੁ ਦਾਅਵਾ ਨਾਹੀਂ ਤਾ ਘਰਿ ਤਤਿਆਂ ਦੇ ਜਨਮ ਲੈ ਧਰੇ।੯੪।

---

੧. ਤਾਰਾ ਸਿੰਘ ਡਲਵਾਂ ਦੀ ਸ਼ਹੀਦੀ ੧੭੨੬ ਈ: ਵਿਚ ਹੋਈ।

ਐਸੇ ਸਿਖ ਨਾਲਿ ਭੀ ਗੁਰੂ ਕਾ ਸਿਖੁ ਹੇਤੁ ਨਾ ਰਖੇ।
ਨ ਵਰਤੇ ਤਿਸ ਨਾਲਿ, ਨਾ ਚਰਚਾ-ਵਾਰਤਾ ਰਹੇ ਵੱਖੇ।
ਗੁਰੂ ਕੇ ਸਿਖ ਕੀ ਵਰਤਨਿ ਗੁਰੂ ਕੇ ਸਿਖ ਨਾਲਿ।
ਜੋ ਸਿਖ ਗੁਰੂ ਕਾ ਚਲੇ ਗੁਰਮਤਿ ਗੁਰੂ ਕੀ ਚਾਲ।੯੫।

ਜੋ ਗੁਰੂ ਕਾ ਸਿਖ ਗੁਰਮਤਿ ਸਿਖੀ ਕਮਾਵੈਗਾ। ਸੋ ਗੁਰੂ ਕੇ ਦੁਆਰੇ ਘਰਿ ਗੁਰੂ ਕੇ ਜਾਵੈਗਾ।
ਦੋ ਸੈ ਚਾਲੀ ਬਰਸ ਦਸਾਂ ਸਾਹਿਬਾਂ ਕੀਤੀ ਗੁਰਿਆਈ।
ਸੰਮਤੁ ਪੰਦ੍ਰਾਂ ਸੈ ਛੱਬੀ ਜਨਮ ਗੁਰੂ ਨਾਨਕ ਜੀ ਆਹੀ।੯੬।

ਸੰਮਤੁ ਸਤਾਰਾਂ ਸੈ ਛਿਆਹਟਵੇਂ ਗੁਰੂ ਗੋਬਿੰਦ ਸਿੰਘ ਜੀ ਬੈਕੁੰਠ ਸਿਧਾਰੇ।
ਦੋ ਸੈ ਚਾਲੀ ਬਰਸ ਤਖਤ-ਗੁਰਿਆਈ ਵਿਚਿ ਜਗਤ ਸਮਾਰੇ।
ਚਾਰ ਸੈ ਬਹੱਤਰ ਬਰਸ ਸਰੀਰ ਦਸਾਂ ਮਹਲਾ ਦੇ ਜਗਤ ਮੋ ਰਹੇ।
ਵਖੋ ਵਖੀ ਨਾਲਿ ਵਿਰਵੇ ਦੇ ਇਸ ਪੋਥੀ ਵਿਚਿ ਕਹੇ।੯੭।

ਸੱਤਰ ਬਰਸ ਗੁਰੂ ਨਾਨਕ ਜੀ ਆਉ ਗੁਜ਼ਾਰੀ।
ਜਨਮੇ ਰਾਇ ਭੋਇ ਭੱਟੀ ਦੀ ਤਿਲਵੰਡੀ ਐਰਾਵਤਿ ਨਦੀ ਤੀਰ ਦੇਹ ਛੱਡੀ।
ਚਾਲੀ ਅਤੇ ਤ੍ਰੈ (ਤ੍ਰਿਤਾਲੀ) ਬਰਸ ਗੁਰੂ ਅੰਗਦ ਜੀ ਉਮਰ ਗੁਜ਼ਾਰੀ।
ਗਏ ਹਜ਼ੂਰ ਜਨਮੇ ਹਰੀਕੇ ਫਿਰਾਇਆ ਮੱਲ ਤ੍ਰਿਹਨ ਦੇ ਘਰਿ, ਖਡੂਰ ਕੀਤੀ ਸਵਾਰੀ।੯੮।

ਪੰਜ-ਸਠਿ ਬਰਸ ਗੁਰੂ ਅਮਰਦਾਸ ਜੀ ਅਵਸਥਾ ਪਾਈ।
ਜਨਮੇ ਬਾਸਰਕੀ, ਦੇਹ ਤਿਆਗੀ ਗੋਇੰਦਵਾਲ ਬਿਆਸ ਨਦੀ ਕੇ ਤਟਿ ਦੇਹ ਜਲਾਈ।
ਬਰਸ ਇਕਵੰਜਾ ਗੁਰੂ ਰਾਮ ਦਾਸ ਜੀ ਕੀ ਥੀ ਆਉ।
ਜਨਮੇ ਲਹੌਰ ਦੇਹ ਤਜੀ ਗੋਇੰਦਵਾਲ, ਬਿਆਸ ਨਦੀ ਪੁਰ ਪਾਇਆ ਥਾਉਂ।੯੯।

ਬਰਸ ਤ੍ਰਿਵੰਜਾ ਗੁਰੂ ਅਰਜਨ ਜੀ ਆਉ ਗੁਜ਼ਾਰੀ।
ਜਨਮੇ ਗੋਇੰਦਵਾਲ, ਦੇਹ ਤਜੀ ਲਹੌਰ ਬੰਦਸਾਲ ਮਝਾਰੀ।
ਬਰਸ ਅਠਤਾਲੀ ਗੁਰੂ ਹਰਿਗੋਬਿੰਦ ਜੀ ਅਵਸਥਾ ਸੀ ਪਾਈ।
ਜਨਮੇ ਵਡਾਲੀ ਦੇਹ ਤਜੀ ਹੈ ਕੀਰਤਪੁਰ ਜਾਈ।੧੦੦।

ਬਰਸ ਤੀਸ ਗੁਰੂ ਹਰਿ ਰਾਇ ਜੀ ਕੀ ਆਉ। ਜਨਮੇ ਕੀਰਤਪੁਰ ਸਮਾਣੇ ਭੀ ਕੀਰਤਪੁਰ ਗਾਉਂ।
ਸਾਲ ਆਠ ਗੁਰੂ ਹਰਿਕ੍ਰਿਸ਼ਨ ਸਾਹਿਬ ਆਉ ਗੁਜ਼ਾਰੀ।
ਜਨਮੇ ਕੀਰਤਪੁਰ ਦੇਹ ਤਜੀ ਦਿੱਲੀ ਮੈਂ ਸਿਸਕਾਰੀ।੧੦੧।

ਸਾਲ ਚਉਰੰਜਾ ਗੁਰੂ ਤੇਗ ਬਹਾਦੁਰ ਜੀ ਕੀ ਅਵਸਥਾ ਪਾਈ।
ਜ਼ਨਮੇ ਰਾਮਦਾਸਪੁਰੇ, ਦੇਹ ਤਜੀ ਦਿੱਲੀ ਬੰਦਸਾਲਿ ਸੋਈ।
ਸਾਲ ਅਠਤਾਲੀ ਗੁਰੂ ਗੋਬਿੰਦ ਸਿੰਘ ਜੀ ਅਵਸਥਾ ਪਾਈ।
ਜਨਮੇ ਪਟਨੇ, ਦੇਹ ਤਜੀ ਅਬਚਲ ਨਗਰਿ, ਪਠਾਣ ਕਟਾਰੀ ਚਲਾਈ।੧੦੨।

ਚਾਰ ਸੈ ਬਹੱਤਰ ਬਰਸ ਸਰੀਰ ਸਤਿਗੁਰਾਂ ਦੇ ਜਗਤ ਮੋ ਰਹੇ।
ਦਸਾਂ ਮਹਲਾਂ ਦੀ ਹਕੀਕਤ ਜੈਸੀ ਸੁਨੀ, ਤੈਸੀ ਸਿੰਘ ਕੇਸਰ 'ਛਿਬਰ' ਕਹੇ।੧੦੩।

ਦੋਹਰਾ—ਦੁਇ ਰਾਵੀ, ਦੁਇ ਬਿਆਸ ਨਦੀ, ਦੁਇ ਕੀਰਤਪੁਰ।
ਦੁਇ ਦਿੱਲੀ ਇਕ ਖਡੂਰਿ, ਇਕ ਨਦੇੜ, ਖਟ ਆਸਨ ਸਮਾਣੇ ਦਸੇ ਗੁਰੁ।੧੦੪।

ਚੌਪਈ—ਅਗੇ ਬੰਦਾ ਸਾਹਿਬ ਬੈਰਾਗੀ, ਅਤੇ ਜੀਤ ਸਿੰਘ ਸਾਹਿਬਜ਼ਾਦਾ ਕਹਾਏ।
ਸੋਲਾਂ ਬਰਸਾਂ ਵਿਚਿ ਪੰਝੀ ਸਾਲ ਗੁਰਿਆਈ ਪਾਏ।
ਨਉਂ ਬਰਸ ਬੰਦੇ ਸਾਹਿਬ ਗੁਰਿਆਈ ਪਾਇ ਵੈਰ ਗੁਰੂ ਕੇ ਲਏ।
ਸਾਹਿਬ ਬੰਦਾ, ਦਿਲੀ ਜੀਤ ਸਿੰਘ ਦੋਨੋ ਗੁਰੂ ਕਹਾਵਤ ਭਏ।੧੦੫।

ਸੋਲਾਂ ਬਰਸਾਂ ਵਿਚਿ ਜੀਤ ਸਿੰਘ ਗੁਰਿਆਈ ਪਾਈ।
ਅਤੇ ਸੋਲਾਂ ਬਰਸਾਂ ਵਿਚ ਦਿਲੀਉਂ ਬਾਹਰਿ ਬੰਦਾ ਨਉਂ ਬਰਸ ਗੁਰਿਆਈ ਕੀਤੀ ਆਹੀ।
ਪੰਝੀ ਬਰਸ ਗੁਰਿਆਈ ਗੁਰੂ ਕੇ ਘਰਿ ਦੀ ਏਹ ਭੀ ਜਗਤ ਮੋ ਰਹੀ।
ਜਿਤਨੀ ਹਕੀਕਤ ਸੁਨੀ ਸਮਝੀ ਤਿਤਨੀ ਕਹੀ।੧੦੬।

ਬੰਦੇ ਸਾਹਿਬ ਦੀ ਉਮਰ ਬਿਅੰਤੁ ਕੁਛ ਖਬਰ ਨ ਪਾਈ।
ਜੀਤ ਸਿੰਘ ਦੀ ਆਉ ਸਾਲ ਪਚਾਸ ਹੈ ਗਾਈ।
ਅਗੇ ਗੁਰਿਆਈ ਦਾ ਟਿਕਾ ਗ੍ਰੰਥ ਸਾਹਿਬ ਨੂੰ ਦੇ ਗਏ।
ਪੂਜਾ ਅਸਥਾਨ ਸ੍ਰੀ ਅੰਮ੍ਰਿਤਸਰ ਜੀ ਭਏ।੧੦੭।

ਰਹਿਤ-ਬਿਬੇਕ ਪਿਆਰ-ਮੁਹੱਬਤ, ਖੁਲਕ[1], ਸਿਖਾਂ ਨੂੰ ਸਿਖੀ ਦਾਨ ਦਿੱਤੀ।
ਦਸਵੇਂ ਪਾਤਸ਼ਾਹ ਜਬ ਜਗਤ ਤੇ ਸਵਾਰੀ[2] ਕੀਤੀ।
ਅਗੇ ਪੁਰਾਤਨ ਨਉਂ ਪਾਤਸ਼ਾਹੀਆਂ ਸਿਖੀ ਚਲੀ ਆਈ।
ਸੰਮਤੁ ਸਤਾਰਾਂ ਸੈ ਚਉਰੰਜਵੇਂ ਨਾਲਿ ਦਸਵੇਂ ਪਾਤਸ਼ਾਹ ਸਿੰਘੀ ਰਲਾਈ।੧੦੮।

ਸੰਮਤੁ ਸਤਾਰਾਂ ਸੈ ਛਿਆਹਟਵੇਂ ਆਪ ਸਵਾਰਾ ਕਰਿ ਗਏ।
ਬਾਰਾਂ ਬਰਸ ਸਿੰਘੀ ਨਾਲਿ ਰਲਾਵਤ ਭਏ।
ਸਿੰਘੀ ਸਿਖੀ ਰਲੀ ਮਿਲੀ, ਬਰਸ ਛਤ੍ਰੀ ਪਿੱਛੇ ਚਲੀ ਆਈ।
ਸੰਮਤੁ ਅਠਾਰਾਂ ਸੈ ਦੁਇ, ਸਿਖੀ ਟੁਰ ਗਈ ਪਰਦੇਸ, ਸਿੰਘੀ ਵਾਧਾ ਪਾਈ।੧੦੯।

ਬਰਸ ਚਉਂਤ੍ਰੀ ਤੋੜੀ ਸਿੰਘੀ, ਜਤ ਸਤ ਦੀ ਭਈ।
ਸੰਮਤੁ ਅਠਾਰਾਂ ਸੈ ਛੱਬੀ ਆਵਤ ਭਏ।
ਅਬ ਇਸ ਤੇ ਅਗੇ ਪੰਥ ਰਉਲੇ ਦਾ ਕਹਿ ਦਏ।੧੧੦।

## ਨਵਾਂ ਜ਼ਮਾਨਾ

ਸੋ ਰਹਿਤ-ਬਿਬੇਕ, ਖੁਲਕ ਪਿਆਰ-ਮੁਹਬਤਿ ਸਿਖੀ ਦਾ ਗਿਆ ਬੀਤੀ।
ਇਸ ਦੇਸ ਤੇ ਸਿਖੀ ਉਠਿ ਗਈ ਦੂਰ ਜਾਇ ਵਾਸੀ ਲੀਤੀ।
ਸੰਮਤੁ ਸਤਾਰਾਂ ਸੈ ਛਿਆਹਟਵੇਂ ਸਵਾਰੇ ਕੇ ਵੇਲੇ ਬਖਸ਼ਿਸ਼ ਆਹਾ ਕੀਤੀ।
ਅਤੇ ਸੰਮਤੁ ਅਠਾਰੇ ਸੈ ਤੀਜੇ ਤੋੜੀ ਹੋਇ ਬੀਤੀ।੧੧੧।

---

੧. ਨੇਕੀ। ੨. ਕੂਚ, ਗਮਨ।

ਹੁਣਿ ਕਿਧਰੇ ਕਿਧਰੇ ਗੁਰ ਸਿਖਾਂ ਸਿਖੀ ਹੈ ਰਖੁ ਲੀਤੀ।
ਸੰਮਤੁ ਅਠਾਰਾਂ ਸੈ ਪੂਰੇ, ਸਿੰਘੀ ਅਤਿ ਪ੍ਰਗਟ ਕੀਤੀ।
ਸਿੰਘੀ ਵਿਚਿ ਸਿਖੀ ਹੁਣਿ ਭੀ ਕਿਧਰੇ ਢੂੰਢੀ ਹਥਿ ਆਵੈ। ਪਰ ਜੇ ਕੋਈ ਮੁਹੱਬਤੀ ਢੂੰਢਣਿ ਜਾਵੈ।੧੧੨।

ਅਗੇ ਸਿਖੀ ਸਿੰਘੀ ਦੋਹਾਂ ਦਾ ਕੰਮ ਹੋ ਜਾਸੀ ਹਉਲਾ। ਆਪ ਜੋ ਖਾਵੰਦ ਬਚਨ ਕੀਤਾ ਹੈ! ਅਸਾਡਾ ਰਉਲਾ।
ਸ਼ਿਖੀ, ਸਿੰਘੀ, ਰਉਲਾ, ਤਿੰਨੋ ਉਸ ਪੁਰਖ ਬਨਾਏ।
ਸਭ ਕੁਛੁ ਵਸਿ ਹੈ ਉਸ ਪੂਰਨ ਪੁਰਖ ਦੇ, ਘਟਾਵੈ ਭਾਵੇਂ ਵਧਾਏ।੧੧੩।

ਸਿਖੀ ਸਿੰਘੀ ਪੰਥ ਗੁਰੂ ਕਾ ਕਹਾਵੈ। ਪੰਥ ਵਾਲਾ ਆਪ ਸਹਾਇਤਾ ਕਰਾਵੈ।
ਬਿਰਦ-ਲਜਿ ਪੰਥ ਵਾਲੇ ਦੇ ਗਲਿ ਪਈ।
ਪਰੁ ਚਾਰਿ ਹਿਸੇ ਪੰਥ; ਬਿਰਦ ਵਾਲੇ ਕੀਤਾ ਹਈ।੧੧੪।

'ਦੀਦਾਰੀ', 'ਮੁਕਤੇ', 'ਮਾਇਕੀ', 'ਮੁਰੀਦ' ਬਣਾਏ।
ਪੂਰਨ ਪੁਰਖੁ ਦੀ ਵਡਿਆਈ ਕਹੀ ਨ ਜਾਏ।
ਸੋ ਅਗੇ ਭੀ ਹੈ ਆਖ ਸੁਣਾਈ। ਅਤੇ ਇਥੇ ਹੁਣ ਭੀ ਹੈ ਗਾਈ।੧੧੫।

## ਮਾਇਕੀ ਸਿਖ[੧]

ਇਕ ਹਿਸੇ ਵਿਚਿ ਪਾਪ ਠਹਿਰਾਏ। 'ਮਾਇਕੀ' ਸਿਖ ਰਉਲੇ ਦੇ ਪਾਪਾਂ ਵਿਚਿ ਪਾਏ।
ਸ਼ਿਖੀ ਭੀ ਹੈ ਅਚਲ, ਸੋ ਕਿਥੇ ਜਾਏ।
ਪਰੁ ਸਿਖ ਗੁਰੂ ਕਾ 'ਮੁਰੀਦ' ਕੋਈ ਢੂੰਡਿਆਂ ਹਥਿ ਆਏ।੧੧੬।

ਸੋ, ਦੁਇ ਗਏ ਬੀਤ, ਦੁਇ ਹੋਸਨ ਪੰਥ ਮਾਹੀ।
ਮਾਇਕੀ ਸਿਖ ਰਉਲੇ ਦੇ ਮੁਰੀਦ ਕੋਈ ਕਿਧਰੇ, ਦੀਦਾਰੀ, ਮੁਕਤੇ ਦੋਵੇਂ ਨਾਹੀ।
ਦੀਦਾਰੀ ਤਾਂ ਉਹੋ ਜੋ ਸਤਿਗੁਰੂ ਦੇ ਰੋਬਰੋ ਨਾਲਿ ਨਿਭ ਗਏ।
ਬਾਕੀ ਰਹੇ ਮੁਕਤੇ ਸੋ ਤੁਰਕਾਂ ਦਿਤੇ ਦੁਖ, ਸਿਖੀ ਰਾਖਤ ਭਏ।੧੧੭।

ਪਾਪ ਕਰਿ ਤੁਰਕਾਂ ਦਾ ਰਾਜ ਨਾਸ ਹੋਇ ਗਇਆ।
ਅਤੇ ਦੀਦਾਰੀ ਮੁਕਤਿਆਂ ਦੇ ਤਪੁ ਕਰਿ ਪੰਥ ਨੂੰ ਰਾਜ ਪ੍ਰਾਪਤ ਭਇਆ।
ਸੋ ਪਾਪਾਂ ਦੀ ਗੁਜ਼ਰਾਨ ਹੈ ਰਾਜ ਵਿਚਿ।
ਬਿਨਾ ਰਾਜ ਪਾਪਾਂ ਦੀ ਸਮਾਈ ਨਹੀਂ ਹੋਰਥੇ ਕਿਤਿ।੧੧੮।

ਜੋ ਰਾਜੇ ਹੈਨ ਮਾਇਕੀ ਸਿਖ ਰਉਲੇ ਦੇ ਤਿਨਾਂ ਵਿਚਿ ਹੈ ਕਿਧਰੇ ਕੋਈ ਮੁਰੀਦ।
ਜੋ ਮਾਇਕੀਆਂ ਵਿਚਿ ਪਾਪ ਰਖੇ ਕਰ ਖਰੀਦ।
ਸੋ ਮਾਇਕੀਆਂ ਦਾ ਲੇਖਾ ਧਰਮ ਰਾਇ ਜੀ ਦੇ ਪਾਇਆ।
ਭਾਵੇਂ ਨਰਕ ਭਾਵੇਂ ਸੁਰਗ ਸਿਧਾਇਆ।੧੧੯।

---

੧. ਅਗੇ ਕਵੀ ਨੇ ਆਪਣੇ ਸਮੇਂ ਵਿਚ ਜੋ ਸਿਖਾਂ ਦੀ ਦੁਰਦਸ਼ਾ ਹੋ ਰਹੀ ਹੈ, ਉਸ ਦਾ ਖੁੱਲ੍ਹ ਕੇ ਬਿਆਨ ਕੀਤਾ ਹੈ ਤੇ ਸਮਕਾਲੀ ਬੇ-ਧਰਮੇ ਸਿਖਾਂ ਨੂੰ ਮਾਇਕੀ ਦੀ ਸੰਗਿਆ ਦਿੱਤੀ ਹੈ। ਇਹੋ ਸਮਾਂ ਸਿਖ ਮਿਸਲਾਂ ਦੇ ਸਰਦਾਰਾਂ ਦੀ ਪਰਸਪਰ ਲੜਾਈ-ਭਿੜਾਈ ਦਾ ਹੈ।

ਕਿਤ ਵਾਸਤੇ ? ਜੋ ਨਰਕ ਭੀ ਭਰਨਾ ਹੈ।
ਛਿੰਨਵੇਂ ਕਰੋੜੀ ਨਰਕ ਵਿਚੋਂ ਕੱਢੀ ਸੀ, ਸੋ ਭੀ ਕਾਰਜੁ ਕਰਨਾ ਹੈ।
ਸੋ ਮਾਇਕੀ ਕਉਣ ਹੈਨਿ ਜਿਨਾਂ ਸਤਿਗੁਰਾਂ ਦਾ ਗੁਣ ਹੈ ਗਵਾਇਆ।
ਰਾਜ-ਭਾਗ ਪਾਇਕੈ ਸਤਿਗੁਰੂ ਹੈ ਭੁਲਾਇਆ।੧੨੦।

ਨਾ ਸਾਧ ਸੰਤ ਸਿਖ ਦੀ ਸੇਵਾ ਕੀਤੀ, ਨਾ ਖੁਲਕ-ਮੁਹਬਤ ਨਾ, ਗ੍ਰੰਥ ਨਾਲਿ ਪਿਆਰੁ।
ਕਹੇ ਮੇਰਾ ਹੈ ਰਾਜੁ ਜੋਬਨੁ, ਵਿਸਰਿਆ ਦੇਵਣਹਾਰੁ।
ਸੋ ਗ੍ਰੰਥ ਸਾਹਿਬ ਦੇ ਬਚਨ ਸਤਿ ਕਰ ਜਾਣੀਐ:
'ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥'।੧੨੧।

ਹੋਰ ਭੀ ਸਾਖ ਸੁਣੋ ਗ੍ਰੰਥ ਸਾਹਿਬ ਦੀ ਬਚਨ ਸਤਿ ਕਰਿ ਜਾਣੀਐ:
'ਜਿਉ ਨਿਗੁਰਾ ਬਹੁ ਬਾਤਾ ਜਾਣੈ, ਓਹੁ ਹਰਿ ਦਰਗਹ ਹੈ ਭ੍ਰਸਟੀ॥'
ਤਾਂ ਰਉਲੇ ਦੇ ਸਿਖ ਚਤੁਰ ਸਿਆਣੇ ਬਹੁਤ ਆਵਨਗੇ ਦ੍ਰਿਸ਼ਟੀ।੧੨੨।

ਹੋਰ ਸਾਖ—'ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥'
ਏਹੁ ਮਾਇਕੀ ਸਿਖ ਹੈਨ ਗ੍ਰੰਥ ਜੀ ਕਹੇ। ਅਤੇ ਮੁਰੀਦ ਕੇਹੜੇ ਹੋਏ ?।੧੨੩।

ਜੋ ਰਾਜੁ-ਭਾਗ ਮਾਇਆ ਪਾਇ ਅਪਨਾ ਕੁਛ ਨ ਜਾਣੇ।
ਦਾਤਿ ਵਾਹਗੁਰੂ ਕੀ ਸਿਖ ਸਾਧ ਗ੍ਰੰਥ ਨੂੰ ਪਛਾਣੇ।
ਰਾਜੁ ਭੀ ਕਰੇ, ਮਾਇਆ ਰਖੇ, ਪਰ ਦੇਵਣ ਵਾਲੇ ਨੂੰ ਨਾ ਵਿਸਾਰੇ।
ਕੈਸੇ ? ਜੈਸੇ ਬਾਲੀ ਨੇ ਭਰਜਾਈ ਖੋਹਿ ਰਖੀ, ਬਾਲੀ ਰਾਮ ਜੀ ਮਾਰੇ।੧੨੪।

ਅਤੇ ਭਭੀਛਨ ਭੀ ਰਖੀ ਸੀ ਭਰਜਾਈ। ਤਾਂ ਸ੍ਰੀ ਰਾਮ ਚੰਦ੍ਰ ਨੂੰ ਕਿਸੇ ਏਹੁ ਕਥਾ ਸੁਣਾਈ।
ਗਰੀਬ ਨਿਵਾਜ਼! ਬਾਲੀ ਅਤੇ ਭਭੀਛਨ ਦੋਹਾਂ ਭਰਜਾਈਆਂ ਸੇ ਰਖੀਆਂ।
ਬਾਲੀ ਕਿਉਂ ਮਾਰਿਆ ? ਭਭੀਛਨ ਕਿਉਂ ਤਾਰਿਆ ? ਦੇਖ ਮਿਹਰ ਦੀਆਂ ਅੱਖੀਆਂ।੧੨੫।

ਤਬ ਸ੍ਰੀ ਰਾਮ ਚੰਦ ਜੀ ਐਸੇ ਬਚਨ ਕੀਤਾ: "ਭਭੀਛਨ ਮੇਰੇ ਕਹੇ ਮੇਰਾ ਹੋਇ ਰਖੀ।
ਬਾਲੀ ਰਾਜੁ ਗੁਮਾਨ ਕਰਿ ਖੋਹਿ ਸੀ ਲੀਤੀ।
ਮੇਰਾ ਹੋਇ ਕੈ ਰਖਦਾ ਤਾਂ ਮੈਂ ਕਿਉਂ ਮਾਰਦਾ ? ਉਨ ਕੀਤਾ ਗੁਮਾਨ ਰਾਜ ਹੰਕਾਰ ਦਾ"।੧੨੬।

ਤੈਸੇ ਹੀ ਜੇ ਕੋਈ ਰਾਜੁ-ਭਾਗ ਪਾਇ, ਮਾਇਆ ਦਾਤ ਗੁਰੂ ਕੀ ਜਾਣੈਗਾ।
ਅਤੇ ਸੇਵਾ-ਟਹਲ ਮੁਹਬਤ ਕਰੇਗਾ, ਸੋ ਸੁਖ ਸੇਤੀ ਭੋਗ ਮਾਣੇਗਾ।
ਸਾਖ ਗ੍ਰੰਥ ਸਾਹਿਬ ਦੀ ਸੁਨ ਲੀਜੈ। ਹਕੀਕਤ ਮੁਰੀਦਾਂ ਦੀ ਆਪ ਰਸਨੀਂ ਕਹੀਜੈ।੧੨੭।

'ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ, ਜੋ ਨਾਮਿ ਹਰਿ ਰਾਤੇ॥
ਤਿਨ ਕੇ ਘਰ ਮੰਦਰ ਮਹਲ ਸਰਾਈਂ ਸਭਿ ਪਵਿਤੁ ਹਹਿ,
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥ ..... .....
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ॥'।੧੨੮।

ਸੋ ਭਾਈ ਸਿਖੋ! ਜਿਨ੍ਹਾਂ ਪਿਛੇ ਕਰਮ ਸਭ ਹੈਨ ਕੀਤੇ। ਤਿਨ੍ਹਾਂ ਦੇ ਫਲੁ ਇਥੇ ਆਇ ਲੀਤੇ।
ਜੇਹੇ ਇਥੇ ਕਰਮ ਸੁਭ ਅਸੁਭ ਕਮਾਵਨਗੇ। ਤਿਨ੍ਹਾਂ ਦਾ ਫਲ ਅਗੇ ਜਾਇ ਪਾਵਨਗੇ।੧੨੯।

'ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥' ਗ੍ਰੰਥ ਬਚਨ ਹੈ ਸਾਚ, ਇਹ ਨਾਹੀ ਕੂਰ।
ਕਉਲ ਫੁਲ ਨੂੰ ਕਰਮੁ ਆਇ ਲਗੇ, ਵਿਚਿ ਸਮੁਦ੍ਰ ਦੇ ਵਾਉ ਵਗੇ।੧੩੦।

ਬਾਰਜ ਮਾਰੇ ਪਉਨ ਡੋਲੇ ਵਿਚਿ ਸਮੁੰਦ ਦੇ,
ਕਹੁ ਤਿਸ ਰਾਖੇ ਕਉਨ ਇਤਿਨਿਉ ਕਾ ਬਲੁ ਨ ਪਰੇ।੧੩੧।

**ਕਬਿੱਤ**—ਪਿਤਾ ਹੈ ਸਮੁੰਦ ਜਾ ਕੋ ਬਾਰਜ ਹੈ ਪੂਤ ਵਾਂਕੋ,
ਦਾਦੋ ਹੈ ਕੇਸਵ ਤਾਕੋ ਚਾਚੋ ਸੂਰਜ ਪ੍ਰਮਾਨੀਐ।
ਬਹਨ ਹੈ ਲੱਛਮੀ ਜਾਕੀ, ਬਹਿਨੋਈ ਹੈ ਬਿਸ਼ਨ ਤਾਕੋ,
ਭਾਈ ਸਕੇ ਚੰਦ੍ਰਮਾ ਸੋ ਬਡਾ ਹੀ ਪਛਾਨੀਐ।
ਪੂਤ ਹੈ ਬਿਰੰਚ ਜਾਕੋ ਨਹੀਂ ਪਿਤਾ ਕੋ ਛੁਡਾਇ ਸਕੇ,
ਧਨੰਤ੍ਰ ਜੈਸਾ ਵੈਦ, ਭਾਈ ਸਕਾ ਮਾਨੀਐ।
ਕਹਿਤ ਹੈ ਸਿੰਘ ਕੇਸਰ ਨ ਪਰਮੇਸਰੁ ਛੁਡਾਇ ਸਕੇ,
ਕਰਮ ਕੀਏ ਅਪਨੇ ਸੋਈ ਬਲੀ ਮਾਨੀਐ।੧੩੨।

**ਚੌਪਈ**—ਕਰਮ ਕੀਏ ਛੁਟਦੇ ਕਿਸੇ ਨੂੰ ਨਾਹੀ।
ਤਾਂ ਤੇ ਤਜਿ ਮੰਦੇ, ਭਲੇ ਕਿਉਂ ਨਾ ਕਰਮ ਕਮਾਈ।
ਧਰਮ ਵਾਸਤੇ ਪੰਥ ਸਤਿਗੁਰਾਂ ਬਣਾਇਆ।
ਤਿਸ ਦੀ ਆਉ ਗੰਗਾ ਮਗ ਠਹਿਰਾਇਆ।੧੩੩।

ਪੰਥ ਗੁਰੂ ਕਾ, ਤਿਸ ਵਿਚਿ ਰਉਲੇ ਦੇ ਸਿਖ ਬਹੁਤੁ ਹੋਸਨਿ।
ਰਉਲੇ ਦੇ ਸਿਖ ਸਿਖੀਓਂ ਸਿੰਘੀਓਂ ਨੱਸ ਖੜੋਸਨਿ।
ਨ ਖੁਲਕ ਨ ਪਿਆਰੁ, ਨ ਸ਼ਬਦ ਸਾਖੀ ਦਾ ਵੀਚਾਰੁ।
ਉਹ ਕਰਸਨਿ ਅਨਹੋਣੀ ਕਾਰ।੧੩੪।

ਤੀਰਥ ਦੀ ਆਰਬਲਾ ਪੰਜ ਹਜ਼ਾਰ ਹੈ ਕਹੀ।
ਸੋ ਭੀ ਗਈ ਬੀਤ, ਸੰਮਤੁ ਉਨੀ ਸੈ ਛਿਵੰਝਵੇਂ ਤੋੜੀਂ ਰਹੀ।
ਗ੍ਰੰਥ ਸਾਹਿਬ ਜੀ ਨੇ ਸੰਮਤੁ ਸੋਲਾਂ ਸੈ ਅਠਵੰਝਵੇਂ ਜਨਮ ਹੈ ਧਾਰਾ।
ਗੁਰੂ ਅਰਜਨ ਜੀ ਕੇ ਧਾਮ, ਖਿਡਾਵਾ ਭਾਈ ਗੁਰਦਾਸ ਭਲਾ ਲਿਖਾਰਾ।੧੩੫।

ਸੋ ਗ੍ਰੰਥ ਸਾਹਿਬ ਦੀ ਭੀ ਆਰਬਲਾ ਮੈਂ ਸਮਝਕੇ ਹੈ ਕਹੀ। ਹੈ ਵਡੀ ਪਰ ਭੋਗੇਗਾ ਨਹੀਂ।
ਬਵੰਜਾ ਸੈ ਉਪਰਿ ਅਠਾਨਵੇਂ ਬਰਸ ਕਹੇ।
ਪਰ ਇਤਨੇ ਭੋਗੇਗਾ ਨਹੀਂ, ਥੋੜੇ ਹੀ ਵਿਚਿ ਜਾਂਦਾ ਰਹੇ।੧੩੬।

ਅਦਬ ਜਾਸੀ ਘਟਿ, ਸ਼ਬਦ ਨੂੰ ਮੰਨਣਗੇ ਨਾਹੀ। ਏ ਵਸਤੁ ਹੈ ਅਦਬ ਦੀ, ਉਠ ਜਾਸੀ ਤਾਂਹੀ।
ਸੰਮਤੁ ਅਠਾਰਾਂ ਸੈ ਛੱਬੀ ਅਜੇ ਕੁਛ ਸਿਖੀ ਅਥਵਾ ਸਿੰਘੀ ਹੈ।
ਅਗੋਂ ਦਿਨੋ ਦਿਨ ਘਟਦੀ ਜਾਸੀ ਸ਼ਬਦ ਵੀਚਾਰ ਕੇ ਸਮਝ ਲੈ।੧੩੭।

ਆਗਿਆ ਗ੍ਰੰਥ ਸਾਹਿਬ ਜੀ ਪਾਸੋਂ ਪੁਛ ਹੈ ਲਇਆ।
ਸੰਮਤੁ ਅਠਾਰਾਂ ਸੈ ਛਬੀਸਵੇਂ ਮੈ ਹੈ ਕਹਿਆ।
ਇਕ ਸਉ ਅਠਾਹਟਿ ਬਰਸ ਦਾ ਗ੍ਰੰਥ ਸਾਹਿਬ ਜੀ ਬਾਲਕੁ ਹੈ ਹੋਇਆ।
ਅਜੇ ਸਭ ਆਦਰੁ ਕਰਿ ਕੇ ਹਾਥਿ ਜੋੜਿ ਖਲੋਇਆ।੧੩੮।

ਹੋਰ ਸਉ ਬਰਸਾਂ ਨੂੰ ਜੁਆਨੀ ਭੋਗ ਬਿਰਧ ਅਵਸਥਾ ਪਾਵੇਗਾ।
ਅਤੇ ਪੰਥ ਭੀ ਰਉਲੇ ਦਾ ਬਹੁਤ ਹੋਇ ਜਾਵੇਗਾ। ਐਸਾ ਸਮਾਂ ਜਬ ਕਲਜੁਗ ਦਾ ਆਵੈਗਾ।
ਅਦਬ ਹੋਇ ਜਾਸੀ ਦੂਰ, ਤਬ ..... ..... ਆਪ ਹੀ ਉਠ ਜਾਵੈਗਾ।੧੩੯।

ਦਸ ਹਜ਼ਾਰ ਬਰਸ ਕਲਜੁਗ ਜਬ ਬੀਤੈਗਾ। ਤਬ ਪਾਪ ਧਰਮੁ ਨੂੰ ਜੀਤੇਗਾ।
ਚੰਦ ਸੂਰਜ ਤਾਰੇ ਏਹੋ ਹੋਵਨਿਗੇ। ਦਿਨ ਰਾਤਿ ਇਸੇ ਤਰ੍ਹਾਂ ਲੋਕ ਜਾਗਨ ਸੋਵਨਿਗੇ।੧੪੦।

ਬੁਧਿ ਫਿਰ ਜਾਸੀ ਸਾਰੇ ਸੰਸਾਰ ਦੀ।
ਜੋ ਕੋਈ ਨਾਉਂ ਲੈਸੀ ਪਰਮੇਸ਼ਰ ਦਾ, ਉਸ ਨੂੰ ਸਾਰੀ ਦੁਨੀਆਂ ਹੋਸੀ ਮਾਰਦੀ।
ਏਸ ਸਮੇਂ ਥੋਂ ਗ੍ਰੰਥ ਸਾਹਿਬ ਜੀ ਅਗੇ ਹੀ ਵੈਕੁੰਠ ਕੋ ਸਿਧਾਰੇਗਾ।
ਜੋ ਕੋਈ ਨਾਉਂ ਲੈਗਾ ਸਾਂਈ ਦਾ, ਤਿਸ ਨੂੰ ਲੋਕ ਮਾਰੈਗਾ[1]।੧੪੧।

ਭਾਈ ਸਿਖੋ! ਗ੍ਰੰਥ ਸਾਹਿਬ ਜੀ ਦੇ ਬਚਨ ਪਛਾਨੋ ਅਤੇ ਬਚਨ ਗੁਰੂ ਕੇ ਸਤਿ ਕਰਿ ਮਾਨੋ।
ਸ਼ੰਕਰ ਬਰਨ ਸਭਾ ਹੋਇ ਹੈ ਜਾਣਾ। ਸੁਣੋ ਬਚਨ ਗ੍ਰੰਥ ਸਾਹਿਬ ਜੀ ਤੇ ਵਰਤੇਗਾ ਐਸਾ ਭਾਣਾ:
ਏਹ ਸਬਦ ਵੀਚਾਰ ਕੇ ਸਮਝ ਲੀਜੈ ਮੋ ਕਉ ਦੋਸ਼ ਨਾ ਰੰਚਕ ਦੀਜੈ।
ਭਾਵੈ ਨਿਹਕਲੰਕੀ ਅਵਤਾਰ, ਅਥਵਾ ਭੋਗਲ ਪੁਰਾਣ ਪੜ੍ਹਿ ਦੇਖੋ।
ਪਹਿਲਾਂ ਤਾਂ ਇਹ ਸਬਦੁ ਵੀਚਾਰ ਕੇ ਦੇਖੋ।੧੪੨।

**ਰਾਗੁ ਰਾਮਕਲੀ ਮਹਲਾ ੧**
'ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ॥
ਜੀਵਨ ਤਲਬ ਨਿਵਾਰਿ। ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥੧॥ ਰਹਾਉ॥

ਕਿਤੈ ਦੇਸਿ ਨ ਆਇਆ ਸੁਣੀਐ, ਤੀਰਥ ਪਾਸਿ ਨ ਬੈਠਾ॥
ਦਾਤਾ ਦਾਨੁ ਕਰੇ ਤਹ ਨਾਹੀ, ਮਹਲ ਉਸਾਰਿ ਨ ਬੈਠਾ॥੨॥

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥
ਜਿਸੁ ਸਿਕਦਾਰੀ ਤਿਸਹਿ ਖੁਆਰੀ, ਚਾਕਰ ਕੇਹੇ ਡਰਣਾ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥
ਆਖੁ ਗੁਣਾ ਕਲਿ ਆਈਐ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ॥੧॥ ਰਹਾਉ॥

---

੧. ਇਥੇ ਕਵੀ ਵਧੇਰੇ ਨਿਰਾਸਤਾ ਦਾ ਸ਼ਿਕਾਰ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਧਾਰਮਿਕ ਵਿਸ਼ਵਾਸ ਉਸ ਸਮੇਂ ਕਿਵੇਂ ਢਹਿੰਦੀ ਕਲਾ ਵੱਲ ਜਾ ਰਿਹਾ ਸੀ।

ਕਲਿ ਕਲਵਾਲੀ ਸਰਾ ਨਿਬੇੜੀ, ਕਾਜੀ ਕ੍ਰਿਸਨਾ ਹੋਆ॥
ਬਾਣੀ ਬ੍ਰਹਮਾ ਬੇਦੁ ਅਥਰਬਣੁ, ਕਰਣੀ ਕੀਰਤਿ ਲਹਿਆ॥੫॥

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥੬॥

ਕਲਿ ਪਰਵਾਣੁ ਕਤੇਬ ਕੁਰਾਣੁ॥ ਪੋਥੀ ਪੰਡਿਤ ਰਹੇ ਪੁਰਾਣ॥
ਨਾਨਕ ਨਾਉ ਭਇਆ ਰਹਮਾਣੁ॥ ਕਰਿ ਕਰਤਾ ਤੂ ਏਕੋ ਜਾਣੁ॥੭॥

ਨਾਨਕ ਨਾਮੁ ਮਿਲੈ ਵਡਿਆਈ, ਏਦੂ ਉਪਰਿ ਕਰਮੁ ਨਹੀ॥
ਜੇ ਘਰਿ ਹੋਦੈ ਮੰਗਣਿ ਜਾਈਐ, ਫਿਰਿ ਓਲਾਮਾ ਮਿਲੈ ਤਹੀ॥੮॥'।੧੫੧।

**ਚਉਪਈ**—ਅਗੋਂ ਐਸਾ ਸਮਾਂ ਆਵੇਗਾ। ਕੋਈ ਨਾਉਂ ਨ ਲੈਣਾ ਪਾਵੈਗਾ।
ਸਤ ਤਪ ਧਰਮ ਨ ਰਹਿਸੀ। ਆਪੋ ਆਪ ਪਰਮੇਸਰੁ ਸਭ ਕਹਿਸੀ।੧੫੨।

ਅਥਰਬਣ ਬੇਦ ਦੀ ਵਰਤਣ ਹੋਸੀ। ਸ਼ੰਕਰ ਬਰਨ ਸਭ ਹੋਇ ਖੜੋਸੀ।
ਹੋਰੁ ਸ਼ਾਸਤ੍ਰ ਬੇਦ ਦੀ ਵਰਤਣ ਦੂਰ ਹੋਇ ਜਾਸੀ।
ਕਰਮ ਧਰਮ ਦਾ ਨਾਉਂ ਕੋਈ ਨ ਲੈਣਾ ਪਾਸੀ।੧੫੩।

ਮਲੇਛ ਭਾਖਿਆ ਸਭ ਬੋਲੈਗੀ। ਝੂਠ ਅਨਰਥ ਅਪ੍ਰਾਧ, ਸਭ ਤੋਲੈਗੀ।
ਰਲਾ ਤਾਂ ਹੁਣ ਭੀ ਪਇ ਗਇਆ ਹੈ। ਸਮਝ ਦੇਖੋ ਛਿਪਿਆ ਨਹੀਂ ਰਹੈ।੧੫੪।

ਗ੍ਰੰਥ ਸਾਹਿਬ ਦੇ ਵਾਕ ਪਛਾਣੋ। ਸੋਈ ਪੱਕੇ ਸਤਿ ਕਰਿ ਜਾਣੋ।
ਗੁਰੂ ਨਾਨਕ ਸਾਹਿਬ ਰਸਨੀਂ ਹੈ ਕਹਿਆ।
ਤਿਸ ਦੇ ਕਹਿਣੇ ਵਿਚਿ ਕੁਛ ਫਰਕ ਨਾ ਰਹਿਆ।੧੫੫।

**ਰਾਗੁ ਧਨਾਸਰੀ ਮਹਲਾ ੧**
'ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥
ਥਾਨਸਟ ਜਗ ਭਰਿਸਟ ਹੋਏ, ਡੂਬਤਾ ਇਵ ਜਗੁ॥੧॥ ਰਹਾਉ॥ ..... .....

ਆਂਟ ਸੇਤੀ ਨਾਕੁ ਪਕੜਹਿ, ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ, ਏਹੁ ਪਦਮੁ ਅਲੋਅ॥੨॥

ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ॥੩॥

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥੪॥'

ਸਮਝ ਬਿਚਾਰ ਕਰਿ ਦੇਖ ਲੀਜੈ।
ਸ਼ਾਸਤ੍ਰ ਵਿਚਿ ਮਲੇਛ ਭਾਖਿਆ ਦਾ ਨਾਉਂ ਨ ਕਿਧਰੇ ਕਹਿਜੈ।
ਸੋ ਹਿੰਦੂਆਂ ਨੂੰ ਬੇਦ ਸ਼ਾਸਤ੍ਰ ਹੈ ਪਰਵਾਨ।
ਮਲੇਛ ਭਾਖਿਆ ਨੂੰ ਦੁਸਟ ਕਰਿ ਜਾਣ।੧੬੦।

ਸੋ ਖਤ੍ਰੀ ਬ੍ਰਹਮਣ ਸੂਦ ਵੈਸ, ਏਹ ਚਾਰਿ ਹਿੰਦੂਆਂ ਦੇ ਬਰਨ।
ਸਿਰਦਾਰੀ ਸਭਨਾਂ ਦੀ ਰਾਜੁ ਖਤ੍ਰੀ ਕਰਨ।
ਬ੍ਰਹਮਨ ਹੈਨਿ ਪੂਜਾ ਦਾ ਅਸਥਾਨ। ਸੂਦ੍ਰ ਵੈਸ ਸਭ ਰਯਤਿ ਅਖਾਨੁ।੧੬੧।

ਸੋ ਪੁਜਾਰੀ ਦਾ ਅਤੇ ਰਯਤਿ ਦਾ ਨਾਉਂ ਕੋਈ ਨਹੀਂ ਲੈਂਦਾ।
ਮੰਦਾ ਚੰਗਾ ਸਭ ਕੋਈ ਰਾਜੇ ਨੂੰ ਕਹਿੰਦਾ।
ਸੋ ਖਤ੍ਰੀਆਂ ਮਲੇਛ ਦੀ ਭਾਖਿਆ ਪਕੜੀ।
ਪਾਰਸੀ ਪੜ੍ਹੇ ਮੁਸੱਦੀ ਬਣ, ਪੜ੍ਹੀ ਕਤੇਬ ਮਲੇਛ ਦੀ ਕਰਿ ਤੁਕੜੀ।੧੬੨।

ਜਿਉਂ ਤੁਰਕਾਂ ਵਿਚੋਂ ਬੇਈਮਾਨ ਰਬਾਬੀ ਹੋਏ। ਕੁਰਾਨ ਵਿਚਿ ਨਾਉਂ ਹਿੰਦੂਆਂ ਦਾ ਨਹੀਂ ਇਕ ਪਰੋਏ।
ਪੁਰਾਨ ਕੁਰਾਨੇ ਪੱਕਾ ਹੈ ਵੈਰੁ। ਹਿੰਦੂਆਂ ਪੁਰਾਨ, ਤੁਰਕ ਕੁਰਾਨ, ਇਸ ਵਿਚਿ ਦੋਹਾਂ ਨੂੰ ਖੈਰ।੧੬੩।

ਸੋ ਵਾਸਤੇ ਉਦਰਿ, ਹਿੰਦੂ ਗਏ ਤਤਿਆਂ ਦੇ ਘਰਿ।
ਅਤੇ ਉਦਰ ਵਾਸਤੇ ਤੁਰਕ ਆਏ ਹਿੰਦੂਆਂ ਦੇ ਵੜਿ।
ਦੋਵੇਂ ਤਰਫਾਂ ਦੁਰਾਚਾਰ ਹੋਈ ਆ।
ਰਲਾ ਤਾ ਏਹੁ ਪਿਆ, ਸਮੇ ਕਰਿ ਸਭ ਪ੍ਰਕਿਰਤੀ ਖੋਈ ਆ।੧੬੪।

ਕਾਲ ਨਾਹੀ ਜੋਗ ਨਾਹੀ ਸਮਾ ਨਾਹੀ ਸੁਭ ਕਰਮ ਕਿਥੋਂ ਹੋਵੈ।
ਅਜੇ ਕਲਜੁਗ ਹੈ ਨਿਕੜਾ, ਜੋ ਕੋਈ ਅਪਨੇ ਧਰਮੁ ਉਪਰਿ ਸਮਝ ਖੜੋਵੈ।
ਸਾਖ ਗ੍ਰੰਥ ਸਾਹਿਬ ਦੀ ਹੈ ਲਿਖੀ।
ਜਦਿ ਕਤੇਬ ਕੁਰਾਨ ਦੀ ਵਰਤਨ ਹੋਸੀ, ਤਾਂ ਕਿਥੇ ਰਹਿਸੀ ਸਿਖੀ ?੧੬੫।

ਜਦਿ ਕਲਿਜੁਗ ਸਾਹਿਬ ਹੈਨਿ ਆਂਵਦੇ।
ਤਾਂ ਤੀਰਥ ਅਤੇ ਦੇਵਤੇ ਰਲਿ ਪੁਛਣ ਸਭੇ ਠਾਕੁਰ ਜੀ ਪਾਸੋਂ ਹੈਨ ਜਾਂਵਦੇ।
"ਹੇ ਸ੍ਰੀ ਭਗਵਾਨ ਜੀ! ਕਿਚਰਕੁ ਰਹੀਐਗਾ ਕਲਜੁਗ ਵਿਚਿ ਆਪ ?"
ਬਚਨ ਹੋਂਦਾ ਹੈ: "ਦਸ ਹਜ਼ਾਰਿ ਬਰਸ ਮੇਰਾ ਰਹਿਸੀ ਜਾਪੁ"।੧੬੬।

ਤਾਂ ਦੇਵਤੇ ਏਹ ਬਚਨ ਹੈਨ ਕਰਦੇ: "ਜੀ ਮਹਾਰਾਜ! ਅਸੀਂ ਚਾਰ ਹਜ਼ਾਰਿ ਬਰਸ ਰਹਾਂਗੇ ਡਰਦੇ ?"
ਤੀਰਥ ਪੰਜ ਹਜ਼ਾਰ ਬਰਸ ਦਾ ਕਰ ਆਏ ਹੈਨ ਕਰਾਰੁ।
ਅਸੀਂ ਰਹਾਂਗੇ ਪੰਜੁ, ਤੁਸੀਂ ਰਹੋ ਦਸ ਹਜ਼ਾਰ।੧੬੭।

ਦਸ ਹਜ਼ਾਰ ਬਰਸ ਜਦਿ ਬੀਤ ਜਾਸੀ। ਤਾਂ ਫੇਰ ਨਾਉਂ ਨ ਠਾਕੁਰ ਦਾ ਲੈਣਾ ਪਾਸੀ।
ਸੱਚ ਜੋ ਕੋਈ ਮਹਾਰਾਜ ਹੈ, ਤਿਸ ਨੇ ਏਹੁ ਬਚਨ ਹੈ ਕਹਿਆ।
ਤਿਸ ਤੇ ਉਪਰੰਦ ਮਹਾਰਾਜ ਦਾ ਰਹਿਣਾ,
ਇਸ ਭਾਂਤ ਗ੍ਰੰਥ ਸਾਹਿਬ ਜੀ ਵਿਚਿ ਲਿਖ ਹੈ ਧਰਿਆ।੧੬੮।

'ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥'
ਉਪਰੰਦ ਠਾਕੁਰ ਦਾ ਰਹਿਣਾ ਸੰਸਾਰ ਵਿਚਿ ਇਸ ਭਾਂਤ ਹੈ ਪੜ੍ਹਿਆ:
'ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ, ਤੁਰਕ ਪਠਾਣੀ ਅਮਲੁ ਕੀਆ॥'।੧੬੯।

ਅਲਾਹ ਤੇ ਖੁਦਾਇ ਕਰੀਮ ਕਹੀਐਗਾ ਠਾਕੁਰ ਦਾ ਨਾਉ।
ਬੇਦ ਪੁਰਾਨ ਸ਼ਾਸਤ੍ਰ ਨ ਕੋਈ ਪੜ੍ਹਨੇ ਪਾਉ।
ਸ਼ੰਕਰ ਬਰਨ ਪਰਜਾ ਹੋਇ ਜਾਸੀ। ਨਾਲੇ ਪੂਜਾ ਬਹੁਤੁ ਘਟਿ ਜਾਸੀ।੧੭੦।

ਕਿਧਰੇ ਕਿਧਰੇ ਵਸਤੀ ਗਿਰਾਉਂ ਹੋਵੈਗਾ। ਐਸਾ ਸਮਾਂ ਅਗੇ ਆਵੈਗਾ।
ਠਗ ਚੋਰੁ ਬਿਰਾਜਾ ਅਨਿਆਉਂ ਜ਼ੁਲਮ ਉਠ ਖੜੋਵੈਗਾ।
ਧਰਮੁ ਦਾਨ ਪੁੰਨ ਨ ਰਹਿਣਾ ਪਾਵੈਗਾ।੧੭੧।

ਏਹੁ ਗੁਰੂ ਨਾਨਕ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਕੀਤਾ ਹੈ ਪਰਉਪਕਾਰ।
ਅਪਨੇ ਪੰਥ ਵਾਸਤੇ ਭੰਨ ਵਲੁ ਵਿੰਗ ਸਵਾਰ।
ਅਜੇ ਕਲਜੁਗ ਸਾਹਿਬ ਹੈ ਨਿਕੜਾ, ਜਦਿ ਵੱਡਾ ਹੋਵੈਗਾ।
ਸੋ ਡਿਠਾ ਚਾਹੀਐ ਜੋ ਕੈਸਾ ਅਧਰਮ ਚਲਾਵੈਗਾ।੧੭੨।

ਗੁਰੂ ਕਾ ਸਿਖ ਨ ਅਪਨਾ ਧਰਮੁ ਤਿਆਗੇਗਾ। ਗੁਰੂ ਕਾ ਸਿਖ ਗ੍ਰੰਥ ਜੀ ਦੇ ਕਹੇ ਲਾਗੇਗਾ।
ਗੁਰੂ ਕਾ ਸਿਖ ਪਾਪ ਅਧਰਮ ਤੇ ਭਾਗੇਗਾ।੧੭੩।

ਪਰੁ ਜਿਸ ਗੁਰੂ ਕੇ ਸਿਖ ਦੇ ਪੋਤੈ ਪੁੰਨ ਕੋਈ ਜਾਗੇਗਾ।
ਮਲੇਛ ਦਾ ਸੰਗ ਨਹੀਂ ਕਰਨਾ, ਗੁਰੂ ਕਾ ਸਿਖ ਰਹੇ ਗੁਰੂ ਕੀ ਸਰਨਾ।
ਅਜੇ ਕਲਿਜੁਗ ਹੈ ਨਿਦਾਨ, ਅਪਨਾ ਧਰਮ ਨਹੀਂ ਤਿਆਗਨਾ।
ਗੁਰੂ ਗ੍ਰੰਥ ਸਾਹਿਬ ਦੇ ਕਹੇ ਲਾਗਨਾ।੧੭੪।

ਮਹਾਂਬਲੀ ਜੋਧਾ ਕਲਿਜੁਗ ਅਉਤਾਰੁ। ਤਿਸ ਕੋ ਮੇਰੀ ਬਾਰੰਬਾਰ ਹੈ ਨਿਮਸਕਾਰੁ।
ਅਬ ਕਲਿਜੁਗ ਰਾਜੇ ਦਾ ਧਰਮ ਸੁਨੋ ਤੁਮ ਭਾਈ।
ਗੁਰਮੁਖਾਂ ਤੇ ਜੈਸੀ ਸੁਨੀ, ਤੈਸੀ ਆਖ ਸੁਨਾਈ।੧੭੫।

ਗੋਧਪੁਰ ਨਗਰ ਦੱਖਣ ਦਿਸ਼ਾ ਵਲ ਇਕ ਕਹੀਐ।
ਗਿਰਵਰ ਕੇ ਤੀਰ ਮਧਿ ਮਲੇਛ ਨ ਕੋਈ ਰਹੀਐ।
ਦੁਆਪੁਰ ਜੁਗ ਕਾ ਕੋਈ ਆਇਆ ਸੀ ਅੰਤੁ। ਏਹ ਕਲਿਜੁਗ ਕਰੜਾ ਹਰਿ ਕਾ ਸੰਤੁ।੧੭੬।

ਮਨੋਹਰਿ ਬੰਸੁ ਸੂਦ੍ਰ ਰਹੇ ਗੋਧਨ ਪੁਰ ਬੈਪਾਰੀ। ਧਰਮਿਤ੍ਰੀ ਨਾਮ ਤਾਂ ਕੇ ਗ੍ਰਿਹਿ ਥੀ ਨਾਰੀ।
ਤਾਂ ਕੇ ਧਾਮ ਤਟਿ ਹੈ ਸੀ ਠਾਕੁਰ ਦੁਆਰਾ। ..... .....੧੭੭।

ਸੋ ਬਾਸਰ ਕੇ ਜਾਮ ਚਉਥੇ, ਕਥਾ ਨਿਤ ਠਾਕੁਰ ਦੁਆਰੈ ਹੋਵੈ।
ਖਤ੍ਰੀ ਬ੍ਰਹਮਨ ਕੋਈ ਵੈਸ ਭੀ ਜਾਇ ਵਿਚਿ ਬੈਠੇ ਖੜੋਵੈ।
ਤਬ ਬ੍ਰਹਮਨ ਰਸਨਾ ਤੇ ਕਥਾ ਉਚਾਰੇ।
ਤਬ ਸ੍ਰੋਤੇ ਸਭ ਮਿਲਿ ਆਵਹਿ ਠਾਕੁਰ ਦੁਆਰੇ।੧੭੮।

ਸੂਦ੍ਰ ਕੋਈ ਨ ਵੜਨੇ ਪਾਵੈ। ਮਨੋਹਰਿ ਸ਼ੂਦ੍ਰ ਕਾ ਤਟਿ ਧਾਮ ਕਹਾਵੈ।
ਠਾਕੁਰ ਦੁਆਰੇ ਅਰੁ ਧਾਮ ਮਧਿ ਇਕਾ ਭੀਤ।
ਦੈਵਿ ਸੰਜੋਗ ਭੀਤ ਕੋ ਛਿਦ੍ਰ ਭਇਆ ਕਿਸੇ ਰੀਤ।੧੭੯।

ਛਿਦ੍ਰ ਮਧ ਤੇ ਵਹੁ ਨਾਰੀ ਹੇਰੇ। ਜਬ ਦਿਵ ਸ਼ਰਮਾ ਬ੍ਰਹਮਨ ਕਥਾ ਕੋ ਟੇਰੇ।
ਏਕ ਸਮੇ ਦਿਵ ਸਰਮੇ ਕੀ ਵਹੁ ਨਾਰੀ ਦ੍ਰਿਸ਼ਟੀ ਪਈ। ਨੈਨ ਨੈਨ ਸੋ ਦੋਊ ਮਿਲ ਗਈ।੧੮੦।

ਬਹੁਰ ਮੇਲ ਨਾ ਬਾਹਰਿ ਹੋਵੈ। ਕਥਾ ਕੇ ਸਮੇਂ ਵਹੁ ਦੋਨੋ ਛਿਦ੍ਰ ਮਾਰਗ ਜੋਵੈ।
ਮਨੋਹਰਿ ਬੰਸੁ ਸ਼ੂਦ੍ਰ ਥਾ ਪਰਦੇਸ। ਦਿਸਟ ਭੋਗ ਤੇ ਗਰਭ ਹੂਆ ਤੇਸ।੧੮੧।

ਪਤਿ ਪਰਦੇਸ ਪਾਛੇ ਤਿਸ ਹੂਆ ਗਰਭ। ਤਿਨ ਕਹਿਆ: ਮੁਝ ਦੁਰਾਚਾਰਨਿ ਕਹੈਂਗੇ ਸਰਬ।
ਕਾਤਕ ਸੁਦੀ ਤ੍ਰਿਤੀਆ ਕਲਿਜੁਗ ਜੀ ਜਨਮੁ ਧਾਰਾ।
ਤਿਨ ਪਾਇ ਚੀਰ ਮੋ ਜਾਇ ਉਜਾਰੀ ਡਾਰਾ[1]।੧੮੨।

ਤਹਾਂ ਮਾਰਗ ਸੁਪਚ[2] ਆਵਤ ਭਏ। ਤਿਸ ਰੋਵਤ ਉਠਾਇ ਵਹੁ ਲੈ ਗਏ।
ਮੱਖੀ, ਪਿੱਸੂ ਗੰਢੇ ਅਉਰ ਅਨੇਕ ਪਦਾਰਥ। ਉਪਜ ਖੜੇ ਸੰਗ ਕਲਿਜੁਗ ਜਥਾਰਥ।੧੮੩।

ਰਾਜਾ ਜੁਧਿਸਟਰ ਕੇ ਰਾਜ ਮੋ ਕਲਿਜੁਗ ਸਾਹਿਬ ਜਨਮੇ।
ਰਾਜਾ ਪ੍ਰੀਛਤ ਕੋ ਦਿਖਾਈ ਦਿਤੀ ਬਨ ਮੇ।
ਸੋ ਅਬ ਅਠਤਾਲੀ ਸੈ ਸੱਤਰ ਬਰਸ ਕਾ ਭਇਆ।
ਸੰਮਤੁ ਅਠਾਰਾਂ ਸੈ ਛੱਬੀ ਹੈ ਤਬ ਗਿਆ।੧੮੪।

ਚਾਰ ਜੁਗ ਅਰੁ ਚਾਰੇ ਬੇਦ। ਇਸ ਮੈ ਰੰਚ ਨਾ ਜਾਨੋ ਭੇਦ।
ਆਪੋ ਅਪਨਾ ਧਰਮੁ ਜੁਗ ਜੁਗ ਬੇਦ ਦਾ ਕਹਿਆ।
ਸੋ ਕਲਿਜੁਗ ਰਾਜੇ ਬੇਦ ਅਥਰਬਣ ਹੈ ਲਹਿਆ।੧੮੫।

ਉਹ ਜੋ ਹੈ ਪੂਰਨ ਪੁਰਖ ਦਸਵਾਂ ਪਾਤਸ਼ਾਹ। ਤੀਨ ਬਾਪ ਕਾ ਬੇਟਾ ਮਾਤਾ ਦੁਇ ਆਹਿ।
ਸਰੀਰ ਧਾਰਨ ਕੀ ਮਾਤਾ ਹੈ ਨਾਮ 'ਗੁਜਰੀ'।
ਬੁਧਿ ਕੀ ਦਾਤੀ ਮਾਤਾ 'ਮਨਸਾ ਦੇਵੀ' ਆਪ ਹੈ ਉਚਰੀ।੧੮੬।

ਸਰੀਰ ਧਾਰਨ ਦਾ ਪਿਤਾ ਤਾਂਕਾ ਹੈ 'ਤੇਗ ਬਹਾਦੁਰ'।
ਗੁਰਿਆਈ ਗੱਦੀ ਦਾ ਪਿਤਾ ਹੈ ਬਾਬਾ ਨਾਨਕ ਸਾਹਿਬ ਜੀ ਹਾਜ਼ਰ।
ਜੋਤੀ ਜੋਤਿ ਦਾ ਪਿਤਾ ਅਕਾਲ ਪੁਰਖ ਜੀ ਤਿਨ ਰਸਨੀਂ ਆਪ ਹੈ ਕਹਿਆ।
ਐਸੇ ਦਸਵੇਂ ਪਾਤਸ਼ਾਹ ਕਾ ਕਿਨੇ ਅੰਤੁ ਭੇਦ ਨਹੀਂ ਲਹਿਆ।੧੮੭।

ਦਸ ਜਾਮੇ ਬਾਬੇ ਨਾਨਕ ਸਾਹਿਬ ਜੀ ਹੈਨ ਧਾਰੇ।
ਛਿਨਵੇਂ ਕਰੋੜੀ ਕੱਢੀ ਸੀ ਬਾਬੇ ਨਾਨਕ ਨਰਕੋਂ ਪਾਉਂ ਪਸਾਰੇ।
ਨਰਕ ਧਰਮ ਰਾਇ ਪਾਸ ਗਿਆ ਫਿਰਿਆਦੀ।
ਸਾਹਿਬ ਬਚਨ ਕੀਤਾ: ਦਸਵੇਂ ਜਾਮੇ ਭਰ ਦੇਸਾਂ ਬੈਠ ਗੁਰਿਆਈ ਦੀ ਗਾਦੀ।੧੮੮।

ਸੋ ਬਾਬਾ ਨਾਨਕ ਸਾਹਿਬ ਦਸਵਾਂ ਪਾਤਸ਼ਾਹ ਅਹੇ। ਇਕਾ ਜੋਤੀ ਇਕੋ ਸਰੂਪ ਸਭ ਕੋਈ ਕਹੇ।
ਸੋ ਤਿਸ ਦਸਵੇਂ ਪਾਤਸ਼ਾਹ ਦੇ ਖਰਚ ਖਜ਼ਾਨੇ ਦੀ ਵਹੀ ਆਹੀ ਮੇਰੇ ਪਾਸ।
ਸੰਮਤੁ ਦਿਨ ਕੁਛ ਵਹੀ ਉਪਰੋਂ ਦੇਖ ਲਿਖੇ ਤਾਸ।੧੮੯।

---

੧. ਉਜਾੜ, ਜੰਗਲ ਵਿਚ ਸੁੱਟ ਦਿੱਤਾ। ਚੰਡਾਲ।

ਸੋ ਵਹੀ ਬਸੰਤ੍ਰ ਦੇਵਤਾ ਭਖ ਲਈ। ਜੰਮੂ ਨਗਰੀ ਮੈਂ ਆਗ ਲਾਗਤ ਭਈ।
ਸੰਗਤਿ ਕੀਤੀ ਵਡਿਆਂ ਦੀ ਮਾਮਾ ਕ੍ਰਿਪਾਲ ਸਿੰਘ ਸੁਭਿਖੀ।
ਸਾਹਿਬ ਦਸਵੇਂ ਪਾਤਸ਼ਾਹ ਦਾ ਸਕਾ ਮਾਮਾ ਡਿੱਠਾ ਅੱਖੀਂ।੧੯੦।

ਭਾਈ ਮਨੀ ਸਿੰਘ, ਤਾਰਾ ਸਿੰਘ ਜੀ ਕੀ ਸੰਗਤ। ਕਉਰ ਸਿੰਘ ਚੰਦ੍ਰਾ ਡਿਠਾ ਵਿਚਿ ਪੰਗਤ।
ਹੋਰ ਬਹੁਤੇ ਸਿਖ ਡਿਠੇ ਗੁਰੂ ਕੇ ਪਿਆਰੇ।
ਲਿਖੇ ਬਚਨ ਸੁਨੇ ਸੁਨਾਏ, ਤਿਸ ਸੰਗਤ ਮੰਝਾਰੇ।੧੯੧।

ਭਲਿਆਂ ਗੁਰਮੁਖਾਂ ਸਿਖਾਂ ਵਡਿਆਂ ਦੇ ਕੀਤੇ ਦੀਦਾਰ।
ਮਾਤਾ ਸੁੰਦਰੀ, ਮਾਤਾ ਸਾਹਿਬ ਦੇਈ ਜੀ ਦੇ ਦਿੱਲੀ ਦਰਬਾਰ।
ਦੋਨੋਂ ਦੀਵਾਨ ਸਾਹਿਬ ਚੰਦੁ ਦੀਵਾਨ ਧਰਮ ਚੰਦ ਦਸਵੇਂ ਪਾਤਸ਼ਾਹ ਕੇ।
ਹਉ ਧਰਮ ਚੰਦ ਕਾ ਨਾਤੀ ਲਿਖੀ ਪੋਥੀ ਮਨ ਕਰ ਚਾਹ ਕੇ।੧੯੨।

ਕਹੀ ਕਰਨੀ ਹੈ ਸੇਵਾ ਸਿੰਘ ਜੀ ਸੰਤ ਗੁਰਦੁਆਰੇ ਕੀ।
ਪੋਥੀ ਹੋਈ ਪੂਰੀ, ਨਕਲ ਕੀਤੀ ਹੈ ਅਗਲੇ ਉਤਾਰੇ ਕੀ।
ਭੂਲ ਚੁਕ ਮੇਰੀ ਖਿਮਾ ਕਰੀਉ ਵਾਸਤੇ ਪਰਮੇਸਰ ਕੇ।
ਗੁਨ ਅਉਗਨ ਨਹੀਂ ਬਿਚਾਰਨੇ ਦਾਸ ਛਿਬਰ ਕੇਸਰ ਕੇ।੧੯੩।

**ਦੋਹਰਾ**—ਸਰਬਤ ਸਿਖਾਂ ਅਗੇ ਬੇਨਤੀ ਸੁਨੀਐ ਮਨ ਚਿਤ ਲਾਇ।
ਜੋ ਕਛੁ ਆਖੀ ਸਤਿਗੁਰਾਂ ਸੋ ਕੀਤੇ ਸੁਖ ਪਾਇ।
ਇਥੇ ਅੱਗੇ ਦੁਹੀਂ ਜਹਾਨੀਂ ਸਤਿਗੁਰੁ ਮੁੱਦਈ ਹੋਇ।
ਜੇ ਸਤਿਗੁਰ ਥੀਂ ਮੁੜਿ ਬਹੇ, ਕਹੋ ਛੁਡਾਸੀ ਕੋਇ।੧੯੫।

ਦੇਖੋ ਬਚਨ ਬਿਚਾਰ ਕੇ, ਜੋ ਸਤਿਗੁਰ ਰਸਨੀਂ ਆਖੇ।
ਅਗੇ ਕਰੋ ਵਿਚਾਰ ਲੈ ਸਤਿਗੁਰ ਦੀ ਸਾਖੇ।੧੯੬।

**ਚੌਪਈ**—ਹਮਰੇ ਦੁਸਟ ਸਭੈ ਤੁਮ ਘਾਵਹੁ॥
ਏਹ ਬਚਨ ਹੈ ਸਤਿਗੁਰਾਂ ਦੇ, ਕਿ ਨਾਹੀ; ਸਭ ਆਖ ਸੁਨਾਵਹੁ।
ਕਹੁ ਉਹੁ ਤਾ ਪੂਰਨ ਆਹਾ ਨਿਰਵੈਰ, ਉਸ ਦਾ ਦੁਸਟ ਹੈ, ਸੋ ਮੋਹਿ ਬਤਾਵਹੁ।
ਜੋ ਸਿਖ ਸਿੰਘ ਹੋ ਗੁਰੂ ਕੇ ਤਾਂ ਉਸ ਦਾ ਬਚਨ ਕਮਾਵਹੁ।੧੯੭।

'ਸਭ ਬੈਰਨ ਕੋ ਆਜ ਸੰਘਰਿਯੈ॥
ਸੇਵਕ ਸਿਖ ਹਮਾਰੇ ਤਾਰੀਅਹਿ॥ ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ॥'।੧੯੮।

ਅਪਨੇ ਸਿਖ ਦੀ ਅਤੇ ਸੇਵਕ ਦੀ ਮੰਗੀ ਹੈ ਰਛਿਆ। ਏਹੁ ਆਹੀ ਸਤਿਗੁਰਾਂ ਦੀ ਇਛਿਆ।
'ਦੁਸ਼ਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥'।੧੯੯।

ਭਾਈ ਸਿਖੋ! ਜੋ ਸਤਿਗੁਰ ਦੇ ਏਹ ਬਚਨ ਪਛਾਨੋ।
ਤਾ ਗੁਰੁ ਕੇ ਸਿਖ ਹੋਇ ਤਤੇ ਵੈਰੀ ਸੋ ਹੇਤ ਨ ਠਾਨੋ।
ਪੁਕਾਰਿ ਪੁਕਾਰਿ ਸਤਿਗੁਰਾਂ ਹੈ ਕਹਿਆ।
ਜੇ ਤੁਸਾਂ ਨ ਮੰਨੀ ਤਾਂ ਤੁਸਾਡਾ ਕੀ ਸਾਕ ਸਤਿਗੁਰਾਂ ਨਾਲਿ ਰਹਿਆ।੨੦੦।

ਸੁਨੀਏ ਬੇਨਤੀ ਮੇਰੀ ਸਿੰਘ ਜੀ! ਸਿੰਘ ਕੇਸਰ ਛਿਬਰੁ ਹੈ ਕਹਿੰਦਾ।
ਖੁਲਕ, ਮੁਹਬਤਿ, ਪਿਆਰੁ ਤੇ ਸੇਵਾ ਸਿੰਘ ਜੀ ਜਗ ਏਹੋ ਹੈ ਰਹਿੰਦਾ।
ਹੋਵਨਿ ਉੱਜਲ ਜਿਸ ਦੇ ਭਾਗ ਸਿੰਘ ਜੀ ਸੋ ਆਵੈ ਬਾਬੇ ਨਾਨਕ ਦੇ ਪੰਥ ਵਿਚ।
ਹੈ ਬਿਆਪਕ ਸਭ ਮਹਿ ਘਟਿ ਘਟਿ ਮੋ ਹਰਿ ਸਿੰਘ ਜੀ ਸਾਖ ਲਿਖੀ ਹੈ ਗ੍ਰੰਥ ਵਿਚ।੨੦੧।

ਚੜ੍ਹਿਆ ਹੈ ਮਹਿਤਾਬ[1], ਸਿੰਘ ਜੀ ਬਾਬਾ ਨਾਨਕ ਜਿਸ ਕਾ ਨਾਮ ਹੈ।
ਇਸ ਜਾਮੇ ਕੋ ਧੋਇ ਲੀਜੈ, ਸਿੰਘ ਜੀ ਬਡਾ ਏਹ ਕਰਨਾ ਨਾਮੁ ਹੈ।
ਵਰੁ ਲੀਤੇ ਦਸਵੇਂ ਪਾਤਸ਼ਾਹ ਸਿੰਘ ਜੀ ਕਰਿ ਜੁਆਲਾ ਦੀ ਸੇਵਾ।
ਇਹ ਧਰਮ ਦਾ ਹੈ ਪਰਵਾਰ ਕੀਤਾ ਗੁਰਬਖਸ਼ ਸਿੰਘ ਜੀ ਮਿਠਾ ਮੇਵਾ।੨੦੨।

ਜੋ ਗੁਰੂ ਕਾ ਬਚਨ ਕਮਾਵੈਗਾ ਸਿੰਘ ਜੀ, ਸੋ ਦੀਨ ਦੁਨੀਆ ਸੁਖ ਪਾਵੈਗਾ ਸਿੰਘ ਜੀ।
ਜੋ ਸਤਿਗੁਰਾਂ ਥੀ ਮੁੜਿ ਜਾਵੈਗਾ ਸਿੰਘ ਜੀ। ਸੋ ਨਰਕੇ ਬਾਸਾ ਪਾਵੈਗਾ ਸਿੰਘ ਜੀ।੨੦੩।

**ਦੋਹਰਾ**—ਸਿੰਘ ਜੀ ਸਿੰਘ ਜੀ ਕਰਿ ਆਖੇ ਸਭ ਕੋਈ ਸਿੰਘ ਜੀ ਹੋਣਾ ਅਉਖਾ।
ਸਿੰਘ ਜੀ ਹੋਇ ਮੁਰਦਾਰੁ ਨਾ ਖਾਏ, ਨਹੀਂ ਸਿੰਘ ਸਦਾਵਨ ਸਉਖਾ।੨੦੪।

**ਚਉਪਈ**—ਉਹੁ ਅਨਾਦਿ ਪੁਰਖੁ ਪੂਰਨੁ ਅਕਾਲ। ਜਿਸ ਦਾ ਸਰੀਕ ਨਹੀਂ ਕੋਈ ਦੂਜਾ ਨਾਲਿ।
ਤਿਸ ਦਾ ਗੁਣ ਹੈ ਚਉਥਾ ਸੇਖ ਸਾਇਆ।
ਖੀਰ ਸਮੁੰਦ੍ਰ ਵਿਚਿ ਜਿਸ ਆਸਣ ਹੈ ਲਾਇਆ।੨੦੫।

ਤਿਸ ਪੂਰਨ ਪੁਰਖੁ ਦੀ ਇਛਾ ਹੈ ਮਨਸਾ ਦੇਵੀ।
ਜਿਸ ਦੇ ਤਿੰਨੇ ਗੁਣ ਹੈਨ ਪੁਤ੍ਰ—ਬ੍ਰਹਮਾ ਬਿਸ਼ਨ ਮਹਾਦੇਵ ਜੀ।
ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਨੁ।
ਬ੍ਰਹਮਾ ਸੰਸਾਰੀ, ਸ਼ਿਵ ਭੰਡਾਰੀ, ਬਿਸਨੂ ਹੈ ਸੁਲਤਾਨੁ।੨੦੬।

ਸੰਸਾਰ ਉਤਪਤਿ ਕਰਤੇ ਬ੍ਰਹਮਾ ਜੀ ਭਏ। ਬਰਨ ਕੁਬੇਰੁ ਇੰਦ੍ਰ ਕੱਸ਼ਪ ਸਭ ਹੋਵਤ ਭਏ।
ਕਸ਼ਪ ਦਾ ਸੁਤ ਸਮੁੰਦ੍ਰ ਦੂਜਾ ਭਾਨੁ। ਤਿਸ ਭਾਨ ਦੀ ਹੋਈ ਸੰਤਾਨ।
ਚਉਦਾਂ ਮਨੁ ਸੂਰਜ ਸੁਤ ਭਏ। ਤਿਨ ਮੋ ਸ਼ੰਭੂ ਮਨੁ ਜੀ ਨਾਮ ਸਭ ਕਹੇ।੨੦੭।

ਸੰਭੂ ਮਨੁ ਕਾ ਸੁਤ ਰਾਜਾ ਇਖਵਾਕੁ ਸਾਸਤ੍ਰ ਬੇਦ ਜਾਕੀ ਪਾਂਦੇ ਸਾਖ।
ਤਿਸ ਦਾ ਬੇਟਾ ਹੋਇਆ ਰਾਜਾ ਦਲੀਪੁ। ਨਗਰੁ ਦਿਲੀ ਜਿਸ ਬਾਧਾ ਵਿਚ ਜੰਬੂ ਦੀਪੁ।੨੦੮।

ਤਾ ਕੇ ਧਾਮ ਰਾਜਾ ਰਘੁ ਹੋਇਆ। ਰਘੁ ਧਾਮ ਰਾਜਾ ਅਜ ਬਰੁ ਉਪਜ ਖੜੋਇਆ।੨੦੯।

ਅਜ ਬਰੁ ਧਾਮ ਰਾਜਾ ਜਸਰਥ ਜੀ ਹੋਏ। ਸੁਤ ਜਸਰਥ ਦੇ ਸਭ ਦੁਖ ਖੋਏ।
ਬੜੇ ਭਜਨ ਕਰਿ ਜਸਰਥ ਸੁਤ ਲੀਨੋ। ਸੁਤ ਉਪਜੇ ਬੇਦ, ਕਬੀਲੇ ਥੇ ਤੀਨੋ।੨੧੦।

ਵਡੀ ਸੀ ਕੈਕਈ ਸੋ ਕਸਟਵਾੜੋਂ[2] ਸੀ ਬਿਆਹੀ। ਛੋਟੀ ਸੁਮਿਤ੍ਰਾ ਸੋ ਮਾਰਵਾੜੋਂ ਸੀ ਆਹੀ।
ਸਭਨਾਂ ਤੇ ਨਿੱਕੜੀ ਸੋ ਕੁਸਲਿਆ, ਜਿਸ ਦਾ ਬੇਟਾ ਰਾਮ ਜੀ ਭਇਆ।
ਸੋ ਕੁਸਲਿਆ ਸਮੁੰਦ੍ਰ ਦੇ ਟਾਪੂ ਵਿਚੋਂ ਵਿਆਹੁ ਲਇਆ।੨੧੧।

---

੧. ਸੂਰਜ। ੨. ਕਿਸ਼ਤਵਾੜ, ਕਸ਼ਮੀਰ ਦਾ ਇਕ ਭਾਗ।

ਸਤ ਹਜ਼ਾਰ ਸਾਲ ਅਵਸਥਾ ਰਾਜੇ ਕੀ ਗਈ ਬੀਤੇ। ਜਤਨ ਬਹੁਤੁ ਸੁਤ ਕਾਰਨ ਕੀਤੇ।
ਅਕਸਮਾਤ ਬ੍ਰਹਮ-ਹਤਿਆ ਭੀ ਭਈ।
ਰਾਜਾ ਬਨਬਾਸੀ ਹੋਵਣ ਲੱਗਾ, ਤਾਂ ਦੇਵਤਿਆਂ ਏਹੁ ਬਾਤ ਕਹਿ ਦਈ।੨੧੨।

"ਰਾਜਾ ਚਿੰਤਾ ਨਾ ਕਰੋ, ਜਾਉ ਅਪਨੇ ਧਾਮ।
ਵਿਸ਼ਨੁ ਅਉਤਾਰ ਤੇਰੇ ਹੋਸੀ, ਰਾਮ ਜੀ ਧਰੀਉ ਨਾਮ।
ਰਾਜੇ ਆਇਕੈ ਜਗੁ ਵਸਿਸਟਿ ਗੁਰੁ ਦੇ ਕਹੇ ਕਰਾਇਆ।
ਭਾਗੁ ਜੱਗ ਦਾ ਕਹੇ ਗੁਰੂ ਵਸਿਸਟਿ ਦੇਹ ਦਾਰਾ[1] ਨੂੰ ਖਵਾਇਆ।
ਸੋ ਰਾਜੇ ਘਰਿ ਆਇ ਭਾਗੁ ਕੈਕਈ ਦੇ ਕਰੁ ਦੀਨਾ।੨੧੩।

ਵੰਡਿ ਖਾਉ ਇਕੋ ਜੇਹਾ ਮਿਲ ਨਾਰੀ ਤੀਨਾ।
ਸੁਮਿਤ੍ਰਾ ਤਿਤ ਸਮੇ ਪਾਸ ਉਨ੍ਹਾਂ ਦੇ ਨਾਹੀ।
ਕੈਕਈ ਕੁਸ਼ਲਿਆ ਆਧੋ ਅਧੁ ਕਰ ਲੀਤਾ ਮਿਲ ਆਪਸ ਮਾਹੀ।੨੧੪।

ਤਾਤ ਕਾਲੁ ਸੁਮਿਤ੍ਰਾ ਭੀ ਤਹਾਂ ਆਵਤ ਭਈ। ਇਨ੍ਹਾਂ ਖਾਧਾ ਨਾਹ, ਸੁਮਿਤ੍ਰਾ ਆਇ ਗਈ।
ਮੁਹਿ ਪਾਣ ਨ ਦਿਤਾ, ਤਿਸ ਹਿਸਾ ਵੰਡਾਇਆ।
ਅੱਧਾ ਦਿੱਤਾ ਕੈਕਈ, ਅੱਧਾ ਕੁਸ਼ਲਿਆ ਤੇ ਦਿਵਾਇਆ।੨੧੫।

ਹਿਸੇ ਹੋਏ ਚਾਰ, ਨਾਰੀ ਹੋਈਆਂ ਤੀਨ। ਏਕ ਕੈਕਈ, ਏਕ ਕੁਸ਼ਲਿਆ, ਦੁਇ ਸੁਮਿਤ੍ਰਾ ਲੀਨ।
ਕੁਸ਼ਲਿਆ ਤੇ ਵੱਡੇ ਰਾਮ ਜੀ, ਸੁਮਿਤ੍ਰਾ ਤੇ ਲਛਮਨ ਭਏ।
ਪੁਨ ਭਰਥ ਕੈਕਈ ਤੇ ਸਤ੍ਰਘਨ ਦੂਜਾ ਸੁਮਿਤ੍ਰਾ ਤੇ ਜਨਮ ਲਏ।੨੧੬।

ਜੋ ਹਿਸਾ ਕੁਸ਼ਲਿਆ ਜੀ ਸੁਮਿਤ੍ਰਾ ਨੋ ਆਹਾ ਦਿੱਤਾ। ਤਿਸ ਹਿਸੇ ਦਾ ਲਛਮਨ ਜੀ ਭਵ ਲਿਤਾ।
ਅਤੇ ਜੋ ਹਿੱਸਾ ਕੈਕਈ ਦਿਤਾ ਆਹਾ, ਤਿਸ ਤੇ ਸ਼ਤ੍ਰਘਨ ਉਪਜੇ ਆਹਾ।੨੧੭।

ਚਾਰੋਂ ਸੁਤ ਕੇ ਦੋਨੋ ਭਾਗੁ ਪੁਨਿ ਹੋਵਤ ਭਏ।
ਲਛਮਨ ਜੀ, ਰਾਮ ਜੀ, ਸੋ ਸਤ੍ਰਘਨ, ਭਰਥ ਸੋ ਮਿਲ ਗਏ।
ਹਿਸੇ ਨਾਲਿ ਹਿਸਾ ਮਿਲ ਗਿਆ। ਚਾਰੇ ਪੁਤ੍ਰ ਰਾਜੇ ਜਨਕ ਘਰਿ ਬਿਆਹੇ ਲਿਆ।੨੧੮।

ਸੀਤਾ ਸੁਤਾ ਧਰਨਿ[2] ਕੀ ਅਹੀ। ਤਪਸੀਆਂ ਦਿਜਾਂ ਕੇ ਰੁਧਰ ਤੇ ਉਪਜੀ ਸਹੀ।
ਸੋ ਜਨਕ ਧਾਮੁ ਆਇ ਬਸਤੀ ਭਈ। ਸੋ ਜਨਕ ਰਾਮ ਜੀ ਕੋ ਬਿਆਹ ਦਈ।੨੧੯।

ਅਪਨੀ ਸੁਤਾ ਲਛਮਨ ਕੋ ਦੀਨੀ। ਜਨਕ ਭਾਈ ਦੀ ਸੁਤਾ ਭਰਥ ਜੀ ਕੀਨੀ।
ਅਪਨੇ ਪਰਵਾਰ ਕਬੀਲੇ ਤੇ ਸਤ੍ਰਘਨ ਕੋ ਦਿਵਾਈ।
ਚਾਰੇ ਪੁਤ੍ਰ ਲਏ ਜਨਕ ਧਾਮ ਬਿਆਹੀ।੨੨੦।

ਟਿਕਾ ਭਏ ਰਾਮ ਜੀ, ਸੋ ਰਾਜੁ ਕੀ ਲਾਇਕ।
ਸੀਤਾ ਉਪਜੀ ਤਪਸੀਆਂ ਦੇ ਰੁਧਰ ਥੀਂ ਰਖੀ ਸੀ ਕੁੰਭ ਪਾਇਕ।
ਸੀਤਾ ਸਤਵੰਤੀ ਹਤਿਆ ਤੇ ਹੋਈ। ਬਿਨਾ ਰਾਮ ਜੀ ਇਸ ਨੂੰ ਰਖ ਨ ਸਕੇ ਕੋਈ।੨੨੧।

---

੧. ਇਸਤ੍ਰੀ। ੨. ਧਰਤੀ ਦੀ ਪੁੱਤ੍ਰੀ।

ਰਾਜਾ ਜਸਰਥ ਅਤੇ ਰਾਵਣ ਪਰਵਾਰ ਸਮੇਤ। ਇਸ ਦੋਨੋ ਆਹੇ ਖਾਣੇ, ਏਹ ਆਈ ਧਰਮੇਤ।
ਰਾਜੇ ਜਸਰਥ ਬ੍ਰਹਮ ਹਤਿਆ ਆਹੀ ਕੀਤੀ।
ਅਚਣਚੇਤੇ ਹੋਇ ਗਈ, ਜਾਣ ਕੇ ਏਹੁ ਮਤਿ ਨਹੀਂ ਸੀ ਲੀਤੀ।੨੨੨।

ਸੁਣੋ ਹਕੀਕਤ ਆਖ ਸੁਣਾਵਾਂ। ਜਿਉਂ ਜਿਉਂ ਸੁਣੀ ਤਿਉਂ ਤਿਵੇਂ ਗਾਵਾਂ।
ਸਰਵਣ ਦਿਜੁ, ਸਮੇਤ ਮਾਤ-ਪਿਤਾ ਮਾਰਿਆ।
ਅੰਕ ਬਿਧਾਤਾ ਨ ਕਿਨੇ ਮੇਟ ਉਤਾਰਿਆ।੨੨੩।

ਏਹ ਪਾਪ ਜਸਰਥੁ ਨੂੰ ਸੀ ਲੱਗਾ।
ਸਰਵਣ ਨੂੰ ਲੱਗਾ ਬਾਣੁ, ਕੰਪਾਲ ਅਤੇ ਕੰਪਾਲੀ ਦੋਨੋਂ ਸੜੇ ਅਗਾ।
ਸੀਤਾ ਸੀ ਤਪਸੀਆਂ ਦਿਜਾਂ ਦੀ ਰਤਿ ਥੀਂ ਹੋਈ।
ਰਾਵਣ ਡੰਨੁ ਲੈ ਕੇ ਕੁੰਨ ਪਾਇ ਰਤੁ ਰਖੀ ਸੀ ਸੋਈ।੨੨੪।

ਸੋ ਰਾਵਣ ਨੂੰ ਅਤੇ ਜਸਰਥ ਨੂੰ ਸੀਤਾ ਹੈ ਸੀ ਖਾਣਾ। ਸਮਾ ਆਵੈ ਤ ਲਗੇ ਆਪ ਕਮਾਣਾ।
ਅਠ ਸੈ ਇਕ ਬਰਸ ਦੀ ਮਾਤਾ ਸੀਤਾ, ਸਭ ਜਗੁ ਕੰਨਿਆ ਜਾਣੈ।੨੨੫।

ਛਿ ਲੱਖ ਸਾਢੇ ਬੱਤੀ ਹਜ਼ਾਰ ਸਾਲ ਤ੍ਰੇਤਾ ਜੁਗ ਸੀ ਗਿਆ।
ਤਬ ਰਾਮ ਜੀ ਸਾਹਿਬ ਜਨਮ ਹੈਸੀ ਲਿਆ।
ਚੇਤ੍ਰ ਨਉਮੀ, ਦਿਨ ਬੁਧਵਾਰ, ਅਰਧ ਨਿਸਾ, ਅਰੁ ਘਟਿਕਾ ਚਾਰ।੨੨੬।

ਨਉਂ ਹਜ਼ਾਰਿ ਸਾਲ ਉਮਰਾ, ਰਾਜੇ ਜਸਰਥ ਦੀ ਅਵਸਥਾ ਪਈ।
ਤ੍ਰਬ ਦੇਸ ਨਿਕਾਲਾ ਰਾਮ ਜੀ ਕੋ ਦਈ।
ਸ਼ੇਖ ਰਹੀ ਹਜ਼ਾਰ ਸਾਲ, ਸੋ ਪਿਤਾ ਰਾਮ ਜੀ ਕੋ ਰਾਜ ਮਨਸ ਦੀਨੀ।
ਤਬ ਪ੍ਰਾਨ ਪਿਆਨਾ ਰਾਜਾ ਸੁਰਗ ਕੋ ਕੀਨੀ।੨੨੭।

ਰਾਵਣ ਮਾਰਿ ਰਾਮ ਜੀ ਜਬ ਆਏ। ਮਾਤਾ ਸੀਤਾ ਨੇ ਰਾਵਣ, ਜਸਰਥ ਦੋਨੋ ਖਾਏ।
ਬੈਠੇ ਰਾਜੁ-ਸਿੰਘਾਸਨ ਰਾਮ ਜੀ ਆਇ। ਵੰਡੇ ਦੇਸ, ਲੈ ਗਏ ਸਭੇ ਭਿਰਾਇ।੨੨੮।

ਰਾਮ ਜੀ ਘਰਿ ਲਉ-ਕੁਸੁ ਪੁੱਤ ਭਏ ਦੁਇ। ਤਿਨਾਂ ਭੀ ਆਪਸ ਵਿਚ ਵੰਡ ਲੀਤੀ ਭੁਇੰ।
ਲਛਮਨ—ਧਾਮ ਬੇਟੇ ਭਏ ਚਾਰ। ਭਰਥ—ਧਾਮ ਭਇਆ ਏਕੁ ਕੁਮਾਰ।੨੨੯।

ਤਿਨ ਕੀ ਅੰਸ ਭੀ ਚਲੀ ਆਈ। ਜੋ ਨਾਮ ਲਿਖਨ ਲਗਾ, ਤਾ ਅੰਤੁ ਨ ਪਾਈ।
ਲਉ ਕੀ ਅੰਸ ਕੇ ਨਾਮ ਕੁਛ ਪਹਿਲੇ ਚਰਨ ਮੋ ਹੈਨ ਪਾਈ।੨੩੦।

ਲਉ ਕੁਸੁ ਦੀ ਅੰਸ ਵਿਚੋਂ ਸੋਢੀ ਅਤੇ ਵੇਦੀ ਹੋਏ।
ਲਛਮਨ ਦੀ ਅੰਸ ਵਿਚੋਂ ਤ੍ਰਿਹਨ ਜਾਤਿ ਪ੍ਰਗਟਿ ਖਲੋਏ।
ਕਹੀਂ ਕਹੀਂ ਸ਼ਾਸਤ੍ਰ-ਪੁਰਾਨ ਵਿਚਿ ਇਨ ਕੀ ਵਾਰਤਾ ਹੈ ਲਿਖੀ।
ਤਾਂ ਤੇ ਕਹੀਂ ਕਹੀਂ ਤੇ ਸੁਨ ਕੇ, ਮੈਂ ਭੀ ਹੈ ਦਿਖੀ।੨੩੧।

ਸੋਢੀਆਂ ਵੇਦੀਆਂ ਦੀ ਹਕੀਕਤ ਬਚਿਤ੍ਰ ਨਾਟਕ ਵਿਚਿ ਹੈ ਕਹੀ।
ਭਰਥ ਦੀ ਅੰਸ ਵਿਚੋਂ ਭੱਲੇ ਹੋਏ ਸਹੀ।
ਤ੍ਰਿਹਨ ਕਿਸ ਜੁਗਤਿ ਕਰਿ ਭਏ ? ਰਾਜ ਉਪਰੋਂ ਆਪਸ ਵਿਚਿ ਲੜਦੇ ਗਏ।੨੩੨।

ਦਸ ਲਖ ਸਾਲ ਤ੍ਰੇਤਾ ਜੁਗ ਗਇਆ। ਅੰਗਰਧੁਜ ਰਾਜਾ ਲਛਮਨ ਦੀ ਅੰਸ ਵਿਚੋਂ ਭਇਆ।
ਜੁਧ ਸਮੇਂ ਸਭ ਹਾਠਾਂ ਜੋੜ ਖਲੋਤੇ। ਭਰਥ ਕੀ ਅੰਸੁ ਅਤੇ ਲਛਮਨ ਦੀ ਅੰਸੁ ਦੋਨੋ ਹੋਤੇ।੨੩੩।

ਅੰਗਰਧੁਜ ਰਾਜਾ ਦਉੜ ਕੇ ਜਾਇ ਪਇਆ। ਤਿਹੁ ਰਾਜਿਆਂ ਦੇ ਸੀਸ ਕਟਿ ਗਇਆ।
ਤਾਂ ਤੇ ਤਿਸ ਕਾ ਨਾਮੁ ਤ੍ਰਿਹਨੁ ਪਿਆ। ਤਿਸ ਕੀ ਅੰਸੁ ਵਿਚੋਂ ਗੁਰੂ ਅੰਗਦ ਜਨਮੁ ਲਿਆ।੨੩੪।

ਸੋ ਲਛਮਨ ਜੀ ਕੀ ਆਹੀ ਅੰਸੁ। ਅਬ ਸੁਨੋ ਭਰਥ ਕੀ ਅੰਸੁ ਕਾ ਬਿਰਤੰਤੁ :
ਆਦਿ ਦੁਆਪੁਰ ਭਰਥ ਦੀ ਅੰਸੁ ਵਿਚੋਂ ਰਾਜਾ।
ਹੋਇਆ ਕਲਸਰੂਪ ਨਾਮ, ਨਗਰ ਗੋਧਾਨਪੁਰ ਤਿਨ ਸਾਜਾ।੨੩੫।

ਕਰਿ ਭਲਿਆਈ ਜਸੁ ਬਡਾ ਤਿਨ ਲੀਆ। 'ਭਲਾ ਭਲਾ' ਨਾਮ ਤਿਸ ਕਾ ਜਗ ਮੈਂ ਥੀਆ।
ਤਾਂ ਕੀ ਅੰਸੁ ਭੱਲੇ ਭਰਥ ਜੀ ਤੇ ਭਏ।
ਭਰਥ—ਅੰਸੁ ਭਲੇ ਗੁਰੂ ਅਮਰਦਾਸ ਜੀ ਜਨਮੁ ਲਏ।੨੩੬।

ਚਾਰੇ ਜਾਤਾਂ ਜਸਰਥ ਦੀ ਅਉਲਾਦੁ। ਵੇਦੀ, ਸੋਢੀ, ਤ੍ਰਿਹਨ, ਭਲੇ ਚਲੇ ਆਏ ਆਦਿ।
ਰਾਜੇ ਬਰਨ ਨੂੰ ਕਹਿੰਦੇ ਜਿੰਦ ਪੀਰ।
ਸੋ ਰਾਜਾ ਹੈ ਜਲਾਂ ਦਾ, ਸਭ ਉਸ ਦੇ ਅਧੀਨ ਹੈ ਨੀਰ।੨੩੭।

ਤਿਸ ਦੀ ਦੀਖਿਆ ਬਾਬੇ ਸਾਹਿਬ ਲਈ। ਟਿਕਾ ਕਮਲ ਕੀ ਨਕਲ ਗੁਰਮੁਖੀ ਮਾਥੇ ਪਰ ਪਈ।
ਬਾਬੇ ਨਾਨਕ ਤੇ ਹੋਏ ਦਸੇ ਮਹਲ। ਇਕਾ ਜੋਤਿ ਅਤੇ ਇਕਾ ਗਲਿ।੨੩੮।

ਏਹ ਆਦਿ ਪੁਰਖ ਦੀ ਅੰਸੁ ਚਲੀ ਹੈ ਆਈ। ਸਾਰੀ ਹਕੀਕਤ ਪਿਛੇ ਭੀ ਮੈਂ ਹੈ ਆਖ ਸੁਣਾਈ।
ਜਸਰਥ ਦੇ ਪੁੱਤ ਹੋਏ ਚਾਰ।
ਜੇ ਚਉਹਾਂ ਦੀ ਅੰਸੁ ਦੇ ਨਾਉਂ ਲਿਖਣ ਲਗਾ, ਹੋਵੈ ਬਿਅੰਤੁ ਬੇਸ਼ੁਮਾਰ।੨੩੯।

ਇਕ ਗ੍ਰੰਥ ਨਾਵਾਂ ਦਾ ਹੀ ਬਣੇ। ਤ੍ਰੇਤਾ, ਦੁਆਪੁਰ, ਕਲਿਜੁਗ ਤੋੜੀਂ ਤਿਨੇ ਕਉਨ ਗਣੇ।
ਰਾਮ ਜੀ ਦੇ ਦੁਇ ਬੇਟੇ ਲਊ ਕੁਸੂ ਦੋਨੋ ਭਾਈ।
ਲਊ ਕੁਸੂ ਦੀ ਅਉਲਾਦ ਭੀ ਚਲੀ ਆਈ।੨੪੦।

ਲਊ ਦੀ ਅੰਸੁ ਵਿਚੋਂ ਹੋਇਆ ਠਾਕੁਰਦਾਸ।
ਅਤੇ ਕੁਸੂ ਦੀ ਅੰਸੁ ਵਿਚੋਂ ਹੋਇਆ ਨਾਰਾਇਣ ਸੁਤੁ, ਜਿਨ੍ਹਾਂ ਦਾ ਬਾਰੀਂ[1] ਵਾਸੁ।
ਸ੍ਰਾਨ, ਸਿਉਰਾਮ ਏਹ ਦੋਨੋ ਭਾਈ ਵੇਦੀ ਕਹਾਂਹਿ।
ਠਾਕੁਰ ਦਾਸ ਦੀ ਅੰਸੁ ਸੋਢੀ ਅਤੇ ਸਤੇ ਪਾਤਸ਼ਾਹ।੨੪੧।

ਲਛਮਨ ਭਰਥ ਦੀ ਅੰਸੁ ਤ੍ਰਿਹਨ ਭਲੇ। ਚਾਰੇ ਜਾਤਾਂ ਇਕਾ ਘਰਿ ਅਤੇ ਇਕਾ ਗਲੇ।
ਜੇ ਕੋਈ ਦਸਾਂ ਮਹਲਾਂ ਦੇ ਬਚਨ ਕਮਾਵੈਗਾ। ਸੋਈ ਗੁਰੂ ਕਾ ਸਿਖ ਅਖਾਵੈਗਾ।੨੪੨।

ਦਸਵੇਂ ਪਾਤਸ਼ਾਹ ਦੇ ਬਚਨ ਸੁਣ ਕੰਨ ਧਰੋ। ਤਿਨ ਕਹਿਆ ਹੈ : 'ਸਿਖ ਉਬਾਰਿ ਅਸਿਖ ਸੰਘਾਰੋ।'
ਸੋ ਗੁਰੂ ਕੇ ਵੈਰੀ ਪੱਕੇ, ਤਤੇ[2], ਕਰਿ ਜਾਨੋ।
ਦਸਵੇਂ ਪਾਤਸ਼ਾਹ ਦੇ ਮਾਤ ਪਿਤਾ ਪੁੱਤ੍ਰ ਚਾਰੇ ਮਲੇਛਾਂ ਮਾਰੇ ਮਾਨੋ।੨੪੩।

---

੧. ਬਾਰ ਵਿਚ। ੨. ਭਾਵ ਤੁਰਕ।

ਲਖ ਸਿਖਾਂ ਦੇ ਮਲੇਛਾਂ ਮਾਰੇ ਕਛੁ ਅੰਤੁ ਨ ਆਵੈ।
ਮਲੇਛਾਂ ਨਾਲਿ ਕਰੇ ਹੇਤ ਅਤੇ ਫੇਰ ਗੁਰੂ ਕਾ ਸਿਖ ਕਹਾਵੈ।
ਸ਼ਬਦੋਂ ਮੁੜੇ ਸਿਖੀਓਂ ਮੁੜੇ ਭੇਖ ਸਿਖੀ ਦਾ ਧਰੇ। ਦੇਖਣ ਨੂੰ ਹੋਵੈ ਸਿਖ, ਕਰਮ ਅਸਿਖ ਦੇ ਕਰੇ ।੨੪੪।

ਸਿਖ ਨਹੀਂ ਉਹੁ ਅਸਿਖ ਜਾਨੋ। ਜਿਨ ਬਚਨ ਨਾ ਗੁਰੂ ਕਾ ਮੂਲੇ ਮਾਨੋ।
ਅਢਾਈ ਵੈਰ ਜਗਤ ਮੋ ਹੈਨਿ ਕਹੇ। ਸੋ ਸਭ ਕੋਈ ਜਾਣਦਾ ਅਹੇ ।੨੪੫।

ਇਕ ਵੈਰ ਹਿੰਦੂ ਮੁਸਲਮਾਨ ਦਾ, ਸੋ ਕਹੋ ਕੇਹੜਾ ਨਹੀਂ ਜਾਣਦਾ ?
ਗਊ, ਬ੍ਰਹਮਨ, ਪਿਪਲ, ਪ੍ਰਿਤਮਾ ਧਰਮ ਦੇ ਦੋਖੀ।
ਦੂਜਾ ਵੈਰ ਸਉਕਨਿ ਦਾ, ਸਉਕਨ ਕਦੀ ਨ ਹੋਸੀ ਚੋਖੀ ।੨੪੬।

**ਦੋਹਰਾ**—ਏਕ ਕਨ ਜਾਂ ਕੀ ਆਖ ਮੈ, ਤਰਫਤ ਹੈ ਦਿਨ ਰੈਨ।
ਸਉ ਕਨਿਕਾ ਜਾਂ ਕੀ ਆਖ ਮੈ, ਤਾਂ ਕੋ ਕੈਸਾ ਚੈਨ ।੨੪੭।

**ਚੌਪਈ**—ਅੱਧਾ ਵੈਰ ਸਾਰੇ ਜਗਤ ਮੋ ਲਹੀਐ। ਅਢਾਈ ਵੈਰੁ ਏਹ ਸੰਸਾਰ ਮੋ ਕਹੀਐ।
ਗੁਰੂ ਹਰਿਕ੍ਰਿਸ਼ਨ ਜੀ ਸੀਸ ਦਿੱਤਾ, ਪਰ ਤਤੇ ਦੇ ਮੂੰਹ ਨ ਲੱਗੇ।
ਜੋ ਸਿਖ ਹੋਇ ਗੁਰੂ ਕਾ ਬਚਨੁ ਨਾ ਕਮਾਵੈਗਾ, ਸੋ ਕੀ ਮੂਹ ਦੇਸੀ ਅੱਗੇ ।੨੪੮।

ਅਬ ਸੁਨੋ ਬਿਅੰਤ ਕੀ ਕਹਾਨੀ। ਐਸੀ ਸੁਨੀ ਤੈਸੋ ਕਹੋ ਬਖਾਨੀ :
ਇਕ ਸੰਤ ਹਰਿ ਕੀ ਭਗਤਿ ਅਤ ਕਰੇ। ਹਿਰਦੇ ਦਰਸਨ ਕੀ ਇਛਾ ਧਰੇ ।੨੪੯।

ਉਗ੍ਰ ਤਪ ਜਬ ਤਿਨ ਕੀਆ। ਤਬ ਮਹਾਰਾਜ ਤਿਨ ਕੋ ਦਰਸਨ ਦੀਆ।
ਬਚਨ ਕੀਤਾ : "ਮਾਂਗੋ ਜੋ ਤੇਰੀ ਹੈ ਇੱਛਾ।"
ਤਿਨ ਕਹਿਆ : "ਸੰਕਾ ਮੇਰੀ ਕਰੋ ਨਿਰਵਿਰਤ ਏਹੋ ਦੀਜੈ ਸਿਛਾ" ।੨੫੦।

ਬਚਨ ਕੀਤਾ : "ਕਹੋ, ਸੰਕਾ ਨਿਵਾਰੋ।" ਸੰਤ ਕਹਿਆ : "ਜੀ ਤੂ ਹੈ ਬਿਅੰਤ ਤੇਰਾ ਅੰਤੁ ਨ ਪਾਰਾ ਵਾਰੋ।
ਸਭ ਜਗੁ ਤੁਝੈ ਬਿਅੰਤ ਬੇਅੰਤ ਕਰਿ ਬਖਾਨੈ।
ਮਹਾਰਾਜ ਤੂੰ ਤਾ ਅਪਨਾ ਅੰਤੁ ਅੱਛੀ ਜੁਗਤਿ ਕਰਿ ਜਾਨੈ ।੨੫੧।

ਤੈਨੂੰ ਅਪਨੇ ਘਰ ਦਾ ਅੰਤੁ ਤਾਂ ਹੈ ਕਿਉਂ ਆਇਆ ?
ਜਿਤਨਾ ਕੁਛੁ ਤੇਰੇ ਘਰਿ ਮਹਿ ਹੈ ਸੁ ਮਾਇਆ।"
ਬਚਨ ਕੀਤਾ : "ਮੈਨੂੰ ਭੀ ਅਪਨੇ ਘਰਿ ਦਾ ਨਾਹੀ ਅੰਤੁ।
ਮੈਨੂੰ ਭੀ ਖਬਰ ਨਾਹੀ ਸੰਤਾਂ ਮਹਿ ਹੈ ਬੇਅੰਤੁ" ।੨੫੨।

ਸੰਤ ਕਹਿਆ : "ਮਹਾਰਾਜ ਤੇਰੇ ਬਚਨ ਭੀ ਮਿਥਿਆ ਗੋਏ।
ਜਗਤ ਕਿਸੇ ਨੂੰ ਵਡਾ ਧਨੀ ਬਖਾਨੇ।
ਉਹ ਧਨੀ ਤਾ ਅਪਨੇ ਧਨ ਦੀ ਖਬਰ ਬਖਾਨੇ ।੨੫੩।

ਤੂ ਕਿਉਂ ਕਰਿ ਅਪਨੇ ਧਨ ਨੂੰ ਨਹੀਂ ਜਾਨਤਾ। ਖਾਵੰਦ ਹੋਇ ਕੇ ਮਿਥਿਆ ਕਰੇ ਬਖਾਨਤਾ।"
ਤਬ ਮਹਾਰਾਜੁ ਐਸੇ ਕਹਿਆ ਉਚਾਰਾ :
"ਸੁਨ ਸੰਤਾ! ਮੇਰੇ ਮਿਥਿਆ ਨਹੀਂ, ਪਰ ਮੈਨੂੰ ਤੁਸਾਡਾ ਡਰ ਹੈ ਭਾਰਾ ।੨੫੪।

ਤੁਸਾਡੇ ਡਰ ਕਰਿ ਮੈ ਅਪਨਾ ਅੰਤੁ ਹੈ ਗਵਾਇਆ।
ਜਗਤ ਵਿਚ ਭੀ, ਅਤੇ ਅਪਨੇ ਆਪ ਭੀ ਬੇਅੰਤੁ ਹੈ ਕਹਾਇਆ।
ਤੁਸਾਡੇ ਡਰ ਕਰਿ ਮੈ ਅਪਨੀ ਮ੍ਰਿਜਾਦਾ ਦਿੱਤੀ ਹੈ ਛਡਿ।" ..... .....।੨੫੫।

ਤਬ ਸੰਤ ਐਸੇ ਬਚਨ ਉਚਾਰਾ:
"ਮਹਾਰਾਜ ਅਸੀਂ ਹਾਂ ਤੇਰੇ ਤਾਸ, ਅਸਾਡਾ ਡਰੁ ਤੈਨੂੰ ਕੀ ਹੈ ਭਾਰਾ ?"
ਬਚਨ ਕੀਤਾ: "ਜੇ ਕੋਈ ਕਿਸੇ ਨਾਲਿ ਕਰੇ ਬੁਰਿਆਈ। ਉਹੁ ਉਸ ਨਾਲਿ ਅਗੋ ਕਰੇ ਭਲਿਆਈ।੨੫੬।

ਤਾਂ ਬੁਰਿਆਈ ਕਰਨ ਵਾਲਾ ਦੇਣਦਾਰੁ ਹੈ ਰਹਿੰਦਾ।
ਅਪਨੇ ਮਨ ਵਿਚ ਉਹੁ ਜਾਣਦਾ ਹੈ, ਜੋ ਮੈ ਬੁਰਿਆਈ ਹੈ ਕੀਤੀ।
ਅਤੇ ਇਸ ਮੇਰੇ ਨਾਲਿ ਭਲਿਆਈ ਕਰਿ ਲੀਤੀ।੨੫੭।

ਸੋ, ਸੰਤਾ! ਮੈ ਤੁਸਾਡੇ ਨਾਲਿ ਕੀਤੀ ਸੀ ਬੁਰਿਆਈ।
ਅਪਨੇ ਨਾਲੋਂ ਵਿਛੋੜ ਕੇ, ਦਿਤੇ ਅੰਧ-ਘੋਰ ਸੰਸਾਰ ਮੋ ਪਾਈ।
ਤੁਸਾਂ ਮੇਰੇ ਨਾਲਿ ਕੀਤਾ ਹੈ ਉਪਕਾਰੁ।
ਨਾਲੇ ਮੇਰਾ ਭਜਨ ਕੀਤਾ, ਨਾਲੇ ਮੇਰਾ ਨਾਮੁ ਜਪਾਇਆ ਸੰਸਾਰੁ।੨੫੮।

ਅਪਨਾ ਆਪ ਤੁਸਾਂ ਦਿੱਤਾ ਹੈ ਤਿਆਗੁ। ਸਮੇਤ ਸੰਸਾਰ ਮੇਰੇ ਭਜਨ ਨੂੰ ਉਠ ਲਾਗ।
ਮੇਰੋ ਹੀ ਨਾਮ ਜਗਤ ਵਿਚਿ ਜਪਾਇਆ। ਅਪਨਾ ਆਪ ਤੁਸਾਂ ਤਿਆਗ ਗਵਾਇਆ।੨੫੯।

ਇਸ ਉਪਰਿ ਸਾਖ ਗ੍ਰੰਥ ਜੀ ਹੈ ਪਾਈ। ਵਿਚਿ ਗ੍ਰੰਥ ਸਾਹਿਬ ਦੇ ਹੈ ਲਿਖ ਰਖਾਈ:
'ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ॥
ਏਕ ਸਮੈ ਮੋ ਕਉ ਗਹਿ ਬਾਂਧੈ, ਤਉ ਫੁਨਿ ਮੋ ਪੈਂ ਜਬਾਬੁ ਨ ਹੋਇ॥'।੨੬੦।

ਸਾਰਾ ਸੰਸਾਰ ਮੇਰੀ ਉਸਤਤ ਲਗਾ ਕਰਨੇ। ਮੈ ਅਪਨੇ ਆਪ ਤੁਸਾਡੇ ਪਾਸੋਂ ਲਗਾ ਡਰਨੇ।
ਤੁਸਾਡੇ ਡਰ ਕਰਿ ਮੈ ਮ੍ਰਿਜਾਦਾ ਛਡਿ ਹੈ ਦਿਤੀ।
ਮਤੁ ਏਹੁ ਪੁਛ ਬਹਨਿ: ਮਹਾਰਾਜ ਤੇਰਾ ਅੰਤੁ ਹੈ ਕਿਤੀ।੨੬੧।

ਜੇ ਦੱਸਾਂ ਨਾਹੀ, ਤਾਂ ਏਹ ਰਾਜ਼ੀ ਨ ਰਹਿਸਨਿ। ਜੇ ਦੱਸ ਦੇਵਾਂ, ਤਾਂ ਏਹ ਸੰਸਾਰ ਨੂੰ ਕਹਿਸਨਿ।
ਸੰਸਾਰ ਹੈ ਮੂਰਖ, ਉਸ ਨੂੰ ਸਮਝ ਨ ਆਵੈ।
ਸਭੇ ਆਖਨ: ਪਰਮੇਸਰੁ ਹੈ ਅੰਤੁ, ਨ ਮੈਨੂੰ ਕੋਈ ਗਾਵੈ।੨੬੨।

ਤਾਂ ਮਹਿਮਾ ਮੇਰੀ ਸੰਸਾਰ ਤੇ ਘਟਿ ਜਾਸੀ। ਹੁਣਿ ਸਭੇ ਹੈਨ ਡਰਦੇ, ਮੇਰਾ ਅੰਤੁ ਨ ਕੋਈ ਪਾਸੀ।
ਮੈ ਤੁਸਾਡਾ ਹਾਂ ਦੇਣਦਾਰੁ, ਤੁਸਾਂ ਥੀ ਮੈਨੂੰ ਡਰ ਹੈ ਆਇਆ।
ਤੁਸੀਂ ਹੋ ਸੁਹਿਰਦ, ਮੇਰਾ ਅਉਗਣ ਨਾ ਜਾਤਾ, ਅਤੇ ਮੈਨੂੰ ਗਾਇਆ।੨੬੩।

## ਗੁਰੂ ਗ੍ਰੰਥ ਸਾਹਿਬ

ਸੁਣੋ ਭਾਈ ਸਿਖੋ! ਐਸਾ ਸੰਤ ਬਾਬਾ ਨਾਨਕ ਸਚੁ ਜਾਨੋ। ਦਸੇ ਮਹਲ ਇਕ ਬਾਬਾ ਨਾਨਕ ਜੀ ਪਛਾਨੋ।
ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਿਆ।
ਅੱਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ; ਸੋਈ ਗਿਆ, ਜੋ ਗ੍ਰੰਥੋਂ ਗਿਆ।੨੬੪।

ਜਿਤਨਾ ਹੋਇ ਆਵੈ, ਤ੍ਰਿਤਨਾ ਗ੍ਰੰਥ ਸਾਹਿਬ ਦੇ ਬਚਨ ਕਮਾਵੈ।
ਬਿਨਾਂ ਗ੍ਰੰਥ ਕੋਈ ਹੋਰ ਨ ਜਾਣੇ, ਗ੍ਰੰਥ ਸਾਹਿਬ ਹੈਨਿ ਦੁਇ ਸਕੇ ਭਾਈ।
ਇਕ ਹੈ ਵਡਾ ਇਕ ਛੋਟਾ ਕਹਾਈ।੨੬੫।

ਸੰਮਤੁ ਸੋਲ੍ਹਾਂ ਸੈ ਅਠਵੰਜਾ ਸੇ ਗਏ। ਤਬ ਆਦਿ ਗ੍ਰੰਥ ਜੀ ਜਨਮੁ ਲਏ।
ਗੁਰੂ ਅਰਜਨ ਜੀ ਕੇ ਧਾਮ ਗ੍ਰੰਥ ਸਾਹਿਬ ਜਨਮੁ ਹੈ ਧਾਰਾ।
ਦਾਇਆ ਸੀ ਭਾਈ ਗੁਰਦਾਸ, ਲਿਖਾਰੀ ਖਿਡਾਵਣਹਾਰਾ।੨੬੬।

ਛੋਟਾ ਗ੍ਰੰਥ ਜੀ, ਜਨਮੇ ਦਸਵੇਂ ਪਾਤਸ਼ਾਹ ਕੇ ਧਾਮ।
ਸੰਮਤੁ ਸਤਾਰਾਂ ਸੈ ਪਚਵੰਜਾ, ਬਹੁਤ ਖਿਡਾਵੇ-ਲਿਖਾਰੇ ਨਾਮ।
ਸਾਹਿਬ ਨੂੰ ਸੀ ਪਿਆਰਾ। ਹੱਥੀਂ ਲਿਖਿਆ, ਖਿਡਾਇਆ।
ਸਿਖਾਂ ਕੀਤੀ ਅਰਦਾਸੁ, ਜੀ ਅਗਲੇ ਨਾਲਿ ਚਾਹੀਏ ਰਲਾਇਆ।੨੬੭।

ਬਚਨ ਕੀਤਾ: "ਗ੍ਰੰਥ ਸਾਹਿਬ ਹੈ ਉਹੁ, ਏਹ ਅਸਾਡੀ ਹੈ ਖੇਡ।"
ਨਾਲ ਨ ਮਿਲਾਇਆ ਆਹਾ ਪਿਆਰਾ, ਕਉਨ ਜਾਣੇ ਭੇਦ।
ਸੋ, ਦੋਨੋ ਗ੍ਰੰਥ ਸਾਹਿਬ ਭਾਈ ਗੁਰ ਕਰਿ ਜਾਨੋ।
ਵਡਾ ਹੈ ਟਿਕਾ ਗੁਰੂ, ਗੁਟਕੇ-ਪੋਥੀਆਂ ਪੁਤ੍ਰ ਪੋਤ੍ਰੇ ਕਰਿ ਪਛਾਨੋ।੨੬੮।

ਇਨ੍ਹਾਂ ਸਭਨਾਂ ਆਖੀ ਹੈ ਇਕੋ ਗੱਲੇ। ਸਿਖ ਸੋਈ, ਜੋ ਕਹੇ ਇਨ੍ਹਾਂ ਦੇ ਚਲੇ।
ਏਨਾ ਕਹਿਆ ਹੈ ਪੁਕਾਰਿ ਪੁਕਾਰਿ: 'ਸਿਖੀ ਸਿਖਿਆ ਗੁਰ ਵੀਚਾਰਿ॥'।੨੬੯।

'ਗੁਰਿ ਕਹਿਆ, ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥'
ਜੋ ਗੁਰ ਬਚਨ ਕੀਤੇ ਹੈਨ, ਸੋਈ ਕਮਾਵੋਂ। ਅਪਨੀ ਬੁਧਿ-ਚਤ੍ਰਾਈ ਹੋਰੁ ਨ ਪਾਵੋਂ।੨੭੦।

ਜਿਉਂ ਕੋਈ ਅਪਨੇ ਪੁਤ ਨੂੰ ਹੈ ਸਮਝਾਂਦਾ। ਦਿਲਾਸਾ ਦੇ ਕੇ, ਪਾਸ ਹੈ ਬਹਾਂਦਾ।
ਪਰਾਏ ਨਾਲਿ ਕੁਛੁ ਦਾਅਵਾ ਨਹੀਂ ਕਰਦਾ।੨੭੧।

'ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥'
ਸਿਖ ਸੋਈ ਜੋ ਬਿਕਾਰ ਨ ਕਰੇ। ਬਚਨ ਗੁਰੂ ਕੇ ਹਿਰਦੈ ਧਰੇ।੨੭੨।

'ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥'।੨੭੩।

ਜੋ ਗੁਰ ਕੇ ਬਚਨ ਕਮਾਵੈਗਾ। ਸੋਈ ਸਿਖ ਗੁਰੂ-ਮਨ ਭਾਵੈਗਾ।
ਜੋ ਗੁਰ ਕੇ ਬਚਨ ਥੀਂ ਮੁੜੇਗਾ। ਸੋਈ ਜਾਨੋ ਰੁੜ੍ਹੇਗਾ।੨੭੪।

ਕਪੁੱਤ੍ਰ, ਪਾਸੋਂ ਮਾਪੇ, ਬਿਦਾਵਾ ਭੀ ਹੈਨ ਲਿਖਾਇ ਲੈਂਦੇ। ਬੇਮੁਖ ਮਨਮੁਖ ਅਸਿਖ ਕੁਪੁਤ੍ਰ ਨੂੰ ਹੈਨ ਕਹਿੰਦੇ।
ਭਾਈ ਸਿਖੋ! ਕੁਪੁਤ੍ਰ ਨਹੀਂ ਹੋਣਾ। ਗੁਰੂ ਕੇ ਸਿਖ-ਪੁਤ੍ਰ ਹੋਣਾ।੨੭੫।

ਮੁਹੰਮਦ ਬਾਰਾਂ ਦਿਨ ਤਾਪ ਦਾ ਦੁਖ ਦੀਰਘ ਪਾਇਆ।
ਜਬ ਸਾਹਿਬ ਦਿਖਾਈ ਦਿਤੀ ਤਾਂ ਕੁਰਲਾਇਆ।
ਮੈਂ ਕੀ ਗੁਨਾਹੁ ਐਸਾ ਭਾਰੀ ਹੈ ਕੀਤਾ? ਜਿਸ ਪਾਪ ਦਾ ਬਦਲਾ ਐਡਾ ਦੁਖ ਲੀਤਾ।੨੭੬।

ਰਾਜ-ਧਾਨ ਦੀ ਅੰਸੁ ਮੈਂ ਮੁਖ ਨਹੀਂ ਪਾਈ।
ਕੀਆ ਹੈ ਨਿਆਉਂ ਹੱਕੁ, ਜ਼ੁਲਮੀ ਨਹੀਂ ਕਮਾਈ।
ਬਰਸ ਬਵੰਜਾ ਮੈਂ ਰਾਜੁ ਵਿਚਿ ਹਾਂ ਆਇਆ।੨੭੭।

ਬਰਸ ਬਾਰਾਂ ਧਾਮ ਪਿਤਾ ਦੇ ਤ੍ਰੈਗੁਣ ਅਤੇ ਤ੍ਰਿਹ ਬੇਦਾਂ ਦੀ ਵਰਤਨ ਹੈ ਰਾਖੀ।
ਖਟਿ ਬਰਸ ਜੁਧੁ-ਲੜਾਈ ਪਿਤਾ ਨਾਲਿ ਕਰਦਾ ਹਾਂ ਰਿਹਾ।
ਤਾਂ ਭੀ ਜ਼ੁਲਮੀ ਅਨਿਆਉਂ ਮੈ ਕਿਛੁ ਕਰਤ ਨਹੀਂ ਭਇਆ।੨੭੮।

ਕਾਰਨ ਹੈ ਕਿਆ, ਜੋ ਮੈ ਇਤਨਾ ਦੁਖ ਹੈ ਪਾਇਆ ?
ਤਬ ਜਮ ਸਾਹਿਬ ਅਜਰਾਈਲ ਇਹ ਬਚਨ ਸੁਨਾਇਆ:
"ਅਉਰ ਕਰਮ ਜੋ ਤੁਧ ਕੀਤੇ, ਸੋ ਕੀਤੇ।
ਏਹ ਬੜੇ ਪਾਪ ਕਰਮ ਦੇ ਤੁਧ ਏਹ ਬਡੇ ਫਲ ਹੈਨ ਲੀਤੇ।੨੭੯।

ਚਾਲ ਪਿਤਾ ਦੀ ਤੁਧ ਸਭ ਉਲਟਾਈ। ਜੋ ਤ੍ਰਿਹੁ ਦੀ ਤਜੀ, ਚਉਥੇ ਬੇਦ ਦੀ ਤੁਧ ਚਲਾਈ।
ਪਰ ਦਇਆ ਤਿਆਗ ਜੋ ਹਿੰਸਾ ਰਖੀ। ਏਹੁ ਤੁਧ ਖੀਰ ਵਿਚ ਪਾਈ ਮੱਖੀ।੨੮੦।

ਇਸ ਹਿੰਸਾ ਕਰਮ ਦਾ ਫਲੁ ਹੈ ਤੈਨੂੰ ਲਾਗਾ। ਜੋ ਤੁਧ ਵਿਗਾੜਿਆ ਅਪਨਾ ਆਗਾ।
ਮੇਰੇ ਕਹੇ ਪਿਛੇ ਗੋ-ਹਤਿਆ ਅਜ-ਹਤਿਆ ਸਭ ਮੁਰੀਦ ਤੇਰੇ ਕਰਦੇ ਰਹਿਣਗੇ।
ਜੋ ਕੋਈ ਮਨ੍ਹੇ ਕਰਸੀ, ਤਾਂ ਨਾਉਂ ਤੇਰਾ ਕਹਿਨਗੇ।੨੮੧।

ਏਹ ਪਾਪ ਕਰਮ ਤੈਨੂੰ ਹਮੇਸ਼ਾ ਦੁਖ ਦੇਣਗੇ।
ਉਮਤਿ ਤੇਰੀ ਗੋ-ਹਤਿਆ ਅਜ-ਹਤਿਆ ਹਿੰਸਾ ਕਰਕੇ, ਨਾਉਂ ਤੇਰਾ ਲੈਣਗੇ।
ਉਹ ਹੱਤਿਆ ਜ਼ਿੰਮੇ ਤੇਰੇ ਲਗੇਗੀ। ਨਾਲੇ ਇਥੇ, ਨਾਲੇ ਜਨਮ ਜਨਮ ਅਗੇ ਭੀ।੨੮੨।

ਉਨ੍ਹਾਂ ਕੁਛ ਬਿਚਾਰ ਨਹੀਂ ਕਰਨੀ। ਕਹੇ ਤੇਰੇ ਗਲਿ ਜੀਆਂ ਦੇ ਛੁਰੀ ਧਰਨੀ।
ਜੀਭ ਸੁਆਦ ਅਪਨੇ ਕਾਰਨ; ਪਕੜ ਜੀਆਂ ਨੂੰ ਕਹੇ ਤੇਰੇ ਮਾਰਨ।੨੮੩।

ਉਹ ਜੀਅ ਸਭੇ ਦਰਗਾਹੇ ਜਾਇ ਪੁਕਾਰਨਗੇ।
ਦਰਗਾਹੇ ਸਾਂਈ ਦੀ ਹੈ ਨਿਆਉਂ, ਉਹੁ ਤੈਨੂੰ ਦੁਖ ਦੇਵਨਗੇ ਅਤੇ ਮਾਰਨਗੇ।
ਮੁਰੀਦ ਤੇਰੇ ਕਿਸੇ ਤੇਰੀ ਹਿਮਾਇਤ ਨਹੀਂ ਕਰਨੀ।
ਉਥੈ ਤੈਨੂੰ ਪੁਛੀਐਗਾ: ਏਹ ਤੁਧ ਕਿਉਂ ਕੀਤੀ ਹੈ ਅਕਰਨੀ ?੨੮੪।

ਦਰਗਾਹੇ ਗੁਰ-ਪੀਰ ਹੈਨ ਪਕੜੀਂਦੇ, ਸੇਵਕਾਂ-ਮੁਰੀਦਾਂ ਦੇ ਕਾਰਨ।
ਗੁਰੁ-ਪੀਰਾਂ ਨੂੰ ਚਾਹੀਐ, ਜੋ ਉਪਦੇਸ ਕਰਨ ਨ ਕਰਨ ਅਕਰਨੀ।
ਜੋ ਗੁਰ-ਪੀਰ ਹੋਇਕੇ ਦਸੇ ਬੁਰਿਆਈ। ਤਾਂ ਅਪਨਾ ਕੀਤਾ ਆਪੇ ਪਾਈ।੨੮੫।

ਏਹੁ ਗੱਲ ਸੁਣ ਕੇ ਮੁਹੰਮਦ ਬਹੁਤ ਪਛੋਤਾਣਾ।
ਅਤੇ ਵਾਕ ਉਚਾਰੇ: "ਮੈਂ ਸਫਾਤ[1] ਨ ਭਰਸਾਂ ਤਿਸ ਦੀ ਜੋ ਏਹੁ ਕਰਮ ਕਰਸੀ ਚਾਰੇ।
ਗੋ-ਹਤਿਆ, ਹਿੰਸਾ, ਸ਼ਰਾਬ, ਬਰਦਾ-ਫ਼ਰੋਸ਼ੀ[2] ਹਰੇ ਰੁੱਖ ਕੱਟਣਹਾਰੇ।"
ਦੁਖ ਅਤਿ ਪਾਇਆ ਬਾਰਾਂ ਸਫਾਤਾਂ ਤੇਰਾ ਤੇ ਜੀ ਮੁਇਆ ਦਿਨ ਬੁਧਵਾਰੇ।੨੮੬।

---

੧. ਸ਼ਫਾਯਤ, ਨਿਰਦੋਸ਼ਤਾ ਦੀ ਜ਼ਿੰਮੇਵਾਰੀ। ੨. ਗ਼ੁਲਾਮ ਵੇਚਣ ਦਾ ਕੰਮ।

ਇਸੇ ਵਾਸਤੇ ਦਸਵੇਂ ਪਾਤਸ਼ਾਹ ਮਾਇਕੀਆਂ ਵਿਚਿ ਪਾਪ ਠਹਰਾਏ।
ਦੀਦਾਰੀ, ਮੁਰੀਦ, ਮੁਕਤੇ, ਅਪਨੇ ਵਲਿ ਲਾਏ।
ਮਾਇਕੀ ਸਿਖ ਰਉਲੇ ਦੇ ਸਭ ਧਰਮਰਾਇ ਦੇ ਜਾਏ।
ਭਾਵੈਂ ਦੇਵੈ ਨਰਕ, ਭਾਵੈਂ ਸੁਰਗ ਠਹਰਾਏ।੨੮੭।

**ਸਾਖ ਭਗਤ ਦੀ ਗ੍ਰੰਥ ਵਿਚਿ**
'ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥'।੨੮੮।

ਨਹੀਂ ਇਤਬਾਰ ਤਾ ਹੋਰੁ ਪੜ੍ਹ ਦੇਖੋ ਗ੍ਰੰਥ ਜੀ ਮਾਹਿ:
'ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ॥'
ਹੋਰ ਸੁਣੋ: 'ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥'।੨੮੯।

ਗ੍ਰੰਥ ਸਾਹਿਬ ਐਸਾ ਹੈ ਫੁਰਮਾਇਆ। ਨਉਂ ਪਾਤਸ਼ਾਹੀਆਂ ਚਰਨਾਮ੍ਰਿਤ ਚਲਿਆ ਆਇਆ।
ਦਸਵੇਂ ਪਾਤਸ਼ਾਹ ਚਰਨਾਂ ਤੇ ਹਟਾਇਆ। ਦੂਰ ਖੜੇ ਕਰ ਕੇ ਪਾਹੁਲ ਦਿਵਾਇਆ।੨੯੦।

ਜੋ ਚਰਨੀਂ ਲਗ ਕੇ ਪਾਪ ਕਮਾਏ।
ਤਾਂ ਧਰਮਰਾਇ ਅਸਾਨੂੰ ਪੁਛੇ: "ਤੁਧ ਕਿਉਂ ਚਰਨੀਂ ਲਾਏ?"
ਗੁਰਾਂ ਦੇ ਕੀਤੇ ਸਿਖਾਂ ਨੂੰ, ਅਤੇ ਸਿਖਾਂ ਦੇ ਕੀਤੇ ਗੁਰ ਫਲੁ ਲੈਣ।
ਇਸ ਵਾਸਤੇ ਗੁਰੁ, ਸਿਖਾਂ ਨੂੰ ਭਲਾ ਉਪਦੇਸ ਦੇਣ।੨੯੧।

ਉਮਤਿ ਦੇ ਕੀਤੇ ਮੁਹੰਮਦ ਦੁਖ ਪਾਇਆ।
ਇਸ ਵਾਸਤੇ ਸੁ ਮਰਦੀ ਵੇਰੀ ਹੈਸੀ ਫੁਰਮਾਇਆ:
"ਚਉਹਾਂ ਦੀ ਸਫਾਤ ਮੈ ਨਾ ਭਰਾਂਗਾ। ਇਨ੍ਹਾਂ ਨੂੰ ਅਜਰਾਈਲ ਅਗੇ ਧਰਾਂਗਾ"।੨੯੨।

ਗਊ ਬੱਕਰਾ ਮੁਰਗੀ ਜੋ ਕਿਸੇ ਜੀਉ ਦਾ ਹੋਵੈ ਮਾਰਨ ਵਾਲਾ। ਦੂਜੇ ਦਾਰੂ ਪੀ ਹੋਵੈ ਮਤਵਾਲਾ।
ਤੀਜੇ ਨੀਂਗਰ ਕੁੜੀਆਂ ਦੇ ਵੇਚਣ ਵਾਲਾ। ਚਉਥੇ ਹਰੇ ਦਰੱਖਤ ਕੱਟਣੇ ਵਾਲਾ।੨੯੩।

ਜੋ ਜਮ ਸਾਹਿਬ ਇਸ ਨੂੰ ਉਸੇ ਵਖਤ ਮਰਦੀ ਵੇਰੀ ਹੈਸੀ ਕਹਿਆ।
ਜੋ ਤੁਧ ਉੱਮਤ ਨੂੰ ਲਿਖਾਇ ਦਿਤੀ ਹੈ ਕਲਮ, ਉਨ੍ਹਾਂ ਸੋਈ ਸੱਚ ਹੈ ਲਹਿਆ।
ਹੁਣ ਦਾ ਕਹਿਆ ਤੇਰਾ ਨ ਮੰਨਸੀ ਕੋਈ।
ਅਗੇ ਭੀ ਸਾਂਈ ਲੋਕ ਪੈਗ਼ੰਬਰ ਬਹੁਤੁ ਹੋਈ।੨੯੪।

ਏਹੁ ਨਵੀਂ ਚਾਲ ਜੀਆਂ ਮਾਰਨ ਦੀ ਤੁਧ ਹੈ ਪਾਈ।
ਅਗੇ ਸਾਂਈ ਲੋਕਾਂ ਪੈਗ਼ੰਬਰਾਂ ਕਿਸੇ ਨਹੀਂ ਫੁਰਮਾਈ।
ਪੀਉ ਦੇ ਵੈਰ ਤੁਧ ਏਹੁ ਗੱਲਿ ਹੈ ਉਲਟਾਈ।
ਹੁਣ ਤੂ ਪਛੋਤਾਨਾ ਹੈਂ ਕਰ ਕੇ ਬੁਰਿਆਈ।੨੯੫।

ਬੰਦਗੀ ਤਪੁ ਤੁਧ ਬਹੁਤੁ ਹਛਾ ਹੈ ਕੀਤਾ। ਪਰ ਦੂਰ-ਅੰਦੇਸ਼ਾ ਇਹ ਨ ਕਰਿ ਲੀਤਾ:
ਜੋ ਅਗੇ ਦਰਗਾਹਿ ਸਾਂਈ ਦੀ ਲੇਖਾ ਹੈ ਦੇਣਾ।
ਜ਼ੋਰ ਤਕੱਬਰੁ ਖੁਦੀ ਨਹੀਂ ਪਹੁੰਚਦੀ, ਜੋ ਕੀਤਾ ਸੋ ਲੈਣਾ।੨੯੬।

ਤਾਂ ਤੇ ਗੁਰੂ ਕਾ ਸਿਖ ਨ ਮੰਦੇ ਕਰਮੁ ਕਮਾਸੀ।
ਗ੍ਰੰਥ ਪੋਥੀ ਸਬਦੁ ਪੜ੍ਹਿ ਸੁਣ ਕੇ ਪਾਪ ਤੇ ਡਰ ਜਾਸੀ।
ਨ ਡਰੇਗਾ ਤਾਂ ਪਾਪ ਹਤਿਆ ਕਮਾਏਗਾ।
ਤਾਂ ਗੁਰੂ ਨਾਲ ਕੀ ਦਾਅਵਾ, ਧਰਮਰਾਇ ਦੇ ਜਾਏਗਾ।੨੯੭।

ਮਾਇਆ, ਜੁਆਨੀ, ਰੂਪ ਅਤੇ ਜਾਤਿ। ਰਾਜੁ ਭਾਗੁ ਹੁਕਮੁ ਅਤੇ ਪਿਤ ਸੁਤ ਮਾਤ।
ਏਹ ਸਭ ਸੁਪਨੇ ਦੀ ਸਮਗ੍ਰੀ ਜਾਨੋ। ਬਿਨਾ ਗੁਰੂ ਸਭ ਮਿਥਿਆ ਮਾਨੋ।੨੯੮।

ਭੁਲੇ ਨਾਹੀ ਦੇਖ ਕੇ ਏਹ ਪਸਾਰਾ। ਅੰਤੁ ਸਤਿਗੁਰੂ ਹੈ ਛੁਡਾਵਣਹਾਰਾ।
ਅਪਨਾ ਗੁਰੂ ਤਜਿ, ਜੋ ਆਨ ਪੈ ਜਾਵੈਗਾ। ਸੋ ਨਰ ਗੁਰ ਤੇ ਕਿਆ ਸੁਖ ਪਾਵੈਗਾ।੨੯੯।

ਗੁਰਾਂ ਉਪਰਿ ਜੋ ਕੱਢੇ ਬਾਕੀ। ਬੁਧਿ ਅਕਲ ਮਤਿ ਮਾਰੀ ਤਾਂ ਕੀ।
ਗ੍ਰੰਥ ਬਚਨ ਸਤਿ ਹਿਰਦੇ ਮਾਨ: 'ਗੁਰ ਪਰਮੇਸਰੁ ਏਕੋ ਜਾਨ॥'।੩੦੦।

ਪੰਜ ਵਿਕਾਰ, ਦਸ ਇੰਦ੍ਰੀਆਂ ਹੋਰੁ ਸਭੋ ਪ੍ਰਕਿਰਤਿ। ਅਰਪੇ ਗੁਰ ਕਉ ਕਰਿ ਮਨਿ ਉਕਤ।
ਤਿਨ ਗੁਰ ਸਿਉ ਕਿਆ ਰਿਹਾ ਸਨੇਹ। ਗੁਰੁ ਕਿਆ ਤਾਰੇ ਤਿਸ ਕੀ ਦੇਹ।੩੦੧।

ਏਹੁ ਗੁਰ ਕਉ ਪਰਮੇਸਰੁ ਕਰਿ ਜਾਨੈ। ਪਰਮੇਸਰ ਤੇ ਭੀ ਊਚਾ ਮਾਨੈ।
ਕਾਮ ਕ੍ਰੋਧ ਲੋਭ ਮੋਹ ਵਿਕਾਰੁ ਨ ਗੁਰ ਕਉ ਅਰਪੈ।
ਉਤਮ ਤੇ ਉਤਮ ਪਵਿਤ੍ਰ ਤੇ ਪਵਿਤ੍ਰ ਗੁਰ ਕਉ ਜਾਨੈ ਸਿਰ ਪੈ।੩੦੨।

ਕਲਿਆਨ ਕਰਤਾ ਸਤਿਗੁਰ ਕਉ ਜਾਨੈ। ਅਪਨੇ ਸਤਿਗੁਰ ਸਮਾਨ ਕੋਈ ਅਉਰ ਨ ਮਾਨੈ।
ਜਿਉ ਪੇਠੇ ਅਰੁ ਕੇਸਾਂ ਕਾ ਹੈ ਸੰਗੁ। ਭੇਟਤ ਹੋਵੈ ਉਜਲਾ ਰੰਗੁ।੩੦੩।

ਜਨਮ ਜਨਮ ਕੀ ਕਾਲਖ ਜਾਵੈ। ਤਬ ਹੀ ਕੇਸ ਪੇਠੇ ਕਾ ਸੰਗ ਪਾਵੈ।
ਤੈਸੇ ਸਤਿਗੁਰੂ ਜਨਮੁ ਜਨਮੁ ਕੀ ਮਲੁ ਕਾਟੈ।
ਜਬ ਹੀ ਪ੍ਰੀਤਿ ਕਰਿ ਸਤਿਗੁਰ ਪਗ ਚਾਟੈ।੩੦੪।

ਆਠ ਬਾਢੀ[1] ਇਸ ਕੀ ਉਮਰਾ ਕੋ ਕਾਟਨਹਾਰੇ।
ਦੇਹ ਦ੍ਰਖਤ ਕੋ ਕਾਟੈ ਚਾਰਿ ਧਰਿ ਆਰੇ।
ਆਠੋ ਜਾਮ ਮਿਲਿ ਨਿਸ ਦਿਨ ਕਾਟੈਂ। ਬਿਨ ਸਤਿਗੁਰ ਕ੍ਰਿਪਾ ਮੂਲ ਨ ਹਾਟੈਂ।੩੦੫।

ਸੇਤ[2] ਕੇਸ ਥੇ ਇਸ ਪਰਿ ਆਏ। ਕਾਲ ਤੇ ਡਰਤੇ ਅਸੇਤ ਸਿਧਾਏ।
ਕੇਸਾਂ ਕੀ ਮਤਿ ਤੂ ਲੇਹਿ ਇਆਨੇ। ਤਉ ਦੇਖਤ ਸੇਤੋਂ ਅਸੇਤ ਹੋਇ ਸਿਧਾਨੇ।੩੦੬।

ਜੋ ਗੁਰ ਦਿਨ ਕੋ ਰਾਤਿ ਬਖਾਨੇ। ਸਤਿ ਕਰਿ ਸੇਵਕ ਨਿਸਚੇ ਜਾਨੇ।
ਰਾਵਣ-ਧਾਮ ਮਦੋਦਰੀ ਰਹੇ। ਪਰ ਰਾਮ ਹਾਂਨ ਮੁਖ ਤੇ ਨ ਕਹੇ।੩੦੭।

ਮਦੋਦਰੀ ਸੇਵਕ ਰਾਮ ਜੀ ਦੀ ਅਹੇ। ਪਤਿ ਕੋ ਨਿਤ ਸਮਝਾਂਦੀ ਰਹੇ।
ਚਉਦਾਂ ਕੋਸ ਮੈ ਇਕ ਪ੍ਰਜੰਕੁ[3] ਰਾਵਣ ਕਾ ਡਹੈ।
ਅਤੇ ਰਾਵਣ ਮਦੋਦਰੀ ਕਾ ਭਰਤਾ ਅਹੇ।੩੦੮।

---

੧. ਭਾਵ, ਅੱਠ ਪਹਿਰਾਂ ਤੋਂ ਹੈ। ੨. ਚਿੱਟੇ, ਧੌਲੇ। ੩. ਪਲੰਘ।

ਪਰੁ ਮਦੋਦਰੀ ਭਰਤੇ ਕੋ ਹਾਂਨ ਬਤਾਵੈ। ਰਾਮ ਹਾਂਨ ਗੁਰ ਕੀ ਨਹੀਂ ਭਾਵੈ।
ਤੈਸੇ ਭਾਈ ਸਿਖੋ! ਗੁਰ ਨਿਸਚਾ ਨਹੀਂ ਤਜੀਐ।
ਲਾਖੋਂ ਅਉਗਨ ਗੁਰ ਨਿਸਚਾ ਵਿਚਿ ਕਜੀਅਹਿ।੩੧੦।

ਸੀਤਲ ਦਾਸ ਪ੍ਰੋਹਤ ਰਾਵਣ ਦਾ ਅਹੈ।
ਧਾਮ ਸੀਤਲ ਦਾਸ ਵਸਿਸਟਿ ਜੀ ਜਾਇ ਰਹੈ।
ਸੀਤਲ ਦਾਸ ਸੇਵਕ ਸੀ ਭਾਨੁ ਦਾ।
ਰਾਜਾ ਜਸਰਥ ਅੰਸੁ ਸੂਰਜ ਦੀ, ਸੀਤਲ ਦਾਸ ਆਹਾ ਜਾਨਤਾ।੩੧੧।

ਸੀਤਲ ਦਾਸ ਰਾਵਣ ਨੂੰ ਅਗੇ ਹੀ ਜਾਇ ਸਮਝਾਇਆ:
ਰਘੂ-ਵੰਸੀਆਂ ਦਾ ਪ੍ਰੋਹਤ ਹੈ ਇਥੇ ਆਇਆ।
ਕੁੜਮਾਈ ਕਰਨ ਜਸਰਥ ਦੀ ਹੈ ਚਲਿਆ।
ਏਹ ਗਲ ਕਰਿ ਸੀਤਲ ਦਾਸ ਵਸਿਸਟਿ ਨੂੰ ਸੰਗ ਲੈ ਰਾਵਣ ਨੂੰ ਮਿਲਿਆ।੩੧੨।

ਰਾਵਣ ਨੂੰ ਪ੍ਰੋਹਤ ਹੈਸੀ ਕਹਿਆ: "ਉੱਤਰ ਪ੍ਰਸ਼ਨ ਸਖਤ ਨਹੀਂ ਕਰਨਾ।
ਇਸ ਦਾ ਬਚਨ ਹੈਨ ਸਤਿ, ਸੋ ਨਹੀਂ ਫਿਰਨਾ।"
ਰਾਵਣ ਤਾਂ ਸਿਉ ਬਚਨ ਏਹੁ ਕੀਆ:
"ਪ੍ਰੋਹਤ ਜੀ! ਕਿਉਂ ਕਰਿ ਇਥੇ ਆਵਨ ਹੈ ਥੀਆ"।੩੧੩।

ਵਸਿਸਟਿ ਜੀ ਕਹਿਆ: "ਰਾਜਾ ਜਸਰਥ ਦੇ ਕਾਰਨ ਚਲੇ ਹਾਂ ਕੁੜਮਾਈ।"
ਰਾਵਣ ਕਹਿਆ: "ਜਸਰਥ ਬਿਆਹਿਆ ਨਾਹੀਂ?"
ਤਿਨ ਕਹਿਆ: "ਦੋ ਰਾਨੀ ਹੈਂ, ਸੁਤ ਨਹੀਂ ਭਇਆ।
ਕਾਰਨ ਸੁਤ ਬਿਆਹ ਤੀਜਾ ਕਰਨਾ ਪਇਆ"।੩੧੪।

ਰਾਵਣ ਕਹਿਆ: "ਜੋ ਦੁਇ ਮੋ ਨਾ ਹੋਇਆ, ਤਾਂ ਤੀਜੇ ਮੋ ਹੋਗਾ?"
ਪ੍ਰੋਹਤ ਕਹਿਆ: "ਹੋਸੀ ਕਾਰਨ ਸੰਜੋਗਾ।"
ਵਸਿਸਟਿ ਜੀ ਦਿਨ ਦੂਜੇ ਟੁਰ ਗਏ।
ਪਰ ਬਚਨ ਰਾਵਣ ਸਿਉਂ ਇਤਨੇ ਭਏ।੩੧੫।

ਕਰਿ ਕੁੜਮਾਈ ਆਵਤ ਭਇਆ। ਮਾਰਗਿ ਆਵਤਾ ਦ੍ਰਿਸ਼ਟਿ ਰਾਵਣ ਕੀ ਪਇਆ।
ਰਾਵਣ ਬੈਠ ਅਟਾਰੀ ਨਿਹਾਰਾ।
ਕਹਿਆ: "ਯਹਿ ਕਉਨ ਹੈ, ਭ੍ਰਮਤਾ ਫਿਰਤਾ ਵਿਚ ਉਜਾਰਾ?"।੩੧੬।

ਸਭਨਾਂ ਕਹਿਆ: "ਜੀ ਜੋ ਦਿਜੁ ਕੁੜਮਾਈ ਕੋ ਥਾ ਗਇਆ।
ਵਸਿਸਟਿ ਜੀ ਧਾਮ ਸੀਤਲ ਦਾਸ ਆਵਤ ਭਇਆ।
ਰਾਵਣ ਤਾਂ ਕੋ ਨਿਕਟਿ ਬੁਲਾਇਆ।
ਕਹਿਆ: "ਪ੍ਰੋਹਤ ਜੀ, ਝਲਿਆ ਕੀ ਤਰਹਿ ਮਾਰਗ ਮੋ ਆਇਆ।"
ਮਾਰਗ ਮੋ ਕਿਆ ਹੇਰਤਿ ਥਾ ਫਿਰਤਾ?
ਕਹੇ, "ਰਾਜਾ ਜੀ! ਰਾਮ ਜੀ ਕੇ ਡੇਰੇ ਕੀ ਜਾਗ੍ਹਾ ਹੇਰਤ ਥਾ ਫਿਰਤਾ"।੩੧੭।

ਰਾਵਣ ਰਟਾ : "ਕਉਨ ਰਾਮ ਜੀ ? ਕਹਾਂ ਹੈ ਰਹਿਤਾ ?"
ਕਹੇ : "ਜੀ ਵਿਸਨੁ ਅਵਤਾਰ, ਜੋ ਖੀਰ ਸਮੁੰਦ੍ਰ ਮੋ ਰਹਿਤਾ।"
ਰਾਜੇ ਕਹਾ : "ਉਨ ਈਹਾਂ ਕਾਹੇ ਕੋ ਹੈ ਆਵਣਾ ?"
ਇਨ ਰਟਾ : "ਜਸਰਥ ਘਰਿ ਜਨਮੁ ਧਾਰਿ, ਉਨ ਡੇਰਾ ਹੈ ਈਹਾਂ ਪਾਵਣਾ।੩੧੮।

ਵਹੁ ਡੇਰੇ ਕੀ ਜਾਗਾ ਮੈ ਦੇਖੀ; ਕਹਾਂ ਕਹਾਂ ਕਰੇਗਾ।"
ਰਾਜੇ ਰਟਾ : "ਉਹੁ ਜਨਮਾ ਹੀ ਨਹੀਂ, ਤਉ ਕਹਾਂ ਚੜ੍ਹੇਗਾ ?"
ਵਸਿਸਟਿ ਜੀ ਭਨਾ : "ਜੋ ਜਨਮੇਗਾ, ਤਉ ਤੁਝੇ ਉਹੀ ਮਾਰੇਗਾ।੩੧੯।

ਵਹੀ ਵਿਸਨ ਰਾਮ ਜੀ ਨਾਮ ਧਾਮ ਜਸਰਥ ਕੇ ਜਨਮ ਧਾਰਿ, ਸਮੇਤ ਕੋੜਮੇ ਤੁਝੇ ਸੰਘਾਰੇਗਾ।"
ਰਾਵਣ ਕਹਿਆ : "ਵਹੁ ਕਬ ਜਨਮ ਕੋ ਲੇਵੇਗਾ ?"
ਕਹੇ : "ਤੀਜਾ ਵਿਆਹ ਜਸਰਥ ਕਾ ਜਬ ਹੋਵੈਗਾ"।੩੨੦।

ਵਸਿਸਟਿ ਜੀ ਤਹਾਂ ਤੇ ਟੁਰ ਆਏ। ਸੀਤਲ ਦਾਸ ਰਾਵਣ ਕੋ ਪੀਛੇ ਬਹੁਤੁ ਸਮਝਾਏ :
"ਬਹੁਤੁ ਮੰਦਾ ਕੀਆ; ਜੋ ਇਸ ਸੇਤੀ ਐਸੇ ਵਾਕ ਉਚਾਰੇ।
ਇਸ ਕੇ ਬਚਨ ਹੈਨ ਸਭ ਹੋਵਨਹਾਰੇ"।੩੨੧।

ਸਮਾ ਪਾਇ ਬਰਾਤ ਜਸਰਥ ਚੜ੍ਹਿ ਆਇਆ। ਆਇ ਸੀਤਲ ਦਾਸ ਧਾਮ ਡੇਰਾ ਪਾਇਆ।
ਰਾਵਣ ਕਹਿਆ ਤਸਕਰਿ ਬੁਲਾਇ। ਸੋ ਆ ਜਸਰਥ ਕੋ ਲੈ ਜਾਹੁ ਉਠਾਇ।੩੨੨।

ਸੋ ਤੈਸੇ ਹੀ ਜਸਰਥ ਸੋਏ ਕੋ ਤਸਕਰ[1] ਲੇ ਗਏ। ਜਾਇ ਸੰਦੂਕ ਮੋ ਪਾਵਤ ਭਏ।
ਬੰਦ ਕਰਿ ਸੰਦੂਕ ਹਵਾਲੇ ਮੱਛ ਦੇ ਕੀਆ। ਸੋ ਮੱਛ ਸਮੁੰਦ੍ਰ ਕੋ ਭੇਜ ਦੀਆ।੩੨੩।

ਪ੍ਰਾਤ ਭਈ ਤਬ ਹੂਆ ਸ਼ੋਰੁ : ਜਸਰਥ ਕੋ ਕੋਈ ਲੈ ਗਇਆ ਚੋਰੁ।
ਸੀਤਲ ਦਾਸ ਅਤੇ ਵਸਿਸਟਿ ਤਟਿ ਰਾਵਣ ਆਏ।
ਕਹੇ : "ਜੀ ਏਹੁ ਅਨਿਆਉਂ ਹੈ ਤੁਮਰੇ ਪੁਰ ਮੋ ਨੀਂਗਰ ਲੀਆ ਚੁਰਾਇ"।੩੨੪।

ਰਾਜੇ ਕਹਿਆ : "ਧਾਮ ਧਾਮ ਸਭ ਹੇਰੋ ਜਾਇ। ਜਿਸ ਦੇ ਧਾਮੋਂ ਨਿਕਸੇ ਆਇ।
ਜਾਨ ਬੱਚਾ ਤਾਂ ਕਾ ਦੇਉਂ ਘਾਣੀ ਪੀੜਾਇ। ਪੁਰ ਕੇ ਧਾਮ ਸਭ ਦੀਏ ਦਿਖਾਇ"।੩੨੫।

ਤੀਨ ਦਿਨ ਤਹਾਂ ਜਨੇਤ ਗੁਜ਼ਾਰੇ। ਵਸਿਸਟਿ ਜੀ ਸਮਧੀ ਧਾਮ ਕੋ ਤਬ ਉਠ ਸਿਧਾਰੇ।
ਕਹਿਆ : "ਤੁਮ ਈਹਾਂ ਜਸਰਥ ਕੀ ਕਰੋ ਤਲਾਇਸ਼।
ਮੈਂ ਰਾਜਾ ਸਮਧੀ ਕੀ ਕੰਨਿਆ ਈਹਾਂ ਲੈ ਆਇਸ।੩੨੬।

ਸਾਹਾ ਮੂਲ ਨ ਜਾਵੈ ਘੁਸ ਕਰਿ।ਖਮੈਂ ਕੰਨਿਆ ਕੋ ਈਹਾਂ ਲੈ ਆਵਾਂ ਰਾਜਾ ਸਮਧੀ ਕੋ ਪੁਛ ਕਰਿ।"
ਵਸਿਸਟਿ ਜੀ ਗਏ ਸਮਧੀ ਧਾਮ। ਕੰਨਿਆ ਮੰਗ ਲਿਆਏ ਕੁਸਲਿਆ ਨਾਮ।੩੨੭।

ਲੈ ਕੰਨਿਆ ਆਵਤ ਭਏ ਮਾਰਗ ਮੈ। ਵਹੁ ਦਿਨ ਥਾ ਸਾਹੇ ਦਾ ਦਿਤਾ ਲਗਨ ਮੈ।
ਮਾਰਗ ਤਟਿ ਦਧ ਪ੍ਰਾਤੇ ਮਜਨ ਵਸਿਸਟਿ ਜੀ ਕੀਆ।
ਵਹੁ ਮਛੁ ਉਪਾਸਕੁ ਭਾਲ ਕਾ, ਜਿਨਿ ਸੰਦੂਕ ਥਾ ਲੀਆ।੩੨੮।

---

੧. ਚੋਰ।

ਸੰਦੂਕ ਡਾਰਿ ਸਮੁੰਦ੍ਰ ਤਟਿ, ਲਗਾ ਸੇਵਾ ਕਰਨ।
ਇਧਰ ਵਸਿਸਟਿ ਜੀ ਕਰਿ ਮਜਨੁ, ਮਨ ਵਿਸ਼ਵਾਸ ਧਰਨਿ।
ਕੰਨਿਆ ਕੁਸਲਿਆ ਤੀਰ ਦਧ ਖੇਤਲ ਫਿਰੇ। ਸੰਦੂਕ ਹੇਰ ਵਸਿਸਟਿ ਕੋ ਆਇ ਉਚਰੇ।੩੨੯।

"ਬਾਬਾ! ਇਕੁ ਸੰਦੂਕ ਮੈਂ ਹੇਰ ਆਈ।" ਵਸਿਸਟਿ ਰਟਾ: "ਸੁਤਾ! ਕਹਾਂ ਹੇਰਾ ਜਾਈ?"
ਸੋ ਵਸਿਸਟਿ ਨਾਲ ਲੈ ਆਈ। ਵਸਿਸਟਿ ਸੰਦੂਕ ਹੇਰਾ ਧਿਆਨੁ ਲਗਾਈ।੩੩੦।

ਹੇਰ ਸੰਦੂਕ ਖੋਲ੍ਹ ਕੇ ਡਿਠਾ। ਵਿਚਿ ਤਿਸ ਦੇ ਜਸਰਥੁ ਹੈ ਬੈਠਾ।
ਨਿਕਾਰ ਰਾਜਾ, ਸਦਿ ਕੁਸਲਿਆ, ਬਸੰਤ੍ਰ ਈਧਨੁ ਲੈ ਲੀਆ।
ਦੋਨੋ ਕਰਿ ਇਕਤ੍ਰ, ਫੇਰੀ ਤਹਾਂ ਦੀਆ।੩੩੧।

ਕੁਸਲਿਆ ਸਾਥ ਤਿਸ ਦੇ ਸੰਦੂਕ ਮਧਿ ਪਾਈ।
ਉਹੀ ਸਮਾ ਥਾ ਦੇਵਾ ਲਗਨ ਭਇਆ ਤਹ ਆਈ।
ਕਰਿ ਸੰਦੂਕ ਬੰਦ ਵਸਿਸਟਿ ਜੀ ਉਠਿ ਆਏ। ਸੀਤਲ ਦਾਸ ਸੰਗ ਰਾਜੇ ਕੇ ਲੈ ਜਾਏ।੩੩੨।

ਕਹਿਆ: "ਰਾਜੇ ਕਾ ਧਰਮ ਨਹੀਂ ਜੋ ਚੋਰੀ ਕਰਾਏ। ਅਸੀਂ ਹਾਂ ਤੇਰੇ ਘਰਿ ਵਿਚਿ ਆਏ।"
ਰਾਜੇ ਕਹਿਆ: "ਮੈਂ ਸਹੀ ਕਰਿ ਹੈ ਲਿਆ। ਸਾਹਾ ਹੈ ਬੀਤ ਗਿਆ"।੩੩੩।

ਵਸਿਸਟਿ ਕਹਿਆ: "ਸਾਹਾ ਕੱਲ ਦਾ ਹੈਸੀ ਸੋ ਬੀਤਾ।"
ਰਾਜੇ ਕਹਿਆ: "ਤੁਸਾਡਾ ਬਚਨ ਸਤਿ ਸੀ, ਤੁਸਾਂ ਏਹ ਕਿਆ ਕੀਤਾ?"
ਵਸਿਸਟਿ ਕਹਿਆ: "ਅੰਗ ਬਿਧਾਤਾ ਕਿਸੇ ਨ ਮੋੜੇ।"
ਰਾਵਣ ਕਹਿਆ: "ਸਾਹੇ ਦੇ ਅੰਕ ਭੀ ਹੋੜੇ"।੩੩੪।

ਤੁਸੀਂ ਤਾਂ ਕੰਨਿਆ ਲੈਣ ਗਏ ਆਹੇ। ਕੰਨਿਆ ਭੀ ਨ ਆਈ, ਖਾਲੀ ਉਠਿ ਪਏ ਰਾਹੇ।
ਸੀਤਲ ਦਾਸ ਪ੍ਰੋਹਤ ਅਸਾਨੂੰ ਹੈਸੀ ਡਰਾਇਆ।
ਕਹੇ: "ਇਸ ਦਿਜ ਦਾ ਵਾਕ ਨ ਅੰਨਥਾ ਜਾਇਆ"।੩੩੫।

ਸਾਹਾ ਲਿਖਿਆ ਸੁਧ ਨ ਮਿਲਿਆ। ਕਿਥੇ ਕੁੜੀ ਤੇ ਕਿਥੇ ਨੀਂਗਰੁ; ਬਚਨ ਇਸ ਦਾ ਗਲਿਆ।
ਲਗਾ ਹਾਸਾ ਕਰਨ ਰਾਵਣ, ਵਸਿਸਟਿ ਸੰਗ।
ਕਹੋ ਪ੍ਰੋਹਤ ਜੀ ਕਿਥੇ ਨੀਂਗਰੁ, ਅਤੇ ਕਿਥੇ ਕੁੜੀ, ਏਹੁ ਕੀ ਹੋਇਆ ਪ੍ਰਸੰਗੁ?।੩੩੬।

ਵਸਿਸਟਿ ਕਹਿਆ: "ਜਿਥੇ ਨੀਂਗਰੁ, ਤਿਥੇ ਕੁੜੀ।
ਤੁਧ ਕੀਤਾ ਅਨਿਆਉਂ ਅਤੇ ਬੇੜੀ ਤੇਰੀ ਰੁੜ੍ਹੀ।"
ਸੀਤਲ ਦਾਸ ਕਹਿਆ: "ਮਹਾਰਾਜ! ਇਸ ਨਾਲਿ ਵਾਦ ਨ ਕਰੀਏ।"
ਰਾਵਣ ਕਹਿਆ: "ਡਿਠਾ ਤੇਰਾ ਸਤਿਵਾਦੀ, ਨ ਅੰਨਥਾ ਵਾਕੁ ਉਚਰੀਏ"।੩੩੭।

ਵਸਿਸਟਿ ਜੀ ਕਹਿਆ: "ਤੂ ਜਾਣ, ਤੇਰੀ ਪਵੈਗੀ ਬਦਸਾਖ[੧]।
ਜੋ ਘਰਿ ਗਏ ਕਿਸੇ ਨਹੀਂ ਬੰਧੇ, ਤੈਨੂੰ ਰਹੇ ਹਾਂ ਆਖ।"
ਰਾਵਣ ਕਹਿਆ: "ਅਸੀਂ ਤੇਰੇ ਵਚਨ ਦੇਖਦੇ ਆਹੇ।
ਐਸਾ ਉਤਮ ਬ੍ਰਹਮਨ ਹੋਇ ਕੇ, ਮਿਥਿਆ ਆਖੇ ਕਾਹੇ।੩੩੮।

੧. ਬਦਨਾਮੀ।

ਸਾਹਾ ਬੀਤ ਗਿਆ, ਕਿਥੇ ਨੀਂਗਰੁ ਅਤੇ ਕਿਥੇ ਕੁੜੀ।"
ਵਸਿਸਟਿ ਕਹਿਆ: "ਜਿਥੇ ਨੀਂਗਰ, ਤਿਥੇ ਕੁੜੀ; ਤੇਰੀ ਹੀ ਬੇੜੀ ਰੁੜੀ।"
ਰਾਵਣ ਕਹਿਆ: "ਬਹੁਤ ਨਾ ਬੈਠਾ ਕਲਪ, ਨੀਂਗਰ ਲੈ ਜਾਹ।
ਮੱਛ ਸੱਦਿ ਮੰਗਾਇਆ, ਸੰਦੂਕ ਦੀਨਾ ਤਾਂਹ"।੩੩੯।

ਸੰਦੂਕ ਖੋਲ ਕੇ ਦੇਖਨ, ਤਾਂ ਵਿਚਿ ਬੈਠੇ ਦੋਨੋ। ਰਾਵਣ ਹੇਰ ਹੋਇ ਰਹਿਆ ਹੈਰਾਨੋ।
ਚਾਹੇ ਦੋਨੋ ਮਾਰੋ, ਕਲਪੁ ਚੁਕ ਜਾਵੈ। ਨ ਜਨਮੇ ਪੂਤ ਨ ਈਹਾਂ ਆਵੈ।੩੪੦।

ਪਰੁ ਮੈ ਰਾਜਾ ਹੋਇ ਕੈ ਜ਼ੁਲਮੁ ਨ ਕਰੌਂ। ਜ਼ੁਲਮ ਕਰਨ ਅਨਿਆਇ ਤੇ ਡਰੌਂ।
ਜੋ ਹੋਇਗਾ, ਸੋ ਸਿਰ ਪਰ ਸਹੋ। ਪਰ ਜ਼ੁਲਮ ਅਨਿਆਉਂ ਨਾ ਮੁਖ ਤੇ ਕਰੋ।੩੪੧।

ਐਸਾ ਰਾਕਸ਼ ਰਾਵਣ ਰਾਜਾ ਹੋਇਆ। ਪਰੁ ਜ਼ੁਲਮ ਅਨਿਆਉਂ ਤਿਸ ਭੀ ਖੋਇਆ।
ਜੇ ਗੁਰੂ ਬਾਬਾ ਦੇਵੇ ਹੁਕਮੁ, ਮਾਇਆ ਅਤੇ ਰਾਜੁ।
ਤਾਂ ਐਸਾ ਸੁਖ ਧਨੁ ਪਾਇ ਨ ਕਰੀਏ ਕੁਕਾਜ।੩੪੨।

ਆਇ ਅਜੁਧਿਆ, ਜਨਮੇ ਰਾਮ ਜੀ। ਹੋਏ ਬਡੇ ਕੀਨਾ ਏਹੁ ਕਾਮ ਜੀ।
ਨਉ ਸੈ ਤੀਸ ਬਰਸ ਕੇ ਜਬ ਹੋਏ। ਤਬ ਤੀਰਥ ਪਰਸਨ ਕਉ ਗਏ ਸੋਏ।੩੪੩।

ਏਕ ਬਰਸ ਮੈ ਤੀਰਥ ਕਰਿ ਆਏ। ਦੂਜੇ ਬਰਸ ਬਾਲਕਨਿ ਸੋ ਕਹੇ ਬਾਤ ਤੀਰਥ ਕੀ ਸੁਨਾਏ।
ਤੀਜੇ ਬਰਸ ਬਿਰਕਤਿ ਥੇ ਭਏ।
ਚਉਥੇ ਬਰਸ ਸੰਗ ਕਹੇ ਵਸਿਸਟਿ ਵਿਸ਼ਵਾਮਿਤ੍ਰ ਨਾਲ ਗਏ।੩੪੪।

ਪੰਜਵੇਂ ਬਰਸ ਬਿਆਹੁ ਜਾਇ ਕੀਤਾ। ਨਉ ਸੈ ਪੈਂਤੀ ਬਰਸ ਕੀ ਉਮਰ ਭਈ ਸੀਤਾ।
ਕਰਿ ਬਿਆਹੁ ਧਾਮ ਨਿਜ ਆਏ। ਕੋਈ ਕਾਲ ਰਹਿਕੇ, ਬਹੁੜਿ ਨਿਕਾਲਾ ਪਾਏ।੩੪੫।

ਜਾਇ ਬਨ ਮੈ ਸੋ ਬਸਤੇ ਭਏ। ਤਹਾਂ ਤੇ ਚੜ੍ਹਿ ਰਾਵਣ ਪਰ ਗਏ।੩੪੬।

ਇਹ ਵਾਕ ਹੈਨ ਗ੍ਰੰਥ ਸਾਹਿਬ ਸੰਦੇ: 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥'
ਜੋ ਸਿਖ ਗੁਰੂ ਕਾ ਹੋਇ, ਗ੍ਰੰਥ-ਬਚਨੋਂ ਮੁੜੇ।
ਨਿਸਚੈ ਜਾਨੋ ਭਵਜਲ ਨਦੀ ਮੈ ਸੋਈ ਰੁੜ੍ਹੇ।੩੪੭।

ਸਿੰਘ ਕੇਸਰ 'ਛਿੱਬਰ' ਕੀਆ ਬਖਾਨੋ। ਮੇਰੀ ਆਖੀ ਭਾਈ ਸਿਖੋ! ਰੱਤੀ ਨ ਮਾਨੋ।
'ਗੁਰਿ ਕਹਿਆ ਸਾ ਕਾਰ ਕਮਾਵਹੁ॥' ਏਹ ਗ੍ਰੰਥ-ਬਚਨ ਲੈ ਰਿਦੈ ਬਸਾਵਹੁ।੩੪੮।

ਆਜੁ ਕੇ ਸਮੇ ਹੈ ਗ੍ਰੰਥ ਸਾਹਿਬ ਗੁਰੂ ਹਮਾਰਾ। ਅਗੇ ਦਸਵਾਂ ਪਾਤਸ਼ਾਹ ਲਾਇ ਬੈਠਤ ਥੇ ਦਰਬਾਰਾ।
ਜੋ ਸ਼ੰਕਾ ਹੋਤੀ, ਸੋ ਸਾਹਿਬ ਦਸਵੇਂ ਤੇ ਪੁਛ ਲੇਤੇ।
ਅਬ ਤਿਸ ਕਾ ਆਸਨ ਗ੍ਰੰਥ ਗੁਰੂ ਉਤਰ ਹੈਂ ਦੇਤੇ।੩੪੯।

ਬੇਮੁਖਾਂ ਦੀ ਹਕੀਕਤ 'ਬਚਿਤ੍ਰ ਨਾਟਕ' ਧਿਆਇ ਤੇਰ੍ਹਵੇਂ ਵਿਚ ਹੈ ਕਹੀ।
ਜੋ ਅਬ ਗ੍ਰੰਥ ਜੀ ਨ ਮੰਨੇ, ਸੋ ਬੇਮੁਖ ਪੱਕਾ ਹੈ ਸਹੀ।
'ਰਾਜੇ ਚੁਲੀ ਨਿਆਵ ਕੀ' ਗ੍ਰੰਥ ਸਾਹਿਬ ਹੈ ਕਹਿਆ।
ਜੋ ਨਾ ਕਰੇ ਨਿਆਉਂ ਤਾ ਕਲਿ ਕਾਤੀ ਰਾਜੇ ਕਾਸਾਈ' ਲਿਖਿਆ ਲਹਿਆ।੩੫੦।

ਧਾਨ ਕੁਧਾਨ ਸਮਝ ਕੇ ਖਾਈਐ ਚਾਹਿਆ।
ਸਮਝੇ ਨਾਹੀ ਤਾਂ ਗ੍ਰੰਥ ਸਾਹਿਬ ਆਖ ਹੈ ਸੁਨਾਇਆ।
'ਹਰਿ ਚੇਤਿ ਖਾਹਿ ਤਿਨਾ ਸਫਲੁ ਹੈ, ਅਚੇਤਾ ਹਥ ਤਡਾਇਆ॥'
ਗ੍ਰੰਥ ਸਾਹਿਬ ਦੇ ਕਹੇ ਚਲੇ ਨਾਹੀ, ਤਾਂ ਉਹ ਸਿੱਖ ਨਹੀਂ ਅਸਿਖ ਅਖਾਇਆ।੩੫੧।

ਪਰ ਘਰਿ ਜਾਇ ਨ ਕੀਜੈ ਕਥਾ। ਏਹ ਹੈ ਸਤਿਗੁਰ ਕੀ ਨਥਾ।
ਗੁਰੂ ਕਾ ਸਿਖ ਹੋਇ ਪਰ ਘਰਿ ਜਾਏ।
ਅਪਨੇ ਗੁਰੂ ਕੀ ਹਕੀਕਤ ਬਿਨਾਂ ਸਿਖ ਨ ਹੋਰ ਸੁਨਾਏ।੩੫੨।

'ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ॥ ਤਜਿ ਆਨ ਸਰਣਿ ਗਹੀ॥'
ਗੁਰੂ ਕਾ ਸਿੱਖ ਸੋਈ, ਜੋ ਅਪਨੇ ਗੁਰੂ ਦੀ ਸੋਭਾ ਉਪਮਾ ਕਰੇ।
ਬਿਨਾਂ ਅਪਨੇ ਗੁਰੂ ਹੋਰ ਦੀ ਸਰਨ ਪੈਰੀਂ ਨ ਪਰੇ।੩੫੩।

'ਸੂਕਰ ਸੁਆਨ ਗਰਧਭੁ ਮੰਜਾਰਾ। ਪਸੂ ਮਲੇਛ ਨੀਚ ਚੰਡਾਲਾ।
ਗੁਰ ਤੇ ਮੁਹੁ ਫੇਰੇ ਤਿਨ ਜੋਨ ਭਵਾਈਐ। ਬੰਧਨਿ ਬਾਂਧਿਆ ਆਈਐ ਜਾਈਐ'।੩੫੪।

ਗ੍ਰੰਥ ਬਚਨ ਏਹ ਜੋ ਸਚ ਕਰਿ ਜਾਣੋ। ਬਿਨਾ ਗ੍ਰੰਥ ਗੁਰੂ ਹੋਰੁ ਨਾ ਮਾਨੋ।
ਅਤੇ ਗ੍ਰੰਥ ਗੁਰੂ ਤੇ ਮੁਹੋ ਫੇਰੋਗੇ। ਤਾਂ ਏਹੋ ਜੂਨਾ ਸਭੇ ਜਨਮੁ ਪਾਇ ਕੇ ਹੇਰੋਗੇ।੩੫੫।

ਅਤੇ ਜੋ ਮਨੁਖ ਜਨਮ ਪਾਇ ਮਲੇਛ ਨੀਚ ਨਾਲਿ ਵਰਤੈਗੇ।
ਗ੍ਰੰਥ ਸਾਹਿਬ ਦੇ ਬਚਨ ਭੀ ਨ ਕੰਨ ਧਰੈਂਗੇ।
ਤਾਂ ਗੁਰੂ ਕੇ ਪੱਕੇ ਵੈਰੀ ਹੋਵੋਂਗੇ। ਅਤੇ ਅੰਤ ਕਾਲ ਨੂੰ ਰੋਵੋਂਗੇ।੩੫੬।

ਜੋ ਬਿਨਾ ਗ੍ਰੰਥ ਬਚਨ ਮੈ ਕੁਛੁ ਹੋਰ ਕੀਆ ਹੈ ਬਖਾਨੋ।
ਤਾਂ ਤੁਸੀਂ ਮੇਰਾ ਕਹਿਆ ਰਤੀ ਨ ਮਾਨੋ।
ਗ੍ਰੰਥ ਬਚਨ ਅਤੇ ਦਸਵੇਂ ਪਾਤਸ਼ਾਹ ਦੇ ਵਾਕ ਸਤਿ ਕਰ ਮਾਨੋ।੩੫੭।

ਗੁਰੂ ਕਾ ਸਿਖ ਪੱਕਾ ਜਾਨੋ ਸੋਈ। ਗ੍ਰੰਥ ਬਚਨ ਸਤਿ ਕਰਿ ਮਾਨੇ ਜੋਈ।
ਜੋ ਗ੍ਰੰਥ ਬਚਨ ਦੇ ਕਹੇ ਚਲੇਗਾ। ਸੋਈ ਗੁਰੂ ਕੇ ਘਰਿ ਰਲੇਗਾ।੩੫੮।

'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥'।੩੫੯।

'ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥'
ਮੈ ਅਪਨੇ ਗੁਰੂ ਕੇ ਬਲਿਹਾਰਨੇ ਕਹਿਆ ਹੈ।
ਅਪਨੇ ਗੁਰੂ ਕਉ ਮਿਲਿ ਕਰਿ ਦੇਵਤਾ ਹੋਵਣਾ ਹੈ।੩੬੦।

ਜਿਨ ਅਪਨਾ ਗੁਰੂ ਕਰਿ ਮੰਨਿਆ ਹੈ ਸਤਿ। ਤਿਸ ਨੂੰ ਜਨਮ ਨ ਹੋਸੀ ਵਤੁ।
ਏਹੁ ਗ੍ਰੰਥ ਬਚਨ ਸਤਿ ਕਰਿ ਮਾਨੋ। ਬਿਨਾ ਅਪਨੇ ਗੁਰੂ ਹੋਰੁ ਨਾ ਜਾਨੋ।੩੬੧।

'ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ॥' ਗ੍ਰੰਥ ਬਚਨ ਏਹ ਕਹਿਆ ਸੁਨਾਇ।
ਮੈ ਅਪਨੀ ਉਕਤ ਨ ਕੀਤੀ ਕਾਈ। ਸਭ ਗ੍ਰੰਥ ਸਾਹਿਬ ਜੀ ਦੀ ਹੈ ਸਾਖ ਸੁਨਾਈ।੩੬੨।

ਸੁਣੋ ਜੀ: 'ਜੋ ਕੋ ਗੁਰ ਤੇ ਵੇਮੁਖੁ ਹੋਵੈ॥ ਵਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥'।੩੬੩।

ਸ਼ਾਸਤ੍ਰ ਵੇਦ ਸੰਤ ਭਗਤਿ ਸਭ ਏਹੋ ਗੱਲਿ ਹੈਨ ਕਹਿੰਦੇ।
ਜਿਨਾ ਗੁਰੂ ਅਪਨੇ ਦਾ ਕਹਿਆ ਮੰਨਿਆ ਸੋਈ ਸੁਖੀਏ ਰਹਿੰਦੇ।
ਅਪਨਾ ਤਜਿ ਪਰਾਏ ਗਏ, ਸੁ ਦੁਹੀਂ ਜਹਾਨੀਂ ਗਏ।
ਨ ਇਥੇ ਸੁਖ, ਨ ਅਗੈ ਸੁਖ, ਵਿਚਿ ਨਰਕ ਦੇ ਪਏ।੩੬੪।

ਪਿਛਲਾ ਪੁੰਨ ਕੀਤਾ ਸੋ ਭੋਗ ਲੈਨ, ਅਗੇ ਸੁਖ ਨ ਪਾਸਨ।
ਜੋ ਅਪਨੇ ਗੁਰੁ ਤੇ ਹੈਨਿ ਮੁੜੇ ਸੋਈ ਨਰਕੇ ਜਾਸਨਿ।
ਜੇ ਅਪਨਾ ਗੁਰ ਹੀਣਾ ਹੋਵੈ, ਤਾਂ ਭੀ ਸਭ ਤੇ ਊਚਾ ਜਾਣੋ।
ਪਤਿ ਕਾਣੇ ਨੂੰ ਤਜਿ ਰਾਜੇ ਪਾਸ ਗਈ ਤਾਂ ਭੀ ਦੁਰਾਚਾਰ ਬਖਾਣੋ।੩੬੫।

ਸਾਖ ਗੀਤਾ ਭਗਵਤ ਕੀ ਸੁਨ ਲੀਜੈ। ਅਠਾਰਾਂ ਧਿਆ ਗੀਤਾ ਦਾ ਪੜ੍ਹਿ ਵੀਚਾਰ ਕਰੀਜੈ।
'ਬਰਨ ਧਰਮ ਗੁਰ ਅਪਨਾ ਹੀ ਤਾਰੈਗਾ। ਪਰਾਇਆ ਕਰਨ ਵਾਲਾ ਨਰਕ ਸਿਧਾਰੈਗਾ'।੩੬੬।

ਸਾਖ ਹੋਰ ਸੁਣੋ: 'ਮਨਮੁਖ ਬਿਨਸੇ ਆਵੈ ਜਾਇ। ਜੋ ਗੁਰ ਤੇ ਫਿਰਿਆ, ਸੋ ਜੂਨੇ ਜੂਨ ਭਵਾਇ।'
ਅਸਾਡਾ ਪੂਰਨ ਗੁਰਦੇਵ ਹੈ ਪੂਰਨ ਬਾਬਾ ਨਾਨਕ।
ਜਿਸ ਦਸ ਜਾਮੇ ਧਰੇ ਕਲਜੁਗ ਵਿਚਿ ਆਇ ਅਚਾਨਕ।੩੬੭।

ਜਿਨ ਦੇ ਵਾਕ ਹੈਨ ਸ੍ਰੀ ਗ੍ਰੰਥ ਜੀ ਸਾਹਿਬ। ਜੋ ਮੰਨੇਗਾ ਤਿਸ ਨੂੰ ਲੈਨਗੇ ਨਿਬਾਹਕ।
ਮੈ ਸਾਖ ਪਰ ਸਾਖ ਦੇ ਕੇ ਹੈ ਕਹਿਆ। ਮੇਰੇ ਕਹਿਨੇ ਵਿਚਿ ਕੁਛੁ ਸ਼ੱਕ ਨਹੀਂ ਰਹਿਆ।੩੬੮।

ਮੈਂ ਇਤਨਾ ਅਪਨੇ ਪੱਖ ਵਾਸਤੇ ਹੈ ਆਖ ਪੁਕਾਰਿਆ।
ਪੱਖ ਅਪਨਾ ਸਾਂਈ ਲੋਕਾਂ ਭੀ ਨਹੀਂ ਹਾਰਿਆ।
ਇਕ ਸੁਪਚ ਆਤਮ ਗਿਆਨੀ ਭਇਆ। ਵਸਿਸਟਿ ਜੀ ਨੂੰ ਨਿਉਂਤਾ ਮਨਾਵਣਿ ਗਿਆ।੩੬੯।

ਵਸਿਸਟਿ ਜੀ ਨੂੰ ਨਿਉਂਤਾ ਮਨਾਇ ਆਇਆ। ਧਾਮ ਆਇ ਭੋਜਨ ਕਰਵਾਇਆ।
ਨਿਜ ਦਾਰਾ ਸਿਉਂ ਕਹਿਆ ਸਮਝਾਇ:
"ਕਰਿ ਭੋਜਨ ਮਜਨੁ ਕਰਿ ਕੇ ਚਉਂਕਾ ਪਾਇ"।੩੭੦।

ਭੋਜਨ ਕਰਿ ਸੱਦਣ ਗਿਆ। ਤੀਰ ਵਸਿਸਟਿ ਜਾਇ ਪ੍ਰਾਪਤਿ ਭਇਆ।
ਕਹੇ: "ਜੀ ਚਲੀਏ, ਭੋਜਨ ਹੈ ਤਿਆਰੁ।"
ਬਚਨ ਕੀਤਾ: "ਮਜਨ ਕਰਿ ਲਈਐ ਕੁੰਭ ਸ਼ਿੰਗਾਰ"।੩੭੧।

ਸੇਵਾ ਪੂਜਾ ਕਰਤੇ ਘੜੀ ਦੁਇ ਤ੍ਰੈ ਲਗਾਈ।
ਪਾਛੈ ਸੁਪਚੀ ਉਡੀਕ ਤਜਿ ਚਉਂਕਾ ਬਾਹਰਿ ਆਈ।
ਸੇਵਾ ਪੂਜਾ ਕਰਿ ਭੀਤਰ ਬਾਗਾ ਪਹਿਰਨ ਮੁਨਿ ਗਏ।
ਘੜੀ ਦੁਇ ਬਹੁੜ ਲਗਾਵਤ ਭਏ।੩੭੨।

ਘੜੀ ਦੋਇ ਲਗਾਇ ਕੇ ਬਾਹਰਿ ਆਏ। ਹਥਿ ਛਿਜ ਕੀਤੀ ਬੈਠੇ ਜਾਏ।
ਸੁਪਚ ਕਹਿਆ: "ਜੀ ਚਲੀਏ! ਤੁਸਾਂ ਬਡਾ ਚਿਰ ਹੈ ਲਾਇਆ?"
ਬਚਨ ਕੀਤਾ: "ਮੈਂ ਭੋਜਨ ਧਾਮ ਤੁਸਾਡੇ ਪਾਇ ਹਾਂ ਆਇਆ"।੩੭੩।

ਸੁਪਚ ਕਹਿਆ: "ਜੀ ਮੈ ਸੱਦਣ ਆਇਆ ਸੋ ਬੈਠਾ ਬਾਹਰਿ।
ਤੁਸੀਂ ਗਏ ਨਿਜ ਭੀਤਰ ਮੇਰੇ ਜ਼ਾਹਰਿ।
ਬਚਨ ਕੀਤਾ: "ਧਾਮ ਤੇਰੇ ਅਸਾਂ ਭੋਜਨੁ ਹੈ ਪਾਇਆ।
ਤਸਮਈ ਖੰਡ ਭੋਜਨ ਫੁਲਕੇ, ਸੁਆਦ ਹੱਛਾ ਹੈ ਆਇਆ"।੩੭੪।

ਜਾਹੁ ਖਬਰ ਲੈ ਦਾਰਾ ਤੇਰੀ ਖਵਾ ਕੇ ਬਾਹਰਿ ਹੈ ਆਈ।
ਸੁਪਚ ਦਉੜਦਾ ਪਹੁਤਾ ਧਾਮ ਜਾਈ।
ਅਗੋ ਸੁਪਚੀ ਨੇ ਪਤਿ ਸੰਗ ਕਰੀ ਲੜਾਈ।
ਨਿਘਰ ਗਿਆ, ਸੱਦਣ ਗਿਆ, ਬੈਠ ਰਹਿਆ ਜਾਈ।੩੭੫।

ਮੈ ਓਦਰ ਉਡੀਕ ਚਉਂਕਾ ਤਜਿ ਬਾਹਰਿ ਆਈ।
ਪਿਛੋ ਸੁਆਨੁ ਖੀਰ ਖੰਡੁ ਫੁਲਕੇ ਗਿਆ ਖਾਈ।
ਸੁਪਚ ਮੁੜਿ ਵਸਿਸਟਿ ਜੀ ਤਟਿ ਆਇਆ।
ਕਹੇ: "ਜੀ ਤੁਸੀਂ ਨ ਗਏ, ਭੋਜਨ ਸਭ ਸੁਆਨ ਖਾਇ ਗਵਾਇਆ।'੩੭੬।

ਬਚਨ ਕੀਤਾ: 'ਤੇਰੇ ਧਾਮ ਉਸੇ ਜਾਮੇ ਜਾਣਾ ਸੀ। ਏਹ ਪਿੰਡ ਨਹੀਂ ਲੈ ਜਾਣਾ ਸੀ।
ਅਸਥਾਨ ਭੇਦ ਬਰਨ ਆਸ਼੍ਰਮ ਭੇਦ ਭੀ ਰਖਿਆ ਚਾਹੀਐ।
ਇਸ ਦੇ ਤਜੇ ਭ੍ਰਿਸ਼ਟ ਹੋ ਜਾਈਐ।੩੭੭।

ਅਪਨਾ ਪੱਖ ਕਿਸੇ ਨਹੀਂ ਹਾਰਿਆ।
ਗੁਰੂ ਕੇ ਸਿਖਾਂ ਗੁਰੂ ਨਾਨਕ ਦਸਵੇਂ ਪਾਤਸ਼ਾਹ ਦਾ ਬਿਰਦ ਹੈ ਧਾਰਿਆ।
ਇਕ ਜਾਮੇ ਮਲੇਛ ਦੇ ਆਹਾ ਸਾਂਈ ਲੋਕੁ। ਕਰਮ ਬਖਸ਼ ਫਕੀਰ ਕਹੈ ਸਭ ਲੋਕ।੩੭੮।

ਪਿੰਡ ਦੇ ਲੋਕ ਉਸ ਨੂੰ ਕਰ ਜਾਣਨਿ ਪੀਰ। ਅਤੇ ਆਹਾ ਤੱਤਾ ਬੰਦਗੀ ਵਾਲਾ ਫਕੀਰ।
'ਫੇਰੂ' ਨਾਮ ਖਤ੍ਰੀ ਰਹੇ ਸ਼ਾਹੂਕਾਰ।
ਤਿਸ ਦੀ ਦਾਰਾ 'ਲਛਮੀ' ਕਹੇ ਸਭ ਸੰਸਾਰ।੩੭੯।

ਸੋ ਨਾਰੀ 'ਲਛਮੀ' ਤਿਸ ਫਕੀਰ ਦੀ ਸੇਵਾ ਬਹੁਤੁ ਕਰੇ।
ਮਨਸਾ ਪੁਤ੍ਰ ਲੈਣ ਦੀ ਧਰੇ ਚਿਤ ਕਰੇ।
ਪਰ ਕਰਮ-ਹੀਣ ਅਪਨਾ ਧਰਮ ਨ ਪਛਾਣੈ।
ਮੈ ਖਤ੍ਰਾਣੀ, ਤਤੇ ਨਾਲਿ ਕੀ ਸਾਕੁ, ਏਹ ਨ ਜਾਣੈ।੩੮੦।

ਰੋਟੀ ਘਿਉ ਚੂਰੀ ਖੰਡ ਮਲਾਈ ਆਣ ਖੁਵਾਏ। ਕਪੜੇ ਨਵੇਂ ਤਿਸ ਵਾਸਤੇ ਬਣਵਾਏ।
ਕਰਮ ਹੀਣ ਪਤਿ ਨੂੰ ਭੀ ਲੈ ਜਾਏ। ਤਤੇ ਦੀ ਜਾਇ ਪੈਰੀਂ ਪਵਾਏ।੩੮੧।

ਰੈਨ ਸਮੇ ਫੇਰੂ ਗੜਵਾ ਦੁਧ ਦਾ ਪਹੁੰਚਾਏ। ਨਰ ਨਾਰੀ ਦੋਵੇਂ ਟਹਲ ਕਮਾਏ।
ਅਠ ਸਤ ਮਾਸ ਬਿਤੀਤ ਤਬ ਭਏ। ਕਰਤੇ ਸੇਵਾ ਤਿਨ ਕੋ ਗੁਜ਼ਰ ਗਏ।੩੮੨।

ਨਾਰੀ ਇਕ ਦਿਨ ਬਿਨਤੀ ਕਰ ਜੋਰਿ ਅਤਿ ਕੀਨੀ।
ਕਹੇ: "ਜੀ ਸੁਤ ਹੋਵੈ, ਮੈਂ ਦਾਸ ਗੁਲਾਮ ਹਾਂ ਕਦੀਮੀ।"
ਤਿਨ ਕਹਿਆ: "ਮੁਖ ਪਸਾਰਿ ਮੁਝਿ ਨਿਹਾਰ।"
ਤਿਸ ਮੁਖ ਪਸਾਰਾ, ਵਿਚਿ ਥੁੱਕ ਦਿੱਤੀ ਡਾਰ।੩੮੩।

ਹੈਰਤ ਲੋਕ ਥੁਕ ਮੁਖ ਡਾਰੀ। ਕਹਿਆ: "ਮੀਟ ਮੁਖ ਜਾਹ ਘਰਿ ਨਾਰੀ।"
ਪੁਤ ਹੋਇਆ ਧਾਮ ਤੁਹਾਰੀ। ਲੋਕ ਕਹੈਂ ਸਭ ਤੱਤੀ ਪੁਕਾਰੀ।੩੮੪।

ਫੇਰੂ ਸੁਨਿ ਤਜਿ ਨਾਰੀ ਸੋ ਦੀਨੀ।
ਜੁਦਾ ਰਹੀ, ਫੇਰੂ ਨਾਰਿ ਬਿਆਹੁ ਹੋਰੁ ਕਰਿ ਲੀਨੀ।
ਤਿਸ ਤੇ ਉਪਜਿਆ 'ਸ਼ੇਖ ਫਰੀਦ'।
ਫਲੁ ਤਾਂ ਪਾਇਆ, ਪਰ ਮਲੇਛ ਧਰਮੁ ਦਾ ਭਇਆ ਰਕੀਬੁ।੩੮੫।

ਤਾ ਤੇ ਅਪਨਾ ਪੱਖ ਨਾ ਹਾਰੋ, ਭਾਈ ਸਿਖੋ। ਅਗੇ ਧਾਨ ਕੁਧਾਨ ਦੀ ਸਮਝ ਦਿਖੋ।
'ਰਵਿਦਾਸ' ਭਗਤ ਚਮਿਆਰ ਜੋ ਹੋਇਆ ਹੈਸੀ।
ਸੋ, ਪਿਛਲੇ ਜਨਮ ਦਿਜ ਬਾਲਕ ਸਭ ਕਹਿਸੀ।
ਅਪਨੇ ਗੁਰੂ ਕੇ ਸੰਗ ਰਹੇ ਥਾ ਚੇਲਾ। ਟਹਲ-ਸੇਵਾ ਕਰੇ ਗੁਰੂ ਕੀ ਸੁਹੇਲਾ।
ਭਿਛਿਆ ਕਰਿ ਲਿਆਵੈ, ਭਉਰ ਕੀ ਨਿਆਈਂ।
ਕਰਿ ਆਵਾਜ਼ ਫਿਰ ਚਲਿਆ ਜਾਈ।੩੮੭।

ਸੋਈ ਲੇਵੈ, ਜੋ ਪ੍ਰੀਤ ਕਰਿ ਸਦਿ ਬੁਲਾਈ। ਕਰਿ ਭੋਜਨ ਸੋ ਗੁਰਦੇਵ ਖਵਾਈ।
ਏਕ ਹੱਟੀ ਵਾਲਾ ਤਾਂ ਕੋ ਨਿੱਤ ਕਹੇ: "ਭੋਜਨ ਮੁਝ ਤੇ ਲਉ, ਮੇਰੀ ਸ਼ਰਧਾ ਅਹੇ"।੩੮੮।

ਏਕ ਰੋਜ਼ ਬਰਖਾ ਜਲ ਪਰਿਆ। ਮਾਰਗੁ ਆਹਾ ਜਲੁ ਪੰਕਜੁ[1] ਸੋ ਭਰਿਆ।
ਤਿਨ ਹੱਟੀ ਵਾਲੇ ਬਿਨਤੀ ਠਾਨੀ:
"ਭੋਜਨ ਮੁਝ ਤੇ ਲੀਜੈ, ਮਾਰਗੁ ਹੈ ਪੰਕਜ-ਪਾਨੀ"।੩੮੯।

ਦੈਵ ਸੰਜੋਗ ਭੋਜਨ ਕੋ ਸੀਧਾ[2] ਲੇ ਆਇਆ। ਵਹੀ ਸੀਧਾ ਆਨ ਪਕਾਇਆ।
ਕਰਿ ਤਿਆਰੁ ਪਰੋਸ, ਗੁਰਦੇਵ ਅਗੇ ਧਰਿਆ। ਆਪ ਆਇ ਪਾਛੇ ਭੋਜਨੁ ਕਰਿਆ।੩੯੦।

ਤਟਿ ਗੁਰਦੇਵ ਜੋ ਭੋਜਨੁ ਥਾ ਧਰਿ ਆਇਆ।
ਦੋ ਘਟਿਕਾ[3] ਪੀਛੇ ਗੁਰਦੇਵ ਹਾਥ ਲਗਾਇਆ।
ਜਬ ਗ੍ਰਾਸ ਮੁਖ ਕੀ ਉਰ ਆਨਾ; ਤਬ ਗੁਰਦੇਵ ਬਾਸਨਾ ਤੇ ਜਾਨਾ।੩੯੧।

---

੧. ਚਿੱਕੜ। ੨. ਸਮੱਗਰੀ। ੩. ਦੋ ਘੜੀਆਂ।

ਕਹੇ : "ਰੇ ਬਾਲਕੇ ਆਜੁ ਸੀਧਾ ਕਹਾਂ ਤੇ ਲੀਆ ?"
ਕਹੇ : "ਜੀ ਏਕ ਹਟੀ ਵਾਲੇ ਹੈ ਦੀਆ।"
ਗੁਰਦੇਵ ਕਹੇ : "ਅਤਿ ਮੰਦਾ ਕਾਮ ਕੀਆ।
ਯਹਿ ਹਮਾਰੇ ਕਾਮ ਨਾਹੀਂ, ਆਜੁ ਹਮਕੋ ਬਰਤੁ ਥੀਆ" ।੩੯੨।

ਕਹਿਆ : "ਯਹਿ ਭੋਜਨੁ ਸਭ ਜਲ ਦੇਹ ਬਹਾਇ।"
ਤਿਨ ਕਹਿਆ : "ਜੀ ਮੈਂ ਤੋ ਲੀਨਾ ਹੈ ਖਾਇ।"
ਗੁਰ ਕਹਿਆ : "ਹੇਰੋ ਜਾਇ ਕੇ ਵਾ ਕਾ ਬੈਪਾਰੁ। ਆਇਆ ਹੇਰਨ ਤਾ ਕੇ ਦੁਆਰੁ" ।੩੯੩।

ਸੰਧਿਆ ਸਮੇ ਚਮਿਆਰੀ, ਚੂਹੜੀ, ਤੇਲਣ ਆਈ। ਤਿਨ ਸੇ ਸਉਦਾ ਲੇਹੁ ਉਠਾਈ।
ਹੇਰ ਹੈਰਾਨ ਵਹੁ ਬਾਲਕ ਹੂਆ। ਘਰਿ ਚਮਿਆਰੀ ਜਨਮਾ ਭੋਗ ਉਮਰ ਜਬ ਮੂਆ ।੩੯੪।

ਧਾਨ ਕੁਧਾਨ ਖਾਏ ਤੇ ਨੀਚ ਘਰਿ ਜਨਮੁ ਪਾਇਆ।
ਭਗਤਿ ਕਾ ਅੰਗੁ ਭੀ ਚਲਿਆ ਆਇਆ।
ਭਾਈ ਸਿਖੋ ! ਧਾਨ ਕੁਧਾਨ ਭੀ ਸਮਝ ਕੇ ਖਾਈਐ।
ਚੰਗੇ ਧਾਨੋਂ ਬੁਧਿ ਪ੍ਰਾਪਤਿ, ਮੰਦੇ ਧਾਨੋਂ ਬੁਧਿ ਅਰੁ ਜਨਮ ਗਵਾਈਐ ।੩੯੫।

ਇਸ ਪਰੁ ਸਾਖ ਕਹੁ ਬਹੁਤੇਰੀ। ਸੰਗਤਿ ਭੀ ਤਜੀਏ ਮਲੇਛ, ਚੰਡਾਲ ਮੰਦੇ ਕੇਰੀ।
ਘੋੜੀ ਸੰਗ ਖਰ ਕਚਰਾ (ਖਚਰਾ) ਹੋਵੈ। ਕੁਰੰਗੁ ਅਜਾ ਸੰਗ ਬਰਬਰਾ ਬੱਕਰਾ ਹੋਵੈ ।੩੯੬।

ਸਤਿ ਸੰਗਤਿ ਬਿਨੁ ਹੋਰੁ ਸੰਗ ਨ ਕਰੀਐ। ਮੰਦੇ ਮਿਤ੍ਰ ਪਾਸੋਂ ਭੀ ਡਰੀਐ।
'ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥' ।੩੯੭।

ਅਸਾਡਾ ਗ੍ਰੰਥ ਗੁਰੂ ਹੈ, ਸੋ ਕਹਿੰਦਾ।
ਪਰੁ ਏਹ ਸੋਈ, ਜੋ ਗ੍ਰੰਥ ਗੁਰੂ ਸਿਖਾਂ ਵਿਚਿ ਹਾਜ਼ਰਿ ਹੈ ਰਹਿੰਦਾ।
ਹੁਣ ਜਦ ਗਰਦੀ ਪੈ ਗਈ ਅਧੇਰਾ। ਕੋਈ ਗੁਰਮੁਖ ਸਿਖ ਸਾਬਤਿ ਰਹਿ ਸੀ ਕੇਰਾ ।੩੯੮।

ਕੁਰਸੀਨਾਮੇ ਦੀ ਮੈ ਪੋਥੀ ਬਣਾਈ। ਅਨੇਕ ਸਾਖ ਗ੍ਰੰਥ ਸਾਹਿਬ ਦੀ ਵਿਚਿ ਹੈ ਪਾਈ।
ਜਿਸ ਨੂੰ ਸਤਿਗੁਰ ਨਾਲਿ ਪ੍ਰੋਜਨ ਹੋਸੀ। ਸੋਈ ਸਿਖ ਗੁਰੂ ਕੇ ਬਚਨ ਮੰਨ ਖੜੋਸੀ ।੩੯੯।

ਨ ਮੰਨੇ ਤਾਂ ਰਾਜ਼ੀ ਰਾਜ਼ੀ ਰਹੇ। ਮੰਦਾ ਚੰਗਾ ਕਿਸੇ ਨ ਕਹੇ।
'ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ।'
ਗ੍ਰੰਥ ਸਾਹਿਬ ਦੀ ਹੈ ਸਾਖ ਏਹ ਭੀ ਆਖ ਸੁਣਾਇਆ ।੪੦੦।

ਸਿੰਘ ਕੇਸਰ 'ਛਿਬਰ' ਹੈ ਨੀਚ ਅਜਾਨੁ। ਲੈ ਸਾਖ ਗ੍ਰੰਥ ਸਾਹਿਬ ਦੀ ਕੀਆ ਬਖਾਨੁ।
ਭੁਲ-ਚੁਕ ਮੇਰੀ ਆਖੀ ਸਭ ਖਿਮਾ ਹੈ ਕਰਨੀ।
ਮੈ ਸੀਸ ਧਰਿਆ ਹੈ ਸਭ ਗੁਨਿ ਜਨਾਂ ਦੀ ਚਰਨੀਂ ।੪੦੧।

ਅਗੇ ਸੁਣੋ ਦਸਵੇਂ ਪਾਤਸ਼ਾਹ ਦੇ ਵਾਕ। ਥੋੜ ਨਹੀਂ ਬਹੁਤੁ ਗਏ ਹੈਨ ਆਖ।
ਮੈਂ ਭੀ ਅਪਨੇ ਸਤਿਗੁਰ ਦਾ ਆਸ਼ਾ ਲੈ ਕੇ ਹੈ ਕਹਿਆ।
ਮੇਰੇ ਉਪਰਿ ਕੋਈ ਗੁੱਸਾ ਕਰੇ, ਸੋ ਭੀ ਪੱਕਾ ਮੂਰਖ ਹੈ ਲਹਿਆ ।੪੦੨।

ਅਗੋਂ ਹੁਣ ਚਤਰ ਬੁਧਿਵਾਨ ਕਵੀਸ਼ਰ ਬਹੁਤੇ ਹੋਵਨਗੇ।
ਕਥਨੀ ਸੁੰਦਰੁ ਕਰਿ ਕਰਿ, ਨਜ਼ਰਾਂ ਰਾਜਿਆਂ ਅਗੇ ਢੋਵਨਗੇ।
ਹੋਣੀ ਅਣਹੋਣੀ ਬਣਾਇ ਪਉਦਾ ਮੁਹੁ ਦਿਖਾਵਣਗੇ।
ਕਾਰਨ ਪੇਟ ਦੇ ਰਾਜਿਆਂ ਅਗੇ ਮੁਜਰੇ ਪਾਵਣਗੇ।੪੦੩।

ਮੈਨੂੰ ਕਿਸੇ ਰਾਜੇ-ਪਰਜੇ, ਧਨੀ ਨਾਲਿ ਨਹੀਂ ਅਸ਼ਨਾਈ।
ਅਤੇ ਨਾ ਮੈ ਨਜ਼ਰਾਂ ਦਿਖਾਈ, ਨ ਮੁਜਰਾ ਹੈ ਪਾਈ।
ਬਾਲਕ ਅਵਸਥਾ ਮਾਤਾ ਜੀ ਦੇ ਦਰਬਾਰ।
ਸੁਣਨ ਪੜ੍ਹਨ ਲਿਖਣ ਦਾ ਲੱਗਾ ਸੀ ਪਿਆਰੁ।੪੦੪।

ਸੋਈ ਕਥਾ-ਕਹਾਨੀ ਸੁਨੀ ਸੁਨਾਈ। ਅਪਨੀ ਸ਼ਉਕ ਨਾਲਿ ਪੋਥੀ ਹੈ ਬਨਾਈ।
ਵਾਸਤੇ ਗੁਰੂ ਦੇ ਭਾਈ ਸਿਖੋ! ਮੇਰੇ ਉਪਰ ਕਿਸੇ ਗੁੱਸਾ ਨਹੀਂ ਕਰਨਾ।
ਅਗੇ ਗੁਰੂ ਕੇ ਬਚਨ ਸੁਣੋ ਅਤੇ ਪਾਵੋਂ ਸਰਨਾ।੪੦੫।

## ਭੁਜੰਗ ਪ੍ਰਯਾਤ ਛੰਦ

ਨਮੋ ਉਗ੍ਰਦੰਤੀ ਅਨੰਤੀ ਸਿਵਯਾ। ਨਮੋ ਜੋਗ ਜੋਗੇਸ਼ਵਰੀ ਜੋਗ ਮੱਯਾ।
ਨਮੋ ਕੇਹਰ-ਬਾਹਨੀ ਸ਼ਤ੍ਰੁਹੰਤੀ। ਨਮੋ ਸਾਰਦਾ ਬ੍ਰਹਮ ਵਿਦਿਆ ਪੜੰਤੀ।੧।

ਨਮੋ ਰਿਧ ਦਾ ਸਿਧ ਦਾ ਬੁਧਿ ਦੈਨੀ। ਨਮੋ ਕਾਲ ਕੇ ਕਾਲ ਕੋ ਕਾਲ-ਛੈਨੀ।
ਨਮੋ ਕਾਲ ਅਕਾਲ ਹੈ ਰੂਪ ਤੇਰੋ। ਨਮੋ ਤੀਨਹੂ ਲੋਕ ਕੀਨੋ ਅਹੇਰੋ।੨।

ਨਮੋ ਜੋਗ ਜੁਆਲਾ ਤੁਮੈ ਬੇਦ ਗਾਵੈ। ਸੁਰਾਸੁਰ ਰਿਖੀਸਵਰ ਨਹੀਂ ਭੇਦ ਪਾਵੈ।
ਤੂ ਹੀ ਜੋਗ ਜੋਗਤਨਿ ਤੂ ਹੀ ਖੜਗ ਧਾਰੇ। ਤੂ ਹੀ ਜੈ ਕਰੰਤੀ ਅਸੁਰ ਗਹਿ ਪਛਾਰੇ।੩।

ਤੁ ਹੀ ਜੋਗਣੀ ਖਪਰ-ਭਰਣੀ ਅਦੋਖੰ। ਰਕਤ ਬੀਜ ਕੇ ਪ੍ਰਾਣ ਕਉ ਪਕੜ ਸੋਖੰ।
ਤੁ ਹੀ ਜਲ ਥਲੇ ਪਰਬਤ ਗਿਰਿ ਨਿਵਾਸੀ। ਤੁ ਹੀ ਸਭ ਘਟਨ ਮੋ ਨਿਰਾਲਮ ਪ੍ਰਕਾਸੀ।੪।

ਤੁ ਹੀ ਦੁਸਟ-ਦਾਹਨ ਤੁਹੀ ਸਰਬ ਪਾਲੀ। ਤੁ ਹੀ ਬਿਰਛ ਪੁਹਪਾ ਤੁ ਹੀ ਆਪ ਮਾਲੀ।
ਤੁ ਹੀ ਬਿਸ੍ਵਭਰਣੀ ਤੁ ਹੀ ਜਗ ਪ੍ਰਕਾਸੀ। ਤੁ ਹੀ ਅਲਖ ਬਰਣੀ ਤੁ ਹੀ ਭੂ ਅਕਾਸੀ।੫।

ਨਮੋ ਜਾਲਪਾ ਦੇਵ ਦੁਰਗੇ ਭਵਾਨੀ। ਤਿਹੂੰ ਲੋਕ ਨਵਖੰਡ ਮੈਂ ਪ੍ਰਧਾਨੀ।
ਅਟਲ ਛਤ੍ਰਧਰਣੀ, ਤੁ ਹੀ ਆਦਿ ਦੇਵੰ। ਸਕਲ ਮੁਨਿ ਜਨ ਤੋਹਿ ਨਿਸਦਿਨ ਸਰੇਵੰ।੬।

ਤੁ ਹੀ ਕਾਲ ਅਕਾਲ ਕੀ ਜੋਤਿ ਛਾਜੈ। ਸਦਾ ਜੈ ਸਦਾ ਜੈ ਸਦਾ ਜੈ ਬਿਰਾਜੈ।
ਯਹੀ ਦਾਸ ਮਾਂਗੈ ਕ੍ਰਿਪਾਸਿੰਧੁ ਕੀਜੈ। ਸ੍ਵਯੰ ਬ੍ਰਹਮ ਕੀ ਭਗਤਿ ਸਰਬਤ੍ਰ ਦੀਜੈ।੭।

ਤੁ ਹੀ ਜਾਗਤੀ ਜੋਤਿ ਜੁਆਲਾ ਸਰੂਪੰ। ਤੁ ਹੀ ਜਗਤ ਸਕਲ ਮਹਿ ਰਮੰਤੀ ਅਨੂ ੰ।
ਮਹਾ ਮੂੜ੍ਹ ਹਉ ਦਾਸ-ਦਾਸਨ ਤਿਹਾਰੋ। ਪਕੜਿ ਬਾਂਹਿ ਭਵਜਲ ਕਰੋ ਬੇਗ ਪਾਰੋ।੮।

ਫਤਹਿ ਡੰਕ ਬਾਜੈ ਕ੍ਰਿਪਾ ਯੋਂ ਕਰੀਜੈ। ਯਹੀ ਬਾਰਤਾ ਦਾਸ ਕੀ ਨਿਤ ਸੁਣੀਜੈ।
ਕਰੋ ਹੁਕਮ ਅਪਨਾ ਸਭੈ ਦੁਸ਼ਟ ਘਾਊਂ। ਤੁਰਕਨ ਹਿੰਦ ਕਾ ਸਕਲ ਝਗੜਾ ਮਿਟਾਊਂ।੯।

ਅਗਮ ਸੂਰਬੀਰੇ ਉਠੇ ਸਿੰਘ ਜੋਧਾ। ਪਕੜ ਤੁਰਕਨਿ ਕੋ ਕਰਾਵੈ ਨਿਰੋਧਾ।
ਸਕਲ ਜਗਤ ਮੇ ਖਾਲਸਾ ਪੰਥ ਗਾਜੈ। ਜਗੈ ਧਰਮ ਹਿੰਦੂ ਤੁਰਕ ਦੁੰਦ ਭਾਜੈ।੧੦।

ਜਪੇ ਜਾਪੁ ਏਕੈ ਹਰੇ ਹਰਿ ਅਕਾਲੰ। ਹੋਵੈ ਸਭ ਦੁਨੀਆਂ ਤਬ ਛਿਨਕ ਮੈ ਨਿਹਾਲੰ।
ਸੁਨਹੁ ਤੁਮ ਭਵਾਨੀ ਹਮਨ ਕੀ ਪੁਕਾਰੇ। ਕਰਹੁ ਦਾਸ ਪਰ ਮਿਹਰ ਅਪਾਰੰ ਅਪਾਰੇ।੧੧।੪੧੬।

**ਚੌਪਈ**—ਦੇਵੀ ਪਾਸੋਂ ਵਰ ਲੈ ਕੇ, ਏਹੁ ਪੰਥ ਹੈ ਬਣਾਇਆ।
ਕਾਰਨ ਤੱਤਿਆਂ ਦੇ ਤੇਜ, ਨਾਮ ਖਾਲਸਾ ਸਿੰਘ ਠਹਿਰਾਇਆ।
ਸਿਖ-ਸਿੰਘ ਸੋਈ ਜੋ ਗੁਰੂ ਕੇ ਵਾਕ ਪਛਾਣੇ।
ਅਗੇ ਦੂਜਾ ਹੋਰੁ ਛੰਦ ਸੁਣੋ, ਜੋ ਸਤਿਗੁਰਾਂ ਬਚਨ ਬਖਾਣੇ।

## ਭੁਜੰਗ ਪ੍ਰਯਾਤ ਛੰਦ

ਨਮੋ ਕਾਲਕਾ ਕਾਲ ਰੂਪੀ ਕ੍ਰਿਪਾਨੀ। ਨਮੋ ਸੁੰਭ ਨਿਸੁੰਭ ਨਾਸਨ ਭਵਾਨੀ।
ਨਮੋ ਚੰਡ ਅਰ ਮੁੰਡ ਸੰਘਾਰਕਾਰੀ। ਨਮੋ ਰਕਤਬੀਜ ਕੇ ਪ੍ਰਾਨਹਾਰੀ।੧।

ਨਮੋ ਵੇਦ ਵਿੱਦਯਾ ਨਮੋ ਜਗਤ ਰੂਪਾ। ਨਮੋ ਅੰਜਨੀ ਪੂਰਣੀ ਭੂਪ-ਭੂਪਾ।
ਨਮੋ ਜੈਨਤੀ ਭਦ੍ਰਕਾਲੀ ਅਥਾਹੰ॥ ਨਮੋ ਭਗਵਤੀ ਤੇਜਵੰਤੀ ਅਵਾਹੰ।੨।

ਨਮੋ ਸ਼ਕਤਿ ਰੂਪੀ ਅਗੰਮਣ ਅਡੋਲਾ। ਨਮੋ ਖੜਗਧਾਰੰ ਅਛੇਦੰ ਅਤੋਲਾ।
ਨਮੋ ਗਰਬਗੰਜਨ ਸ੍ਰੀ ਜੋਗ ਮਾਇਆ। ਸਭੈ ਥਕ ਰਹੇ ਮਰਮ ਕਿਨਹੂੰ ਨ ਪਾਇਆ।੩।

ਤੁ ਹੀ ਜਲ ਅਗਨ ਪਵਨ ਤੂ ਹੀ ਹੂਰ ਨੂਰਾ। ਤੂ ਹੀ ਜੋਤਿ ਉਡਗਨ ਤੂ ਹੀ ਚੰਦ ਸੂਰਾ।
ਤੂ ਹੀ ਖੇਚਰ ਭੂਚਰਾ ਜੋਧ-ਬੀਰਾ। ਤੂ ਹੀ ਰਛਣੀ ਸ੍ਰਿਸਟ ਰੂਪਨਿ ਗਹੀਰਾ।੪।

ਤੂ ਹੀ ਜਗਤ-ਜਨਨੀ ਅਨੰਤੀ ਅਕਾਲੰ। ਤੂ ਹੀ ਅੰਨਦੈਨੀ ਸਭਨ ਕੋ ਸਮਾਲੰ।
ਤੂ ਹੀ ਖੰਡ ਬ੍ਰਹਮੰਡ ਭੂਪੰ ਸਰੂਪੀ। ਤੂ ਹੀ ਬਿਸ਼ਨ ਸਿਵ ਬ੍ਰਹਮ ਇੰਦ੍ਰਾ ਅਨੂਪੀ।੫।

ਤੂ ਹੀ ਸੀਤਲਾ ਤੋਤਲਾ ਬਾਕਬਾਨੀ। ਨਮੋ ਚੰਡਕਾ ਮੰਗਲਾ ਸ੍ਰੀ ਭਵਾਨੀ।
ਨਹੀਂ ਤੁਮ ਬਿਨਾਂ ਕੋਇ ਰੱਛਕ ਹਮਾਰਾ। ਤੂ ਹੀ ਆਦਿ ਕੁਮਾਰ ਦੇਵੀ ਅਪਾਰਾ।੬।

ਤੂ ਹੀ ਦੇਵਕੀ ਕ੍ਰਿਸ਼ਨ-ਮਾਤਾ ਕਹਾਯੰ। ਤੂ ਹੀ ਨੈਣ ਦੇਵੀ ਅਲਖ ਜਗ ਸਹਾਯੰ।
ਤੂ ਹੀ ਥੰਮ ਸਿਉਂ ਨਿਕਸ ਕੈ ਨਰਸਿੰਘ ਹੋਈ। ਉਦਰ ਹਰਨਕਸਪ ਨਖੋਂ ਕਰ ਪਰੋਈ।੭।

ਤੂ ਹੀ ਕਛੂ ਹੁਇ ਦੈਂਤ ਮਧਕੀਟ ਜਾਰੇ। ਤੂ ਹੀ ਹੋਇ ਬੈਰਾਹ ਹਰਨਾਛਸ ਮਾਰੇ।
ਤੂ ਹੀ ਹੋਇ ਬਾਵਨ ਮਹਾਂ ਛਲ ਦਿਖਾਯੋ। ਪਕੜ ਰਾਜਾ ਬਲਿ ਕੋ ਪਤਾਲੰ ਪਠਾਯੋ।੮।

ਤੂ ਹੀ ਹੋਇ ਪਰਸੁਰਾਮ ਜਗ ਮੈ ਪ੍ਰਕਾਸ਼ੀ। ਤੂ ਹੀ ਸਕਲ ਛਤ੍ਰੀਅਨ ਕੌ ਛੈ ਬਿਨਾਸੀ।
ਤੂ ਹੀ ਫਿਰ ਭਈ ਰਾਮਚੰਦ੍ਰ ਅਵਤਾਰਾ। ਪਕੜ ਲੰਕ ਸਿਉਂ ਦੈਂਤ ਰਾਵਨ ਪਛਾਰਾ।੯।

ਤੂ ਹੀ ਮੁਕਤਿ ਦਾਇਣ ਸਦਾ ਸੁਭ ਕਰੰਤੀ। ਤੂ ਹੀ ਸੂਰ ਬਲਬੀਰ ਦੁਸਟਨ ਦਹੰਤੀ।
ਤੂ ਹੀ ਰਾਧਿਕਾ ਰੁਕਮਨੀ ਤੂ ਕੁਸਲਿਆ।
ਤੂ ਹੀ ਅੰਜਨੀ ਰੇਣੁਕਾ ਤੂ ਹੀ ਅਹਿਲਿਆ।੧੦।

ਤੁ ਹੀ ਭਰਣ ਪੋਖਣ ਸਭਨ ਪਰ ਕ੍ਰਿਪਾਲੀ। ਕਰੋ ਮੋਹਿ ਮੁਕਤਾ ਕਟੋ ਭਰਮ-ਜਾਲੀ।
ਨਮੋ ਦੁਸਟਹੰਤੀ ਅਨੰਦੀ ਸਰੂਪਾ। ਅਪਨ ਦਾਸ ਪਰ ਮਿਹਰ ਕੀਜੈ ਅਨੂਪਾ।੧੧।੪੨੮।[1]

**ਚੌਪਈ**—ਏਡੀ ਸੇਵਾ ਅਤੇ ਜਾਚਨਾ ਸਤਿਗੁਰਾਂ ਜੋ ਕੀਤੀ।
ਦੇਵੀ ਮਾਤਾ ਜੀ ਦੀ, ਵਾਸਤੇ ਪੰਥ ਦੇ ਵਰ ਵਾਚਾ ਲੀਤੀ।
ਮਾਤਾ ਕਾਲੀ ਦਾ ਕਾਲਾ ਬਾਣਾ ਸਿੰਘਾਂ ਨੂੰ ਦਿਵਾਇਆ।
'ਸਿੰਘ' ਮਾਤਾ ਦਾ ਬਾਹਨ, ਸੋ ਪੰਥ ਨਾਮ ਹੈ ਠਹਿਰਾਇਆ।੪੨੯।

ਆਸ਼ਾ ਸਾਹਿਬ ਦਾ ਜੋ ਤੁਰਕਾਂ ਨੂੰ ਨਾਸ ਕਰਨ ਦਾ।
ਕਾਰਨ ਇਹ ਸੀ ਪੰਥ ਜਗਤ ਵਿਚ ਧਰਨ ਦਾ।
ਗੁਰ ਕਾ ਸਿਖ ਅਤੇ ਸਿੰਘ ਹੈ ਸੋਈ। ਗੁਰੂ ਕੇ ਵਾਕ ਪਛਾਣੇ ਕੋਈ।੪੩੦।

ਅਗੇ ਹੋਰ ਸੁਣੋ ਛੰਦ, ਜੋ ਆਪ ਰਸਨੀਂ ਉਚਾਰਾ। ਕਾਰਨ ਤੁਰਕਾਂ ਦੇ ਨਾਸੈ, ਪੰਥ ਸਵਾਰਾ।
ਅਪਨੀ ਹਥੀਂ ਨਾਸ ਨਹੀ ਸੇ ਕਰਨੇ। ਪੰਥ ਪਾਸੋਂ ਨਾਸ ਕਰਵਾਇ ਸੀ ਧਰਨੇ।੪੩੧।

ਜੇ ਆਪ ਨਾਸ ਕਰਨੇ ਹੋਂਦੇ, ਤਾਂ ਪੰਥ ਨ ਕਰਦੇ।
ਅਤੇ ਏਡੀ ਜਾਚਨਾ ਮਾਤਾ ਦੀ ਕਿਉਂ ਮਨ ਧਰਦੇ।
ਜੇ ਆਪ ਨਾਸ ਕਰਦੇ ਤਾਂ ਤਪੁ ਦਾ ਬਲੁ ਹੈ ਸੀ ਲਗਦਾ।
ਸੋ ਤਪੁ ਨਹੀਂ ਖਰਚੁ ਕੀਤਾ, ਪੰਥ ਬਣਾਇਆ ਹੈ ਤਦੁ ਦਾ।੪੩੨।

ਤਪੁ ਦੇ ਆਸਰੇ ਪੰਥ ਲੈਣਗੇ ਬਖਸ਼ਾਇ। ਸੁਤ ਸੋਈ ਹੈ, ਜੋ ਪਿਤਾ ਦੀ ਟਹਲ ਕਮਾਇ।
ਸਿਖ ਸੋਈ, ਜੋ ਗੁਰੂ ਕਾ ਕਹਿਆ ਕਰੇ। ਵਾਕ ਸਤਿਗੁਰਾਂ ਦਾ ਹਿਰਦੇ ਧਰੇ।੪੩੩।

'ਗੁਰਿ ਕਹਿਆ ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥'
ਜੇ ਆਪ ਤੁਰਕਾਂ ਦਾ ਕਰਦੇ ਸੰਘਾਰੁ। ਤਾ ਪੰਥ ਦਾ ਕੀਕੂੰ ਕਰਦੇ ਉਧਾਰੁ।੪੩੪।

ਹੁਣਿ ਤਾਂ ਪੰਥ ਨੂੰ ਏਹੁ ਟਹਲ ਹੈ ਬਤਾਈ।
ਜੋ ਕੋਈ ਬਚਨ ਮੰਨੇਗਾ, ਸਫਲ ਤਿਸ ਦੀ ਕਮਾਈ।
ਨ ਮੰਨੇ ਤਾਂ ਗੁਰੂ ਨਾਲਿ ਤਿਸ ਦਾ ਕੀ ਰਹਿਆ ਦਾਅਵਾ।
ਨਾ ਇਤ ਕਾ, ਨ ਉਤ ਕਾ, ਐਂਵੇ ਜਨਮ ਗਵਾਵਾ।੪੩੫।

ਸਾਖ ਭਾਈ ਗੁਰਦਾਸ ਜੀ ਕੀ: 'ਪੁਤੁ ਨ ਮੰਨੈ ਮਾਪਿਆਂ ਕਮਜਾਤੀ ਵੜੀਐ॥
ਨਾਰਿ ਭਤਾਰਹੁ ਬਾਹਰੀ ਸੁਖਿ ਸੇਜ ਨ ਚੜੀਐ॥'
'ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥..... .....
ਤਾ ਦਰਗਹ ਪੈਧਾ ਜਾਇਸੀ॥'।੪੩੬।

## ਭੁਜੰਗ ਪ੍ਰਯਾਤ ਛੰਦ

ਨਮੋ ਦੇਵ ਸਾ ਕੁੰਭਰੀ ਹਿੰਗੁਲਾਜਾ। ਤੁਹੀ ਸਭ ਜਗਤ ਕੇ ਸਿਧ ਕਰਹਿ ਕਾਜਾ।
ਤੁ ਹੀ ਅਲਖ ਜੁਆਲਾ ਕਮਖਿਆ ਪ੍ਰਧਾਨੀ। ਤੁਮਨ ਜਸ ਸਕਲੇ ਜਗਤ ਕਰਿ ਹੈ ਬਖਾਨੀ।੧।

---

੧. ਇਸ ਚਰਨ ਵਿਚ ਇਹ ਛੰਦ ਐਸੇ ਹਨ ਜੋ ਦਸਮ ਗ੍ਰੰਥ ਤੋਂ ਬਾਹਰ ਦੇ ਹਨ। ਉਗ੍ਰਦੰਤੀ ਵੀ, ਹੋਰ ਵੀ।

ਤੁ ਹੀ ਹਰਿ ਨਿਰੰਕਾਰ ਠਾਕੁਰ ਜਪੰਤੀ। ਤੁ ਹੀ ਰਾਕਸ਼ਨ ਦੁਸ਼ਟਨ ਪਕੜ ਦਲੰਤੀ।
ਹਮਨ ਬੈਰੀਅਨਿ ਕੋ ਪਕੜ ਘਾਤ ਕੀਜੈ। ਤਬੈ ਦਾਸ ਗੋਬਿੰਦ ਕਾ ਮਨ ਪਤੀਜੈ।੨।

ਤੁ ਹੀ ਆਸ ਪੂਰਨੀ ਜਗਤ ਗੁਰ ਭਵਾਨੀ। ਛਤ੍ਰ ਛੀਨ ਦੁਸਟ ਕਰੋ ਬੇਗ ਫਾਨੀ।
ਸਕਲ ਹਿੰਦ ਤੇ ਤੁਰਕ ਦੁਸ਼ਟ ਬਿਡਾਰੋ। ਧਰਮ ਕੀ ਧੁਜਾ ਕਉ ਜਗਤ ਮੈ ਝੁਲਾਰੋ।੩।

ਦੂਹੂੰ ਪੰਥ ਮੈ ਕਪਟ ਬਿਦਿਆ ਚਲਾਨੀ। ਬਹੁੜ ਤੀਸਰਾ ਪੰਥ ਕੀਜੈ ਪ੍ਰਧਾਨੀ।
ਉਪਜੈ ਮਰੈ ਤਾਂਹਿ ਸਿਮਰਨ ਨ ਕੀਜੈ। ਅਟਲ ਪੁਰਖ ਅਕਾਲ ਕਾ ਨਾਮ ਨਿਤ ਲੀਜੈ।੪।

ਮੜੀ ਗੋਰ ਦੇਵਲ ਮਸੀਤਾ ਗਿਰਾਯੰ। ਤੁ ਹੀ ਏਕ ਅਕਾਲ ਹਰਿ ਹਰਿ ਜਪਾਯੰ।
ਰਹਹਿ ਬੇਦ ਸ਼ਾਸਤ੍ਰ ਅਠਾਰਹਿ ਪੁਰਾਨਾ। ਮਿਟਹਿ ਬਾਂਗ ਸਲਵਾਤ[1] ਸੁੰਨਤ ਕੁਰਾਨਾ।੫।

ਸਕਲ ਸ੍ਰਿਸਟ ਇਕ ਵਰਨ ਹੁਐ ਕੈ ਭੁਲਾਨੀ। ਧਰਮ ਨੇਮ ਕੀ ਜੁਗਤਿ ਕਿਨ ਹੂ ਨ ਜਾਨੀ।
ਕਠਨ ਦ੍ਵੰਦ ਵਰਤੈ ਜਗਤ ਮਹਿ ਗੁਬਾਰੰ। ਦਇਆ ਧਾਰਿ ਕਰ ਮੋਹਿ ਲੀਜੈ ਉਬਾਰੰ।੬।

ਤੁ ਹੀ ਕੁਦਰਤੇ ਸ਼ਕਤਿ ਦੁਰਗੇ ਭਵਾਨੀ। ਤੁ ਹੀ ਜਗਤ ਮਾਤਾ ਸਕਲ ਬਿਧ ਨਿਧਾਨੀ।
ਤੁ ਹੀ ਬਿਆਸ ਗੋਰਖ ਆਗਸਤੰ ਕਬੀਰੇ। ਤੁ ਹੀ ਰਿਖਿ ਮੁਨੀਸਰ ਤੁ ਹੀ ਗੌਂਸ ਪੀਰੇ।੭।

ਨਿਰੰਜਨ ਪੁਰਖ ਕਉ ਸਦਾ ਤੂ ਧਿਆਵੈ। ਪ੍ਰਭੂ ਦੁਆਰ ਠਾਂਢੀ ਵਜ਼ੀਰਨ ਕਹਾਵੈ।
ਨਹੀਂ ਕੋਈ ਤੁਮ ਬਿਨਾ ਦੂਸਰ ਹਜੂਰੇ। ਤੁਹੀ ਅਲਖਣੀ ਹੋਇ ਰਹੀ ਜਗਤ ਪੂਰੇ।੮।

ਆਪਨ ਜਾਨ ਕਰਿ ਮੋਹਿ ਲੀਜੈ ਬਚਾਈ। ਅਸੁਰ ਪਾਪੀ ਤੁਰਕਨ ਮਾਰਿ ਦੇਵੋਂ ਉਡਾਈ।
ਸਕਲ ਜਗਤ ਮੋ ਸੁਖ ਸਭ ਬਸਹਿ ਸਦਾ ਅਨੰਦ। ਤੁ ਹੀ ਦਰਦ ਮੇਟਣ ਸ੍ਰੀ ਹਰਿ ਮੁਕੰਦ।੯।

ਯਹੀ ਦੇਹੁ ਆਗਿਆ ਤੁਰਕਨ ਗਹਿ ਖਪਾਊ। ਗਊ ਘਾਤ ਦੋਖ ਜਗਤ ਤੇ ਮਿਟਾਊ।
ਛਤ੍ਰ ਤਖਤ ਦੁਸ਼ਟਨ ਕਰੋ ਮਾਰਿ ਦੂਰੇ। ਘੁਰਹਿ ਤਬ ਜਗਤ ਮੈ ਫਤਹਿ ਧਰਮ ਤੂਰੇ।੧੦।

ਤੁਮਨ ਦਰ ਖੜਾ ਦਾਸ ਕਰਹਿ ਪੁਕਾਰਾ। ਤੁਰਕਨ ਮੇਟ ਜਗਤ ਕੀਜੈ ਉਜਾਰਾ।
ਤਬੈ ਗੀਤ ਮੰਗਲ ਫਤਹਿ ਕੇ ਸੁਨਾਉਂ। ਤੁਮਨ ਕੋ ਸਿਮਰਿ ਦੂਖ ਸਗਲੇ ਮਿਟਾਉਂ।੧੧।੪੪੭।

**ਚੌਪਈ—**ਕਿਉ ਭਾਈ ਸਿਖੋ! ਸਿੰਘੋ! ਤੁਸਾਂ ਨੂੰ ਪ੍ਰਤੀਤਿ ਹੈ ਆਹੀ ਕਿ ਨਾਹੀ।
ਇਤਨੇ ਬਚਨ ਮੈ ਸਤਿਗੁਰੂ ਦੇ ਦਿਤੇ ਸੁਣਾਈ।
ਜੇ ਕੁਛ ਸ਼ੱਕ ਅਪਨੇ ਮਨ ਅੰਦਰ ਧਾਰੋ। ਹੋਰ ਕਹੋਂ, ਤਾਂ ਹੋਰੁ ਭੀ ਉਚਾਰੋ।੪੪੮।

ਗੁਰੂ ਕੇ ਬਚਨ ਸਤਿ ਕਰ ਮਾਨੋ। ਪ੍ਰਤੀਤ ਬਚਨ ਦੇ ਸੁਣੀਓ ਕਾਨੋਂ।
ਓੜਕਿ ਦੁਆਰੇ ਅਪਨੇ ਗੁਰੂ ਦੇ ਜਾਣਾ।
ਬਿਨਾ ਗੁਰੂ ਅਪਨੇ ਹੋਰ ਕਿਸੇ ਨਹੀਂ ਛੁਡਾਣਾ।੪੪੯।

ਜੋ ਰਉਲੇ ਦਾ ਸਿਖ ਹੋਵੈਗਾ, ਸੋ ਨਾ ਮੰਨੈਗਾ। ਜਿਉਂ ਸੁਆਦ ਨਹੀਂ ਗੰਢੇ ਗੰਨੇ ਦਾ।
ਇਕ ਸਮੇ ਬਚਨ ਹੋਇਆ ਹੈ ਜੋ ਅਸਾਡਾ ਰਉਲਾ।
ਸੋ ਰਉਲੇ ਦੇ ਪੰਥ ਹੋਣ ਦੀ ਹੋਈ ਹੈ ਡੌਲਾ।੪੫੦।

---

੧. ਨਿਮਾਜ਼।

ਉਹੁ ਦੇਖਨ ਨੂੰ ਹੋਵਨਗੇ ਸਿਖਾਂ ਦਾ ਰੂਪ।
ਗੁਰੂ ਕੀ ਰਹਿਤ, ਬਿਬੇਕ ਨ ਕੋਈ ਮਨ ਅਪਨੇ ਕਰਿ ਜਾਣਨਗੇ ਭੂਪ।
ਆਪ ਨੂੰ ਰਾਜੇ ਸ਼ਾਹੂਕਾਰ ਚੌਧਰੀ ਕਰ ਜਾਣਨਗੇ।
ਸਿਖੀ ਦੀ ਰਹਿਤ ਚਾਲ ਨ ਕਾਈ, ਸੰਗ ਨਾਰੀ ਸੇਜਾ ਮਾਨਣਗੇ।੪੫੧।

ਸੋ ਭੀ ਹੋਣੇ ਹੈਨ ਬਚਨ ਗੁਰੂ ਕਾ ਸਤਿ ਹੈ।
ਸਿਖੀ ਉਠਿ ਜਾਏਗੀ ਪਰਦੇਸ, ਅਜੇ ਹੁਣ ਤਾ ਸਿਖੀ ਦੀ ਮਤ ਹੈ।
ਉਹ ਦੇਖਨ ਨੂੰ ਸਿਖ ਅਤੇ ਆਪਸ ਵਿਚਿ ਤਰਵਾਰੀਂ ਮਾਰਿਨਗੇ।
ਪ੍ਰਜਾ ਨੂੰ ਦੇਸਨ ਦੁਖ, ਨਗਰ ਦੇਸ ਉਜਾੜਨਗੇ।੪੫੨।

ਉਨ੍ਹਾਂ ਗੁਰੂ ਨਾਲਿ ਨ ਕੋਈ ਸਾਕ, ਹਵਾਲੇ ਧਰਮ ਰਾਇ ਦੇ।
ਭਾਵੈਂ ਨਰਕ, ਭਾਵੈਂ ਸੁਰਗ, ਫਲ ਪਾਵਨਗੇ ਅਪਣੇ ਕਰਮ ਦੇ।
ਤੁਰਕ ਰਾਜ ਦਾ ਹੋਸੀ ਨਾਸ, ਏਹ ਇਛਾ ਸਤਿਗੁਰਾਂ ਕੀ।
ਉਹੁ ਕਰਨਗੇ ਤੁਰਕਾਂ ਨਾਲਿ ਪਿਆਰੁ ਮਤਿ ਅਸੁਰਾਂ ਕੀ।੪੫੩।

ਸਿਖੀ ਹੈ ਬੀਜੁ ਸਿੰਘੀ ਪੁਹਪੁ ਸਮਾਨ। ਬੀਜ ਨਸ਼ਟ ਨਹੀਂ ਹੋਣਾ, ਕੁਮਲਾਇ ਕੁਸਮ ਜਾਨ।
ਸਿਖ ਅਤੇ ਸਿੰਘ ਸਤੀ ਵਿਰਲੇ ਹੀ ਰਹਿ ਜਾਸਨਿ।
ਜਦ ਰਉਲੇ ਦੇ ਸਿਖ-ਸਿੰਘ ਆਇ ਫੇਰਾ ਪਾਸਨਿ।੪੫੪।

ਅਗੇ ਭਾਈ ਅਜਿਤੇ ਰੰਧਾਵੇ ਭੀ ਬਾਬੇ ਨੂੰ ਹੈ ਪੁਛਿਆ।
ਉਹੁ ਭੀ ਪੜਿ ਦੇਖੋ ਗੋਸ਼ਟ ਵਿਚਿ, ਜਿਸ ਨੂੰ ਨਹੀਂ ਪਰਤੀਤਾ।
ਦਸਵੇਂ ਪਾਤਸ਼ਾਹ ਭੀ ਬਚਨ ਹੈ ਕੀਤਾ। ਉਹ ਭੀ ਸੁਣੋ ਕਰਿ ਪ੍ਰਤੀਤਾ।੪੫੫।

**ਦੋਹਰਾ ਮ: ੧੦**—ਕਛ ਡਢਾ ਕਰ ਬਰਖਣਾ, ਚਿਤ ਚੋਖੇ ਮੁਖ ਮੀਠ।
ਰਣ ਤਤੇ ਘਰਿ ਸੀਅਲਾ, ਤੇ ਨਰ ਵਿਰਲੇ ਡੀਠ।

**ਹੋਰ ਸਾਖ ਗ੍ਰੰਥ**

ਹੈਨਿ ਵਿਰਲੇ ਨਾਹੀਂ ਘਣੇ ਫੈਲ ਫਕੜੁ ਸੰਸਾਰੁ।
ਏਹੁ ਬਚਨ ਸਾਹਿਬ ਦੇ ਦੇਖੋ ਕਰਿ ਬੀਚਾਰ।
ਮੈ ਗੁਰੂ ਕੇ ਸਿਖਾਂ ਨੂੰ ਆਖ ਸੁਣਾਇਆ ਹੈ। ਅਜੇ ਰਉਲੇ ਦਾ ਪੰਥ ਨ ਆਇਆ ਹੈ।੪੫੭।

ਗੁਰੂ ਕੇ ਸਿਖਾਂ ਨੂੰ ਇਹੁ ਚਾਹੀਦਾ ਹੈ। ਅਤੇ ਗੁਰੂ ਕੇ ਸਿਖਾਂ ਨੂੰ ਗੁਰੂ ਕਾ ਬਚਨ ਸੁਣਾਈਦਾ ਹੈ।
ਗੁਰੂ ਕੇ ਸਿਖ ਗੁਰ-ਬਚਨ ਕਮਾਵਨਗੇ। ਸੁਣਿ ਸੁਣਿ ਮਨ ਵਸਾਵਨਿਗੇ।੪੫੮।

ਹੋਰ ਭੀ ਬਚਨ ਗੁਰੂ ਕਾ ਸੁਨ ਲੀਜੈ। ਸੁਣਿ ਪੜਿ ਕੇ ਪਰਤੀਤ ਕਰੀਜੈ।
ਕਛੁ ਹਿਰਦੇ ਭੀ ਮਨ ਵਸਾਈਐ। ਜਿਤਨਾ ਹੋਇ ਆਵੈ, ਤਿਤਨਾ ਹੀ ਕਮਾਈਐ।੪੫੯।

## ਭੁਜੰਗ ਪ੍ਰਯਾਤ ਛੰਦ, ਪਾਤਸ਼ਾਹੀ ਦਸੁ

ਨਮੋ ਕਸ਼ਟ-ਹਰਣੀ ਦੁਰਗਾ ਸ਼ਕਤਿ ਮਾਏ। ਸਭੇ ਦੁਸਟ ਦਾਨੋ ਪਕੜ ਤੈਂ ਖਪਾਏ।
ਤੁਮਨ ਭਵਾਨੀ ਤ੍ਰਿਲੋਕ ਪੁਰ ਮੈ ਬਿਰਾਜੈ। ਤਹਾਂ ਰੂਪ ਤੁਮਾਰਾ ਅਗਮ ਰੂਪ ਛਾਂਜੈ।੧।

ਤੁ ਹੀ ਧੌਲ ਕੋਟਕ ਤੁ ਹੀ ਗੜ ਬਸੰਤੀ। ਤੁ ਹੀ ਅਛਲ ਅਨਾਥ ਦੇਵਨ ਅਨੰਤੀ।
ਰਟੋ ਨਿਸ ਦਿਨ ਨਾਮ ਤੁਮਾਰਾ ਭਵਾਨੀ॥ ਤੁਮਨ ਚਰਨ ਸਿਉ ਪ੍ਰੀਤ ਹਮਰੀ ਗਡਾਨੀ।੨।

ਕਰੋ ਹਰਿ ਭਵਾਨੀ ਜਗਤ ਕੀ ਸੰਭਾਰੇ। ਹਮਨ ਦੁਸਟ ਦੋਖੀ ਸਭੈ ਹੋਹਿ ਛਾਰੇ।
ਸਦਾ ਸਰਬਦਾ ਚਰਣ ਤੁਮਾਰੇ ਧਿਆਊਂ। ਤੁਮਨ ਮਿਹਰ ਸਿਉ ਦੈਂਤ ਸਗਲੇ ਖਪਾਊਂ।੩।

ਯਹੀ ਆਸ ਪੂਰਣ ਤੁਮ ਕਰਹੁ ਹਮਾਰੀ। ਮਿਟੈ ਕਸ਼ਟ ਗਊਅਨਿ, ਤੁਟੈ ਦੋਖ ਭਾਰੀ।
ਫਤੇ ਵਾਹਗੁਰੂ ਜੀ ਕੀ ਜਗ ਸਿਉ ਬੁਲਾਊਂ। ਸਭਨ ਕੋ ਸ਼ਬਦ ਵਾਹਗੁਰੂ ਕਾ ਦ੍ਰਿੜਾਊਂ।੪।

ਕਰਹੁ ਖਾਲਸਾ ਪੰਥ ਤੀਸਰਾ ਪ੍ਰਵੇਸ਼ਾ। ਗਜਹਿੰ ਸਿੰਘ ਜੋਧੇ ਧਰਹਿ ਨੀਲ ਭੇਸਾ।
ਸਕਲ ਤੁਰਕਨ ਕਉ ਪਕੜ ਕੈ ਖਪਾਵੈਂ। ਸਭੋ ਜਗਤ ਮੈ ਧੁਨ ਫਤੇ ਕੀ ਬੁਲਾਵੈਂ।੫।

ਤੁ ਹੀ ਸਾਰਦਾ ਬੇਦ ਗਾਇਨ ਸੁਰਸਤੀ। ਤੁ ਹੀ ਦੇਵਿ ਦੁਰਗੇ ਨਿਰੰਜਨ ਪਰਸਤੀ।
ਯਹੀ ਬੇਨਤੀ ਆਪ ਹਮਾਰੀ ਸੁਨੀਜੈ। ਅਸੁਰਨ ਮਾਰ ਕਰਿ ਰੱਛ ਗਊਅਨ ਕਰੀਜੈ।੬।

ਤੁ ਹੀ ਸਿਧ ਨਵਨਿਧਿ ਕੇ ਕਰਣਹਾਰੀ। ਤੁ ਹੀ ਅੰਤ ਦਾਇਣ[1] ਸਕਲ ਜਗ ਭਿਖਾਰੀ।
ਤੁ ਹੀ ਰਿਖ ਬਸਿਸਟਨਿ ਤੁ ਹੀ ਹੈ ਦੁਰਬਾਸਾ।
ਤੁ ਹੀ ਜਮਦਗਨ ਸੰਤ ਗੋਤਮੁ ਪ੍ਰਗਾਸਾ।੭।

ਤੁ ਹੀ ਕਾਲਕੇ ਅਸੁਰ ਸੰਘਾਰ ਕਰਣੀ॥ ਤੁ ਹੀ ਸੇਵਕਨ ਪਰਿ ਸਦਾ ਮਿਹਰ ਕਰਣੀ।
ਕਹਾਂ ਲਉ ਬਖਾਨੋ ਤੁਮਨ ਗਤਿ ਅਪਾਰੇ। ਤੁ ਹੀ ਜਾਲਪਾ ਅਲਖ ਰੂਪਨ ਮੁਰਾਰੇ।੮।

ਤੁ ਹੀ ਹਰਿ ਹਰੇ ਹਰਿ ਹਰੇ ਹਰਿ ਭਵਾਨੀ।
ਨਿਰੰਜਨ ਪੁਰਖ ਪਰ ਭਈ ਤੂ ਕੁਰਬਾਨੀ।
ਯਹਿ ਦੇਹੁ ਮੋਹਿ ਬਰ ਸਤਿਗੁਰ ਤੁਮਨ ਧਿਆਊਂ।
ਅਸੁਰ ਤੁਰਕਨ ਜੀਤ ਕੇ ਜਗਤ ਮੈ ਨਉਬਤ[2] ਬਜਾਊਂ।੯।

ਮਿਟ ਸਭ ਜਗਤ ਮੈ ਤੁਰਕਨ ਦੁੰਦ ਸ਼ੋਰਾ। ਬਚਹਿ ਸੰਤ ਸੇਵਕ ਖਪਹਿ ਦੁਸਟ ਚੋਰਾ।
ਸਭੋ ਸ੍ਰਿਸਟ-ਪ੍ਰਜਾ ਸੁਖੀ ਹੋਇ ਬਿਰਾਜੈ। ਮਿਟਹਿ ਦਰਦ ਸੰਤਾਪ ਆਨੰਦ ਗਾਜੈ।੧੦।

ਨ ਛਾਡੋਂ ਕਹੂ ਦੁਸਟ ਅਸੁਰਨਿ ਨਿਸ਼ਾਨੀ। ਚਲੈ ਸਭ ਜਗਤ ਮੈ ਧਰਮ ਕੀ ਕਹਾਨੀ।
ਛਤ੍ਰਧਾਰੀਅਨ[3] ਕਉ ਕਰਿਉ ਬੇਗ ਨਾਸਾ। ਅਪਨ ਦਾਸ ਕਾ ਦੇਖੀਐ ਤਮਾਸ਼ਾ।੧੧।੪੭੦।

**ਚੌਪਈ**—ਖਾਵੰਦ ਕੀ ਇਛਾ ਕਰਿ ਆਪ ਹੀ ਭਏ ਤੁਰਕ ਨਾਸਾ।
ਏਹ ਸਭੋ ਉਸ ਪੂਰਨ ਪੁਰਖ ਦਾ ਤਮਾਸਾ।
ਏਕ ਬੰਦਾ ਬੈਰਾਗੀ ਦੇ ਰੂਪ ਥੀ ਆਇਆ।
ਤਿਸ ਨੇ ਢਾਹਿ ਮਕਬਰੇ ਕਬਰਾਂ ਮੁੜ ਦੇ ਜਲਾਇਆ।੪੭੧।

ਇਛਾ ਪੂਰਨ ਪੁਰਖ ਦੀ ਹੈਸੀ ਫੁਰੀ। ਮਾਰਿ ਤੁਰਕ ਨਾਸ ਹੋਏ ਹੈ ਧੁਰੀ।
ਕੀਤਾ ਸੀ ਪੰਥ ਤੁਰਕ ਨਾਸ ਕਰਨ ਵਾਸਤੇ।
ਸੋ ਖਾਵੰਦ ਆਪ ਨਾਸ ਕੀਤੇ, ਸਾਹਿਬ ਰਹੇ ਪਾਸ ਤੇ।੪੭੨।

---

੧. ਦਾਤੀ। ੨. ਨਗਾਰਾ। ੩. ਤਖ਼ਤ ਤਾਜ ਵਾਲੇ ਰਾਜੇ।

ਮੈ ਕਿਤੀ ਕੁ ਸਾਖਾਂ ਦੇਂਦੇ ਸੁਨਾਵਾਂ। ਲਿਖਣ ਲੱਗਾ, ਤਾਂ ਇਕੁ ਗ੍ਰੰਥ ਸਾਖਾਂ ਦਾ ਹੀ ਬਣਾਵਾਂ।
ਗੁਰੂ ਕੇ ਸਿਖ ਨੂੰ ਥੋੜ੍ਹੀ ਆਖੀ ਬਹੁਤ ਲਗ ਸੀ।
ਬੇਮੁਖਾਂ ਨੂੰ ਜ਼ਰਾ ਨ ਲਗੇ, ਭਾਵੈ ਵਾਉ ਅਨ੍ਹੇਰੀ ਪਈ ਵਗਸੀ।੪੭੩।

ਜੈਸੇ ਪਤਿਬ੍ਰਤਾ ਨਹੀਂ ਚਾਂਹਦੀ ਪਰਪੁਰਖੇ ਨੂੰ।
ਤੈਸੇ ਗੁਰੂ ਕਾ ਸਿਖ ਨ ਕਰੇ ਪਰਚਾ, ਨਾ ਪਾਸ ਰਖੇ ਤੁਰਕੇ ਨੂੰ।
ਜੈਸੇ ਮੰਜੀ ਤੇ ਸੱਪ ਨ ਚੜ੍ਹਦਾ ਹੈ।
ਤੈਸੇ ਗੁਰੂ ਕਾ ਸਿਖ ਨਾ ਪਿਆਰ ਤੱਤੇ ਸਿਉਂ ਕਰਦਾ ਹੈ।੪੭੪।

ਜੈਸੇ ਅੱਗ ਪਾਸੋਂ ਪਾਰਾ ਨੱਸ ਜਾਂਦਾ ਹੈ। ਤੈਸੇ ਗੁਰੂ ਕਾ ਸਿਖ ਨ ਵਿਕਾਰ ਕਮਾਂਦਾ ਹੈ।
ਜੈਸੇ ਨਾਰੀ ਆਗਿਆਕਾਰੀ ਹੈ। ਤੈਸੇ ਗੁਰੂ ਕੇ ਸਿਖ ਨੂੰ ਸਿਖੀ ਪਿਆਰੀ ਹੈ।੪੭੫।

ਜੈਸੇ ਪਾਰਾ ਸੁਇਨੇ ਨੂ ਲਗ ਜਾਂਦਾ ਹੈ। ਤੈਸੇ ਗੁਰੂ ਕਾ ਸਿਖ, ਬਚਨ ਗੁਰੂ ਕੇ ਮੰਨ ਵਸਾਂਦਾ ਹੈ।
ਜੈਸੇ ਉਲੂ ਭਾਨੇ[1] ਵੈਰ ਹੈ। ਤੈਸੇ ਗੁਰੂ ਕਾ ਸਿਖ ਪਰ ਦੁਆਰੇ ਪੈਰ ਨਾ ਪਾਂਦਾ ਹੈ।੪੭੬।

ਜੈਸੇ ਮੱਖੀ ਧਰਮ ਗਵਾਂਦੀ ਹੈ। ਨਾਲੇ ਵਿਸ਼ਟਾ, ਨਾਲੇ ਰੋਟੀ ਤੇ ਬਹਿ ਜਾਂਦੀ ਹੈ।
ਤਿਉਂ ਬੇਮੁਖ ਜਨਮ ਗਵਾਇਆ ਹੈ। ਤਜਿ ਗੁਰ ਅਪਨਾ ਪਰ ਗ੍ਰਿਹਿ ਧਾਇਆ ਹੈ।੪੭੭।

ਜੈਸੇ ਅਮਲੀ ਅਮਲ ਲੁਭਾਨਾ ਹੈ। ਤਿਉ ਗੁਰੂ ਕਾ ਸਿਖ ਗ੍ਰੰਥ-ਸ਼ਬਦ ਸਿਉ ਪ੍ਰਚਾਨਾ ਹੈ।
ਜਿਉ ਪੱਖੇ ਹਿਲਾਇਆਂ ਵਾਉ ਆਂਵਦੀ ਹੈ। ਤਿਉ ਗੁਰਸਿਖ ਬਾਤ ਸ਼ਬਦ ਸੁਹਾਂਵਦੀ ਹੈ।੪੭੮।

ਜਿਉ ਮੱਖੀ ਨੂੰ ਚਉਰੀ ਹਟਾਂਦੀ ਹੈ। ਤਿਉ ਗੁਰੂ ਕੇ ਸਿਖ ਪਾਸੋਂ ਕੁਰਹਿਤ ਨੱਸ ਜਾਂਦੀ ਹੈ।
ਜਿਉ ਪਾਰਾ ਮਿਲਿ ਕੁਸੰਗਿ ਮਰਿ ਜਾਂਦਾ ਹੈ।
ਤੈਸੇ ਕੁਸੰਗ ਤਪੁ ਭਜਨ ਕੀਤਾ ਸਭ ਗਵਾਂਦਾ ਹੈ।੪੭੯।

ਹੋਰ ਸੁਣੋ ਪੱਖ ਅਤੇ ਕੁਸੰਗ ਦਾ ਸੰਗ। ਸੁਕ੍ਰ ਜਤੀ ਤਪਸੀ ਨੂੰ ਲਗਾ ਸੀ ਕੁਸੰਗੁ।
ਏਕ ਸਮੇ ਸੁਕ੍ਰ ਜਤੀ ਤਪ ਹੈਸੀ ਬੈਠਾ ਕਰਦਾ।
ਅੰਤਰ ਧਿਆਨ ਗੋਬਿੰਦ ਦਾ ਹੈਸੀ ਧਰਦਾ।੪੮੦।

ਅਪਛਰਾ ਗੰਗਾ ਮੰਦਾਕਨੀ ਉਪਰ ਆਈਆਂ। ਕਰਿ ਇਸਨਾਨ ਸੁਰਗ ਸਿਧਾਈਆਂ।
ਗਗਨ ਮਗ ਉਡਤੀਆਂ ਜਾਵੈ ਅਪਛਰਾ ਸਤੀ।
ਬਨ ਮਧ ਤਲੇ ਬੈਠਾ ਤਪੁ ਕਰੇ ਸ਼ੁਕ੍ਰ ਜਤੀ।੪੮੧।

ਭੂਖਨ ਝਨਕ ਪਰੀ ਸੁਕ੍ਰ ਜੀ ਕੇ ਕਾਨ। ਖੁਲ੍ਹ ਗਏ ਨੇਤ੍ਰ, ਛੁਟ ਗਿਆ ਧਿਆਨ।
ਏਕ ਅਪੱਛਰਾ ਦ੍ਰਿਸਟਿ ਤਿਹ ਪਰੀ। ਭ੍ਰਮਿਆ ਮਨ, ਉਡਿਆ ਤਿਹ ਘੜੀ।੪੮੨।

ਦਰਿ ਸੁਅਰਗੁ ਦੇ ਜਾਇ ਠਾਂਢਾ ਭਇਆ। ਤ੍ਰਿਕਾਲ ਦਰਸੀ ਰਾਜਾ ਇੰਦ੍ਰ, ਬੂਝ ਤਿਨ ਲਇਆ।
ਜੋ ਭ੍ਰਿਗ-ਸੁਤੁ ਸੁਕ੍ਰ ਹੈ ਆਇਆ। ਰਾਜਾ ਇੰਦ੍ਰ ਉਠ ਦਰਿ ਕੋ ਸਿਧਾਇਆ।੪੮੪।

ਸੁਕ੍ਰ ਸੁਕ੍ਰ ਕਾ ਦਰਿ ਮਿਲਾਪ ਤਬ ਭਇਆ। ਸ਼ੁਕ੍ਰ ਜੀ ਸੁਕ੍ਰ[2] ਕੋ ਸੰਗ ਲੈ ਗਿਆ।
ਸੁਕ੍ਰ ਸੁਕ੍ਰ ਕੀ ਖਾਤਰਿ ਅਤਿ ਕਰੀ। ਕਹਿਆ: ਪਵਿਤ੍ਰ ਭਈ ਸੁਅਰਗ ਨਗਰੀ।੪੮੫।

---

੧. ਸੂਰਜ। ੨. ਦੂਜੇ ਸ਼ੁਕ੍ਰ ਦਾ ਅਰਥ ਇੰਦ੍ਰ ਹੈ।

ਸੁਕ੍ਰ ਕਹਿਆ: "ਕਿਸ ਸਬਬੁ ਆਪ ਕਾ ਆਵਨ ਭਿਆ ?"
ਸ਼ੁਕ੍ਰ ਕਿਆ ਕਹੇ, ਕਹਿ ਨ ਸਕੇ, ਜੋ ਮਨ ਭ੍ਰਮ ਗਿਆ।
ਸੁਕ੍ਰ ਆਗਿਆ ਸੇਵਕਨਿ ਕੋ ਕਰੀ: ਸੰਗ ਲੈ ਤਪਸੀ ਕੋ ਦਿਖਾਵੈ ਸਭ ਸੁਰਗ ਨਗਰੀ।੪੮੬।

ਸ਼ੁਕ੍ਰ ਜੀ ਦੇਖਨ ਨਗਰੀ ਤਬ ਗਏ। ਸਭ ਅਸਥਾਨ ਬਾਗ ਦਿਖਾਵਤ ਭਏ।
ਹੇਰਤ ਹੇਰਤ ਆਏ ਤਹਾਂ। ਵਹੀ ਅਪੱਛਰਾ ਬੈਠੀ ਥੀ ਜਹਾਂ।੪੮੭।

ਅਪੱਛਰਾ ਸੁਕ੍ਰ ਜੀ ਕਉ ਹੇਰਾ, ਸੁਕ੍ਰ ਜੀ ਅਪੱਛਰਾ ਹੇਰੀ।
ਹੈ ਵਹੀ ਅਪੱਛਰਾ ਜਿਸ ਪਾਸ ਪਾਈ ਫੇਰੀ।
ਤਿਸ ਅਪੱਛਰਾ ਸੁਕ੍ਰ ਜੀ ਕਾ ਆਦਰਿ ਅਤਿ ਕਰਿਆ।
ਡਾਰ ਪਲੰਘ ਤਿਨ ਆਗੇ ਧਰਿਆ।੪੮੮।

ਸ਼ੁਕ੍ਰ ਜੀ ਬੈਠੇ ਪਲੰਘ ਪਰ ਜਾਈ। ਮਨੁ ਸ਼ੁਕ੍ਰ ਇਹ ਇਛਾ ਆਈ।
ਨਿਸ ਗੁਜ਼ਰਾਨਿ ਈਹਾਂ ਕਰੀਏ। ਸੁਕ੍ਰ ਕੇ ਸੇਵਕ ਪਰਹਰੀਏ।੪੮੯।

ਸੁਕ੍ਰ ਇਛਾ ਕਰਿ ਰੈਨਿ ਤਹਾਂ ਪਾਈ। ਸ਼ੁਕ੍ਰ ਸੇਵਕ ਤਬ ਉਠ ਸਿਧਾਈ।
ਕਹਿ ਗਏ: ਪ੍ਰਾਤੇ ਤਟਿ ਤੁਮਾਰੇ ਆਵੈਂ। ਅਬ ਤੁਮ ਰੈਨ ਗੁਜ਼ਾਰੋ ਇਸ ਥਾਵੈਂ।੪੯੦।

ਸੁਕ੍ਰ ਅਪਛਰਾ ਰਲਿ ਮਿਲ ਗਏ। ਮਨ ਸੋ ਮਨ ਮਿਲਤੇ ਤਬ ਭਏ।
ਸੁਕ੍ਰ ਜੀ ਰੈਨਿ ਬਸੇਰਾ ਕੀਨਾ। ਨੈਨ ਸੋ ਨੈਨ, ਬਦਨ ਸੋ ਬਦਨ, ਸੀਨੇ ਸੋ ਸੀਨਾ।੪੯੧।

ਸੁਕ੍ਰ ਜੀ ਰੈਨ ਲਈ ਵਧਾਈ। ਛਤ੍ਰੀ ਜੁਗ ਕੀ ਰੈਨ ਕਰਾਈ।
ਛਤ੍ਰੀ ਜੁਗ ਗੁਬਾਰੇ ਵਰਤੇ। ਗ੍ਰੰਥ ਸਾਹਿਬ ਵਿਚਿ ਭੀ ਹੈ ਲਿਖਿਆ।
ਐਸੀ ਰੈਨ ਕਰਕੇ, ਸੁਕ੍ਰ ਜੀ ਭੋਗੀ ਬਿਖਿਆ।੪੯੨।

ਜਿਤਨਾ ਕੁਛ ਤਪ ਆਹਾ, ਸਭ ਖੀਣ ਹੋਇ ਗਇਆ।
ਜਬ ਛਤ੍ਰੀ ਜੁਗ ਇਸ ਜੁਗਤ ਕਰਿ ਬੀਤਤ ਭਇਆ।
ਤਬ ਰਾਜਾ ਸ਼ੁਕ੍ਰ ਜੀ ਦੋਨੋ ਦੀਏ ਗਿਰਾਇਆ।
ਅਪੱਛਰਾ ਅਰੁ ਸੁਕ੍ਰ ਦੋਨੋ ਪਏ ਸਸਿ-ਮੰਡਲ ਮੈ ਆਏ।੪੯੩।

ਕੋਈ ਕਾਲ ਤਹਾਂ ਪੁਨ ਭੋਗਤਿ ਭਏ।
ਫਿਰ ਤਹਾਂ ਤੇ ਭੀ ਰਾਜਾ ਧਰਮੁ ਰਾਇ ਜੀ ਨੇ ਗਿਰਾਇ ਦਏ।
ਮ੍ਰਿਤ ਮੰਡਲ ਮੈ ਦੋਨੋ ਆਇ ਪਏ।
ਅਪੱਛਰਾ ਹੋਈ ਰਾਣੀ, ਸੁਕ੍ਰ ਜੀ ਹੋਇ ਰਾਜਾ ਰਾਜ ਕਰੇ।੪੯੪।

ਰਾਜੇ ਕੁਕਮ ਧੁਜ ਕਾ ਬੇਟਾ ਰਾਜਾ ਰਾਜੇ ਜਸਤ੍ਰਾਵਨ ਨਾਮ।
ਉਹ ਰਾਜੇ ਹੰਸ ਕੀ ਬੇਟੀ ਅਰੰਭੀ, ਬਿਆਹੀ ਆਈ ਜਸਤ੍ਰਾਵਨ ਧਾਮ।
ਚਿਰੰਕਾਲ ਰਾਜ ਕਰਤੇ ਭਏ। ਭੋਗ ਰਾਜ ਜਨਮੁ ਪੁਨ ਭਏ।੪੯੫।

ਸ਼ੇਖ ਜੋ ਤਪ ਕਾ ਫਲੁ ਆਹਾ, ਸੋ ਰਾਜ਼ ਮੈਂ ਦੋਨੋ ਭੋਗੁ ਲੀਆ।
ਫਿਰ ਰਾਜੇ ਤੇ ਭੀ ਗਿਰਾਇ, ਜਨਮੁ ਦਿਜ ਘਰਿ ਦੀਆ।
ਫੇਰ ਦੋਨੋ ਸੰਗ ਭਇਆ। ਜੋ ਕੁਛੁ ਤਪੁ ਕਾ ਫਲੁ ਆਹਾ, ਸੋ ਸਭੋ ਭੋਗ ਲਇਆ।੪੯੬।

ਦਿਜ ਦਿਜਨੀ ਦੋਨੋ ਭਏ। ਪਿਛਲੇ ਜਨਮ ਸਭ ਵਿਸਰ ਗਏ।
ਭਾਜਨ ਭੋਜਨ ਚੀਰ ਕਛੁ ਜੁੜ ਨਹੀਂ ਆਵੈ। ਕਰ ਕਰਿ ਜਤਨ ਅਨਾਜ ਮੁਖ ਪਾਵੈ।੪੯੭।

ਨਰ ਨਾਰੀ ਵਿਰੋਧ ਨਿਤ ਪੜੈ। ਨਾਰੀ ਨਰ ਸਿਉ ਨਿਤ ਲੜੈ।
ਕਹੇ: "ਧਾਮ ਤੇਰੇ ਮੈ ਭੂਖਨ ਚੀਰ ਨਾ ਪਾਇਆ।
ਤੂ ਮੂਰਖ ਮਨਖੱਟੂ ਦਿਜ ਮੇਰੀ ਕਰਮ ਆਇਆ"।੪੯੮।

ਕਹੇ: "ਜਜਮਾਨਾਂ ਦੇ ਜਾਹੁ, ਉਥੋਂ ਕੁਛ ਮੰਗ ਲੈ ਆਉ।"
ਬਣਾਈਐ ਤਵਾ ਕਟੋਰਾ ਟੋਕਣੀ, ਕਰੇ ਨਿਤ ਜੰਗ।"
ਦਿਜ ਕਹੇ: "ਕਿਸ ਦੇ ਜਾਵਾਂ, ਮੈਂ ਕਿਆ ਕਹਾਂ ਕਰਮ ਲਿਖਿਆ ਸੋਈ ਲਹਾਂ"।੪੯੯।

ਨਾਰੀ ਲੜ ਕੇ ਪੇਕੇ ਉਠ ਗਈ। ਕਹੇ: "ਮੈਂ ਤੇਰੇ ਘਰਿ ਭੂਖ ਮਰਦੀ ਭਈ।"
ਏਹ ਸਾਧ ਦਿਜ ਕਿਛ ਬਲ ਛਲ ਨਹੀਂ ਜਾਣੈ। ਏ ਕੁਸੰਗ ਦੇ ਪਾਪ ਲਗੇ ਆਪ ਕਮਾਣੈ।੫੦੦।

ਜੈਸੇ ਮ੍ਰਿਤ ਲੋਕ ਮੈ ਗਨਿਕਾ ਕੁਸੰਗੁ ਕਹੀਐ। ਤੈਸੇ ਸੁਅਰਗ ਮੈ ਗਨਿਕਾ ਅਪੱਛਰਾ ਲਹੀਐ।
ਕੁਸੰਗੁ ਲਗੁ ਤਪੁ ਸਭ ਗਵਾਇਆ।
ਤਾਂ ਤੇ ਭਾਈ ਸਿਖੋ ਜੋ ਕੋਈ ਕੁਸੰਗ ਕਰੇਗਾ, ਤਿਸ ਦਾ ਜਨਮ ਬਿਰਥਾ ਜਾਏਗਾ।੫੦੧।

ਅਸਾਡੇ ਗੁਰੂ ਕਾ ਬਚਨ ਹੈ, ਹਿਰਦੇ ਸਮਝ ਲੀਜੈ। ਸਿਖ ਹੋਇ ਗੁਰਬਚਨ ਰਿਦੈ ਧਰੀਜੈ।
'ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢਈਓ।
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂ ਨ ਜਈਓ।'੫੦੨।

ਸੋ ਜਬ ਵਹੁ ਨਾਰੀ ਦਿਜ ਕੀ ਜਾਤੀ ਭਈ।
ਤਬ ਦਿਜ ਮਨਿ ਸੁਖ ਜਾਤਾ, ਨਿਤ ਕੀ ਕਲਕਲ ਗਈ।
ਦਿਜ ਤਜਿ ਧਾਮ ਬਨ ਕੋ ਉਠ ਗਇਆ। ਤਹਾਂ ਜਾਇ ਕੁਟੀ ਬਨਾਵਤ ਭਇਆ।੫੦੩।

ਬਨ ਫਲੁ ਚੁਨ ਖਾਨ, ਅਰੁ ਤਪੁ ਭਜਨੁ ਕਰੇ।
ਉਹੁ ਅੰਗੁ ਤਪੁ ਕਾ ਜੋ ਆਹਾ ਸੇਖ, ਸੋ ਭੀ ਨਹੀਂ ਟਰੇ।
ਕੋਈ ਕਾਲ ਬਨ ਮੈ ਏਹ ਤਪੁ ਭਜਨ ਕਰਤਾ ਭਿਆ।
ਪਾਛੇ ਜੋ ਇਸ ਕਾ ਕਲੇਵਰੁ ਆਹਾ ਸੋ ਜਿਉਂ ਦਾ ਤਿਉਂ ਰਹਿਆ।੫੦੪।

ਸੰਤ ਤਪੀ ਭਜਨਵਾਨ ਦਾ ਕਲੇਵਰ ਕ੍ਰਿਮ ਨਹੀਂ ਖਾਂਦਾ।
ਮ੍ਰਿਤਕਾ ਨਹੀਂ ਭਖਦੀ, ਸੁਕ ਸੁਕ ਹੈ ਜਾਂਦਾ।
ਸੋ ਕਲੇਵਰੁ, ਉਥੇ ਹੈਸੀ ਪਿਆ। ਅਤੇ ਭ੍ਰਿਗ, ਸੁਤ ਦੀ ਖਬਰੁ ਲੈਵਣ ਆਇ ਗਿਆ।੫੦੫।

ਦੇਖ ਕਲੇਵਰੁ ਭ੍ਰਿਗ ਭਇਆ ਹੈਰਾਨੁ। ਸੁਕ੍ਰ ਹੈ ਨਹੀਂ ਇਥੇ, ਮਾਰਿਆ ਹੋਸੀ ਕਾਲ ਨਿਦਾਨ।
ਭ੍ਰਿਗੁ ਕ੍ਰੋਧ ਕਾਲ ਪਰ ਕਰਤ ਭਇਆ। ਤਬ ਕਾਲ ਜੀ ਤਬ ਆਇ ਗਇਆ।੫੦੬।

ਭ੍ਰਿਗੁ ਜੀ ਕਹਿਆ: "ਤੈਨੇ ਸੁਤੁ ਸੁਕ੍ਰ ਮੇਰੇ ਕਿਉਂ ਹੈ ਮਾਰਾ?"
ਕਾਲ ਜੀ ਭਨਾ: "ਉਨ ਅਪਨਾ ਤਪੁ ਸਭੁ ਆਪ ਹੀ ਹਾਰਾ।
ਅਪੱਛਰਾ ਪਿਛੇ ਵਹ ਗਇਆ। ਅਨੇਕ ਜਨਮਾਂ ਕੋ ਧਾਰਤ ਭਇਆ"।੫੦੭।

ਭ੍ਰਿਗ ਨੂੰ ਨਾਲ ਲੈ ਕੇ ਕਾਲ ਸਾਹਿਬ ਜੀ ਆਏ।
ਬਨ ਵਿਚ ਕੁਟੀ ਦੇ ਬੈਠਾ ਦਿਤਾ ਦਿਖਾਇ।
ਹੇਰ ਭ੍ਰਿਗ ਤਬ ਐਸੇ ਤਿਸ ਕਹਿਆ:
"ਕਹੁ ਤੂ ਹੈਂ ਕਉਣ, ਈਹਾਂ ਕਿਉਂ ਆਇ ਰਹਿਆ"।੫੦੮।

ਕਹੇ: "ਜੀ ਹਉਂ ਦੀਨ ਅਨਾਥ ਹਾਂ ਬ੍ਰਹਮਨੁ।
ਤਰੁ ਫਲ ਚੁਣ ਭਖੋਂ ਬੈਠਾ ਇਸ ਵਿਚਿ ਬਨ।"
ਪੁਨ ਭ੍ਰਿਗੁ ਤਿਸ ਬਹੁੜਿ ਕ੍ਰੋਧ ਕਰਿ ਭਨਾ:
"ਅਰੇ ਤੂ ਕਉਣ ਹੈਂ ਸਚੁ ਕਹੁ ਵਿਚਿ ਬੈਠਾ ਬਨਾ"।੫੦੯।

ਪੁਨ ਤਿਨ ਬ੍ਰਹਮਨ ਦੀਨ ਅਨਾਥ ਉਚਾਰਾ। ਤਬ ਭ੍ਰਿਗੁ ਕ੍ਰੋਧ ਕਰੁ, ਚਪੇਟ ਕਢਿ ਮੁਖਿ ਪਰਿ ਮਾਰਾ।
ਦਸਤ ਜੋ ਭ੍ਰਿਗੁ ਕਾ ਲਗਾ ਮੁਖ ਪਰ ਜਾਈ। ਲਾਗਤ ਪਾਨ ਸਕਲ ਸੁਧ ਆਈ।੫੧੦।

ਰੋਇ ਪੁਕਾਰਿ ਉਠਾ ਪਰਿ ਪਾਈ। ਹਾਇ ਪਿਤਾ ਤਪ ਮੇਰਾ ਸਭ ਗਿਆ ਅਜਾਈਂ।
ਕੁਸੰਗ ਕਾ ਫਲੁ ਐਸੇ ਪਾਇਆ। ਤਪ ਭਜਨ ਪੁੰਨ ਸਭ ਗਵਾਇਆ।੫੧੧।

ਕਰਿ ਗਹਿ ਭ੍ਰਿਗੁ ਸੁਤ ਕੋ ਤਹਾਂ ਹੀ ਲੈ ਆਇਆ।
ਜਹਾਂ ਪੁਰਾਤਨ ਕਲੇਵਰੁ ਥਾ ਆਸਨ ਲਾਇਆ।
ਤਿਸੀ ਕਲੇਵਰੁ ਪੁਰਾਤਨ ਵਿਚਿ ਆਇ ਪਇਆ।
ਪਰ ਨਾਰੀ ਕੇ ਛਲੁ ਪਾਸੋਂ ਅਤਿ ਡਰਿਆ।੫੧੨।

ਨਇਆ ਤਜਿ ਪੁਰਾਤਨ ਕੀਤਾ ਹਰਿਆ। ਪੁਨ ਤਪੁ ਦੀਰਘ ਅਤਿ ਕਰਿਆ।
ਜਤੁ ਦੀ ਕੁਪੀਨ ਕਟਿ ਧਾਰਤ ਭਇਆ। ਭ੍ਰਿਗੁ ਜੀ ਕੇ ਮਨੁ ਏਹੁ ਸੰਸਾ ਪਰਿਆ।੫੧੩।

ਜੋ ਅਗੇ ਸੁਤ ਮੇਰਾ ਹੈ ਛਲਿਆ। ਅਬ ਇਨ ਕੋ ਨਾਰਿ ਦਿਵਾਈਐ, ਭਰਮੈ ਨਹੀਂ ਪਿਆ।
ਅਮੋਦਕ ਰਿਖੀਸਰ ਧਾਮ ਕੰਨਿਆ ਭਈ। ਸੋ ਭ੍ਰਿਗੁ ਜੀ ਬਿਆਹੁ ਸੁਕ੍ਰ ਕੋ ਦਈ।੫੧੪।

ਸੁਕ੍ਰ ਜਤੀ ਵਹੁ ਸਤਵੰਤੀ ਸਤੀ। ਨਾਰਿ ਭਾਵ ਮਨ ਤਾਂ ਕੇ ਨਹੀਂ ਰਤੀ।
ਪੁਰਖ ਭਾਵ ਸੁਕ੍ਰ ਮਨ ਤੇ ਗਿਆ। ਇਛਾ ਤੇ ਦੁਇ ਬਾਲਕ ਭਏ।੫੧੫।

ਸੰਡਾ ਅਮਰਕਾ ਦੋਨੋ ਭਾਈ। ਦੈਂਤ ਪੁਤ੍ਰਾਂ ਦੀ ਭਈ ਪਧਿਆਈ।
ਨਗਰ ਮੁਲਤਾਨ ਮੈਂ ਬਸਤੇ ਭਏ। ਦੈਂਤ ਪੁਤ੍ਰ ਸਭ ਪੜ੍ਹਨੇ ਪਏ।੫੧੬।

ਕਥਾ ਹੈ ਵਡੀ ਇਤਨੀ ਕਉਨ ਉਚਾਰੇ। ਦੈਂਤ ਸੇਵਕ ਹੋਏ ਸੁਕ੍ਰ ਜੀ ਕੇ ਸਾਰੇ।
ਦੇਵਤੇ ਬ੍ਰਿਸਪਤਿ ਦੀ ਚਰਨੀਂ ਲਗੇ। ਸੁਕ੍ਰ ਜੀ ਨੂੰ ਦੈਂਤਾਂ 'ਗੁਰੂ' ਕੀਤਾ ਤਬੇ।੫੧੭।

ਸੋ ਸੁਕ੍ਰ ਜੀ ਦੋਨੋ ਪੱਖ ਅਬ ਤਕ ਹੈ ਪਾਲੇ।
ਨਾਰੀ ਕਾ ਛਲੁ ਨਹੀਂ ਖਾਏ, ਸਨਮੁਖ ਜਾਂਦੀ ਨੂੰ ਗਾਲੇ।
ਨਾਰੀ ਕੇ ਮੁਖ ਹੁਣ ਤਕ ਨਹੀਂ ਲਗੇ।
ਤੱਤੀਆਂ[੧] ਹੋਈਆਂ ਸੇਵਕਾਂ, ਹਿੰਦਵਾਣੀ ਨਹੀਂ ਜਾਏ ਅਗੇ।੫੧੮।

---

੧. ਤੁਰਕਣੀਆਂ।

ਇਤਨਾ ਪੱਖ ਜਤ ਦਾ ਹੈ ਧਾਰਿਆ।
ਕਿਉ ਜੋ ਅਗੇ ਨਾਰੀ ਨੇ ਛਲਿਆ, ਭਜਨ ਤਪੁ ਸਭੋ ਸੀ ਹਾਰਿਆ।
ਅਤੇ ਦੈਂਤ ਹੋਏ ਸੇਵਕ, ਤਿਨਾਂ ਦਾ ਪਖੁ ਭੀ ਕੀਤਾ ਚਾਹੀਐ।
ਦੈਂਤਨੀਆਂ ਚਲੀਆਂ ਜਾਨ, ਡਰ ਨਾਰੀ ਬੇਪਰਵਾਹੀਐ।੫੧੯।

ਰਿਖੀਸਰਾਂ ਮੁਨੀਸਰਾਂ ਭੀ ਅਪਨਾ ਪੱਖ ਨਹੀਂ ਹਾਰਿਆ।
ਅਤੇ ਅਨੇਕ ਜਤਨ ਕਰਿ ਕੁਸੰਗੁ ਹੈ ਟਾਰਿਆ।
ਤਾਂ ਗੁਰੂ ਕੇ ਸਿਖ ਨੂੰ ਭੀ ਚਾਹੀਐ। ਤਜ ਕੇ ਪਰਾਇਆ, ਅਪਨਾ ਨਿਬਾਹੀਐ।੫੨੦।

ਅਤੇ ਸੰਤ ਸਾਧ ਸਿਖ ਦੀ ਟਹਲ ਬਿਰਥੀ ਨਹੀਂ ਜਾਂਦੀ।
ਇਹ ਭੀ ਸਾਖੀ ਸੁਣੋ, ਤੁਸਾਂ ਨੂੰ ਕਹਿ ਸੁਣਾਵਾਂ ਵਾਂਦੀ।
ਏਕ ਸਮੇ ਮੇਲਾ ਵਿਸੋਏ-ਕੁੰਭ ਦਾ ਆਇਆ।
ਗੁਰੂ ਅਰਜਨ ਅਤੇ ਪ੍ਰਿਥੀਆ ਮਹਾਦੇਉ ਤਿੰਨੇ ਭਾਈ ਗੰਗਾ ਸੀ ਸਿਧਾਇਆ।੫੨੧।

ਕਰਿ ਕੇ ਮੇਲਾ-ਮਜਨ ਜਬ ਆਏ। ਮਾਰਗ ਆਵਤੇ, ਏਕ ਨਗਰ ਮੋ ਉਤਰੇ ਆਏ।
ਤਿਸ ਨਗਰੀ ਕਾ ਨਾਉਂ ਮੁਝੇ ਚਿਤ ਨਹੀਂ ਰਹਿਆ। ਜੋ ਇਥੇ ਚਾਹੀਐ ਕਹਿਆ।੫੨੨।

ਤਿਸ ਨਗਰੀ ਕਾ ਜੋ ਆਹਾ ਰਾਜਾ। ਤਿਸ ਘਰਿ ਪੂਤ ਨ ਦੀਆ ਬਿਧਾਤਾ।
ਨਾਰੀ ਸਾਤ ਆਹੀ ਤਾਂ ਕੇ ਧਾਮ। ਪੂਤ ਬਿਨਾ ਸਭ ਕਿਸੇ ਨਾ ਕਾਮ।੫੨੩।

ਤਿਸ ਨਗਰੀ ਸੋ ਸਾਹਿਬ ਉਤਰੇ ਆਇ।
ਰਾਣੀ ਇਕ ਥਾਲ ਮਿਸਰੀ ਰੁਪਏ ਪੰਜੁ ਵਿਚਿ ਪਾਇ।
ਸਤਿਗੁਰ ਪੂਰਨ ਅਗੇ ਧਰੇ ਆਨ। ਹਥਿ ਜੋੜ ਖੜੋਤੀ, ਮੰਗੈ ਦਾਨੁ।੫੨੪।

ਕਹੇ: "ਤੁਸੀਂ ਹੋ ਗੁਰੂ ਦਾਸੀ ਜਾਨ ਮੁਝ ਕੋ ਦਾਨੁ ਦੀਜੈ। ਏਕ ਪੂਤ ਮੇਰੇ ਧਾਮ ਕੀਜੈ।"
ਬਚਨ ਕੀਤਾ ਪੂਰੇ ਸਤਿਗੁਰੂ ਆਪ। ਦੀਆ ਬੇਟਾ ਸਤਿਗੁਰੂ ਕੇ ਪ੍ਰਤਾਪੁ।੫੨੫।

ਤਿਨ ਰਾਣੀ ਜਾਇ ਘਰ ਮੋ ਬੜੀ ਸ਼ਾਦੀ ਕਰਾਈ।
ਰਾਜੇ ਪੂਛਿਆ: "ਆਜ ਕਿਆ ਹੈ?" ਰਾਣੀ ਕਹਿਆ, "ਮੈ ਪੂਤ ਲੈ ਆਈ।"
ਰਾਜੇ ਭੀ ਜਾਇ ਬਡੀ ਸ਼ਾਦੀ ਕੀਨੀ। ਯਹਿ ਬਾਤ ਜੋਗੀ ਨੇ ਸੁਨ ਲੀਨੀ।੫੨੬।

ਜੋਗੀ ਥਾ ਗੁਰੂ, ਰਾਜਾ ਸੇਵਕ ਥਾ ਤਾਂਕਾ।
ਜੋਗੀ ਪਾਸੋਂ ਪੂਤ ਰਾਜਾ ਮੰਗੇ ਜੋਗੀ ਕਹਿਆ: ਲਿਖਾ ਨਹੀਂ ਬਿਧਾਤਾ।
ਜੋਗੀ ਸੁਣ ਕੇ ਭਇਆ ਹੈਰਾਨੁ।
ਕਹੇ: "ਐਸਾ ਕਉਨ ਗੁਰੂ ਹੈ, ਜਿਸ ਨੇ ਸੁਤ ਦੀਆ ਹੈ ਦਾਨੁ"।੫੨੭।

ਦਰਗਾਹ ਮੋ ਤਾਂ ਲਿਖਾ ਨਹੀਂ ਬਿਧਾਤਾ।
ਉਸ ਨੇ ਕਹਾ: "ਸੋ ਦੀਆ? ਚਲੋ ਮੈਂ ਭੀ ਹਾਂ ਉਸ ਪਾਸ ਜਾਤਾ।"
ਜੋਗੀ ਅਰੁ ਰਾਜਾ ਦੋਨੋ ਤੀਰ ਸਾਹਿਬ ਕੇ ਆਏ।
ਸਾਹਿਬ ਕਰਿ ਕੇ ਆਦਰੁ, ਰਾਜਾ ਜੋਗੀ ਦੋਊ ਬੈਠਾਏ।੫੨੮।

ਤਬ ਲਗ ਰਾਣੀਆਂ ਸਭ ਕੇ ਮਨੁ ਯਹਿ ਆਈ। ਹਮ ਰਹੀਆਂ ਅਉਤ, ਯਹਿ ਪੂਤ ਲਿਆਈ।
ਵਹੁ ਖਟ ਰਾਨੀ ਭਰਿ ਥਾਲੁ ਮਿਸਰੀ ਰੁਪਏ ਸੌ ਸੌ ਵਿਚਿ ਪਾਇਆ।
ਆਨ ਅਗੇ ਧਰਿ, ਸਭਨਾਂ ਸੀਸ ਝੁਕਾਇਆ।੫੨੯।

ਰਲਿ ਸਭਨਾਂ ਯਹਿ ਵਾਕ ਉਚਾਰਾ: "ਤੂੰ ਹੈ ਗੁਰੂ ਪੂਰਨ ਦਾਤਾ, ਦਾਨ ਦੇਵਣਹਾਰਾ।
ਜੇ ਪੁਤ੍ਰਵੰਤੀਆਂ ਕਰੇ, ਤਾਂ ਸਭੇ ਕਰਿ। ਨਾ ਕਰੇਂ, ਤਾਂ ਉਸ ਦੀ ਭੀ ਹਰਿ"।੫੩੦।

ਬਚਨ ਕੀਤਾ: "ਏਕੁ ਏਕੁ ਪੂਤ ਸਭਨਾਂ ਕੋ ਦੀਆ।" ਏਹੁ ਜੋਗੀ ਸੁਣ ਕੇ ਹੈਰਾਨ ਹੋਇ ਥੀਆ।
ਕਹੇ: "ਗੁਰੂ ਹੋਇ ਕੈ, ਏਤੀ ਮਿਥਿਆ ਉਚਾਰੇ।
ਦੀਆ ਕਹਾਂ ਸੇ, ਇਸ ਕੋ ਨਹੀਂ ਲਿਖਿਆ ਲਿਲਾਰੇ"।੫੩੧।

ਬਚਨ ਕੀਤਾ, "ਨਾਥ ਜੀ ਦੀਆ ਹੈ ਤਹਾਂ ਤੇ, ਤੁਮ ਹੇਰੋ ਜਾਈ।
ਮਤਿ ਕਹੀਂ ਲਿਖਾ ਹੋਵੈ ਉਥਾਈ।"
ਜੋਗੀ ਕਰਿ ਸਮਾਧ, ਅੰਤਰਿ ਧਿਆਨ ਭਇਆ। ਸੁੰਨ ਮੰਡਲ ਮੋ ਦੇਖਣ ਗਇਆ।੫੩੨।

ਚਾਰ ਘੜੀਆਂ ਪਾਛੇ ਦੇਖਿ ਮੁੜਿਆ।
ਕਹੇ: "ਨਹੀਂ ਲਿਖਿਆ ਤਹਾਂ, ਤੁਮ ਨੇ ਕਹਾਂ ਸੋ ਦਿਵਾਇਆ?"
ਬਚਨ ਕੀਤਾ: "ਨਾਥ ਜੀ! ਕਹੀਂ ਹੋਵੇਗਾ ਹੀ ਲਿਖਿਆ।
ਤੁਸਾਂ ਸੋਧ ਕੇ ਨਹੀਂ ਸਭੋ ਦਿਖਿਆ"।੫੩੩।

ਕਹੇ: "ਮੈ ਸਭੋ ਦੇਖ ਹੋਂ ਆਇਆ। ਤੁਮ ਨੇ ਗੁਰੂ ਹੋਇ ਕੈ ਮਿਥਿਆ ਅਲਾਇਆ।"
ਬਚਨ ਕੀਤਾ: "ਅਸਾਂ ਨਹੀਂ ਮਿਥਿਆ ਭਾਖਿਆ।
ਕਿਧਰੇ ਬਿਧਾਤਾ ਹੋਸੀ ਲਿਖ ਰਾਖਿਆ"।੫੩੪।

ਬਹੁੜਿ ਜਾਇ ਹੇਰੋਂ, ਮਤਿ ਹੋਵੈ ਕਹੀਂ। ਜੋਗੀ ਕਰਿ ਸਮਾਧ ਬਹੁੜ ਸੁੰਨਿ ਗਹੀ।
ਚਾਰ ਘੜੀਆਂ ਲਾਇ ਜੋਗੀ ਬਹੁੜਿ ਫਿਰ ਆਇਆ।
ਕਹੇ: "ਨਹੀਂ ਲਿਖਿਆ, ਤੁਸਾਂ ਮਿਥਿਆ ਹੈ ਅਲਾਇਆ"।੫੩੫।

ਬਚਨ ਕੀਤਾ: "ਨਾਥ ਜੀ ਅਸੀਂ ਭੀ ਜਾਣਨੇ ਹਾਂ ਨਹੀਂ ਲਿਖਿਆ।
ਪਰ ਜੋ ਲਿਖਦੇ ਸਿਆਹੀ ਹੈਸੀ ਵਧੀ, ਸੋ ਕਿਥੇ ਹੈ ਰਖਿਆ।"
ਜੋਗੀ ਕਹਿਆ: "ਸਿਆਹੀ ਕੋ ਕਿਆ ਹੈ ਕਾਮੁ?"
ਬਚਨ ਕੀਤਾ: "ਸਿਆਹੀ ਹੋਵੈ, ਤਾਂ ਲਿਖੀਏ ਨਾਮੁ"।੫੩੬।

ਜੋਗੀ ਕਹੇ: "ਯਹਿ ਬਾਤਾਂ ਮਿਥਿਆ ਨ ਬਖਾਨੋ। ਸਿਆਹੀ ਜਹਾਂ ਹੈ, ਤੁਮ ਕਹੋ ਜੋ ਜਾਨੋ।"
ਬਚਨ ਕੀਤਾ: "ਵਹੁ ਸਿਆਹੀ ਸੰਤਾਂ ਦੇ ਰਸਨਾ ਉਪਰਿ ਹੈ ਧਰੀ।
ਜਹਾਂ ਬਿਧਾਤਾ ਨਹੀਂ ਲਿਖਿਆ, ਤਹਾਂ ਸੰਤਾਂ ਛੋਡਹਿ ਕਰੀ"।੫੩੭।

ਅਪਨਾ ਲਿਖਿਆ ਬਿਧਾਤਾ ਕਿਉਂ ਕਰਿ ਟਾਰੇ।
ਜੇ ਟਾਰਨਾ ਬਨ ਜਾਏ, ਤਾਂ ਸੰਤ ਛਡਹਿ ਉਤਾਰੇ।
ਇਸ ਕਾਰਨ ਵਹੁ ਸਿਆਹੀ ਸੰਤਾਂ ਦੀ ਰਸਨਾ ਉਪਰਿ ਹੈ ਧਰੀ।
ਢਾਹੇ, ਉਸਾਰਹਿ ਸੰਤ ਚਾਹੇ ਸੋ ਕਰੀ।੫੩੮।

ਜੋਗੀ ਕਹੇ : "ਯਹਿ ਬਾਤ ਲਿਫਾਫਾ, ਮੈਂ ਨਹੀਂ ਮਾਨਤਾ।"
ਬਚਨ ਕੀਤਾ, "ਅਸੀਂ ਭੀ ਹਾਂ ਬੈਠੇ, ਜੋ ਤੂ ਨਹੀਂ ਜਾਨਤਾ।
ਜਦਿ ਜੰਮਿਨਗੇ ਤਦਿ ਅਸੀਂ ਟੁਰਾਂਗੇ।
ਜਿਹੇ ਘਰਿ, ਤਿਹੇ ਇਥੇ ਹੀ, ਉਥੇ ਜਾਇ ਕੀ ਕਰਾਂਗੇ"।੫੩੯।

ਹਥਿ ਜੋੜਿ ਬਿਨਤੀ ਤਬ ਕੀਤੀ ਰਾਜੇ :
"ਖਰਚ-ਪੱਠਾ ਜੋ ਹੋਵੈ, ਸੋ ਲਈਐ ਮੁਝ ਤੇ ਸਭ ਸਾਜੇ।"
ਸਾ ਸਾਹਿਬ ਨ ਮੰਨੀ, ਪਰ ਰਾਜੇ ਬੇਨਤੀ ਕਰਿ ਖਰਚੁ-ਪੱਠਾ ਸਭ ਦੇਵਣਾ ਕੀਤਾ।
ਰਾਜੇ ਦੀ ਬੇਨਤੀ ਮਾਨ ਕੇ ਸਾਹਿਬ ਖਰਚੁ ਲੈਣਾ ਕੀਤਾ।੫੪੦।

ਨਉਂ ਮਹੀਨੇ ਤਿਸ ਨਗਰੀ ਮੈ ਬਾਹਿਰ ਰਹੇ। ਸਾਤਿ ਪੂਤ ਰਾਜਾ ਕੇ ਤਬ ਭਏ।
ਜੋਗੀ ਜਾਇ ਸਾਹਿਬ ਦੀ ਚਰਨੀਂ ਪਇਆ।
ਕਹੇ : "ਮੁਝੇ ਸਿਖ ਅਪਨਾ ਕੀਜੈ, ਮੈ ਸੀਸ ਚਰਨਾਂ ਪਰ ਧਰਿਆ"।੫੪੧।

ਬਚਨ ਕੀਤਾ : "ਨਾਥ ਜੀ, ਜਿਥੇ ਇਸ਼ਟ ਹੈ, ਉਥੇ ਲਗੇ ਰਹੋ।
ਬੇੜੀਆਂ ਸਭੇ ਪਾਰ ਉਤਾਰਨ ਵਾਲੀਆਂ ਹੈਨ, ਪੱਕੀ ਕਾਈ ਕਰਿ ਗਹੋ"।
ਜੋਗੀ ਸਿਖ ਨ ਕੀਤਾ, ਪਰਤੀਤ ਕਰਾਈ। ਸਾਹਿਬ ਟੁਰਿ ਆਏ ਘਰਿ ਬੈਠੇ ਆਈ।੫੪੨।

ਸੰਤਾਂ ਦੀ ਰਸਨਾ ਵਿਚਿ ਹੈ ਸਭ ਕਿਛੁ ਹੈ ਪਾਈਦਾ।
ਸੰਤਾਂ ਦਾ ਜਸੁ ਬੇਦ ਪੁਰਾਨਾਂ ਗ੍ਰੰਥਾਂ ਵਿਚਿ ਗਾਈਦਾ।
'ਸਾਧ ਕੀ ਮਹਿਮਾ ਬੇਦ ਨ ਜਾਨਹਿ। ਜੇਤਾ ਸੁਨਹਿ ਤੇਤਾ ਬਖਿਆਨਹਿ॥'।੫੪੩।

ਸਾਹਿਬ ਆਏ ਡੇਰੇ, ਤਾ ਡੂਮਾਂ ਆਇ ਕੀਤੀ ਅਰਦਾਸ।
"ਗਰੀਬ ਨਿਵਾਜ਼ ਹੁਕਮੁ ਹੋਵੈ, ਤਾਂ ਅਸੀਂ ਸਬਦ ਗਾਈਐ ਰਹੁਰਾਸ।"
ਬਚਨ ਕੀਤਾ, "ਸਿਖ ਹੈਨਿ ਕੀਰਤਨ ਕਰਦੇ।"
ਡੂਮਾਂ ਕਹਿਆ : "ਜੀ ਜੇ ਹੁਕਮੁ ਹੋਵੈ ਤਾਂ ਅਸੀਂ ਭੀ ਨਾਲਿ ਸ਼ਬਦ ਰਹੀਏ ਪੜ੍ਹਦੇ"।੫੪੪।

ਬਚਨ ਹੋਇਆ : "ਭਾਈ ਗੁਰਦਾਸ ਦੀ ਬਾਣੀ ਪੜ੍ਹੀਏ।
ਪੁਤੁ ਨ ਮੰਨੈ ਮਾਪਿਆਂ ਕਮਜਾਤੀਂ ਵੜੀਐ।"
ਬਚਨ ਕੀਤਾ : "ਵਡਿਆਂ ਦੀ ਕੀਤੀ, ਅਸੀਂ ਨਹੀਂ ਮੇਟ ਸਕਦੇ।
ਜੇ ਦੂਜੀ ਤੀਜੀ ਚਉਥੀ ਅਗੇ ਪੜ੍ਹਦੇ ਤਾਂ ਅਸੀਂ ਨਹੀਂ ਸੇ ਧਕਦੇ।੫੪੫।

ਪਰ ਤੁਸਾਡੀ ਅਜੋੜ ਹੋਈ ਦੂਜੀ ਪਾਤਸ਼ਾਹੀ ਨਾਲਿ ਫੇਰ ਤੀਜੀ ਚਉਥੀ ਭੀ ਨ ਵਾੜੇ।
ਅਸੀਂ ਉਨ੍ਹਾਂ ਦੀ ਕੀਤੀ ਕੀਕੂੰ ਛਡੀਏ ਲਿਤਾੜੇ।
ਤੁਸੀਂ ਆਪਣੇ ਮਜ਼ਬ ਵਿਚਿ ਪਰਚੇ ਰਹੋ।
ਅਸਾਡੇ ਗੁਰਾਂ ਦੇ ਬਚਨ ਤੁਸੀਂ ਮੁਖੋ ਨ ਕਹੋ"।੫੪੬।

ਜਬਾਬੁ ਦਿਤਾ ਡੂਮ ਰਬਾਬੀ ਨਾ ਵਾੜੇ।
ਬਚਨ ਕੀਤਾ : "ਉਹ ਹਿੰਦੂ ਕੇਹਾ, ਜੋ ਹੱਕੇ ਗਊਆਂ ਦੇ ਧੜੇ।
ਮਲੇਛ ਹੋਇ ਕੇ ਸ਼ਬਦ ਪੜ੍ਹੇ। ਜੈਸੇ ਗੰਗਾ ਜਲ ਪਾਇਆ ਸ਼ਰਾਬ ਦੇ ਘੜੇ"।੫੪੭।

ਗੁਰੂ ਅੰਗਦ ਸਾਹਿਬ ਜੋ ਕੀਰਤਨੀਏ ਠਹਿਰਾਏ।
ਬਚਨ ਕੀਤਾ: "ਜੋ ਗੋਕਾ ਦੁਧ ਭਾਂਡੇ ਚੰਮ ਦੇ ਪਾਏ।
ਗੰਗਾ ਜਲੁ ਮਧੁ ਵਿਚਿ ਗੋਕਾ ਦੁਧ ਚੰਮ ਵਿਚਿ ਪਿਆ ਅਪਵਿਤ੍ਰ ਹੋਇ ਜਾਏ।
ਤੈਸੇ ਸਬਦੁ ਮਲੇਛ ਮੁਖ ਪਿਆ ਫਲੁ ਗੁਵਾਏ"।੫੪੮।

ਬਚਨ ਕੀਤਾ: "ਕਿਸੇ ਸਿਖ ਡੂਮ ਦੀ ਸਪਾਰਸੁ ਨਹੀਂ ਕਰਨੀ।
ਅਸੀਂ ਖਰ ਚੜ੍ਹਾਇ ਤਿਸ ਨੂੰ ਫੇਰਾਂਗੇ ਧਰਨੀ।"
ਇਕ ਸਿਖ ਵਾਸੀ ਕਾਬਲ ਦੀ 'ਚੰਬਾ' ਨਾਮੁ। ਡੂਮ ਜਾਇ ਡਿਗੇ ਤਿਸ ਦੇ ਧਾਮ।੫੪੯।

ਤੇਰੇ ਵਾੜੇ ਅਸੀਂ ਵੜਾਂਗੇ ਦਰਬਾਰ। ਏਹੁ ਪਰਸੁਆਰਥ ਹੈ ਤੇਰੇ ਇਖਤਿਆਰ।
ਤੇਰੀ ਗਲਿ ਹੈ ਮੰਨੀਦੀ ਗੁਰੂ ਕੀ ਸਿਰਕਾਰ। ਅਸਾਡੇ ਨਾਲਿ ਤੂ ਕਰਿ ਏਹੁ ਉਪਕਾਰ।੫੫੦।

ਤਿਸ ਕਹਿਆ: "ਮੇਰੀ ਹੈ, ਤਾਂ ਮੈਂ ਆਪ ਹੀ ਖਰ ਚੜ੍ਹ ਹਾਂ ਜਾਂਦਾ।
ਬਚਨ ਭੀ ਹੋਵੈ ਪੂਰਾ, ਅਤੇ ਤੁਸਾਡਾ ਕਾਰਜ ਭੀ ਹੋਵੈ ਵਾਂਦਾ।"
ਸੋ ਖਰ ਚੜ੍ਹਿ ਢੋਲ ਵਜਦੇ ਆਇਆ। ਸਾਹਿਬ ਨੂੰ ਕਿਸੇ ਸਿਖ ਆਇ ਸੁਣਾਇਆ।੫੫੧।

ਬਚਨ ਕੀਤਾ: "ਕਿਉ ਵੋ ਸਿਖਾ, ਕੀ ਹਵਾਲ ਹੋਇਆ ਤੇਰਾ?"
ਤਿਨ ਕਹਿਆ: "ਗਰੀਬ ਨਿਵਾਜ਼, ਮਿਰਾਸੀਆਂ ਨੂੰ ਮਿਲੇ ਚਰਨਾਂ ਪਾਸ ਡੇਰਾ।"
ਬਚਨ ਕੀਤਾ: "ਤੈਨੂੰ ਤਾਂ ਕਰਮ ਲਗੇ, ਜੋ ਗੁਰਾਂ ਦਾ ਕੀਤਾ ਲਗੋ ਮੋੜਨਿ।
ਅਸਾਂ ਨੂੰ ਭੀ ਗੁਰਾਂ ਦੇ ਬਚਨਾਂ ਨਾਲੋਂ ਲਗਾ ਤੋੜਨਿ"।੫੫੨।

ਤਿਨ ਕਹਿਆ: "ਜੀ ਮੈਂ ਭੁੱਲਾ ਹਾਂ, ਮੈਂ ਏਹੁ ਕੀਤਾ ਪਰਉਪਕਾਰ।
ਮੈਨੂੰ ਬਖਸ਼ੋ ਤੁ ਜਾਣੁ ਭਾਵੈ ਵਾੜ ਨ ਵਾੜ।"
ਬਚਨ ਕੀਤਾ: "ਦੂਜੀ ਧੱਕੇ, ਤੀਜੀ ਚਉਥੀ ਨ ਵਾੜੇ, ਮੈਂ ਕੀਕੂੰ ਉਨ੍ਹਾਂ ਦੀ ਕੀਤੀ ਭੰਨਾ?
ਮੈਂ ਉਨ੍ਹਾਂ ਦੀ ਗੱਦੀ ਉਪਰਿ ਬੈਠਿ ਕੇ, ਉਨ੍ਹਾਂ ਦਾ ਕੀਤਾ ਨ ਮੰਨਾ"।੫੫੩।

ਫੇਰ ਡੂਮ, ਮੀਣਿਆਂ ਰਬਾਬੀ ਕਰਿ ਰਖ ਲਏ।
ਸਾਹਿਬ ਦੇ ਦਰਬਾਰ ਨਉਂ ਪਾਤਸ਼ਾਹੀਆਂ ਨ ਵੜਨੇ ਪਏ।
ਸੱਤਾ ਡੂਮ ਆਹਾ ਸੋਢੀਆਂ ਦਾ ਮਿਰਾਸੀ।
ਇਨ ਵਾਰ ਬਣਾਈ, ਨਾਲਿ ਰਾਇ ਬਲਵੰਡ ਦੇ ਅਪਨੀ ਕੀਤੀ ਖਲਾਸੀ।੫੫੪।

ਰਾਇ ਬਲਵੰਡ ਹੈਸੀ ਸੋਢੀਆਂ ਦਾ ਭਟੁ।
ਸਤੇ ਡੂਮ ਇਸ ਨੂੰ ਆਖਿਆ, "ਰਾਇ ਜੀ! ਮੇਰਾ ਫਾਹਾ ਕੱਟ।
ਡੂਮਾਂ ਨੂੰ ਮਿਲਿਆ ਹੈ ਜਬਾਬੁ ਅਤੇ ਮੈਂ ਹਾਂ ਮਿਰਾਸੀ।
ਜੇ ਤੁਧੁ ਮੇਰੇ ਨਾਲਿ ਮਿਲ ਕੇ ਮੇਰੀ ਸਪਾਰਸ਼, ਕੀਤੀ ਤਾਂ ਮੇਰੀ ਹੋਸੀ ਖਲਾਸੀ"।੫੫੫।

ਏਹ ਦੋਵੇਂ ਵਾਰ ਬਣਾਇਕੇ ਰੋਬਰੋ ਲੈ ਗਏ।
ਏਨਾਂ ਕਹਿਆ, 'ਗਰੀਬ ਨਿਵਾਜ਼, ਅਸੀਂ ਭਟ ਮਿਰਾਸੀ ਦਰ ਤੇਰੇ ਹਾਂ ਢੱਠੇ ਪਏ"।
ਬਚਨ ਕੀਤਾ: "ਅਸਾਂ ਗਾਵਣ ਵਾਲੇ ਮਨ੍ਹਾ ਹੈਨ ਕੀਤੇ।
ਭਟ ਮਿਰਾਸੀ ਤਾਂ ਨਹੀਂ ਕੱਢ ਦੀਤੇ।੫੫੬।

ਸਿਖ ਨੂੰ ਚਾਹੀਦੀ ਹੈ ਗੁਰੂ ਆਪਣੇ ਉਪਰਿ ਪਰਤੀਤ। ਸਤਿਗੁਰੂ ਤਾਰਹਿੰਗੇ ਤਹਿਕੀਕ।
ਇਸ ਮੈਂ ਫਰਕ ਨ ਰਤੀ ਜਾਨ। ਸਤਿਗੁਰ ਅਗੇ ਕੀਆ ਬਖਾਨ" ।੫੫੭।

**ਦੋਹਰਾ**—ਪੰਡਤ ਅਉਰ ਮਸਾਲਚੀ, ਦੋਨੋ ਏਕ ਸਮਾਨ।
ਅਉਰਾਂ ਕੋ ਚਾਂਦਨ ਕਰੇ, ਆਪ ਅੰਧੇਰੇ ਜਾਨ।੫੫੮।

**ਚੌਪਈ**—ਕਰਿ ਬਿਚਾਰ ਯਹਿ ਪੋਥੀ ਬਣਾਈ। ਅਪਨੇ ਸਤਿਗੁਰ ਦੀ ਹੈ ਬਾਤ ਸੁਣਾਈ।
ਸੰਮਤ ਅਠਾਰਾਂ ਸੈ ਛੱਬੀ ਗਏ। ਸੰਨ ਹਿਜਰੀ ਯਾਰਾਂ ਸੈ ਚਉਰਾਸੀ ਭਏ।੫੫੯।

ਅਠਤਾਲੀ ਸੈ ਸੱਤਰ ਬਰਸ ਕਲਜੁਗ ਹੈ ਗਿਆ।
ਇਕ ਸੌ ਤੀਸ ਬਰਸ ਗੰਗਾ ਦੇ ਦੂਰਨ[1] ਵਿਚਿ ਰਿਹਾ।
ਪਚਾਸ ਸਾਲ ਬਿਧ[2] ਸਾਹਿਬ ਦੀ ਬੀਤੀ ਆਉ। ਸੱਤਵੇਂ ਇੰਦ੍ਰ ਧਰਿਆ ਤਖਤੁ ਪਾਉਂ।੫੬੦।

ਯਹਿ ਪੋਥੀ ਮੈਨੂੰ ਹੈ ਇਤ ਸਮੇ ਬਖਾਨੀ। ਕੀਤੀ ਹੈ ਨੈਦਾਨ ਕਹਾਨੀ।
ਅਗੇ ਕਰਿ ਕਰਿ ਉਪਦੇਸ ਬਹੁਤੇਰੇ ਗਏ। ਮਨ ਭਾਵਤ ਕਰਮ ਨ ਕਿਨਹੂੰ ਛਡਿ ਦਏ।੫੬੧।

ਲੇਖ ਜੋ ਲਿਖਿਆ ਭਾਲ, ਸਭਨਾ ਭੋਗਣਾ। ਅੰਤੁ ਨਹੀਂ ਬੇਅੰਤੁ, ਕਿਤਨਾ ਕੁ ਮੈਂ ਗਿਣਾਂ।
ਏਹ ਭੀ ਗੱਲਾਂ ਮੈਂ ਫਰਕੁ, ਆਖ ਸੁਣਾਇਆ।
ਲੈਣਾ ਸੀ ਕੀ ਆਖ, ਅਗੇ ਬੇਦਾਂ ਨਹੀਂ ਗਾਇਆ।੫੬੨।

ਮਨੁ ਅਪਨਾ ਸਮਝੇ ਨਾਹੀਂ, ਬਹਿ ਲੋਕਾਂ ਨੂੰ ਸਮਝਾਏ।
ਏਹੋ ਗਲਿ ਹੈ ਮੂਰਖਾਂ ਦੀ, ਜੋ ਕਰਿ ਕਰਿ ਕਥਾ ਸੁਣਾਏ।
ਅਉਰ ਲੋਕਾਂ ਨੂੰ ਮੈਂ ਬਹੁਤਾ ਕਹਿਆ। ਮਨ ਅਪਨੇ ਮੈ ਰੰਚ ਨ ਗਹਿਆ।੫੬੩।

ਸਰਨੀਂ ਬਾਬੇ ਨਾਨਕ ਸਾਹਿਬ ਦੀ ਮੈ ਪਰਿਆ। ਸਿਰ ਸਤਿਗੁਰਾਂ ਦੇ ਚਰਨਾਂ ਉਪਰਿ ਧਰਿਆ।
ਸਿੰਘ ਕੇਸਰ ਹੈ ਦਾਸ ਤੁਮਾਰਾ। ਕੀਜੈ ਮੁਝਹਿ ਦਾ ਨਿਸਤਾਰਾ।੫੬੪।

ਪਤਿਤ ਉਧਾਰਨ ਨਾਮ ਤਿਹਾਰੋ, ਬਾਣੀ ਬੇਦ ਬਖਾਨੇ।
ਜਬ ਹਮ ਪਤਤੁ ਤਰਹਿੰਗੇ ਨਾਹੀ, ਪ੍ਰਭੁ ਜੀ ਏਕ ਨ ਸਾਚੀ ਮਾਨਹਿ।੫੬੫।

ਬਡੋ ਭਰੋਸੇ, ਬਡੋ ਬਲੁ, ਬਡੋ ਨਾਮ ਉਦਾਰੁ।
ਬਡੋ ਪਤਿਤੁ ਸਰਨ ਆਇਉ, ਦੇਖ ਬਡੋ ਦਰਬਾਰ।੫੬੬।

ਪੇਟ ਅਪਨੇ ਖਾਧੇ ਭਰੀਦਾ, ਪ੍ਰਭ ਜੀ! ਇਹੁ ਪੱਕੀ ਸੁਨ ਲੀਜੈ।
ਮੈ ਜੇਹੇ ਪਤਿਤ ਪਖੰਡੀ ਖਲ ਮੂਰਖ ਦੀ ਬਿਰਦ ਜਾਨਿ ਗਤਿ ਕੀਜੈ।੫੬੭।

ਇਕ ਤੁਕ ਦਾ ਅਰਥ ਪੁਛਿਆ ਸਿਖਾਂ; ਮੈਂ ਕਰਿ ਪੁਸਤਕ ਏਡਾ ਆਖ ਸੁਣਾਇਆ।੫੬੮।

**ਚੌਪਈ**—ਜਿਤਨੀ ਬੁਧਿ ਉਕਤਿ ਆਹੀ, ਤਿਤਨੀ ਆਖੀ ਸਿੰਘ ਕੇਸਰ।
ਅਗੇ ਸਭ ਜਾਣੇ ਗੁਰੂ ਪਰਮੇਸ਼ਰ।
ਤੁਸੀਂ ਭਾਈ ਸਾਧੋ-ਸੰਤੋ, ਸਿਖੋ, ਮਨ ਭਾਵੈ ਨਾ ਮੰਨੋ।
ਪੰਥ ਰਉਲੇ ਦਾ ਭੀ ਹੈ ਹੋਣਾ ਮ੍ਰਿਜਾਦਾ ਧਰਮ ਦੀ ਰਖੋ ਭਾਵੇਂ ਭੰਨੋ।੫੬੯।

---

੧. ਗੰਗਾ ਦੇ ਲੋਪ ਹੋਣ ਦਾ। ੨. ਬ੍ਰਹਮਾ।

ਚੋਰ ਉਚੱਕਾ ਠੱਗ ਜ਼ਨਾਹੀ[1], ਨੀਚ ਮਲੇਛ ਤੇ ਬਟਪਾਰਾ[2]।
ਚਤੁਰ ਕਬੀਸਰ ਹੋਰੁ ਸਭ ਵੜ ਜਾਸੀ ਪੰਥ ਵਿਚਿ ਸਾਰਾ।
ਵਣ ਤ੍ਰਿਣ ਜਾਪ ਵਾਹਗੁਰੂ ਜੀ ਕਾ ਹੋਵੈ।
ਪਰ ਕੋਈ ਵਿਰਲਾ ਅਪਨੇ ਧਰਮ ਉਪਰਿ ਖੜੋਵੈ।੫੭੦।

ਆਦਿ ਅੰਤੁ ਹਮੇਸਾ ਏਹੁ ਹੋਂਦੀ ਆਈ।
ਜਿਸ ਦਾ ਹੋਵੈ ਰਾਜੁ, ਰਾਜੁ ਵਿਚਿ ਜਾਇ ਸਮਾਈ।
ਰਾਜਾ ਹੈ ਕਲਜੁਗ, ਪਾਪਾਂ ਦਾ ਸਿਰਦਾਰੁ।
ਧਰਮੀ ਕੋਈ ਵਿਰਲਾ, ਪਾਪੀ ਸਭ ਸੰਸਾਰੁ।੫੭੧।

ਪੰਥ ਹੈ ਗੁਰੂ ਕਾ, ਪੰਥ ਕਾ ਵਾਧਾ ਵਾਹਗੁਰੂ ਹੈ ਕਰਨਾ।
ਪਰ ਰਉਲੇ ਦੇ ਸਿਖਾਂ ਪਾਸੋਂ ਭੀ ਡਰਨਾ।
ਆਪ ਬਚਨ ਪੁਰਖ ਹੈ ਕੀਤਾ: "ਅਸਾਡਾ ਰਉਲਾ।
ਭੰਨ ਤਖਤ, ਢਾਹਿ ਛਤ੍ਰ ਮਾਰਨਾ ਹੈ ਸੁ ਸਿਰ ਦੁਸ਼ਟਾਂ ਦੇ ਪਉਲਾ"।੫੭੨।

ਇਛਾ ਪੂਰਨ ਪੁਰਖ ਦੀ ਇਸੇ ਤਰ੍ਹਾਂ ਜੋ ਹੋਈ।
ਕਿਆ ਸ਼ਕਤਿ ਹੈ, ਉਸ ਦੀ ਕੀਤੀ ਮੇਟੇ ਕੋਈ।
ਡਾਢੇ ਨਾਲ ਬਰਾਬਰਿ ਕੇਹੀ, ਜੋ ਚਾਹੇ ਸੋ ਕਰੇ।
ਸਿਖੀ ਹੈ ਅਪਨੇ ਸਾਸਾਂ ਦੀ, ਰਹੇ ਸੁਚੇਤ ਅਤੇ ਡਰੇ।੫੭੩।

ਭੇਖ ਦੇਖ ਕੇ ਭੂਲੇ ਨਾਹੀਂ, ਸੁਚੇਤੀ ਅਪਨੀ ਰਖੇ।
ਗਲੀਂ ਮਿਠਾ, ਵਿਸਾਹ ਨਾ ਖਾਏ, ਜਬ ਲਗੁ ਨਾਹੀ ਪਰਖੇ।
ਰਉਲੇ ਦੇ ਸਿਖ ਦੇਖਣ ਨੂੰ ਹਛੇ, ਅੰਦਰ ਖੋਟੇ ਬੁਰਿਆਰੇ।
ਗੁਰੂ ਨਾਲਿ ਉਨ ਸਾਕ ਨ ਕੋਈ, ਲੇਖਾ ਧਰਮਰਾਇ ਦੇ ਪਰਿਆ ਰੇ।੫੭੪।

ਖਾਵੰਦ ਸਭੇ ਕਾਰਜ ਕਰਨੇ। ਨਰਕੋਂ ਕਢਿ ਬਾਹਰਿ ਸੇ ਆਂਦੇ, ਸੋ ਭੀ ਨਰਕੇ ਵਿਚਿ ਭਰਨੇ।
ਬਾਬਾ ਨਾਨਕ ਕਢਿ ਲੈ ਆਇਆ, ਸੋ ਨਰਕ ਗਿਆ ਫਿਰਿਆਦੀ।
ਧਰਮ ਰਾਇ ਨੂੰ ਬਚਨ ਏਹ ਕੀਤਾ, ਭਰਿ ਦੇਸਾਂ ਬੈਠ ਦਸਵੀਂ ਗਾਦੀ।੫੭੫।

ਸਿਖਾਂ ਨੂੰ ਲੜ ਅਪਨੇ ਲਾਸੀ, ਅਸਿਖਾਂ ਨੂੰ ਪਕੜ ਸੰਘਾਰੇ।
ਖਾਵੰਦ ਸਭੇ ਕਾਰਜ ਕਰਨੇ ਮਾਰੇ ਕਰਿ ਕੂੜਿਆਰੇ।
ਰਾਜ-ਭਾਗ ਹੁਕਮ ਦੇ ਕੇ, ਝੂਠੇ ਕਰਸੀ।
ਦਾਤ ਉਸਦੀ ਕਰਿ ਅਪਨੀ ਜਾਨੇ, ਨਾਹੀ ਉਸ ਤੇ ਡਰਸੀ।੫੭੬।

'ਦੇਂਦੇ ਥਾਵਹੁ ਦਿਤਾ ਚੰਗਾ, ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾਂ ਕੀ, ਕਿਆ ਕਰਿ ਆਖਿ ਵਖਾਣੀਐ॥'
ਬਚਨ ਗੁਰੂ ਕੇ ਸਤਿ ਕਰਿ ਜਾਣੋ, ਗ੍ਰੰਥ ਸਾਹਿਬ ਹੈ ਕਹਿਆ।
ਲਾਜ ਬਿਰਦ ਦੀ ਸਤਿਗੁਰ ਰਖਸੀ, ਜੋ ਕੋਈ ਡਰਦਾ ਰਹਿਆ।੫੭੭।

---

੧. ਵਿਭਚਾਰੀ। ੨. ਲੁਟੇਰਾ।

ਡਰੇਗਾ ਸੁਖ ਪਾਏਗਾ, ਤੇ ਨਾਲੇ ਰਾਜ ਕਮਾਏਗਾ।
ਨ ਡਰਸੀ, ਨਰਕੇ ਪਰਸੀ, ਤੇ ਬਾਧਾ ਜਮਪੁਰ ਜਾਏਗਾ।
ਬੁਧਿ ਹੀਣ ਸਿੰਘ ਕੇਸਰ ਕਹਿੰਦਾ, ਮੈਨੂੰ ਬਖਸ਼ੋ ਭਾਈ।
ਫਲੁ ਕੀਤੇ ਦਾ ਸਭ ਕਿਸੇ ਪਾਣਾ, ਜੇਹੇ ਕਰਮੁ ਕਮਾਈ।੫੭੮।

ਰਾਮ ਰਾਮ ਸਭ ਕੋਈ ਆਖੇ, ਜਸਰਥ ਦਾ ਸੁਤ ਕਹਿਆ।
ਬ੍ਰਹਮ ਹਤਿਆ ਦਾ ਫਲੁ 'ਜਸਰਥ' ਲਗਾ, ਜੋ ਕੀਤਾ ਸੋ ਲਹਿਆ।
ਪਰਸੁਰਾਮ ਸੰਗ ਮਿਲੇ ਰਘੁਨੰਦਨ ਕਰਿ ਸੋਭਾ ਚਰਨੀਂ ਹਥਿ ਲਾਇਆ।
ਪਰਸੁਰਾਮ ਤਜ ਬਨਬਾਸੀ ਹੋਏ, ਰਾਮ ਧਾਮ ਉਠਿ ਆਇਆ।੫੭੯।

ਰਾਮ ਦਾ ਦਾਦਾ ਅਜੁ ਬਰੁ ਹੋਇਆ, ਤਿਨ ਸੁਤਾ ਦਿਜ ਨੂੰ ਦਿਤੀ।
ਕੰਪਾਮਾਲੀ, ਸਰਵਣ ਦਾ ਪਿਤਾ, ਕਰਿ ਬਿਆਹੁ ਤਿਨ ਲਿੱਤੀ।
ਭੈਣ, ਭਾਣਜਾ ਤੇ ਬਹਿਨੋਈ, ਤਿੰਨੇ ਜਸਰਥ ਮਾਰੇ।
ਅਕਸਮਾਤ[1] ਹੋਣੀ ਇਹ ਹੋਈ, ਕਰਨੀ ਸੀ ਕਰਤਾਰੇ।੫੮੦।

ਦੇਸ-ਨਿਕਾਲਾ ਰਾਮ ਨੂੰ ਹੋਇਆ, ਲੈ ਰਾਵਣ ਸੀਤਾ ਨੱਠਾ।
ਰਾਜ ਗਰਬ ਕਰਿ ਸਹਿ ਨ ਸਕਿਆ, ਕਪਿਦਲ[2] ਕੀਆ ਇਕੱਠਾ।
ਸਮੇਤ ਪਰਵਾਰ ਰਾਵਣ ਮਾਰਿਆ, ਬ੍ਰਹਮਘਾਤ ਅਤਿ ਕੀਆ।
ਉਨ ਭੀ ਅਪਨਾ ਕੀਆ ਪਾਇਆ, ਜੋ ਕੀਆ ਸੋ ਲੀਆ।੫੮੧।

ਖਤ੍ਰੀ ਹੋਇ ਬ੍ਰਹਮ-ਹਤਿਆ ਕੀਤੀ, ਇਸ ਦਾ ਫਲੁ ਕੀਕੂੰ ਜਾਏ।
ਗੁਰੂ ਪੁਛ ਤਿਨ ਜੱਗੁ ਕੀਤਾ, ਬ੍ਰਹਮਨ ਲੱਖ ਜਿਵਾਏ।
ਪੁੰਨ ਦਾਨ ਜੱਗੁ ਅਤਿ ਕੀਤੇ, ਪਰ ਬ੍ਰਹਮ ਹਤਿਆ ਦਾ ਫਲੁ ਪਾਇਆ।
ਧਾਮ ਮਲੇਛ ਦੋਊ ਜਨਮੇ, ਦਿਨ ਦੁਆਦਸੀ ਲਛਮਨ ਦਿਜ ਸੀ ਘਾਇਆ।੫੮੨।

ਰਾਮ ਸਰਵਰੁ ਢੋਡਾ ਲਛਮਣ ਗਾਵਨ, ਦੇਖੋ ਏਹੁ ਫਲੁ ਲਗੇ।
ਉਹੁ ਕਰਨੀ ਸਤਿ ਐਵੇ ਆਹੀ, ਜੋ ਕਰਸੀ ਸੋ ਪਾਸੀ ਅਗੇ।
ਜੇ ਬਖਸ਼ੇ ਤਾਂ ਤਿਸ ਵਡਿਆਈ, ਕੀਤੇ ਸਭ ਗਵਾਏ।
ਬਖਸ਼ ਭੀ ਉਸ ਦੀ ਸਹੀ ਸਚੁ, ਪਰ ਜੇ ਕਰ ਕੇ ਪਛੋਤਾਵੈ।੫੮੩।

ਡਰ ਖਾਵੰਦ ਦਾ ਚਿਤ ਭੀ ਰਖੈ, ਬਹੁਰੋ ਨਹੀਂ ਕਮਾਵੈ।
ਨਾਲੇ ਕਰੇ, ਡਰੇ ਨ ਮੂਲੋਂ, ਉਹ ਕੀਕੂੰ ਛੁਟ ਜਾਸੀ।
ਦਰ ਸਾਹਿਬ ਦਾ ਡਾਢਾ ਸੁਣੀਦਾ, ਮਤਿ ਕਰਿ ਜਾਣੋ ਹਾਸੀ।੫੮੪।

ਇਕ ਸੰਸਾਰ ਦੀ ਕੁਲ: ਗੋਤ੍ਰੀ, ਦੂਜੇ ਕੁਲਗੁਰ ਭਾਈ।
ਕੁਲ-ਹਤਿਆ ਜਾਇ ਨ ਮੂਲੇ, ਵਿਚ ਨਰਕੇ ਵਾਸਾ ਪਾਈ।
ਗੁਰ-ਭਾਈ ਕੁਲ-ਗੋਤ੍ਰੀ ਮਾਰੇ, ਏਕ ਉਦਰ ਕੇ ਕਾਰਨ।
ਫਲੁ ਇਨ੍ਹਾਂ ਦਾ ਅਗੇ ਪਾਇਅਸੁ, ਕਹੇ ਸ਼ਾਸਤ੍ਰ ਬੇਦ ਪੁਕਾਰਨ।੫੮੫।

---

੧. ਅਚਾਨਕ। ੨. ਬਾਨਰ ਸੈਨਾ।

ਰਉਲੇ ਦੇ ਸਿਖ ਜੋ ਪੈਦੇ ਹੋਸਨਿ, ਸੋ ਇਹ ਕਰਮੁ ਕਮਾਵਣਗੇ।
ਵਿਸ਼ਵਾਸ-ਘਾਤੀ ਅਕ੍ਰਿਤਘਣੀ ਚੋਰੀ ਯਾਰੀ ਧਾੜੇ ਨੂੰ ਉਠ ਧਾਵਣਗੇ।
ਦੇਖਣ ਨੂੰ ਸਿਖ ਸੁੰਦਰ ਸੋਹਣੇ, ਨ ਵਿਸਾਹ ਤਿਨਾਂ ਦੀ ਕੀਜੈ।
ਐਸੇ ਭੀ ਪ੍ਰਗਟਿ ਹੋਸਨ ਪੰਥ ਮੈ, ਤਿਨਾਂ ਪ੍ਰਤੀਤ ਨ ਕੀਜੈ।੫੮੬।

ਸਿਖ ਗੁਰੂ ਕਾ ਰਹੇ ਸੁਚੇਤ, ਜੈਸਾ ਦੇਖੇ ਤੈਸਾ ਵਰਤੇ।
ਅਪਨਾ ਘਰ ਰਾਖੇ, ਮੰਦਾ ਨ ਭਾਖੇ, ਸਭ ਉਪਾਏ ਕਰਤੇ।
'ਬਿਪ੍ਰੀਤ ਬੁਧੇ ਬਿਨਾਸ ਕਾਲੇ।' ਸਭ ਜਗ ਕਹਿੰਦਾ ਹੈ ਐਸੇ ਚਾਲੇ।੫੮੭।

ਜਬ ਪੰਥ ਰਉਲੇ ਦਾ ਪ੍ਰਗਟ ਹੋਵੈਗਾ।
ਤਾਂ ਪ੍ਰੀਤ ਭਾਉ ਅਦਬ ਗ੍ਰੰਥ ਸਾਹਿਬ ਦਾ ਖੋਵੈਗਾ।
ਜਾ ਅੰਤ ਸਮਾਂ ਪੰਥ ਦਾ ਆਵੈਗਾ। ਤਾ ਰਉਲੇ ਦਾ ਪੰਥ ਉਪਜਾਵੈਗਾ।੫੮੮।

ਜਾ ਕਰਨ ਲਗਣਗੇ ਕਰਮ ਹੀਣ। ਤਬ ਤੇਜੁ-ਬਲੁ ਸਭੁ ਹੋਇ ਜਾਸੀ ਖੀਣ।
'ਤਪੋ ਰਾਜੁ ਤੇ ਰਾਜੋਂ ਨਰਕੁ'। ਇਸ ਮੈ ਰੱਤੀ ਨ ਜਾਨੋ ਫਰਕੁ।੫੮੯।

ਸਿਖੀ ਮੂਲ ਨਾ ਜਾਣਾ ਹੈ। ਪਰਦੇਸੋ ਉਠ ਸਿਧਾਣਾ ਹੈ।
ਜਾਇ ਕਰਸੀ ਦੂਰ ਟਿਕਾਣਾ ਹੈ। ਇਹ ਵੀ ਵਰਤੇ, ਸਤਿਗੁਰਾਂ ਦਾ ਭਾਣਾ ਹੈ।੫੯੦।

ਸਿਖੀ ਜੰਮੀ ਸੀ ਰਾਵੀ ਦੇ ਕੰਢੇ, ਕਰਤਾਰਪੁਰ।
ਪ੍ਰਗਟ ਹੋਈ ਗੁਰੂ ਅੰਗਦ ਦੇ ਜਾਮੇ, ਚਲੀ ਆਈ ਧੁਰੋਂ ਧੁਰ।
ਸਿੰਘੀ ਜਨਮੀ ਪਹਾੜ ਤਲੀ ਅਨੰਦਪੁਰ।
ਪ੍ਰਗਟ ਕੀਤੀ ਦਸਵੇਂ ਪਾਤਸ਼ਾਹ, ਸਭ ਦੇਸ ਵਰਤੀ ਟੁਰ ਟੁਰ।੫੯੧।

ਮਦਰ ਦੇਸ ਦੇ ਤਲਵਰੀਆਂ ਪਾਸੋਂ ਸਿਖੀ ਸਿੰਘੀ ਡਰੇਗੀ।
ਦੂਰ ਜਾਇ ਪਰਦੇਸ, ਸਿਖੀ ਕਿਰਤੀਆਂ ਦੇ ਘਰਿ ਵੜੇਗੀ।
ਸਮਾ ਪਾਇ ਉਥੋਂ ਭੀ ਉਠ ਜਾਸੀ। ਨਾਨਕ ਪੁਰੀ ਜਾਇ ਡੇਰਾ ਪਾਸੀ।੫੯੨।

ਤਰਵਰੀਏ[੧] ਅਸਿਖ ਸਿਖਾਂ ਨੂੰ ਮਾਰਨਗੇ। ਗਰੀਬਾਂ ਨੂੰ ਲੁਟ-ਪੁਟ ਦੇਸ ਉਜਾੜਨਗੇ।
ਐਦੂੰ ਪਾਪ ਕੀ ਹੋਣਾ ਹੈ। ਅੰਤ ਕਾਲ ਅਸਿਖਾਂ ਰੋਣਾ ਹੈ।੫੯੩।

ਪਰਸੁਰਾਮ ਜੋ ਖਤ੍ਰੀ ਮਾਰੇ ਸੇ। ਖਤ੍ਰੀਆਂ ਘਰਿ ਦੈਂਤਾਂ ਜਨਮ ਆਇ ਧਾਰੇ ਸੇ।
ਤਾਂ ਭੀ ਸਨਮੁਖ ਹਥੁ ਨਾ ਦਿਜ ਦੇ ਕਿਸੇ ਕੀਤਾ ਸੀ।
ਸੀਸ ਦੇ ਕੇ ਧਰਮ ਖਤ੍ਰਮ[੨] ਦਾ ਰਖ ਲੀਤਾ ਸੀ।੫੯੪।

ਦਿਜ ਸਨਮੁਖ ਹਥੁ ਨ ਕਿਨੇ ਉਠਾਇਆ ਸੀ।
ਸਿਰ ਦਿਤਾ ਧਰਮ ਖਤ੍ਰਮ ਦਾ ਨਾ ਗਵਾਇਆ ਸੀ।
ਇਸ ਜੁਗਤਿ ਪੰਥ ਵਿਚ ਜੰਮਨਗੇ ਦੈਂਤ, ਅਸਿਖ ਸਿਖਾਂ ਨੂੰ ਮਾਰਨਗੇ।
ਦੋਹੀਂ ਵਲੋਂ ਹੋਸੀ ਇਕੋ ਬਿਰਦੁ, ਸੋ ਨਹੀਂ ਮੂਲ ਨਿਹਾਰਨਗੇ।੫੯੫।

---

੧. ਤਲਵਾਰੀਏ, ਮਾਰਖੋਰ। ੨. ਖੱਤਰੀਆਂ ਦਾ ਬੀਰ ਧਰਮ।

ਹੋਵਣਗੇ ਦੈਂਤ ਅਸਿਖ, ਬਿਰਦੁ ਸਿਖੀ ਦਾ ਧਰਿ ਆਵਨਗੇ।
ਹੋਣਗੇ ਮਦ੍ਰ ਦੇਸ ਪੈਦੇ, ਸਿਖੀ ਸਿੰਘੀ ਦੋਨੋ ਗਵਾਵਨਗੇ।
ਜਿਸ ਦਾ ਹੋਵੈ ਰਾਜੁ, ਤਿਸ ਵਿਚਿ ਦੈਂਤਾਂ ਜਨਮ ਧਰਿ ਆਵਣਾ।
ਤਿਨ੍ਹਾਂ ਰਾਜਿਆਂ ਦੀ ਘਰੀਂ, ਉਹਾ ਰੂਪ ਧਾਰਿ ਕੈ ਦੈਂਤਾਂ ਜਨਮ ਪਾਵਣਾ।੫੯੬।

ਦੈਂਤ ਪੰਥ ਵਿਚਿ ਧਰਿ ਅਉਤਾਰ ਆਵਣਗੇ। ਉਹ ਸਿਖੀ ਸਿੰਘੀ ਦੋਵੇਂ ਮਾਰ ਗਵਾਵਣਗੇ।
ਸਿਖਾਂ ਕਿਰਤੀਆਂ ਪਾਸੋਂ ਸਿਖੀ ਨਹੀਂ ਜਾਣੀ ਹੈ।
ਸਿਖਾਂ ਰਉਲੇ ਦਿਆਂ, ਸਿਖੀ ਮਾਰੁ ਹਟਾਣੀ ਹੈ।੫੯੭।

ਮਦ, ਬੇਸਵਾ, ਕਰਮ ਦੈਂਤਾਂ ਦੇ ਕਮਾਵਣਗੇ।
ਤੱਤੇ ਸੇਤੀ ਹੇਤ, ਘਰਿ ਤੱਤੇ ਨਾਰੀ ਪਾਸ ਰਖਾਵਨਗੇ।
ਰਉਲੇ ਦੇ ਸਿਖ ਹਵਾਲੇ ਰਾਇ ਧਰਮ ਦੇ। ਫਲੁ ਦੇਸੀ ਕੀਤੇ ਕਰਮ ਅਕਰਮ ਦੇ।੫੯੮।

ਉਨ੍ਹਾਂ ਗੁਰੂ ਨਾਲਿ ਕੁਛੁ ਦਾਅਵਾ ਹੈ। ਉਨ੍ਹਾਂ ਸਤਿਗੁਰ ਥੀਂ ਲਿਆ ਬਿਦਾਵਾ ਹੈ।
ਨ ਉਹ ਗੁਰੂ ਦੇ, ਨ ਗੁਰੂ ਉਨ੍ਹਾਂ ਦਾ। ਸੁਨੋ ਬਚਨ ਗੁਰੂ ਕੇ ਵਾਕ ਸਦਾ।੫੯੯।

'ਸਿਖ ਉਬਾਰਿ ਅਸਿਖ ਸੰਘਰੋ॥' ਸੋਈ ਅਸਿਖ, ਜੋ ਗੁਰ ਬਚਨਾਂ ਤੇ ਹਾਰੋ।
ਦੇਖਨ ਨੂੰ ਸਿਖ, ਕਰਮ ਅਸਿਖਾਂ ਦੇ। ਅੱਡੀ ਚੋਟੀ ਤੋੜੀ ਭਰੇ ਵਿਖਾਂ ਦੇ।੬੦੦।

ਉਨ੍ਹਾਂ ਤੇ ਸੁਕ੍ਰਿਤ ਮੂਲ ਨ ਹੋਣਾ ਹੈ। ਉਨ੍ਹਾਂ ਬੁਰਿਆਈ ਨੂੰ ਉਠ ਖਲੋਣਾ ਹੈ।
ਪਿਛਲਾ ਕੀਤਾ ਪੁੰਨ ਉਨ੍ਹਾਂ ਆਪਣਾ ਖੋਣਾ ਹੈ। ਅੰਤਕਾਲ ਉਨ੍ਹਾਂ ਹੀ ਰੋਣਾ ਹੈ।੬੦੧।

ਗ੍ਰੰਥ ਸਾਹਿਬ ਜੀ ਆਖ ਸੁਣਾਇਆ ਹੈ। ਸੋਈ ਬਚਨ ਕਰਿ ਅਸਾਂ ਭੀ ਗਾਇਆ ਹੈ:
'ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥'੬੦੨।

ਸ਼ਾਸਤ੍ਰ ਬੇਦ ਗ੍ਰੰਥ ਪਏ ਕਹਿੰਦੇ ਹੈਨ। ਪਰ ਅਸਿਖ ਨ ਪਾਪੀ ਮੰਦੇ ਕਰਮਾਂ ਥੀਂ ਰਹਿੰਦੇ ਹੈਨਿ।
ਦੈਂਤ-ਬੁੱਧਿ ਗ੍ਰੰਥ ਸਾਹਿਬ ਪਾਸ ਭੀ ਜਾਇ ਬਹਿੰਦੇ ਹੈਨ।
ਪਰ ਬੁਰਿਆਂ ਕਰਮਾਂ ਥੀ ਮੂਲ ਨ ਰਹਿੰਦੇ ਹੈਨਿ।੬੦੩।

ਜੇ ਭੁਲੇ ਚੁੱਕੇ ਗ੍ਰੰਥ ਜੀ ਪਾਸ ਜਾਵਣਗੇ। ਤੌਂ ਹਾਸਾ ਠੱਠਾ ਕਰਕੇ ਆਵਣਗੇ।
ਉਨ੍ਹਾਂ ਦੇ ਕਹੋ ਜੀ ਕਿਆ ਹਥਿ ਹੈ। ਉਹੁ ਕਰਨ-ਕਾਰਨ ਸਮਰੱਥ ਹੈ।੬੦੪।

ਗ੍ਰੰਥ ਸਾਹਿਬ ਜੀ ਅਗੇ ਹੀ ਆਖ ਬਖਾਨਾ ਹੈ। ਗੁਰ ਕਿਰਪਾ ਤੇ ਸਮਾ ਪਛਾਨਾ ਹੈ।
ਅਗੇ ਐਸਾ ਸਮਾਂ ਦਾਰਨ ਆਵੈਗਾ। ਕੋਈ ਸੰਤ ਵਿਰਲਾ ਰਹਿਣਾ ਪਾਵੈਗਾ।੬੦੫।

**ਗਉੜੀ ਬੈਰਾਗਣਿ ਮਹਲਾ ੧**

'ਗੁਰਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ॥੧॥
ਬਿਨੁ ਗੁਰਸਬਦ ਨ ਛੂਟੀਐ ਦੇਖਹੁ ਵੀਚਾਰਾ॥
ਜੇ ਲਖ ਕਰਮ ਕਮਾਵਹੀ ਬਿਨੁ ਗਰ ਅੰਧਿਆਰਾ॥੧॥ ਰਹਾਉ॥

ਅੰਧੇ ਅਕਲੀ ਬਾਹਰੇ, ਕਿਆ ਤਿਨ ਸਿਉ ਕਹੀਐ॥
ਬਿਨੁ ਗੁਰ ਪੰਥੁ ਨ ਸੂਝਈ, ਕਿਤੁ ਬਿਧਿ ਨਿਰਬਹੀਐ॥੨॥

ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ॥
ਅੰਧੇ ਕਾ ਨਾਉ ਪਾਰਖੂ, ਕਲੀ ਕਾਲ ਵਿਡਾਣੈ॥੩॥

ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥
ਜੀਵਤ ਕਉ ਮੂਆ ਕਹੈ, ਮੂਏ ਨਹੀ ਰੋਤਾ॥੪॥

ਆਵਤ ਕਉ ਜਾਤਾ ਕਹੈ, ਜਾਤੇ ਕਉ ਆਇਆ।
ਪਰ ਕੀ ਕਉ ਅਪੁਨੀ ਕਹੇ, ਅਪੁਨੋ ਨਹੀ ਭਾਇਆ॥੫॥

ਮੀਠੇ ਕਉ ਕਉੜਾ ਕਹੈ, ਕੜੂਏ ਕਉ ਮੀਠਾ॥
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥੬॥

ਚੇਰੀ ਕੀ ਸੇਵਾ ਕਰਹਿ, ਠਾਕੁਰੁ ਨਹੀ ਦੀਸੈ॥
ਪੋਖਰੁ ਨੀਰ ਵਿਰੋਲੀਐ ਮਾਖਨ ਨਹੀ ਰੀਸੈ॥੭॥

ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ॥
ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ॥੮॥'।੬੧੩।

ਐਸੀ ਬੁਧਿ ਸਭ ਦੀ ਚਲਿ ਜਾਇਗੀ। ਕਿਸੇ ਗੁਰੂ ਸਿਖ ਸੰਤ ਦੀ ਰਹਿਣੀ ਨ ਪਾਇਗੀ।
ਸਿਖੀ ਸਾਸਾਂ ਦੀ ਆਪ ਕਮਾਵੈ ਗੁਰ ਬਿਨ ਹੋਰ ਨ ਜਾਣੇ।
ਪਰਾਏ ਅਉਗਣ ਚੁਣੇ ਨ ਮੂਲੇ, ਸਭ ਵਰਤੇ ਉਸ ਦੇ ਭਾਣੇ।੬੧੪।

ਗੁਰੂ ਕਾ ਸਿਖ ਗੁਰੂ ਕੇ ਵਾਕ ਪਛਾਣੇ। ਗੁਰੂ ਬਿਨਾ ਹੋਰ ਨ ਕਿਸੇ ਜਾਣੇ।
ਸਤਿਗੁਰਾਂ ਖੋਲ੍ਹ ਖੋਲ੍ਹ ਕੇ ਕਹਿਆ ਹੈ। ਉਨ੍ਹਾਂ ਦੇ ਕਹਿਣੇ ਵਿਚਿ ਫਰਕ ਨ ਰਹਿਆ ਹੈ।੬੧੫।

'ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ॥੧॥

ਹਰਿ ਰੁਖੀ ਰੋਟੀ ਖਾਇ ਸਮਾਲੇ॥ ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ॥
ਖਾਇ ਖਾਇ ਕਰੇ ਬਦਫੈਲੀ, ਜਾਣੁ ਵਿਸੂ ਕੀ ਵਾੜੀ ਜੀਉ॥੨॥

ਸੰਤਾ ਸੇਤੀ ਰੰਗੁ ਨ ਲਾਏ॥ ਸਾਕਤ ਸੰਗਿ ਵਿਕਰਮ ਕਮਾਏ॥
ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ॥੩॥'।੬੧੯।

**ਚੌਪਈ**—ਗੁਰੂ ਨਾਨਕ ਦਾ ਲੜ ਪਕੜੋ ਸਿਖੋ! ਜੋ ਅਗੇ ਮੁਦੱਈ ਹੋਸੀ।
ਪਤਿਤ ਉਧਾਰਨ ਨਾਮ ਧਨੀ ਕਾ, ਪਰ ਜੇ ਗੁਰੂ ਨਾਨਕ ਨਾਲਿ ਖੜੋਸੀ।
ਗੁਰੂ ਬਿਨਾ ਗਤਿ ਕਿਨੈ ਨਾ ਪਾਈ, ਸਤਿਗੁਰ ਦਾ ਲੜ ਫੜੀਐ।
ਓੜਕ ਸਤਿਗੁਰਾਂ ਹੈ ਛੁਡਾਵਣਾ ਜੇਕਰ ਸਤਿਗੁਰਾਂ ਦੀ ਬੇੜੀ ਚੜੀਐ।੬੨੦।

ਕਰਿ ਬਿਚਾਰ ਮੈ ਕਥਾ ਬਨਾਈ। ਸਭ ਕੋਈ ਲੈ ਪੜ੍ਹਸੀ।
ਬੁਧਵਾਨ ਜੋ ਕੋਈ ਸਿਖ ਲਿਖਣ ਦੀ ਮਨਸਾ ਕਰਸੀ।
ਸਭ ਤੀਰਥ ਨ੍ਹਾਤੇ ਦਾ ਫਲ ਹੋਵੈ ਬੁਧਿ ਭੀ ਉਜਲ ਹੋਸੀ।
ਅਪਨੇ ਧਰਮ ਦਾ ਨਿਸਚਾ ਹੋਵੈ, ਅਗੇ ਪਾਪੁ ਨ ਹੋਸੀ।੬੨੧।

ਗੁਰੂ ਕਾ ਸ਼ਿਖ ਹਤ-ਹਿੰਸਾ ਨ ਮੂਲੇ ਕਰੇ। ਮਿਹਰ ਦਇਆ ਮਨ ਅਪਨੇ ਧਰੇ।
ਹਤ-ਹਿੰਸਾ ਦੇ ਰਾਹਿ ਨ ਰਾਵੈ।
ਜਬ ਲਗ ਜੀਵੈ, ਦਇਆ ਮਿਹਰ ਲਗ ਸਾਸ ਕਮਾਵੈ।੬੨੨।

ਸੰਮਤੁ ਮਿਤੀ ਭੁਲ ਕੇ ਨਹੀਂ ਲਿਖੇ। ਮਤਿ ਕਿਛ ਅਗੇ ਪਿਛੇ ਕਰ ਬਹੇ।
ਉਸ ਦਾ ਕੁਛੁ ਜਾਣਾ ਨਾਹੀਂ, ਲੋਕ ਮੈਨੂੰ ਭੁੱਲਾ ਕਹੇ।
ਮੈਂ ਤਾਂ ਭੁੱਲਾ ਮੂਰਖ ਬਣਿਆ, ਅਗੇ ਲਿਖਣ ਵਾਲਾ ਫਲੁ ਪਾਏ।
ਲਿਖੇ-ਪੜ੍ਹੇ ਤੇ ਆਪ ਕਮਾਵੈ, ਚਉਰਾਸੀ ਮੂਲ ਨਾ ਜਾਏ।੬੨੩।

ਸੰਮਤੁ ਮਹੀਨਾ ਸੋਧ ਕੇ ਲਿਖੇ ਜਿਉਂ ਕਾ ਤਿਉਂ ਹੀ ਲਿਖੇ।
ਅਗੇ ਪਿਛੇ ਹੋਵੈ ਨਾਹੀ, ਸਮਝ ਸੋਧ ਕੇ ਦਿਖੇ।
ਸੱਤਰ ਬਰਸ ਸੋਧ ਮੈਂ ਕੀਤੀ, ਤਾਂ ਇਹ ਕਥਾ ਬਣਾਈ।
ਦਿਲੀ ਦਰਬਾਰ ਮਾਤਾ ਜੀ ਦੇ ਜਾਇ ਬੈਠਾ, ਕੁਛ ਉਥੋਂ ਸੁਣ ਮਨ ਵਸਾਈ।੬੨੪।

ਹੋਰ ਸੰਗਤ ਵੱਡਿਆਂ ਗੁਰਮੁਖਾਂ ਦੀ ਕੀਤੀ ਤਿਨ ਪਾਸੋਂ ਭੀ ਸੁਣਿਆ।
ਪੰਡਤ ਪਾਂਧੇ ਪੁਛ ਸਿਆਣੇ, ਕਰਿ ਸੰਭਾਲ ਗੁਣ ਗੁਣਿਆ।
ਗੁਰੂ ਕੇ ਸਿਖ ਨੂੰ ਸਿਖੀ ਪਿਆਰੀ; ਸਮਝ ਸੋਚ ਜਾਚ ਕੇ ਲਿਖੇ।
ਜਨਮ ਮਰਨ ਤੇ ਰਹਿਤ ਸੋ ਹੋਸੀ, ਗੁਰ ਵਾਕ ਪਛਾਣ ਕੇ ਦਿਖੇ।੬੨੫।

ਅੱਸੂ ਸੁਦੀ ਇਕਾਦਸੀ, ਇਹ ਪੋਥੀ ਪੂਰੀ ਕੀਤੀ।
ਟੁੱਟੀ ਭੰਨੀ ਜੋੜ ਜਾੜ ਸਾਬਤ ਕਰ ਲੀਤੀ।
ਸੰਮਤੁ ਅਠਾਰਾਂ ਸੈ ਛੱਬੀ ਸੇ ਬੀਤੇ, ਭੋਗ ਪੋਥੀ ਦਾ ਪਾਇਆ।
ਗੁਰੂ ਨਾਨਕ ਦੀ ਚਰਨੀਂ ਅਗੇ ਜੋ ਦਸ ਜਾਮੇ ਧਰਿ ਆਇਆ।੬੨੬।

'ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥'
ਸਭ ਜਗ ਈਵੇਂ ਕਹਿੰਦਾ ਹੈ, ਪਰ ਕਰਨੋ ਮੂਲ ਨ ਰਹਿੰਦਾ ਹੈ।
ਜੋ ਕਰਸੀ, ਸੋਈ ਪਾਸੀ, ਕੁਛ ਇਸ ਮੈ ਨਾਹੀ ਹਾਸੀ।
ਉਹੁ ਕੀਤੇ ਬਖਸ਼ਨਹਾਰਾ ਹੈ। ਜੋ ਛਡਿ ਬੈਠੇ ਪਕੜ ਕਿਨਾਰਾ ਹੈ।੬੨੭।

ਸਿੰਘ ਕੇਸਰ 'ਛਿਬਰ' ਮੂਰਖ ਹੈ। ਦੇਖਣ ਨੂੰ ਚੰਗੀ ਸੂਰਤ ਹੈ।
ਦੇਖਣ ਨੂੰ ਸੋਨਾ ਬਾਰਾ ਹੈ[1]। ਭੀਤਰ ਭਰੀ ਭੰਗਾਰਾ ਹੈ।੬੨੮।

ਦੇਖਣ ਨੂੰ ਰੁਪਯਾ ਟਕਸਾਲੀ ਹੈ। ਭੀਤਰ ਖੋਟਾ ਖਾਲੀ ਹੈ।
ਦੇਖਣ ਨੂੰ ਚਿੱਟਾ ਚਾਂਦੀ ਹੈ। ਭੀਤਰ ਭਰੀ ਭੰਗਾਰਾਂ[2] ਦੀ ਹੈ।੬੨੯।

ਦੇਖਣ ਨੂੰ ਚਤੁਰ ਗਿਆਨੀ ਹੈ। ਮਨ ਅਪਨੇ ਇਕ ਨ ਮਾਨੀ ਹੈ।
ਵਿਚ ਮਜਲਸ ਬੈਠਾ ਸ਼ੋਭਾ ਪਾਂਦਾ ਹੈ। ਅਤੇ ਮਨ ਵਿਕਾਰਾਂ ਨੂੰ ਚਲਿ ਜਾਂਦਾ ਹੈ।
ਉਤਮ ਜਾਮਾ ਬ੍ਰਹਮਨ ਹੈ। ਕਛੁ ਵਿਦਿਆ ਨ ਸਿਖੀ ਦੇ ਮਨ ਹੈ।
ਦੇਖਣ ਨੂੰ ਬਿਰਧ ਅਵਸਥਾ ਹੈ। ਮਨ ਵਿਕਾਰਾਂ ਵਿਚਿ ਨਸਦਾ ਹੈ।੬੩੦।

---

੧. ਬਾਰਾਂ ਵੰਨੀ ਦਾ ਸੋਨਾ, ਭਾਵ ਬਹੁਤ ਸ਼ੁੱਧ। ੨. ਧਾਤ ਦੀ ਮੈਲ।

ਦੇਖਣ ਨੂੰ ਕੇਸਾਧਾਰੀ ਹੈ। ਅਤੇ ਮਨ ਖੋਟਾ ਕੂੜਿਆਰੀ ਹੈ।
ਸ਼ਬਦ ਬਾਣੀ ਵੀ ਪੜ੍ਹਦਾ ਹੈ ਅਤੇ ਫੇਰ ਕੁਸੰਗਤਿ ਵਿਚ ਵੜਦਾ ਹੈ।
ਉਤਮ ਜਾਮਾ ਬ੍ਰਹਮਨ ਹੈ। ਪਰ ਵਸਿ ਨ ਆਇਆ ਅਹਿ ਮਨ ਹੈ।
ਧਰਮ ਚੰਦ ਗੁਰੂ ਕੇ ਖਜ਼ਾਨਚੀ ਦਾ ਨਾਤੀ[1] ਹੈ।
ਅਤੇ ਗੁਰੂ ਕੀ ਵਡਿਆਈ ਇਕ ਨ ਜਾਤੀ ਹੈ।੬੩੧।

ਗੱਲੀਂ ਚਤੁਰ ਸਿਆਣਾ ਹੈ। ਅਤੇ ਕੰਮ ਨੂੰ ਬਾਲ ਇਆਣਾ ਹੈ।
ਲੋਕਾਂ ਨੂੰ ਗਿਆਨ ਸਮਝਾਂਦਾ ਹੈ। ਅਤੇ ਆਪ ਨ ਮੂਲ ਕਮਾਂਦਾ ਹੈ।
ਦੇਖਣ ਨੂੰ ਉਜਲ ਚਿੱਟਾ ਹੈ ਅਤੇ ਅੰਦਰੋਂ ਫਿਰਦਾ ਫਿੱਟਾ ਹੈ।
ਬਾਹਰ ਦੇਖਨ ਨੂੰ ਬਡਾ ਤਿਆਗੀ ਹੈ। ਅੰਦਰ ਲੋਭ ਦੀ ਆਤਸ਼ ਲਾਗੀ ਹੈ।੬੩੨।

ਹੈ ਪਾਪੀ ਮਸਕਰਾ ਵਡਾ ਵੇਕਰਮੀ ਹੈ। ਪਰੁ ਪਿਆ ਗੁਰੂ ਕੀ ਸਰਨੀ ਹੈ।
ਇਹ ਇਕ ਨਇਆ ਪੁਸਤਕ ਬਨਾਇਆ ਹੈ। ਜੋ ਸੰਤ ਜਨਾਂ ਦੀ ਰਸਨੀਂ ਸੁਨ ਪਾਇਆ ਹੈ।
ਮੈਂ ਤਾਂ ਸੋਧ ਬਿਚਾਰ ਕੇ ਕੀਤਾ ਹੈ। ਬਾਲਕ ਅਵਸਥਾ ਦੀ ਲਗੀ ਪ੍ਰੀਤਾ ਹੈ।੬੩੩।

ਮੈਂ ਤਾਂ ਮੂਰਖ ਹੋਇ ਝਖ ਮਾਰੀ ਹੈ। ਜੇ ਅਗੇ ਅਸੁਧੁ ਨ ਕਰੇ ਲਿਖਾਰੀ ਹੈ।
ਕੀ ਲੈਣਾ ਹੈ ਏਡਾ ਪੁਸਤਕ ਆਖ ਕੇ। ਮੈਨੂੰ ਕਿਸੇ ਨ ਰਖਿਆ ਠਾਕ ਕੇ।੬੩੪।

ਝੱਲਿਆਂ ਦੀ ਏਹੁ ਨਿਸ਼ਾਨੀ ਹੈ। ਹੋਵੈ ਥੋੜ੍ਹੀ, ਅਤੇ ਕਰੇ ਵਡੀ ਕਹਾਨੀ ਹੈ।
ਇਕ ਤੁਕ ਦਾ ਪੁਛਿਆ ਅਰਥ ਹੈ। ਅਤੇ ਬਣਾਇਆ ਏਡਾ ਗ੍ਰੰਥ ਹੈ।
ਹੁਣ ਦੂਰ ਨ ਕੀਤਾ ਚਾਹੀਐ। ਜਿਵੇਂ ਨਿਭੇ, ਤਿਵੇਂ ਨਿਬਾਹੀਐ।
ਦਰ ਸਾਂਈ ਦਾ ਅਵੱਲਾ ਅਵੱਲਾ ਹੈ।
ਉਥੇ ਵਡਿਆਈ ਅਤੇ ਚਤੁਰਾਈ ਨੂੰ ਪਉਂਦਾ ਖਲਾ[2] ਹੈ।੬੩੫।

ਉਥੇ ਆਜਜ਼ੀ ਪਰਵਾਨ ਗਰੀਬੀ ਹੈ। ਗਰੀਬੀ ਸਭ ਦੀ ਬੀਬੀ ਹੈ।
'ਨਾਨਕੁ ਗਰੀਬੁ ਢਹਿ ਪਇਆ ਦੁਆਰੈ; ਹਰਿ ਮੇਲਿ ਲੈਹੁ ਵਡਿਆਈ॥'
ਅਸਾਡੇ ਸਤਿਗੁਰਾਂ ਭੀ ਗਰੀਬੀ ਗਾਈ ਹੈ। ਬੇਦ ਪੁਰਾਨ ਸ਼ਾਸਤ੍ਰ ਭੀ ਸਾਖ ਪਾਈ ਹੈ।
ਜੋ ਗਰੀਬ ਹੋਇ ਗੁਨ ਗਾਵੈਗਾ। ਸੋ ਅਗੇ ਸ਼ੋਭਾ ਪਾਵੈਗਾ।੬੩੬।

**ਦੋਹਰਾ**—ਸਭ ਅਵਗੁਨ ਹੈਂ ਮੁਝ ਮੈ, ਅਵਰ ਨ ਕਾਹੂੰ ਦੋਸ਼।
ਚਾਤੁਰ ਬਡਾ ਕਹਾਵਨਾ, ਬੁਧਿ ਅਕਲ ਨ ਗਹੀਓਸੁ।੬੩੭।

'ਤੁਲਸੀ'[3] ਭਰੋਸੇ ਰਾਮ ਕੇ, ਪਾਪ ਕੀਏ ਅਘ ਕੋਟ।
ਜੈਸੇ ਨਾਰਿ ਛਿਨਾਰਿ ਕੋ, ਬਡੀ ਖਸਮ ਕੀ ਓਟ।੬੩੮।

**ਕਬਿੱਤ**—ਜੈਸੇ ਤੋ ਛਲਨੀ ਮਾਂਝ ਹੋਤ ਹੈ ਅਨੇਕ ਛਿਦ੍ਰ,
ਕਰੁਵਾ ਕੀ ਨਿੰਦਾ ਕਰੇ ਕੈਸੇ ਬਨ ਆਵੈ ਜੂ।
ਜੈਸੇ ਬਾਬੂਰ ਭਰਪੂਰ ਹੋਤ ਹੈ ਸੂਰਨ ਕੇ, ਕਮਲ ਕਟੀਲ ਕਹੈ, ਕਾਹੂ ਨ ਸੁਖਾਵੈ ਜੂ।

---

੧. ਪੋਤਾ। ੨. ਜੁੱਤੀ। ੩. ਤੁਲਸੀਦਾਸ।

ਜੈਸੇ ਬਾਇਸ ਉਪਹਾਸੁ ਕਰੈ ਮਰਾਲਪਤਿ ਛਾਡਿ ਮੁਕਤਾਹਲ ਦੁਰਗੰਧ ਲਿਵ ਲਾਵੈ ਜੂ।
ਤੈਸੇ ਹਉ ਅਪ੍ਰਾਧੀ, ਕੋਟ ਕੋਟਨ ਅਪ੍ਰਾਧ ਭਰਿਆ,
ਸਕਲ ਸੰਸਾਰ ਕੋ ਬਿਕਾਰ ਮੋਹਿ ਭਾਵੈ ਜੂ।੬੩੯।

ਭਗਤ ਵਛਲ ਸੁਨਿ ਹੋਤ ਹੋ ਨਿਰਾਸ ਰਿਦੈ, ਪਤਿਤ ਪਾਵਨ ਸੁਨਿ ਆਸਾ ਉਰ ਧਾਰਿ ਹੌਂ॥
ਅੰਤਰਜਾਮੀ ਸੁਨਿ ਕੰਪਤ ਹੋਂ ਅੰਤਰਿਗਤਿ, ਦੀਨ ਕੋ ਦਇਆਲ ਸੁਨਿ ਭ੍ਰਮ ਭੈ ਟਾਰਿ ਹੌਂ॥
ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ, ਚੰਦਨ ਸੁਗੰਧ ਸਨਬੰਧ ਮੈਲਾਗਰ ਹੌਂ॥
ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ, ਤੁਮਰੇ ਬਿਰਦੁ ਕਰਿ ਆਸਰੋ ਸਮਾਰ ਹੌਂ॥੬੪੦।[1]

ਏ ਸੰਤਾਂ ਕੇ ਬਚਨ ਜੋ ਸਚੀ ਮੁਚੀ ਪਕੇ ਹੋਇ। ਤਾਂ ਸਿੰਘ ਕੇਸਰ ਨੂੰ ਡਰ ਨਹੀਂ ਕੋਇ।
ਡਿਗਨ ਨ ਦੇਸੀ ਸਤਿਗੁਰ ਟੋਇ।੬੪੧।

ਬਿਰਧ ਅਵਸਥਾ, ਡਿਸੇ ਮੱਠਾ, ਅਠਾਸਠਾ[2] ਕਰਿ ਲਿਤਾ।
ਸਾਰੀ ਹਕੀਕਤਿ ਲਿਖਣ ਨ ਹੋਈ, ਕੁਛ ਥੋੜਾ ਜਿਹਾ ਕਿਤਾ।੬੪੨।

ਚਉਦਾਂ ਚਰਨ ਸਮਾਪਤ ਹੋਏ, ਗੁਰ ਸਤਿਗੁਰ ਕੇ ਪ੍ਰਸਾਦਿ।
ਮਨ ਪਰਸੰਨੁ ਬੁਧਿ ਉਜਲ ਹੋਵੈ, ਸੇਵੋਂ ਗੁਰੁ ਉਸਤਾਦ।੬੪੩।

**ਮਾਝ।**

ਆਜਿਜ਼ ਨੂੰ ਅਜ਼ਮਾਏ ਨ ਮੂਲੇ, ਆਜਜ਼ ਤਾਉ ਨ ਸਹਿਸੀ।
ਕੰਚ ਦੇ ਕੰਗਣਿ ਦਾ ਕੀ ਠਨਕਾਰਨੁ ਠੋਕਰ ਲਗੀ ਭਜਿ ਵੈਸੀ।
ਜੇ ਤੂੰ ਆਜਜ਼ ਨੂੰ ਅਜ਼ਮਾਵਣ ਲੱਗੋਂ, ਤਾਂ ਆਜਜ਼ ਦਾ ਕਿਛੁ ਨ ਰਹਿਸੀ।
ਆਜਜ਼ ਦਰ ਤੇਰੇ ਹੈ ਢੱਠਾ, ਤੂੰ ਰਖੇਂ ਤਾਂ ਰਹਿਸੀ।੬੪੪।

**ਦੋਹਰਾ**—ਸਿੰਘ ਕੇਸਰ 'ਛਿਬਰ' ਦੀ ਬੇਨਤੀ, ਸਭੇ ਸੁਨੋ ਚਿਤ ਲਾਇ।
ਸਿੱਖੀ ਦਾਨੁ ਮੁਝ ਦੀਜੀਐ, ਮੈ ਸਭ ਕੇ ਪੜਿਆ ਪਾਂਇ।੬੪੫।

ਬੋਲੋ ਭਾਈ ਜੀ ਵਾਹਗੁਰੂ! ਸ੍ਰੀ ਵਾਹਗੁਰੂ, ਸ੍ਰੀ ਵਾਹਗੁਰੂ ਜੀ!

—ਸਮਾਪਤ—

---

੧. ਕਬਿੱਤ ਭਾਈ ਗੁਰਦਾਸ। ੨. ਅੱਟਾ ਸੱਟਾ, ਅਨੁਮਾਨ।